ਨਿਸਚੈ ਕਰਿ ਅਪਨੀ ਜੀਤ ਕਰੋਂ

ਹਰਨਾਮ ਦਾਸ ਸਹਿਰਾਈ



ਲੇਖਕ ਦੇ ਹੋਰ ਨਾਵਲ :

ਗੁਰੂ ਘਰ :

ਲਹਿਣੇ ਪਾਈ ਨਾਨਕੋ, ਛਠਮੁ ਪੀਰ, ਮੀਰੀ ਪੀਰੀ, ਪਾਲਕੀ, ਅਨੂਪ ਕੌਰ, ਰਾਮਦਾਸ ਸਰੋਵਰ ਨ੍ਹਾਤੇ, ਅਕੱਥ ਕਥਾ, ਗੋਇੰਦਵਾਲ, ਲੋਹਗੜ੍ਹ, ਸ਼ਹਾਦਤ, ਸੀਸ ਗੰਜ, ਬਾਲਾ ਪ੍ਰੀਤਮ, ਔਧੀ ਘੜੀ, ਪੈਗਾਮ, ਸਿੱਖੀ ਦਾ ਧੁਰਾ, ਮਿੱਠਬੋਲੜਾ ਸੱਜਣ, ਸਤਲੁਜ ਅਜੇ ਜੇਰਾ ਕਰ, ਦੇਗ ਤੇਗ ਫ਼ਤਹਿ, ਦੇਹ ਸ਼ਿਵਾ ਬਰ ਮੋਹਿ ਇਹੈ, ਨਿਸਚੈ ਕਰਿ ਅਪਨੀ ਜੀਤ ਕਰੋ ।

ਇਤਿਹਾਸਕ :

ਹਰੀਆ ਰਾਗਲੇ, ਆਰਸੀ ਵਾਲਾ ਸਿੱਕਾ, ਜ਼ਰ-ਜ਼ੋਰੂ-ਜ਼ਮੀਨ, ਮੱਸਾ ਰੰਘੜ, ਬੇਗਮ ਹਜ਼ੂਰ, ਸ਼ੁਬ-ਏ-ਮਾਲਵਾ, ਗਲੀ-ਮਹੱਲੇ ਦੇ ਲੋਕ, ਬਾਬਾ ਸਾਹਿਬ ਸਿੰਘ ਬੇਦੀ, ਤੇਤੀਵਾਂ ਦੰਦ, ਤ੍ਰਿਸ਼ੰਕੂ, ਸਫੈਦ ਪੋਸ਼, ਪੱਥਰ, ਬਰਾਜ ਬਹੂ, ਮੰਝਲੀ ਦੀਦੀ, ਦੀਵਾ ਤੇ ਦਰਿਆ, ਧੂਣਾ, ਮੋਰਾਂ ਸਰਕਾਰ ।

ਹਿੰਦੀ, ਗੁਜਰਾਤੀ, ਮਰਾਠੀ, ਅੰਗਰੇਜ਼ੀ ਵਿਚ ਪੁਸਤਕਾਂ ਛਪੀਆਂ ਤੇ ਪੰਜਾਬ ਸਰਕਾਰ ਨੇ ਸ਼੍ਰੋਮਣੀ ਸਾਹਿਤਕਾਰ ਦੀ ਪਦਵੀ ਵੀ ਦਿੱਤੀ ।

NIsche Kar Apni Jeet Karo (A Historical Novel)
by
Harnam Dass Seharai

W.X 79, BASTI NAU
JALANDHAR CITY
Phone : 0181-5080795
(M) 09988000795

ARSEE PUBLISHERS, Chandni Chowk, Delhi-110006
Branch Office : 51 Parda Bagh, Darya Ganj, New Delhi-110002

ISBN-978-81-8299-182-5

Edition - 2013

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6
ਫ਼ੋਨ : 23280657, 65966481
E-mail : arseepublishers@rediffmail.com

ਪ੍ਰਿੰਟਰ : ਰਚਨਾ ਪ੍ਰਿੰਟਰਜ਼, ਚਾਂਦਨੀ ਚੌਕ, ਦਿੱਲੀ-6

ਟਾਈਪਸੈਟਿੰਗ : ਤੇਗ ਕੰਪਿਊਟਰ
ਦਿੱਲੀ-110009

ਮੁੱਲ : 350/- ਰੁਪਏ

ਨਿਸਚੈ ਕਰਿ ਅਪਨੀ ਜੀਤ ਕਰੋਂ

ਹਰਨਾਮ ਦਾਸ ਸਹਿਰਾਈ



ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ ॥
ਝੂਲਣ ਨੇਜੇ ਬੈਰਕਾ ਨੀਸਾਣ ਲਸਨਿ ਲਿਸਾਵਲੇ ॥
ਢੋਲ ਨਗਾਰੇ ਪਉਣਦੇ ਊਂਘਨ ਜਾਣ ਜਟਾਵਲੇ ॥
ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤੁ ਭੀਹਾਵਲੇ ॥
ਬੀਰ ਪਰੋਤੇ ਬਰਛੀਏਂ ਜਣ ਡਾਲ ਚਮੁੱਟੇ ਆਵਲੇ ॥
ਇਕ ਵਢੇ ਤੇਗੀਂ ਤੜਫੀਅਨ ਮਦ ਪੀਤੇ ਲੋਟਨਿ ਬਾਵਲੇ ॥
ਇਕ ਚੁਣਿ ਚੁਣਿ ਝਾੜਉ ਕਢੀਅਨ ਰੇਤ ਵਿਚੋਂ ਸੁਇਨਾ ਡਾਵਲੇ ॥
ਗਦਾ ਤ੍ਰਿਸੂਲਾਂ ਬਰਛੀਆਂ ਤੀਰ ਵਗਨ ਖਰੇ ਉਤਾਵਲੇ ॥
ਜਣ ਡਸੇ ਭੁਜੰਗਮ ਸਾਵਲੇ ॥ ਮਰ ਜਾਵਨ ਬੀਰ ਰੁਹਾਵਲੇ ॥

—ਗੁਰੂ ਗੋਬਿੰਦ ਸਿੰਘ ਜੀ ॥
(ਚੰਡੀ ਦੀ ਵਾਰ)

ਨਿਸਚੈ ਕਰਿ ਅਪਨੀ ਜੀਤ ਕਰੋ

ਹਰਨਾਮ ਦਾਸ ਸਹਿਰਾਈ



—ਮੇਦਨੀ ਪ੍ਰਕਾਸ਼ ਦੀ ਰਾਜਕੁਮਾਰੀ ਪਦਮਾ ਨੇ ਆਤਮ ਹਤਿਆ ਕਰ ਲਈ ਤੇ ਉਹਦੇ ਫੁੱਲ ਤਾਰਨ ਰਾਜਾ ਜੀ ਹਰਿਦਵਾਰ ਗਏ ਹਨ ਅਤੇ ਆਪਣੀਆਂ ਫ਼ੌਜਾਂ ਨੂੰ ਗੁਰੂ ਦੀ ਹਜ਼ੂਰੀ ਵਿਚ ਭੇਜ ਦਿਤਾ ਏ। ਇਹ ਹੁਕਮ ਏ ਸਰਕਾਰ ਦਾ, ਬੋਲ ਇਕ ਅਹਿਲਕਾਰ ਦੇ ਹਨ।

ਮੈਂ ਜੰਗ ਵਿਚ ਹਿਸਾ ਨਹੀਂ ਲੈ ਰਿਹਾ। ਮੇਰੇ ਸਾਹਮਣੇ ਮਜਬੂਰੀ ਏ। ਮੈਂ ਗੁਰੂ ਦੇ ਖਿਲਾਫ਼ ਸ਼ਸਤਰ ਨਹੀਂ ਚੁੱਕ ਸਕਦਾ ਤੇ ਬਰਾਦਰੀ ਦੇ ਹੁਕਮ ਨੂੰ ਵੀ ਨਹੀਂ ਮੋੜ ਸਕਦਾ, ਏਸ ਲਈ ਮੈਂ ਜੰਗ ਵੇਖਾਂਗਾ ਲੜਾਂਗਾ ਨਹੀਂ। ਮੇਰੀ ਫ਼ੌਜ ਗੁਰੂ ਦੀ ਅਮਾਨਤ ਏ, ਜੰਗ ਇਨਸਾਨੀ ਖ਼ੂਨ ਦਾ ਭਾਅ ਪੁੱਛਦੀ ਏ ਤੇ ਮਾਵਾਂ ਦੇ ਪੁੱਤ ਬੇ-ਗੁਨਾਹ ਮਾਰੇ ਜਾਂਦੇ ਹਨ। ਮੈਥੋਂ ਵਿਧਵਾਵਾਂ ਦੇ ਵੈਣ ਨਹੀਂ ਸੁਣੇ ਜਾਂਦੇ। ਇਹ ਪ੍ਰਵਾਨਾ ਸੀ ਜਿਹੜਾ ਭੀਮ ਚੰਦ ਕੋਲ ਪੁੱਜਾ।

—ਭਗੌੜਾ, ਬੁਜ਼ਦਿਲ, ਨਿਕੰਮਾ, ਸਾਥ ਛੱਡ ਗਿਆ, ਨਵਾਂ ਯਾਰ ਬਣਾ ਲਿਆ ਤੇ ਪੁਰਾਣੀ ਰਿਸ਼ਤੇਦਾਰੀ, ਦੋਸਤੀ ਤੇ ਗੁਆਂਢ ਹੋਣ ਦੇ ਨਾਤੇ ਸਿਰ ਵਿਚ ਸੁਆਹ ਪਾ ਲਈ। ਨਵਾਂ ਨੌਂ ਦਿਨ ਤੇ ਪੁਰਾਣਾ ਸੌ ਦਿਨ। ਭੀਮ ਚੰਦ ਦਾ ਵਿਚਾਰ ਸੀ।

—ਬਦਨਾਮ ਬਾਈ ਧਾਰ ਦੇ ਰਾਜੇ ਹੋ ਗਏ ਤੇ ਮੂੰਹ ਤੇ ਕਾਲਖ ਮਲ ਲਈ ਭੀਮ ਚੰਦ ਨੇ। ਅੱਧੇ ਭੱਜ ਗਏ ਤੇ ਅੱਧਿਆਂ ਅੰਗੂਠਾ ਵਿਖਾ ਦਿਤਾ। ਢਾਈ ਟੱਟਰੂ ਡੇਰਾ ਡੱਫਰਵਾਲ। ਦੋ ਹਜ਼ਾਰ ਫ਼ੌਜ ਦੀ ਨਫ਼ਰੀ ਸੀ ਪਾਉਂਟੇ ਵਿਚ ਤੇ ਪਹਾੜੀ ਰਾਜਿਆਂ ਦੀ ਗਿਣਤੀ ਮੈਦਾਨ ਵਿਚ ਹੌਲੀ-ਹੌਲੀ ਕਿਰ ਰਹੀ ਸੀ। ਓਸ ਤਰ੍ਹਾਂ ਲੋਕਾਂ ਦਾ ਅੰਦਾਜ਼ਾ ਸੀ ਪਹਿਲਾਂ ਗਿਣ ਹੀ ਲਈਏ। ਦਸ ਹਜ਼ਾਰ ਫ਼ੌਜ ਲੈ ਕੇ ਚੜ੍ਹਿਆ ਭੀਮ ਚੰਦ ਗੁਆਂਢੀ ਉੱਤੇ।

—ਇਕ ਪਾਸੇ ਤਨਖ਼ਾਹ ਦਾ ਜ਼ੋਰ ਤੇ ਦੂਜੇ ਪਾਸੇ ਇਸ਼ਕ, ਨਿਸ਼ਚਾ, ਅਕੀਦਤ ਤੇ ਜਜ਼ਬਾ, ਵੇਖੋਂ ਕੌਣ ਫ਼ਤਹਿ ਦੇ ਨਗਾਰੇ ਵਜਾਉਂਦਾ ਏ। ਇਕ ਬੰਦੇ ਦੇ ਵਿਚਾਰ ਸਨ।

—ਦੂਜਾ ਬੋਲਿਆ, "ਉਦਾਸੀ ਭੱਜ ਗਏ, ਪਠਾਨ ਨੱਸੇ, ਗੁਰੂ ਨੇ ਤੇ ਮੈਦਾਨ ਵਿਚ ਡਟਣਾ ਈ ਏ। ਇਹ ਧਰਮ ਯੁੱਧ ਏ, ਇਕ ਦਿਨ ਤੇ ਹੋਣਾ ਈ ਸੀ, ਏਸ ਤੋਂ ਬਗ਼ੈਰ ਇਹਦਾ ਹੱਲ ਵੀ ਕੋਈ ਨਹੀਂ ਸੀ।

ਦਿੱਲੀ ਦਰਬਾਰ ਦੇ ਰਾਜਿਆਂ ਨੂੰ ਕੋਰਾ ਜਵਾਬ ਦੇ ਦਿਤਾ। ਉਹ ਚਾਹੁੰਦੇ ਸਨ ਕਿ ਰਾਜੇ ਆਪਸ ਵਿਚ ਲੜਨ ਤੇ ਕਮਜ਼ੋਰ ਹੋ ਜਾਣ। ਅਸੀਂ ਫੇਰ ਸਾਰਿਆਂ ਨੂੰ ਖੂੰਡੇ ਵਿਚ ਤਾੜ ਲਵਾਂਗੇ। ਇਹ ਬਾਂਗਾਂ ਦੇਣ ਤੇ ਅਸੀਂ ਇਕ-ਇਕ ਨੂੰ ਕੱਢ ਕੇ ਜ਼ਿਬਾਹ ਕਰਾਂਗੇ। ਹਲਾਲ ਕਰਨਾ, ਕਾਫ਼ਰਾਂ ਨੂੰ ਕਤਲ ਕਰਨ ਦੀ ਇਸਲਾਮ ਇਜਾਜ਼ਤ ਦਿੰਦਾ ਏ, ਗੁਰਾਂ ਵਿਚਾਰਿਆ।

—ਚੂੜਪੁਰ ਪਿੰਡ ਦਾ ਸਭ ਤੋਂ ਚੰਗਾ ਮੋਰਚਾ ਏ। ਸਾਰੀ ਤਾਕਤ ਪਰਖੀ ਜਾਏਗੀ, ਕਾਲੇ ਖ਼ਾਂ ਦਾ ਵਿਚਾਰ ਸੀ।

—ਜੰਜ ਘਰੋਂ ਮੁੰਡੇ ਦੇ ਵਿਆਹ ਤੇ ਆਈ ਸੀ ਤੇ ਫਸ ਗਈ ਜੰਗ ਦੇ ਮੈਦਾਨ ਵਿਚ। ਘਰ ਵਾਲਿਆਂ ਸ਼ਗਨਾਂ ਦੇ ਗਾਨੇ ਬੰਨ੍ਹ ਕੇ ਤੋਰੇ ਸਨ, ਇਥੋਂ ਕਿਸੇ ਨੇ ਲੋਥ ਵੀ ਨਹੀਂ ਚੁੱਕਣੀ, ਦੀਵਾਨ ਨੰਦ ਚੰਦ ਨੇ ਆਖਿਆ।

—ਮਾਮਾ ਜੀ ਤੁਹਾਡਾ ਕੀ ਖ਼ਿਆਲ ਏ ਜੰਗ ਬਾਰੇ, ਗੁਰਾਂ ਸਲਾਹ ਪੁੱਛੀ।

—ਪਹਾੜੀ ਰਾਜੇ ਹਾਰ ਜਾਣਗੇ। ਪਹਿਲਾਂ ਜਮੁਨਾ ਦੇ ਪੱਤਨ ਤੇ ਫਿਰ ਪਹਾੜੀ ਦੇ ਮੈਦਾਨ ਵਿਚ, ਟੱਕਰ ਬਰਾਬਰ ਦੀ ਏ।

—ਇਧਰ ਵਾਹਰ ਜ਼ਿਆਦਾ ਏ ਤੇ ਉਧਰ ਜਜ਼ਬਾ ਲੜ ਰਿਹਾ ਏ। ਭਾਵੇਂ ਸਾਡੇ ਸੂਰਮੇ ਅਨਾੜੀ ਹਨ ਪਰ ਸਿਰ ਤੇ ਪਈ ਜੰਗ ਵਿਚ ਜ਼ਰੂਰ ਜੂਝਣਗੇ। ਜਦੋਂ ਮੌਤ ਸਾਮ੍ਹਣੇ ਨਜ਼ਰ ਆਏ ਤੇ ਫੇਰ ਸੂਰਮਿਆਂ ਨੂੰ ਲਾਲੀਆਂ ਚੜ੍ਹਦੀਆਂ ਹਨ। ਤਲਵਾਰ ਚਲਾਉਣੀ ਆਪੇ ਆ ਜਾਂਦੀ ਹੈ। ਜ਼ਰੂਰਤ ਈਜਾਦ ਦੀ ਮਾਂ ਏ।

—ਉਦਾਸੀਆਂ ਨੇ ਤੇ ਭੱਜਣਾ ਈ ਸੀ। ਉਹ ਤੇ ਪਹਿਲਾਂ ਈ ਨਜ਼ਰ ਆਉਂਦਾ ਸੀ। ਪਰ ਪਠਾਣਾਂ ਤੋਂ ਇਹ ਉਮੀਦ ਨਹੀਂ ਸੀ।

—ਸਤਿਗੁਰੂ ! ਭੀਮ ਚੰਦ ਬੜਾ ਉਸਤਾਦ ਏ। ਓਸ ਦੌਲਤ ਦਾ ਜਾਲ ਵਿਛਾਇਆ ਤੇ ਬੰਦੇ ਮੁੱਲ ਲੈ ਲਏ।

—ਬੰਦੇ ਦੀ ਕਮਜ਼ੋਰੀ ਏ ਦੌਲਤ, ਮਾਮਾ ਕ੍ਰਿਪਾਲ ਚੰਦ ਦੀ ਆਵਾਜ਼ ਉਭਰੀ।

—ਮੈਂ ਰਸਦ ਪਾਣੀ ਦੇ ਇੰਤਜ਼ਾਮ ਦੀ ਥੋੜ ਨਹੀਂ ਆਉਣ ਦਿੰਦਾ। ਅਨੰਦਪੁਰ ਦਾ ਘੇਰਾ ਕਰੜਾ ਕਰ ਦਿਤਾ ਏ। ਨੰਦ ਚੰਦ ਦੇ ਬੋਲਾਂ ਤੋਂ ਗੁਰੂ ਚੇਤੰਨ ਹੋਏ।

ਫ਼ਰਮਾਇਆ ਗੁਰਾਂ—ਅਨੰਦਪੁਰ ਵਲ ਕੋਈ ਜਾ ਨਹੀਂ ਸਕਦਾ। ਰਾਹ ਸਾਡੇ ਕਬਜ਼ੇ ਵਿਚ ਹਨ। ਸਾਥੋਂ ਕੋਈ ਖ਼ਾਲੀ ਨਹੀਂ ਜਾਏਗਾ। ਹਰ ਇਕ ਨੂੰ ਪ੍ਰਸ਼ਾਦ ਦੇ ਕੇ ਤੋਰਾਂਗੇ। ਤਾਹੀਏਂ ਅਨੰਦਪੁਰ ਵਲ ਕੋਈ ਦੇਖੇਗਾ ਨਾ ਜਦੋਂ ਕੋਈ ਸੱਖਣਾ ਲੰਘਿਆ। ਇਹ ਜੰਗ ਇਕ ਫ਼ੈਸਲੇ ਤੇ ਪੁੱਜ ਜਾਏਗੀ।

—ਇਕ ਜੰਗ ਨਹੀਂ, ਕਈ ਹੋਰ ਜੰਗਾਂ ਲੜਨੀਆਂ ਪੈਣੀਆਂ ਨੇ। ਮਾਮਾ ਕ੍ਰਿਪਾਲ ਚੰਦ ਬੋਲ ਰਿਹਾ ਸੀ।

—ਜਦੋਂ ਮੈਦਾਨ ਵਿਚ ਈ ਉਤਰ ਆਏ ਤੇ ਫੇਰ ਇਕ ਕੀ ਚਾਰ ਹੋਰ ਸਹੀ। ਨੱਚਣ ਲਗੀ ਤੇ ਫੇਰ ਘੁੰਡ ਕਾਹਦਾ ਭੀਮ ਚੰਦ ਨੇ ਕਾਹਲ ਕੀਤੀ ਏ। ਸਾਰੇ ਪ੍ਰੋਗਰਾਮ 'ਚ ਵਿਘਨ ਪਾਇਆ ਏ।

—ਭੰਗਾਣੀ ਦੇ ਮੈਦਾਨ ਦੀ ਰੂਪ ਰੇਖਾ ਦੇਖੋ ਤਾਂ ਦਾਦ ਦਿਓਗੇ। ਜਗ੍ਹਾ ਦੀ ਚੋਣ, ਮੋਰਚੇ ਬਣਾਉਣ ਦੀ ਵਿਓਂਤ, ਗੁਰਾਂ ਦੀਆਂ ਲਾਡਲੀਆਂ ਫੌਜਾਂ,ਘੋੜੇ ਦੇ ਸੁੰਮ ਵਰਗਾ ਗੋਲ ਮੋਰਚਾ ਬਣਾ ਕੇ ਬੈਠੀਆਂ ਹੋਈਆਂ ਨੇ। ਦੁਸ਼ਮਣ ਨੇ ਸਾਹਮਣੇ ਪਾਸਿਓਂ ਆਉਣਾ ਏ ਸਾਹਮਣੇ ਪਾਸਿਓਂ ਖੁੱਲ੍ਹਾ ਮੈਦਾਨ ਏ। ਵੈਰੀ ਦੂਰੋਂ ਈ ਨਜ਼ਰ ਆ ਜਾਂਦਾ ਏ। ਮੈਦਾਨ ਦੀ ਚੋਣ ਤੇ ਮੋਰਚਿਆਂ ਦੀ ਬੰਦਿਸ਼ ਨੇ ਪਹਾੜੀ ਰਾਜਿਆਂ ਦੇ ਮੂੰਹ ਵਿਚੋਂ ਇਕ ਵਾਰ ਤੇ ਵਾਹ-ਵਾਹ ਕਰਾ ਦਿਤੀ ਏ।

—ਪਠਾਣ ਝੂਠ ਬੋਲਦੇ ਸਨ। ਮੁਕਾਬਲਾ ਸਖ਼ਤ ਏ। ਟੱਕਰ ਕਰੜੀ ਏ। ਇਹ ਸਾਧਾਂ ਦਾ ਟੋਲਾ ਨਹੀਂ, ਇਹ ਸੂਰਮੇ ਖੜੇ ਹਨ।

ਹਮਲਾ ਕਰਨਾ ਏ ਤੇ ਸਲਾਹ ਮਸ਼ਵਰੇ ਨਾਲ, ਵਰਨਾ ਮੌਤ ਦੀ ਬੁਰਕੀ ਬਣਨ ਵਿਚ ਰੱਤੀ ਦੇਰ ਨਹੀਂ। ਮੂਹਰੇ ਪਠਾਣ ਲਾਉ ਤੇ ਮਗਰ ਆਪਣੀ ਫ਼ੌਜ। ਅੱਗੇ ਵਧਣ ਤੇ ਮੁਕਾਬਲਾ, ਪਿਛੇ ਹਟਣ ਤੇ ਤੁਸੀਂ ਮਾਰੋ। ਲੜਾਈ ਨੂੰ ਢੰਗ ਨਾਲ ਲੜਿਆ ਜਾਏ। ਗੁਰੂ ਦੀ ਫ਼ੌਜ ਦਾ ਸੈਨਾਪਤੀ ਹੰਢਿਆ ਵਰਤਿਆ, ਬਲਵਾਨ ਯੋਧਾ ਏ।

ਬਲਦੀ ਦੇ ਬੂਥੇ ਭੀਮ ਚੰਦ ਨੇ ਫ਼ਤਹਿ ਸ਼ਾਹ ਨੂੰ ਅੱਗੇ ਲਾਇਆ ਹੋਇਆ ਸੀ ਤੇ ਉਸਦੇ ਨਾਲ ਸਨ ਭਗੌੜੇ ਚਾਰ ਸੋ ਪਠਾਣ।

—ਰਾਜਾ ਜੀ, ਮੈਂ ਕੱਲਾ ਹੀ ਮੈਦਾਨ ਜਿੱਤ ਲਵਾਂਗਾ। ਇਹ ਕੜਾਹਖਾਣੇ ਸਾਧ ਸਾਡਾ ਮੁਕਾਬਲਾ ਕਿੱਦਾਂ ਕਰਨਗੇ।

—ਅੱਲਾਹ ਹੂ ਅਕਬਰ, ਯਾ ਅਲੀ ਮਦਦ, ਨਾਅਰੇ ਮਾਰਦੇ ਪਠਾਣਾਂ ਨੇ ਮੈਦਾਨ ਸਿਰ ਤੇ ਚੁੱਕ ਲਿਆ।

—ਅਗੋਂ ਅਕਾਲ-ਅਕਾਲ ਦੇ ਨਾਅਰੇ ਗੂੰਜੇ ਤੇ ਗੁਰੂ ਦੀਆਂ ਫ਼ੌਜਾਂ ਵਿਚ ਵੀ ਜੋਸ਼ ਆਇਆ।

—ਪਠਾਣਾਂ ਦੇ ਸਾਹਮਣੇ ਗੁਰੂ ਦੀਆਂ ਫ਼ੌਜਾਂ ਖੜ੍ਹ ਜਾਣ ਤੇ ਫੇਰ ਸਾਨੂੰ ਮਾਂ ਨੇ ਜਨਮ ਨਹੀਂ ਦਿਤਾ।

—ਖਾਂ ਸਾਹਿਬ, ਭੁਲੇਖੇ ਵਿਚ ਹੀ ਨਾ ਮਾਰੇ ਜਾਇਓ।

—ਸਾਨੂੰ ਰਾਜਾ ਜੀ, ਸ਼ਾਬਾਸ਼ ਦਿਓ, ਸਾਡਾ ਦਿਲ ਹੌਲਾ ਨਾ ਕਰੋ।

—ਗੁਰਾਂ ਨੇ ਕੱਚੀਆਂ ਗੋਲੀਆਂ ਨਹੀਂ ਖੇਡੀਆਂ ਹੋਈਆਂ। ਉਹਨਾਂ ਨੂੰ ਪਤਾ ਏ ਕਿ ਇਹ ਜੰਗ ਦਾ ਮੈਦਾਨ ਏ। ਤੁਸੀਂ ਤਾਂ ਆਖਦੇ ਸਾਉ ਅਸੀਂ ਪਹਿਲੇ ਹੱਲੇ ਵਿਚ ਹੀ ਲੜਾਈ ਦਾ ਭੋਗ ਪਾ ਦੇਵਾਂਗੇ ਤੇ ਪਾਉਂਟਾ ਲੁੱਟ ਲਵਾਂਗੇ। ਹੁਣ ਕੀ ਵਿਚਾਰ ਏ?

—ਲੜਨ ਆਏ ਹਾਂ ਲੜਾਂਗੇ। ਮੁਕਾਬਲਾ ਸਖ਼ਤ ਏ ਤਾਂ ਵੀ ਲੜਿਆ ਜਾਏਗਾ।

—ਜੇ ਐਵੇਂ ਫੁਲਝੜੀਆਂ ਹੀ ਚਲਾਉਣੀਆਂ ਪਈਆਂ ਤਾਂ ਵੀ ਮੈਦਾਨ ਸਾਡੇ ਹੱਥ ਵਿਚ ਹੀ ਹੋਵੇਗਾ।

—ਤੁਸਾਂ ਕਈ ਜੰਗਾਂ ਜਿੱਤੀਆਂ ਤੇ ਕਈ ਹਾਰੀਆਂ ਪਰ ਇਹ ਜੰਗ ਨਿਰਾਲੀ ਏ। ਗੁਰੂ ਦੇ ਫ਼ੌਜੀ, ਸਿਦਕੀ, ਈਮਾਨ ਵਾਲੇ ਤੇ ਅਕੀਦੇ ਦੇ ਪੱਕੇ ਹਨ ਅਤੇ ਉਹਨਾਂ ਤਲੀ ਤੇ ਜਾਨ ਰਖ ਕੇ ਲੜਨਾ ਏ। ਤੁਸੀਂ ਲਾਲਚ ਦੇ ਲੋਭੀ ਹੋ ਦੇਸ਼ ਲਈ ਭਰਾ ਨਾਲ ਸਲਾਹ ਕਰ ਲਈਏ।

—ਮੋਰਚਿਆਂ ਨੇ ਸਾਡੀ ਪੇਸ਼ ਨਹੀਂ ਜਾਣ ਦੇਣੀ। ਅਸੀਂ ਉਤਰਾਈ ਵਲ ਆਵਾਂਗੇ ਤੇ ਉਹ ਉਚਾਈ ਦੀ ਜਗ੍ਹਾ ਤੇ ਬੈਠੇ ਹਨ। ਉਹਨਾਂ ਨਿਸ਼ਾਨਾ ਖ਼ਾਲੀ ਨਹੀਂ ਜਾਣ ਦੇਣਾ, ਗੁਰੂ ਦੀ ਯੁੱਧ ਨੀਤੀ ਨੂੰ ਸਲਾਮ ਏ। ਗੁਰੂ ਆਖ਼ਰ ਗੁਰੂ ਏ।

ਸਵਾਗਤ ਕੀਤਾ ਗੁਰੂ ਦੇ ਸਿੱਖਾਂ, ਪਹਾੜ ਵਲੋਂ ਆਉਣ ਵਾਲੀ ਫ਼ੌਜ ਦਾ।

ਨਰਸਿੰਘੇ ਵੱਜੇ, ਢੋਲ ਖੜਕਿਆ, ਸੰਖ ਪੂਰਿਆ ਗਿਆ, ਨੌਬਤਾਂ ਖੜਕੀਆਂ ਤੇ ਡੱਫਾਂ ਵਜਾਈਆਂ ਗਈਆਂ। ਰਤੀ ਭਰ ਨਾ ਡਰੇ ਗੁਰੂ ਦੇ ਲਾਡਲੇ।

ਰਣਜੀਤ ਨਗਾਰੇ ਤੇ ਚੋਟ ਪਈ । ਪਹਾੜ ਦੀ ਹਿੱਕ ਗੂੰਜੀ, ਘੋੜੇ ਮੂੰਹ-ਜ਼ੋਰ ਹੋ ਗਏ ਹਾਥੀ ਚਿੰਘਾੜਿਆ, ਸੂਰਮਿਆਂ ਦੇ ਚਿਹਰਿਆਂ ਤੇ ਗਿੱਠ-ਗਿੱਠ ਲਾਲੀਆਂ ਸਨ ।

ਆਹਮਣੇ-ਸਾਹਮਣੇ ਸੂਰਮੇ ਡਟੇ ਹੋਏ ਸਨ । ਜੰਗ ਦਾ ਦਿਨ ਆ ਗਿਆ ਸੀ । ਗਿਰਝਾਂ ਇਕੱਠੀਆਂ ਹੋ ਰਹੀਆਂ ਸਨ । ਜੰਗ ਦਾ ਦਮਾਮਾ ਵੱਜਿਆ ਤੇ ਹਰਕਤ ਵਿਚ ਆਈ ਫ਼ੌਜ ।

★

ਭੰਗਾਣੀ ਯੁੱਧ ੧੧੫

ਭੰਗਾਣੀ ਦਾ ਮੈਦਾਨ ਯੁੱਧ ਖੇਤਰ ਬਣ ਰਿਹਾ ਸੀ । ਮੈਦਾਨੇ-ਜੰਗ, ਫ਼ੈਸਲਾ ਨੇਕੀ ਤੇ ਬਦੀ ਦਾ । ਇਕ ਪਾਸੇ ਪਹਾੜੀ ਰਾਜਿਆਂ ਦਾ ਗੜ੍ਹ ਤੇ ਦੂਜੇ ਪਾਸੇ ਦਸਵੀਂ ਜੋਤ ਗੁਰੂ ਨਾਨਕ ਦੀ ਗੁਰੂ ਗੋਬਿੰਦ ਰਾਏ ਨਾ ਕੋਈ ਦੁਸ਼ਮਣੀ ਤੇ ਨਾ ਕੋਈ ਪੈਲੀ ਬੰਨੇ ਦਾ ਝਗੜਾ, ਨਾ ਕੋਈ ਝਗੜਾ ਜਾਗੀਰ ਤੇ ਜ਼ਮੀਨ ਦਾ, ਨਾ ਕਿਸੇ ਨੇ ਤਖ਼ਤ ਤੇ ਮਾਲਕੀ ਕਰਨੀ ਸੀ ਤੇ ਨਾ ਈ ਕਿਸੇ ਨੇ ਬਾਦਸ਼ਾਹੀ ਦਾ ਐਲਾਨ ਈ ਕਰਨਾ ਸੀ । ਝਗੜਾ ਸਿਰਫ਼ ਈਰਖਾ ਦਾ, ਝਗੜਾ ਹੋਂਦ ਦਾ । ਇਕ ਪਾਸੇ ਤਲਵਾਰਾਂ ਦੇ ਜੋਧੇ ਤੇ ਦੂਜੇ ਪਾਸੇ ਮਾਲਾ ਦੇ ਧਨੀ ।

—ਸਾਨੂੰ ਮਜਬੂਰ ਕੀਤਾ ਜਾ ਰਿਹਾ ਏ ਕਿ ਅਸੀਂ ਨੀਚ ਜਾਤਾਂ ਨਾਲ ਰਲ ਕੇ ਇਕ ਪੰਗਤ 'ਚ ਬੈਠ ਕੇ ਖਾਈਏ । ਸਾਡਾ ਧਰਮ ਭ੍ਰਿਸ਼ਟ ਕੀਤਾ ਜਾਂਦਾ ਏ, ਜਾਂ ਅਸੀਂ ਧਰਮ ਛੱਡੀਏ ਜਾਂ ਅਸੀਂ ਆਪਣੀ ਮਰਜਾਦਾ ਨੂੰ ਛਿੱਕੇ ਟੰਗੀਏ । ਬਾਕੀ ਗੁਰੂ ਬਹੁਤ ਦਿਆਲੂ ਹਨ । ਸਾਨੂੰ ਸਿਰਫ਼ ਇਹ ਗੱਲ ਗੁਰੂ ਦੀ ਕਬੂਲ ਨਹੀਂ, ਇਕ ਪਹਾੜੀਆ ਬੋਲਿਆ ।

ਹੁਣ ਵਕਤ ਦੀ ਆਵਾਜ਼ ਸਿਰਫ਼ ਇਕ ਈ ਏ ਕਿ ਅਸੀਂ ਸਾਰੇ ਜਣੇ ਇਕੱਠੇ ਹੋ ਜਾਈਏ । ਤੁਸਾਂ ਆਪਣੇ ਹੱਥਾਂ ਨਾਲ ਖਾਣਾ ਏ ਤੇ ਉਹਨਾਂ ਆਪਣੀਆਂ ਉਂਗਲਾਂ ਨਾਲ.ਤੁਹਾਡੀ ਥਾਲੀ ਵੱਖਰੀ ਤੇ ਉਹਨਾਂ ਦੀ ਥਾਲੀ ਵੱਖਰੀ ਤੇ ਫੇਰ ਧਰਮ ਦਾ ਕੀ ਵਿਗੜੇਗਾ । ਸਾਡੀਆਂ ਉੱਚੀਆਂ ਜਾਤਾਂ ਦੇ ਗਭਰੂ ਨਿਕੰਮੇ, ਬੁਜ਼ਦਿਲ ਤੇ ਚਰਿੱਤਰਹੀਣ ਹੋ ਚੁੱਕੇ ਹਨ । ਉਹਨਾਂ ਲੋਕਾਂ ਨੂੰ ਜਿਨ੍ਹਾਂ ਨੂੰ ਤੁਸੀਂ ਅਛੂਤ ਆਖਦੇ ਹੋ ਉਹਨਾਂ ਦੇ ਜੁੱਸੇ ਵਿਚ ਜਾਨ ਏ, ਹੌਸਲਾ ਏ, ਉਹ ਲੜ ਸਕਦੇ ਹਨ । ਮੈਦਾਨ ਛੱਡ ਕੇ ਭੱਜਣ ਨਹੀਂ ਲੱਗੇ । ਤੁਹਾਡਾ ਮੁਕਾਬਲਾ ਹਕੂਮਤ ਨਾਲ ਏ । ਉਹਨਾਂ ਤੁਹਾਨੂੰ ਕੱਚਿਆਂ ਚੱਬ ਜਾਣਾ ਏ । ਤੁਹਾਡੀਆਂ ਧੀਆਂ ਭੈਣਾਂ ਨੂੰ ਆਪਣੇ ਧਰਮ ਵਿਚ ਕਰ ਲੈਣਾ ਏ । ਤੁਸੀਂ ਜ਼ਰਾ ਖੁੱਲ੍ਹਦਿਲੀ ਤੋਂ ਕੰਮ ਲਓ, ਇਹ ਤੁਹਾਡੇ ਨਾਲ ਰਲ ਕੇ ਸਾਰੇ ਇਕੱਠੇ ਹੋ ਕੇ ਲੜਨਗੇ । ਤੁਹਾਡੀ ਪੱਤ ਰਹਿ ਜਾਏਗੀ, ਕੀ ਇਹ ਗੱਲ ਠੀਕ ਨਹੀਂ ? ਗੁਰੂ ਇਹ ਨਹੀਂ ਚਾਹੁੰਦੇ, ਗੁਰੂ ਚਾਹੁੰਦੇ ਹਨ ਜਾਗ੍ਰਿਤੀ । ਇਕ ਸੇਵਕ ਗੁਰੂ ਦਾ ਆਖ ਰਿਹਾ ਸੀ ।

ਅਸੀਂ ਮੁਗ਼ਲਾਂ ਦੀ ਸ਼ਰਨ ਕਬੂਲ ਕਰਾਂਗੇ । ਸਾਨੂੰ ਫ਼ਕੀਰੇ ਦੀ ਗੱਲ ਕੌੜੀ ਲਗਦੀ ਏ । ਮੁਗ਼ਲ ਨੌਕਰੀਆਂ ਦੇਣਗੇ, ਜਾਗੀਰਾਂ ਬਖ਼ਸ਼ਣਗੇ । ਗੁਰੂ ਨੇ ਸਾਨੂੰ ਕੀ ਦੇਣਾ ਏ, ਦੂਜਾ ਪਹਾੜੀਆ ਬੋਲਿਆ ।

— ਗੁਰੂ ਤੁਹਾਨੂੰ ਬਹਾਦਰ ਬਣਾਏਗਾ. ਤੁਹਾਡੀ ਅਣਖ ਜਾਗੇਗੀ । ਤੁਸੀਂ ਮਰਦਾਂ ਵਾਂਗੂੰ ਜੀਣਾ

ਸਿਖੋਗੇ। ਤੁਹਾਡੀ ਇੱਜ਼ਤ ਚੁਰਾਹੇ 'ਚ ਨੀਲਾਮ ਹੋਣ ਤੋਂ ਬਚ ਜਾਏਗੀ।

—ਅਸੀਂ ਰਾਜੇ ਹਾਂ, ਸਾਨੂੰ ਹੱਕ ਏ, ਸਾਨੂੰ ਵਿਰਸੇ 'ਚ ਮਿਲਿਆ ਏ ਇਹ ਰਾਜ, ਅਸੀਂ ਗੁਰੂ ਦੀ ਗੱਲ ਨਹੀਂ ਮੰਨਣੀ

—ਗੁਰੂ ਆਖਦੇ ਹਨ ਕਿ ਆਪਸ ਵਿਚ ਰਲ ਮਿਲ ਕੇ ਰਹੋ ਤੇ ਮੌਜਾਂ ਮਾਣੋ।

— ਲੜਨਾ, ਭਿੜਨਾ ਸਾਡਾ ਖ਼ਾਨਦਾਨੀ ਕਸਬ ਏ। ਸਾਡੇ ਬਜ਼ੁਰਗ ਵੀ ਲੜਦੇ ਰਹੇ ਤੇ ਅਸੀਂ ਵੀ ਲੜਦੇ ਮਰਾਂਗੇ, ਇਹ ਸੰਸਾਰ ਇਸ ਤਰ੍ਹਾਂ ਹੀ ਚਲਦਾ ਰਹੇਗਾ। ਗੁਰਾਂ ਨੂੰ ਚਾਹੀਦਾ ਏ ਸਿਰਫ਼ ਮਾਲਾ ਜਪਣ ਤੇ ਭਗਤੀ ਦਾ ਮਾਰਗ ਦੱਸਣ।

ਗੇਹੂੰ ਨਾਲ ਘੁਣ ਵੀ ਪਿੱਸ ਜਾਂਦਾ ਏ, ਗੁਰੂ ਵੀ ਏਸ ਲਪੇਟ ਵਿਚ ਆਉਣਗੇ। ਏਸ ਲਈ ਗੁਰੂ ਤੁਹਾਨੂੰ ਤਗੜਾ ਬਣਾ ਰਹੇ ਹਨ।

— ਸ਼ਰੀਕ ਦੀ ਗੱਲ ਨਹੀਂ ਸੁਣਨੀ, ਮੁਗਲ ਭਾਵੇਂ ਚੱਪਣੀ ਦੇ ਵਿਚ ਡੋਬਣ।

— ਤੁਹਾਡੀ ਮਰਜ਼ੀ, ਅਸੀਂ ਆਪਣੇ ਘਰ ਰਾਜ਼ੀ ਤੇ ਤੁਸੀਂ ਆਪਣੇ ਘਰ ਰਾਜ਼ੀ, ਫੇਰ ਲੜਾਈ ਕਾਹਦੀ।

—ਸਾਨੂੰ ਰਸਤਾ ਦਿਓ, ਬਰਾਤ ਨੇ ਜਾਣਾ ਏ।

—ਡੋਲੀ ਲਈ ਰਾਹ ਖੁਲ੍ਹਾ ਏ, ਬਰਾਤ ਮਿੱਥੇ ਲੋਕਾਂ ਦੀ ਹੁੰਦੀ ਏ, ਬੇਸ਼ਕ ਨਿਕਲ ਆਏ, ਅਸੀਂ ਆਦਰ ਕਰਾਂਗੇ, ਖਾਣ-ਪੀਣ ਦਾ ਪ੍ਰਬੰਧ ਸਾਡੇ ਜ਼ਿੰਮੇ ਏ, ਬਾਕੀ ਹਰ ਕਿਸਮ ਦੀ ਤਕਲੀਫ਼ ਦੀ ਸਾਡੀ ਜ਼ਿੰਮੇਵਾਰੀ, ਬਰਾਤ ਆਏ ਸਾਡੇ ਸਿਰ ਮੱਥੇ। ਪਰ ਜੇ ਰਾਜੇ ਧੱਕੇਜ਼ੋਰੀ ਫ਼ੌਜ ਲੈ ਕੇ ਲੰਘਣ, ਇਹ ਅਸੀਂ ਇਜਾਜ਼ਤ ਨਹੀਂ ਦੇ ਸਕਦੇ। ਰਾਜਿਆਂ ਦੇ ਮਨ ਵਿਚ ਖੋਟ ਏ। ਚਾਰ ਮੀਲ ਦਾ ਵਲਾ ਪਾ ਕੇ ਚਲੀ ਜਾਏ ਫ਼ੌਜ, ਜੇ ਰਾਜਿਆਂ ਦਾ ਮਨ ਸਾਫ਼ ਏ ਤਾਂ ਫੇਰ ਮਿੰਨਤ ਕਰਕੇ ਨਿਕਲ ਜਾਏ। ਇਹ ਨਗਾਰੇ, ਇਹ ਜੰਗੀ ਵਾਜੇ, ਇਹ ਨਰਸਿੰਘੇ, ਇਹ ਘੋੜ ਸਵਾਰ, ਇਹ ਪ੍ਰਾਹੁਣੇ ਹਨ ਜਾਂ ਦੁਸ਼ਮਣ?

ਇਹਨਾਂ ਨੂੰ ਰਾਜੇ ਕੌਣ ਆਖੇ। ਇਹ ਫ਼ਰੇਬੀ, ਐਵੇਂ ਅੱਖਾਂ 'ਚ ਮਿਰਚਾਂ ਧੂੜੀ ਜਾਂਦੇ ਹਨ।

—ਜਿਹੜਾ ਬੂਹੇ ਸਾਹਮਣੇ ਖੜਾ ਹੋ ਕੇ ਲਲਕਾਰਾ ਮਾਰੇ, ਲੜਨ ਆ ਜਾਏ, ਕੀ ਉਹਨਾਂ ਨੂੰ ਮੱਥਾ ਟੇਕਿਆ ਜਾਏ?

—ਜਦੋਂ ਵੀ ਰਾਜੇ ਮਰੇ, ਆਕੜ ਤੇ ਅਭਿਮਾਨ ਵਿਚ। ਇਹ ਤੇ ਮੂਰਖ ਹਨ, ਬਰਾਤੀ ਹਨ, ਤੁਸੀਂ ਗੁਰੂ ਹੋ ਇਨ੍ਹਾਂ ਨੂੰ ਬਖ਼ਸ਼ ਦਿਓ।

—ਸਾਨੂੰ ਇਹਨਾਂ ਨਾਲ ਕੋਈ ਵੈਰ ਨਹੀਂ ਭਰਾਵਾਂ ਵਾਂਗੂ ਲੰਘ ਜਾਣ। ਆਉਣ, ਪਰ ਜੇ ਇਨ੍ਹਾਂ ਚੌਧਰ ਵਿਖਾਈ ਤੇ ਸਾਡੇ 'ਤੇ ਫ਼ੌਜਕਸ਼ੀ ਕੀਤੀ ਤਾਂ ਫੇਰ ਸਾਥੋਂ ਕੋਈ ਬੁਰਾ ਨਹੀਂ।

—ਇਹਨਾਂ ਧੱਕਾ ਕਰਨਾ ਏ, ਫ਼ੌਜ ਦਾ ਜਲਾਲ ਵੀ ਵਿਖਾਉਣਾ ਏ ਤੇ ਤਲਵਾਰ ਦੀ ਨੋਕ ਵੀ, ਇਹ ਰਾਜੇ ਹਨ। ਰਾਜੇ ਭਾਨਮਤੀ ਦਾ ਕੁਨਬਾ ਏ। ਇਕ ਜਗ੍ਹਾ ਤੇ ਇਕੱਠਾ ਹੋ ਗਿਆ ਏ। ਭਾਂਤ-ਭਾਂਤ ਦੀ ਲਕੜੀ ਏ, ਇਹ ਲੜਨ ਆਏ ਹਨ। ਇਹਨਾਂ ਲੜ ਕੇ ਰਸਤਾ ਬਣਾ ਲੈਣਾ ਏ।

—ਤੇ ਫੇਰ ਇਸ ਦਾ ਮਤਲਬ ਸਿੱਧਾ ਏ ਜੰਗ। ਤਲਵਾਰ ਦੇ ਜ਼ੋਰ ਨਾਲ ਰਸਤਾ ਲੈਣਗੇ ਪਰ

ਜੇ ਇਹ ਗ਼ਲਤੀ ਕੀਤੀ ਤਾਂ ਫੇਰ ਖ਼ੂਨ-ਖ਼ਰਾਬਾ, ਲਹੂ ਨਾਲ ਇਸ਼ਨਾਨ, ਸਿਰ ਲੱਥਣਗੇ। ਲਾਸ਼ਾਂ ਦੇ ਢੇਰ ਬਣਨਗੇ, ਤਲਵਾਰ ਕਿਸੇ ਦੀ ਸੱਕੀ ਨਹੀਂ। ਜੰਗ ਕਿਸੇ ਦੀ ਯਾਰ ਨਹੀਂ। ਮੌਤ ਦਾ ਦੂਜਾ ਨਾਂ ਏ ਜੰਗ।

—ਇਹ ਸਦਾ ਧੱਕਾ ਕਰਨਾ ਸਿੱਖੇ ਹਨ। ਧੱਕਾ ਕਰਦੇ ਆਏ ਹਨ। ਅਕਲ ਦੀ ਗੱਲ ਇਹਨਾਂ ਸੁਣਨੀ ਨਹੀਂ, ਮਰਨ ਗੇ ਮਾਵਾਂ ਦੇ ਪੁੱਤਰ, ਇਹਨਾਂ ਦਾ ਕੀ ਜਾਣਾ ਏ।

—ਜੇ ਇਹਨਾਂ ਬਲਦੀ ਅੱਗ ਵਿਚ ਛਾਲ ਮਾਰਨੀ ਏ ਤੇ ਫੇਰ ਮਾਰਨ ਦਿਓ। ਜੰਗਾਂ ਰੁਕਦੀਆਂ ਨਹੀਂ, ਜੰਗਾਂ ਰੋਕੀਆਂ ਜਾਂਦੀਆਂ ਹਨ, ਆਉਣ ਦਿਓ।

—ਜੰਗ ਹੋਵੇਗੀ ਤੇ ਅਕਲ ਟਿਕਾਣੇ ਆਏਗੀ, ਜੰਞੇ ਆਏ ਬਰਾਤੀ ਮੌਤ ਦੀ ਬੁਰਕੀ ਬਣਨਗੇ। ਅਗੇ ਵਧ ਰਹੇ ਹਨ, ਇਹ ਬਰਾਤੀ ਨਹੀਂ ਇਹ ਲੜਨ ਆਏ ਸੂਰਮੇ ਹਨ।

—ਠਹਿਰੋ ਤੇ ਪਹਿਲ ਇਹਨਾਂ ਨੂੰ ਕਰਨ ਦਿਓ।

—ਇਹ ਮੂੰਹ ਜ਼ੋਰ ਤੇ ਲੜਾਕੇ ਫ਼ੌਜੀ ਘੋੜਿਆਂ ਨੂੰ ਸ਼ਿਸ਼ਕਾਰ ਰਹੇ ਹਨ, 'ਹਰ ਹਰ ਮਹਾਂਦੇਵ।'

ਵਿਚ ਨਦੀ ਪੈਂਦੀ ਸੀ। ਇਹ ਵੀ ਘਾਟੇ ਵਾਲਾ ਸੌਦਾ ਸੀ। ਪਰ ਗੁਰੂ ਦੇ ਲਾਡਲੇ, ਸੂਰਬੀਰ ਉਹਨਾਂ ਨੂੰ ਨਦੀ ਵਿਚ ਹੀ ਆਪਣਾ ਕਮਾਲ ਵਿਖਾਉਣਾ ਚਾਹੁੰਦੇ ਸਨ।

ਪਹਾੜੀ ਯਕਦਮ ਹਮਲਾ ਕਰਕੇ ਗੁਰੂ ਦੇ ਸ਼ਰਧਾਲੂਆਂ ਦੇ ਹੌਸਲੇ ਪਸਤ ਕਰਨਾ ਚਾਹੁੰਦੇ ਸਨ। ਉਹ ਦਾਅ ਤੇ ਸਨ। ਅੱਜ ਪਰਖ ਦਾ ਦਿਨ ਸੀ। ਅੱਜ ਇਮਤਿਹਾਨ ਦਾ ਵਕਤ ਏ, ਇਕ ਪਾਸੇ ਤਜਰਬਾਕਾਰ ਸਿਪਾਹੀ ਸਨ, ਜੋਧਾ ਸਨ ਤੇ ਦੂਜੇ ਪਾਸੇ ਸ਼ਰਧਾਲੂ ਸਾਧ, ਮੁਰੀਦ, ਪੀਰ ਬੁੱਧੂ ਸ਼ਾਹ ਦੇ।

ਭਗੌੜੇ ਪਠਾਣ ਸਾਰਿਆਂ ਦੇ ਅੱਗੇ ਸਨ ਤੇ ਲਲਕਾਰੇ ਮਾਰ ਰਹੇ ਸਨ।

ਨਮਕ ਹਰਾਮ, ਬੇਈਮਾਨ ਪਠਾਣਾਂ ਦੀ ਟੁਕੜੀ ਅੱਗੇ ਵਧੀ ਤੇ ਇਧਰ ਗੁਰੂ ਦੇ ਦਿਲਾਵਰਾਂ ਦੇ ਕਦਮ ਵਧੇ, ਬੋਲ ਉਭਰੇ, ਮੈਦਾਨ ਨੂੰ ਨਮਸਕਾਰ ਕੀਤੀ।

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ।
ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਣ ਕੋ ਦਾਉ।
ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ। ੨।

ਗੁਰੂ ਗੋਬਿੰਦ ਰਾਏ ਨੇ ਇਹ ਸ਼ਬਦ ਉਚਾਰੇ ਅਤੇ ਸੰਗਤਾਂ ਤੇ ਗੁਰੂ ਦੇ ਦੁਲਾਰਿਆਂ ਨੇ ਇਹਨਾਂ ਸ਼ਬਦਾਂ ਦੀ ਗੂੰਜ ਪਾ ਦਿੱਤੀ ਸਾਰੀ ਭੰਗਾਣੀ ਵਿਚ।

ਜੱਥੇ ਅੱਗੇ ਵਧ ਰਹੇ ਸਨ ਤੇ ਓਧਰੋਂ ਖੂੰਖਾਰ ਪਠਾਣ ਗੁਰੂ ਦੇ ਮੁਕਾਬਲੇ ਤੇ ਆਣ ਖੜੇ ਹੋਏ।

★

ਨਕਸ਼ਾ ਜੰਗ ਦਾ ੧੧੯

ਰੰਗਸ਼ਾਲਾ ਰਣਭੂਮੀ ਵਿਚ ਬਦਲੀ। ਭੰਗਾਣੀ, ਪਹਾੜਾਂ ਦੀ ਨਾਭੀ, ਕਿਧਰੇ ਨਦੀਆਂ ਤੇ ਬਹਾਰ

ਕਲੋਲ ਕਰੇ ਜਲ ਨਦੀ ਦੇ ਸੀਨੇ ਵਿਚ. ਕਿਧਰੇ ਬਰਸਾਤੀ ਨਾਲੇ, ਝਰਨ ਛੁੱਟਣ ਤੇ ਕਿਧਰੇ ਖਿੜੀ ਗੁਲਜ਼ਾਰ। ਪਹਾੜਾਂ ਦੇ ਮੌਸਮ ਦੀ ਕੋਈ ਕੀ ਤਾਰੀਫ਼ ਕਰੇ। ਜਿਧਰ ਦੇਖੋ ਕੁਦਰਤ ਨੇ ਸ਼ਿੰਗਾਰੇ ਹਨ ਗੁਲਦਸਤੇ, ਭਾਣਾ ਕਰਤਾਰ ਦਾ. ਜੰਗ ਦੀ ਡੈਣ ਨੇ ਘੁੰਗਰੂ ਬੰਨ੍ਹੇ ਤੇ ਆਣ ਨੱਚੀ ਭੰਗਾਣੀ ਦੇ ਡੇਰੇ, ਲਹੂ ਮੰਗਦੀ ਏ ਖ਼ੂਨ ਦੀ ਪਿਆਸੀ, ਬਲੀ ਯੋਧਿਆਂ ਦੀ, ਮਾਸੂਮਾਂ ਦਾ ਖ਼ੂਨ ਡਾਇਣ ਲਈ. ਉਹਨੂੰ ਤੇ ਆਪਣੀ ਖ਼ੁਰਾਕ ਚਾਹੀਦੀ ਏ। ਜੰਗ ਦੀਆਂ ਬਦਲੀਆਂ ਚੜ੍ਹੀਆਂ, ਘਣਘੋਰ ਘਟਾ ਛਾਈ ਤੇ ਉਹਨਾਂ ਘੇਰ ਲਈ ਭੰਗਾਣੀ।

ਗ਼ਰੀਬਾਂ ਦਾ ਲਹੂ ਧਰਤੀ ਤੇ ਡੁੱਲ੍ਹੇ. ਲੋਥਾਂ ਦੇ ਢੇਰ ਲੱਗਣ, ਇਹ ਸ਼ੁਗ਼ਲ ਏ ਰਾਜਿਆਂ ਦਾ।

ਸਿਪਾਹੀਆਂ ਦੀ ਮੌਤ, ਯੋਧਿਆਂ ਦੀ ਰੱਤ ਤੇ ਅਰਥੀ ਉਠੇ ਕਿਸੇ ਰਾਜੇ ਦੀ। ਜੰਗ ਬਦੇ ਖਾਣੀ, ਜੰਗ ਕਿਸੇ ਦੇ ਵਿਹੜੇ ਵੀ ਨਾ ਵੜੇ ਭੁੱਲ ਕੇ। ਫੇਰ ਭਰਾਵਾਂ-ਭਰਾਵਾਂ ਦੀ ਜੰਗ, ਕੁਲ ਦਾ ਨਾਸ ਪਰ ਜਿਨ੍ਹਾਂ ਦਾ ਸ਼ੁਗ਼ਲ ਏ ਜੰਗ, ਉਹਨਾਂ ਨੂੰ ਕੌਣ ਸਮਝਾਏ।

ਰਾਜਘਾਟ ਤੇ ਮੋਰਚੇ ਲੱਗੇ ਹੋਏ ਸਨ। ਭੀਮ ਚੰਦ ਨੇ ਰਾਜਘਾਟ ਤੋਂ ਜਮੁਨਾ ਪਾਰ ਕਰ ਲਈ ਸੀ। ਮੁਕਾਬਲਾ ਸਖ਼ਤ ਸੀ।

ਰਾਜਾ ਭੀਮ ਚੰਦ ਦੀ ਹਵਾ ਸਰਕ ਗਈ। ਜਦ ਉਸ ਸਾਹਮਣਿਓਂ ਸੂਰਮਿਆਂ ਦੀਆ ਬੜ੍ਹਕਾਂ ਸੁਣੀਆਂ, ਨਿੱਤਰੋ ਮੈਦਾਨ ਵਿਚ ਤੇ ਜੰਗ ਦਾ ਨਰਸਿੰਘਾ ਵਜਾਓ।

ਫ਼ਤਹਿ ਚੰਦ ਗੜ੍ਹਵਾਲ ਨੇ ਆਪਣੇ ਘੋੜੇ ਦੀਆਂ ਲਗਾਮਾਂ ਨੂੰ ਹੁਣਕਾ ਦਿੱਤਾ।

ਭੀਮ ਚੰਦ ਕਹਿਲੂਰ ਨੇ ਮੁੱਛਾਂ ਨੂੰ ਮਰੋੜਾ ਦਿੱਤਾ।

ਗੋਪਾਲ ਚੰਦ ਗੁਲੇਰ ਨੇ ਵੀ ਆਪਣੇ-ਆਪਣੇ ਘੋੜੇ ਦੀ ਸ਼ੂਖੀ ਵਿਖਾਈ। ਕਾਂਗੜੇ ਦੇ ਰਾਜਾ ਕ੍ਰਿਪਾਲ ਚੰਦ ਨੇ ਵੀ ਘੋੜਾ ਬਰਾਬਰ ਲਿਆ ਖੜਾ ਕੀਤਾ। ਵੀਰ ਸੈਨ ਤੇ ਸੁਪਰ ਸੈਨ ਮੰਡੀ ਦੇ ਦੂਲੇ ਵਿਚ ਆਣ ਖੜੇ ਹੋਏ ਕਤਾਰਾਂ ਵਿਚ।

ਜਸਵਾਲ ਦੇ ਬਹਾਦਰ ਯੋਧੇ, ਰਾਜ ਦੁਲਾਰੇ ਕੇਸਰ ਚੰਦ, ਉਮੀਦ ਸਿੰਘ ਨੇ ਘੋੜਿਆਂ ਵਿਚ ਆਪਣੀ ਹੋਂਦ ਆਣ ਦੱਸੀ।

ਦਿਆਲ ਚੰਦ ਕਾਠਗੜ੍ਹ, ਹਰੀ ਚੰਦ ਲਡੂਰ, ਕਰਮ ਚੰਦ ਡੰਬੋਰ ਤੇ ਅਨੰਦ ਚੰਦ ਪ੍ਰਿਥਵੀਪੁਰ ਵਾਲੇ ਵੀ ਆਣ ਨਿੱਤਰੇ, ਪਹਾੜ ਚੰਦ ਮਾਨਸਾ ਵਾਲਾ. ਰਾਉ ਸਿੰਘ ਸੀਬੇਵਾਲ ਨੇ ਆਪਣੀ ਪਹਿਚਾਣ ਦੱਸੀ। ਧਰਮਪਾਲ ਕੁਟਲੈੜ, ਦਿਆਲ ਸਿੰਘ ਨੂਰਪੁਰ, ਬਾਗ ਸਿੰਘ ਪਰਲੋਕਪੁਰ. ਤੇਗ ਸਿੰਘ ਕਿਸ਼ਤਵਾੜ ਨੇ ਆਪਣੇ ਸਾਥੀਆਂ ਨੂੰ ਆਵਾਜ਼ ਮਾਰੀ ਗੁਰਬੱਜ, ਜੇ ਚੰਦ, ਪਿੰਝੜਵਾਲ! ਹੁਣ ਸ਼ਰਮਾਉਣ ਦੀ ਲੋੜ ਨਹੀਂ। ਜਦੋਂ ਰਣਭੂਮੀ ਵਿਚ ਆ ਹੀ ਗਏ ਹਾਂ, ਘੁੰਡ ਲਾਹ ਲਿਆ ਏ ਤੇ ਫੇਰ ਸ਼ਰਮ ਕਿਸ ਗੱਲ ਦੀ।

ਠੰਢੀ ਸਿੰਘ ਤਲਵਾਰ ਦੇ ਕਬਜ਼ੇ ਤੇ ਹੱਥ ਧਰ ਕੇ ਆਖਣ ਲੱਗਾ, "ਹਾਂ ਮੈਂ ਸੰਘਰੀਵਾਲ ਦਾ ਰਾਜਾ, ਮੈਂ ਕਿਸੇ ਦੀ ਨੂੰਹ ਧੀ ਨਾਲੋਂ ਘਟ ਨਹੀਂ। ਅਸੀਂ ਜੰਗ ਜਿੱਤ ਕੇ ਹੀ ਸਾਹ ਲਵਾਂਗੇ। ਨਦੌਣ ਦਾ ਰਾਜਾ ਕਿਤੇ ਨਜ਼ਰ ਨਹੀਂ ਆਇਆ।

—ਯਾਰ ਦੀਆਂ ਗੱਲਾਂ ਵਿਚ ਆ ਗਿਆ ਏ। ਪੁਰਾਣੇ ਸਾਕ ਭੁੱਲ ਗਿਆ ਏ।

—ਓਨਾਂ ਚਿਰ ਰੋਟੀ ਖਾਣੀ ਹਰਾਮ ਏ ਜਦ ਤਕ ਗੁਰੂ ਨੂੰ ਬੰਦੀ ਨਹੀਂ ਬਣਾ ਲੈਂਦੇ। ਇਹ ਕੀ ਜਾਣੇ ਕਿ ਪਹਾੜੀਆਂ ਨਾਲ ਵਾਸਤਾ ਪਿਆ ਸੀ, ਬੋਲ ਸਨ ਹਰੀ ਚੰਦ ਦੇ।

ਭੂਪ ਸਿਘ ਨੇ ਆਪਣੀ ਸ਼ਾਨ ਦਾ ਢੋਲ ਵਜਾਇਆ, ਮੈਂ ਬਘੋਗ ਦਾ ਰਾਜਾ।

ਕਸੇਲ ਵਾਲੇ ਕਿਉਂ ਪਿਛੇ ਰਹਿਣ, ਲੱਛੂ ਚੰਦ ਨੇ ਆਖਿਆ।

ਸਾਡੀ ਫ਼ੌਜ ਦੇ ਮੋਹਰੀ ਹਨ 800 ਪਠਾਣ, ਜਿਨ੍ਹਾਂ ਕਈ ਜੰਗਾਂ ਜਿੱਤੀਆਂ ਤੇ ਕਈ ਕਿਲ੍ਹੇ ਨਿਵਾਏ। ਸਾਡੀ ਗਿਣਤੀ ਦਸ ਹਜ਼ਾਰ, ਸਾਡੇ ਹਿੱਸੇ ਇਕ-ਇਕ ਬੰਦਾ ਨਹੀਂ ਆਉਣਾ, ਭੀਮ ਚੰਦ ਆਖਣ ਲੱਗਾ।

—ਅਜੇ ਵੀ ਗੁਰੂ ਈਨ ਮੰਨ ਲਵੇ ਤਾਂ ਮਾਫ਼ ਕੀਤਾ ਜਾ ਸਕਦੈ। ਭੀਮ ਚੰਦ ਨੂੰ ਮਾਣ ਸੀ ਪਰਾਈਆਂ ਬਾਹਵਾਂ ਅਤੇ ਰਾਜਕੁਮਾਰਾਂ 'ਤੇ। ਦਮਾਮੇ ਮਾਰਦੇ ਤੇ ਤਲਵਾਰਾਂ ਨੂੰ ਲਿਸ਼ਕਾਉਂਦੇ ਨੇਜ਼ਿਆਂ ਦੀਆਂ ਜੀਭਾਂ, ਸੂਰਜ ਦੀ ਧੁੱਪ 'ਚ ਲਿਸ਼ਕਾਰੇ ਮਾਰਦੇ ਘੋੜਿਆਂ ਦੇ ਕੰਨ ਖੜੇ ਸਨ, ਮੌਤ ਦੀ ਨਗਰੀ ਵਿਚ ਕਦਮ ਰੱਖਣ ਵਾਲੇ ਸਨ ਪਰ ਸਾਹਮਣੇ ਕੌਣ ਖੜਾ ਸੀ ਭੁੱਲ ਗਏ ਸਨ ਹੰਕਾਰੀ ਰਾਜੇ।

ਸੰਗੋ ਸ਼ਾਹ ਤੇ ਜੀਤ ਮੱਲ, ਗੁਲਾਬ ਰਾਏ ਤੇ ਰੰਗਾ ਰਾਮ, ਮੋਹਰੀ ਚੰਦ, ਬੀਬੀ ਵੀਰੋ ਦੇ ਪੰਜੇ ਪੁੱਤ ਘੋੜੀਆਂ ਤੇ ਚੜ੍ਹੇ ਵੇਖ ਰਹੇ ਸਨ ਵੈਰੀਆਂ ਦੇ ਯੁੱਧ।

ਮਾਮਾ ਕ੍ਰਿਪਾਲ ਚੰਦ ਨੇ ਕਿਰਪਾਨ ਸੰਭਾਲ ਲਈ ਤੇ ਨਾਲ ਰਲ ਗਿਆ ਬਿਧੀ ਚੰਦ ਦਾ ਲਾਡਲਾ ਲਾਲ ਚੰਦ। ਦੀਵਾਨ ਨੰਦ ਚੰਦ ਨੇ ਵੀ ਆਪਣੀ ਤਲਵਾਰ ਦੀ ਧਾਰ ਪਰਖੀ।

ਉਦੇ ਸਿੰਘ, ਬਚਿੱਤਰ ਸਿੰਘ, ਆਲਮ ਸਿੰਘ, ਚੰਦਨ ਰਾਏ, ਪਰੋਹਤ ਦਇਆ ਰਾਮ, ਸਾਹਬ ਚੰਦ ਤੇ ਨਾਲ ਰਲ ਗਈ ਸੰਗਤ।

ਪੀਰ ਬੁੱਧੂ ਸ਼ਾਹ ਨੇ ਆਪਣੇ ਮੋਰਚੇ 'ਚ ਬੈਠੇ ਨੇ ਆਵਾਜ਼ ਮਾਰੀ ਕਾਲੇ ਖ਼ਾਂ ਨੂੰ, ਪਠਾਣ ਦੇ ਪੁਤਰੋ ਕਿਤੇ ਲਾਜ ਨਾ ਲੱਗੇ। ਮਰਨਾ ਇਕੋ ਦਿਨ ਏ। ਮੌਤ ਰੋਜ਼-ਰੋਜ਼ ਨਹੀਂ ਆਉਣੀ।

—ਮੁਰੀਦ ਤੇ ਤਿਆਰ-ਬਰ-ਤਿਆਰ ਹਨ ਪੀਰ ਜੀ।

—ਪੀਰ ਸਾਹਿਬ ਈਮਾਨ ਵਾਲੇ ਨੱਸਿਆ ਨਹੀਂ ਕਰਦੇ, ਜਾਨ ਦੇ ਦੇਣਗੇ, ਮੈਦਾਨ ਤੋਂ ਕਦਮ ਨਹੀਂ ਚੁੱਕਣਗੇ। ਮੈਦਾਨ ਵਿਚ ਹੀ ਸਾਡੀਆਂ ਕਬਰਾਂ ਬਣਨਗੀਆਂ।

—ਸਤਿਗੁਰ ਮੈਂ ਖੜਾ ਹਾਂ ਮੇਰੀ ਲਾਜ ਰਖੋ, ਉਦਾਸੀ ਤੇ ਨੱਸ ਗਏ। ਉਹਨਾਂ ਆਪਣਾ ਧਰਮ ਵਿਖਾ ਦਿੱਤਾ। ਲਾਂਗਰਾਂ ਟੁੱਟ ਗਈਆਂ ਹਨ। ਮੈਂ ਜੜ੍ਹ ਫੜੀ ਬੈਠਾ ਹਾਂ।

ਕੁੱਲ ਗਿਣਤੀ ਦੋ ਹਜ਼ਾਰ ਤੇ ਪੁੱਜੀ ਅਤੇ ਮੁਕਾਬਲੇ ਤੇ ਦਸ ਹਜ਼ਾਰ ਸੂਰਮੇ ਸਨ।

ਮੁਤਹਿਰ ਸੰਭਾਲੀ ਕ੍ਰਿਪਾਲ ਦਾਸ ਨੇ ਤੇ ਲਾਜ ਰੱਖ ਲਈ ਸਾਰੇ ਉਦਾਸੀ ਪੰਥ ਦੀ।

—ਸਾਧਾਂ ਕੀ ਲੜਨੈਂ ਜਿਨ੍ਹਾਂ ਖਾਧੀਆਂ ਹਨ ਖੀਰਾਂ, ਕ੍ਰਿਪਾਲ ਚੰਦ ਦੇ ਬੋਲ ਸਨ।

— ਮਾਮਾ ਜੀ ਵਕਤ ਆਉਣ ਦਿਓ, ਫੇਰ ਦੱਸਾਂਗਾ ਸਾਧ ਦਾ ਜਲਾਲ।

ਘੋੜੇ ਦੇ ਸੁੰਮ ਵਰਗਾ ਮੋਰਚਾ ਏ ਸਾਡਾ, ਦੁਸ਼ਮਣ ਸਾਹਮਣੇ ਖੜਾ ਏ, ਖੁੱਲ੍ਹਾ ਮੈਦਾਨ ਏ, ਆਉਣ ਦਿਓ ਤੇ ਫੇਰ ਮੈਦਾਨ ਵਿਚ ਘੇਰ ਕੇ ਲੂਣ ਤੇਲ ਦਾ ਭਾਅ ਦੱਸਾਂਗੇ। ਮਾਲਾ ਫੇਰਨ ਵਾਲੇ ਕੀ ਤਲਵਾਰ ਨਹੀਂ ਚੁੱਕ ਸਕਦੇ?

—ਮੈਦਾਨ ਮਾਰੋ ਬਹਾਦਰੋ ਤੇ ਪਾਉਂਟਾ ਲੁੱਟ ਲਓ। ਗੁਰੂ ਨੂੰ ਕੈਦੀ ਬਣਾ ਲਓ ਤੇ ਮੂੰਹ ਮੰਗਿਆ ਇਨਾਮ ਦੇਵਾਂਗੇ।

—ਅਸੀਂ ਮੈਦਾਨ ਦੇ ਬੰਦੇ ਹਾਂ। ਸਾਡੀਆਂ ਕੁਲਾਂ ਮੈਦਾਨ 'ਚ ਲੜਦਿਆਂ ਲੰਘ ਗਈਆਂ। ਸਾਡੇ ਸਾਹਮਣੇ ਮਾਲਾ ਫੇਰਨ ਵਾਲਾ ਸਾਧ ਕਿਸ ਤਰ੍ਹਾਂ ਖੜਾ ਹੋਵੇਗਾ ? ਪਠਾਣ ਨੇ ਉੱਚੀ ਆਵਾਜ਼ ਵਿਚ ਆਖਿਆ।

ਘੋੜਿਆਂ ਨੇ ਪੈਰਾਂ ਤੋਂ ਦੁੜਕੀ ਫੜੀ ਤੇ ਆਣ ਪਏ ਗੁਰੂ ਦੀ ਫ਼ੌਜ 'ਤੇ।

ਗੁਰਾਂ ਨੇ ਦੁਸ਼ਮਣ ਦਾ ਮਰਦਾਂ ਵਾਂਗੂ ਸਵਾਗਤ ਕੀਤਾ, ਤਲਵਾਰਾਂ-ਤਲਵਾਰਾਂ ਭਿੜੀਆਂ, ਨੇਜ਼ੇ ਨੇਜ਼ਿਆਂ ਨਾਲ ਟੱਕਰੇ, ਘੋੜੇ ਘੋੜਿਆਂ ਨਾਲ ਖਹੇ। ਪਿੜ ਬੱਝ ਗਿਆ ਰਣਭੂਮੀ ਦਾ। ਫ਼ਤਹਿ ਤੇ ਰੱਬ ਦੀ ਬਖ਼ਸ਼ੇਗਾ ਜਿਹਦੇ ਕਰਮਾਂ ਵਿਚ ਹੋਈ।

ਤਲਵਾਰ ਚਮਕੀ, ਬਹਾਦਰਾਂ ਦੇ ਲਹੂ ਖੌਲੇ, ਜੋਸ਼ ਗੁੱਸੇ ਵਿਚੋਂ ਉਭਰਿਆ।

ਮਾਲਾ ਤੇ ਸ਼ਸਤਰ ਦੋਵਾਂ ਦਾ ਪਰਖਣ ਦਾ ਮੌਕਾ ਆ ਗਿਆ। ਗੁਰੂ ਤੁਹਾਡੇ ਅੰਗ-ਸੰਗ ਏ ਜਿੱਤ ਤੁਹਾਡੀ ਹੋਵੇਗੀ, ਮਾਮੇ ਕ੍ਰਿਪਾਲ ਚੰਦ ਨੇ ਹੋਕਾ ਦਿੱਤਾ।

—ਪਹਾੜ ਨੇ ਪਹਾੜ ਨਾਲ ਟੱਕਰ ਲਈ ਏ। ਤੀਰਾਂ ਨਾਲ ਵਿੰਨ੍ਹ ਰਹੇ ਸਨ ਸੇਵਕ ਗੁਰੂ ਦੇ, ਧੌਣਾਂ ਲੱਥ ਰਹੀਆਂ ਸਨ, ਢੇਰ ਲੱਗ ਰਹੇ ਸਨ, ਲਹੂ ਡੁੱਲ੍ਹ ਰਿਹਾ ਸੀ।

ਪਠਾਣਾਂ ਵੀ ਜੌਹਰ ਵਿਖਾਏ ਪਰ ਨਮਕ ਹਰਾਮ ਕਦੇ ਜਿੱਤ ਦਾ ਮੂੰਹ ਨਹੀਂ ਸਨ ਵੇਖ ਸਕਦੇ। ਮਾਮੇ ਕ੍ਰਿਪਾਲ ਚੰਦ ਦੀ ਆਵਾਜ਼ ਸੀ।

ਪਹਿਲੀ ਟੁਕੜੀ ਨੇ ਪਹਾੜੀ ਰਾਜਿਆਂ ਦੇ ਪੈਰ ਥਿੜਕਾ ਦਿੱਤੇ, ਹਮਲਾ ਜ਼ਬਰਦਸਤ ਸੀ। ਅੱਗੋਂ ਵੀ ਜਵਾਬ ਭਰਵਾਂ ਮਿਲਿਆ।

ਗੋਲੀਆਂ ਤੇ ਤੀਰਾਂ ਨੇ ਪਠਾਣ ਵੀ ਵਿੰਨ੍ਹੇ ਤੇ ਪਹਾੜੀ ਸੂਰਮੇ ਵੀ। ਜ਼ਰਾ ਕੁ ਠੱਲ੍ਹ ਪਈ, ਪਹਾੜੀ ਰਾਜਿਆਂ ਨੇ ਘੋੜਿਆਂ ਦੇ ਮੂੰਹ ਪਿੱਛੇ ਵਲ ਮੋੜੇ। ਲੜਾਈ ਜ਼ਰਾ ਕੁ ਥੰਮ੍ਹੀ। ਰਾਜਿਆਂ ਦੇ ਹੌਂਸਲੇ ਪਸਤ ਹੋ ਗਏ। ਹੁਣ ਸਮਝ ਆਈ ਗੁਰੂ-ਗੁਰੂ ਨਹੀਂ ਚੰਗਾ ਲੜਾਕਾ ਜਰਨੈਲ ਏ। ਉਹਦੀ ਜੰਗ ਦੀ ਵਿਉਂਤ ਐਨੀ ਮਜ਼ਬੂਤ ਏ, ਉਹਨੂੰ ਅਸੀਂ ਨਹੀਂ ਤੋੜ ਸਕਦੇ। ਇਉਂ ਜਾਪਦੈ ਕਿ ਗੁਰੂ ਦੀ ਪਿੱਠ ਪਿਛੇ ਕੋਈ ਚੰਗਾ ਹੰਢਿਆ ਵਰਤਿਆ ਜਰਨੈਲ ਖਲੋਤਾ ਹੋਇਐ। ਜੰਗ ਮੂਲੋਂ ਮਹਿੰਗੀ ਪੈਣੀ ਏ।

ਇਕ ਪਾਸਿਓਂ ਆਵਾਜ਼ ਗੂੰਜੀ 'ਜਬੈ ਬਾਨ ਲਾਗੈ, ਤਬੈ ਰੋਸ ਜਾਗੈ ॥'

ਮੁਤਹਿਰ ੧੧੭

ਫ਼ਤਹਿ ਸ਼ਾਹ ਆਪ ਵੀ ਨੱਸਿਆ ਤੇ ਨਾਲ ਰਲ ਗਿਆ ਭੀਮ ਚੰਦ ਤੇ ਨਾਲੇ ਫ਼ੌਜ ਪਿੜ ਛੱਡ ਕੇ ਨੱਸ ਉੱਠੀ। ਨੁਕਸਾਨ ਬਹੁਤ ਹੋਇਆ। ਮੁੱਠਭੇੜ ਹੋਈ, ਦਸਤ ਪੰਜੇ ਲਏ, ਦਮਗਜ਼ੇ ਮਾਰਨ ਵਾਲੇ ਪਠਾਣਾਂ ਨੇ ਮੂੰਹ ਬੁੱਕਲ 'ਚ ਲਕੋ ਲਿਆ।

ਪਿੱਠ ਨਹੀਂ ਲੱਗਣ ਦਿੱਤੀ ਫ਼ਤਹਿ ਸ਼ਾਹ ਦੀ। ਮੈਦਾਨ ਵਿਚੋਂ ਨੱਸਣਾ ਨਾਮਰਦਾਂ ਦਾ ਕੰਮ ਏ। ਤੁਸੀਂ ਚੂੜੀਆਂ ਪਾ ਕੇ ਬੈਠੇ ਰਹੋ, ਨਿੱਤਰੋ ਮੈਦਾਨ ਵਿਚ ਮੁੱਠੀ ਭਰ ਫ਼ੌਜ ਨੇ ਤੁਹਾਡੀ ਹਵਾ ਸਰਕਾ ਦਿੱਤੀ। ਤੁਹਾਡੀਆਂ ਬੜ੍ਹਕਾਂ ਮਾਰਨ ਵਾਲੇ ਕੁੱਕੜ ਦਾ ਗਲਾ ਘੁੱਟ ਦਿੱਤਾ। ਪਠਾਣਾਂ ਦੇ ਗਪੋੜੀਆਂ ਦਾ ਭਾਂਡਾ ਚੌਰਾਹੇ 'ਤੇ ਤੋੜ ਦਿੱਤਾ। ਗੋਪਾਲ ਦਾਸ ਗੁਲੇਰੀਏ ਨੇ ਹੌਸਲਾ ਦਿੱਤਾ ਤੇ ਨਾਲ ਨਿੱਤਰਿਆ ਹਰੀ ਚੰਦ ਹੰਡੂਰੀਆ ਤੇ ਭੀਮ ਚੰਦ ਨੇ ਵੀ ਦਿਲ ਟਿਕਾਣੇ ਰੱਖਿਆ। ਸਾਰਿਆਂ ਨੇ ਨੱਸੀ ਜਾਂਦੀ ਫ਼ੌਜ ਨੂੰ ਠਲ੍ਹ ਪਾਈ।

ਭੀਮ ਚੰਦ ਬੜੇ ਗੁੱਸੇ ਵਿਚ ਸੀ ਤੇ ਜੋਸ਼ 'ਚ ਆ ਕੇ ਆਖਣ ਲੱਗਾ—

—"ਖ਼ਾਂ ਸਾਹਿਬ ਤੁਸੀਂ ਤੇ ਆਖਦੇ ਸਾਓ ਕਿ ਅਸੀਂ" ਫੂਕਾਂ ਮਾਰ ਕੇ ਉਡਾ ਦਿਆਂਗੇ ਗੁਰੂ ਦੀ ਫ਼ੌਜ ਨੂੰ, ਕਿੱਥੇ ਗਏ ਫੁੰਕਾਰੇ ?"

ਜਾਤ ਕੁਜਾਤ ਕੱਠੀ ਕੀਤੀ ਏ ਗੁਰੂ ਨੇ। ਉਹਨਾਂ ਕੀ ਲੜਨੈ। ਜੱਟ, ਛੀਂਬੇ, ਝਿਊਰ, ਤਰਖਾਣ ਇਹ ਲੜਨ ਜੋਗੇ ਕਿੱਥੋਂ ਆਏ। ਅਸੀਂ ਇਕੱਲੇ ਈ ਡੇਰਾ ਲੁੱਟ ਲਾਂਗੇ। ਇਹਨਾਂ ਕਮੀਨਿਆਂ ਤੋਂ ਡਰ ਕੇ ਨੱਸ ਉੱਠੇ ਓ। ਕਿੱਥੇ ਗਈ ਤੁਹਾਡੀ ਬੀਰਤਾ। ਲਾਂਗੜ-ਬੂੰਗੜ ਤੇ ਸਾਧਾਂ ਫ਼ਕੀਰਾਂ ਸਾਹਮਣੇ ਤੁਹਾਡੀ ਇਕ ਨ ਚੱਲੀ। ਸਾਨੂੰ ਰਾਜਪੂਤਾਂ ਤੇ ਵੀਰ ਪਠਾਣਾਂ ਨੂੰ ਕਿਸੇ ਚੱਪਣੀ 'ਚ ਨੱਕ ਡੋਬ ਕੇ ਮਰ ਜਾਣਾ ਚਾਹੀਦੈ। ਹਿੱਜੜਿਆਂ ਦਾ ਸਾਥ ਮਿਲ ਗਿਐ। ਰੱਬ ਈ ਭਲੀ ਕਰੇ। ਭੀਮ ਚੰਦ ਦਾ ਲਹੂ ਉਬਾਲੇ ਖਾ ਰਿਹਾ ਸੀ।

—ਹਯਾਤ ਖ਼ਾਂ ਆਖਣ ਲੱਗਾ, "ਅਜੇ ਤੇ ਲੜਾਈ ਦਾ ਮੁੱਢ ਈ ਬੱਝੈ। ਰਾਜਾ ਜੀ ਅਸੀਂ ਤੇ ਵੇਖ ਰਹੇ ਸਾਂ ਤੁਹਾਡੀ ਫ਼ੌਜ ਦੇ ਸੂਰਮੇ ਆਪਣਾ ਚਾਹ ਲਾਹ ਲੈਣ। ਕਿਤੇ ਮੁੜ ਕੇ ਇਹ ਨਾ ਆਖਣ ਕਿ ਸਾਨੂੰ ਤੇ ਮੌਕਾ ਈ ਨਹੀਂ ਮਿਲਿਆ। ਅਸੀਂ ਤੇ ਏਸੇ ਲਈ ਢਿੱਲੇ ਰਹੇ ਹਾਂ। ਮੈਂ ਹੁਣੇ ਲੜਾਈ ਖ਼ਤਮ ਕਰ ਦੇਂਦਾ ਹਾਂ। ਪਠਾਣਾਂ ਸਾਹਮਣੇ ਇਹ ਫ਼ਕੀਰ ਸਾਧ ਨਹੀਂ ਟਿਕ ਸਕਦੇ।

—ਹਯਾਤ ਖ਼ਾਂ, ਦੁਸ਼ਮਣ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ। ਦੁਸ਼ਮਣ-ਦੁਸ਼ਮਣ ਏ। ਕਮਜ਼ੋਰ ਵੀ ਤਾਕਤਵਰ ਏ। ਗੁਰੂ ਦੇ ਮੋਰਚੇ ਬਹੁਤ ਟਿਕਾਣੇ ਸਿਰ ਹਨ। ਗੁਰੂ ਦੇ ਜਰਨੈਲ ਤੇ ਲੜਾਕੇ ਜੋਧੇ ਭਾਵੇਂ ਵੇਖਣ ਨੂੰ ਸਾਧ ਹਨ ਪਰ ਉਹਨਾਂ ਜੰਗਾਂ ਵੇਖੀਆਂ ਹੋਈਆਂ ਨੇ। ਭਾਵੇਂ ਆਪ ਘੋੜੀ ਤੇ ਨਹੀਂ ਚੜ੍ਹੇ ਪਰ ਚੜ੍ਹਦਿਆਂ ਨੂੰ ਵੇਖਿਐ। ਭੀਮ ਚੰਦ ਨੇ ਆਪਣਾ ਸਾਰਾ ਗੁੱਸਾ ਕੱਢ ਲਿਆ।

—ਗੁਰੂ ਤੇ ਹਮਲਾ ਕਰਨਾ ਈਮਾਨ ਦੇ ਖ਼ਿਲਾਫ਼ ਏ। ਸਾਨੂੰ ਡਰ ਸੀ ਕਿ ਤੁਸੀਂ ਗੁਰੂ ਵਾਲੇ ਬਣ ਜਾਣਾ ਏ ਇਸੇ ਲਈ ਅਸੀਂ ਡਰਦੇ-ਡਰਦੇ ਤਲਵਾਰ ਦੀ ਪਰਖ ਨਾ ਕਰ ਸਕੇ। ਹੁਣ ਤੁਹਾਨੂੰ ਅਸੀਂ ਤਲੀ ਤੇ ਸਰ੍ਹੋਂ ਜਮਾ ਕੇ ਦੱਸਦੇ ਹਾਂ। ਇਹ ਜੰਗਾਂ ਵਿਚੋਂ ਕੋਈ ਜੰਗ ਥੋੜ੍ਹੀ ਏ। ਅਸੀਂ ਪਠਾਣ ਈ ਜੰਗ ਜਿੱਤ ਕੇ ਦੇਵਾਂਗੇ। ਹਯਾਤ ਖ਼ਾਂ ਨੇ ਤਸੱਲੀ ਦਿੱਤੀ।

—ਅਸੀਂ ਸਾਰੇ ਰਾਜੇ ਤੁਹਾਡੇ ਨਾਲ ਹਾਂ। ਸਲਾਹ ਕਰਕੇ ਹਮਲਾ ਕਰੋ। ਗੁਰੂ ਸੂਰਜ ਡੁੱਬਣ ਤੋਂ ਪਹਿਲਾਂ ਸਾਡੀ ਕੈਦ ਵਿਚ ਹੋਣਾ ਚਾਹੀਦੈ। ਭੀਮ ਚੰਦ ਬੋਲਿਆ।

ਤੋਤਾ ਏ ਜਿਹੜਾ ਪਿੰਜਰੇ ਵਿਚ ਪਾ ਲੈਂਗੇ ? ਗੁਰੂ ਏ ਗੁਰੂ। ਉਹਦੇ ਪਿੱਛੇ ਗੱਦੀ ਦੀ ਬਖ਼ਸ਼ਿਸ਼ ਏ। ਤੁਸੀਂ ਤਨਖ਼ਾਹ ਦੇ ਕੇ ਲੜਾਉਂਦੇ ਓ ਤੇ ਉਹਨਾਂ ਦੇ ਪਿੱਛੇ ਜਜ਼ਬਾ ਲੜ ਰਿਹੈ ਤਨਖ਼ਾਹ ਨਹੀਂ। ਇਹ ਮੰਨਿਆ ਕਿ ਉਹ ਅਜੇ ਅਨਾੜੀ ਆ ਪਰ ਜਦੋਂ ਬੰਦਾ ਤਲਵਾਰ ਫੜ ਲਏ ਫੇਰ ਉੱਦਮ

ਜਜ਼ਬਾ, ਇਸ਼ਕ ਮੈਦਾਨ ਵਿਚ ਹਾਰਨ ਨਹੀਂ ਦਿੰਦਾ। ਜੰਗ ਜਜ਼ਬੇ ਨਾਲ ਜਿੱਤੀ ਜਾਂਦੀ ਏ, ਦਲੇਰੀ ਨਾਲ। ਹਰੀ ਚੰਦ ਹੰਡੂਰੀਆ ਦੇ ਬੋਲ ਸਨ।

ਗੋਪਾਲ ਗੁਲੇਰੀਆ ਆਖਣ ਲੱਗਾ, "ਖ਼ਾਨ ਬਹਾਦਰ ਹੁਣ ਹਮਲਾ ਕਰਨਾ ਏ ਤੇ ਮਰਦਾਂ ਵਾਂਗੂੰ, ਸ਼ੇਰ ਵਾਂਗੂੰ ਗਰਜੋ ਤੇ ਤੂਫ਼ਾਨ ਵਾਂਗੂੰ ਉੱਠੋ ਤੇ ਛਾ ਜਾਓ ਗੁਰੂ ਦੇ ਮੋਰਚਿਆਂ ਅੱਗੇ ਸੀਨੇ ਤਾਣ ਕੇ। ਜਾਂ ਤਖ਼ਤ ਜਾਂ ਤਖ਼ਤਾ। ਸਾਰਾ ਪਹਾੜ ਤੇ ਇਕੱਠਾ ਕਰ ਲਿਆ ਜੇ, ਹੁਣ ਕੀ ਮੁਗ਼ਲ ਫ਼ੌਜ ਨੂੰ ਸੱਦਣਾ ਜੇ। ਜੇ ਤਾਕਤ ਨਹੀਂ ਤੇ ਗੁਰੂ ਦੇ ਚਰਨੀਂ ਲੱਗ ਜਾਓ। ਇਹਦੇ ਵਿਚ ਕੋਈ ਸ਼ਰਮ ਨਹੀਂ, ਭੀਮ ਚੰਦ ਦੀ ਜ਼ਰਾ ਕੁ ਜ਼ੁਬਾਨ ਵਿਚ ਤੁਰਸ਼ੀ ਸੀ, ਜਮੁਨਾ 'ਚ ਡੁੱਬ ਮਰੋ, ਸਿੱਧੇ ਸਵਰਗ ਜਾਓਗੇ।

ਹਯਾਤ ਖ਼ਾਂ ਮੋਹਰੀ ਪਠਾਣਾਂ ਦਾ, ਇਹਨਾਂ ਸਾਰੀ ਜ਼ਿੰਦਗੀ ਲੜਾਈ ਦੇ ਮੈਦਾਨਾਂ 'ਚ ਕੱਟੀ, ਮੂੰਹ ਦੀ ਖਾਧੀ ਸਾਧੂਆਂ, ਫ਼ਕੀਰਾਂ ਤੇ ਗੁਰੂ ਦੇ ਸੇਵਕਾਂ ਕੋਲੋਂ ਸ਼ਰਮ ਦਾ ਮੁਕਾਮ ਸੀ। ਹਯਾਤ ਖ਼ਾਂ ਮਾਰਿਆ ਸ਼ਰਮ ਦਾ ਕਿਸੇ ਨੂੰ ਮੂੰਹ ਨਹੀਂ ਸੀ ਵਿਖਾ ਰਿਹਾ। ਧੋਖਾ, ਫ਼ਰੇਬ ਤੇ ਛਲ ਵੀ ਦਿੱਤਾ ਗੁਰੂ ਨੂੰ। ਚਹੁੰ ਠੀਕਰੀਆਂ ਬਦਲੇ, ਈਮਾਨ ਵੀ ਵੇਚਿਆ ਤੇ ਬਦਨਾਮੀ ਵੀ ਪੱਲੇ ਪਈ। ਅਸੀਂ ਪਠਾਣ ਦੇ ਪੁੱਤ ਹਾਂ, ਬਦਲਾ ਲੈਣਾ ਜਾਣਦੇ ਹਾਂ। ਯਾ ਅੱਲਾ ਰਹਿਮ, ਯਾ ਅਲੀ ਮਦਦ।

ਘੋੜਾ ਕੱਢਿਆ ਹਯਾਤ ਖ਼ਾਂ ਨੇ, ਜੰਗ ਫਿਰ ਸ਼ੁਰੂ ਹੋਣ ਲੱਗੀ।

ਰਣਜੀਤ ਨਗਾਰੇ ਤੇ ਚੋਟ ਲੱਗੀ, ਨਰਸਿੰਘੇ ਵੱਜੇ, ਨੌਬਤ ਖੜਕੀ, ਢੋਲ ਤੇ ਕਿਸੇ ਨੇ ਡੱਗਾ ਲਾਇਆ। ਸੂਰਮੇ ਫੇਰ ਹੁਸ਼ਿਆਰ ਹੋ ਗਏ। ਪਠਾਣਾਂ ਦੀ ਟੁਕੜੀ ਦੇ ਅੱਗੇ ਹਯਾਤ ਖ਼ਾਂ ਸੀ। ਉਸ ਸਾਰੀ ਟੁਕੜੀ ਨੂੰ ਰੋਕ ਦਿੱਤਾ, ਠੱਲ੍ਹ ਪਾ ਦਿੱਤੀ ਤੇ ਇਕੱਲਾ ਹੀ ਮੈਦਾਨ ਦੇ ਪਿੜ ਵਿਚ ਆਣ ਖਲੋਤਾ।

ਉੱਚੇ ਟਿੱਬੇ ਤੇ ਬੈਠੇ ਗੋਬਿੰਦ ਰਾਏ ਜੰਗ ਦਾ ਤਮਾਸ਼ਾ ਵੇਖ ਰਹੇ ਸਨ। ਕੋਲ ਖਲੋਤਾ ਹੋਇਆ ਸੀ ਕ੍ਰਿਪਾਲ ਦਾਸ ਉਦਾਸੀ।

ਹਯਾਤ ਖ਼ਾਂ ਨੇ ਵੰਗਾਰਿਆ, ਆਓ ਇਕੱਲਾ ਇਕੱਲੇ ਨਾਲ ਹੱਥ ਵਿਖਾਵੇ ਆਵਾਜ਼ 'ਚ ਬੜਾ ਜੋਸ਼ ਸੀ।

—ਜੀਤ ਮੱਲ, ਨਿੱਤਰ! ਆ ਗਿਆ ਈ ਤੇਰਾ ਜੋੜ, ਮਾਮਾ ਕ੍ਰਿਪਾਲ ਚੰਦ ਨੇ ਹੁਕਮ ਦਿੱਤਾ।

ਗੁਰੂ ਗੋਬਿੰਦ ਰਾਏ ਦੇ ਕੋਲ ਖੜ੍ਹਾ ਸੀ ਗੋਪਾਲ ਦਾਸ। ਉਹਦੇ ਮੂੰਹੋਂ ਸਬੱਬੀਂ ਨਿਕਲਿਆ, ਨਮਕ ਹਰਾਮ ਗੁਨਾਹਗਾਰ ਆ ਗਿਆ ਏ। ਉਸ ਗੁਰਾਂ ਵੱਲ ਤੱਕਿਆ।

—ਗੁਰੂਦੇਵ ਆਗਿਆ ਦੇਵੋ, ਮੈਂ ਜਾਂਦਾ ਹਾਂ ਹਯਾਤ ਖ਼ਾਂ ਨਾਲ ਦੋ ਹੱਥ ਕਰਨ।

—ਨੇਕੀ ਤੇ ਪੁੱਛ-ਪੁੱਛ, ਇਹ ਜੰਗ ਨੇਕੀ ਤੇ ਬਦੀ ਦੀ ਏ। ਅਕਾਲ ਪੁਰਖ ਭਲੀ ਕਰੇਗਾ। ਜਾਓ।

ਜੀਤ ਮੱਲ ਅੱਗੇ ਵਧਣ ਲੱਗਾ ਤੇ ਕ੍ਰਿਪਾਲ ਚੰਦ ਨੇ ਜ਼ੋਰ ਨਾਲ ਆਵਾਜ਼ ਮਾਰੀ, ਠਹਿਰ ਜੀਤ ਮੱਲ ਮੈਂ ਆ ਰਿਹਾ ਹਾਂ। ਇਹ ਸ਼ਿਕਾਰ ਮੇਰਾ ਏ। ਜੀਤ ਮੱਲ ਠਹਿਰ ਗਿਆ।

ਮੁਤਹਿਰ ਮੋਢੇ 'ਤੇ, ਬਦਨ ਨੰਗਾ ਤੇ ਗਲ ਵਿਚ ਮਾਲਾ, ਉਦਾਸੀ ਸਾਧ, ਜਿਸ ਕਦੇ ਜੰਗ ਦਾ ਮੂੰਹ ਨਹੀਂ ਸੀ ਦੇਖਿਆ, ਅੱਜ ਨਿੱਤਰਿਆ ਮੈਦਾਨ ਵਿਚ। ਸੱਤ ਕਰਤਾਰ, ਸੱਤ ਕਰਤਾਰ ਆਖਦਾ।

ਹਯਾਤ ਖ਼ਾਂ ਖਿੜ-ਖਿੜਾ ਕੇ ਹੱਸਿਆ, ਲਓ ਆ ਗਏ ਜੇ ਗੁਰੂ ਦੇ ਬਾਬਾ ਜੀ। ਬਾਬਾ ਜੀ ਰਾਹ ਤੇ ਨਹੀਂ ਭੁੱਲ ਗਏ। ਇਹ ਜੰਗ ਦਾ ਮੈਦਾਨ ਏ, ਭੀਖ ਮੰਗਣ ਦਾ ਅਖਾੜਾ ਨਹੀਂ। ਦਕਸ਼ਨਾ ਲਓ ਤੇ ਆਪਣੇ ਡੇਰੇ ਜਾ ਕੇ ਆਰਾਮ ਕਰੋ। ਐਵੇਂ ਬਿਰਧ ਸਰੀਰ ਨੂੰ ਕਸ਼ਟ ਦੇਣ ਲੱਗੇ ਹੋ।

—ਹਯਾਤ ਖ਼ਾਂ ਤੇਰਾ ਵੀ ਬਹਾਦਰਾਂ ਨਾਲ ਪਾਲਾ ਪਿਆ ਹੋਣਾ ਏ। ਰੁਹਾਡਾ ਤੇ ਕਸਬ ਏ ਨਾ। ਬਰਖੁਰਦਾਰ ਅੱਜ ਇਕ ਸਾਧ ਨਾਲ ਲੜ ਕੇ ਵੇਖ। ਮੰਨਿਆ ਸਾਨੂੰ ਤਲਵਾਰ ਚੁੱਕਣ ਦੀ ਜਾਚ ਨਹੀਂ ਪਰ ਫੇਰ ਵੀ ਸਾਡੀ ਸ਼ਰਧਾ ਤੇ ਵੇਖ।

ਉਮਰ ਭੋਗ ਬੈਠਾ ਏ ਸਾਧ, ਸਵਰਗ ਲੱਭਦਾ ਫਿਰਦੈ। ਕਿਉਂ ਬਾਬਾ ਜੀ, ਸੱਚਖੰਡ ਵਿਚ ਜਾਣਾ ਏ ਜਾਂ ਸਾਡੀ ਜੰਨਤ ਵਿਚ। ਤੁਹਾਡਾ ਗਲ ਵੱਢ ਕੇ ਤਲਵਾਰ ਦੀ ਬਦਨਾਮੀ ਨਹੀਂ ਕਰਨੀ।

ਨਾ ਮੈਨੂੰ ਲੋੜ ਸਵਰਗ ਦੀ ਏ ਤੇ ਨਾ ਜੰਨਤ ਦੀ ਖ਼ਾਹਿਸ਼ ਏ। ਮੈਂ ਤੇ ਅੱਜ ਦੋ ਹੱਥ ਕਰਨ ਆਇਆ ਹਾਂ। ਨਮਕ ਹਰਾਮ, ਦੋਗਲੇ ਪਠਾਣ, ਧੋਖਾ ਤੇ ਉਹ ਵੀ ਗੁਰੂ ਨਾਲ। ਤੇਰਾ ਹੰਕਾਰ ਤੈਨੂੰ ਲੈ ਡੁੱਬੇਗਾ "

—ਬੜਾ ਬਦਜ਼ਬਾਨ ਏ ਬੁੱਢਾ। ਅੜਬ ਮੰਗਤਾ ਜਾਪਦਾ ਏ।

—ਪਹਿਲਾਂ ਵਾਰ ਕਰ ਲੈ ਖ਼ਾਂ, ਮਤਾ ਦਿਲ 'ਚ ਅਰਮਾਨ ਨਾ ਰਹਿ ਜਾਏ।

—ਪਹਿਲਾ ਕੀ ਤੇ ਦੂਜਾ ਕੀ, ਤੂੰ ਵਾਰ ਸਹਾਰਨ ਜੋਗਾ ਈ ਨਹੀਂ। ਮੈਨੂੰ ਤੇ ਸ਼ਰਮ ਆਉਂਦੀ ਏ ਤੇਰੇ ਤੇ ਵਾਰ ਕਰਦਿਆਂ। ਦਗ਼ਾ ਦੇ ਕੇ ਨੱਸਣ ਲੱਗੇ ਸ਼ਰਮ ਨਹੀਂ ਸੀ ਆਈ। ਨਮਕ ਹਰਾਮ, ਪਠਾਣਾਂ ਦੀ ਕੌਮ 'ਤੇ ਤੂੰ ਇਕ ਬਦਨੁਮਾ ਦਾਗ਼ ਏਂ।

—ਬੜਾ ਗੁਸਤਾਖ਼ ਏ ਸਾਧ। ਮੁਫ਼ਤ ਦਾ ਮਾਲ ਖਾ ਕੇ ਹੰਕਾਰਿਆ ਗਿਐ। ਹਯਾਤ ਖ਼ਾਂ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਗੁੱਸੇ 'ਚ ਅੱਗ ਬਬੂਲਾ ਹੋ ਗਿਆ। ਅਨ੍ਹੇਵਾਹ ਵਾਰ ਕੀਤਾ।

ਅਗੋਂ ਕ੍ਰਿਪਾਲ ਦਾਸ ਕਿਹੜਾ ਅਨਾੜੀ ਸੀ। ਮੁਤਹਿਰ ਅੱਗੇ ਕਰ ਦਿੱਤੀ। ਹਯਾਤ ਖ਼ਾਂ ਦੀ ਤਲਵਾਰ ਦੇ ਦੋ ਟੋਟੇ ਹੋ ਗਏ।

ਮੈਦਾਨ ਵਿਚ ਉਦਾਸੀ ਸਾਧ ਗੱਜ ਰਿਹਾ ਸੀ। ਹਯਾਤ ਖ਼ਾਂ ਹੁਣ ਦੱਸ, ਹੋਰ ਵਾਰ ਕਰਨਾ ਈ, ਕਰ ਲੈ। ਸਾਡੀ ਤੀਜੀ ਵਾਰੀ ਸਹੀ।

ਬੁੱਢਾ ਕੋਈ ਕਰਾਮਾਤੀ ਜਾਪਦੈ। ਸਾਧ ਏ, ਜ਼ਮਾਨਾ ਠੱਗ ਕੇ ਖਾਧਾ ਹੋਇਐ, ਹਯਾਤ ਖ਼ਾਂ ਦੇ ਬੋਲ ਉਭਰੇ।

—ਮੈਂ ਮਾਲਾ ਜਪੀ ਏ, ਦੁਨੀਆ ਦੀ ਸੇਵਾ ਕੀਤੀ ਏ, ਖ਼ੈਰ ਮੰਗੀ ਏ ਖ਼ੁਦਾ ਕੋਲੋਂ,, ਤੇਰੇ ਵਾਂਗੂ ਹਰਾਮ ਦਾ ਨਹੀਂ ਖਾਧਾ।

—ਬਾਬਾ ਸ਼ਰਮ ਨੂੰ ਹੱਥ ਮਾਰ, ਤੇਰੀ ਉਮਰ ਏ ਲੜਨ ਵਾਲੀ? ਕਿਸੇ ਮੰਦਰ ਦੇ ਦਰਵਾਜ਼ੇ ਅੱਗੇ ਬੈਠ।

—ਤਲਵਾਰ ਹੱਥ ਵਿਚ ਫੜ, ਸਾਨੂੰ ਵੀ ਵਾਰ ਕਰਨ ਦਾ ਮਜ਼ਾ ਆਵੇਗਾ। ਐਵੇਂ ਨਾ ਲੋਕ ਆਖਣ ਕਿ ਨਿਹੱਥੇ 'ਤੇ ਵਾਰ ਕੀਤਾ ਸੀ ਸਾਧ ਨੇ।

ਦੂਜੇ ਪਠਾਣ ਨੇ ਤਲਵਾਰ ਵਗਾਹ ਕੇ ਸੁੱਟੀ। ਬੜੂੰਚ ਲਈ ਹਯਾਤ ਖ਼ਾਂ ਨੇ।

—ਆਓ ਬਾਬਾ ਜੀ ਤੁਸੀਂ ਵੀ ਵਾਰ ਕਰਕੇ ਵੇਖ ਲਵੋ। ਜੁਠਾਂ ਗਲ ਪੈ ਗਈਆਂ ਨੇ ਭਿਖਾਰੀ, ਮੰਗਤੇ। ਮੰਗਤੇ ਈ ਗੁਰੂ ਕੋਲ ਰਹਿ ਗਏ ਹਨ। ਕਿਸੇ ਸੂਰਮੇ ਨੂੰ ਭੇਜਦੇ ਮਜ਼ਾ ਵੀ ਆਉਂਦਾ ਲੜਨ ਦਾ।

ਲਓ ਸੰਭਾਲੋ ਵਾਰ ਖ਼ਾਂ ਸਾਹਬ, ਚੇਤੰਨ ਹੋ ਜਾਓ। ਇਕ ਵਾਰ ਮੁਤਹਿਰ ਘੁਮਾਈ, ਤਲਵਾਰ ਨਾਲ ਟੱਕਰ ਹੋਈ। ਤਲਵਾਰ ਨੂੰ ਚਿੱਬ ਪੈ ਗਿਆ।

ਮੈਦਾਨ ਵਿਚ ਦੋਵੇਂ ਲੜ ਰਹੇ ਸਨ। ਕ੍ਰਿਪਾਲ ਦਾਸ ਉਦਾਸੀ ਤੇ ਹਯਾਤ ਖ਼ਾਂ। ਬਾਕੀ ਤੇ ਤਮਾਸ਼ਾ ਵੇਖ ਰਹੇ ਸਨ।

ਝਕਾਨੀ ਦਿੱਤੀ ਇਕ ਵਾਰ, ਦੂਜੀ ਵਾਰ, ਤੇ ਤੀਜੀ ਵਾਰ ਮੁਤਹਿਰ ਜੋੜ ਕੇ ਸਿਰ ਤੇ ਮਾਰੀ। ਇਕੋ ਵਾਰ ਈ, ਬਸ ਇਕੋ ਈ ਕਾਫ਼ੀ ਏ। ਹਯਾਤ ਖ਼ਾਂ ਦਾ ਸਿਰ ਦੋ ਫਾੜ ਹੋ ਗਿਆ। ਰੱਤ ਦੀਆਂ ਛਿੱਟਾਂ ਇਉਂ ਉਠੀਆਂ ਮਾਨੋ ਭਗਵਾਨ ਕ੍ਰਿਸ਼ਨ ਨੇ ਮੱਖਣ ਦੀ ਮਟਕੀ ਤੋੜ ਦਿੱਤੀ ਹੋਵੇ।

—ਜੰਨਤ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ, ਖ਼ਾਂ ਸਾਹਬ!

—ਮਾਲਾ ਫੇਰਨ ਵਾਲੇ ਸਾਧ ਦੇ ਹਥੋਂ ਹਯਾਤ ਖ਼ਾਂ ਦਾ ਮਰ ਜਾਣਾ ਹੈਰਾਨੀ ਤੇ ਭੈਅ ਦਾ ਕਾਰਣ ਬਣ ਗਿਆ।

ਅੱਗੇ ਤੇ ਕੋਈ ਵਧਿਆ ਨਾ। ਸਾਰਿਆਂ ਦੇ ਪੈਰ ਪਿੱਛੇ ਵੱਲ ਸਰਕੇ।

ਮੂੰਹ 'ਚ ਉਂਗਲਾਂ ਪਾ ਰਹੇ ਸਨ ਪਹਾੜੀ ਰਾਜੇ।

—ਮਾਲਾ ਫੇਰਨ ਵਾਲਾ ਸਾਧ ਹਯਾਤ ਖ਼ਾਂ ਵਰਗੇ ਸੂਰਮੇ ਦੀ ਮੌਤ ਬਣ ਸਕਦਾ ਏ। ਤੇ ਬਾਕੀ ਸਾਧ ਕੀ ਚੰਨ ਚੜ੍ਹਾਉਣਗੇ। ਭੀਮ ਚੰਦ ਸੋਚ ਰਿਹਾ ਸੀ।

ਉਨਸ, ਮੁਹੱਬਤ, ਸ਼ਰਧਾ ਤੇ ਜਜ਼ਬਾ ਇਹਨਾਂ ਦੀ ਜਿੱਤ ਦੇ ਕਾਰਣ ਹਨ। ਫ਼ਤਹਿ ਸ਼ਾਹ ਪਛਤਾ ਰਿਹਾ ਸੀ। ਕੁੜੀ ਕੀ ਦਿੱਤੀ ਧਰਮ ਗਹਿਣੇ ਪਾ ਲਿਆ।

ਗੁਰੂ ਗੋਬਿੰਦ ਰਾਏ ਬੜੇ ਪ੍ਰਸੰਨ ਹੋਏ ਜਦੋਂ ਉਦਾਸੀ ਸਾਧ ਕ੍ਰਿਪਾਲ ਦਾਸ ਨੇ ਗੁਰਾਂ ਅੱਗੇ ਸਿਰ ਝੁਕਾਇਆ।

ਲਾਜ ਰੱਖ ਲਈ ਏ ਸਾਧਾ ਤੂੰ ਉਦਾਸੀ ਪੰਥ ਦੀ ਦੀ। ਸਤਿਗੁਰਾਂ ਦੇ ਮੁਖਾਰਬਿੰਦ ਤੋਂ ਨਿਕਲੇ ਸਵਰਣ ਸ਼ਬਦ :—

> ਕ੍ਰਿਪਾਲ ਕੋਪੀਯ ਕੁਤਕੇ ਸੰਭਾਰੀ. ਹਠੀ ਖ਼ਾਨ ਹਯਾਤ ਕੇ ਸੀਸ ਝਾਰੀ।
> ਉਠੀ ਛਿੱਛ ਇੱਛ ਕਢਾ ਮਝ ਜੋਰੰ, ਮਨੋ ਮਾਖਨੰ ਮਟਕੀ ਕਾਨ੍ਹ ਫੋਰੀ।

ਪਠਾਣਾਂ ਦੇ ਪੈਰ ਫਿਰ ਸਰਕੇ, ਹੌਸਲੇ ਪਸਤ ਹੋ ਗਏ ਪਠਾਣਾਂ ਦੇ। ਪਹਾੜੀ ਰਾਜੇ ਨਦੀ ਟੱਪ ਜਾਣਾ ਚਾਹੁੰਦੇ ਸਨ। ਭੀਮ ਚੰਦ ਆਖ ਰਿਹਾ ਸੀ, ਨੱਥਾਂ ਘੜਵਾ ਲਵੋ, ਰਾਂਗਲੇ ਪੀੜ੍ਹੇ ਮੈਂ ਭੇਜ ਦਿੰਦਾ ਹਾਂ। ਸਾਧਾਂ ਨੇ ਤਾਂ ਧੂੜ ਚਟਾ ਦਿੱਤੀ ਏ। ਰਾਜੇ ਬਣੀ ਫਿਰਦੇ ਓ। ਬਗਲੀ ਪਾ ਲਵੋ ਤੇ ਮੰਗੋ ਦਵਾਰ ਦਵਾਰ।

—ਤੁਹਾਡੀ ਅਣਖ ਨੂੰ ਉੱਲੀ ਲੱਗ ਗਈ ਏ। ਤੁਸੀਂ ਨਿਕੰਮੇ ਹੋ ਗਏ ਓ। ਜਾਗ੍ਰਿਤ ਹੋਵੋ, ਜ਼ਮਾਨਾ ਖ਼ਰਾਬ ਏ। ਗੁਰੂ ਆਖਦਾ ਸੀ। ਅਸਾਂ ਗੁਰੂ ਦੀ ਗੱਲ ਨਹੀਂ ਸੁਣੀ। ਭੀਮ ਚੰਦ ਨੇ ਸ਼ਰਮ ਨਾਲ ਸਿਰ ਝੁਕਾ ਲਿਆ। ★

ਗੜ੍ਹਵਾਲ ਦਾ ਰਾਜਾ ਫ਼ਤਹਿ ਸ਼ਾਹ ਮਨ ਹੀ ਮਨ ਵਿਚ ਸੋਚ ਰਿਹਾ ਸੀ, ਬਿਨਾਂ ਸੋਚਿਆਂ ਸਮਝਿਆਂ ਐਵੇਂ ਵਿਗਾੜ ਪਾ ਲਿਆ। ਧੀ ਵਿਆਹੀ ਸੀ, ਕੋਈ ਗੁਨਾਹ ਨਹੀਂ ਸੀ ਕੀਤਾ। ਸਾਰੇ ਧੀਆਂ ਵਿਆਹੁੰਦੇ ਹਨ। ਧੀ ਕਿਸੇ ਕੋਈ ਘਰ ਥੋੜ੍ਹਾ ਰੱਖਣੀ ਏ। ਮੈਂ ਡੋਲਾ ਛੱਡ ਜਾਵਾਂਗਾ। ਬਸ ਇੰਨੀ ਧਮਕੀ ਸੀ ਕੁੜਮ ਦੀ। ਮੈਂ ਡਰ ਗਿਆ। ਕਦੀ ਕੋਈ ਡੋਲਾ ਵੀ ਛੱਡ ਕੇ ਗਿਆ ਏ। ਕਿੱਥੇ ਜਾਣਾ ਸੂ। ਬਾਕੀ ਬਰਾਦਰੀ ਮਰ ਥੋੜ੍ਹੀ ਗਈ ਏ। ਵਿਟਕਾਂ ਨਾਂ ਪਾਉਂਦੀ। ਉਹ ਸਾਡੀ ਧੀ ਬੂਹੇ ਬਿਠਾ ਜਾਂਦਾ ਤੇ ਉਹਦੀ ਧੀ ਨੂੰ ਵੀ ਕੋਈ ਛੱਡਣ ਦੀ ਹਿੰਮਤ ਕਰ ਲੈਂਦਾ। ਧੀਆਂ ਦਾ ਰਿਸ਼ਤਾ ਵੀ ਅਜੀਬ ਏ। ਮੇਰੀ ਧੀ ਕਿਸੇ ਦੇ ਘਰ ਤੇ ਕਿਸੇ ਦੀ ਧੀ ਮੇਰੇ ਘਰ। ਡੋਲੀ 'ਚ ਬੈਠੀ ਧੀ ਸਹੁਰਿਆਂ ਦੀ ਇੱਜ਼ਤ।

—ਐਵੇਂ ਦਾਬੇ ਵਿਚ ਆ ਗਿਆ ਤੇ ਨਾਲ ਤੁਰ ਪਿਆ। ਆਪਣੇ ਸਿਰ ਵੀ ਸੁਆਹ ਪਵਾ ਲਈ ਤੇ ਸਾਰਿਆਂ ਦੇ ਸਿਰ ਵੀ ਥੁੱਕ ਘੱਟਾ ਪਵਾ ਦਿੱਤਾ ਸੂ। ਮਗਰੋਂ ਉਹੋ ਈ ਫੱਤ ਫੱਤ। ਸਾਧਾਂ, ਫ਼ਕੀਰਾਂ ਤੇ ਸੇਵਕਾਂ ਜਿਨ੍ਹਾਂ ਨੇ ਕਦੇ ਤਲਵਾਰ ਦਾ ਮੂੰਹ ਵੀ ਨਹੀਂ ਸੀ ਵੇਖਿਆ, ਉਨ੍ਹਾਂ ਨੂੰ ਪੁੱਠੀ ਸਿੱਧੀ ਤਲਵਾਰ ਦਾ ਵੀ ਪਤਾ ਨਹੀਂ, ਉਹਨਾਂ ਨੇ ਐਸੇ ਬੂਥਾੜ ਭੰਨੇ ਕਿ ਨਾਨੀ ਚੇਤੇ ਆ ਗਈ। ਮੈਦਾਨ ਛੱਡਣਾ ਵੀ ਇਕ ਮੁਸੀਬਤ ਬਣ ਗਿਐ।

—ਜਿੱਤ ਗੁਰੂਆਂ ਦੀ ਹੋਣੀ ਸੀ। ਉਹਨਾਂ ਦੇ ਪਿੱਛੇ ਬਖ਼ਸ਼ਿਸ਼ਾਂ, ਰਹਿਮਤਾਂ, ਅਸੀਸਾਂ ਹਨ ਸਾਰੀ ਭਗਤੀ ਦੀ ਤਾਕਤ ਗੁਰੂ ਦੀ ਗੱਦੀ ਵਿਚ ਲੁਕੀ ਹੋਈ ਏ। ਉਹਨਾਂ ਦੇ ਸੇਵਕ, ਮੁਹੱਬਤ, ਪਿਆਰ, ਸ਼ਰਧਾ ਤੇ ਜਜ਼ਬੇ ਨਾਲ ਲੜਨ ਆਏ ਹਨ। ਤਲਵਾਰ ਪੁੱਠੀ-ਸਿੱਧੀ ਫੜਨ ਨਾਲ ਕਈ ਯੋਧੇ ਮੌਤ ਦੇ ਘਾਟ ਉਤਾਰ ਦਿੱਤੇ। ਉਹ ਫਿਰ ਸਾਧ ਦੇ ਸਾਧ। ਸਾਡੀ ਬਹਾਦਰੀ, ਸਾਡਾ ਤਜਰਬਾ ਕਿੱਥੇ ਗਿਆ। ਉਹਨਾਂ ਕੋਲ ਇਲਾਹੀ ਸ਼ਕਤੀ ਏ, ਕੁਦਰਤੀ ਨੂਰ ਏ, ਬਖ਼ਸ਼ਿਸ਼ ਏ, ਜਿੱਤ ਹਾਰ ਉਹਨਾਂ ਦੇ ਹੱਥ ਵਿਚ ਏ। ਸੁਲਾਹ ਨਾਲ ਅਸੀਂ ਸਾਰੇ ਪਹਾੜ ਵਾਲੇ ਸੁਖੀ ਰਹਿ ਸਕਦੇ ਹਾਂ। ਸਾਰੀ ਤਾਕਤ ਇਕੱਠੀ ਹੋ ਜਾਏ, ਇਕ ਝੰਡੇ ਥੱਲੇ ਆ ਜਾਏ ਪਹਾੜ ਤੇ ਮੁਗ਼ਲ ਸਾਥੋਂ ਡਰੇਗਾ। ਰੱਬ ਵੀ ਖ਼ੌਫ਼ ਖਾਏਗਾ ਸਾਡੇ ਬੂਹੇ ਅੱਗੋਂ ਲੰਘਦਿਆਂ। ਪਰ ਅਸਾਂ ਕੁੜਮ ਦੇ ਮਗਰ ਲੱਗ ਕੇ ਕੀ ਲਿਐ। ਲਾਅਨ੍ਹਤ, ਬਦਨਾਮੀ। ਸਾਨੂੰ ਹੁਣ ਵੀ ਗੁਰੂ ਦੀ ਸ਼ਰਨ ਵਿਚ ਚਲੇ ਜਾਣਾ ਚਾਹੀਦੇ।

ਭੀਮ ਚੰਦ ਇਕ ਰੱਸੀ ਸੀ ਜਿਹੜੀ ਸੜ ਗਈ ਪਰ ਵੱਟ ਨਹੀਂ ਗਿਆ। ਭੀਮ ਚੰਦ ਘਰ ਫੂਕ ਤਮਾਸ਼ਾ ਵੇਖਣਾ ਚਾਹੁੰਦਾ ਸੀ। ਸਾਰੇ ਰਾਜੇ ਇਕ ਰੱਸੀ ਵਿਚ ਬੱਝੇ ਹੋਏ ਸਨ। ਜੰਗ ਛੱਡ ਕੇ ਕੋਈ ਨਹੀਂ ਸੀ ਜਾ ਸਕਦਾ।

—ਗੁਰੂ ਨੂੰ ਕੈਦੀ ਬਣਾ ਕੇ ਜਾਣਾ ਏ। ਭਾਵੇਂ ਸਭ ਕੁਝ ਲੁੱਟ ਜਾਏ, ਭੀਮ ਚੰਦ ਨੇ ਆਵਾਜ਼ ਕੱਢੀ।

—ਏਸ ਹਯਾਤੀ ਵਿਚ ਤੇ ਕੀ ਦੂਜੇ ਜਨਮ ਵਿਚ ਵੀ ਸੋਚਿਆ ਨਹੀਂ ਜਾ ਸਕਦਾ।

—ਸਾਨੂੰ ਸ਼ਰਨ ਲੈ ਲੈਣੀ ਚਾਹੀਦੀ ਏ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਦਿਨ ਦਾ ਭੁੱਲਿਆ ਰਾਤੀਂ ਘਰ ਆ ਜਾਏ ਤਾਂ ਉਹਨੂੰ ਭੁੱਲਿਆ ਨਹੀਂ ਕਹਿੰਦੇ, ਇਕ ਪਹਾੜੀ ਰਾਜੇ ਦੇ ਖ਼ਿਆਲ ਸਨ।

—ਹੁਣ ਜਿਹੜੇ ਭਾ-ਪਊ ਕੱਟਣੀ ਪੈਣੀ ਏ। ਫਸੀ ਨੂੰ ਫੜਕਣ ਕਾਹਦਾ। ਹੁਣ ਤੇ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਏ। ਜੇ ਖਾਵੇ ਤੇ ਕੋਹੜ ਹੋਵੇ ਜੇ ਛੱਡੇ ਤੇ ਲਾਜ ਲੱਗੇ। ਜਾਂ ਜੁੱਤੀ ਪਾ ਕੇ ਨੱਸ ਚਲੀਏ ਜਾਂ ਫੇਰ ਜੂਝ ਕੇ ਮਰੀਏ। ਪਹਾੜੀ ਰਾਜੇ ਇਸ ਤਰ੍ਹਾਂ ਸੋਚ ਰਹੇ ਸਨ।

ਮੋਰਚੇ ਮਜ਼ਬੂਤ ਸਨ, ਨਾਕਾਬੰਦੀ ਪੂਰੀ ਸੀ। ਪਹਾੜੀ ਰਾਜੇ ਸ਼ੇਰ ਦੀ ਜੂਹ ਵਿਚ ਆਣ ਫਸੇ ਸਨ। ਹੁਣ ਪ੍ਰਮਾਤਮਾ ਈ ਕੱਢੇ।

ਭੀਮ ਚੰਦ ਦੀ ਅਜੇ ਆਕੜ ਨਹੀਂ ਸੀ ਭੱਜੀ। ਉਹ ਲੱਹੇ ਦੀ ਲੱਠ ਬਣਿਆ ਹੋਇਆ ਸੀ।

—ਰਾਜਾ ਜੀ ਵਕਤ ਦੀ ਨਜ਼ਾਕਤ ਨੂੰ ਸਮਝਿਆ ਕਰੋ। ਜਿੱਤ ਤੁਹਾਡੇ ਕਰਮਾਂ ਵਿਚ ਨਹੀਂ ਲਿਖੀ ਹੋਈ। ਬੰਦੇ ਜਿੰਨੇ ਮਰਵਾਉਣੇ ਹਨ ਮਰਵਾ ਲਵੋ। ਜੰਗਾਂ ਛੱਡ ਕੇ ਘਰ ਜਾ ਕੇ ਜਸ਼ਨ ਮਨਾਓ। ਮੁੰਡਾ ਵਿਆਹਿਆ ਏ, ਖ਼ੁਸ਼ੀਆ ਦੇ ਦਿਨ ਹਨ। ਕਿਉਂ ਮੌਤ ਦੀ ਬੀਨ ਸੁਣ ਰਹੇ ਓ। ਸਲਾਹ ਦਿੱਤੀ ਭੀਮ ਚੰਦ ਦੇ ਇਕ ਸਾਥੀ ਨੇ।

—ਗੁਰੂ ਨੂੰ ਬੰਦੀ ਬਣਾਓ ਤੇ ਫੇਰ ਚੱਲਾਂਗੇ ਇਕੱਠੇ।

—ਲੜਾਈ ਬੰਦ ਨਹੀਂ ਕੀਤੀ ਜਾ ਸਕਦੀ, ਭਗੌੜੇ ਬਣ ਕੇ ਨੱਸਣਾ ਮਰਦਾਨਗੀ ਨਹੀਂ। ਮੈਂ ਤੇ ਜਿੱਤ ਕੇ ਜਾਣਾ ਏ। ਹਾਰ ਦੀ ਲਾਅਣਤ ਮੈਥੋਂ ਝੱਲੀ ਨਹੀਂ ਜਾਣੀ। ਮੇਰੀ ਅਰਥੀ ਚੱਕ ਕੇ ਲੈ ਜਾਇਓ। ਮੈਂ ਤੇ ਹੁਣ ਮੈਦਾਨ ਵਿਚ ਡੇਰਾ ਲਾ ਲਿਆ ਏ, ਮੋਰਚੇ ਬਣਾ ਲਏ ਹਨ। ਮੈਂ ਜਿੱਤਾਂਗਾ ਜਾਂ ਮੈਂ ਮਰਾਂਗਾ। ਭੀਮ ਚੰਦ ਨੂੰ ਕੌਣ ਸਮਝਾਏ।

—ਆਪ ਤੇ ਮਰਿਓਂ ਬਾਹਮਣਾਂ ਨਾਲ ਜਜਮਾਨ ਵੀ ਗਾਲੇ ਵਾਲੀ ਗੱਲ ਏ।

—ਫ਼ਤਿਹ ਸ਼ਾਹ ਨੇ ਆਖਰ ਹਾਰ ਕੇ ਆਖ ਦਿੱਤਾ, "ਰਾਜਾ ਜੀ ਤੁਹਾਡੇ ਨਾਲ ਮਰਾਂਗੇ। ਅਰਥੀਆਂ ਇਕੱਠੀਆਂ ਚੁੱਕੀਆਂ ਜਾਣਗੀਆਂ।"

ਸਾਧਾਂ ਦਾ ਡੇਰਾ, ਮਾਲਾ ਜਪਣ ਵਾਲਿਆਂ ਦੀ ਮੰਡਲੀ, ਫ਼ਕੀਰਾਂ ਦਾ ਟੋਲਾ, ਸਾਨੂੰ ਹਾਰ ਦਾਂ ਮੂੰਹ ਵਿਖਾ ਰਿਹਾ ਏ। ਇਹ ਸਾਡੀ ਮੌਤ ਏ।

ਇਕ ਨੰਗ-ਧੜੰਗ ਸਾਧ ਨੇ ਹਯਾਤ ਖ਼ਾਂ ਦੀ ਮਿੱਝ ਕੱਢ ਦਿੱਤੀ, ਆਖਣ ਵਾਲਾ ਇਹ ਵੀ ਇਕ ਰਾਜਾ ਸੀ।

—ਅਜੇ ਤੇ ਸਾਧਾਂ ਦੇ ਹੱਥ ਈ ਵੇਖੇ ਹਨ ਗੁਰਾਂ ਦਾ ਜਲਾਲ ਨਹੀਂ ਵੇਖਿਆ। ਬਾਈ ਧਾਰਾਂ ਦੇ ਰਾਜਿਆਂ ਨੇ ਇਹ ਗੱਲ ਆਖੀ।

—ਗੁਰੂ ਕੋਈ ਖ਼ੁਦਾ ਨਹੀਂ, ਜਦੋਂ ਉਹ ਸਾਹਮਣੇ ਆਊ ਉਹ ਵੀ ਵੇਖਿਆ ਜਾਊ।

—ਖ਼ੁਦਾ ਤੋਂ ਘੱਟ ਵੀ ਨਹੀਂ। ਗੁਰੂ ਨਾਨਕ ਦੀ ਗੱਦੀ ਦਾ ਵਾਰਿਸ ਏ। ਸਾਰਾ ਪੰਜਾਬ ਝੁਕਦਾ ਏ ਉਹਦੀ ਸਰਦਲ ਤੇ।

ਭੰਗਾਣੀ ਦੀ ਜੰਗ ਹੁਣ ਲੜ ਕੇ ਈ ਜਾਣੈ। ਭਾਵੇਂ ਘਿਓ ਦਾ ਘੜਾ ਈ ਕਿਉਂ ਨਾ ਰੁੜ੍ਹ ਜਾਏ।

—ਭੀਮ ਚੰਦ ਨੇ ਕੜਕ ਕੇ ਆਖਿਆ, "ਨਿਕਲੋ ਮੈਦਾਨ ਵਿਚ, ਪਠਾਣ ਦੇ ਪੁੱਤ ਪੋਤਰਿਓ, ਅਸੀਂ ਤੁਹਾਡੇ ਨਾਲ ਹਾਂ।"

ਨਜਾਬਤ ਖ਼ਾਂ ਦਾ ਦਸਤਾ ਖੜਾ ਸੀ । ਮੈਂ ਜਿੱਤ ਕੇ ਦਸਦਾ ਹਾਂ । ਮੈਂ ਫੜ ਕੇ ਲਿਆਉਂਦਾ ਹਾਂ ਇਸ ਸਾਧ ਨੂੰ । ਘੋੜੇ ਦੇ ਕਦਮ ਹਿੱਲੇ, ਹਿਣਕਿਆਂ ਤੇ ਲਗਾਮਾਂ ਦੀ ਖਿੱਚ ਪਈ ਅਤੇ ਘੋੜੇ 'ਚ ਜੋਸ਼ ਆ ਗਿਆ । ਉਸ ਆਪਣੇ ਦਸਤੇ ਨੂੰ ਅੱਗੇ ਕਰ ਕੇ ਉਹਦਾ ਰਾਹ ਰੋਕ ਲਿਆ ।

ਚੰਗੀ ਟੱਕਰ ਹੋਈ, ਲੋਹੇ ਨਾਲ ਲੋਹਾ ਖੜਕਿਆ । ਜੀਅ ਭਰ ਕੇ ਤਲਵਾਰ ਵਾਹੀ ਦੋਹਾਂ ਧਿਰਾਂ ਨੇ । ਖ਼ੂਨ ਦੇ ਫ਼ਵਾਰੇ ਫੁੱਟੇ ਪਰ ਕ੍ਰਿਪਾਲ ਦਾਸ ਦਾ ਵਾਲ ਵਿੰਗਾ ਨ ਹੋਇਆ । ਨਜਾਬਤ ਖ਼ਾਂ ਤੇ ਦੀਵਾਨ ਨੰਦ ਚੰਦ ਈ ਜੂਝਦੇ ਰਹੇ ।

ਰੱਬ ਦੇ ਪਿਆਰੇ ਤੇ ਖ਼ੁਦਾ ਦੇ ਬੰਦੇ ਕਈ ਸਵਰਗ ਦੀ ਪੌੜੀ ਚੜ੍ਹ ਗਏ ।

ਮੁਕਾਬਲਾ ਆਹਮੋ-ਸਾਹਮਣੇ ਹੋਇਆ । ਰਾਜਾ ਹਰੀ ਚੰਦ ਬਦਕਿਸਮਤੀ ਨੂੰ ਏਸ ਘੇਰੇ 'ਚ ਫਸ ਗਿਆ ਤੇ ਉਹਨੂੰ ਜੀਤ ਮੱਲ ਨੇ ਘੇਰਾ ਪਾ ਲਿਆ ।

ਦੋਵਾਂ ਨੇ ਇਕ ਦੂਜੇ ਉਤੇ ਤੀਰਾਂ ਦੀ ਝੜੀ ਲਾ ਦਿੱਤੀ । ਗੁੱਸੇ ਵਿਚ ਦੋਵੇਂ ਹੀ ਸਨ । ਉਹ ਆਪਣੇ ਆਪ ਨੂੰ ਭੁੱਲ ਗਏ ।

ਆਹਮੋ-ਸਾਹਮਣੇ ਤੀਰ ਚੱਲੇ । ਕਿਸੇ ਨੂੰ ਪਤਾ ਨਹੀਂ ਸੀ ਕਿ ਤੀਰ ਕਿੱਥੇ ਜਾ ਰਿਹਾ ਸੀ ।

ਜੀਤ ਮੱਲ ਦਾ ਤੀਰ ਰਾਜੇ ਹਰੀ ਚੰਦ ਦੀ ਹਿੱਕ ਵਿਚ ਜਾ ਖੁੱਭਿਆ ਤੇ ਹਰੀ ਚੰਦ ਦਾ ਤੀਰ ਜੀਤ ਮੱਲ ਨੂੰ ਲੈ ਡੁੱਬਾ ।

ਹਰੀ ਚੰਦ ਬੇਹੋਸ਼ ਹੋ ਗਿਆ ਤੇ ਮੂਧੜੇ ਮੂੰਹ ਜ਼ਮੀਨ ਤੇ ਜਾ ਡਿੱਗਾ । ਜੀਤ ਮੱਲ ਸ਼ਹੀਦੀ ਪਾ ਗਿਆ ਸੀ ।

ਦੋਵੇਂ ਸੂਰਮੇ ਜੋਸ਼ ਵਿਚ ਹੀ ਮਾਰੇ ਗਏ ।

ਰਣਜੀਤ ਨਗਾਰਾ ਵੱਜ ਰਿਹਾ ਸੀ । ਤਲਵਾਰਾਂ ਵਿਚ ਅਜੇ ਵੀ ਜੋਸ਼ ਬਾਕੀ ਸੀ, ਤੀਰਾਂ ਦੀ ਬਰਖਾ ਹੋ ਰਹੀ ਸੀ ।

ਤੀਰਾਂ ਦੀ ਬਰਖਾ ਵਿਚ ਹੀ ਪਹਾੜੀਏ ਬੇਹੋਸ਼ ਹਰੀ ਚੰਦ ਨੂੰ ਚੁੱਕ ਕੇ ਲੈ ਗਏ । ਲੋਥ ਜੀਤ ਮੱਲ ਦੀ ਵੀ ਚੁੱਕੀ ਗਈ ।

ਇਕ ਨੇ ਮੌਤ ਨਾਲ ਲਾਵਾਂ ਲੈ ਲਈਆਂ ਤੇ ਦੂਜਾ ਸਹਿਕਦਾ ਚੁੱਕ ਕੇ ਲੈ ਨੱਸੇ ਪਹਾੜੀਏ ।

ਜੰਗ ਅਜੇ ਖ਼ਤਮ ਨਹੀਂ ਸੀ ਹੋਈ । ਨਜਾਬਤ ਖ਼ਾਂ ਆਪਣੀ ਤਲਵਾਰ ਦੇ ਜੌਹਰ ਵਿਖਾ ਰਿਹਾ ਸੀ । ਨੰਦ ਚੰਦ ਦੀਵਾਨ ਨੇ ਨਜਾਬਤ ਖ਼ਾਂ ਦੀ ਫਟਕੜੀ ਫੁੱਲ ਕਰ ਦਿੱਤੀ ।

★

ਸ਼ਾਹ ਸੰਗਰਾਮ ੧੧੯

ਭਰਾ ਨੂੰ ਸ਼ਹੀਦ ਹੁੰਦਾ ਵੇਖ ਕੇ ਸੰਗੋ ਸ਼ਾਹ ਲਲਕਾਰੇ ਮਾਰਦਾ ਅੱਗੇ ਵਧਿਆ । ਹਰੀ ਚੰਦ ਹੰਢੂਰੀਆ ਅਜੇ ਸਾਹ ਲੈ ਰਿਹਾ ਸੀ ਪਰ ਪਹਾੜੀਏ ਸਹਿਕਦੇ ਰਾਜੇ ਦੀ ਲੋਥ ਚੁੱਕ ਕੇ ਲੈ ਗਏ ਸਨ । ਜੀਤ ਮੱਲ ਦੀ ਲਾਸ਼ ਸੰਭਾਲੀ ਗਈ ਸੀ । ਮੈਦਾਨ ਖ਼ਾਲੀ ਸੀ ।

ਇਕ ਪਾਸੇ ਸੰਗੋ ਸ਼ਾਹ ਦੇ ਮੁਕਾਬਲੇ ਤੇ ਨਜਾਬਤ ਖ਼ਾਂ ਪਠਾਣਾਂ ਦਾ ਆਗੂ। ਝੜਕਾਂ ਨਜਾਬਤ ਖ਼ਾਂ ਵੀ ਬੜੀਆਂ ਮਾਰਦਾ ਸੀ ਤੇ ਘੱਟ ਸੰਗੋ ਸ਼ਾਹ ਵੀ ਨਹੀਂ ਸੀ ਕਰ ਰਿਹਾ।

—ਕਿੱਧਰ ਚੱਲੀ ਏ ਸਵਾਰੀ। ਸ਼ਗਨ ਲੈ ਕੇ ਚੜ੍ਹਨਾ ਘੋੜੀ ਤੇ, ਨਜਾਬਤ ਖ਼ਾਂ ਨੇ ਅਵਾਜ਼ਾ ਕੱਸਿਆ।

—ਨਜਾਬਤ ਖ਼ਾਂ ਸਾਹਮਣੇ ਤੇ ਆ। ਤੇਰੀ ਤਲਵਾਰ ਦੀ ਬੜੀ ਧਾਂਕ ਸੁਣੀ ਏ। ਆ ਅੱਜ ਅਸੀਂ ਵੀ ਤੇਰੀ ਤਲਵਾਰ ਦੀ ਧਾਰ ਪਰਖ ਕੇ ਵੇਖੀਏ।

—ਇਕ ਤੇ ਸਵਰਗ ਲੋਕ ਨੂੰ ਚਲਿਆ ਗਿਆ, ਕੀ ਤੇਰਾ ਵੀ ਜੀਅ ਕਰਦੈ ਭਰਾ ਦੇ ਮਗਰ ਜਾਣ ਨੂੰ ?

—ਜਿੱਤ ਤੇ ਹਾਰ ਓਸ ਭਗਵਾਨ ਦੇ ਹੱਥ ਏ। ਬੰਦੇ ਨੂੰ ਤਕੱਬਰ ਨਹੀਂ ਕਰਨਾ ਚਾਹੀਦਾ।

ਟੱਕਰ ਬਰਾਬਰ ਦੀ ਸੀ। ਜੋੜ ਇਕੋ ਜਿਹਾ ਸੀ। ਤਲਵਾਰ-ਤਲਵਾਰ 'ਤੇ ਵੱਜੀ, ਵਿਚੋਂ ਅੱਗ ਨਿਕਲੀ।

ਪਹਿਲਾਂ ਤੀਰਾਂ ਨਾਲ ਇਕ ਦੂਜੇ ਨੇ ਸਵਾਗਤ ਕੀਤਾ ਤੇ ਫੇਰ ਵਾਰੀ ਆਈ ਨੇਜ਼ਿਆਂ ਦੀ।

ਦੋ ਪਹਿਲਵਾਨ ਅਖਾੜੇ ਵਿਚ ਸਨ। ਦੋਵਾਂ ਨੇ ਆਪਣੇ ਸਾਰੇ ਦਾਅ ਪੇਚ ਵਰਤ ਕੇ ਵੇਖ ਲਏ।

ਨਜਾਬਤ ਖ਼ਾਂ ਤਜਰਬਾਕਾਰ ਸੀ ਤੇ ਅਨਾੜੀ ਸੰਗੋ ਸ਼ਾਹ ਵੀ ਨਹੀਂ ਸੀ। ਸਿਰਫ਼ ਨਜਾਬਤ ਖ਼ਾਂ ਜੰਗੀ ਵਰਦੀ ਪਾ ਕੇ ਲੜ ਰਿਹਾ ਸੀ ਤੇ ਸੰਗੋ ਸ਼ਾਹ ਸਾਧ ਦੇ ਰੂਪ ਵਿਚ ਸੀ।

ਗਰਮੀ ਕੜਾਕੇ ਦੀ ਸੀ। ਪਸੀਨਾ ਛੁੱਟ ਰਿਹਾ ਸੀ। ਨੇਜ਼ੇ ਢਾਲਾਂ ਤੇ ਰੋਕੇ ਜਾਂਦੇ। ਦੋਵੇਂ ਗੱਭਰੂ ਬੇਸੁਧ ਹੋ ਚੁੱਕੇ ਸਨ। ਨੇਜ਼ੇ ਦੀ ਨੋਕ ਤੇ ਈ ਨਜ਼ਰ ਸੀ। ਬਾਕੀ ਕੁਝ ਨਹੀਂ ਸੀ ਦਿਸਦਾ। ਦੋਵਾਂ ਨੇ ਵਾਰ ਨੇਜ਼ਿਆਂ ਨਾਲ ਕੀਤਾ। ਇਕ ਨੇਜ਼ਾ ਨਜਾਬਤ ਖ਼ਾਂ ਦੀ ਹਿੱਕ ਵਿਚ ਜਾ ਵੱਜਾ। ਤੇ ਨਜਾਬਤ ਖ਼ਾਂ ਨੇ ਸੰਗੋ ਸ਼ਾਹ ਦੀ ਹਿੱਕ ਪਾੜ ਸੁੱਟੀ। ਨੇਜ਼ੇ ਆਪਣੇ ਕੰਮ ਕਰ ਚੁੱਕੇ ਸਨ। ਲਲਕਾਰਿਆਂ ਦੀ ਜ਼ੁਬਾਨ ਬੰਦ ਹੋ ਚੁਕੀ ਸੀ।

ਨਜਾਬਤ ਖ਼ਾਂ ਇਕ ਬਹਾਦਰ ਪਠਾਣ ਦੇ ਸਾਹਮਣੇ ਸੰਗੋ ਸ਼ਾਹ ਸਾਧ, ਮਾਲਾ ਫੇਰਨ ਵਾਲਾ, ਪਠਾਣ ਵਾਹ-ਵਾਹ ਕਰ ਰਹੇ ਸਨ ਸੰਗੋ ਸ਼ਾਹ ਦੀ ਬਹਾਦਰੀ ਤੇ।

ਦੋਵੇਂ ਸ਼ਹੀਦੀਆਂ ਪਾ ਗਏ। ਪਠਾਣਾਂ ਦੇ ਹੌਸਲੇ ਟੁੱਟ ਗਏ ਸਨ। ਰਾਹ ਕੋਈ ਨਹੀਂ ਸੀ ਦਿੱਸਦਾ ਨਹੀਂ ਤੇ ਨੌਂ ਦੋ ਗਿਆਰਾਂ ਹੋ ਜਾਂਦੇ। ਪਠਾਣ ਸ਼ਿਕੰਜੇ ਵਿਚ ਫਸੇ ਹੋਏ ਸਨ। ਪਹਾੜੀ ਰਾਜਿਆਂ ਨੇ ਆਪਣੇ ਘੇਰੇ ਵਿਚ ਲੈ ਲਏ ਸਨ ਪਠਾਣ। ਲੜੋ ਜਾਂ ਮਰੋ। ਕੋਈ ਨੱਸ ਕੇ ਨਹੀਂ ਜਾ ਸਕਦਾ। ਇਹ ਰਣਭੂਮੀ ਏ ਮੁੰਡੇ ਦਾ ਵਿਆਹ ਨਹੀਂ ਏ।

ਭਾਈ ਧੰਨ ਏਂ ਸੰਗੋ ਸ਼ਾਹ। ਤੇਰੇ ਨੇਜ਼ੇ ਤੋਂ ਵਾਰੇ ਵਾਰੇ ਜਾਈਏ। ਧੰਨ ਏਂ ਤੂੰ ਤੇ ਧੰਨ ਏ ਤੇਰੀ ਜਨਮਦਾਤੀ। ਇਕ ਪਠਾਣ ਆਖ ਰਿਹਾ ਸੀ :

— ਓਏ ਕਾਫ਼ਰਾ, ਕਾਫ਼ਰਾਂ ਦੀ ਤਾਰੀਫ਼ ਕਰ ਰਿਹੈਂ।

—ਅੱਖੀਂ ਵੇਖੀ ਤੇ ਸਾਹਮਣੇ ਵਾਪਰੀ, ਨੇਜ਼ੇ ਦਾ ਹੁਨਰ ਵੀ ਵੇਖਿਆ ਤੇ ਬਹਾਦਰੀ ਦੀ ਸਿਖਰ

ਵੀ ਤੱਕੀ। ਨਜਾਬਤ ਖ਼ਾਂ ਤੇ ਜੰਗ ਦਾ ਬੰਦਾ ਏ। ਉਹਦੀ ਸਿਫ਼ਤ ਕਾਹਦੀ। ਗੱਲ ਤੇ ਸੰਗੋ ਸ਼ਾਹ ਦੀ ਏ ਜਿਹਨੇ ਨੇਜ਼ਾ ਪਹਿਲੀ ਵਾਰ ਫੜਿਆ ਏ ਤੇ ਦੰਦ ਖੱਟੇ ਕਰ ਦਿੱਤੇ ਜ਼ਾਬਰ ਪਠਾਣ ਦੇ। ਮੈਂ ਤੇ ਸੱਚੀ ਗੱਲ ਕਰਦਾ ਹਾਂ। ਮੈਥੋਂ ਝੂਠ ਨਹੀਂ ਬੋਲਿਆ ਜਾਂਦਾ।

ਗੁਰੂ ਗੋਬਿੰਦ ਰਾਏ ਟਿੱਬੇ ਤੋਂ ਦੀ ਵੇਖ ਰਹੇ ਸਨ। ਅਸ਼-ਅਸ਼ ਕਰ ਉਠੇ ਤੇ ਉਚਾਰਣ ਕੀਤਾ :—

ਮਾਰਿ ਨਜਾਬਤ ਖ਼ਾਂ ਨੂੰ ਸੰਗੋ ਸ਼ਾਹ ਜੁਝਾਰ।
ਹਾ ਹਾ ਹਾ ਇਹ ਜਗ ਭਇਓ ਸੁਰਗ ਲੋਕ ਜੈਕਾਰ।

ਸਤਿਗੁਰਾਂ ਨੇ ਸੰਗੋ ਸ਼ਾਹ ਨੂੰ ਸ਼ਾਹ ਸੰਗਰਾਮ ਦੇ ਨਾਂ ਨਾਲ ਸਤਿਕਾਰਿਆ। ਪਦਵੀ ਬਖ਼ਸ਼ੀ, ਅਮਰ ਹੋ ਗਿਆ ਸੰਗੋ ਸ਼ਾਹ, ਗੁਰੂ 'ਤੇ ਕੁਰਬਾਨ ਹੋ ਕੇ ਗੁਰੂ ਵਾਲਾ ਬਣ ਗਿਆ।

*

ਮਾਹੀ ਤੇ ਹਲਵਾਈ ੧੨੦

ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾ ਰੰਗ ਬਦਲਦਾ ਏ। ਜਦ ਉਹਨਾਂ ਕ੍ਰਿਪਾਲ ਦਾਸ ਨੂੰ ਲੜਦਿਆਂ ਵੇਖਿਆ ਤਾਂ ਉਹਨਾਂ ਦੇ ਜੋਸ਼ ਨੇ ਉਬਾਲੇ ਖਾਧੇ।

ਮਾਹੀ ਨੇ ਸੋਚਿਆ ਕਿ ਜੇ ਉਦਾਸੀ ਸਾਧ ਕ੍ਰਿਪਾਲ ਦਾਸ ਲੜ ਸਕਦੈ ਜਿਹਨੇ ਹਮੇਸ਼ਾ ਮੰਗ ਕੇ ਖੀਰ, ਪੂੜੇ ਖਾਧੇ ਹਨ ਤੇ ਅਸੀਂ ਕਿਹਦੀ ਨੂੰਹ ਧੀ ਨਾਲੋਂ ਘੱਟ ਹਾਂ। ਪੂਜਾ ਦਾ ਧਾਨ ਖਾਣ ਵਾਲਾ, ਲੋਕਾਂ ਦੇ ਟੁਕੜਿਆਂ ਤੇ ਪਲਿਆ ਸਾਧ ਮੁਤਹਿਰ ਚਲਾਉਂਦਾ ਇਉਂ ਜਾਪਦਾ ਜਿੰਦਾਂ ਭੀਮ ਸੈਨ ਕੁਰੂਖੇਤਰ ਦੀ ਰਣਭੂਮੀ ਵਿਚ ਧੁੰਮਾਂ ਪਾ ਰਿਹੈ। ਕੀ ਅਸੀਂ ਇਹਦੇ ਤੋਂ ਵੀ ਗਏ ਗੁਜ਼ਰੇ ਹਾਂ।

—ਲਾਲ ਚੰਦ ਹਲਵਾਈ ਜਿਹਨੇ ਕਦੇ ਭੁੱਲ ਕੇ ਵੀ ਤਲਵਾਰ ਦਾ ਮੂੰਹ ਨਹੀਂ ਸੀ ਵੇਖਿਆ, ਉਹਦੇ ਅੰਦਰ ਵੀ ਲੜਨ ਦਾ ਜਜ਼ਬਾ ਉਭਰਿਆ ਤੇ ਓਸ ਵੀ ਹੌਸਲਾ ਕੀਤਾ ਮੈਦਾਨ 'ਚ ਨਿੱਤਰਣ ਦਾ।

ਗੁਰਾਂ ਕੋਲ ਖੜਾ ਸੀ ਮਾਹੀ, ਹੱਥ ਜੋੜੇ ਤੇ ਅਰਜ਼ ਕੀਤੀ।

—ਬਖ਼ਸ਼ਿਸ਼ ਕਰੋ ਹਜ਼ੂਰ, ਸਾਨੂੰ ਵੀ ਆਗਿਆ ਦਿਓ। ਅਸੀਂ ਵੀ ਪ੍ਰਸ਼ਾਦ ਲੈ ਆਈਏ। ਇਹ ਤੁਹਾਡੀ ਕਰਾਮਾਤ ਏ। ਇਹ ਤੁਹਾਡੀ ਥਾਪਨਾ ਦਾ ਸਦਕਾ ਕ੍ਰਿਪਾਲ ਦਾਸ ਧੁੰਮਾਂ ਪਾ ਰਿਹੈ। ਸਾਡੀ ਕੰਡ ਤੇ ਹੱਥ ਰੱਖੋ ਤੇ ਸਾਡੇ ਜਜ਼ਬੇ ਦਾ ਜਲਾਲ ਵੇਖੋ।

— ਲਾਲ ਚੰਦ ਹਲਵਾਈ ਵੀ ਕਿਸੇ ਦੀ ਨੂੰਹ ਧੀ ਨਾਲੋਂ ਘੱਟ ਨਹੀਂ ਸੀ। ਉਹ ਵੀ ਅੱਗੇ ਵਧਿਆ ਤੇ ਹੱਥ ਜੋੜੇ, ਮੈਂ ਵੀ ਜਾਣੈ ਰਣਭੂਮੀ ਵਿਚ। ਮੈਨੂੰ ਵੀ ਆਗਿਆ ਦਿਓ।

ਇਕ ਮਾਹੀ ਤੇ ਦੂਜਾ ਹਲਵਾਈ। ਦੋਵੇਂ ਕੋਰੇ ਜੰਗ ਦੀ ਵਿੱਦਿਆ ਤੋਂ। ਐਵੇਂ ਕਿਉਂ ਮੁਫ਼ਤ ਦੀ ਮੌਤ ਮਰਨ ਲੱਗੇ ਓ।

—ਹਜ਼ੂਰ ਜੇ ਕ੍ਰਿਪਾਲ ਦਾਸ ਨਹੀਂ ਮਰ ਸਕਦਾ ਤਾਂ ਸਾਡਾ ਵੀ ਕੋਈ ਵਾਲ ਵਿੰਗਾ ਨਹੀਂ

ਕਰ ਸਕਦਾ। ਸਾਨੂੰ ਵੀ ਆਪਣੀ ਤਾਕਤ ਦਾ ਇਮਤਿਹਾਨ ਕਰਕੇ ਵੇਖਣ ਦਿਓ।

—ਮਠਿਆਈ ਦੀ ਦੁਕਾਨ ਨਹੀਂ, ਜੰਗ ਏ ਜੰਗ, ਮਾਹੀ ਤੂੰ ਨਜ਼ਾਰਾ ਈ ਵੇਖ। ਨਜ਼ਾਰਾ ਨਾ ਬਣ।

—ਨਹੀਂ ਹਜ਼ੂਰ! ਅਸਾਂ ਵੀ ਆਪਣੇ ਲਹੂ ਦਾ ਰੰਗ ਵੇਖਣਾ ਏ।

ਥਾਪਨਾ ਦਿੱਤੀ ਗੁਰੂਦੇਵ ਨੇ। ਚਲੋ ਮੇਰੇ ਬਹਾਦਰੋ, ਮੈਦਾਨ ਵਿਚ, ਮੈਂ ਅਨਾੜੀ ਭੋਲੇ ਭਾਲੇ ਸਾਧਾਰਨ ਬੰਦਿਆਂ ਨੂੰ ਯੋਧੇ ਬਣਾਵਾਂਗਾ ਤੇ ਉਹਨਾਂ ਕੋਲੋਂ ਸੂਰਮਿਆਂ ਦੇ ਦੰਦ ਤੁੜਵਾਵਾਂਗਾ। ਅਕਾਲ ਪੁਰਖ ਸਾਡੀ ਲਾਜ ਰੱਖੇ।

—ਖੁਰਪਾ ਹਲਵਾਈ ਦੇ ਹੱਥ ਤੇ ਖੂੰਡਾ ਮਾਹੀ ਦੇ। ਦੋਵੇਂ ਜਾ ਵੜੇ ਰਣਭੂਮੀ ਵਿਚ। ਨਜਾਬਤ ਖ਼ਾਂ ਤੇ ਸੰਗੋ ਸ਼ਾਹ ਲੜ ਰਹੇ ਸਨ।

ਸੰਗੋ ਸ਼ਾਹ ਨੇ ਸ਼ਹੀਦੀ ਪਾਈ ਤੇ ਉਨ੍ਹਾਂ ਦਾ ਸਥਾਨ ਲਿਆ ਮਾਹੀ ਤੇ ਹਲਵਾਈ ਨੇ ਅਤੇ ਮਦਦ ਤੇ ਆਣ ਪੁੱਜੇ ਮੁਰੀਦ ਬੁੱਧੂ ਸ਼ਾਹ ਦੇ। ਉਹਨਾਂ ਘੇਰ ਕੇ ਮਾਰਿਆ ਸੀ ਸੰਗੋ ਸ਼ਾਹ ਨੂੰ। ਗੁੱਸਾ ਸਿਰਫ਼ ਏਸੇ ਗੱਲ ਦਾ ਸੀ।

ਹਰੀ ਚੰਦ, ਗੁਪਾਲ ਗੁਲੇਰੀ, ਫ਼ਤਹਿ ਸ਼ਾਹ ਦੇ ਇਸ਼ਾਰੇ ਤੇ ਹਮਲਾ ਕਰ ਰਹੇ ਸਨ।

ਇਧਰ ਜੀਤ ਮੱਲ ਵੀ ਰਾਹ ਰੋਕੀ ਖੜਾ ਸੀ। ਮਾਹੀ ਦਾ ਖੂੰਡਾ ਗੁਰਜ ਦਾ ਕੰਮ ਕਰ ਰਿਹਾ ਸੀ ਤੇ ਹਲਵਾਈ ਦੇ ਖੁਰਪੇ ਨੇ ਤਲਵਾਰ ਦੇ ਫੱਟ ਪਾਏ ਤੇ ਮੀਰ ਖ਼ਾਂ ਦੀ ਅਲਖ ਮੁਕਾਈ।

ਖ਼ੂਬ ਲੜੇ ਤਿੰਨੇ ਜਣੇ। ਫ਼ਤਹਿ ਸ਼ਾਹ ਪਨਾਹ ਮੰਨ ਗਿਆ। ਗੁਪਾਲ ਗੁਲੇਰੀ ਨੇ ਕੰਨਾਂ ਨੂੰ ਹੱਥ ਲਾਏ। ਹਰੀ ਚੰਦ ਦੀਆਂ ਬੜ੍ਹਕਾਂ ਨੇ ਮੈਦਾਨ ਦਾ ਕਲੇਜਾ ਹਿਲਾ ਦਿੱਤਾ।

ਖੁਰਪਾ ਕਾਲ ਦਾ ਰੂਪ ਧਾਰ ਗਿਆ ਤੇ ਖੂੰਡਾ ਗੁਰਜ ਦਾ ਰੰਗ ਵਿਖਾ ਰਿਹਾ ਸੀ।

ਆਖ਼ਰਕਾਰ ਹਲਵਾਈ ਤੇ ਮਾਹੀ ਦੋਵੇਂ ਹਰੀ ਚੰਦ ਦੇ ਗਲ ਪੈ ਗਏ। ਉਸ ਅਨਾੜੀ ਬੰਦਿਆਂ ਦੀ ਤਾਰੀਫ਼ ਕੀਤੀ ਤੇ ਆਖਣ ਲੱਗਾ, "ਇਹ ਕਰਾਮਾਤ ਏ, ਇਹ ਬਖ਼ਸ਼ਿਸ਼ ਏ, ਜਜ਼ਬਾ ਏ, ਗੁਰੂ ਦੇ ਕਹਿਰ ਤੋਂ ਡਰੋ। ਇਹਨਾਂ ਦਾ ਲਹੂ ਵੀ ਬਹਾਦਰਾਂ ਦੇ ਲਹੂ ਨਾਲ ਮਿਲ ਕੇ ਰੁੜ੍ਹਿਆ।"

ਗੁਰਾਂ ਨੇ ਸਾਰਾ ਕੌਤਕ ਆਪ ਅੱਖੀਂ ਵੇਖਿਆ। ਅਸ਼-ਅਸ਼ ਕਰ ਉੱਠੇ। ਇਹ ਛੋਕੇ, ਇਹ ਦੱਬੇ ਲੋਕ ਬਹਾਦਰ ਬਣ ਸਕਦੇ ਹਨ। ਇਹ ਸੂਰਮੇ ਹਨ। ਇਹਨਾਂ ਦੀ ਤਾਕਤ ਨੂੰ ਕੁਚਲਿਆ ਗਿਐ। ਇਹਨਾਂ ਨੂੰ ਜ਼ਰਾ ਉਤਸਾਹ ਦੇਣ ਦੀ ਲੋੜ ਏ। ਇਹ ਰਾਜ ਕਰਨਗੇ। ਰਾਜਪੂਤ, ਪਠਾਣ ਜਿਨ੍ਹਾਂ ਦੇ ਨਾਂ ਨਾਲ ਬਹਾਦਰੀ ਗੰਢੀ ਹੋਈ ਏ ਉਹਨਾਂ ਨਾਲੋਂ ਇਹ ਬਹੁਤ ਬਹਾਦਰ ਹਨ। ਜ਼ਰਾ ਕੁ ਹੁਨਰ ਸਿੱਖਣ ਦੀ ਗੱਲ ਏ ਬਾਕੀ ਉਹਨਾਂ ਕੋਲ ਕੋਈ ਖ਼ੁਦਾਈ ਨਹੀਂ।

ਇਹ ਆਪਣਾ ਨਾਂ ਰੋਸ਼ਨ ਕਰਨਗੇ। ਇਹ ਤੋੜ ਦੇਣਗੇ ਜ਼ਾਤ ਪਾਤ ਦਾ ਗੜ੍ਹ। ਇਹ ਕਸਬ ਏ ਖ਼ਾਨਦਾਨੀ ਵਿਰਸਾ ਨਹੀਂ। ਇਹ ਹਲਵਾਈ ਤੇ ਮਾਹੀ ਬੁਥਾੜ ਭੰਨ ਸਕਦੇ ਹਨ ਉਹਨਾਂ ਪਠਾਣਾਂ ਦਾ ਜਿਹੜੇ ਆਪਣੇ ਆਪ ਨੂੰ ਖੱਬੀ ਖ਼ਾਂ ਸਮਝਦੇ ਹਨ।

ਇਹ ਮੇਰੇ ਮਾਹੀ, ਮੇਰੇ ਹਲਵਾਈ, ਇਹ ਮੇਰੇ ਸਾਧ ਆਪਣੇ ਨਾਂ ਦੇ ਝੰਡੇ ਗੱਡਣਗੇ। ਮੈਂ

ਬਲਿਹਾਰੀ, ਮੈਂ ਵਾਰੀ, ਮੈਂ ਅੱਜ ਮਹਿਸੂਸ ਕਰ ਰਿਹਾ ਹਾਂ ਕਿ ਮੈਂ ਮਹਾਨ ਹਾਂ। ਮੇਰੇ ਸਾਥੀ ਮਹਾਨ ਹਨ।

ਬਲਵਾਨ, ਬਹਾਦਰ, ਵੀਰ, ਸਿਰ-ਲੱਥ ਯੋਧੇ ਹਨ। ਖ਼ਾਨਦਾਨੀ ਵਿਰਾਸਤ ਐਵੇਂ ਫੂਠੀਆਂ ਬੜ੍ਹਕਾਂ ਹਨ।

ਇਹੋ ਈ ਬਲਵਾਨ ਹਨ। ਇਹੋ ਈ ਕੌਮ ਦੇ ਸਿਤਾਰੇ ਹਨ।

ਗੁਰਾਂ ਆਪਣੀ ਬਾਣੀ ਵਿਚ ਉਸਤਤ ਕੀਤੀ। ਵਿਚ ਸੈਨਾਪਤੀ ਆਣ ਖਲੋਤਾ। ਆਖਣ ਲੱਗਾ, ਅੱਜ ਮੇਰੀ ਵਾਰੀ ਏ—

ਲਾਲ ਚੰਦ ਆਨਿ ਕੈ। ਕਮਾਨ ਬਾਨ ਤਾਨ ਕੈ।
ਕੀਓ ਸੁ ਜੁਧ ਜਾਨ ਕੈ। ਭਲੀ ਭਈ ਭਲੀ ਭਈ। 31।
ਕੀਓ ਸੁ ਲੋਹ ਲੋਹਈ। ਨ ਜੀਵ ਰੱਖ ਧੋਹਈ।
ਸੁ ਚਾਲ ਸੂਰ ਸੋਹਈ। ਬਿਮੋਹਈ ਬਿਮੋਹਈ।

ਸੈਨਾਪਤੀ ਗੁਰੂ ਦੇ ਅੰਗ ਸੰਗ ਸੀ। ਕੋਈ ਕਲਮ ਚਲਾ ਸਕਦਾ ਏ ਤਲਵਾਰ ਨਹੀਂ। ਤਲਵਾਰ ਨਾਲੋਂ ਕਲਮ ਦਾ ਜ਼ਖ਼ਮ ਜ਼ਿਆਦਾ ਗਹਿਰਾ ਹੁੰਦਾ ਏ।

ਮੈਦਾਨ ਵਿਚੋਂ ਕੋਈ ਨੱਸ ਰਿਹਾ ਸੀ ਦਾਅ ਲਾ ਕੇ ਤੇ ਕੋਈ ਜ਼ਖ਼ਮੀ ਹੋਏ ਸਿਪਾਹੀਆਂ ਦੇ ਮੂੰਹ 'ਚ ਪਾਣੀ ਪਾ ਰਿਹਾ ਸੀ। ਕਿਸੇ ਨੇ ਮਰਹਮ ਪੱਟੀ ਦਾ ਕੰਮ ਸੰਭਾਲਿਆ ਹੋਇਆ ਸੀ।

ਘਾਇਲ ਹੋਏ ਸੂਰਮੇ ਨਾਲ ਕਾਹਦੀ ਦੁਸ਼ਮਣੀ। ਦੋਵੇਂ ਭਰਾ ਹਨ। ਭਾਵੇਂ ਪਠਾਣ ਤੇ ਭਾਵੇਂ ਪਹਾੜੀਏ। ਗੁਰੂ ਦੇ ਸੇਵਕ ਦਾ ਫ਼ਰਜ਼ ਏ ਸਾਰੀ ਲੋਕਾਈ ਦੀ ਸੇਵਾ ਕਰਨਾ। ਫ਼ੁਰਮਾਨ ਗੋਬਿੰਦ ਰਾਏ ਦਾ ਸੀ। ਜੰਗ ਮੱਠੀ ਪੈ ਚੁੱਕੀ ਸੀ।

*

ਭੀਖਣ ਖ਼ਾਂ

੧੨੧

ਪਠਾਣਾਂ ਦਾ ਮੋਢੀ ਤੇ ਸ਼ਾਹ ਸਵਾਰ-ਏ-ਮੈਦਾਨ, ਉਸ ਕਈ ਜੰਗਾਂ ਜਿੱਤੀਆਂ ਤੇ ਕਈ ਹਾਰੀਆਂ। ਦੂਲਾ ਰਣਭੂਮੀ ਦਾ, ਬੱਜਰ ਸਰੀਰ, ਤਲਵਾਰ ਦਾ ਧਨੀ, ਮੌਤ ਦਾ ਭੈਅ ਉਹਦੀ ਖਲੜੀ 'ਚ ਕਿਤੇ ਨਜ਼ਰ ਨਹੀਂ ਸੀ ਆਉਂਦਾ।

—ਮਹਾਂਬਲੀ ਸੰਗੋ ਸ਼ਾਹ ਤੇ ਨਜਾਬਤ ਖਾਂ, ਮੈਂ ਪਰਖਦਾ ਹਾਂ ਤੇਰੀ ਤਲਵਾਰ, ਗੋਬਿੰਦ ਰਾਏ ਟਿੱਬੇ ਤੋਂ ਉੱਠੇ ਤੇ ਮੈਦਾਨ 'ਚ ਆਣ ਨਿੱਤਰੇ। ਪਿੱਛੇ ਫ਼ਤਹਿ ਸ਼ਾਹ ਰਾਜਾ ਸੀ, ਉਸ ਲਲਕਾਰਿਆ।

—ਹੁਣ ਲੜਾਈ ਦਾ ਪਾਸਾ ਪਰਤਣਾ ਤੁਹਾਡੇ ਹੱਥ ਏ।

ਇੰਨੀ ਦੇਰ ਨੂੰ ਭੀਮ ਚੰਦ ਵੀ ਆ ਗਿਆ। ਖ਼ਾਨ ਹੁਣ ਸ਼ਿਕਾਰ ਤੇਰੇ ਸਾਹਮਣੇ ਏ, ਸ਼ਿਕਾਰੀ ਨਾ ਉੱਕੇ।

—ਬਲਦੀ ਦੇ ਬੁੱਥੇ ਮੈਨੂੰ ਦੇਣ ਲੱਗੇ ਓ, ਚੜ੍ਹ ਜਾ ਬੇਟਾ ਸੂਲੀ, ਰਾਮ ਭਲੀ ਕਰੂ।

—ਤਨਖ਼ਾਹ ਲਈ ਊ, ਹਲਾਲ ਕਰ, ਨੌਕਰ ਕੀ ਤੇ ਨਖ਼ਰਾ ਕੀ. ਅੱਲਾਹ ਦਾ ਨਾਂ ਲੈ ਤੇ ਮੈਦਾਨ ਵਿਚ ਆਪਣੇ ਜੌਹਰ ਵਿਖਾ, ਪਠਾਣਾਂ ਦਾ ਨਾਂ ਉੱਚਾ ਕਰ, ਭੀਖਣ ਖ਼ਾਂ ਨੇ ਸੋਚਿਆ।

—ਭੀਮ ਚੰਦ ਨੇ ਉੱਚੀ ਸਾਰੀ ਆਖਿਆ, "ਜੇ ਗੁਰੂ ਨੂੰ ਜਿਉਂਦਿਆਂ ਫੜ ਲਏਂ ਪਉਂਟਾ ਤੈਨੂੰ ਬਖ਼ਸ਼ਿਆ ਤੇ ਸਾਰੀ ਲੁੱਟ ਦਾ ਤੂੰ ਮਾਲਕ।"

—ਇਹ ਇਨਾਮ ਵੀ ਸ਼ਾਇਦ ਅੱਲਾਹ ਤਾਲਾ ਨੇ ਮੇਰੇ ਹਿੱਸੇ 'ਚ ਲਿਖਿਆ ਹੋਇਆ ਏ। ਲਉ ਮੈਂ ਗੁਰੂ ਨੂੰ ਮਾਰ ਕੇ ਹੁਣੇ ਸਾਰਾ ਖੇਲ ਖ਼ਤਮ ਕਰ ਦਿੰਦਾ ਹਾਂ। ਭੀਖਣ ਖ਼ਾਂ ਨੇ ਬੜੇ ਹੰਕਾਰ ਵਿਚ ਉੱਤਰ ਦਿੱਤਾ।

— ਮੈਂ ਤੈਨੂੰ ਆਪਣੇ ਵਲੋਂ ਮੋਹਰਾਂ ਨਾਲ ਤੋਲ ਦੇਵਾਂਗਾ, ਭੀਮ ਚੰਦ ਨੇ ਹੋਰ ਲਾਲਚ ਦਿੱਤਾ।

—ਭੀਮ ਚੰਦ ਜੀ, ਜ਼ਰਾ ਆਪਣੀ ਤਲਵਾਰ ਨੂੰ ਵੀ ਹੱਥ ਲਾਉ, ਦੂਜਿਆਂ ਨੂੰ ਕਿਉਂ ਅੱਗ ਦੀ ਭੱਠੀ ਵਿਚ ਸੁੱਟ ਰਹੇ ਓ, ਆਉ ਜ਼ਰਾ ਅਸੀਂ ਵੀ ਤੁਹਾਡੀ ਤਲਵਾਰ ਦਾ ਦੀਦਾਰ ਕਰੀਏ।

ਮੈਂ ਬੱਚਿਆਂ ਨਾਲ ਨਹੀਂ ਲੜਿਆ ਕਰਦਾ, ਮੇਰਾ ਧਰਮ ਇਜਾਜ਼ਤ ਨਹੀਂ ਦਿੰਦਾ। ਭੀਮ ਚੰਦ ਬੋਲਿਆ।

ਭੀਮ ਚੰਦ, ਅੱਜ ਦੋਵੇਂ ਕਿਸਮਤ ਅਜ਼ਮਾ ਕੇ ਵੇਖੀਏ, ਤੇਰੇ ਦਿਲ ਦਾ ਚਾਅ ਮੱਠਾ ਹੋ ਜਾਏਗਾ ਤੇ ਰੋਜ਼ ਦਾ ਝਗੜਾ ਹੀ ਮਿਟ ਜਾਏਗਾ, ਸਾਹਿਬ ਗੁਰੂ ਗੋਬਿੰਦ ਰਾਏ ਨੇ ਫ਼ਰਮਾਇਆ।

— ਮੈਂ ਗੁਰੂ ਨੂੰ ਮਾਰ ਕੇ ਪਾਪ ਦੀ ਗਠੜੀ ਨਹੀਂ ਚੁੱਕਣਾ ਚਾਹੁੰਦਾ।

ਭੀਮ ਚੰਦ ਤੇ ਦਾਅ ਲਾ ਕੇ ਨੱਸ ਗਿਆ, ਸਾਹਮਣੇ ਭੀਖਣ ਖ਼ਾਂ ਰਹਿ ਗਿਆ।

—ਖ਼ਾਂ ਸਾਹਿਬ, ਮੌਤ ਤੈਨੂੰ ਕਿਥੋਂ ਘੇਰ ਲਿਆਈ ਏ।

—ਮੈਦਾਨ ਵਿਚ ਮੌਤ ਦਾ ਭਾਅ ਨਹੀਂ ਪੁੱਛਿਆ ਜਾਂਦਾ, ਤਲਵਾਰ ਹੀ ਉਹਦਾ ਫ਼ੈਸਲਾ ਕਰਦੀ ਏ, ਮੈਂ ਪਠਾਣ ਦਾ ਪੁੱਤ ਹਾਂ, ਮੈਦਾਨ ਛੱਡ ਕੇ ਨਹੀਂ ਨੱਸਣ ਲੱਗਾ।

—ਹੁਣ ਕਿਥੇ ਜਾਣਾ ਈ, ਤਲਵਾਰ ਚਲਾ, ਤੀਰ ਮਾਰ, ਨੇਜ਼ਾ ਫੜ, ਅੱਜ ਤੇਰੇ ਸਾਰੇ ਕਮਾਲ ਵੇਖ ਲੈਣੇ ਹਨ। ਸਿੱਖਾਂ ਦਾ ਗੁਰੂ ਆਖਣ ਲੱਗਾ।

—ਇਕ ਦਰਵੇਸ਼ ਨਾਲ ਕੀ ਲੜਨਾ ਏ, ਤੁਸੀਂ ਅੱਲਾਹ ਦੇ ਨੂਰ ਹੋ।

—ਨਹੀਂ, ਇਹ ਬੁਜ਼ਦਿਲੀ ਸਾਨੂੰ ਪਸੰਦ ਨਹੀਂ, ਬਹਾਦਰਾਂ ਦੀ ਮੌਤ ਮਰ।

ਤੀਰਾਂ ਦੀ ਬਰਸਾਤ ਹੋਣ ਲੱਗ ਪਈ, ਦੋਵੀਂ ਪਾਸੀਂ ਜ਼ੋਰ ਲੱਗਾ, ਝੜੀ ਲੱਗ ਗਈ ਤੀਰਾਂ ਦੀ। ਜਦੋਂ ਭੀਖਣ ਖ਼ਾਂ ਤੀਰ ਚਲਾ ਕੇ ਥੱਕ ਗਿਆ, ਗੋਬਿੰਦ ਰਾਏ ਸਿਰਫ਼ ਆਪਣਾ ਬਚਾਅ ਹੀ ਕਰਦੇ ਰਹੇ। ਆਖ਼ਰਕਾਰ ਆਵਾਜ਼ ਦਿੱਤੀ ਗੁਰੂ ਨੇ, "ਲੈ ਭਈ ਚੁੱਕ ਤੀਰ, ਇਹਨੂੰ ਆਖ਼ਰੀ ਤੀਰ ਸਮਝ, ਤੀਰ ਸੰਭਾਲ, ਮੈਂ ਦੂਜੇ ਤੀਰ ਦੀ ਵਰਤੋਂ ਨਹੀਂ ਕਰਨੀ, ਤੇਰਾ ਨਾਂ ਲਿਖਿਆ ਹੋਇਆ ਏ ਇਸ ਤੀਰ 'ਤੇ।

ਤੀਰ ਛੁੱਟਾ ਤੇ ਭੀਖਣ ਖ਼ਾਂ ਦੇ ਸੰਘ ਵਿਚ ਜਾ ਲੱਗਾ, ਤੀਰ ਪਾਰ ਹੋ ਚੁੱਕਾ ਸੀ ਤੇ ਭੀਖਣ ਖ਼ਾਂ ਦੀ ਧੌਣ ਧਰਤੀ ਤੇ ਜਾ ਡਿੱਗੀ।

ਆਖਰੀ ਬੋਲ ਸਨ—ਬਖ਼ਸ਼ ਦਿਉ ਸਤਗੁਰੂ ! ਸਾਥੋਂ ਭੁੱਲ ਹੋ ਗਈ।

ਭੀਖਣ ਖ਼ਾਂ ਦੀ ਮੌਤ ਨੇ ਜੰਗ ਦਾ ਲੱਕ ਅੱਧ ਵਿਚੋਂ ਤੋੜ ਦਿੱਤਾ। ਪਹਾੜੀ ਰਾਜਿਆਂ ਦੀਆਂ ਉਮੀਦਾਂ ਬਰਸਾਤੀ ਨਾਲੇ ਵਿਚ ਰੁੜ੍ਹ ਗਈਆਂ, ਹੁਣ ਹੱਥਾਂ ਪੈਰਾਂ ਦੀ ਪੈ ਗਈ ਪਹਾੜੀ ਰਾਜਿਆਂ ਨੂੰ।

ਭੀਖਣ ਖ਼ਾਂ ਦੀ ਮੌਤ ਨਾਲ ਪਠਾਣਾਂ ਦੇ ਹੌਸਲੇ ਅਸਲੋਂ ਹੀ ਟੁੱਟ ਗਏ, ਚਾਰ ਮੋਹਰੀ ਸਨ ਜਰਨੈਲ ਪਠਾਣ, ਤਿੰਨਾਂ ਦਾ ਭੋਗ ਪੈ ਗਿਆ ਬਾਕੀ ਸਾਰੇ ਨੱਸਣ ਦਾ ਰਾਹ ਲੱਭ ਰਹੇ ਸਨ। ਜੰਗ ਦਾ ਆਖ਼ਰੀ ਨਜ਼ਾਰਾ ਸੀ।

ਸਾਧ ਵੀ ਪਰਖੇ ਤੇ ਗੁਰੂ ਵੀ ਪਰਖੇ ਗਏ, ਪਠਾਣ ਵੀ ਕਸਵੱਟੀ ਤੇ ਲਾ ਕੇ ਵੇਖੇ ਗਏ ਤੇ ਰਾਜੇ ਵੀ ਆਪਣੀ ਸ਼ਾਨ ਵਿਖਾ ਚੁੱਕੇ ਸਨ, ਲੜਾਈ ਆਖ਼ਰੀ ਦਮਾਂ ਤੇ ਸੀ।

'ਗਗਨ ਦਮਾਮਾ ਬਾਜਿਓ' ਆਵਾਜ਼ਾਂ ਗੂੰਜ ਰਹੀਆਂ ਸਨ, ਸਤਿਗੁਰਾਂ ਨੇ ਇਕ ਨਜ਼ਰ ਮਾਰੀ ਭੰਗਾਣੀ ਦੇ ਮੈਦਾਨ ਵੱਲ, ਖ਼ਾਮੋਸ਼ ਭੰਗਾਣੀ ਆਖ ਰਹੀ ਸੀ ਭਾਂ ਭਾਂ ਕਰਦੀ।

ਜੰਗ ਦਾ ਕੋਈ ਕਾਰਨ ਨਹੀਂ ਸੀ, ਐਵੇਂ ਨਾਹੱਕ ਬੰਦਿਆਂ ਦਾ ਖ਼ੂਨ ਡੁਲ੍ਹਿਐ।

* *

ਜਾਨ ਦਾ ਸਦਕਾ ੧੨੨

ਸਯਦ ਬੁੱਧੂ ਸ਼ਾਹ ਨੇ ਵੀ ਬੁੱਢੇ ਵਾਰੇ ਤਲਵਾਰ ਫੜ ਲਈ ਤੇ ਆਪਣੇ ਮੁਰੀਦਾਂ ਨੂੰ ਸ਼ਸ਼ਕਾਰਿਆ। ਗੋਪਾਲ ਗੁਲੇਰੀ ਦੀ ਟੁਕੜੀ ਲੜਦੀ ਲੜਦੀ ਬੁੱਧੂ ਸ਼ਾਹ ਵੱਲ ਆਣ ਨਿਕਲੀ।

ਮੋਰਚੇ ਸਯਦ ਤੇ ਮੁਰੀਦਾਂ ਦੇ ਹੱਥ ਵਿਚ ਸਨ, ਦੁਸ਼ਮਣ ਆਉਂਦਾ ਵੇਖ ਕੇ ਮੁਰੀਦਾਂ ਅੰਦਰ ਜੋਸ਼ ਨੇ ਉਬਾਲਾ ਖਾਧਾ, ਡੌਲੇ ਫਰਕੇ।

ਕਾਲੇ ਖ਼ਾਂ ਚੁਗਲੀ ਦਾ ਸਰਦਾਰ ਸੀ। ਪਹਿਲਾਂ ਤੇ ਉਸ ਗੋਪਾਲ ਗੁਲੇਰੀ ਨੂੰ ਅੱਗੇ ਵਧਣ ਦਿੱਤਾ। ਗੋਪਾਲ ਨੇ ਸਮਝਿਆ, ਮੁਰੀਦ ਡਰ ਗਏ ਹਨ। ਸਹਿਮ ਗਏ ਹਨ। ਇਨ੍ਹਾਂ ਵਿਚਾਰਿਆਂ ਤਲਵਾਰ ਕੀ ਚੁੱਕਣੀ ਏ। ਇਹ ਤੇ ਐਵੇਂ ਨਫ਼ਰੀ ਵਧਾਈ ਗਈ ਹੈ। ਇਨ੍ਹਾਂ ਨੂੰ ਤੇ ਇਹ ਵੀ ਪਤਾ ਨਹੀਂ ਕਿ ਤਲਵਾਰ ਦੀ ਧਾਰ ਕਿਧਰ ਹੁੰਦੀ ਏ। ਕਾਲੇ ਖ਼ਾਂ ਇਕੱਲਾ ਕੀ ਕਰੇਗਾ। ਪਹਿਲਾਂ ਸ਼ੇਰ ਵਾਂਗੂੰ ਗੱਜਿਆ ਤੇ ਫੇਰ ਝਪਟ ਮਾਰੀ ਸ਼ੇਰ ਵਾਂਗੂੰ।

ਅੱਗੇ ਮੁਰੀਦਾਂ ਨੇ ਕਿਹੜੀਆਂ ਚੂੜੀਆਂ ਪਾਈਆਂ ਹੋਈਆਂ ਸਨ। ਉਨ੍ਹਾਂ ਮੁਤਹਿਰਾ ਚੁੱਕ ਲਈਆਂ। ਕਈਆਂ ਦੇ ਹੱਥਾਂ ਵਿਚ ਕੁਹਾੜੀਆਂ ਸਨ ਤੇ ਕਈ ਗੰਡਾਸੇ ਲਈ ਖੜੇ ਸਨ।

ਹਮਲਾ ਜ਼ੋਰਦਾਰ ਸੀ। ਕਾਲੇ ਖ਼ਾਂ ਨੇ ਠੱਲ੍ਹ ਪਾਈ ਤੇ ਮੁਰੀਦਾਂ ਨੇ ਵੀ ਆਪਣੇ ਹੁਨਰ ਦੀ ਨੁਮਾਇਸ਼ ਕੀਤੀ। ਕਾਲੇ ਖ਼ਾਂ ਨਾਲੋਂ ਮੁਰੀਦਾਂ ਦੀ ਸੱਟ ਖ਼ਤਰਨਾਕ ਸੀ। ਉਨ੍ਹਾਂ ਜਿਹਨੂੰ ਵੀ ਗਿੱਚੀ ਤੋਂ ਫੜਿਆ ਉਹਦਾ ਕਚੂਮਰ ਕੱਢ ਛੱਡਿਆ।

ਗੋਪਾਲ ਗੁਲੇਰੀ ਦਾ ਨਸ਼ਾ ਉਤਰ ਗਿਆ, ਲੜਾਈ ਦੇ ਤੇ ਦਾਈ ਛੱਟ ਹੁੰਦੇ ਹਨ। ਮੁਰੀਦਾਂ ਨੇ ਗੁਲੇਰੀ ਦੀ ਸੋਚ ਟਿਕਾਣੇ ਲਿਆ ਦਿੱਤੀ।

ਤਲਵਾਰਾਂ ਤਿੱਖੀਆਂ ਸਨ । ਮੁਰੀਦਾਂ ਨੇ ਉਨ੍ਹਾਂ ਦਾ ਮੁਕਾਬਲਾ, ਕੁਹਾੜੀਆਂ, ਛਵੀਆਂ, ਟੋਕਿਆਂ ਨਾਲ ਕੀਤਾ ਤੇ ਗੋਪਾਲ ਗੁਲੇਰੀ ਦਾ ਗੁਮਾਨ ਤੋੜ ਕੇ ਰੱਖ ਦਿੱਤਾ ।

ਕਾਲੇ ਖ਼ਾਂ ਆਖਣ ਲੱਗਾ. "ਅਜੇ ਤੇ ਸਰਕਾਰ ਅਨਾੜੀਆਂ ਨਾਲ ਵਾਸਤਾ ਪਿਆ ਏ । ਜ਼ਰਾ ਸਾਡੇ ਵੱਲ ਵੀ ਦਰਸ਼ਨ ਦਿਓ । ਘਰ ਆਏ ਸੱਜਣ ਨੂੰ ਭਾਜੀ ਪਾ ਕੇ ਤੋਰੀਏ ।"

—ਆਓ, ਜੇ ਤਲਵਾਰ ਪਰਖਣੀ ਏ ਤਾਂ ਮੇਰੇ ਪਿੜ ਵਿਚ ਆਓ । ਬੜੇ ਦਿਨਾਂ ਤੋਂ ਤਲਵਾਰ ਨੂੰ ਉੱਲੀ ਲੱਗੀ ਹੋਈ ਏ, ਤੇਰੇ ਲਹੂ ਨਾਲ ਧੋਤੀ ਜਾਏਗੀ ।

—ਕਾਲੇ ਖ਼ਾਂ. ਅਭਿਮਾਨ ਬੜਾ ਬੁਰਾ ਹੁੰਦਾ ਏ. ਹੰਕਾਰ ਬੰਦੇ ਨੂੰ ਮਾਰ ਮੁਕਾਉਂਦਾ ਏ । ਗੋਪਾਲ ਗੁਲੇਰੀ ਨੇ ਉੱਚੀ ਆਵਾਜ਼ 'ਚ ਆਖਿਆ ।

—ਨਹੀਂ ਸੱਜਣਾ, ਇਹ ਵੰਗਾਰ ਏ, ਦੁਸ਼ਮਣ ਨੂੰ ਖ਼ਬਰਦਾਰ ਕਰਨ ਦਾ ਇਕ ਤਰੀਕਾ ਏ ।

ਤਲਵਾਰ, ਤਲਵਾਰ ਤੇ ਵੱਜੀ, ਬਿਜਲੀ ਚਮਕੀ, ਲਹੂ ਦੀਆਂ ਧਤੀਰੀਆਂ ਛੁਟੀਆਂ । ਕਈ ਬੇਦੋਸ਼ੇ ਅੱਲਾਹ ਨੂੰ ਪਿਆਰੇ ਹੋ ਗਏ ਪਰ ਜਿਹੜਾ ਵਾਰ ਮੁਰੀਦਾਂ ਨੇ ਕੀਤਾ ਉਹ ਸਾਰੀ ਉਮਰ ਗੋਪਾਲ ਗੁਲੇਰੀ ਨਹੀਂ ਸੀ ਭੁੱਲ ਸਕਦਾ ।

ਬੱਦਲ ਗਰਜੇ ਤੇ ਸ਼ੇਰ, ਸ਼ੇਰ ਨਾਲ ਲੜਿਆ ਮੈਦਾਨ ਵਿਚ, ਇਕ ਵਾਰ ਤੇ ਹਾਹਾਕਾਰ ਮੱਚ ਗਈ । ਬੁੱਧੂ ਸ਼ਾਹ ਦਾ ਇਕ ਪੁੱਤ ਤਲਵਾਰ ਦੀ ਭੇਟ ਚੜ੍ਹ ਗਿਆ ।

ਮੈਦਾਨ ਭਾਵੇਂ ਕਾਲੇ ਖ਼ਾਂ ਦੇ ਹੱਥ ਵਿਚ ਰਿਹਾ ਤੇ ਗੋਪਾਲ ਗੁਲੇਰੀ ਨੇ ਆਪਣਾ ਘੋੜਾ ਮੋੜਿਆ ਤੇ ਨੱਸ ਉਠਿਆ ਮੈਦਾਨ ਛੱਡ ਕੇ । ਬੁਜ਼ਦਿਲ, ਨਾਮਰਦ, ਬਹਾਦਰ ਬਣੀ ਫਿਰਦਾ ਏ ।

ਕਾਲੇ ਖ਼ਾਂ ਨੇ ਨਾਅਰਾ ਮਾਰਿਆ, ਯਾ ਅਲੀ ।

ਮੈਦਾਨ ਭਾਂ ਭਾਂ ਕਰਨ ਲੱਗ ਪਿਆ । ਦੂਜਾ ਪੁੱਤ ਵੀ ਸ਼ਹਾਦਤ ਪਾ ਗਿਆ ਤੇ ਕੁਝ ਮੁਰੀਦ ਵੀ ਅੱਲਾਹ ਨੂੰ ਪਿਆਰੇ ਹੋ ਗਏ ।

ਜੰਗ ਆਖ਼ਰੀ ਸਾਹਵਾਂ ਤੇ ਸੀ. ਭਾਜੜ ਪੈਣ ਵਾਲੀ ਸੀ ਨੱਸੇ ਪਹਾੜੀਏ ਦਿਲ ਛੱਡ ਕੇ । ਸਰਘੀ ਦੇ ਦੀਵੇ ਵਾਂਗੂੰ ਆਖ਼ਰੀ ਭੱਬਾਕਾ ਮਾਰਨ ਵਾਲੇ ਸਨ ਇਹ ਧੌਂਹੇ ਪਹਾੜ ਦੇ ਰਹਿਣ ਵਾਲੇ ।

★ ★

ਧਨੁਸ਼ਬਾਨ ੧੨੩

ਸੱਟ ਖਾਧਾ ਸੱਪ ਜ਼ਿਦ 'ਚ ਜ਼ਹਿਰੀਲਾ ਹੋ ਜਾਂਦਾ ਏ । ਗੁੱਸੇ 'ਚ ਥਰ-ਥਰ ਕੰਬਦਾ ਏ ਤੇ ਫਨ ਖਲੇਰ ਕੇ ਡੰਗ ਮਾਰਦਾ ਏ । ਇਹੋ ਹਾਲ ਹਰੀ ਚੰਦ ਹੰਡੂਰੀਏ ਦਾ ਸੀ । ਮੂਰਛਿਤ ਹੋਇਆ ਤੇ ਉਹਨੂੰ ਚੁੱਕ ਕੇ ਲੈ ਗਏ ਪਹਾੜੀਏ । ਦਵਾ-ਦਾਰੂ ਕੀਤਾ ਤੇ ਉਹਦੀ ਮੂਰਛਾ ਟੁੱਟੀ । ਜ਼ਖ਼ਮ ਕੋਈ ਖ਼ਾਸ ਗਹਿਰਾ ਨਹੀਂ ਸੀ । ਇਕ ਦੋ ਦਿਨਾਂ ਵਿਚ ਈ ਨੌਂ-ਬਰ-ਨੌਂ ਹੋ ਗਿਆ । ਗੁੱਸੇ ਨਾਲ ਭਰਿਆ ਹੋਇਆ ਸੀ, ਗੁੱਸਾ ਚੰਡਾਲ ਹੁੰਦਾ ਏ ।

ਉਹਨੂੰ ਰੋਸ ਸੀ ਕਿ ਜੀਤ ਮੱਲ ਨੇ ਉਹਦੀ ਸਾਰੀ ਚੌਧਰ ਮਿੱਟੀ 'ਚ ਰੋਲ ਦਿੱਤੀ ਏ ਤੇ ਉਹ ਆਪਣੇ ਆਪ ਨੂੰ ਭੀਸ਼ਮ ਪਿਤਾਮਾ ਸਮਝਦਾ ਸੀ, ਤੀਰ ਅੰਦਾਜ਼ੀ ਉਹਦੀ ਚਹੁੰ ਕੂਟਾਂ 'ਚ ਮਸ਼ਹੂਰ ਸੀ, ਉਹ ਆਪਣੇ ਆਪ ਨੂੰ ਅਰਜੁਨ ਨਾਲ ਤੁਲਨਾ ਦਿੰਦਾ।

—ਮੈਂ ਇਕੱਲਾ ਵੀ ਜੰਗ ਜਿੱਤ ਸਕਦਾ ਹਾਂ, ਜੀਤ ਮੱਲ ਨੇ ਮੇਰਾ ਰਾਹ ਰੋਕਿਆ ਏ।

– ਫੇਰ ਜਿੱਤੀ ਕਿਉਂ ਨਾ, ਜੰਗ ਵਿਚ ਪੈਰ ਈ ਨਹੀਂ ਸੀ ਪਾਉਣਾ। ਛੱਡ ਕਿਉਂ ਗਿਓਂ। ਮੂਰਛਿਤ ਹੋ ਗਿਓਂ ਤੇ ਫੇਰ ਬਹਾਦਰੀ ਕਿਥੇ ਗਈ। ਜੇ ਅਜੇ ਵੀ ਦਿਲ ਵਿਚ ਚਾਅ ਈ ਤੇ ਕਿਸਮਤ ਅਜ਼ਮਾ ਕੇ ਵੇਖ ਲੈ ਪਰ ਅੱਜ ਜੀਤ ਮੱਲ ਦੇ ਦਰਸ਼ਨ ਨਹੀਂ ਹੋ ਸਕਦੇ। ਗੁਰੂ ਗੋਬਿੰਦ ਰਾਏ ਨੇ ਕਮਾਨ ਸੰਭਾਲੀ ਹੋਈ ਏ, ਉਹਨਾਂ ਦਾ ਸਾਹਮਣਾ ਹੋ ਸਕਦੈ।

ਮੈਂ ਆਪ ਇਕ ਵਾਰ ਆਪਣੀ ਜਾਨ ਦਾਅ ਤੇ ਲਾਉਣਾ ਚਾਹੁੰਦਾ ਹਾਂ।

—ਨੇਕੀ ਤੇ ਪੁੱਛ-ਪੁੱਛ, ਕੱਢ ਘੋੜਾ ਤੇ ਗੁਰੂ ਦੀ ਚਰਨੀਂ ਜਾ ਲੱਗੋ।

—ਰਣਭੂਮੀ 'ਚ ਕੋਈ ਗੁਰੂ ਨਹੀਂ, ਕੋਈ ਸ਼ਿਸ਼ ਨਹੀਂ।

—ਤੀਰਾਂ ਦਾ ਭੱਥਾ ਦਿਓ। ਮੈਂ ਚਲਿਆ ਹਾਂ, ਜੰਗ ਜਿੱਤ ਕੇ ਮੁੜਾਂਗਾ ਨਹੀਂ ਤੇ ਮੇਰੀ ਅਰਥੀ ਆਏਗੀ।

ਮੁਕਾਬਲਾ ਸਤਿਗੁਰ, ਗੋਬਿੰਦ ਰਾਏ ਤੇ ਹਰੀ ਚੰਦ ਦਾ ਸੀ।

ਭੀਮ ਚੰਦ ਆਖਣ ਲੱਗਾ, "ਇਹਦੀ ਮਦਦ ਵਾਸਤੇ ਸਾਨੂੰ ਵੀ ਨਾਲ ਜਾਣਾ ਚਾਹੀਦੈ।"

—ਮੈਂ ਗੁਰੂ ਨਾਲ ਦੋ ਦੋ ਹੱਥ ਆਪ ਕਰਾਂਗਾ। ਵੈਸੇ ਤੁਸੀਂ ਵੀ ਨਾਲ ਚੱਲੋ, ਇਕ ਇਕ ਤੇ ਦੋ ਯਾਰਾਂ।

ਹਰੀ ਚੰਦ ਦੇ ਸਿਰ ਖ਼ੂਨ ਚੜ੍ਹਿਆ ਹੋਇਆ ਸੀ ਪਰ ਅੱਗੋਂ ਸ਼ਾਂਤ ਸਨ ਗੁਰੂ ਗੋਬਿੰਦ ਰਾਏ।

—ਮੁਕਾਬਲਾ ਦੋ ਧਿਰਾਂ 'ਚ ਹੋਏਗਾ। ਤੀਸਰਾ ਕੋਈ ਬੰਦਾ ਵਿਚ ਲੱਤ ਨ ਅੜਾਏ, ਰਾਜੇ ਦੇ ਬੋਲ ਸਨ।

—ਰਾਜਾ ਜੀ, ਤੁਸੀਂ ਤਸੱਲੀ ਰੱਖੋ, ਸਾਡਾ ਕੋਈ ਬੰਦਾ ਖ਼ਬਰ ਪੁੱਛਣ ਵੀ ਨਹੀਂ ਆਏਗਾ, ਫ਼ੁਰਮਾਨ ਗੁਰੂ ਦਾ ਸੀ।

—ਰਣਭੂਮੀ ਵਿਚ ਕੋਈ ਕਦੀ ਅਸੂਲਾਂ ਤੇ ਪੂਰਾ ਨਹੀਂ ਉਤਰਿਆ।

—ਰਾਜਾ ਜੀ, ਅਸੀਂ ਜੰਗ ਲੜਨ ਨਹੀਂ ਆਏ, ਸਾਡੇ ਤੇ ਜੰਗ ਥੋਪੀ ਗਈ ਏ, ਅਸੀਂ ਮਜਬੂਰ ਹੋ ਕੇ ਹਥਿਆਰ ਚੁੱਕੇ ਹਨ। ਪਹਿਲਾ ਵਾਰ ਤੁਸੀਂ ਕਰੋ ਤਾਂ ਕਿ ਤੁਹਾਡੀ ਆਤਮਾ ਠੰਡੀ ਹੋਵੇ। ਗੋਬਿੰਦ ਰਾਏ ਨੇ ਫ਼ਰਮਾਇਆ।

—ਤਲਵਾਰ ਕੱਢਾਂ ਜਾਂ ਤੀਰ ਕਮਾਨ, ਧਨੁਸ਼ਬਾਨ ਤੇ ਸਾਡਾ ਖ਼ਾਨਦਾਨੀ ਹਥਿਆਰ ਏ।

—ਧਨੁਸ਼ਬਾਨ ਉਤੇ ਜੇ ਤੁਹਾਡੀ ਮੁਹਾਰਤ ਏ ਤੇ ਫੇਰ ਤਲਵਾਰ ਦੀ ਕੀ ਲੋੜ ਏ।

—ਮੇਰਾ ਦਿਲ ਨਹੀਂ ਮੰਨਦਾ ਕਿ ਮੈਂ ਇਕ ਬੱਚੇ ਤੇ ਵਾਰ ਕਰਾਂ।

— ਮੈਦਾਨ ਵਿਚ ਉਮਰ ਨਹੀਂ ਵੇਖੀ ਜਾਂਦੀ ਮੁਹਾਰਤ ਪਰਖੀ ਜਾਂਦੀ ਏ। ਜੇ ਆਹਮੋ ਸਾਹਮਣੇ ਈ ਹੋ ਗਏ ਤੇ ਫੇਰ ਰਿਸ਼ਤਾ ਕਾਹਦਾ, ਜੰਗ ਵਿਚ ਰਿਸ਼ਤੇਦਾਰੀ ਨਹੀਂ ਬਣਾਈ ਜਾਂਦੀ।

ਧਨੁਸ਼ਬਾਨ ਤੇ ਚਿੱਲਾ ਚੜ੍ਹਾਇਆ, ਹਰੀ ਚੰਦ ਨੇ ਤੀਰ ਚਲਾਇਆ, ਨਿਸ਼ਾਨਾ ਗੁਰੂ ਦਾ ਸੀ ਪਰ ਭਾਣਾ ਕੁਦਰਤ ਦਾ ਸੀ। ਤੀਰ ਖ਼ਾਲੀ ਕੋਲੋਂ ਦੀ ਲੰਘ ਗਿਆ। ਇਕ ਵਾਰ ਵਿਚ ਉਸ ਦੂਸਰਾ ਤੀਰ ਵੀ ਛੱਡ ਦਿੱਤਾ।

ਇਕ ਤੋਂ ਮਗਰੋਂ ਦੂਜਾ ਤੇ ਫੇਰ ਤੀਜਾ ਤੀਰ, ਇਉਂ ਜਾਪਦੇ ਜਿੰਦਾਂ ਇਕੱਠੇ ਹੀ ਛੱਡੇ ਹਨ ਕਮਾਨ ਨੇ। ਇਕ ਵਾਰ ਨੂੰ ਤਿੰਨ ਵਾਰ ਵਰਤਿਆ ਗਿਆ।

—ਤੀਜਾ ਤੀਰ ਮੇਰੀ ਪੇਟੀ 'ਚ ਲਗਿਆ, ਪੇਟੀ ਚਮੜੇ ਦੀ ਸੀ, ਤੀਰ ਬੜਾ ਜ਼ਹਿਰੀਲਾ ਸੀ, ਮਾੜੀ ਜਿਹੀ ਚੋਭ ਮੇਰੇ ਸਰੀਰ 'ਚ ਲੱਗੀ। ਉਹ ਖੁੱਭੀ ਜ਼ਰੂਰ ਸੀ ਪਰ ਜ਼ਖ਼ਮ ਕੋਈ ਨਾ ਆਇਆ, ਮੇਰੇ ਪ੍ਰਮੇਸ਼ਵਰ ਨੇ ਮੈਨੂੰ ਆਪਣਾ ਦਾਸ ਸਮਝ ਕੇ ਬਚਾ ਲਿਆ। ਹਰੀ ਚੰਦ ਨੇ ਵੈਸੇ ਆਪਣੇ ਵਲੋਂ ਕੋਈ ਕਸਰ ਨਹੀਂ ਸੀ ਛੱਡੀ, ਮੇਰੀ ਅਕਾਲ ਪੁਰਖ ਨੇ ਹੱਥ ਦੇ ਕੇ ਰੱਖਿਆ ਕੀਤੀ, ਕਮਾਲ ਏ ਹਰੀ ਚੰਦ ਦੇ ਕਸਬ ਤੇ ਉਸਤਾਦ ਏ ਆਪਣੇ ਹੁਨਰ ਦਾ, ਤੀਰ ਅੰਦਾਜ਼ੀ ਉਹਦੇ ਤੇ ਖ਼ਤਮ ਏ। ਮੈਂ ਹਰੀ ਚੰਦ ਦੇ ਕਸਬ ਨੂੰ ਪ੍ਰਣਾਮ ਕਰਦਾ ਹਾਂ।

ਸਤਿਗੁਰ ਤਾਰੀਫ਼ਾਂ ਦੇ ਪੁਲ ਬੰਨ੍ਹ ਰਹੇ ਸਨ, ਵਾਰ ਈ ਕਰਨਾ ਸੀ, ਤਿੰਨ ਵਾਰ ਇਕੱਠੇ ਈ ਕਰ ਦਿੱਤੇ, ਇਹਦੇ ਵਾਰ ਤੋਂ ਕੋਈ ਮੁਸ਼ਕਲ ਈ ਬਚ ਸਕਦੈ, ਇਹਦੇ ਤੀਰਾਂ ਦੀ ਕੋਈ ਵਿਰਲਾ ਈ ਝਾਲ ਝੱਲ ਸਕਦੈ, ਇਹ ਅਰਜੁਨ ਦਾ ਭਰਾ ਏ।

—ਮੈਂ ਆਪਣੀ ਸ਼ਕਤੀ ਜਾਂ ਕਰਾਮਾਤ ਨਾਲ ਨਹੀਂ ਬਚ ਗਿਆ ਸਗੋਂ ਮੈਨੂੰ ਅਕਾਲ ਪੁਰਖ ਨੇ ਆਪਣਾ ਦਾਸ ਸਮਝ ਕੇ ਬਚਾਇਐ, ਦੁਸ਼ਮਣ ਦੀ ਉਸਤਤ ਕਰਨੀ ਇਹ ਗੁਰੂ ਦੇ ਹਿੱਸੇ ਵਿਚ ਈ ਆਈ ਏ।

ਹਰੀ ਚੰਦ ਕੋਪੇ ਕਮਾਣੰ ਸੰਭਾਰੰ, ਪ੍ਰਥਮ ਬਾਜੀਯੰ ਤਾਣ ਬਾਣੰ ਪ੍ਰਹਾਰੰ।
ਦੁਤੀਅ ਤਾਕ ਕੈ ਤੀਰ ਮੋਕੋ ਚਲਾਯੰ, ਰਖਿਓ ਦਈਵ ਮੈ ਕਾਨ ਛ੍ਵੈ ਕੈ ਸਿਧਾਯੰ।
ਤ੍ਰਿਤੀਯ ਬਾਣ ਮਾਰਯੋ ਸੁ ਪੇਟੀ ਮਝਾਰੰ, ਬਿਧਿਅੰ ਚਿਲਕਤੰ ਦੁਆਲ ਪਾਰ ਪਧਾਰੰ।
ਚੁਭੀ ਚਿੰਚ ਚਰਮੰ ਕਛੂ ਘਾਇ ਨਾ ਆਯੰ, ਕਲੰ ਕੇਵਲੰ ਜਾਨ ਦਾਸੰ ਬਚਾਯੰ।

—ਹਰੀ ਚੰਦਾ! ਇਕ ਹੋਰ, ਤੇਰੇ ਪਹਿਲੇ ਵਾਰ ਦਾ ਮਜ਼ਾ ਆਇਐ, ਤੂੰ ਸ਼ਸਤਰਧਾਰੀ ਏਂ, ਬਹਾਦਰ ਨਾਲ ਲੜਨ ਦਾ ਮਜ਼ਾ ਆਉਂਦੈ। ਜੀਅ ਕਰਦੈ ਇਕ ਵਾਰ ਫੇਰ ਵਾਰ ਕਰ, ਤੇਰੀ ਕਮਾਨ, ਤੇਰੇ ਧਨੁਸ਼ ਦੀ ਸ਼ੋਭਾ ਸੁਣੀ ਏ, ਮੈਂ ਉਹਦਾ ਜਲਾਲ ਦੇਖਣਾ ਚਾਹੁੰਦਾ ਹਾਂ।

—ਹੁਣ ਵਾਰ ਤੁਸੀਂ ਕਰੋ, ਮੈਂ ਆਪਣੀ ਵਾਰ ਪੁਗਾ ਬੈਠਾ ਹਾਂ।

ਗੁਰਾਂ ਐਵੇਂ ਫੋਕੇ ਤੀਰ ਚਲਾਏ ਤੇ ਆਪਣੀ ਵਾਰੀ ਲਾਹ ਲਈ।

ਹਰੀ ਚੰਦ ਨੂੰ ਗੱਲਾਂ ਬਾਤਾਂ 'ਚ ਖ਼ੂਬ ਮੌਕਾ ਮਿਲ ਗਿਆ। ਉਸ ਪਹਿਲੀ ਉਸਤਾਦੀ ਫੇਰ ਵਰਤੀ, ਚਿੱਲਾ ਇਕ ਵਾਰ ਫਿਰ ਚੜ੍ਹਾਇਆ ਤੇ ਉਹਦੇ ਵਿਚ ਤਿੰਨ ਤੀਰ ਇਕੱਠੇ ਰੱਖੇ, ਤਿੰਨਾਂ ਦੇ ਨਿਸ਼ਾਨੇ ਵੱਖਰੇ। ਤਿੰਨਾਂ ਦੀਆਂ ਸੇਧਾਂ ਅੱਡ, ਤਿੰਨਾਂ ਦੇ ਰੁਖ ਆਪਣੇ ਆਪਣੇ ਸਨ।

ਇਕ ਤੀਰ ਕੰਨ ਦੇ ਕੋਲ ਦੀ ਸ਼ੂਕਦਾ ਨਿਕਲ ਗਿਆ ਤੇ ਦੂਜਾ ਘੋੜੇ ਦੀ ਜਾਨ ਦਾ ਖੌ ਬਣਿਆ ਤੇ ਤੀਜਾ ਫੇਰ ਪੇਟੀ ਨੂੰ ਆਣ ਲੱਗਾ। ਹੁਣ ਜ਼ਖ਼ਮ ਕੁਝ ਗਹਿਰਾ ਸੀ।

ਸਤਿਗੁਰਾਂ ਫੇਰ ਹਰੀ ਚੰਦ ਦੀ ਵਾਹ ਵਾਹ ਕੀਤੀ। ਪਰ ਜ਼ਖਮ ਲੱਗਾ ਸੀ, ਦਰਦ ਮਾੜੀ ਜਿਹੀ ਹੋਈ, ਤਰੇਲੀ ਆਈ, ਆਪਣੀ ਬਾਣੀ 'ਚ ਫ਼ਰਮਾਇਆ ਸਤਿਗੁਰ :—

ਜਬੈ ਬਾਣ ਲਾਗਯੋ। ਤਬੈ ਰੋਸ ਜਾਗਯੋ। ਕਰੰ ਲੈ ਕਮਾਣੰ। ਹਣੰ ਬਾਣ ਤਾਣੰ।
ਸਬੈ ਬੀਰ ਧਾਏ। ਸਰੋਘਾ ਚਲਾਏ। ਤਬੈ ਤਾਕਿ ਬਾਣੰ। ਹਨਯੋ ਏਕ ਜੁਆਣੰ।
ਹਰੀ ਚੰਦ ਮਾਰ੍ਹੇ। ਸੁ ਜੋਧਾ ਲਤਾਰੇ। ਸੁ ਕਾਰੋੜ ਰਾਯੰ। ਵਹੈ ਕਾਲ ਘਾਯੰ।
ਰਣੰ ਤਿਆਗਿ ਭਾਗੇ। ਸਬੈ ਤ੍ਰਾਸ ਪਾਗੇ। ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ।
ਰਣੰ ਜੀਤਿ ਆਏ। ਜਯੰ ਗੀਤ ਗਾਏ। ਧੰਨ ਭਾਗ ਬਰਖੇ। ਸਬੈ ਸੂਰ ਹਰਖੇ।

ਗੁਰੂ ਗੋਬਿੰਦ ਰਾਏ ਨੇ ਕਮਾਨ ਤੇ ਚਿੱਲਾ ਚੜ੍ਹਾਇਆ ਤੇ ਜ਼ੋਰ ਦੀ ਤੀਰ ਮਾਰਿਆ। ਇਕੋ ਤੀਰ, ਦੂਜੇ ਦੀ ਲੋੜ ਨਹੀਂ ਪਈ, ਇਕ ਵਾਰ ਸੀ ਤੇ ਤੀਰ ਦੋ ਚਲਾਏ ਸਨ। ਇਕ ਨੇ ਘੋੜਾ ਤੜਫ਼ਾ ਸੁਟਿਆ ਤੇ ਦੂਜਾ ਤੀਰ ਹਰੀ ਚੰਦ ਦੀ ਛਾਤੀ ਤੇ ਲੱਗਾ, ਪਾਰ ਹੋ ਗਿਆ, ਹਾਏ ਰਾਮ ਇਕੋ ਵਾਰੀ ਆਖੀ, ਜਾਨ ਦੇ ਦਿੱਤੀ ਪਰ ਸਤਿਗੁਰ ਅਜੇ ਵੀ ਹਰੀ ਚੰਦ ਦੀ ਬਹਾਦਰੀ ਦੀ ਤਾਰੀਫ਼ ਕਰ ਰਹੇ ਸਨ।

ਧਨੁਸ਼ਧਾਰੀ ਵੇਖਿਐ ਤੇ ਹਰੀ ਚੰਦ, ਮੈਂ ਨਮਸਕਾਰ ਕਰਦਾ ਹਾਂ ਤੇਰੀ ਕਲਾ ਨੂੰ।

★★

ਲੱਡੂਆਂ ਭਰੀ ਥਾਲੀ ੧੨੪

1783 ਬਿਕਰਮੀ ਤੇ **1686** ਈਸਵੀ ਨੂੰ ਇਹ ਯੁੱਧ ਸਮਾਪਤ ਹੋਇਆ। ਹੁਣ ਮੈਦਾਨ ਖ਼ਾਲੀ ਸੀ ਜਾਂ ਮੁਰਦਿਆਂ ਦੇ ਢੇਰ ਸਨ ਜਾਂ ਗਿਰਝਾਂ ਦੇ ਗਿਰੋਹ ਜਾਂ ਜ਼ਖ਼ਮੀ ਬਹਾਦਰਾਂ ਦੀਆਂ ਚੀਖਾਂ। ਨਗਾਰਾ ਵੱਜ ਰਿਹਾ ਸੀ। ਗੁਰੂ ਦੇ ਸੇਵਕਾਂ ਦੇ ਹੌਸਲੇ ਬੁਲੰਦ ਹੋ ਚੁਕੇ ਸਨ। ਉਹਨਾਂ ਨੂੰ ਯਕੀਨ ਹੋ ਚੁਕਾ ਸੀ ਕਿ ਅਸੀਂ ਵੀ ਲੜ ਸਕਦੇ ਹਾਂ। ਇਹ ਹਊਆ ਜੰਗ ਦਾ ਐਵੇਂ ਡਰ ਈ ਸੀ। ਲੜਨਾ ਕਸਬ ਨਾਲ ਤੇ ਮਰਨਾ ਜਵਾਂਮਰਦੀ। ਦਲੇਰੀ, ਹੌਂਸਲਾ ਤੇ ਸਿਦਕ ਈ ਲੜਦੇ। ਤਾਕਤ ਕੰਮ ਦਿੰਦੀ ਏ ਪਰ ਜਜ਼ਬਾ ਸਭ ਤੋਂ ਉਪਰ।

ਬਸ ਕਰੋ, ਬਹੁਤ ਹੋ ਚੁਕਾ। ਹੁਣ ਨਾਅਰੇ ਮਾਰਨੇ ਤੇ ਨਗਾਰੇ ਵਜਾਉਣ ਦਾ ਸਮਾਂ ਨਹੀਂ। ਹੁਣ ਜ਼ਖ਼ਮੀ ਯੋਧਿਆਂ ਦੀ ਮਰਹਮ ਪੱਟੀ ਦਾ ਵਕਤ ਏ ਤੇ ਸਵਰਗ ਸਿਧਾਰੇ ਬਹਾਦਰਾਂ ਦੇ ਸਰੀਰ ਨੂੰ ਟਿਕਾਣੇ ਲਾਉਣ ਦੀ ਲੋੜ ਏ। ਜੇ ਇਹ ਨਾ ਸੰਭਾਲੇ ਗਏ ਤਾਂ ਬੀਮਾਰੀ ਫੈਲੇਗੀ, ਬਦਬੂ ਉੱਠੇਗੀ। ਜਿਹੜੇ ਜਵਾਨ ਬਚ ਸਕਦੇ ਹਨ ਉਹਨਾਂ ਨੂੰ ਬਚਾਉ, ਇਹ ਸਾਡਾ ਇਨਸਾਨੀ ਫ਼ਰਜ਼ ਏ। ਇਹਦੇ ਵਿਚ ਹਿੰਦੂ, ਮੁਸਲਮਾਨਾਂ ਦਾ ਵਿਤਕਰਾ ਬਿਲਕੁਲ ਨਹੀਂ ਹੋਣਾ ਚਾਹੀਦਾ। ਇਹ ਗੁਰੂ ਨਾਨਕ ਦੇਵ ਦੀ ਤਾਲੀਮ ਏ, ਇਹ ਸਾਰੀ ਕਾਇਆਨਾਤ ਇਕੋ ਪ੍ਰਮੇਸ਼ਵਰ ਦੀ ਔਲਾਦ ਏ। ਇਹ ਮੁਸਲਮਾਨ, ਹਿੰਦੂ ਅਸਾਂ ਬਣਾਏ ਹੋਏ ਹਨ। ਇਹ ਸਾਡੀ ਸੁਸਾਇਟੀ ਦੀ ਪੈਦਾਵਾਰ ਹਨ। ਗੁਰੂ ਗੋਬਿੰਦ ਰਾਏ ਨੇ ਫ਼ਰਮਾਨ ਜਾਰੀ ਕੀਤਾ।

ਹੁਣ ਸਿਰਫ਼ ਮਰਹੱਮ ਪੱਟੀ ਤੇ ਜ਼ੋਰ ਸੀ । ਜੀਊਂਦੇ ਸਹਿਕਦੇ ਬੰਦੇ ਲਾਸ਼ਾਂ ਵਿਚੋਂ ਕੱਢੇ ਗਏ ਤੇ ਉਹਨਾਂ ਦਾ ਇਲਾਜ ਸ਼ੁਰੂ ਕੀਤਾ ਗਿਆ । ਲੰਗਰ ਦਾ ਪ੍ਰਬੰਧ ਪੂਰਾ ਸੀ ਸਿਰਫ਼ ਇੰਤਜ਼ਾਮ ਹੀ ਕਰਨਾ ਸੀ । ਇਸ ਕੰਮ ਵਿਚ ਗੁਰ ਸੇਵਕ ਬੜੇ ਹੋਸ਼ਿਆਰ ਤੇ ਤਜਰਬੇਕਾਰ ਸਨ ।

ਸੰਗਤ-ਪੰਗਤ ਦੀ ਮਰਿਆਦਾ ਦਾ ਰਿਵਾਜ ਬੜੇ ਚਿਰ ਤੋਂ ਚਲਿਆ ਆ ਰਿਹਾ ਸੀ । ਲੰਗਰ ਜ਼ਰੂਰੀ ਸੀ ਤੇ ਭੁੱਖੇ ਤੇ ਹੰਕਾਰੇ ਬੰਦਿਆਂ ਦੀ ਭੁੱਖ ਨੂੰ ਅੰਨ ਨਾਲ ਹੀ ਮੱਠਾ ਕੀਤਾ ਜਾ ਸਕਦਾ ਏ । ਪਹਿਚਾਨ ਕੀਤੀ ਗਈ ਕਿਹੜਾ ਮੁਸਲਮਾਨ ਏ, ਉਹਦੀਆਂ ਕਬਰਾਂ ਇਸਲਾਮੀ ਰਿਵਾਜ ਦੇ ਮੁਤਾਬਿਕ ਪੀਰ ਬੁੱਧੂ ਸ਼ਾਹ ਦੇ ਜ਼ੁੰਮੇ ਲੱਗੀਆਂ । ਬਾਕੀ ਹਿੰਦੂਆਂ ਦਾ ਸੰਸਕਾਰ ਮਰਿਆਦਾ ਦੇ ਮੁਤਾਬਕ ਕੀਤਾ ਗਿਆ । ਸ਼ਾਮ ਤੱਕ ਭੰਗਾਣੀ ਦੇ ਮੈਦਾਨ ਵਿਚ ਕੋਈ ਲਾਸ਼ ਸੀ ਤੇ ਨਾ ਕੋਈ ਸਹਿਕਦਾ ਜ਼ਖਮੀ ਬੰਦਾ । ਸਾਰਿਆਂ ਨੂੰ ਡੇਰਿਆਂ ਵਿਚ ਆਰਾਮ ਕਰਨ ਲਈ ਲੈ ਆਂਦਾ ਗਿਆ ਸੀ ।

ਇਕ ਪਠਾਣ ਆਖ ਰਿਹਾ ਸੀ, "ਅਸਾਂ ਬੇਮੁੱਖ ਹੋ ਕੇ ਕੀ ਖੱਟਿਆ, ਕੁੱਤੇ ਨੇ ਹਾਂਡੀ 'ਚ ਮੂੰਹ ਪਾਇਆ ਤੇ ਜ਼ਾਤ ਪਛਾਣੀ ਗਈ ।"

—ਗੁਰਾਂ ਨੇ ਸਾਡੀ ਸੇਵਾ ਕਰਕੇ ਯਸ਼ ਵੀ ਖੱਟਿਆ ਤੇ ਸਾਨੂੰ ਮੁਰੀਦ ਵੀ ਬਣਾ ਲਿਆ ।

ਗੁਰੂ ਦਾ ਦਰਬਾਰ ਸੱਜਿਆ ਤੇ ਸਾਰਿਆਂ ਹਾਜ਼ਰੀ ਭਰੀ । ਜ਼ਖਮੀ ਤੇ ਅੰਗਹੀਣ ਲੋਕਾਂ ਨੂੰ ਭੱਤੇ ਦਿੱਤੇ ਗਏ । ਮਰਨ ਵਾਲਿਆਂ ਨੂੰ ਮਾਲੀ ਇਮਦਾਦ । ਇਨਾਮ ਕਰਾਮ ਵੰਡੇ, ਦਿਲ ਖੋਲ੍ਹ ਕੇ ਖ਼ਜ਼ਾਨੇ ਦਾ ਮੂੰਹ ਖੁੱਲ੍ਹਾ ਰੱਖਿਆ । ਕੋਈ ਰਹਿ ਨਾ ਜਾਏ. ਨਿਹਾਲ ਕਰ ਦਿੱਤਾ ਸਾਰਾ ਇਲਾਕਾ, ਗੁਰੂ ਦੀ ਸ਼ੋਭਾ ਵਧੀ, ਜੈ-ਜੈ ਕਾਰ ਹੋਈ ਤੇ ਪਹਾੜੀ ਬਾਈ ਧਾਰਾਂ ਦੇ ਰਾਜੇ ਫਿਟਕਰਾਂ ਜੋਗੇ ਰਹਿ ਗਏ । ਘਰੋਂ ਲਾਅਨਤਾਂ ਤੇ ਬਿਰਾਦਰੀ ਵਿਚੋਂ ਬਦਨਾਮੀ ।

-- ਗਵਾਂਢੀ ਤੇ ਮਾਂ-ਪਿਉ ਜਾਏ ਹੁੰਦੇ ਹਨ, ਉਹਨਾਂ ਨਾਲ ਵੈਰ, ਉਹਨਾਂ ਨਾਲ ਦੁਸ਼ਮਣੀ, ਜੰਗ ਗਵਾਂਢ ਨਾਲ, ਡੁੱਬ ਮਰੋ । ਕੁੜਮ ਕੁਪੱਤਾ ਹੋਏ ਗਵਾਂਢ ਕਪੱਤਾ ਨਾ ਹੋਏ ।

ਭੀਮ ਚੰਦ ਨੂੰ ਜਦੋਂ ਸਰਦਾਰ ਚੁਣ ਲਿਆ ਤਾਂ ਫੇਰ ਉਹਦੀ ਸਰਦਾਰੀ ਤੇ ਕਬੂਲਣੀ ਪੈ ਗਈ । ਅਸਾਂ ਬੜਾ ਮੋੜਿਆ, ਪਰ ਉਹ ਪੱਥਰ ਬਣ ਚੁੱਕਾ ਸੀ ।

—ਸਵਾਣੀਆਂ ਨੇ ਬਾਂਹ ਕੱਢ ਕੇ ਆਖਿਆ, "ਘਰੋਂ ਤਾਂ ਜੰਝੇ ਗਏ ਸਉ. ਜਾ ਵੜੇ ਜੰਗ ਦੇ ਮੈਦਾਨ ਵਿਚ, ਤੁਸੀਂ ਤਾਂ ਬਚ ਗਏ ਹੋ ਜੇ ਅੱਗੋਂ ਗੁਰੂ ਨਾ ਹੁੰਦਾ । ਮੁਗ਼ਲ ਸੈਨਾ ਨਾਲ ਜੋੜ ਪੈ ਜਾਂਦਾ ਤੇ ਸਾਰੇ ਪਹਾੜੀ ਰਾਜਿਆਂ ਦੀਆਂ ਰਾਣੀਆਂ ਰੰਡੀਆਂ ਹੋ ਜਾਂਦੀਆਂ । ਭਾਜੀ ਵਿਆਹ ਦੀ ਸੀ, ਜੰਗ ਦੀ ਨਹੀਂ ਸੀ ।

— ਬੇਸ਼ਰਮ ਬੇਹਯਾ ਰਾਜੇ ਅੱਖਾਂ ਤੇ ਘਸੁੰਨ ਦੇ-ਦੇ ਕੇ ਰੋਂਦੇ. ਮੱਤ ਮਾਰੀ ਗਈ ਸੀ । ਭੀਮ ਚੰਦ ਨੂੰ ਮੈਦਾਨ ਵਿਚ ਛੱਡ ਆਉਣਾ ਸੀ । ਆਪੇ ਉਹਦੇ ਟੁਕੜੇ ਬਹਿ ਹੋ ਜਾਂਦੇ । ਭੀਮ ਚੰਦ ਸੀ ਜਾਂ ਰਾਜਾ ਰਸਾਲੂ । ਕੀ ਉਦੋਂ ਤੁਹਾਡੀ ਅਕਲ ਚਰਨੇ ਗਈ ਸੀ ।

ਇਕ ਬੰਦੇ ਦੀ ਪੱਗ ਲਾਹ ਲੈਂਦੇ ਓ, ਬਦਨਾਮੀ ਤੁਹਾਡੇ ਮਗਰ ਡੁਗਡੁਗੀ ਵਜਾਉਂਦੀ ਫਿਰਦੀ ਏ ।

—ਜੋ ਕੁਝ ਹੋਇਆ ਬੁਰਾ ਹੋਇਆ, ਅਜੇ ਵੀ ਸਲਾਹ ਕਰ ਲਉ. ਗੁਰੂ ਬਖਸ਼ ਦੇਵੇਗਾ। ਤੁਹਾਡੇ ਹਮਦਰਦ ਹੀ ਗੁਰੂ ਹਨ । ਤੁਹਾਡੀ ਰਖਸ਼ਾ ਇਨ੍ਹਾਂ ਗੁਰੂਆਂ ਤੋਂ ਬਗ਼ੈਰ ਕਿਸੇ ਨਹੀਂ ਕਰਨੀ।

ਤਿੰਨ ਰਾਜੇ ਮਾਰੇ ਗਏ। ਗੁਰੂ ਨੇ ਉਨ੍ਹਾਂ ਦਾ ਪਿੱਛਾ ਤੇ ਨਹੀਂ ਕੀਤਾ, ਕੋਈ ਜਾਗੀਰ ਤੇ ਨਹੀਂ ਨਾ ਸੰਭਾਲੀ, ਕੋਈ ਤਖ਼ਤ ਤੇ ਨਹੀਂ ਨਾ ਖੋਹਿਆ, ਉਹ ਤੁਹਾਡਾ ਸੱਜਣ ਏ ਦੁਸ਼ਮਣ ਨਹੀਂ। ਇਕ ਬੁੱਢੀ ਪਹਾੜਨ ਆਖ ਰਹੀ ਸੀ।

ਦਰਬਾਰ ਵਿਚ ਗੁਰੂ ਗੋਬਿੰਦ ਰਾਏ ਨੇ ਚਾਨਣੀ ਤਾਣੀਂ ਤੇ ਆਸੇ ਪਾਸੇ ਕਨਾਤ। ਦੀਵਾਨ ਖਚਾਖਚ ਭਰ ਗਿਆ।

ਬਖ਼ਸ਼ਿਸ਼ ਦਾ ਪ੍ਰਵਾਹ ਵੱਗ ਗਿਆ। ਮੈਂ ਉਨ੍ਹਾਂ ਜੋਧਿਆਂ ਦੀ ਬੜੀ ਕਦਰ ਕਰਦਾ ਹਾਂ ਜਿਨ੍ਹਾਂ ਧਰਮ-ਯੁੱਧ ਵਿਚ ਆਪਣੀਆਂ ਜਾਨਾਂ ਵਾਰੀਆਂ ਨੇ, ਮੇਰਾ ਸਿਰ ਝੁਕਦੈ ਉਨ੍ਹਾਂ ਸ਼ਹੀਦਾਂ ਅੱਗੇ। ਸੰਗੋ ਸ਼ਾਹ ਮੇਰਾ ਆਪਣਾ ਲਹੂ, ਮੇਰੇ ਵਿਰਸੇ ਦਾ ਖ਼ੂਨ ਸੰਗੋ ਸ਼ਾਹ ਉਸ ਨੂੰ ਸ਼ਾਹ ਸੰਗਰਾਮ ਦੇ ਨਾਂ ਨਾਲ ਸਤਿਕਾਰਦਾ ਹਾਂ।

—ਜੀਤ ਮੱਲ ਹਠੀ ਏ, ਬਹਾਦਰ ਏ, ਸੂਰਬੀਰ ਏ, ਹੱਠ ਰੱਖਣੀ, ਹੱਠ ਵਿਖਾਉਣੀ ਤੇ ਹੱਠ 'ਤੇ ਅੜੇ ਰਹਿਣਾ ਹੀ ਸੂਰਮਤਾਈ ਏ। ਇਹ ਹੱਠੀ ਭਰਾ ਜੀਤ ਮੱਲ।

ਗੁਲਾਬ ਚੰਦ ਸੂਰਮਿਆਂ ਵਿਚ ਸੂਰਮਾਂ, ਬਹਾਦਰਾਂ ਵਿਚ ਬਹਾਦਰ, ਯੋਧਿਆਂ ਦਾ ਸਰਦਾਰ ਗ਼ਾਜ਼ੀ ਸ਼ਹੀਦ।

—ਹੀਰਾ ਰਾਮ ਵਰਗਾ ਨਿਸ਼ਾਨਚੀ, ਤੀਰ ਅੰਦਾਜ਼ ਤੇ ਹੌਂਸਲੇ ਵਾਲਾ ਮਰਦ ਮੈਨੂੰ ਘੱਟ ਈ ਵੇਖਣ 'ਚ ਆਇਐ।

ਨਿਰੀ ਹੌਂਸਲੇ ਦੀ ਮੂਰਤੀ, ਧੀਰਜ ਦੀ ਸਮਾਧੀ ਇਹੋ ਉਹਦੀ ਸ਼ਾਨ ਏ।

ਮਹੰਤ ਕ੍ਰਿਪਾਲ ਦਾਸ ਸ਼ਾਂਤ ਚਿੱਤ ਭਗਤ, ਜਿੰਨ ਲਾਜ ਰੱਖ ਲਈ ਉਦਾਸੀ ਪੰਥ ਦੀ।

- ਸੱਯਦ ਬੁੱਧੂ ਸ਼ਾਹ ਦਾ ਪੁੱਤ, ਸੱਯਦ ਮੁਹੰਮਦ ਸ਼ਾਹ ਜੰਨਤ ਵਿਚ ਗਏ ਹਨ। ਗ਼ਾਜ਼ੀ, ਸੱਯਦ ਅਸ਼ਰਫ਼, ਸ਼ਹੀਦ ਅੱਲਾਹ ਦੇ ਨਾਂ ਤੇ ਪੀਰ ਬੁੱਧੂ ਸ਼ਾਹ ਦਾ ਭਰਾ ਤੇ ਦੂਜਾ ਪੁੱਤ ਵੀ ਬਾਰਗਾਹੇ ਇਲਾਹੀ ਵਿਚ ਜਾ ਬੈਠੇ ਹਨ।

ਮੈਂ ਸਾਰਾ ਦਿਨ ਲੱਕੜੀ ਦੀ ਤੋਪ ਦੀ ਆਵਾਜ਼ ਸੁਣਦਾ ਰਿਹਾ ਹਾਂ। ਪਹਾੜੀ ਰਾਜੇ ਡਰ ਦੇ ਮਾਰੇ ਅੱਗੇ ਨਹੀਂ ਸਨ ਵਧੇ। ਤੋਪ ਜੰਗ ਦੀ ਜਾਨ ਸੀ। ਭਾਈ ਰਾਮਾ ਨੇ ਗੁਰੂ ਦੀ ਲਾਜ ਰੱਖ ਲਈ ਏ, ਗੁਰੂ ਮਿਹਰਬਾਨ, ਸਿਰੋਪਾ ਦਿੱਤਾ ਕਾਰੀ ਦੇ ਭਾਈ ਰਾਮਾ ਨੂੰ।

ਮੈਂ ਉਨ੍ਹਾਂ ਤਿੰਨਾਂ ਪਹਾੜੀ ਰਾਜਿਆਂ ਦਾ ਵੀ ਦੇਣਦਾਰ ਹਾਂ, ਜਿਨ੍ਹਾਂ ਨੇ ਆਪਣੇ ਧਰਮ ਤੇ ਖੜੇ ਹੋ ਕੇ ਇਸ ਯੁੱਧ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ ਨੇ, ਗੁਰੂ ਉਨ੍ਹਾਂ ਦੇ ਸਿਰ ਤੇ ਮਿਹਰ ਦਾ ਹੱਥ ਰੱਖੇ।

ਗੋਲੀ ਲੱਡੂਆਂ ਦਾ ਥਾਲ ਭਰੀ ਛਣ ਛਣ ਕਰਦੀ ਸਿੱਧੀ ਹਜ਼ੂਰ ਦੇ ਹਾਜ਼ਰ ਆਣ ਹੋਈ।

ਮੁਬਾਰਕਾਂ, ਸਤਗੁਰੂ ਮਾਤਾ ਸੁੰਦਰੀ ਦੀ ਕੁੱਖ ਤੋਂ ਸਹਿਬਜ਼ਾਦੇ ਨੇ ਜਨਮ ਲਿਆ ਏ।

ਖ਼ੁਸ਼ੀਆਂ ਦੂਣ ਸਵਾਈਆਂ ਹੋ ਗਈਆਂ, ਰੰਗ ਚੜ੍ਹਿਆ ਖ਼ੁਸ਼ੀਆਂ ਉੱਤੇ, ਫੇਰ ਕੀ ਸੀ ਵਜਦ ਵਿਚ ਆਏ ਸਤਗੁਰ ਮੇਹਰਾਂ ਦੀ ਬਰਖਾ ਕਰਨ ਲੱਗ ਪਏ ਤੇ ਭੰਗਾਣੀ ਦੇ ਯੁੱਧ ਜਿੱਤਣ ਦੀ ਖ਼ੁਸ਼ੀ ਵਿਚ ਸਾਹਿਬਜ਼ਾਦੇ ਦਾ ਨਾਂ ਅਜੀਤ ਰੱਖਿਆ।

ਇਹ ਨਿਸ਼ਾਨੀ ਭੰਗਾਣੀ ਦੇ ਯੁੱਧ ਦੀ ਏ, ਯਾਦਗਾਰ ਜਿੱਤ ਦੀ, ਹਮਦਰਦੀ, ਪਿਆਰ ਤੇ ਉਤਸ਼ਾਹ ਵੰਡਿਆ ਸਾਹਿਬਾਂ ਸਾਰੇ ਦਰਬਾਰ ਵਿਚ।

''ਮਾਲਾ ਜਪੋ ਤੇ ਤਲਵਾਰ ਦੀ ਪਰਖ ਕਰੋ। ਘੋੜ ਸਵਾਰੀ, ਨੇਜ਼ੇਬਾਜ਼ੀ ਤੇ ਤੀਰ ਚਲਾਉਣਾ ਸਿੱਖੋ। ਇਹੋ ਤੁਹਾਡਾ ਧਰਮ ਏ'' ਬਚਨ ਸਨ ਸਤਿਗੁਰਾਂ ਦੇ।

*

ਕਾਵਿ ਸ਼ਾਲਾ ੧੨੫

ਕਿਉਂ ਬਈ ਇਹ ਢੰਡੋਰਾ ਕਾਹਦਾ ਫਿਰਦੈ !
ਤੈਨੂੰ ਨਹੀਂ ਪਤਾ ? ਕੰਨਾਂ 'ਚ ਬੁੱਜੇ ਲਏ ਨੀ ?
ਨਹੀਂ, ਇਹ ਗੱਲ ਨਹੀਂ। ਮੇਰਾ ਧਿਆਨ ਹੋਰ ਪਾਸੇ ਸੀ।
ਤਾਂ ਫਿਰ ਹੁਣ ਸੁਣ ਲੈ, ਢੋਲ ਵਾਲਾ ਢੰਡੋਰਚੀ ਇਧਰ ਹੀ ਆ ਰਿਹੈ।
ਾਂਡੂ-ਘਸੀਟੇ ਨਾਲ ਗੱਲ ਕਰ ਰਿਹਾ ਸੀ।

ਢੰਡੋਰਚੀ ਨੇ ਢੋਲ ਤੇ ਡਗਾ ਲਾਇਆ ਤੇ ਲੋਕ ਜੁੜ ਗਏ ਉਸ ਦੇ ਐਲਾਨ ਨੂੰ ਸੁਣਨ ਲਈ "ਸੁਣੋ ਪਉਂਟਾ ਵਾਸੀਓ ! ਬਾਦਸ਼ਾਹ ਦਰਵੇਸ਼-ਪਰਮ ਯੁਗ ਪੁਰਸ਼ ਗੁਰੂ ਗੋਬਿੰਦ ਰਾਏ ਦੇ ਮੁਖਾਰਬਿੰਦ ਚੋਂ ਨਿਕਲੇ ਸ਼ਬਦਾਂ ਨੂੰ। ਫ਼ਰਮਾਨ ਏ ਗੁਰੂ ਮਹਾਰਾਜ ਦਾ ਕਿ ਕਲ ਸਵੇਰੇ ਕੀਰਤਨ ਪਿੱਛੋਂ ਪਉਂਟਾ ਵਿਚ ਆਏ ਕਵੀਆਂ ਦੀਆਂ ਕਵਿਤਾਵਾਂ ਸੁਣੀਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਣਗੇ। ਸਾਰੀ ਸੰਗਤ ਹੁਮ ਹੁਮਾ ਕੇ ਜੁੜੇ ਤੇ ਕਵੀਆਂ ਦੇ ਹੌਸਲੇ ਬੁਲੰਦ ਕਰੇ। ਬਾਅਦ ਵਿਚ ਲੰਗਰ ਦੇ ਖੁੱਲ੍ਹੇ ਗੱਫੇ ਵੀ ਮਿਲਣਗੇ......।"

ਲੋਕ ਅੱਖਾਂ ਹੀ ਅੱਖਾਂ ਵਿਚ ਇਕ ਦੂਜੇ ਨਾਲ ਗੱਲਾਂ ਕਰਦੇ ਕਿਰਨਮ ਕਿਰਨੀ ਹੋ ਗਏ।

ਪਉਂਟਾ, ਹਿਮਾਲਾ ਦੀ ਗੋਦੀ ਚੋਂ ਨਿਕਲੀ ਗੰਗੋਤਰੀ ਦੀ ਧੀ ਜਮਨਾ ਦੇ ਕੰਢੇ ਤੇ ਨਵਾਂ ਵੱਸਿਆ ਨਗਰ, ਗੁਰੂ ਗੋਬਿੰਦ ਰਾਏ ਦੇ ਚਰਨ (ਪੈਰ) ਪਏ ਅਤੇ ਟਿਕੇ ਤਾਂ ਨਗਰ ਦਾ ਨਾਂ ਪਾਉਂ-ਟਿਕਾ ਭਾਵ ਪਾਉਂਟਾ ਪ੍ਰਸਿੱਧ ਹੋ ਗਿਆ। ਨੱਗਰ ਦੇ ਪੈਰਾਂ ਵਿਚ ਪਹਾੜੋਂ ਉਤਰ ਕੇ ਰੌਲਾ ਪਾਉਂਦੀ, ਪੱਥਰ-ਗੀਟੇ ਖੇਡਦੀ ਜਮਨਾ ਮਸਤ ਚਾਲ ਦੀ ਤੋਰ ਇੱਥੋਂ ਹੀ ਤੇ ਸ਼ੁਰੂ ਕਰਦੀ ਹੈ।

ਕਵੀਆਂ ਨੂੰ ਗੁਰੂ ਸਾਹਿਬ ਦੇ ਹੁਕਮਨਾਮੇ ਮਿਲ ਗਏ ਕਲਮ ਪਰਖ ਦੇ। ਕਵਿਤਾ ਵੀ ਤੇ ਜ਼ਬਾਨੀ ਸੁਣਾਉਣ ਦਾ ਆਦੇਸ਼ ਸੀ। ਪਤਾ ਨਹੀਂ ਸਮੇਂ ਸਿਰ ਕਵਿਤਾ ਫਿਲਬਦੇਹੀ ਕਹਿਣ ਦਾ ਹੁਕਮ ਹੋ ਜਾਏ। ਇਹ ਤਾਂ ਗੁਰਾਂ ਦੀ ਮੌਜ ਏ ਪਤਾ ਨਹੀਂ ਕਿੱਧਰ ਮੁਹਾਰਾਂ ਮੋੜ ਲੈਣ।

ਸੂਰਜ ਢੱਲ ਗਿਆ-ਸ਼ਾਮ ਦਾ ਸੁਰਮਈ ਚਿਹਰਾ ਮੁਸਕਰਾਉਣ ਲਗਾ। ਕੁਝ ਕਵੀ ਜਮਨਾ ਕੰਢਿਉਂ ਰਵਾਂ ਰਵੀਂ ਗੁਰੂ ਵੱਲ ਨੂੰ ਆਉਂਦੇ ਨਜ਼ਰ ਆਏ। ਹੱਥ ਜੋੜ ਗੁਰਾਂ ਮੂਹਰੇ ਆ ਖੜੇ ਹੋਏ। ਗੁਜ਼ਾਰਸ਼ ਏ ਪਾਤਸ਼ਾਹ :

—ਦੱਸੋ ਬਈ ਵਿਦਵਾਨੋਂ ਕੀ ਗੱਲ ਏ ?

—ਇਕ ਕਵੀ ਨੇ ਅੱਗੇ ਵੱਧ ਕੇ ਜੋਦੜੀ ਕੀਤੀ। ਪਾਤਸ਼ਾਹ, ਕਲ ਨੂੰ ਕਵਿਤਾ-ਪਰਖ ਦਾ ਹੁਕਮ ਏ ਆਪਦਾ-ਕਿਵੇਂ ਰਹੂੰ ਬਣੇਗਾ ਕਵਿਤਾ ਕਹਿਣ ਦਾ ?

—ਕਿਉਂ ਬਈ ਅਜਿਹੀ ਕਿਹੜੀ ਗੱਲ ਏ ?

— ਜਮਨਾ ਏਨਾ ਸ਼ੋਰ ਮਚਾਉਂਦੀ ਏ ਕਿ ਦਿਲ ਤੇ ਦਿਮਾਗ਼ ਦੀ ਇਕਸੁਰਤਾ ਨਹੀਂ ਬਣਦੀ। ਕਵਿਤਾ ਦੇ ਬੋਲ ਫੜ ਨਹੀਂ ਹੁੰਦੇ। ਸ਼ਬਦਾਂ ਦੀ ਡੋਰ ਹੱਥੋਂ ਫਿਲਕ ਜਾਂਦੀ ਏ-ਅਲੰਕਾਰ ਨੇੜੇ ਆਉਂਦੇ-ਆਉਂਦੇ ਦੂਰ ਨੱਸ ਜਾਂਦੇ ਨੇ। ਬਿੰਬ ਖੰਭ ਲਾ ਕੇ ਉਡਾਰੀ ਮਾਰ ਜਾਂਦੇ ਨੇ ਅਤੇ ਪ੍ਰਤੀਕ ਰਾਹੋਂ ਭਟਕਦੇ ਨੇ। ਕੋਈ ਉਪਰਾਲਾ ਕਰੋ।

—ਜਮੁਨਾ ਨੂੰ ਹੁਕਮ ਦਿਓ ਕਿ ਉਹ ਸ਼ੋਰ ਨਾ ਮਚਾਵੇ। ਦੂਜੇ ਕਵੀ ਦੇ ਬੋਲ ਸਨ ਜਿਸ ਦੀਆਂ ਅੱਖਾਂ ਵਿਚ ਤਰਲਾ ਸਾਫ਼ ਝਲਕਦਾ ਸੀ।

—ਕਾਦਰ ਦੀ ਕੁਦਰਤ ਤੇ ਉਸਦੀ ਖੇਡ ਨੂੰ ਕੌਣ ਰੋਕ ਸਕਦਾ ਏ ? ਅਸੀਂ ਕੁਦਰਤ ਨੂੰ ਹੁਕਮ ਤਾਂ ਨਹੀਂ ਦੇ ਸਕਦੇ ਹਾਂ, ਅਰਜੋਈ ਜ਼ਰੂਰ ਕਰ ਸਕਦੇ ਹਾਂ। ਚਲੋ ਚਲ ਕੇ ਜੋਦੜੀ ਕਰੀਏ।

ਗੁਰੂ ਸਾਹਿਬ, ਕਵੀਆਂ ਦੀ ਵਹੀਰ ਦੇ ਨਾਲ ਜਮਨਾ ਦੇ ਕੰਢੇ ਪੁੱਜੇ ਅਤੇ ਹੱਥ ਜੋੜ ਕੇ ਸਾਰਿਆਂ ਜਮਨਾ ਵੱਲ ਮੂੰਹ ਕੀਤਾ।

ਗੁਰੂ ਗੋਬਿੰਦ ਰਾਏ ਨੇ ਮੁਖਾਰ ਬਿੰਦ ਚੋਂ ਬੋਲ ਉਚਾਰੇ—

—ਜਮਨਾ ! ਤੂੰ ਕੁਦਰਤ ਦੀ ਧੀ ਹੈਂ ਤੇ ਇਹ ਕਵੀ ਕੁਦਰਤ ਦੇ ਜਾਏ, ਜਿਨ੍ਹਾਂ ਦੇ ਹਿਰਦੇ ਸਾਫ਼ ਸ਼ਫ਼ਾਫ਼ ਹਨ। ਸੁਹਿਰਦ ਹਨ। ਕੋਮਲ ਭਾਵਾਂ ਦੇ ਮਾਲਕ ਹਨ। ਇਹਨਾਂ ਦੀ ਫ਼ਰਯਾਦ ਹੈ ਕਿ ਤੇਰਾ ਸ਼ੋਰ ਇਨ੍ਹਾਂ ਦੀ ਮਨ ਬਿਰਤੀ ਨੂੰ ਤੋੜ ਦਿੰਦਾ ਹੈ ਅਤੇ ਕਵਿਤਾ ਰਚਨ ਵਿਚ ਇਹਨਾਂ ਨੂੰ ਕਸ਼ਟ ਹੁੰਦਾ ਏ। ਬੋਲ ਖਿੰਡਰ ਜਾਂਦੇ ਨੇ। ਲੜੀ ਟੁੱਟ ਜਾਂਦੀ ਏ ਤੇ ਭਾਵ ਜ਼ਖ਼ਮੀ ਹੋ ਜਾਂਦੇ ਨੇ। ਇਹਨਾਂ ਤੇ ਰਹਿਮ ਕਰ ਤਾਂ ਜੋ ਕਾਦਰ ਵਲੋਂ ਬਖ਼ਸ਼ੀ ਦਾਤ ਰਚਨਹਾਰ ਦੇ ਚਰਨਾਂ ਤੇ ਧਰ ਸਕਣ। ਤੂੰ ਸ਼ੋਰ ਨਾ ਪਾ ਰੌਲਾ ਬੰਦ ਕਰ ਅਤੇ ਇਹਨਾਂ ਨਿਮਾਣਿਆਂ ਤੇ ਮਿਹਰ ਦਾ ਹੱਥ ਧਰ। ਇਹ ਕਾਦਰ ਦਾ ਗੁਣ ਗਾਇਨ ਕਰਨ ਵਾਲੇ ਤੇਰਾ ਅਹਿਸਾਨ ਮੰਨਣਗੇ। ਮੇਰੀ ਬੇਨਤੀ ਇਹਨਾਂ ਦੀ ਜੋਦੜੀ ਵਿਚ ਸ਼ਾਮਿਲ ਸਮਝ।

—ਕਾਦਰ ਦਾ ਕਮਾਲ ! ਅਰਦਾਸ ਕਬੂਲ ਹੋਈ। ਉੱਚੇ ਪਰਬਤੋਂ ਡਿੱਗ ਕੇ ਰੌਲਾ ਪਾਉਣ ਵਾਲੀ ਜਮਨਾ ਇਕਦਮ ਸ਼ਾਂਤ ਹੋ ਗਈ। ਕਵੀ ਹੈਰਾਨ ਹੋ ਬਿਟ-ਬਿਟ ਇਕ ਦੂਜੇ ਦੇ ਮੂੰਹ ਵੱਲ ਦੇਖਣ ਲੱਗੇ।

—"ਇਹ ਤਾਂ ਗੁਰੂ ਸਾਹਿਬ ਦਾ ਚੋਜ ਏ ਕਰਨ 'ਕਰਾਵਨ ਆਪੇ ਆਪ।" ਇਕ ਕਵੀ ਦੇ ਬੋਲ ਸਨ।

—ਹੁਣ ਸਮਝ ਆਈ ਰਹੱਸ ਦੀ ਕਿ ਗੁਰੂ ਸਾਹਿਬ ਤਾਂ ਖ਼ੁਦ ਸਰਬ-ਕਲਾ ਸਮਰੱਥ ਹਨ। ਫਿਰ ਕਿਉਂ ਨਾ ਕੁਦਰਤ ਦੀ ਬੇਟੀ ਉਨ੍ਹਾਂ ਦੇ ਕਹਿਣੇਕਾਰ ਹੋਵੇ।

—ਧੰਨ ਗੁਰੂ, ਧੰਨ ਗੁਰੂ ਦੀ ਗੂੰਜ ਨਾਲ ਡੇਰੇ ਵਾਪਸੀ ਹੋਈ।

ਵੈਸਾਖੀ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ

ਗੁ ਖੀ ਸਿਖ ਨੇ ਮਹੀਨੇ ਦਾ ਨਾਂ ਸੁਣਾਇਆ। ਵਿਸਾਖੀ ਦਾ ਬਹੁਤ ਵੱਡਾ ਮਹਾਤਮ ਹੈ। ਇਸ ਦਿਨ ਤੇ ਹੀ ਤਾਂ ਵੱਡੇ-ਭਾਰੇ ਕੁੰਭ ਲਗਦੇ ਨੇ ਪੁਰੀਆਂ ਅਤੇ ਤੀਰਥ ਸਥਾਨਾਂ 'ਤੇ।

—ਤੜਕਸਾਰ ਤੋਂ ਸੰਗਤਾਂ ਇਸ਼ਨਾਨ ਕਰਕੇ ਜੁੜੀਆਂ ਕੀਰਤਨ ਦਾ ਆਨੰਦ ਮਾਣ ਰਹੀਆਂ ਸਨ। ਮਹੀਨੇ ਦੇ ਨਾਂ ਦਾ ਮਹਾਤਮ ਗੁਰਾਂ ਸਮਝਾਇਆ। ਮੁੱਖ ਸੇਵਾਦਾਰ ਨੇ ਉੱਠ ਕੇ ਹੱਥ ਜੋੜ ਗੁਰੂ ਸਾਹਿਬ ਦਾ ਫ਼ਰਮਾਨ ਸੁਣਾਇਆ।

—ਸੱਚੇ ਪਾਤਸ਼ਾਹ ਗੁਰੂ ਗੋਬਿੰਦ ਰਾਏ ਵਾਲੀਏ ਦੋ ਜਹਾਨ ਦੀ ਆਗਿਆ ਨਾਲ ਹੁਣ ਕਵੀ ਦਰਬਾਰ ਦਾ ਆਰੰਭ ਹੋਵੇਗਾ। ਗੁਰੂ ਸਾਹਿਬ ਦਾ ਹੁਕਮ ਹੈ ਕਿ ਅੱਜ ਦੇ ਕਵੀ ਦਰਬਾਰ ਵਿਚ ਉੱਤਮ ਰਚਨਾ ਸੁਣਾਉਣ ਵਾਲਿਆਂ ਨੂੰ ਗੁਰੂ ਸਾਹਿਬ ਖ਼ੁਦ ਸਿਰੋਪਾ ਬਖ਼ਸ਼ਿਸ਼ ਕਰਨਗੇ। ਕਵਿਤਾ ਉਤਮ ਹੋਵੇ ਅਤੇ ਜ਼ਬਾਨੀ ਸੁਣਾਈ ਜਾਵੇ ਪੜ੍ਹ ਕੇ ਨਹੀਂ। ਕਵੀ ਦਰਬਾਰ ਦਾ ਸੰਚਾਲਨ ਮਹੰਤ ਕ੍ਰਿਪਾਲ ਦਾਸ ਕਰਨਗੇ ਅਤੇ ਜਿਸ ਕਵੀ ਦਾ ਨਾਂ ਪੁਕਾਰਿਆ ਜਾਏ ਉਹ ਆਦਰ ਸਹਿਤ ਮੰਚ ਤੇ ਆ ਕੇ ਕਵਿਤਾ ਸੁਣਾਏਗਾ। ਹੁਣ ਕਵੀਦਰਬਾਰ ਸ਼ੁਰੂ ਕਰਨ ਦੀ ਆਗਿਆ ਗੁਰੂ ਸਾਹਿਬ ਦੇਣਗੇ।

— ਗੁਰੂ ਸਾਹਿਬ ਨੇ ਸੇਵਾਦਾਰ ਨੂੰ ਪਾਸ ਬੁਲਾ ਕੇ ਕੁਝ ਕੰਨ ਵਿਚ ਕਿਹਾ।

—ਸੇਵਾਦਾਰ ਨੇ ਮੁੜ ਕਹਿਣਾ ਸ਼ੁਰੂ ਕੀਤਾ "ਗੁਰੂ ਸਾਹਿਬ ਦਾ ਹੁਕਮ ਹੈ ਕਿ ਸਾਰੇ ਕਵੀ ਸਾਹਿਬਾਨ ਹੱਥ ਧੋ ਕੇ ਆਉਣ।"

ਘੁਸਰ ਫੁਸਰ ਸ਼ੁਰੂ ਹੋਈ। ਭਲਾ ਹੱਥ ਧੋਣ ਦਾ ਹੁਕਮ ਕਿਉਂ ?

—ਗੁਰੂ ਦੀਆਂ ਗੁਰੂ ਜਾਣੇ।

- ਸ਼ਾਇਦ ਕਵਿਤਾ ਦੀ ਪਵਿੱਤ੍ਰਤਾ ਕਾਇਮ ਰੱਖਣ ਲਈ ਅਜਿਹਾ ਕੀਤੈ।

ਕੁਝ ਵੀ ਹੈ ਪਰ ਕੋਈ ਰਾਜ਼ ਜ਼ਰੂਰ ਏ।

ਸਾਰੇ ਕਵੀ ਉੱਠੇ ਤੇ ਵਾਰੋ-ਵਾਰੀ ਹੱਥ ਧੋਣ ਇਕ ਕਤਾਰ ਵਿਚ ਜਾ ਲੱਗੇ। ਇਕ ਕਵੀ ਲਘੂ ਸ਼ੰਕਾ ਦੇ ਬਹਾਨੇ ਇਕ ਪਾਸੇ ਖਿਸਕ ਗਿਆ।

ਮੁੜ ਕਵੀ ਬਿਰਾਜ ਗਏ।

ਹੁਣ ਮੁੱਖ ਸੇਵਾਦਾਰ ਦੀ ਥਾਂ ਮਹੰਤ ਕ੍ਰਿਪਾਲ ਦਾਸ ਬੋਲੇ (ਜੋ ਮੰਚ ਦਾ ਸੰਚਾਲਨ ਕਰਨ ਪੱਕੇ ਮੰਚ ਤੇ ਜਾ ਬੈਠੇ ਸਨ) ਗੁਰੂ ਸਾਹਿਬ ਦਾ ਫ਼ਰਮਾਨ ਏ ਕਿ ਸਾਰੇ ਕਵੀ ਇਸ਼ਨਾਨ ਕਰਕੇ ਜਮਨਾ ਤੋਂ ਅਸ਼ੀਰਵਾਦ ਲੈ ਕੇ ਆਉਣ।

—"ਕਮਾਲ ਏ ਅਜੇ ਸਵੇਰੇ ਹੀ ਤਾਂ ਸਾਰਿਆਂ ਇਸ਼ਨਾਨ ਕੀਤੇ ਵਿਸਾਖੀ ਜੋ ਸੀ। ਮਹੀਨੇ ਦੀ ਸੰਗ੍ਰਾਂਦ। ਇਸ਼ਨਾਨ ਤਾਂ ਜ਼ਰੂਰੀ ਹੈ ਹੀ ਸੀ। ਪਰ ਹੁਣ ਫਿਰ ਇਸ਼ਨਾਨ ਦਾ ਹੁਕਮ। ਪਹਾੜੀ ਠੰਡ ਤੇ ਫਿਰ ਜਮਨਾ ਦਾ ਬਰਫੀਲਾ ਪਾਣੀ। ਚਲੋ ਇਹ ਵੀ ਚੋਜ ਹੀ ਸਮਝ ਲਉ।

ਇਕ ਕਵੀ ਉਠ ਕੇ ਕਹਿਣ ਲਗਾ, —"ਸੱਚੇ ਪਾਤਸ਼ਾਹ ਮੈਨੂੰ ਕਲ ਦਾ ਜਵਰ ਨੇ ਨੱਪਿਆ ਹੋਇਐ, ਮੈਨੂੰ ਇਸ਼ਨਾਨ ਤੋਂ ਛੋਟ ਬਖ਼ਸ਼ੋ।"

ਗੁਰੂ ਸਾਹਿਬ ਮੁਸਕ੍ਰਾਏ ਤੇ ਬੋਲੇ,—"ਭਾਈ ਤੇਰੇ ਲਈ ਹੀ ਤਾਂ ਇਹਨਾਂ ਸਾਰਿਆਂ ਨੂੰ ਇਸ਼ਨਾਨ ਕਰਨਾ ਪੈਣੈ। ਤੂੰ ਆਪ ਹੀ ਸੱਚ ਬੋਲ ਦੇ।"

—''ਹਾਂ ਪਾਤਸ਼ਾਹ ! ਤੁਸੀਂ ਜਾਣੀਜਾਣ ਹੋ। ਮੈਂ ਹੱਥ ਤੇ ਕਵਿਤਾ ਲਿਖ ਕੇ ਲਿਆਇਆ ਸੀ ਜੋ ਹੱਥ ਧੋਣ ਸਮੇਂ ਲਘੂ ਸ਼ੰਕਾ ਦਾ ਬਹਾਨਾ ਕਰਕੇ ਪੱਟ ਤੇ ਲਿਖ ਲਈ ਸੀ। ਜੇਕਰ ਹੁਣ ਇਸ਼ਨਾਨ ਹੋ ਜਾਂਦਾ ਤਾਂ ਸਾਰਾ ਹੀ ਨ੍ਹਾਉਣ ਹੋ ਜਾਂਦਾ। ਮੈਨੂੰ ਬਖਸ਼ਦਿਉ। ਮੈਂ ਇਹ ਕਵਿਤਾ ਨਹੀਂ ਸੁਣਾਵਾਂਗਾ ਇਹ ਮੇਰਾ ਵਚਨ ਏ।

ਸਾਰੀ ਸੰਗਤ ਹੈਰਾਨ ਹੋਈ ਸਤਗੁਰਾਂ ਦੀ ਮਨੋਵਿਗਿਆਨਕ ਦ੍ਰਿਸ਼ਟੀ ਤੋਂ।

—ਹੁਕਮ ਦਿੱਤਾ ਗੁਰੂ ਸਾਹਿਬ ਨੇ ਤੇ ਬਖਸ਼ ਦਿੱਤਾ ਗੁਨਾਹ ਉਸ ਕਵੀ ਦਾ ਉਹਦੇ ਸੱਚ ਨੂੰ ਮੁੱਖ ਰੱਖ ਕੇ।

ਹੁਣ ਮਹੰਤ ਕ੍ਰਿਪਾਲ ਦਾਸ ਨੇ ਗੁਰੂ ਸਾਹਿਬ ਦਾ ਇਸ਼ਾਰਾ ਪਾ ਕੇ ਮੰਚ ਸੰਚਾਲਨ ਸ਼ੁਰੂ ਕੀਤਾ।

ਅੱਜ ਦਾ ਕਵਿਤਾ ਪਾਠ ਖ਼ਾਸ ਮਹੱਤਤਾ ਵਾਲਾ ਹੋਵੇ ਜਿਸ ਨਾਲ ਮਨੋਰੰਜਨ ਵੀ ਹੋਵੇ ਤੇ ਡੌਲਿਆਂ ਵਿਚ ਖ਼ੂਨ ਵੀ ਦੌਰਾ ਕਰੇ। ਗੁਰੂ ਸਾਹਿਬ ਦਾ ਅਜਿਹਾ ਫ਼ੁਰਮਾਨ ਏ।

—ਕਵੀ ਦਰਬਾਰ ਦਾ ਆਰੰਭ, ਭਾਈ ਮਨੀ ਰਾਮ ਜੀ ਪਵਾਰ ਰਾਜਪੂਤ ਜੋ ਮਾਈ ਦਾਸ ਦੇ ਘਰ ਮਾਤਾ ਮਧੁਰੀ ਬਾਈ ਦੀ ਕੁੱਖੋਂ 1701 ਈ. ਚੇਤ ਸੁਦੀ ਦੁਆਦਸੀ ਨੂੰ ਪਿੰਡ ਅਲੀਪੁਰ, ਜ਼ਿਲਾ ਮੁਜ਼ਫ਼ਰਗੜ੍ਹ ਵਿਚ ਪੈਦਾ ਹੋਏ, ਗੁਰੂ ਹਰਿ ਰਾਏ ਸਾਹਿਬ ਤੋਂ ਸਿੱਖੀ ਪ੍ਰਾਪਤ ਕੀਤੀ, ਗੁਰੂ ਹਰਿ ਕ੍ਰਿਸ਼ਨ ਸਾਹਿਬ ਪਾਸ ਦਿੱਲੀ ਰਹੇ, ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰਨ ਵਿਚ ਹੱਥ ਵਟਾਇਆ ਅਤੇ ਬੀੜਾਂ ਲਿਖਣ ਦਾ ਕੰਮ ਵੀ ਉਨ੍ਹਾਂ ਸੰਭਾਲਿਆ ਹੈ, ਅਜ ਜਲਵਾ ਫ਼ਰੋਜ਼ ਹੋ ਕੇ ਆਪਣੀ ਕਵਿਤਾ ਦੇ ਉਚਾਰਨ ਨਾਲ ਆਰੰਭ ਕਰਨ।

—ਭਾਈ ਮਨੀ ਰਾਮ ਜੀ ਉਠੇ, ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਅਤੇ ਕਵਿਤਾ ਆਗਿਆ ਨਾਲ ਸ਼ੁਰੂ ਕੀਤੀ :—

> ਸਤਿ ਸਰੂਪ ਧਾਹਿ ਦਾ ਸਾਗਰ, ਵਤਰਿ ਲਗੀ ਭਾਲ ਜਿਉਂ ਭਾਲਾ।
> ਗੁਰੂ ਗੋਬਿੰਦ ਦੀ ਰੰਗਣ ਰਤੇ, ਥੀਏ ਲਾਲ ਗੁਲਾਲਾ।
> ਸਿੱਕਾਂ ਸਿਕ ਸੱਜਣ ਦੀ ਦਿਲ ਵਿਚ, ਜ਼ਰਬਿ ਅਨੂਪ ਬਣੀ ਅਤਿ ਆਲ੍ਹਾ।
> 'ਮਨੀ ਰਾਮ' ਨਾ ਕਾਣ ਕਹੀ ਦੀ, ਸਾਡਾ ਸਿਰ ਧਰਿ ਕਲਗੀਵਾਲਾ।

ਕਵੀਆਂ ਤੇ ਸੰਗਤਾਂ ਨੇ ਰੱਜ ਕੇ ਦਾਦ ਦਿੱਤੀ ਅਤੇ ਕਲਗੀਵਾਲੇ ਪਾਤਸ਼ਾਹ ਨੇ ਇਸ਼ਕ ਭਿੰਨੀ ਮੁਸਕਰਾਹਟ ਨਾਲ ਕੇਵਲ ਏਨਾ ਕਿਹਾ 'ਇਸ਼ਕ ਨਿਭਦਾ ਰਹੇ'

— ਮਹੰਤ ਜੀ ਨੇ ਕਾਵਿ ਟੁਕੜੀ ਦੀ ਤਾਰੀਫ਼ ਕੀਤੀ ਕਿ ਮਨੀ ਰਾਮ ਨੇ ਕੂਜ਼ੇ 'ਚ ਸਮੁੰਦਰ ਬੰਦ ਕੀਤਾ ਹੈ ਅਤੇ ਕਿਹਾ ਹੁਣ ਪੰ. ਕ੍ਰਿਪਾ ਰਾਮ ਜੀ ਦੱਤ ਬ੍ਰਾਹਮਣ, ਮਟਨ (ਕਸ਼ਮੀਰ) ਵਾਸੀ ਭਾਈ ਧਰਾਗਾ ਦੀ ਭੈਣ ਸਰਵਤੀ ਦਾ ਸਪੁੱਤਰ, ਪਿਤਾ ਅਰੂੜਾਰਾਮ ਦੇ ਘਰ ਦਾ ਚਿਰਾਗ਼ ਸੰਸਕ੍ਰਿਤ ਤੇ ਫ਼ਾਰਸੀ ਦੇ ਵਿਦਵਾਨ ਗੁਰੂ ਗੋਬਿੰਦ ਰਾਏ ਦੇ ਅਧਿਆਪਕ ਆਪਣੀ ਕਾਵਿ-ਕਲਾ ਦੁਆਰਾ ਨਿਹਾਲ ਕਰਨਗੇ।''

—ਪੰ. ਕ੍ਰਿਪਾ ਰਾਮ ਜੀ ਨੇ ਨਮਸਕਾਰ ਕਰਕੇ ਕਾਵਿ-ਬੋਲ ਉਚਰੇ :—

'ਦੋਇ ਲੋਕ ਤਿਨ੍ਹਾਂ ਦੇ ਚੰਗੇ, ਜੁ ਮੁਰਸ਼ਦ ਦਾ ਦਮ ਭਰਦੇ
ਨਿਸ ਦਿਨ ਰਹਿਣ ਸੁਖਾਲੇ ਸੋਈ, ਜੁ ਆਸ ਗੁਰੂ ਮਨ ਧਰਦੇ
ਮਨ ਬਚ ਕਰਮ ਨ ਰੰਜਨ ਕਾਹੂੰ, ਹਰ ਘਟ ਦੇਖਣ ਹਰਿ ਦੇ
'ਕ੍ਰਿਪਾ ਰਾਮ' ਨਿਜ ਰੂਪ ਜਗਤ ਲੱਖ, ਜਨਮ ਮਰਨ ਦੁੱਖ ਹਰਦੇ।

—"ਮਰਹਬਾ ਮੁਰਸ਼ਦ, ਅਧਿਆਤਮਕਤਾ ਦੀ ਇੰਤਹਾ ਹੈ" ਗੁਰੂ ਸਾਹਿਬ ਦੇ ਬੋਲ ਸਨ।

—ਮਹੰਤ ਕ੍ਰਿਪਾਲ ਦਾਸ ਨੇ ਪੰ. ਕ੍ਰਿਪਾ ਰਾਮ ਦੀ ਸਲਾਘਾ ਕੀਤੀ ਤੇ ਅਗਲੇ ਕਵੀ ਨੂੰ ਮੰਚ ਤੇ ਆਉਣ ਦਾ ਸੱਦਾ ਦਿੱਤਾ। "ਭਾਈ ਨਨੂਆ ਵੈਰਾਗੀ' ਵਜ਼ੀਰਾਬਾਦ ਦੇ ਅਮੀਰ ਘਰਾਣੇ 'ਚ ਜਨਮੇ, ਗਦਾ ਨਰਾਇਣੀ ਫ਼ਕੀਰ ਦੇ ਚਹੇਤੇ, ਗੁਰੂ ਤੇਗ਼ ਬਹਾਦਰ ਜੀ ਦੇ ਨਿਕਟਵਰਤੀ ਆਪਣੀ ਕਵਿਤਾ ਦਾ ਉਚਾਰਨ ਕਰਨਗੇ :—

ਭਾਈ ਨਨੂਆ ਵੈਰਾਗੀ ਨਿੱਕੇ ਜਿਹੇ ਕਦ ਦੇ ਮੰਚ ਤੇ ਆਏ ਅਤੇ ਕਵਿਤਾ ਆਰੰਭੀ :—

"ਤੇਰਿਆਂ ਪੈਰਾਂ ਦੀ ਚੁਖ ਮਿੱਟੀ, ਮੇਰੇ ਸਿਰ ਦੀ ਤਾਜ ਵੇ
ਇਹੁ ਕਦੇ ਨਾ ਡੋਲੇ ਜੁਗ-ਜੁਗ ਕਾਇਮ ਤੇਰਾ ਰਾਜ ਵੇ
ਗਰਬ ਪ੍ਰਹਾਰੀ ਬਿਰਦ ਤੂ ਸਾਡਾ, ਹੋਹੁ ਗ਼ਰੀਬ ਨਿਵਾਜ ਵੇ
ਨਨੂਆ ਅੱਠ ਪਹਿਰ ਭਰ ਤੁਹਨੂੰ ਏਹੋ ਵੱਡਾ ਕਾਜ ਵੇ"

—ਸੰਗਤਾਂ ਝੂਮ ਉਠੀਆਂ ਬੋਲਾਂ 'ਤੇ। ਗੁਰੂ ਸਾਹਿਬ ਨੇ ਮੁਸਕਾਨਾਂ ਝੋਲੀ ਪਾ ਦਿੱਤੀਆਂ ਨਨੂਆ ਦੇ।

—ਮੰਚ ਸੰਚਾਲਕ ਨੇ ਪੰ. ਦੇਵੀਦਾਸ ਦਾ ਨਾਂ ਬੜੇ ਅਦਬ ਨਾਲ ਲੈਂਦਿਆਂ ਕਿਹਾ, "ਭਾਈ ਚੌਪਾ ਦੇ ਭਤੀਜੇ ਹਰਦਯਾਲ ਦਾਸ ਦੇ ਪੁੱਤ, ਛਿੱਬਰ ਬ੍ਰਾਹਮਣ ਜੋ ਗੁਰੂ ਮਹਾਰਾਜ ਨੂੰ ਬਚਪਨ ਵਿਚ ਕਥਾ ਸੁਣਾਉਂਦੇ ਰਹੇ ਜਲਵਾ ਫ਼ਰੋਜ਼ ਹੋਣਗੇ,"

ਪੰਡਤ ਦੇਵੀ ਦਾਸ ਨੇ ਅਦਬ ਸਹਿਤ ਇਉਂ ਬੋਲ ਉਚਰੇ :—

"ਨੀਤਿ ਹੀ ਤੇ ਧਰਮ ਧਰਮ ਹੀ ਤੇ ਸਿਧ ਸਭ
ਨੀਤਿ ਹੀ ਤੇ ਆਦਰ ਸਭਾਨ ਬੀਚ ਪਾਈਏ।
ਨੀਤਿ ਤੇ ਅਨੀਤਿ ਛੂਟੇ ਨੀਤਿ ਹੀ ਤੇ ਸੁਖ ਲੂਟੇ
ਨੀਤਿ ਲੀਏ ਬੋਲਹਿ ਭਲੇ ਬਕਤਾ ਕਹਾਈਏ।
ਨੀਤਿ ਹੀ ਤੇ ਰਾਜੇ ਰਾਜਨੀਤਿ ਹੀ ਤੇ ਪਾਤਸ਼ਾਹੀ
ਨੀਤਿ ਹੀ ਕੋ ਨਵਖੰਡ ਮਾਂਹਿ ਜਸ ਗਾਈਏ।
ਛੋਟਨ ਕੋ ਬਡ ਕਰੇ ਬਡੇ ਮਹਾਂ ਬਡੇ ਕਹੈ
ਤਾਂ ਤੇ ਸਭ ਹੀ ਕੋ ਰਾਜਨੀਤਿ ਹੀ ਸੁਨਾਈਏ।"

"ਵਾਹ-ਵਾਹ ਪੰਡਤ ਜੀ ਕਿਆ ਖ਼ੂਬ ਰਾਜਨੀਤੀ ਦੇ ਲੱਛਣ ਨੀਤਿ ਨਾਲ ਜੋੜੇ ਹਨ। ਬਲਿਹਾਰ-ਬਲਿਹਾਰ।" ਗੁਰੂ ਸਾਹਿਬ ਦਾ ਫ਼ਰਮਾਨ ਸੀ।

ਮਹੰਤ ਕ੍ਰਿਪਾਲ ਦਾਸ ਨੇ ਹੁਣ ਚੰਦ੍ਰਸੈਨ (ਸੈਨਾਪਤੀ) ਦਾ ਨਾਮ ਪੁਕਾਰਿਆ ਅਤੇ ਕਿਹਾ, "ਮਾਨ ਗੋਤ ਦੇ ਜੱਟ ਪਰਿਵਾਰ ਵਿਚ ਪਿਤਾ ਬਾਲ ਚੰਦ ਦੇ ਘਰ ਲਾਹੌਰ ਜਨਮੇ, ਹਿੰਦੀ ਪੰਜਾਬੀ ਦੇ

ਮੰਨੇ-ਪ੍ਰਮੰਨੇ ਕਵੀ ਹਨ ਜਿਨ੍ਹਾਂ ਨੇ 'ਚਾਨਕਯ ਨੀਤੀ' ਦੀ ਰਚਨਾ ਕੀਤੀ ਹੈ, ਹਾਜ਼ਰ ਹੋ ਕੇ ਕਵਿਤਾ ਕਹਿਣਗੇ।"

ਚੰਦ੍ਰਸੈਨ ਮੰਚ ਤੇ ਆਏ ਸਿਰ ਨਿਵਾ ਕੇ ਇਸ਼ਾਰਾ ਪਾਇਆ ਤੇ ਕਵਿਤਾ ਆਰੰਭ ਕੀਤੀ :—

"ਗੁਰੂ ਗੋਬਿੰਦ ਪੀਆ ਕੀ ਬਰਛੀ, ਚਹੂੰ ਚੱਕ ਮੇਂ ਜਾਨੀ ਹੈ
ਇਤ ਤੇ ਗੋਬਿੰਦ ਧਾਇਓ ਉਤ ਤੇ ਗੋਬਿੰਦ ਆਇਓ
ਲਾਗਤ ਹੀ ਆਨ ਆਨੀ ਹੈ, ਬਰਛੀ ਚਹੂੰ ਚੱਕ ਮੇਂ ਜਾਨੀ ਹੈ।
ਸਭ ਗਈ ਜਬ ਅਰਧਕੁੰਭ ਮੇਂ, ਰੁਧਿਰ ਬਹਿਓ ਜੈਸੇ ਪਾਨੀ ਹੈ
ਮਦ ਉਦਾਰ ਚਲੇ ਪਵਨ ਜਿਉਂ, ਮਸਤੀ ਸਭਹਿ ਭੁਲਾਨੀ ਹੈ
ਬਰਛੀ ਚਹੂੰ ਚੱਕ ਮੇਂ ਜਾਨੀ ਹੈ।"

—"ਚੰਦ੍ਰਸੈਨ ਜੀ ਤੁਸੀਂ ਤੇ ਆਪਣੀ ਹੀ ਕਲਮ ਦੀ ਤਾਰੀਫ ਬਰਛੀ ਨਾਲ ਤੁਲਨਾ ਦੇ ਕੇ ਖ਼ੂਬ ਕੀਤੀ ਹੈ। ਤੁਹਾਡੀ ਕਲਮ ਵੀ ਬਰਛੀ ਨਾਲੋਂ ਘੱਟ ਨਹੀਂ।" ਗੁਰੂ ਸਾਹਿਬ ਨੇ ਆਸ਼ੀਰਵਾਦ ਦਿੱਤਾ।

— "ਹੁਣ ਅੰਮ੍ਰਿਤਰਾਇ ਲਾਹੌਰੀ ਰੈਲ ਰਾਇ ਭੱਟ ਦਾ ਸਪੁੱਤਰ, ਪ੍ਰਸਿੱਧ .ਵਿਦਵਾਨ ਚਤੁਰ ਦਾਸ ਬਹਿਲ ਦਾ ਕਾਵਿ-ਸ਼ਿਸ਼, ਭਾਗਵਤ ਏਕਾਦਸ ਸੰਕਧ ਦਾ ਅਨੁਵਾਦ ਕਰਤਾ, ਆਪਣੀ ਕਵਿਤਾ ਨਾਲ ਨਿਹਾਲ ਕਰਨਗੇ," ਮਹੰਤ ਕ੍ਰਿਪਾਲ ਦਾਸ ਦੇ ਬੋਲ ਸਨ।

—"ਆਗਿਆ ਗੁਰੂ ਸਾਹਿਬ!" ਇਸ਼ਾਰਾ ਮਿਲਦੇ ਹੀ ਕਵਿਤਾ ਆਰੰਭ ਕੀਤੀ :—

"ਪੰਡਿਤ ਬਡੇ ਲਾਹੌਰ ਮਹਿ ਅਤਿ ਗੁਨਨ ਕੇ ਨਾਹਿ
ਕੁਛ ਐਸੀ ਵਿਧਿ ਕੀਜੀਏ, ਜਿਉਂ ਸਭ ਮੋਹਹਿ ਜਾਹਿ
ਜਿਉਂ ਸਭ ਮੋਹੇਂ ਜਾਹਿ ਗ੍ਰੰਥ ਰਚੀਏ ਅਤਿ ਰੁਚਿ ਕਰ
ਆਗੇ ਭਯੋ ਨਾ ਹੋਇ ਔਰ ਭਾਖਾ ਮਹਿ ਸਰਵਰ
ਹੋ ਤੁਮ ਚਤੁਰ ਸੁਜਾਨ, ਸਕਲ ਵਿਦਿਆ ਗੁਨ ਮੰਡਿਤ
ਕੀਜੇ ਵਹੈ ਉਪਾਇ, ਜਾਹਿ ਸੁਨਿ ਰੀਝਹਿ ਪੰਡਿਤ।"

—"ਪੰਡਿਤ ਜੀ ਤੁਸੀਂ ਤਾਂ ਪਹਿਲਾਂ ਹੀ ਵਰੋਸਾਏ ਹੋ ਹੋਰ ਵੀ ਗੁਰੂ ਨਾਨਕ ਭਲੀ ਕਰੇਗਾ।" ਗੁਰੂ ਜੀ ਨੇ ਮੁਖਾਰਬਿੰਦ ਚੋਂ ਬੋਲ ਉਚਰੇ।

ਹੁਣ ਮਹੰਤ ਜੀ ਨੇ ਹੰਸ ਰਾਮ ਬਾਜਪੇਈ ਦਾ ਨਾਂ ਪੁਕਾਰਿਆ। ਜਿਸ ਨੂੰ ਗੁਰੂ ਸਾਹਿਬ ਨੇ ਮਹਾਂਭਾਰਤ ਦੇ ਕਰਣ ਪਰਬ ਦਾ ਅਨੁਵਾਦ ਕਰਨ ਤੇ **60** ਹਜ਼ਾਰ ਟਕਾ ਇਨਾਮ ਬਖ਼ਸ਼ਿਸ਼ ਕੀਤਾ ਸੀ।

ਕਵੀ ਹੰਸ ਰਾਮ ਨੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਤੇ ਅੱਖਾਂ ਵਿਚ ਮੂਰਤ ਸਮਾ ਕੇ ਕਵਿਤਾ ਦਾ ਉਚਾਰਨ ਇਉਂ ਆਰੰਭਿਆ :—

ਚਾਰੋਂ ਚੱਕ ਸੇਵੈਂ ਗੁਰੂ ਗੋਬਿੰਦ ਤਿਹਾਰੇ ਪਾਇ
ਮੇਰੇ ਜਾਨੇ ਆਜ ਤੂੰ ਹੀ ਦੂਜੋ ਕਰਤਾਰ ਹੈ।
ਪ੍ਰਬਲ ਪ੍ਰਚੰਡ ਖੰਡ ਚੰਡ ਮਹਿ ਮੰਡਲ ਮੈਂ

ਸਾਚੇ ਪਾਤਸ਼ਾਹ ਜਾਂ ਤੋਂ ਸਾਚੋ ਜਿਰ ਭਾਰ ਹੈ।
ਕਾਮਨਾ ਕੇ ਦਾਨ ਥਾਨ ਜਾਰੀ ਹੰਸ ਰਾਮ ਕਹੈ
ਪਰਮ ਧਰਮ ਦੇਖੋ ਬਿਬਿਧ ਵਿਚਾਰ ਹੈ।

"ਸ਼ਾਬਾਸ਼ ਹੰਸ ਰਾਮ ਸੁੱਚੇ ਮੋਤੀਆਂ ਦੀ ਚੋਗ ਚੁਗ—ਨਾਂ ਤੇਰੇ ਹੀ ਹਿੱਸੇ ਹੈ।"

ਮਹੰਤ ਜੀ ਮੁੜ ਉੱਠੇ ਤੇ ਕਹਿਣ ਲੱਗੇ, 'ਇਸ ਹੰਸ ਕਵੀ ਨੇ ਤਿੰਨ ਉਪਨਿਸ਼ਦਾਂ ਦਾ ਅਨੁਵਾਦ ਕਰ ਲਿਆ ਹੈ ਅਤੇ ਬਾਕੀ 16 ਦਾ ਅਨੁਵਾਦ ਕਰਕੇ ਗੁਰੂ ਮਹਾਰਾਜ ਦੀ ਭੇਟ ਕਰਨ ਦਾ ਸੰਕਲਪ ਛੇਤੀ ਹੀ ਪਾਤਸ਼ਾਹ ਆਪ ਪੂਰਨ ਕਰੇ।

—"ਹੁਣ ਜਲਾਲਪੁਰ ਜ਼ਿਲ੍ਹਾ ਗੁਜਰਾਤ ਦੇ ਚੋਪੜਾ ਖਤਰੀ ਰੰਗੀਲੀਦਾਸ ਦਾ ਪੁੱਤਰ ਜਿਸ ਨੇ ਅਸਵਮੇਧ ਪਰਬ ਦਾ ਭਾਖਾ ਅਨੁਵਾਦ ਕੀਤਾ ਹੈ, ਟਹਿਕਨ ਦਾਸ ਆਪਣੀ ਰਚਨਾ ਲੈ ਕੇ ਗੁਰੂ ਮਹਾਰਾਜ ਦੇ ਚਰਨਾ 'ਚ ਹਾਜ਼ਰ ਹੋਣਗੇ।"

ਖਿੜੇ ਮੱਥੇ ਵਾਲਾ ਟਹਿਕਨ ਜਦੋਂ ਮੰਚ ਵਲ ਵਧਿਆ ਤਾਂ ਇਕ ਕਵੀ ਨੇ ਤਾਨੇਂੜਾ ਕੱਸਿਆ ਟਹਿਕਨ ਕਿਤੇ ਬਹਿਕਨ ਨਾ।

ਪਰ ਟਹਿਕਨ ਦਾਸ ਨੇ ਮੁਸਕਰਾਉਂਦੇ ਹੋਏ ਹੱਥ ਜੋੜ ਗੁਰੂ ਜੀ ਤੋਂ ਆਗਿਆ ਮੰਗੀ ਤੇ ਇਉਂ ਉਚਾਰਨ ਸ਼ੁਰੂ ਕੀਤਾ:—

ਇਕੋ ਵਿਹੜ੍ਹਾ ਇਕੋ ਰਾਹੁ ਮਿਲਦੇ ਦਾ ਲਗੇ ਨਹੀਂ ਦਾਉ
ਨੇੜ੍ਹੇ ਦਾ ਸੁਨੇਹਾ ਮੈਨੂੰ ਸੋਨੇ ਵਾਂਗੂ ਗਾਲਦਾ।
ਮੰਦੀਆਂ ਗਵਾਂਢਣਾ, ਕੋਈ ਆਵਹਿ ਨਹੀਂ ਗਵਾਂਢਣੀ
ਆਖ ਕੇ ਸੁਣਾਈ ਕੇਨੂੰ ਭੇਤ ਨਹੀਂ ਹਾਲ ਦਾ।
ਟਹਿਕਨ ਬਿਹਾਰੀ ਹਾਰੀ, ਜਿੰਦ ਜਾਨ ਤੈਥੋਂ ਵਾਰੀ
ਘਿੰਨ ਕੇ ਗਇਆ ਸੀ ਕੋਈ ਖ਼ਿਆਲ ਮੇਰੇ ਲਾਲ ਦਾ।

—"ਵਾਹ ਕਿਆ ਕਹਿਣੇ ਕਿਨੀ ਠੇਠ ਪੰਜਾਬੀ "ਭਾਖਿਆ ਹੈ" ਗੋਬਿੰਦ ਰਾਏ ਬੋਲੇ। ਮੰਚ ਸੰਚਾਲਕ ਮੁੜ ਉੱਠੇ ਤੇ ਕਿਹਾ, "ਟਹਿਕਨ ਜੀ ਪੰਜਾਬੀ ਦੇ ਹੀ ਨਹੀਂ ਬ੍ਰਿਜ ਭਾਸ਼ਾ ਦੇ ਵੀ ਕਾਮਿਲ ਕਵੀ ਹਨ। ਆਉ ਹੁਣ ਚੰਦ ਸਵਰਨਕਾਰ ਦਿੱਲੀ ਵਾਸੀ ਜੋ ਆਪਣੇ ਬਾਰੇ ਕੁਝ ਨਹੀਂ ਦੱਸਦਾ ਪਰ ਗੁਰੂ ਮਹਾਰਾਜ ਸਭ ਜਾਣਦੇ ਹਨ ਜਿਸ ਦੀ ਕਵਿਤਾ ਵਿਚ ਖੂਬ ਦਮ ਹੈ। ਪਤਾ ਨਹੀਂ ਕਿਉਂ 'ਤ੍ਰਿਯਾ ਚਰਿਤ੍ਰਾ' ਲਿਖਣ ਵਿਚ ਮਸਤ ਹੈ। ਸ਼ਾਇਦ ਕੋਈ ਕਰਾਰੀ ਸੱਟ ਖਾਧੀ ਹੈ, ਆਪਣੀ ਕਵਿਤਾ ਦਾ ਉਚਾਰਨ ਕਰਣਗੇ।"

ਚੰਦਾ ਨੇ ਕੁਝ ਸ਼ਰਮ ਤੇ ਝਿਜਕ ਨੂੰ ਲੁਕਾਉਂਦਿਆਂ ਕਵਿਤਾ ਪਾਠ ਕੀਤਾ:—

"ਕਲਿ ਮੇ ਹੈ ਇਕ ਮਰਦ ਨਾਨਕ ਹੈ ਨਾਮ ਜਾ ਕੋ
ਤਾਂਤਿ ਭਏ ਆਠ ਮਹਲ ਨਾਵਾਂ ਕਹਾਇਓ ਹੈ
ਤਾਂ ਤੇ ਗੁਰੂ ਗੋਬਿੰਦ ਰਾਏ ਕਾਲਕਾ ਮਨਾਈ ਜੋਈ
ਕਾਲ ਗਾਈ ਮਹਲ ਦਸਵਾਂ ਕਹਾਇਓ ਹੈ
ਅੱਠਤ੍ਰਨ ਮੈਂ ਜਨਮਿਓ ਪੁਨ ਬੀਤਿਓ ਸਤਾਵਨ ਮੈਂ

ਖੜਗ ਬਾਂਧਿ ਉਠਿਓ ਜਾਇ ਪਾਊਂਟਾ ਬਸਾਇਓ ਹੈ
ਸਤਿਗੁਰੂ ਬਚਨ ਹੈ ਸਾਰੁ ਮਰਦ ਚੇਲੇ ਕਉ ਵਿਚਾਰ
ਗੋਬਿੰਦ ਕ੍ਰਿਪਾ ਤੇ ਦਾਸ 'ਚੰਦੇ' ਕਹਿ ਸੁਨਾਇਓ ਹੈ।"

"—ਵਾਹ ਚੰਦ ਵਾਹ। ਸੱਚਮੁਚ ਚੰਦ ਸਮਾਨ ਹੋ ਜਿਸ ਵਿਚ ਸ਼ੀਤਲਤਾ ਹੈ।" ਕਲਗੀ ਵਾਲੇ ਦੇ ਸ਼ਬਦ ਸ਼ਨ।

ਮਹੰਤ ਕ੍ਰਿਪਾਲ ਦਾਸ ਜੀ ਨੇ ਵੀ ਕਵੀ 'ਚੰਦ' ਦੀ ਤਾਰੀਫ ਕੀਤੀ ਅਤੇ ਕਵੀ ਮਣੀ ਰਾਏ ਦਾ ਨਾਂ ਪੁਕਾਰਿਆ। "ਕਵੀ ਆਣੀ ਰਾਏ ਗੁਰੂ ਹਰਿਕ੍ਰਿਸ਼ਨ ਸਾਹਿਬ ਤੇ ਗੁਰੂ ਤੇਗ ਬਹਾਦਰ ਜੀ ਦੇ ਦਰੋਂ-ਘਰੋਂ ਵਰੋਸਾਏ ਉਹ ਕਵੀ ਹਨ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਵਲੋਂ ਨਗ ਜੜੇ ਸੋਨੇ ਦੇ ਭੂਸ਼ਣ ਅਤੇ ਇਕ ਹੁਕਮਨਾਮਾ ਪ੍ਰਦਾਨ ਹੋਇਆ ਹੈ। ਬ੍ਰਿਜ ਭਾਸ਼ਾ ਤੇ ਪੂਰਾ ਅਬੂਰ ਹਾਸਿਲ ਹੈ ਅਤੇ ਗੁਰੂ ਗੋਬਿੰਦ ਰਾਏ ਤੋਂ ਸਦਾ ਆਦਰ ਪਾਇਆ। ਉਨ੍ਹਾਂ ਦੀ ਕਵਿਤਾ ਹਮਾ ਤਨ ਗੋਸ਼ ਹੋ ਕੇ ਸੰਗਤਾਂ ਸੁਣਨ।"

ਕਵੀ ਅਣੀ ਰਾਏ ਜੀ ਢਲਦੀ ਉਮਰ ਦੇ ਹੋਣ ਤੇ ਵੀ ਯੁਵਾ-ਚਾਲ ਨਾਲ ਮੰਚ ਤੇ ਆਏ ਅਤੇ ਨਿਮਰਤਾ ਸਹਿਤ ਆਗਿਆ ਪਾ ਕੇ ਕਵਿਤਾ ਦਾ ਉਚਾਰਨ ਸ਼ੁਰੂ ਕੀਤਾ।

"ਜੀਤੇ ਦਿਨ ਦੱਛਨ ਬਿਚੱਛਨ ਬਨੈਤ ਬਾਂਕੇ।
ਨਾਦਰ ਨਿਪਟ ਅਤਿ ਆਦਰ ਸਿਪਾਹੀ ਕੇ।
ਜਾਂ ਕੇ ਤ੍ਰਾਮ ਵੈਰੀ ਬਨਵਾਸ ਉਪਵਾਸ ਲੇਤ
ਛਾਡੇ ਸੁਖੇ ਆਮ ਉਪਹਾਸ ਜਾਂਹੀ ਤਾਂਹੀ ਕੇ।
ਜੋਧਾ ਗੁਰੂ ਗੋਬਿੰਦ ਉਦਾਰ ਆਖੇ 'ਰਾਇ' ਕਵਿ
ਗਾਹਤ ਨਾ ਬਾਰ ਕੋਈ ਬਾਰ ਅਵਗਾਹੀ ਕੇ।
ਏਕ ਫੌਜੈ ਫੇਰ, ਏਕ ਓਰ ਏਹ ਜੋਰ ਕਰੈ
ਤੇਰੀ ਤਲਵਾਰ ਹੈ ਬਿਰੰਚਿ ਪਾਤਸ਼ਾਹੀ ਕੇ।"

—"ਨਿਹਾਲ ਕਰ ਦਿੱਤੇ ਪਿਤਾਮਾ ਅਣੀ ਰਾਏ ਜੀ। ਪਿਤਾ ਜੀ ਦੀਆਂ ਮਿਹਰਾਂ ਪ੍ਰਤੱਖ ਹਨ। ਪਾਤਸ਼ਾਹ ਨੇ ਅਦਬ ਸਹਿਤ ਬੋਲ ਉਚਰੇ।

—"ਨਵਾਬਾਂ ਤੇ ਰਾਜਿਆਂ ਦੀ ਚਾਕਰੀ ਤੋਂ ਤੰਗ ਆਏ ਪੰਡਤ ਸੁਖਦੇਵ, ਕਪਿਲਾ ਨਗਰ ਦੇ ਜਮ ਪਲ ਕਾਨ ਕੁਬਜ ਬ੍ਰਾਹਮਣ ਦੌਲਤਪੁਰ (ਜ਼ਿਲਾ ਰਾਇ ਬਰੇਲੀ) ਦੇ ਵਸਨੀਕ ਬਨਾਰਸ ਦੇ ਵਿਦਿਆਰਥੀ, ਪਿੰਗਲ ਦੇ ਮਾਹਿਰ, ਫਤਹਿਪੁਰ ਦੇ ਅਸੋਥਰ ਪਤੀ ਭਗਵੰਤ ਰਾਏ ਖੀਚੀ-ਡੌਡੀਆ ਨਗਰ ਦੇ ਰਾਉ ਮਰਦਨ ਸਿੰਘ ਅਮੇਠੀ ਦੇ ਰਾਜਾ ਹਿੰਮਤ ਸਿੰਘ ਅਤੇ ਮੁਰਾਰੀ ਮਊ ਦੇ ਰਾਜਾ ਦੇਵੀ ਸਿੰਘ ਦੇ ਸਨਮਾਨਤ ਕਵੀ ਸੁਖਦੇਵ ਗੁਰੂ ਸਾਹਿਬ ਦੇ ਸਨਮੁੱਖ ਹਾਜ਼ਰ ਹੋ ਰਹੇ ਹਨ।" ਮਹੰਤ ਕ੍ਰਿਪਾਲ ਦਾਸ ਨੇ ਆਦਰ ਸਹਿਤ ਬੁਲਾਵਾ ਦਿੱਤਾ ਅਤੇ ਕਵੀ ਸੁਖਦੇਵ ਨੇ ਗੌਰਵ ਨਾਲ ਰਚਨਾ ਆਰੰਭ ਕੀਤੀ :—

"ਰਵਿ ਕੇ ਪ੍ਰਕਾਸ਼ ਪਾਇ ਲੋਚਨ ਬਿਲੋਕਹਿ ਰੂਪ
ਤੈਸੇ ਰਵਿ ਬ੍ਰਹਿਮ ਕੇ ਪ੍ਰਕਾਸ਼ ਸਬ ਦਾਤ ਮੇਂ।

ਜੈਸੇ ਏਕ ਸੂਤ ਮਾਝੇ ਮਾਇ ਰਾਣ ਪੋਈਯਤ
ਤੈਸੇ ਏਕ ਚੇਤਨ ਹੈ ਬੁਧਿਨ ਕੇ ਗਾਤ ਮੇਂ ।
ਸਭ ਹੀ ਮੇਂ ਏਕ ਵਹੈ ਸਭਨ ਤੇ ਨਯਾਰੋ ਰਹੈ
ਗਗਨ ਸਮਾਨ ਨ ਮਿਲਿਤ ਕਾਹੂੰ ਬਾਤ ਮੇਂ ।
ਅੱਜ ਅਬਿਨਾਸ਼ੀ, ਪਰਿਪੂਰਣ ਪ੍ਰਕਾਸ਼ੀ
'ਸੁਖਦੇਵ' ਸੁਖ ਵਾਸੀ ਨਿਤ ਗਨ ਆਤਮੇ ।"

—"ਧੰਨ ਹੋ ਪਿੰਗਲ ਪਿਤਾਮਾ-ਖ਼ੂਬ ਰਚਨਾ ਹੈ-ਕਿੰਨੀ ਮਿਠਾਸ ਹੈ ਸ਼ਬਦਾਂ ਵਿਚ ।" ਕਲਗੀ ਵਾਲੇ ਨੇ ਆਸ਼ੀਰਵਾਦ ਦੇ ਬੋਲ ਉਚਰੇ ।

—"ਹੁਣ ਕਵੀ ਬ੍ਰਿੰਦ ਜੀ ਸੇਵਕ ਜਾਤੀ ਦੇ ਬ੍ਰਾਹਮਣ, ਰਿਆਸਤ ਜੋਧਪੁਰ ਵਾਸੀ ਕਾਂਸ਼ੀ ਤੋਂ ਵਿੱਦਿਆ ਹਾਸਿਲ ਕਰਨ ਵਾਲੇ ਮਹਾਰਾਜਾ ਜਸਵੰਤ ਸਿੰਘ ਜੋਧਪੁਰ ਤੋਂ ਸਨਮਾਨਤ, ਔਰੰਗਜ਼ੇਬ ਤੋਂ 10 ਰੁਪਏ ਰੋਜ਼ਾਨਾ ਪਾਉਣ ਵਾਲੇ, ਮਹਾਰਾਜਾ ਮਾਨ ਸਿੰਘ ਦੇ ਸਪੁੱਤਰ ਰਾਜ ਕੁਮਾਰ ਰਾਜ ਸਿੰਘ ਦੇ ਮੁਰਸ਼ਦ, ਅਜਮੇਰ ਦੇ ਸੂਬੇਦਾਰ ਮਿਰਜ਼ਾ ਕਾਦਰੀ ਦੀ ਲੜਕੀ ਦੇ ਉਸਤਾਦ-ਕਿਥਲਾ-'ਭਾਵ ਪੰਚਾਸ਼ਿਕਾ' ਦੇ ਖ਼ਾਲਕ ਆਪਣੀ ਕਾਵਿ-ਕਲਾ ਦੇ ਜੌਹਰ ਦਿਖਾਉਣ ਲਈ ਹਾਜ਼ਰ ਹੋਣਗੇ ।" ਮਹੰਤ ਕ੍ਰਿਪਾਲ ਦਾਸ ਦੇ ਬੋਲ ਸਨ ।

—ਕਵੀ ਬ੍ਰਿੰਦ ਨੇ ਸਿਰ ਨਿਵਾ ਕੇ ਗੁਰੂ ਸਾਹਿਬ ਤੋਂ ਇਜਾਜ਼ਤ ਲਈ ਅਤੇ ਇਉਂ ਕਵਿਤਾ ਦੇ ਬੋਲ ਕਹੇ :—

"ਏਕ ਏਕ ਅੱਛਰ ਪਢਹਿ, ਜਾਨਹਿ ਗ੍ਰੰਥ ਵਿਚਾਰ ।
ਪੜੈ-ਪੜੈ ਹੂ ਚਲਤ ਜੋ, ਪਹੁੰਚਹਿ ਕੋਸ ਹਜ਼ਾਰ ।
ਉਤਮ ਜਨ ਕੇ ਸੰਗ ਮੇਂ, ਸਹਿਜੇ ਹੀ ਸੁਖ ਭਾਸ ।
ਜੈਸੇ ਨ੍ਰਿਪ ਪਹਿਰੇ ਪਾਤਰ, ਲੇਤਾ ਸਭਾ ਜਨ ਵਾਸ ।
ਉਦਰ ਭਰਨ ਕੇ ਕਾਰਨੈ ਪ੍ਰਾਨੀ ਕਰੇ ਇਲਾਜ ।
ਨਾਚੈ-ਬਾਚੈ ਰਣ ਭਿਰੈਂ, ਰਚਹਿ ਕਾਜ ਅਕਾਜ ।"

—"ਬਹੁਤ ਖ਼ੂਬ ਬ੍ਰਿੰਦ ਜੀ ਜੀਵਨ ਸਿਧਾਂਤ ਕਿੰਨੀ ਸੁਚੱਜਤਾ ਨਾਲ ਬਿਆਨ ਕੀਤੇ" ਦਸਵੇਂ ਨਾਨਕ ਨੇ ਮੁਖਾਰਬਿੰਦ ਚੋਂ ਅਸੀਸ ਦਿੱਤੀ ।

ਮਹੰਤ ਕ੍ਰਿਪਾਲ ਦਾਸ ਜੀ ਨੇ ਮੁੜ ਮੰਚ ਸੰਚਾਲਨ ਕਰਦਿਆਂ ਕਿਹਾ, "ਹੁਣ ਆਗਰਾ ਵਾਸੀ ਖ਼ਾਨਦਾਨੀ ਮੁਨਸ਼ੀ ਮੁਸੱਦੀ ਗਜ ਮਲ ਦੇ ਪੁੱਤਰ ਗਿਰਧਰ ਲਾਲ, ਮਿਸ਼ਰ ਹ੍ਰਿਦੈ ਲਾਲ ਦੇ ਸ਼ਿਸ਼, ਚੰਦ ਸ਼ਾਸਤਰ ਦੇ ਰਚਿਤਾ ਆਪਣੀ ਕਲਾ ਪ੍ਰਦਸ਼ਨੀ ਲਈ ਹਾਜ਼ਿਰ ਹੋ ਰਹੇ ਹਨ ।"

—ਕਵੀ ਗਿਰਧਰ ਲਾਲ ਨੇ ਸਿਰ ਨਿਵਾਇਆ, ਅਸੀਸ ਲਈ ਤੇ ਕਵਿਤਾ ਉਚਾਰੀ :—

"ਆਗਮ ਨਿਗਮ ਭੇਦ ਪਲ ਮੇਂ ਸੁਗਮ ਕੀਨੇ
ਪਿੰਗਲ ਕੇ ਛੰਦ ਕਾਵਯ ਕਰਤ ਬਖਾਨ ਹੈ ।
ਮਗਨ ਬਿਚਾਰਬੇ ਕਉ ਜਗਤ ਸੁਧਾਰਬੇ ਕਉ
ਭਗਤ ਉਧਾਰਬੇ ਕਉ ਚਤੁਰ ਸਜਾਨ ਹੈ ।

ਅੰਮ੍ਰਿਤ ਰਸਾਲ ਬਾਨੀ, ਜਗਤ ਮੇਂ ਜਾਨੇ ਗਯਾਨੀ,
ਅੱਖਰ ਕੇ ਜੌਹਰੀ ਬਿਚਖਨ ਸੁਜਾਨ ਹੈ ।
ਕਹੈ ਗਿਰਧਾਰੀ ਕਵਿ ਮੇਰੇ ਹ੍ਰਿਦੇ ਰਾਮ ਬਹੁ
ਗੁਨ ਕੇ ਨਿਧਾਨ ਗਣਪਿਤਿ ਕੇ ਸਮਾਨ ਹੈ ।

—"ਮਰਹਬਾ ਗਿਰਧਰ ਜੀ ਜੋ ਆਪਣੇ ਇਸ਼ਟ ਦਾ ਗੁਣ ਗਾਇਣ ਕਰਦਾ ਏ ਉਸ ਨੂੰ ਕੋਈ ਤੋਟ ਨਹੀਂ ।" ਦਸਵੇਂ ਪਾਤਸ਼ਾਹ ਦਾ ਉਚਾਰਨ ਸੀ ।

—"ਆਲਿਮ ਤੇ ਆਲਿਮ ਹੁੰਦਾ ਹੀ ਹੈ, ਪਰ ਜੋ ਆਲਿਮ ਆਪਣਾ ਤਖੱਲਸ ਆਲਮ ਰੱਖ ਲਵੇ ਉਹ ਦੁਨੀਆ ਦਾ ਹੋ ਕੇ ਰਹਿ ਜਾਂਦਾ ਹੈ । ਹੁਣ ਸੁਣੋ ਆਲਿਮ ਆਲਮ ਕਵੀ ਨੂੰ ਜੋ ਸ਼ਹਿਜ਼ਾਦਾ ਮੁਅੱਜ਼ਮ ਦਾ ਨਿੱਜੀ ਕਵੀ ਰਿਹਾ, ਜਿਸ ਨੇ ਸ਼ਯਾਮ ਸਨੇਹੀ ਸੁਦਾਮ ਚਰਿੱਤਰ ਆਦਿ ਦੀ ਰਚਨਾ ਕੀਤੀ ਅਤੇ ਅੱਜ ਕਲ੍ਹ ਆਲਮ ਕੇਲਿ ਲਿਖਣ ਵਿਚ ਮਸਤ ਹੈ" ਮਹੰਤ ਜੀ ਨੇ ਸੱਦਾ ਦਿੱਤਾ ।

—ਆਲਮ ਨੇ ਅਦਬ ਸਹਿਤ ਇਸ਼ਾਰਾ ਪਾਇਆ ਤੇ ਗੁਣ ਗਾਇਨ ਆਰੰਭਿਆ :—

"ਸ਼ੋਭਾ ਹੂੰ ਕੇ ਸਾਗਰ ਨਵਲ ਨੇਹੁ ਨਾਗਰ ਹੈ
ਬਲ ਭੀਮ ਸਮ ਸੀਲ ਕਹਾਂ ਲੋ ਗਨਾਈਏ ।
ਭੂਮੀ ਕੇ ਵਿਭੂਖਨ ਜੂ ਦੂਖਨ ਕੇ ਦੂਖਨ
ਸਮੂਹ ਸੁਖ ਹੂੰ ਕੇ ਸੁਖ ਦੇਖੇ ਤੇ ਅਪਨਾਈਏ ।
ਹਿੰਮਤ ਨਿਧਾਨ ਆਨ ਦਾਨ ਕੇ ਬਖਾਨੇ ਜਾਨ
'ਆਲਮ' ਤਮਾਮ ਜਾਮ ਆਠਹੂ ਗੁਨ ਗਾਈਏ ।
ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਜੀਉ,
ਭੋਜ ਕੀ ਸੀ ਮੌਜ ਤੇਰੇ ਰੋਜ਼-ਰੋਜ਼ ਪਾਈਏ ।"

—"ਕਹਿਣ ਦਾ ਢੰਗ ਹੀ ਏ ਆਲਮ ਜੀ—ਚਲੋ ਪਿਆਰ ਬਣਿਆ ਰਹੇ" ਗੁਰੂ ਗੋਬਿੰਦ ਰਾਏ ਦਾ ਕਥਨ ਸੀ ।

—"ਹੁਣ ਵਾਰੀ ਜਿਸ ਕਵੀ ਦੀ ਏ ਉਸ ਵਿਚ ਵਾਸ ਨੰਦ ਤੇ ਰਾਮ ਦਾ ਹੈ । ਭਾਵ ਪ੍ਰਸਿਧ ਸੂਫ਼ੀ ਕਵੀ ਵਲੀ ਰਾਮ ਦਾ ਪੁੱਤਰ, ਅੰਬਾਵਤੀ ਨਿਵਾਸੀ, ਖੰਡੇਲਵਾਲ ਵੰਸ਼ ਦਾ ਸਪੂਤ, ਫ਼ਾਰਸੀ-ਰੇਖਤਾ-ਹਿੰਦ-ਪੰਜਾਬੀ ਦਾ ਗਿਆਤਾ-ਗੁਲਨੇ-ਰੇਖਤਾ, ਜਾਨ ਸੁਜਾਨੀ, ਵਿਚਾਰ ਸਰੋਵਰ, ਬਿਬੇਕ ਕਲੀ, ਚਿਟ ਬਿਲਾਸ, ਵੇਦਾਂਤ ਸਾਗਰ ਤੇ ਰਾਜਾਵਲੀ ਦਾ ਰਚੇਤਾ ਨੰਦ ਰਾਮ ਤਸ਼ਰੀਫ਼ ਫ਼ਰਮਾ ਹੋਣਗੇ ।" ਮਹੰਤ ਜੀ ਨੇ ਕਿਹਾ —"ਗੁਰੂ ਜੀ ਦਾ ਫ਼ਰਮਾਨ ਹੈ ਕਿ ਕੋਈ ਪੰਜਾਬੀ ਭਾਸ਼ਾ ਵਿਚ ਕਹੇ ।"

– ਨੰਦ ਰਾਮ ਨੇ ਹੁਕਮ ਦੀ ਪਾਲਣਾ ਕਰਦੇ ਹੋਏ ਕਿਹਾ :—

"ਜਿਸ ਦਿਨ ਯਾਰ ਵਿਛੋੜਾ ਤੇਰਾ, ਸੋ ਦਿਨ ਅਜ਼ਲੋਂ ਭਾਰੀ ।
ਪਲ-ਪਲ ਵਿਚ ਵਿਛੋੜਾ ਤੁੰਹਦਾ, ਅਜਲ ਕਹੇ ਇਕ ਵਾਰੀ ।
ਆਗੇ ਆਹੇ ਕਰਦਾ ਦੱਧੀ, ਉਤੋਂ ਇਸ਼ਕ ਤੁਸਾਡੇ ਸਾੜੀ,
ਨੰਦ ਰਾਮ ਇਕ ਪਲਕ ਵਿਛੋੜਾ, ਉਮਰ ਵੰਞਾਏ ਸਾਰੀ ।"

—"ਨੰਦ ਜੀ ਵਿਛੋੜਾ ਹੋਵੇਗਾ ਤਾਂ ਹੀ ਤੇ" ਬਾਜਾਂ ਵਾਲੇ ਨੇ ਕਿਹਾ ।

—"ਨਾਂ ਵੀ ਗੋਪਾਲ ਤੇ ਗੋਪਾਲ ਦੇ ਗੋਕੁਲ ਦਾ ਵਾਸੀ ਗੋਪਾਲ ਰਾਏ, ਮੋਹ ਮਰਦ ਰਾਜੇ ਕੀ ਕਥਾ ਤੇ ਅਨੁਭਵ ਉਲਾਸ ਦਾ ਰਚਨਹਾਰਾ ਪਧਾਰ ਕੇ ਗੁਰੂ ਸਨਮੁੱਖ ਕ੍ਰਿਤ ਭੇਂਟ ਕਰੇਗਾ" ਮਹੰਤ ਜੀ ਨੇ ਸੱਦਾ ਦਿੱਤਾ।

—"ਆਗਿਆ ਹੈ ਪਾਤਸ਼ਾਹ ! ਹਾਜ਼ਿਰ ਕੁਝ ਟੁੱਕੜੀਆਂ।"

ਗੁਰੂ ਗੋਬਿੰਦ ਕੀ ਆਗਿਆ ਪਾਈ।
ਸੰਤ ਸਮਾਗਮ ਬਚਨ ਸੁਣਾਈ।
ਮੋਹ ਮਰਦ ਰਾਜਾ ਕੀ ਗਾਥਾ।
ਨ੍ਰਿਪਤਿ ਗਾਵਹੁ ਜਨ ਜਗਨਾਥਾ।
ਗੁਰੂ ਗੋਬਿੰਦ ਪ੍ਰਤਾਪ ਤੇ, ਕਾਟਿ ਅਹੇ ਮਮ ਫਾਸਿ
ਜਨ 'ਗੋਪਾਲ' ਬੀਚਾਰ ਕੈ, ਕਹਯੋ ਅਨੁਭਵ ਉਲਾਸ।"

—"ਵਾਹ ਨੰਦ ਜੀ ਜਿਸ ਨੇ ਗੋਕੁਲ ਦੇ ਦਰਸ਼ਨ ਕੀਤੇ ਉਸ ਦੀ ਮੁਕਤੀ ਵਿਚ ਵੀ ਕੋਈ ਸ਼ੱਕ ਰਹਿ ਜਾਂਦੈ।" ਗੁਰੂ ਸਾਹਿਬ ਫ਼ਰਮਾਇਆ।

"ਹੁਣ ਵਾਰੀ ਹੈ ਗੁਰੂ ਹਰਿਰਾਏ ਜੀ ਤੋਂ ਸਿੱਖੀ ਪ੍ਰਾਪਤ ਕਰਤਾ 'ਸੰਗਤ ਸਾਹਿਬ' ਧੂੰਏ ਦੇ ਮੋਢੀ ਲੰਮੇ ਦੇਸ਼ ਦੇ ਪਰਗਣੇ ਮੀਏ ਕੇ ਮੌੜ ਪਿੰਡ ਅੰਬਵਾੜੀ ਦੇ ਉੱਪਲ ਖਤਰੀਆਂ ਦੇ ਘਰ 169। ਈਸਵੀ ਨੂੰ ਜਨਮੇ ਤਹਿਸੀਲ ਚੂਣੀਆਂ ਜ਼ਿਲਾ ਲਾਹੌਰ ਦੇ ਮੀਆਂ ਕੇ ਮੌੜ ਦੇ ਵਸਨੀਕ ਜਿਨ੍ਹਾਂ ਨੂੰ ਸੱਚੀ ਦਾਹੜੀ ਤੇ 'ਸੰਗਤ ਸਾਹਿਬ' ਦਾ ਖ਼ਿਤਾਬ ਹਾਸਿਲ ਹੈ, ਭਾਈ ਫੇਰੂ ਜੀ ਜਲਵਾ ਫ਼ਰੋਜ਼ ਹੋਣਗੇ-ਅਦਬ ਸਹਿਤ ਉਨ੍ਹਾਂ ਦੀ ਰਚਨਾ ਦਾ ਆਨੰਦ ਮਾਣੋ।" ਮਹੰਤ ਕ੍ਰਿਪਾਲ ਦਾਸ ਨੇ ਬੜੇ ਆਦਰ ਨਾਲ ਬੁਲਾਵਾ ਦਿੱਤਾ।

ਭਾਈ ਫੇਰੂ ਜੀ ਨੇ ਆਪਣੀ ਦਾਹੜੀ ਨਾਲ ਚਰਨ ਸਪਰਸ਼ ਦਾ ਸੰਕੇਤ ਦੇ ਕੇ ਕਵਿਤਾ ਆਰੰਭ ਕੀਤੀ :—

"ਸ਼ਹੁ ਦੀ ਮੰਨ ਰਜਾਈ ਵੇ ਅੜਿਆ
ਦਰਦਵੰਦਾਂ ਦੇ ਦਰ ਦੇ ਧੂੰਏ
ਧੁੱਖਣ ਸੰਝ ਸਬਾਹੀ ਵੇ ਅੜਿਆ।
ਡਰਦਾ ਰਹੇ ਤੂੰ ਜਬ ਲਗ ਜੀਵੇਂ"
ਉਹ ਭਾਣੇ ਦਾ ਸਾਂਈਂ ਵੇ ਅੜਿਆ।
ਯਾਦ ਕਰੀਂ ਇਕ ਪਲ ਨਾ ਵਿਸਾਰੀਂ
ਕਦੀ ਨਾ ਕੰਡ ਵਲਾਈਂ ਵੇ ਅੜਿਆ।
'ਫੇਰੂ' ਹਾਸਲ ਕੀਆ ਲੋੜੇਂ,
ਤੂੰ ਮੂਲ ਨਾ ਕੱਢੇ ਆਹੀਂ ਵੇ ਅੜਿਆ।"

—"ਧੰਨ ਸੱਚੀ ਦਾੜ੍ਹੀ-ਧੰਨ ਸੰਗਤ ਸਾਹਿਬ, ਕਿਆ ਵੈਰਾਗ ਹੈ ਬੋਲਾਂ ਵਿੱਚ" ਗੁਰੂ ਗੋਬਿੰਦ ਰਾਇ ਨੇ ਬੋਲ ਉਚਾਰੇ।

—"ਅਦਬ ਸਹਿਤ ਅਰਜ਼ ਹੈ ਉਸ ਬਜ਼ੁਰਗ ਕਵੀ ਨੂੰ ਜੋ 1653 ਈ. ਵਿਚ ਜਨਮੇ

ਗਵਾਲੀਅਰ ਦੇ ਬ੍ਰਾਹਮਣ, ਸ਼ਾਹ ਜਹਾਨ ਵਲੋਂ ਸਨਮਾਨੇ, ਗੁਰੂ ਘਰ ਦੇ ਸ਼ਰਧਾਵਾਨ ਮੁਗ਼ਲ ਦਰਬਾਰ ਦੇ ਰਤਨ ਸੁੰਦਰ ਦਾਸ ਜੀ 'ਸੁੰਦਰ' ਆਪਣੀ ਮਨਮੋਹਕ ਰਚਨਾ ਕਹਿਣ। ਮਹੰਤ ਜੀ ਨੇ ਸਤਿਕਾਰ ਨਾਲ ਕਿਹਾ।

ਨੱਬੇ ਸਾਲ ਦੇ ਬਜ਼ੁਰਗ ਸੁੰਦਰ ਜੀ ਨੇ ਅੱਖਾਂ ਵਿਚ ਸ਼ਰਧਾ ਦੀ ਨਮੀ ਭਰ ਕੇ ਕਵਿਤਾ ਇਉਂ ਉਚਾਰਨ ਕੀਤੀ :—

"ਸਾਧਨ ਕੋ ਸਿਧ ਸਰਗਾਣਤ ਸਮਰ ਸਿਧ
ਸੁਧਾਧਰ 'ਸੁੰਦਰ' ਸਰਸ ਪਦ ਪਾਯੋ ਹੈ।
ਕੁਲ ਕੋ ਕਲਸ ਕਵਿ ਕਾਮਨਾ ਕੋ ਕਾਮਤਰੁ
ਕੋਪ ਕੀਏ ਕਾਲ, ਕਵਿਯਨ ਗੁਨ ਗਾਯੋ ਹੈ।
ਦੇਵਨ ਮੈਂ ਦਾਨਵ ਮੈਂ ਮਾਨਵ ਮੁਨਿਨ ਹੂੰ ਮੈਂ
ਜਾਂ ਕੋ ਜਸ ਜਾਹਿਰ ਜਹਾਨ ਚਲ ਆਯੋ ਹੈ।
ਤੇਗ ਸਾਚੋ, ਦੇਗ ਸਾਚੋ, ਸੂਰਮਾ ਸ਼ਰਣ ਸਾਚੋ
ਸਾਚੋ ਪਾਤਸ਼ਾਹ, ਗੁਰੂ ਗੋਬਿੰਦ ਕਹਾਯੋ ਹੈ।"

—"ਬਲਿਹਾਰ-ਬਲਿਹਾਰ ਬਜ਼ੁਰਗਾਂ ਦੇ ਜਿਨ੍ਹਾਂ ਨੇ ਪੱਤ ਰੱਖੀ ਹੈ" ਨੀਲੇ ਦੇ ਸ਼ਾਹਸਵਾਰ ਨੇ ਕਿਹਾ।

ਜਬ ਖ਼ੁਦਾ ਨੇ ਸ਼ਾਇਰ ਕੋ ਪੈਦਾ ਕੀਆ, ਪੱਲੂ ਮੈਂ ਗੁਰਬਤ ਬਾਂਧ ਦੀ।
ਔਰ ਕਹਿ ਦੀਆ ਕਿ ਜਾ ਤੇਰਾ ਮਿਜ਼ਾਜ ਅਮੀਰਾਨਾ ਹੋਗਾ।

ਸ਼ਾਇਰ ਕਹਿੰਦੇ ਨੇ ਗਰੀਬ ਹੁੰਦੇ ਪਰ ਕਵਿਤਾ ਨਾਲ ਮਾਲਾ-ਮਾਲ, ਜਿਸ ਸੁਦਾਮੇ ਦਾ ਯਾਰ ਗਰੀਬ ਨਵਾਜ਼ ਕ੍ਰਿਸ਼ਨ ਜਿਹਾ ਗੁਰੂ ਗੋਬਿੰਦ ਰਾਇ ਹੋਵੇ ਉਸ ਨੂੰ ਕਾਹਦੀ ਘਾਟ ਏ। ਹੁਣ ਸੁਣੋ ਸੁਦਾਮਾ ਜੀ ਨੂੰ" ਮਹੰਤ ਕ੍ਰਿਪਾਲ ਦਾਸ ਨੇ ਆਵਾਜ਼ ਦਿੱਤੀ।

ਸੁਦਾਮਾ ਸੱਚਮੁਚ ਸੁਦਾਮੇ ਦਾ ਹੀ ਰੂਪ-ਗਰੀਬੜਾ, ਮਸਕੀਨ ਤੇ ਮਾੜਚੂ ਜਿਹਾ ਮੰਚ ਤੇ ਆਇਆ ਤੇ ਇਉਂ ਕਵਿਤਾ ਉਚਾਰੀ—

"ਏਕ ਸੰਗ ਪਢੇ ਅਵੰਤਿਕਾ ਸੰਦੀਪਨ ਕੇ
ਸੋਦੀ ਸੁਧ ਆਈ ਤੋ ਬਲਾਇ ਬੂੱਝੀ ਬਾਸਾ ਮੈਂ।
ਧੂੰਗੀ ਢੱਲ ਹੋਤ ਤੋ ਅਸੀਸ ਦੇਤੇ ਨਾਥ ਜੀ ਕੋ
ਤੰਦੂਲ ਲੈ ਦੀਜੈ ਬਧ ਲੀਜੋ ਫਟੇ ਜਾਮਾ ਮੈਂ।
ਦੀਨ ਦੁਆਰ ਸੁਨ ਕੇ ਦਯਾਲ ਦਰਬਾਰ ਮਿਲੇ
ਏਤੇ ਕੁਛ ਦੀਨੋ ਪਾਈ ਅਗਨਤ ਸ਼ਾਮਾ ਮੈਂ।
ਪ੍ਰੀਤਿ ਕਰ ਜਾਨੈ ਗੁਰੂ ਗੋਬਿੰਦ ਕੇ ਮਾਨੇ ਤਾਂ ਤੇ
ਵਹੀ ਕ੍ਰਿ ਗੋਬਿੰਦ ਵਹੀ ਬਾਮਨ ਸੁਦਾਮਾ ਮੈਂ।

—"ਵਾਹ ਮੇਰੇ ਸੁਦਾਮਾ ਤੈਂਰੇ ਤੇ ਤਾਂ ਕ੍ਰਿਸ਼ਨ ਦੀ ਕ੍ਰਿਪਾ ਹੈ ਫਿਰ ਕਾਣ ਕਾਹਦੀ ?" ਗੁਰ ਸਾਹਿਬ ਫ਼ਰਮਾਇਆ।

ਮਹੰਤ ਜੀ ਉੱਠੇ ਤੇ ਇਉਂ ਕਿਹਾ, —"ਗੁਰੂ ਘਰ ਦੇ ਅਨਿਨ ਸ਼ਰਧਾਲੂ-ਸਵੈ ਜੀਵਨੀ ਬਾਰੇ ਚੁੱਪ। ਅੱਠੇ, ਪਹਿਰ ਨਾਮ ਸਿਮਰਨ 'ਚ ਜੁੜੇ ਰਹਿਣ ਵਾਲੇ ਸ਼ਾਰਦਾ ਕਵੀ ਜੀ ਤਸ਼ਰੀਫ ਲਿਆ ਰਹੇ ਨੇ।"

—ਸ਼ਾਰਦਾ ਕਵੀ ਨੇ ਸੀਸ ਨਿਵਾਇਆ, ਅੱਖਾਂ ਨਾਲ ਗੁਰ ਚਰਨ ਚੁੰਮੇ ਤੇ ਇਉਂ ਕਵਿਤਾ ਦਾ ਉਚਾਰਨ ਕੀਤਾ :—

"ਦਿਸ਼-ਦਿਸ਼ ਦੇਸ-ਦੇਸ ਦਿਗਪਾਲ ਕੇਤੇ
ਆਜ ਕਰੇ ਕਾਲ ਕੇਤੇ ਗੁਨਹਿ ਗਹਤ ਹੈ।
ਪ੍ਰਬਲ ਪ੍ਰਤਾਪੀ ਪਾਤਸ਼ਾਹ ਸਾਚੇ ਸੁਨੀਯਤ
ਤੇਰੇ ਸਿਰ ਭਾਰ ਭੂ ਕੋ 'ਸ਼ਾਰਦਾ' ਕਹਿਤ ਹੈ।
ਓਜਨ ਕੇ ਸੂਰ ਮਹਾ ਮੰਜਨ ਸੇ ਘੋਰ ਮਾਰ
ਔਰ ਨਾ ਬਿਚਾਰ ਕੀਜੇ ਦਾਰਿਤ ਦਹਤ ਹੈ।
ਹਰ ਮਾਂਗੇ ਬਰ ਦੇਤ ਮਾਂਗ ਗੁਰੂ ਗੋਬਿੰਦ ਕੋ,
ਕਰਤਾਰ ਮਾਂਗੇ ਕਰਤਾਰ ਦੇ ਰਹਿਤ ਹੈ।"

—"ਹੁਸੈਨ ਅਲੀ ਦਾ ਨਾਂ ਕਿਸੇ ਚਰਚਾ ਦਾ ਮੁਥਾਜ ਨਹੀਂ ਜਿਸ ਨੇ ਗੁਰੂ ਨਾਨਕ ਸਾਹਿਬ ਦੀ ਰਬਾਬ ਨੂੰ ਕਵਿਤਾ ਬਧ ਕਰਕੇ ਕਈ ਵਾਰ ਨਾਵੇਂ ਤੇ ਦਸਵੇਂ ਨਾਨਕ ਨੂੰ ਸੁਣਾ ਕੇ ਇਨਾਮ ਪਾਇਆ ਹੈ। ਫ਼ੱਕਰ ਤਬਅ ਹੁਸੈਨ ਅਲੀ ਤਸ਼ਰੀਫ ਲਿਆ ਰਹੇ ਹਨ—ਹਮਾ ਤਨ ਗੋਸ਼ ਉਰਦੂ ਦਾ ਕਲਾਮ ਸੁਣੋ, "ਮਹੰਤ ਜੀ ਦੇ ਬੋਲ ਸਨ।

—"ਹੁਸੈਨ ਅਲੀ ਨੇ ਇਜਾਜ਼ਤ ਲੈ ਕੇ ਗ਼ਜ਼ਲ ਇਉਂ ਗੁਣਗੁਣਾਈ :—

"ਤਜੱਲਾ ਤਿਰੀ ਜ਼ਾਤ ਕਾ ਸੂ ਬਸੂ ਹੈ।
ਜਿਧਰ ਦੇਖਤਾ ਹੂੰ ਉਧਰ ਤੂੰ ਹੀ ਤੂੰ ਹੈ।
ਨਹੀਂ ਗ਼ਰਜ਼ ਮੁਝਕੋ ਦੈਹਿਰੋਂ-ਹਰਮ ਸੇ,
ਮਗਰ ਤੇਰੇ ਦੀਦਾਰ ਕੀ ਆਰਜ਼ੂ ਹੈ।
ਦੀਦਾਰਿ-ਖ਼ੁਦਾ ਗਰ ਨਹੀਂ ਤੁਮ ਨੇ ਦੇਖਾ,
ਗੋਬਿੰਦ ਕੋ ਦੇਖੋ ਵੁਹੀ ਹੂ ਬਹੂ ਹੈ।
ਦਰ ਮਸਕੀਨ 'ਹੁਸੈਨ' ਕਿਉਂ ਛੋੜੇ,
ਤਰੀਕੇ ਗ਼ੁਲਾਮੀ ਜੋ ਤੌਕਿ ਗਲੂ ਹੈ"।

—"ਮਰਹਬਾ ਹੁਸੈਨ-ਜ਼ੋਰੇ ਆਵਾਜ਼ ਔਰ- ਜ਼ੋਰੇ ਕਲਾਮ ਔਰ" ਗੁਰੂ ਸਾਹਿਬ ਨੇ ਅਸੀਸ ਦਿੱਤੀ।

ਮਹੰਤ ਜੀ—ਹੁਣ ਸੁਣੋ ਚੰਦਨ ਨੂੰ ਜਿਸ ਦੀ ਮਹਿਕ ਤੇ ਸੱਪ ਵੀ ਮਰਦੇ ਹਨ। 'ਚੰਦਨ' ਨੇ ਕੁਝ ਗੁਮਾਨ 'ਚ ਆ ਕੇ ਸਵੱਈਆ ਪੜ੍ਹਨ ਦੀ ਆਗਿਆ ਲੈਕੇ ਇਉਂ ਪੜ੍ਹਨਾ ਸ਼ੁਰੂ ਕੀਤਾ :—

"ਨਵਸਾਤ ਤ੍ਰਿਯੇ ਨਵਸਾਤ ਕਿਯੇ, ਨਵਸਾਤ ਪਿਯੇ ਨਵਸਾਤ ਪਿਯਾਏ।
ਨਵਸਾਤ ਚਲੇ ਨਵਸਾਤ ਬਨੇ, ਨਵਸਾਤ ਪਿਯਾ ਪ੍ਰਤਿ ਦਾਇਕ ਪਾਏ।

ਜੀਤ ਕਲਾ ਨਵਸਾਤ ਕੀਏ, ਨਵਸਾਤਨ ਕੇ ਮੁੱਖ ਅੰਚਰ ਛਾਏ ।
ਮਾਨਹੁ ਮੇਘ ਨੈ ਮੰਡਲ ਮੈਂ ਕਵਿ, ਚੰਦਨ ਚੰਦ ਕਲੇਵਰ ਛਾਏ'' ।

ਗੁਰੂ ਸਾਹਿਬ ਉਸ ਦੇ ਗੁਮਾਨ ਨੂੰ ਤਾੜ ਗਏ ਅਤੇ ਉਸ ਦਾ ਅਹੰਕਾਰ ਭੰਗ ਕਰਨ ਲਈ ਧੰਨਾ ਜੀ ਨੂੰ ਇਸ਼ਾਰਾ ਕੀਤਾ ਕਿ ਉਹ ਅਰਥ ਕਰੇ । ਕਵੀ ਧੰਨਾ ਜੀ ਉਠੇ ਅਤੇ ਉਨ੍ਹਾਂ ਚੰਦਨ ਦੇ ਸਵੱਯੇ ਦੇ ਅਰਥ ਇਉਂ ਕੀਤੇ :—

"ਸੋਲ੍ਹਾਂ ਸਾਲ ਦੀ ਮੁਟਿਆਰ ਨੇ ਸੋਲਾਂ ਸ਼ਿੰਗਾਰ ਕੀਤੇ । ਉਸ ਦਾ ਸੋਲਾਂ ਵਰ੍ਹੇ ਦਾ ਗਭਰੂ ਕੰਤ ਸੋਲਾਂ ਮਹੀਨੇ ਪਿਛੋਂ ਪ੍ਰਦੇਸੋਂ ਪਰਤਿਆ । ਸੋਲ੍ਹਾਂ ਘਰਾਂ ਵਾਲੇ ਚੌਪੜ ਦੀ ਬਾਜ਼ੀ ਖੇਡੀ ਗਈ, ਸੋਲ੍ਹਾਂ ਦਾਉ ਲਾਏ ਗਏ ਤੇ ਸੋਲ੍ਹਵੀਂ ਵਾਰੀ ਪਤੀ ਨੇ ਜਿੱਤ ਲਈ । ਇਹ ਵੇਖ ਕੇ ਸੋਲਾਂ ਕਲਾਂ ਵਾਲੇ ਚੰਦ ਵਰਗੇ ਚਿਹਰੇ ਵਾਲੀ ਸੁੰਦਰੀ ਨੇ ਘੁੰਡ ਨਾਲ ਮੂੰਹ ਢੱਕ ਲਿਆ । ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਚੰਦ ਵਿਚਾਰਾ ਮੇਘ ਮੰਡਲ ਦੇ ਚੱਕਰ ਵਿਚ ਆ ਗਿਆ ਹੋਵੇ'' ।

ਚੰਦਨ ਸ਼ਰਮਿੰਦਾ ਹੋਇਆ ਤੇ ਉਸ ਨੇ ਗੁਰੂ ਸਾਹਿਬ ਪਾਸੋਂ ਅਹੰਕਾਰ ਨੇੜੇ ਨਾ ਢੁੱਕਣ ਦਾ ਵਰ ਮੰਗਿਆਂ ਅਤੇ ਗੁਰੂ ਸਾਹਿਬ ਨੇ ਤਥਾ-ਅਸਤੂ ਕਿਹਾ ।

ਭਾਈ ਧੰਨਾ ਜੀ ਨੇ ਆਪਣੀ ਕਵਿਤਾ ਸੁਣਾਉਣ ਦੀ ਆਗਿਆ ਮੰਗੀ ਅਤੇ ਕਵੀ 'ਚੰਦਨ' ਨੂੰ ਉਸ ਦੇ ਅਰਥ ਕਰਨ ਦੀ ਚੁਣੌਤੀ ਦਿੱਤੀ । ਗੁਰੂ ਸਾਹਿਬ ਮੁਸਕਰਾਏ । ਭਾਈ ਧੰਨਾ ਨੇ ਕਵਿਤਾ ਆਰੰਭ ਕੀਤੀ :—

"ਮੀਨ ਮਰੇ ਜਲ ਕੇ ਪਰਸੇ ਕਬਹੂੰ ਨਾ ਮਰੇ ਪਰ ਪਾਵਕ ਪਾਏ ।
ਹਾਥੀ ਮਰੇ ਮਦ ਕੇ ਪਰਸੇ, ਕਬਹੂੰ ਨਾ ਮਰੇ ਤਨ ਤਾਪ ਕੇ ਆਏ ।
ਤ੍ਰੀਯ ਮਰੇ ਪਤਿ ਕੇ ਪਰਸੇ, ਕਬਹੂੰ ਨਾ ਮਰੇ ਪਰਦੇਸ ਸਿਧਾਏ ।
ਗੂੜ ਮੇਂ ਬਾਤ ਕਰੀ ਦਿਜ ਰਾਜ ! ਬਿਚਾਰ ਸਕੇ ਨਾ ਬਿਨ ਚਿਤ ਲਾਏ ।
ਕੌਲ ਮਰੇ ਰਵਿ ਕੇ ਪਰਸੇ, ਕਬਹੂੰ ਨਾ ਮਰੇ ਸੀਸ ਕੀ ਛਬਿ ਪਾਏ ।
ਮਿਤ੍ਰ ਮਰੇ ਮਿਤ ਕੇ ਮਿਲ ਕੈ, ਕਬਹੂੰ ਨਾ ਮਰੇ ਜਬ ਦੂਰ ਸਿਧਾਏ ।
ਸਿੰਘ ਮਰੇ ਜਬ ਮਾਸ ਮਿਲੇ ਕਬਹੂੰ ਨਾ ਮਰੈ ਜਬ ਹਾਥ ਨਾ ਆਏ ।
ਗੂੜ ਮੇਂ ਬਾਤ ਕਹੀ ਦਿਲਰਾਜ ! ਬਿਚਾਰ ਸਕੇ ਨਾ ਬਿਨਾ ਚਿਤ ਲਾਏ ।''

—ਚੰਦਨ ਕਾਫੀ ਦੇਰ ਤੱਕ ਸਵੱਯੇ ਦੇ ਅਰਥ ਸੋਚਦਾ ਰਿਹਾ ਪਰ ਉਸ ਦੇ ਪਿੜ ਪੱਲੇ ਕੁਝ ਨਾ ਪਿਆ । ਅੰਤ ਕਵੀ ਧੰਨਾ ਜੀ ਨੂੰ ਅਰਥ ਸਮਝਾਉਣ ਦੀ ਬੇਨਤੀ ਕੀਤੀ, ਭਾਈ ਧੰਨਾ ਜੀ ਨੇ ਕਿਹਾ, "ਕਬਹੂੰ ਨਾ, ਪਹਿਲੀ ਅੱਧੀ ਤੁਕ ਨਾਲ ਜੋੜ ਲਉ ਅਰਥ ਆਪਣੇ ਆਪ ਸਮਝ ਪੈ ਜਾਣਗੇ । ਹੁਣ ਦੂਜੀ ਵਾਰ ਚੰਦਨ ਕਵੀ ਨੇ ਮਾਤ ਖਾਧੀ ਅਤੇ ਸ਼ਰਮ ਨਾਲ ਪਾਣੀ-ਪਾਣੀ ਹੋ ਕੇ ਕਵੀ-ਸਭਾ ਚੋਂ ਬਾਹਰ ਜਾਣ ਲੱਗਾ ਤਾਂ ਗੁਰੂ ਸਾਹਿਬ ਨੇ ਰੋਕ ਲਿਆ ਅਤੇ ਫ਼ਰਮਾਇਆ, "ਇਉਂ ਮੈਦਾਨ ਨਹੀਂ ਛੱਡੀਦਾ ਸਗੋਂ ਗੁਮਾਨ ਦਾ ਤਿਆਗ ਕਰਕੇ ਜਿਥੋਂ ਜੋ ਵੀ ਗਿਆਨ ਮਿਲੇ ਉਸ ਨੂੰ ਪੱਲੇ ਪਾਈਦਾ ਹੈ ।" ਚੰਦਨ ਸਿਰ ਝੁਕਾ ਕੇ ਬੈਠ ਗਿਆ ।

ਮਹੰਤ ਜੀ :—ਸੁਪਨੇ ਵਿਚ ਗੁਰੂ ਨਾਨਕ ਪਾਤਸ਼ਾਹ ਤੋਂ ਮੁਕਤੀ ਦੀ ਪ੍ਰਾਰਥਨਾ ਕਰਨ ਵਾਲੇ ਸੰਸਕ੍ਰਿਤ ਦੇ ਵਿਦਵਾਨ ਕਵੀ ਬ੍ਰਿਜ ਲਾਲ ਜੀ ਪੰਡਿਤ ਜਿਨ੍ਹਾਂ ਕਾਂਸ਼ੀ ਤੋਂ ਵਿਦਿਆ ਪ੍ਰਾਪਤ ਕੀਤੀ ਗੁਰੂ ਪਾਤਸ਼ਾਹ ਦੇ ਸਨਮੁੱਖ ਪਧਾਰਨਗੇ ।

ਪੰਡਤ ਬ੍ਰਿਜ ਲਾਲ ਨੇ ਨਿਮਰਤਾ ਸਹਿਤ ਆਗਿਆ ਲੈ ਕੇ ਕਵਿਤਾ ਕਹੀ :—

"ਮੋਕਸ਼ੇ 'ਚ ਪ੍ਰਾਣੇ ਗੁਣ ਦ੍ਰਵ੍ਯ ਲਾਭੇ ਧਰਮ ਵਿਰਕਤੇ ਸੁਰ ਸੇਵਨੇ ਵਾ
ਯੋਖਿਤ ਸੁਦਾਸੇ, ਸਤਪੁਤ੍ਰਜਾਨੇ ਸੰਗ੍ਰਹਿ ਸਵਭਾਵ ਅਰਿਸ਼ਟੇ ਪ੍ਰਮੋਦੇ
ਮਨੋ ਨਿਰੋਧੇ, ਸੁਧਾਯਸਤ ਪ੍ਰਗ੍ਰਹੇ, ਧਰਮੇ 'ਚ ਨੀਤੌ', ਦਾਨ, ਗੁਣਾ ਕਰੇ।
ਏਕੋਸ਼ ਕੁਰਯਤ ਸਤਯਨਾਮ ਬਾਣੀ ਮੋਕਾਲ ਮਾਧੇ ਕਲਿ ਸੰਦਧਾਨ"।

ਪੰਡਤ ਜੀ ਬੈਠਣ ਲੱਗੇ ਤਾਂ ਗੁਰੂ ਸਾਹਿਬ ਨੇ ਕਿਹਾ, "ਪੰਡਤ ਜੀ ! ਸੰਸਕ੍ਰਿਤ ਦਾ ਉਚਾਰਨ ਸੰਗਤਾਂ ਨੂੰ ਸਮਝ ਨਹੀਂ ਪਿਆ। ਇਸ ਦੇ ਅਰਥ ਸਮਝਾ ਕੇ ਕ੍ਰਿਤਾਰਥ ਕਰੋ"।

ਪੰ. ਬ੍ਰਿਜ ਲਾਲ— ਮੁਕਤੀ ਵਿਚ, ਪ੍ਰਾਣਾਂ ਦੀ ਰੱਖਿਆ ਵਿਚ, ਗੁਣ ਤੇ ਧਨ ਦੇ ਲਾਭ ਵਿਚ, ਦੇਵ ਪੂਜਨ ਵਿਚ, ਆਗਿਆਕਾਰ ਸ੍ਰੇਸ਼ਟ ਸੁਭਾਵ ਦੇ ਗ੍ਰਹਿਣ ਕਰਨ ਵਿਚ, ਦੁਖੀ ਕਰਨ ਵਾਲਿਆਂ ਨੂੰ ਪ੍ਰਸੰਨ ਕਰਨ ਵਿਚ, ਧਰਮ ਨੀਤੀ ਵਿਚ, ਦਾਨ ਵਿਚ, ਗੁਣ ਇਕੱਠੇ ਕਰਨ ਵਿਚ, ਮਨ ਰੋਕਣ ਵਿਚ, ਯੁੱਧ ਸਮੇਂ ਅਸਤ੍ਰ ਗ੍ਰਹਿਣ ਕਰਨ ਵਿਚ, ਸਭ ਦੀ ਸਫਲਤਾ ਲਈ 'ਸਤਿਨਾਮ ਬਾਣੀ' ਜਿਸ ਦਾ ਆਦਿ ਓਂਕਾਰ ਹੈ, ਕਲਿਯੁਗ ਵਿਚ ਧਾਰਨ ਕਰੋ।

—"ਧੰਨ ਹੋ ਪੰਡਤ ਜੀ—ਵਿਦਵਤਾ ਦੀ ਹੱਦ ਛੂਹ ਲਈ ਹੈ ਤੁਸੀਂ"। ਗੁਰੂ ਪਾਤਸ਼ਾਹ ਦਾ ਫ਼ੁਰਮਾਨ ਸੀ।

ਮਹੰਤ ਜੀ :—ਹੁਣ ਸੁਣੋ ਮੀਰ ਛਬੀਲ ਦੇ ਸਾਥੀ ਮੀਰ ਮੁਸ਼ਕੀ ਢਾਡੀ ਨੂੰ ਜਿਨ੍ਹਾਂ ਦੀਆਂ ਵਾਰਾਂ ਖ਼ੂਨ ਗਰਮਾਉਂਦੀਆਂ ਹਨ ਅਤੇ ਜੰਗ ਵਿਚ ਲੜਨ ਲਈ ਪ੍ਰੇਰਨਾ ਦਿੰਦੀਆਂ ਹਨ।

ਮੀਰ ਮੁਸ਼ਕੀ ਨੇ ਅਦਬ ਸਹਿਤ ਢੱਡ ਇਕ ਪਾਸੇ ਰੱਖੀ ਤੇ ਮੰਚ ਤੇ ਆ ਕਵਿਤਾ ਕਹਿਣੀ ਆਰੰਭੀ :—

"ਬਜੇ ਨਿਸ਼ਾਨ ਡੰਕ ਨੌਂ ਭਜੇ ਤ੍ਰ ਭੂਪ ਲੰਕ ਕੇ
ਹਨੂ ਚੁਰਾਇ ਅੰਕ ਕੇ ਨ ਧੀਰ ਧਰੇ ਇੰਦ ਜੀ।
ਮਹੀ ਚਲੇ ਤਲਾ ਤਲੇ ਸੁਮੇਰ ਪਾਤ ਜਯੋਂ ਹਲੇ
ਬਰਾਹ ਦਾਢ ਕੇ ਦਲੇ, ਡਰੈ-ਡਰੈ ਫਨਿੰਦ ਜੀ।
ਭਜਯੋ ਮਹੇਸ਼ ਧਯਾਨ ਕੇ ਨਾ ਰੰਗ ਭਾਸਮਾਨ ਕੇ
ਪਰਯੋ ਵ੍ਰ ਕੰਮ ਪ੍ਰਾਨ ਕੇ ਦਸੋਂ ਦਿਸੈ ਗਜਿੰਦ ਜੀ।
ਪਰੀ ਪੁਕਾਰ ਆਨ ਕੇ ਚਲਯੋ ਸੁਨਾਨ ਠਾਨ।
ਸਨਧਬਧ ਜਵਾਨ ਕੈ ਰਚਯੋ ਗੁਰੂ ਗੋਬਿੰਦ ਜੀ।"

ਗੁਰੂ ਸਾਹਿਬ :—ਵਾਹ ਮੀਰ ਮੁਸ਼ਕੀ ਜੀ ! ਕਸਤੂਰੀ ਦੀ ਮੁਸ਼ਕ ਹੈ ਕਵਿਤਾ ਵਿਚ—ਤਾਂ ਹੀ ਤੇ ਸੂਰਮੇ ਜੂਝਣ ਲਈ ਮੈਦਾਨੇ ਜੰਗ ਵਿਚ ਪ੍ਰਵਾਨੇ ਬਣ ਨਿਤਰਦੇ ਹਨ।

ਮਹੰਤ ਜੀ :—ਭੱਟ ਬੰਸਾਵਲੀ ਦਾ ਰਤਨ ਬੋਹਥ ਭੱਟ ਦਾ ਪੁੱਤਰ, ਭੱਟ ਕੀਰਤ ਦਾ ਪੋਤਾ, ਭਿੱਖੇ ਭੱਟ ਦਾ ਪੜਪੋਤਾ ਰਾਜਪੂਤ ਵੰਸ ਦਾ ਖ਼ਾਨਦਾਨੀ ਭੱਟ, ਕੇਸ਼ੋ ਜੀ ਆਪਣੀ ਰਚਨਾ ਗੁਰੂ ਮਹਾਰਾਜ ਦੇ ਚਰਨਾਂ 'ਚ ਹਾਜ਼ਰ ਕਰਨਗੇ।

ਕੇਸੋ ਭੱਟ ਨੇ ਸਤਿਕਾਰ ਨਾਲ ਸਿਰ ਨਿਵਾ, ਨਜ਼ਰਾਂ ਝੁਕਾ ਕੇ ਕਵਿਤਾ ਆਰੰਭ ਕੀਤੀ :

"ਸਿਮਰਿ ਭੱਟ ਤਉ ਸਤਿਗੁਰ ਅਪਨਾ, ਪੈਨ ਧਊਲਾ ਗਫ ਧਾਰਾ
ਮਹਿੰਗੇ ਮੋਲ ਊਠ ਮੰਗਾਏ, ਚੜ੍ਹਨੇ ਕੋ ਘੋੜੇ ਕਾਨੋਂ ਮੇ ਬਾਰਾ।
ਸਿਮਰੂ ਸੁਲਤਾਨ ਹਿਰਦੇ ਦੇ ਗਿਆਨ, ਸਾਹਿਬ ਕੋ ਕਰੂੰ ਯਾਦ ਸਤਿਗੁਰ ਕਰੇ ਸਹਾਇ
ਰਣੇ ਛੋਰਾ ਨਹੀਂ ਦਾਨਾ ਜਾਲਪੁਰ ਕੇ ਆਂਬ ਕਟਾਇ
ਬ੍ਰਾਹਮਣ ਭੱਟੇ ਕੋ ਦੀਆ ਦਾਨ, ਬੇਲ ਤੇਰੀ ਕੋ ਕੂਰੂ ਵਧਾਇ।"

ਗੁਰੂ ਸਾਹਿਬ ਨੇ ਫ਼ਰਮਾਇਆ :—ਕੇਸ਼ੋ ਜੀ ! ਨਿੱਜੀ ਗੁਣ ਗਾਇਨ ਹੀ ਨਾ ਕਰਿਆ ਕਰੋ ਪ੍ਰਭੂ ਗੁਨਗਾਇਨ ਵਿਚ ਹੀ ਮੁਕਤੀ ਹੈ।

ਮਹੰਤ ਜੀ :—ਪੰਡਤ ਪਿੰਡੀ ਲਾਲ ਦੇ ਭਰਾਤਾ ਕਵੀ ਨੰਦ ਲਾਲ ਜਿਨ੍ਹਾਂ ਦੀ ਸ਼ਾਇਰੀ ਵਿਚ ਨਿਰਾ ਅਧਿਆਤਮਵਾਦ ਭਰਿਆ ਹੈ ਆਪਣੀ ਕਵਿਤਾ ਲੈ ਕੇ ਹਾਜ਼ਿਰ ਹੋ ਰਹੇ ਹਨ।

—ਕਵੀ ਨੰਦ ਲਾਲ ਨੇ ਸੁਖੈਨ ਭਾਸ਼ਾ ਵਿਚ ਕਵਿਤਾ ਦਾ ਉਚਾਰਨ ਇਉਂ ਕੀਤਾ :—

"ਇਕ ਦਿਹਾੜੇ ਸਤਿਗੁਰ ਪਾਸੋਂ ਅਸਾਂ ਪ੍ਰੇਮ ਸੁਰਾਹੀ ਪੀਤੀ।
ਭਾਇ ਅਸਾਡੇ ਲਿਖੀ ਫ਼ਕੀਰੀ, ਸੋ ਮਸਤਕ ਧਰਿ ਲੀਤੀ।
ਪਿਛਲੀ ਉਮਰ ਗੁਨਾਹੀ ਬੀਤੀ, ਹਰਿ ਕੀ ਭਗਤਿ ਨਾ ਕੀਤੀ।
ਆਗੇ ਸਮਝ ਚਲੋ ਨੰਦ ਲਾਲਾ, ਜੋ ਬੀਤੀ; ਸੋ ਬੀਤੀ"।

ਗੁਰੂ ਸਾਹਿਬ ਨੇ ਫ਼ਰਮਾਇਆ :—ਕਿਆ ਕਹਿਣੇ ਨੰਦ ਲਾਲ ਜੀ ! ਇਹ ਵੀ ਤਾਂ ਅਧਿਆਤਮ ਦੀ ਸਿਖਰ ਹੈ। ਸਮਝਾਉਣੀ ਦੇ ਨਾਲ ਆਤਮ ਕਥਾ ਵੀ ਬਿਆਨ ਕਰਨ ਦਾ ਚੰਗਾ ਰਾਹ ਕਢਿਐ।

ਮਹੰਤ ਜੀ :—ਹੁਣ ਭਾਈ ਰਾਏ ਦਾ ਪੁੱਤਰ ਤੇ ਭਾਈ ਮਨੀ ਰਾਮ ਦਾ ਭਤੀਜਾ ਆਪਣੀ ਰਚਨਾ ਲੈ ਕੇ ਹਾਜ਼ਰ ਹੋ ਰਿਹਾ ਹੈ ਮਹਾ ਰਾਏ।

—ਸਿਰ ਨਿਵਾਇਆ, ਗੁਰੂ ਸਾਹਿਬ ਗੂੜ੍ਹੀ ਮੁਸਕਣੀ ਮੁਸਕਾਏ ਤੇ ਕਵਿਤਾ ਆਰੰਭ ਹੋਈ :—

"ਸਿਆਮ ਬਿਨ ਊਧੋ ! ਐਸੀ ਭਈ ਜਿਉਂ ਮਛਲੀ ਬਿਨ ਪਾਨੀ
ਤੱਤੇ ਰੇਤੇ ਪਈ ਤੜ੍ਹਫਾਂ, ਬੇਦਨ ਕਿਸੇ ਨਾ ਜਾਣੀ
ਕੁਠੀ ਦਰਦ ਫ਼ਿਰਾਕਤ ਵਾਲੀ, ਦੇਹੀ ਦਰਦ ਰੰਝਾਣੀ
ਮਹਾ ਰਾਏ ਸਾਡਾ ਜੀਵਨ ਤਾਂ ਹੀ ਮਿਲਸੀ ਸਾਰੰਗਪਾਣੀ"

ਗੁਰੂ ਸਾਹਿਬ ਨੇ ਅਸੀਸਾਂ ਨਾਲ ਝੋਲੀ ਭਰਦੇ ਹੋਏ ਕਿਹਾ, "ਤੁਹਾਡੇ ਸਿਰ ਤਾਂ ਟੁੱਟੀ ਗੰਢਣ ਦਾ ਸਿਹਰਾ ਬੱਝਣਾ ਹੈ"।

ਮਹੰਤ ਜੀ :—ਗੁਰੂ ਪਾਤਸ਼ਾਹ ਨੂੰ ਬਚਪਨ ਵਿਚ ਗੁਰਮੁਖੀ ਪੜ੍ਹਾਉਣ ਵਾਲਾ ਛਿੱਬਰ ਘਰਾਣੇ ਦੇ ਛੋਟੇ ਮੱਲ ਦਾ ਸਪੁੱਤਰ, ਭਾਈ ਮਤੀ ਦਾਸ ਤੇ ਸਤੀ ਦਾਸ ਦਾ ਭਤੀਜਾ, ਸੰਸਕ੍ਰਿਤ ਤੇ ਫ਼ਾਰਸੀ ਦਾ ਗਿਆਤਾ ਹਰਿਜਸ ਰਾਏ ਹਜ਼ੂਰੀ 'ਚ ਪਧਾਰਨਗੇ।

ਮਿਸਰ ਹਰਿਜਸ ਰਾਏ ਨੇ ਨਮਸਕਾਰ ਕੀਤੀ ਅਤੇ ਅਰਜ਼ ਗੁਜ਼ਾਰੀ, "ਪਾਤਸ਼ਾਹ ਅੱਜ ਕੁਝ ਕਹਿਣ ਦਾ ਰਉਂ ਨਹੀਂ ਕਿਉਂਕਿ ਸੂਰਜਾਂ ਸਾਹਮਣੇ ਦੀਵੇ ਕਿਵੇਂ ਬਲ ਸਕਦੇ ਨੇ। ਮੇਰੀ ਬੁੱਧੀ

ਅਲਪ ਹੈ ਮੈਨੂੰ ਖਿਮਾ ਕਰੋ ਤਾ ਅਹਿਸਾਨਮੰਦ ਹੋਵਾਂਗਾ ਕਿਉਂਕਿ ਵਿਦਵਾਨਾਂ ਸਾਹਵੇਂ ਜੋ ਯਾਦ ਸੀ ਭੁੱਲ ਗਿਐ।

ਗੁਰੂ ਸਾਹਿਬ ਮੁਸਕਰਾਏ ਫ਼ੁਰਮਾਇਆ, "ਵਾਹ ਮਿਸ਼ਰ ਜੀ! ਬਲਿਹਾਰ ਜਾਈਏ ਨਿਮਰਤਾ ਤੋਂ ਕਿੰਨੀ ਸਹਿਜ ਭਾਵਨਾ ਨਾਲ ਗੱਲ ਨੂੰ ਵਲਾ ਗਏ ਹੋ"।

ਮਹੰਤ ਕ੍ਰਿਪਾਲ ਦਾਸ— ਉਦਾਸੀਆਂ ਦੀ ਸੰਪ੍ਰਦਾ ਦੀਵਾਨਾਂ ਦੇ ਮੁਖੀ ਕਵੀ ਬਿਹਾਰੀ ਜੀ ਲਾਹੌਰ ਨਿਵਾਸੀ ਆਪਣੀ ਕਵਿਤਾ ਲੈ ਕੇ ਹਾਜ਼ਿਰ ਹੋ ਰਹੇ ਹਨ, ਇਕ ਮਨ ਇਕ ਚਿਤ ਹੋ ਕੇ ਸੁਣੋ।

ਬਿਹਾਰੀ ਕਵੀ ਨੇ ਗੁਰੂ ਸਾਹਿਬ ਦੇ ਚਰਨ ਸਪਰਸ਼ ਕੀਤੇ, ਆਗਿਆ ਲਈ ਅਤੇ ਉਚਾਰਨ ਆਰੰਭਿਆ :—

"ਲਟਕ ਤੁਸਾਡੀ ਮੈਂ ਲੋਟਨ ਕੀਤੀ, ਫਿਰਾਂ ਲੁਟੀਂਦੀ ਰਾਹੀਂ।
ਤਾਗਤਿ ਕਢਿ ਖੜ੍ਹੀ ਵਿਛੋੜੇ, ਮੈਂ ਕੱਤਾਂ ਕੈਂ ਦੀ ਬਾਹੀਂ।
ਜਾਂ ਸਵਾਂ ਤਾਂ ਤੂੰ ਨਾਲੇ ਸਵੇਂ, ਜਾ ਚਲਨਾ ਉਹਿ ਰਾਹੀਂ।
ਗੁਰੂ ਗੋਬਿੰਦ ਜਬ ਭੀਤਰ ਦੇਖਾਂ, ਤੂੰ ਹੈਂ, ਮੈਂ ਨਾਹੀਂ।"

ਗੁਰੂ ਸਾਹਿਬ :—"ਕਿਆ ਉਦਾਸੀਨਤਾ ਹੈ, ਕਿਆ ਵਸਲ ਦੀ ਚਾਹਨਾ। ਤੁਸੀਂ ਤੇ ਸੱਚਮੁੱਚ ਬਾਂਕੇ ਬਿਹਾਰੀ ਹੋ।"

ਮਹੰਤ ਜੀ :—ਗੁਰੂ ਘਰ ਦੇ ਵਰੋਸਾਏ ਪਸਰੂਰ ਜ਼ਿਲ੍ਹਾ ਸਿਆਲਕੋਟ ਦੇ ਵਸਨੀਕ, ਸਲਯ ਪਰਬ ਤੇ ਅਨੁਵਾਦ ਕਰਤਾ ਮੰਗਲ ਕਵੀ ਜੀ ਤਸ਼ਰੀਫ਼ ਲਿਆ ਰਹੇ ਹਨ।

ਕਵੀ ਮੰਗਲ ਰਾਏ ਨੇ ਨਿਮ੍ਰਤਾ ਸਹਿਤ ਆਗਿਆ ਲੈ ਕੇ ਕਵਿਤਾ ਦਾ ਉਚਾਰਨ ਸ਼ੁਰੂ ਕੀਤਾ :—

"ਮੰਗਲ ਕੇ ਮੰਗਲ ਸੁ ਮੂਲ ਮੰਜਲਤਾ ਹੂੰ ਕੇ
ਕੋਮਲਤਾ ਕੋਲ ਕੇਲੀ ਕਮਲਾ ਕੀ ਓਕ ਕੇ।
ਬਾਲਨ ਕੇ ਲਾਲ ਮਾਲ ਬਾਲ ਦਿਨਪਾਲ ਹੂੰ ਕੇ
ਮਹਿਮਾ ਕੇ ਮਹੀਪਾਲ ਮਾਲ ਮੂਲ ਸੋਕ ਕੇ।
ਧਾਤਾ ਕੇ ਬਿਧਾਤਾ ਪ੍ਰਭੁਤਾ ਪ੍ਰਭਾਵ ਹੂੰ ਕੇ।
ਇੱਛ ਫਲ ਦਾਤਾ ਦਾਹੀ ਦੀਹ ਬਿਥਾ ਥੋਕ ਕੇ।
ਰਾਜਸ ਕੇ ਗਜ ਸੁਖ ਗੁਰੂ ਗੋਬਿੰਦ ਜੂ ਕੇ।
ਪਦ ਜੁਗਰਾਜ ਮਹਾਰਾਜ ਤੀਨ ਲੋਕ ਕੇ।"

ਗੁਰੂ ਸਾਹਿਬ : ਮੰਗਲ ਮਈ ਸੁਹੰਢਣੀ ਲੇਖਨੀ ਰਹੇ। ਸਮਾਜਕ ਜਾਗ੍ਰਤੀ ਲਈ ਸੇਵਾ ਕਰਦੇ ਰਹੋ। ਸੁੱਤੇ ਕਲਾਕਾਰਾਂ ਨੂੰ ਜਗਾਉਂਦੇ ਰਹੋ।

ਮਹੰਤ ਜੀ :—ਕੋਰਾ ਪਰਗਣਾ ਦੇ ਬਰੀ ਨਗਰ (ਯੂ. ਪੀ.) ਦੇ ਵਸਨੀਕ, ਇਸਲਾਮੀ ਜ਼ੁਲਮ ਤੋਂ ਤੰਗ ਆ ਕੇ ਗੁਰੂ ਸ਼ਰਨ ਆਏ ਕੁੰਵਰੇਸ਼ ਕਵੀ ਜੀ ਕਵਿਤਾ ਉਚਾਰਨ ਲਈ ਮੰਚ ਤੇ ਪਧਾਰਨ।

—ਕਵੀ ਕੁੰਵਰੇਸ਼ ਜਿਸ ਨੇ ਦ੍ਰੋਣ ਪਰਬ ਦਾ ਆਰੰਭ ਕਰ ਰੱਖਿਆ ਸੀ ਮੰਚ ਤੇ ਆਏ, ਆਗਿਆ ਲਈ ਕਵਿਤਾ ਆਰੰਭ ਕੀਤੀ :—

"ਤੇਗ ਬਹਾਦਰ ਹੁਦਾ ਬਾਰਿ ਨਿਧਿ ਚੰਦ੍ਰ ਨਿਜ
ਮਨ ਜੋ ਕੁਮਦ ਬ੍ਰਿੰਦ ਦਤਾਨੰਦ ਮਹਾਜਜ ।
ਭੂਪਨ ਮੁਕਟ ਮਣਿ ਕਾਰਨ ਕਰੰਬਿਤ
ਲਲਿਤ ਪਦ ਪੰਕਜ ਸੁ ਪੁੰਨ ਧਰਮ ਹਾਸਜ ।
ਬਿਦਤ ਸਕਲ ਜਨ ਚਿਤ ਮੈਂ ਭਾਵ ਨਿਜ
ਜਸੋ ਗੰਗਾ ਜਲ ਪੂਰ ਪਾਵਤ ਮਾਨ ਵਾਚਜ ।
ਦੀਨ ਜਨ ਮੀਨ ਗੁਨ ਕਰੁਨਾ ਸਮੁੰਦ੍ਰ
ਬਿਪ੍ਰ ਜਨ ਮਹਾ ਰੁਦ੍ਰ ਸ੍ਰੀ ਗੁਰ ਗੋਬਿੰਦ ਜਜ ।"

ਗੁਰੂ ਸਾਹਿਬ ਨੇ ਕਵਿਤਾ ਦੀ ਤਾਰੀਫ਼ ਕੀਤੀ ਅਤੇ ਢੇਰ ਸਾਰੀਆਂ ਅਸੀਸਾਂ ਦਿੱਤੀਆਂ ।

ਮਹੰਤ ਕ੍ਰਿਪਾਲ ਦਾਸ ਜੀ ਨੇ ਹੁਣ ਅੰਤਿਮ ਕਵੀ ਹਰਿਦਾਸ ਨੂੰ ਸੱਦਾ ਦਿੱਤਾ ਜਿਸ ਨੇ ਗ੍ਰੰਥਾਂ ਕਾਵਿ ਗ੍ਰੰਥ ਦੀ ਖੁਸ਼ਨਵੀਸੀ ਕੀਤੀ ਅਤੇ ਗੁਰੂ ਸਾਹਿਬ ਦੀਆਂ ਲਿਖਤਾਂ ਨੂੰ ਖ਼ੁਸ਼ਖ਼ਤ ਕਰਕੇ ਲਿਖਣ ਦੀ ਜ਼ਿੰਮੇਂਵਾਰੀ ਆਪਣੇ ਸਿਰ ਲਈ ਸੀ ।

ਹਰਿਦਾਸ ਨੇ ਆਪਣੇ ਪ੍ਰੇਮ ਦੀ ਗਾਥਾ ਇਉਂ ਕਹੀ : –

'ਮੈਂ ਚਾਹਉਂ ਲਿਖਉ ਪ੍ਰੇਮ ਕੀ ਬਾਤ
ਆਂਸੂ ਝਰ ਕਾਗਦ ਗਰਿ ਜਾਤ
ਪ੍ਰੇਮ ਬਚਨ ਕਛੁ ਕਰਉ ਉਚਾਰੇ
ਤਰਫ਼ ਕਰੇਜਾ ਆਹਿ ਪੁਕਾਰੇ
ਪ੍ਰੇਮ ਕੀ ਸੁਰਤ ਜਬੈ ਮਨ ਆਵਹਿ
ਤਨ ਮਨ ਸਕਲ ਬਿਸੁਰਤ ਬਜਾਵੈ
ਪ੍ਰੇਮ ਕੀ ਬਾਤ ਕਾਨ ਜਬ ਪਰੇ
ਮਨ ਪਾਥਰ ਓਰਾ ਜਿਉਂ ਗਰੇ
ਪ੍ਰੇਮ ਉਚਾਰ ਰਸਨਾ ਜਬ ਆਵੈ
ਗਦ ਗਦ ਹੋਇ ਕਿਛੁ ਕਹਣ ਨਾ ਜਾਵੈ"

ਗੁਰੂ ਸਾਹਿਬ :—ਵਾਹ ਹਰਿਦਾਸ ਜੀ ਤੁਸਾਂ ਤੇ ਪ੍ਰੇਮ ਦੀ ਖ਼ੂਬ ਵਿਆਖਿਆ ਕੀਤੀ ਹੈ । ਗੁਰੂ ਘਰ ਨਾਲ ਤੁਹਾਡਾ ਪ੍ਰੇਮ ਸਦਾ ਬਣਿਆ ਰਹੇ ।

ਮਹੰਤ ਜੀ ਨੇ ਐਲਾਨ ਕੀਤਾ ਕਿ ਸੰਗਤ ਅੱਜ ਕਵੀਆਂ 'ਦੀ ਸੁਰਤਿ ਵਿਚ ਏਨੀ ਵਿਲੀਨ ਹੋਈ ਕਿ ਲੰਗਰ ਛੱਕਣ ਦਾ ਚੇਤਾ ਤੱਕ ਕਿਸੇ ਨੂੰ ਨਹੀਂ ਰਿਹਾ । ਅਜੇ ਦੁਪਹਿਰ ਢਲੀ ਹੀ ਹੈ ਅਤੇ ਲਗਰ ਵੀ ਉਡੀਕ ਕਰ ਰਿਹਾ ਹੈ ਸੰਗਤਾਂ ਦੀ । ਗੁਰੂ ਮਹਾਰਾਜ ਅੱਜ ਦੇ ਕਵੀ ਦਰਬਾਰ ਵਿਚ ਭਾਗ ਲੈਣ ਵਾਲੇ ਕਵੀਆਂ ਨੂੰ ਸਿਰੋਪਾਉ ਬਖ਼ਸ਼ਣਗੇ, ਫਿਰ ਦੀਵਾਨ ਦੀ ਸਮਾਪਤੀ ਹੋਵੇਗੀ ।

ਗੁਰੂ ਸਾਹਿਬ ਨੇ ਇਕ-ਇਕ ਕਵੀ ਨੂੰ ਬੁਲਾ ਕੇ ਸਿਰੋਪਾਓ ਦੇ ਨਾਲ-ਨਾਲ ਅਸੀਸਾਂ, ਧਨ-ਮਾਲ, ਸਿਫ਼ਤ ਸਲਾਹਤਾਂ ਦੇ ਖ਼ਜ਼ਾਨੇ ਝੋਲੀ ਪਾਏ ਅਤੇ ਮੁਸਕਾਨਾਂ ਵੰਡਦਿਆਂ ਕਵੀ ਦਰਬਾਰ ਦੀ ਸਮਾਪਤੀ ਕੀਤੀ ।

ਸੰਗਤਾਂ ਹੁਲਾਸ ਭਰੇ ਮਨਾਂ ਨਾਲ ਕਵੀਆਂ ਦੀਆਂ ਕਵਿਤਾਵਾਂ ਦੀ ਤਾਰੀਫ਼ ਕਰਦੀਆਂ ਲੰਗਰ ਤੇ ਟੁੱਟ ਪਈਆਂ।

★

ਪਰਮਾਨੰਦ ੧੨੬

—ਜੰਗ ਜਿੱਤੀ ਏ, ਚਿਤੌੜਗੜ੍ਹ ਫ਼ਤਹਿ ਨਹੀਂ ਕਰ ਲਿਆ। ਦੋ ਪਹਿਲਵਾਨ ਘੁਲਦੇ ਹਨ, ਇਕ ਨੇ ਤੇ ਹਰਨਾ ਈ ਏ। ਜਿਨ ਮੌਢੇ ਲਾਅ ਦਿੱਤੇ ਉਹਦੀ ਜਿੱਤ ਹੋ ਗਈ। ਗੁਰੂ ਦੀਆਂ ਨਜ਼ਰਾਂ ਸਿੱਧੀਆਂ ਪੈ ਗਈਆਂ, ਗੁਰੂ ਦੀ ਫ਼ਤਹਿ ਆਖ ਕੇ ਲੋਕਾਂ ਸਿਰ ਝੁਕਾਇਆ। ਇਹ ਚਾਰ ਦਿਨ ਦੀ ਚਾਂਦਨੀ ਏ। ਬਦਲਾ ਲੈ ਕੇ ਸਾਹ ਲੈਣਾ, ਭਾਵੇਂ ਸਾਰਾ ਘਰ ਫੂੱਕਿਆ ਜਾਏ, 'ਆਖਣ ਲੱਗਾ ਹਰੀ ਚੰਦ ਦਾ ਮੁੰਢ।'

—ਤੇਰੇ ਲਹੂ ਵਿੱਚ ਸਿਰਫ਼ ਉਬਾਲਾ ਈ ਆਇਆ ਏ, ਸੋਚ ਨਹੀਂ। ਪਰਮਾਨੰਦ ਨੇ ਜ਼ਰਾ ਕੁ ਝਾੜ ਪਾਈ।

—ਚਾਚਾ ਜਿਹਦਾ ਘਰ ਉੱਜੜ ਜਾਏ, ਜਿਹਦੇ ਘਰ ਵਿੱਚ ਅੱਗ ਦਾ ਭਾਂਬੜ ਤਮੱਚਲਾ ਪਾਏ ਸੇਕ ਉਸੇ ਨੂੰ ਆਉਂਦਾ ਏ।

—ਬੱਚਾ ਬਿਨਾਂ ਸੋਚਿਆਂ ਸਮਝਿਆਂ ਪਹਿਲਾਂ ਜੰਗ ਛੇੜ ਲਈ ਇਹ ਸੋਚਿਆ ਈ ਨਹੀਂ ਕਿ ਅਗਲਾ ਮਿੱਟੀ ਦਾ ਬੁੱਤ ਨਹੀਂ, ਪਹਾੜ ਵਰਗਾ ਹਿਰਦਾ ਰੱਖਦਾ ਏ, ਪਹਾੜ ਨੂੰ ਮੱਥਾ ਮਾਰਨਾ ਮੱਥਾ ਤੇ ਪਾਟਣਾ ਈ ਏ। ਸਿੱਟਾ ਤੇ ਫ਼ੇਰ ਭੈੜਾ ਈ ਨਿਕਲਦਾ ਏ, ਕਿਸੇ ਨੇ ਵਧਾਈਆਂ ਨਹੀਂ ਦੇਣੀਆਂ, ਫਿਟਕਾਂ ਈ ਪਾਉਣੀਆਂ ਨੇ।

—ਲਾਹੌਰ ਤੇ ਸਰਹੰਦ ਦੀਆਂ ਫ਼ੌਜਾਂ ਤੋਂ ਮਦਦ ਮੰਗੀ ਜਾਏ ਤੇ ਇਕ ਵਾਰ ਫ਼ੇਰ ਗੁਰੂ ਨਾਲ ਚਾਰ ਹੱਥ ਕਰਕੇ ਵੇਖੇ ਜਾਣ, ਕਾਂਗੜੇ ਦੇ ਰਾਜੇ ਦਾ ਭਰਾ ਕ੍ਰਿਪਾਲ ਚੰਦ ਬੋਲਿਆ।

ਸ਼ਹਿਨਸ਼ਾਹ ਤੋਂ ਸਲਾਹ ਲਿਆਂ ਬਗ਼ੈਰ ਈ ਇਹ ਦੋਵੇਂ ਸੂਬੇ ਤੁਹਾਡੇ ਨਾਲ ਤੁਰ ਪੈਣਗੇ। ਤੁਹਾਡੀ ਕੁੜਮਾਚਾਰੀ ਹੋਣੀ ਏ।

— ਚਾਚਾ ਉਹ ਤੇ ਤਿਆਰ ਬੈਠੇ ਹਨ। ਤਲਵਾਰਾ ਦੇ ਕਬਜ਼ੇ ਤੇ ਹੱਥ ਏ। ਜ਼ਰਾ ਕੁ ਸਾਨੂੰ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਦੇਰ ਏ। ਵੇਖ ਫੇਰ ਘੋੜਿਆਂ ਦੀਆਂ ਵਾਹਰਾਂ ਕਿਸ ਤਰ੍ਹਾਂ ਆਉਂਦੀਆਂ।

—ਪੁੱਤ, ਇਹ ਐਵੇਂ ਸ਼ੇਖਚਿੱਲੀ ਵਾਲੀਆਂ ਗੱਲਾਂ ਹਨ। ਹਵਾ ਵਿੱਚ ਤਲਵਾਰਾਂ ਨਹੀਂ ਮਾਰੀਆਂ ਜਾਂਦੀਆਂ। ਇਹ ਮੈਂ ਜਾਣਦਾ ਹਾਂ ਕਿ ਇਤਲਾਹ ਸ਼ਹਿਨਸ਼ਾਹ ਨੂੰ ਪੁੱਜ ਗਈ ਏ ਤੇ ਹੁਕਮ ਵੀ ਸਾਦਰ ਹੋ ਗਿਆ ਏ। ਆਨੰਦਪੁਰ ਤੇ ਕਰੜੀ ਨਜ਼ਰ ਰੱਖੀ ਜਾਏਗੀ, ਹਮਲਾ ਨਹੀਂ ਕਰਨਾ ਤੇ ਨਾ ਲੁੱਟਮਾਰ ਈ ਕਰਨੀ ਏ। ਆਨੰਦਪੁਰ ਵਾਲੇ ਕੀ ਕਰ ਰਹੇ ਹਨ ਤੇ ਕੀ ਚਾਹੁੰਦੇ ਹਨ। ਉਹਨਾਂ ਦੀ ਨਿਯਤ ਖ਼ਰਾਬ ਤੇ ਨਹੀਂ, ਕਿਤੇ ਬਗ਼ਾਵਤ ਤੇ ਜਨਮ ਨਹੀਂ ਲੈ ਰਹੀ, ਸ਼ਹਿਨਸ਼ਾਹ ਨੇ ਬਾਰ-ਬਾਰ

ਤਾੜਨਾ ਕੀਤੀ ਏ ਤੇ ਫ਼ੌਜਕਸ਼ੀ ਤੋਂ ਪਰਹੇਜ਼ ਕੀਤਾ ਜਾਏ। ਪੁੱਤ.! ਇਹ ਹੁਕਮ ਅਸਾਂ ਵੀ ਸੁਣ ਲਿਆ ਏ। ਜੇ ਕਿਤੇ ਸਰਹੰਦ ਜਾਂ ਲਾਹੌਰ ਦੀਆਂ ਫ਼ੌਜਾਂ ਆ ਗਈਆਂ ਤਾਂ ਪਹਿਲਾਂ ਉਹਨਾਂ ਤੁਹਾਡੀ ਚਮੜੀ ਉਧੇੜਨੀ ਏ। ਤੁਹਾਡਾ ਈ ਘਰ ਲੁੱਟਣਾ ਏ। ਤੁਹਾਡੀਆਂ ਧੀਆਂ-ਭੈਣਾਂ ਦੀ ਇੱਜ਼ਤ ਖ਼ਾਕ ਵਿਚ ਮੇਲ ਦੇਣਗੇ। ਜੀਅ ਕਰੇਗਾ ਤੇ ਆਨੰਦਪੁਰ ਜਾਣਗੇ ਨਹੀਂ ਤੇ ਚਾਰ ਦਿਨ ਗੁੱਲਛਰ੍ਹੇ ਉਡਾ ਕੇ ਵਾਪਸ ਮੁੜ ਜਾਣਗੇ। ਹੁਣ ਦੱਸ ਇਹ ਸੌਦਾ ਪਸੰਦ ਈ ਕਿ ਕੋਈ ਹੋਰ ਰਾਹ ਲੱਭਿਆ ਜਾਏ, ਪਰਮਾਨੰਦ ਨੇ ਸਲਾਹ ਦਿੱਤੀ।'

—ਚਾਚਾ ਜੀ, ਇਹ ਸੌਦਾ ਸਾਰੇ ਪਹਾੜ ਲਈ ਮਹਿੰਗਾ ਪਏਗਾ, ਦਿਆਲ ਚੰਦ ਰਾਜਾ ਖਿੰਜਰਵਾਲ ਬੋਲਿਆ।

—ਰਾਜੇ ਨੇ ਮੁੜ ਕੇ ਨਹੀਂ ਆਉਣਾ। ਤੁਸੀਂ ਟੱਬਰ ਦੀ ਖ਼ੈਰ ਮੰਗੋ ਤੇ ਆਪਣੇ ਰਾਜ ਦੀ ਸੁੱਖ ਮਨਾਓ। ਹੱਥਲ ਹੋ ਕੇ ਬਹਿ ਜਾਣਗੇ ਪਹਾੜ ਦੇ ਰਾਜੇ। ਨਾ ਰਾਜ ਰਹੇਗਾ ਤੇ ਨਾ ਸਿੰਘਾਸਨ। ਹੁਣ ਰਾਜਨੀਤੀ ਤੋਂ ਕੰਮ ਲੈਣਾ ਪਵੇਗਾ।

— ਕਿਹੜੀ ਰਾਜਨੀਤੀ ਬਾਕੀ ਰਹਿ ਗਈ ਏ ਜਿਹਦਾ ਪ੍ਰਯੋਗ ਨਹੀਂ ਕੀਤਾ। ਹਰੀ ਚੰਦ ਦਾ ਮੁੰਡ ਆਖਣ ਲੱਗਾ।

ਸੋ ਹੱਥ ਰੱਸਾ ਤੇ ਸਿਰੇ ਤੇ ਗੰਢ ਸੁਲਾਹ ਗੁਰੂ ਨਾਲ। ਗੁਰੂ ਦੇ ਦਵਾਰੇ ਜਾ ਕੇ ਭੁੱਲ ਬਖ਼ਸ਼ਾਓ। ਇਹਦੇ 'ਚ ਕੋਈ ਹੱਤਕ ਨਹੀਂ, ਕੋਈ ਹੇਠੀ ਨਹੀਂ। ਤੁਹਾਡਾ ਮਾਣ ਨਹੀਂ ਘਟਣ ਲੱਗਾ। ਗ੍ਰਿਸਥੀ ਲੋਕ ਭੁੱਲਾਂ ਕਰਦੇ ਆਏ। ਗੁਰੂ ਹਮੇਸ਼ਾ ਬਖ਼ਸ਼ਦੇ ਆਏ, ਹੈ ਤੇ ਆਖ਼ਰ ਗੁਰੂ ਈ ਨਾ। ਸਾਡਾ ਕੰਮ ਏ ਭੁੱਲ ਕਰਨੀ, ਬਖ਼ਸ਼ਣਾ ਗੁਰੂ ਦਾ ਕੰਮ ਏ। ਤਾਹੀਏਂ ਤੇ ਲੋਕ ਉਹਨਾਂ ਨੂੰ ਗੁਰੂ ਮੰਨਦੇ ਹਨ, ਦੀਵਾਨ ਪਰਮਾਨੰਦ ਬੋਲਿਆ।

—ਪਿਉ ਦੀ ਲਾਸ਼ ਨੂੰ ਗਹਿਣੇ ਪਾ ਕੇ ਸੁਲਾਹ ਕੀਤੀ ਜਾਏ। ਕਦੇ ਦੁਸ਼ਮਣ ਕੋਲੋਂ ਵੀ ਖ਼ੈਰ ਮੰਗੀ ਜਾਂਦੀ ਏ।

—ਦੁਸ਼ਮਣ ਹੋਵੇ ਤਾਂ ਨਾ, ਉਹ ਤੇ ਗੁਰੂ ਏ, ਉਹਦੀ ਕਿਸੇ ਨਾਲ ਦੁਸ਼ਮਣੀ ਨਹੀਂ।

—ਫੇਰ ਇਹ ਲੜਾਈ ਕਿਉ ਹੋਈ ਤਲਵਾਰ ਕਿਉਂ ਚੁੱਕੀ, ਲਹੂ ਕਿਉਂ ਡੁੱਲ੍ਹਿਆ। ਪਹਾੜ ਦੀਆਂ ਸੁਹਾਗਣਾਂ ਰੰਡੀਆਂ ਕਿਉਂ ਹੋਈਆਂ। ਘਰਾਂ ਦੇ ਚਿਰਾਗ਼ ਕਿਉਂ ਬੁੱਝੇ।

— ਲੜਾਈ ਅਸਾਂ ਗੁਰੂ ਦੇ ਗਲ ਪਾਈ ਬੱਚਾ, ਉਨ੍ਹਾਂ ਬਚਾਅ ਤੇ ਕਰਨਾ ਈ ਸੀ।

—ਤੁਹਾਡੀਆਂ ਬੁਝਾਰਤਾਂ ਮੇਰੀ ਸਮਝ ਵਿਚ ਨਹੀਂ ਆਈਆਂ। ਚਲੋ ਨੱਕ ਨਾਲ ਲੀਕਾਂ ਕੱਢਵਾ ਲਵੋ।

—ਬੱਚਾ! ਵਕਤ ਦੀ ਨਜ਼ਾਕਤ ਨੂੰ ਸਮਝੋ। ਦੁੱਧ ਦੀ ਰਾਖੀ ਬਿੱਲੀ ਨੂੰ ਨਾ ਬਿਠਾਓ।

—ਵਿੱਚ ਭੀਮਚੰਦ ਨੇ ਲੱਤ ਆਣ ਅੜਾਈ, ਦੀਵਾਨ ਜੀ ਤੁਸਾਂ ਸਾਡਾ ਫੱਕਾ ਮਾਰ ਕੇ ਈ ਦਮ ਲੈਣੈ।

—ਮਹਾਰਾਜ ਮੈਂ ਤੇ ਪਹਿਲਾਂ ਰਾਜ ਬਚਾਉਣਾ ਏ ਤੇ ਸਾਰੇ ਪਹਾੜ ਦੀ ਪੱਗ ਨੂੰ ਚੌਰਾਹੇ ਤੇ ਰੁਲਣ ਨਹੀਂ ਦੇਣਾ। ਮੁਗ਼ਲਾਂ ਦੀਆਂ ਫ਼ੌਜਾਂ ਆ ਗਈਆਂ ਤੇ ਫੇਰ ਬਰਬਾਦੀ ਹੋਵੇਗੀ। ਉਹ ਤੇ ਤੁਸੀਂ

ਜਾਣਦੇ ਹੀ ਹੋ। ਮਹਾਰਾਜ ਤੁਸੀਂ ਮਾਂਗਵੀਂ ਧਾੜ ਸੱਦੀ ਤੇ ਹੁਦਾਰੀ ਫ਼ੌਜ ਅੱਗੇ ਲਾਈ, ਧਾੜ ਪਹਾੜੀਆਂ ਦੀ ਮਗਰ ਲੱਗ ਗਈ ਯੁੱਧ ਨੂੰ ਆਪ ਘਰ ਸੱਦਿਆ, ਮੌਤ ਨੂੰ ਆਪ ਵਾਜ ਮਾਰੀ, ਕੁੱਕੜ ਖੇਹ ਉਡਾਈ ਤੇ ਆਪਣੇ ਸਿਰ 'ਚ ਪਾਈ। ਲੱਭਾ ਕੀ ਬਦਨਾਮੀ ਤੇ ਹਾਰ ਭੈੜੇ ਸਲਾਹਕਾਰ ਤੇ ਭੈੜੀਆਂ ਸਲਾਹਾਂ। ਤੁਸੀਂ ਸ਼ੇਖੀ 'ਚ ਆ ਗਏ ਤੇ ਫ਼ੌਜਾਂ ਚਾੜ੍ਹ ਦਿੱਤੀਆਂ, ਬੜ੍ਹਕਾਂ ਮਾਰਨ ਵਾਲਿਆਂ ਦੱਮਗਜ਼ੇ ਮਾਰੇ, ਅਸੀਂ ਭੰਗਾਣੀ ਦੇ ਮੈਦਾਨ ਵਿੱਚ ਗੁਰੂ ਨੂੰ ਜਿਉਂਦਿਆਂ ਫੜ ਲਵਾਂਗੇ ਪਰ ਤੁਹਾਡੀ ਇਹ ਸੋਚ ਗਲਤ ਸੀ। ਤੁਸੀਂ ਗੁਰੂ ਨਾਲ ਦੋ ਹੱਥ ਕਰਨ ਜਾ ਰਹੇ ਹੋ। ਇਹ ਗੱਲ ਤੁਹਾਡੇ ਚਿੱਤ ਚੇਤੇ ਵਿੱਚ ਵੀ ਨਹੀਂ ਸੀ ਕਿ ਗੁਰੂ ਅੰਦਰ ਕੋਈ ਗ਼ਾਇਬੀ ਤਾਕਤ ਵੀ ਹੈ। ਸ਼ਕਤੀ ਏ ਖ਼ੁਦਾਈ ਤਾਕਤ ਦੀ, ਐਵੇਂ ਨਹੀਂ ਐਡੀ ਵੱਡੀ ਹਕੂਮਤ ਨਾਲ ਮੱਥਾ ਲਾ ਲਿਆ। ਲਓ ਸੁਣੋ ਰਹਿਮਤ ਦਾ ਜਲਾਲ ਤੇ ਕਰਾਮਾਤ ਗੁਰੂ ਦੀ।

ਤੁਹਾਡੀ ਫ਼ੌਜ ਵਿਚ ਸੂਰਮੇ, ਯੋਧੇ, ਬਹਾਦਰ, ਵੀਰ, ਲੜਾਕੇ ਜਵਾਨ, ਜਿਨ੍ਹਾਂ ਕਈ ਮੈਦਾਨ ਮਾਰੇ ਹੋਏ ਸਨ ਤੇ ਤੁਹਾਡੇ ਸਾਹਮਣੇ ਇਕ ਹਲਵਾਈ ਜਿਹੜਾ ਤਲਵਾਰ ਦੀ ਪੁੱਠ-ਸਿੱਧ ਤੋਂ ਵੀ ਅਣਜਾਣ ਸੀ। ਥਾਪਨਾ ਦਿੱਤੀ ਗੁਰੂ ਨੇ ਤੇ ਮੀਰ ਖ਼ਾਂ ਬਲਵਾਨ ਪਠਾਨ ਦੀ ਮਿੱਝ ਕੱਢ ਦਿੱਤੀ। ਮਾਹੀ ਮਹੀਆਂ ਚਾਰਨ ਵਾਲਾ ਬਾਗ਼ੀ ਓਸ ਧੁੰਮ ਪਾ ਦਿੱਤੀ ਮੈਦਾਨ ਵਿਚ, ਉਹਦੀ ਤਲਵਾਰ ਚਮਕਦੀ ਵੇਖੀ ਸੀ ਨਾ।

ਕ੍ਰਿਪਾਲ ਦਾਸ ਮਹੰਤ ਸਾਧ ਜਿਨ ਕਦੇ ਸੁਪਨੇ ਵਿੱਚ ਵੀ ਤਲਵਾਰ ਦਾ ਮੂੰਹ ਨਹੀਂ ਸੀ ਵੇਖਿਆ। ਓਸ ਹਯਾਤ ਖ਼ਾਨ ਨੂੰ ਡੰਡਾ ਮਾਰ ਕੇ ਉਹਦਾ ਸਿਰ ਦੋ ਫਾੜ ਕਰ ਦਿੱਤਾ। ਇਹ ਨੌਬਤ ਤੇ ਕੋਈ ਗ਼ੈਬੀ ਤਾਕਤ ਦੇ ਸਦਕੇ ਈ ਭਾਣਾ ਵਰਤਿਐ। ਕਿੱਥੇ ਗਈ ਪਠਾਨਾਂ ਦੀ ਬਹਾਦਰੀ। ਪਹਾੜੀ ਰਾਜੇ ਦੁਮ ਦਬਾ ਕੇ ਨੱਸ ਗਏ ਸਨ। ਖ਼ੁਦਾ ਦੇ ਕਹਿਰ ਤੋਂ ਡਰੋ, ਅੱਤ ਬੁਰੀ ਬਲਾ ਏ। ਅੱਤ ਤੇ ਰੱਬ ਦਾ ਵੈਰ ਏ। ਸਾਨੂੰ ਗੁਰੂ ਦੀ ਸ਼ਰਨ ਜਾਣਾ ਚਾਹੀਦੈ।

—ਜੇ ਗੁਰੂ ਨੇ ਕੈਦ ਕਰ ਲਿਆ, ਜ਼ੰਜੀਰਾਂ 'ਚ ਜਕੜ ਲਿਆ ਤੇ ਫੇਰ ਕੀਹਦੀ ਮਾਂ ਨੂੰ ਮਾਸੀ ਆਖਾਂਗੇ।

—ਉਹ ਪਹਾੜ ਦੇ ਰਾਜੇ ਨਹੀਂ ਗੁਰੂ ਹਨ, ਗੁਰਗੱਦੀ ਦੇ ਮਾਲਕ ਨੇ, ਉਹਨਾਂ ਕਿਸੇ ਦੀ ਜਾਗੀਰ ਤੇ ਕਬਜ਼ਾ ਨਹੀਂ ਕੀਤਾ, ਕਿਸੇ ਦਾ ਘਰ ਨਹੀਂ ਲੁੱਟਿਆ, ਉਹ ਰੱਬ ਦਾ ਰੂਪ ਹਨ। ਗੁਰੂ, ਬਖਸ਼ਨ ਹਾਰ ਏ, ਉਹਦਾ ਦਿਲ ਸ਼ੀਸ਼ੇ ਵਾਂਗੂੰ ਸਾਫ਼ ਏ। ਪਹਾੜੀਏ ਦਿਲ ਦੇ ਕਾਲੇ ਹਨ, ਪੱਥਰ ਦਿਲ।

—ਗੁਰੂ ਹਰਿਰਾਏ ਕੋਲ ਐਨੀ ਸੈਨਾ ਸੀ। ਉਹਦੀ ਅੰਸ਼ ਅਜੇ ਵੀ ਬਾਕੀ ਏ। ਯੋਧੇ ਗੁਰੂ ਦੀ ਸੰਗਤ ਵਿਚ ਹਨ, ਪੰਗਤ ਵਿਚ ਲੁਕੇ ਬੈਠੇ ਹਨ। ਯੋਧੇ ਹਨ। ਜਦੋਂ ਉਹ ਬਾਹਰ ਨਿਕਲੇ ਤੱਦ ਕਿੱਥੇ ਜਾਣਗੇ ਪਹਾੜ ਵਾਲੇ।

—ਮਾਲਾ ਨੇ ਤਲਵਾਰ ਦਾ ਰੂਪ ਧਾਰ ਲਿਆ ਏ। ਉਨ੍ਹਾਂ ਦੀ ਲੱਗੀ ਜ਼ਾਤ ਦਾ ਵਿਰਸਾ ਅਜੇ ਵੀ ਬਾਕੀ ਏ। ਬਾਈ ਧਾਰ ਦੇ ਰਾਜੇ ਕੀ ਹੌਸਲਾ ਕਰਨਗੇ। ਮੁੜ ਜੰਗ ਛੇੜੀ ਜਾਏ, ਕਦੀ ਨਹੀਂ। ਗੁਰੂ ਆਖਰ ਗੁਰੂ ਹਨ। ਉਨ੍ਹਾਂ ਨਾ ਕਿਸੇ ਦੀ ਚੱਪਾ ਜ਼ਮੀਨ ਤੇ ਕਬਜ਼ਾ ਕੀਤਾ ਏ ਤੇ ਨਾ ਈ ਕਿਸੇ ਦਾ ਖ਼ਜ਼ਾਨਾ ਲੁੱਟਿਆ ਏ। ਕੋਈ ਵੀ ਸਿੱਖ ਕਿਸੇ ਦਾ ਘੋੜਾ ਲੈ ਕੇ ਨੱਸਿਆ, ਕਿਸੇ ਨੇ ਪਹਾੜੀ ਰਾਜੇ ਦੀ ਜਾਗੀਰ ਤੇ ਮੱਲ ਮਾਰੀ ਏ ਕਦੀ ਨਹੀਂ। ਸੁਪਨੇ ਵਿਚ ਵੀ ਤੁਸੀਂ ਕਦੀ ਨਾਂ ਨਹੀਂ ਲੈ ਸੱਕਦੇ।

ਜਦੋਂ ਲਾਲਚ ਈ ਨਹੀਂ ਤੇ ਫੇਰ ਲੜਾਈ ਕਾਹਦੀ, ਫੇਰ ਦੁਸ਼ਮਣੀ ਕਿਉਂ । ਰਾਜਿਆਂ ਦੀ ਚੁੱਕ ਨੇ ਤੁਹਾਨੂੰ ਖੂਹ 'ਚ ਡੋਬਿਐ । ਸਾਡਾ ਗੁਰੂ ਤੋਂ ਬਗ਼ੈਰ ਗੁਜ਼ਾਰਾ ਨਹੀਂ ।

—"ਕਲ ਤੀਰਾਂ, ਤਲਵਾਰਾਂ ਨਾਲ ਗੱਲਾਂ ਹੁੰਦੀਆਂ ਸਨ ਤੇ ਕੀ ਅੱਜ ਗੁਰੂ ਸਾਨੂੰ ਗੋਡੇ-ਮੁੱਢ ਬਿਠਾਵੇ । ਪਿਆਰ ਦੇਵੇਗਾ ?" ਭੀਮਚੰਦ ਬੋਲਿਆ ।

—ਇਹੋ ਈ ਤੇ ਬੜੱਪਣ ਏ । ਇਸੇ ਗੱਲ ਦਾ ਨਾਂ ਗੁਰੂ ਏ । ਅਜੇ ਵੀ ਡੁੱਲ੍ਹਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ । ਬਲੌਰ ਵਰਗੇ ਸਾਫ਼ ਦਿਲ ਤੇ ਕਦੀ ਤਰੇੜ ਨਹੀਂ ਆ ਸਕਦੀ । ਬਾਈ ਧਾਰ ਦੇ ਰਾਜੇ ਆਪਣੇ-ਆਪਣੇ ਮਹਿਲੀਂ ਜਾ ਬੈਠੇ । ਅਸੀਂ ਤੇ ਗਵਾਂਢ ਵੱਸਣੇ ।

—ਦੀਵਾਨ ਜੀ, ਗ਼ਲਤੀ ਤੇ ਸਾਡੀ ਸੀ, ਫ਼ੌਜ ਅਸਾਂ ਚਾੜ੍ਹੀ ਹਮਲਾ ਅਸਾਂ ਕੀਤਾ । ਗਏ ਬਰਾਤੇ ਸਾਂ ਤੇ ਜਾ ਵੜੇ ਮੈਦਾਨੇ ਜੰਗ ਵਿੱਚ । ਮਾਮਲਾ ਉਲਝ ਗਿਆ । ਸੁਲਝ ਜਾਵੇਗਾ । ਕੋਈ ਕੱਢ ਦੀਵਾਨ ਜੀ, ਜਾਨ ਕੜਿੱਕੀ 'ਚ ਫੱਸੀ ਹੋਈ ਏ ।

—ਫ਼ਿਕਰ ਨਾ ਕਰੋ, ਆਰਾਮ ਦੀ ਨੀਂਦਰੇ ਸੋਵੋਂ, ਕੱਲ ਇਹਦਾ ਹੱਲ ਸੋਚਿਆ ਜਾਵੇਗਾ ।

—ਅੱਜ ਕਿਉਂ ਨਹੀਂ । ਸਾਰੀ ਰਾਤ ਪ੍ਰੇਸ਼ਾਨੀ ਵਿੱਚ ਨਿਕਲੇਗੀ । ਨੀਂਦ ਕੀਹਨੂੰ ਆਉਣੀ ਏ ।

—ਕਾਹਲੀ ਅੱਗੇ ਟੋਏ । ਐਡਾ ਵੱਡਾ ਪਾੜ ਪੈ ਗਿਆ ਏ । ਇਹਨੂੰ ਮੇਲਣ ਲਈ ਵਕਤ ਚਾਹੀਦੈ । ਲਓ ਮਹਾਰਾਜ ਵਧਾਈ ਜੇ ਗੁਰਾਂ ਦੇ ਘਰ ਸਹਿਬਜ਼ਾਦਾ ਨੇ ਜਨਮ ਲਿਆ ਏ । ਹੁਣ ਸੌਤੇ ਖ਼ੈਰਾਂ । ਤੋਹਫ਼ੇ ਲਿਆਓ, ਵਧਾਈ ਭੇਜੋ, ਮੁਬਾਰਕਾਂ ਵਿਚ ਤੁਹਾਡੀਆਂ ਵੀ ਮੁਬਾਰਕਾਂ ਸ਼ਾਮਲ ਹੋ ਜਾਣਗੀਆਂ । ਖ਼ੁਸ਼ੀ ਵਿੱਚ ਕਦੇ ਗ਼ੁੱਸਾ ਨਹੀਂ ਆਉਂਦਾ । ਤੁਸੀਂ ਗਏ ਤੇ ਗੁਰਾਂ ਨੇ ਗਲ ਨਾਲ ਲਾ ਲੈਣਾ ਏ । ਫੇਰ ਕੋਈ ਗ਼ੁੱਸਾ, ਨਾ ਗਿਲਾ ਤੇ ਨਾ ਸ਼ਿਕਵਾ, ਇਹੋ ਈ ਤੇ ਰਹਿਮਤ ਏ । ਇਹੋ ਈ ਤੇ ਬੜੱਪਣ ਏ ਗੁਰੂ ਘਰ ਵਿੱਚ ।

★

ਭੀਸ਼ਨ ਚੰਦ ਦੀਵਾਨ ੧੨੭

ਰਾਜਾ ਭੀਮ ਚੰਦ ਦੇ ਮਨ ਗੱਲ ਲੱਗੀ । ਉਸ ਹਥਿਆਰ ਸੁੱਟ ਦਿੱਤੇ । ਦੀਵਾਨ ਪਰਮਾਨੰਦ ਨੇ ਭੀਸ਼ਨ ਚੰਦ ਦੀਵਾਨ ਨੂੰ ਹੁਕਮ ਦਿੱਤਾ । ਲੱਡੂ ਪਰਾਤਾਂ ਭਰ ਕੇ, ਕੱਪੜੇ, ਗਹਿਣੇ, ਮੋਤੀ, ਹੀਰੇ, ਥਾਲੀਆਂ ਭਰ-ਭਰ ਪੁੰਜਾ, ਮਿਸਰੀ ਦੀ ਇਕ ਥਾਲੀ, ਨੂੰਠੀ ਦੇ ਸ਼ਗਨ, ਇਹ ਸਹਿਬਜ਼ਾਦੇ ਲਈ ਹੋਣ ।

ਗੁਰੂ ਸਾਹਿਬ ਲਈ ਵੱਖਰਾ ਨਜ਼ਰਾਨਾ ਤੇ ਮਾਤਾ ਜੀ ਦੇ ਕਪੜੇ ਲੈ ਕੇ ਚੱਲਿਆ ਭੀਸ਼ਨ ਚੰਦ ਦੀਵਾਨ ਬਿਲਾਸਪੁਰ ਦਾ ।

—ਭੀਮਚੰਦ ਰਾਜੇ ਨੇ ਜ਼ਬਾਨ ਖੋਲ੍ਹੀ । ਮਾਮਲਾ ਬੜਾ ਨਾਜ਼ੁਕ ਏ । ਅਜੇ ਗ਼ੁੱਸਾ ਠੰਡਾ ਨਹੀਂ ਹੋਇਆ । ਸ਼ਾਇਦ ਗੁਰੂ ਅੰਦਰ ਅਜੇ ਵੀ ਗ਼ੁੱਸੇ ਦੀ ਅਗਨੀ ਦਾ ਪ੍ਰਚੰਡ ਪ੍ਰਕਾਸ਼ ਹੋਵੇ । ਤੈਨੂੰ ਵੇਖਕੇ

ਗੁੱਸਾ ਫਿਰ ਹੋਂਦ ਵਿਚ ਆ ਜਾਵੇ। ਤੂੰ ਅਗੋਂ ਜ਼ਬਾਨ ਨਹੀਂ ਖੋਲ੍ਹਣੀ। ਮੂੰਹ ਬੰਦ ਰੱਖਣਾ ਏ, ਹੱਥ ਹੀ ਜੋੜੀ ਜਾਈਂ, ਕੋਈ ਜਵਾਬ ਨਹੀਂ ਦੇਣਾ। ਪੈਰਾਂ ਤੇ ਹੀ ਮੱਥਾ ਟੇਕੀ ਜਾਣਾ ਏ।

—ਸੱਤ ਬਚਨ ਮਹਾਰਾਜ, ਤੁਹਾਨੂੰ ਮੇਰੇ ਵਲੋਂ ਕੋਈ ਸ਼ਿਕਾਇਤ ਨਹੀਂ ਆਉਣ ਲੱਗੀ। ਮੈਂ ਚੰਡਿਆ ਹੋਇਆ ਚੇਲਾ ਹਾਂ ਦੀਵਾਨ ਸਾਹਬ ਦਾ। ਇਹ ਤੇ ਆਪਣਾ ਘਰ ਏ ਜੇ ਕਿਤੇ ਬਾਹਰ ਕਿਸੇ ਦੁਸ਼ਮਣ ਦੀ ਗਲੀ ਵਿੱਚ ਜਾਣਾ ਹੁੰਦਾ ਤਾਂ ਵੀ ਕੋਈ ਫ਼ਿਕਰ ਨਹੀਂ ਏ।

—ਸ਼ਾਬਾਸ਼! ਦੀਵਾਨ ਜੀ ਮੈਂ ਤੁਹਾਡੀ ਉਡੀਕ ਕਰਾਂਗਾ ਕੱਲ ਸਵੇਰੇ। ਬੇਚੈਨ ਰਾਜਾ ਭੀਮ ਚੰਦ ਆਖਣ ਲੱਗਾ।

—ਆਵਾਂਗਾ ਤੇ ਕੱਲ ਸਵੇਰੇ ਹੀ ਜੇ ਗੁਰੂ ਦੇਵ ਨੇ ਠਹਿਰਨ ਲਈ ਮਜਬੂਰ ਕਰ ਦਿੱਤਾ ਤੇ ਫੇਰ ਮੈਂ ਨਾਂਹ ਨਾ ਕਰ ਸਕਾਂਗਾ।

—ਬੰਦਾ ਤੇ ਭੇਜਿਆ ਜਾ ਸਕਦੈ ਜ਼ਰਾ ਕੁ ਤਸੱਲੀ ਤੇ ਹੋ ਜਾਊ।

—ਤੁਸੀਂ ਬੇਫ਼ਿਕਰ ਹੋ ਕੇ ਲੱਤ ਤੇ ਲੱਤ ਰੱਖਕੇ ਘਰਾੜੇ ਮਾਰ ਕੇ ਸੌਂ ਜਾਓ, ਅਸੀ ਤੇ ਗੁਰੂ ਘਰ ਚੱਲੇ ਹਾਂ।

—ਜੈਦੇਵਾ, ਜਾ ਤੇਰੇ ਕਾਰਜ ਸਿੱਧ ਕਰੇ ਮਾਤਾ ਰਾਣੀ, ਰਾਜਾ ਜੀ ਨੇ ਅਸੀਸ ਦਿੱਤੀ।'

—ਮਾਮਲਾ ਗੰਭੀਰ ਏ ਤੇ ਰਾਜਾ ਡਰ ਗਿਆ ਏ। ਉਹ ਭੋਲਾ ਕੀ ਜਾਣੇ ਗੁਰੂ ਘਰ ਨੂੰ। ਜਿਸ ਮਹਿਲ ਵਿਚੋਂ ਕਦੀ ਕਦਮ ਬਾਹਰ ਨਹੀਂ ਰੱਖਿਆ। ਉਹ ਕੀ ਜਾਣੇ ਕੜਾਕੇ ਦੀ ਠੰਡ ਤੇ ਕਹਿਰ ਦੀ ਗਰਮੀ। ਸੋਚਾਂ ਵਿਚ ਚਲ ਰਿਹਾ ਸੀ ਜੱਥਾ। ਰਾਜ ਘਰਾਨੇ ਦੀ ਸ਼ਾਨ ਦੇ ਮੁਤਾਬਕ ਸਨ ਤੋਹਫ਼ੇ। ਨਰਸਿੰਘੇ ਵੱਜ ਰਹੇ ਸਨ, ਸੰਖ ਪੂਰਿਆ ਜਾ ਰਿਹਾ ਸੀ, ਜੱਥਾ ਚੱਲ ਰਿਹਾ ਸੀ ਕਦਮ ਤੇ ਕਦਮ ਚੁੱਕਦਾ, ਆਨੰਦਪੁਰ ਆ ਗਿਆ।

—ਨੰਗੇ ਪੈਰੀਂ ਸਿਰ ਝੁਕੇ ਹੋਏ, ਨਿਮਰਤਾ ਵਿੱਚ ਪਹਿਲਾਂ ਆਨੰਦਪੁਰ ਦੀ ਧੂਲ ਨੂੰ ਮੱਥੇ ਨਾਲ ਲਾਇਆ ਤੇ ਫੇਰ ਮੱਥਾ ਟੇਕਿਆ।

—ਪ੍ਰੋਹਣੇ ਕਿੱਥੋਂ ਆਏ ਨੇ, ਧੰਨਭਾਗ ਆਓ ਦਰਸ਼ਨ ਦਿਉ, ਇਕ ਸੇਵਾਦਾਰ ਨੇ ਅਰਜ ਕੀਤੀ।

—ਤੁਹਾਡੇ ਗਵਾਂਢੀ ਹਾਂ। ਕਹਿਲੂਰ ਤੋਂ ਆਏ ਹਾਂ। ਬਿਲਾਸਪੁਰ ਦੇ ਰਾਜੇ ਨੇ ਭੇਜਿਐ।

—ਤੁਸੀਂ ਆਰਾਮ ਕਰੋ, ਥਕਾਵਟ ਲੱਥੇ, ਜੱਲ-ਪਾਣੀ ਛਕੋ, ਤੁਸਾਂ ਸਤਗੁਰਾਂ ਨੂੰ ਮਿਲਣਾ ਏ।

—ਹਾਂ! ਅਸੀਂ ਉਹਨਾਂ ਦੇ ਦਰਸ਼ਨਾਂ ਨੂੰ ਆਏ ਹਾਂ।

—ਪਹਿਲਾਂ ਪੰਗਤ ਵਿੱਚ ਜਾ ਕੇ ਲੰਗਰ ਛਕੋ, ਭੁੱਖ ਲੱਗੀ ਹੋਣੀ ਏ, ਪਹਾੜੀ ਪੈਂਡਾ ਮੁੱਕਦਾ ਹੀ ਨਹੀਂ। ਪਹਾੜ ਦੀਆਂ ਡੰਡੀਆਂ ਸੱਪ ਵਾਂਗੂ ਵਲੇਵੇ ਖਾਂਦੀਆਂ ਨੇ, 'ਬੋਲ ਸੇਵਾਦਾਰ ਦੇ ਸਨ।'

—ਓਹ ਤੇ ਕਹਿਲੂਰ ਏ, ਉਹ ਸਾਹਮਣੇ ਦਿਖਦੈ। ਸਾਨੂੰ ਪਹਾੜੀਆਂ ਨੂੰ ਪੈਂਡਾ ਕੀ ਆਂਹਦੈ, ਦੀਵਾਨ ਬੋਲਿਆ।

—ਗੁਰੂ ਘਰ ਦੀ ਮਰਿਯਾਦਾ ਏ ਪਹਿਲਾਂ ਲੰਗਰ ਤੇ ਫੇਰ ਗੁਰੂ ਦਰਸ਼ਨ, ਹੱਥ ਜੋੜੇ ਸੇਵਾਦਾਰ ਨੇ।

—ਸੱਤ ਬਚਨ ਜ਼ਰਾ ਮੂੰਹ-ਹੱਥ ਧੋ ਲੈਣ ਦਿਉ। ਤੇ ਫੇਰ ਪਹਿਲਾਂ ਲੰਗਰ ਵੱਲ ਹੀ ਜਾਂਦੇ ਹਾਂ।

—ਗਵਾਂਢੀਆਂ ਨੂੰ ਮਰਿਯਾਦਾ ਦੱਸਣ ਦੀ ਲੋੜ ਨਹੀਂ ਪੈਂਦੀ। ਪਰ ਦੂਰ ਤੋਂ ਆਏ ਸ਼ਰਧਾਲੂ ਜਾਣਦੇ ਨਹੀਂ। ਏਸ ਲਈ ਸਾਨੂੰ ਹੁਕਮ ਏ ਖ਼ਬਰਦਾਰ ਕਰਨਾ। ਭੁੱਖਾ ਆਦਮੀ ਘਬਰਾ ਜਾਂਦਾ ਏ। ਭੁੱਖ ਮਿਟੀ ਤੇ ਫੇਰ ਬੰਦਾ ਥਕਾਵਟ ਮਹਿਸੂਸ ਨਹੀਂ ਕਰਦਾ। ਪੈਂਡਾ ਆਖ਼ਰ ਪੈਂਡਾ ਏ। ਪਰ ਪਹਾੜ ਦੇ ਕੋਹ ਮੁਕੱਣ ਦਾ ਨਾਂ ਈ ਨਹੀਂ ਲੈਂਦੇ। ਪਹਾੜੀਆਂ ਦੇ ਗਜ਼ ਕੁਝ ਲੰਮੇਂ ਹੁੰਦੇ ਹਨ ਜਾਂ ਪੜੋਸੀਆਂ ਨੂੰ ਲੱਗਦੇ ਹਨ। ਸੇਵਾਦਾਰ ਬੋਲ ਰਿਹਾ ਸੀ।

—ਉੱਗੜ-ਦੁੱਗੜ ਰਸਤਾ ਏ ਨੀਵਾਂ-ਉੱਚਾ, ਸਿੱਧ ਪੱਧਰਾ ਹੋਵੇ ਤੇ ਬੰਦੇ ਨੂੰ ਮਾਲੂਮ ਨਹੀਂ ਹੁੰਦਾ। ਵੈਸੇ ਪਹਾੜੀਆਂ ਦੇ ਗਜ਼ ਜਰੀਬਾਂ ਕੁਝ ਲੰਮੀਆਂ ਈ ਹੁੰਦੀਆਂ ਨੇ। ਦੀਵਾਨ ਨੇ ਜਵਾਬ ਦਿੱਤਾ।'

—ਸੇਵਾਦਾਰ ਨੇ ਹੱਥ ਜੋੜੇ ਹੁਕਮ ਹੋਇਆ ਏ ਲੰਗਰ ਛੱਕੋ, ਆਰਾਮ ਕਰਨ ਦਿਉ। ਦਿਨ ਢਲੇ ਦੀਵਾਨ 'ਚ ਖੁੱਲ੍ਹੇ ਦਰਸ਼ਨ ਹੋਣਗੇ। ਸਤਿਗੁਰ ਮਹਿਲੀਂ ਚਲੇ ਗਏ ਹਨ। ਆਰਾਮ ਦਾ ਵਕਤ ਏ। ਧੁੱਪ ਵੀ ਕੜਾਕੇ ਦੀ ਏ। ਪਸੀਨਾ ਤੁਹਾਡੇ ਮੱਥੇ ਤੇ ਲਿਸ਼ਕਦੈ। ਕਾਹਲ ਕਾਹਦੀ ਏ ਆਨੰਦਪੁਰ ਆਏ ਹੋ। ਭਾਗਾਂ ਵਾਲੇ ਆਨੰਦਪੁਰ ਆਉਂਦੇ ਹਨ। ਜਿਹੜਾ ਆਨੰਦਪੁਰ ਆਇਆ ਉਹਦਾ ਜਨਮ ਸਫਲ ਹੋ ਗਿਆ, ਕਾਇਆ ਕੁੰਦਨ ਹੋ ਗਈ ਲਓ ਜੱਲ ਛਕੋ।

—ਦੀਵਾਨ ਨੇ ਹੱਥ ਜੋੜੇ ਇੰਨਾ ਕਸ਼ਟ ਕਰਨ ਦੀ ਕੀ ਲੋੜ ਏ ਅਸੀਂ ਆਪੇ ਈ ਜਲ ਲੈ ਲੈਂਦੇ ਹਾਂ।

—ਸਾਡਾ ਫ਼ਰਜ਼ ਏ ਆਏ ਪ੍ਰਾਹੁਣਿਆਂ ਦੀ ਖ਼ਿਦਮਤ ਕਰਨਾ। ਪ੍ਰੌਹਣਾ ਤੇ ਰੱਬ ਦਾ ਰੂਪ ਏ। ਇਹ ਹੁਕਮ ਸਤਗੁਰਾਂ ਨੇ ਦਿੱਤਾ ਹੋਇਆ ਏ ਪ੍ਰੌਹਣੇ ਦਾ ਆਦਰ ਭਾਅ ਕਰਨਾ।

—ਨਹੀਂ, ਦੀਵਾਨ ਜੀ ਐਦਾਂ ਨਹੀਂ। ਇਹ ਤੇ ਸ਼ਰਧਾ ਏ, ਅਕੀਦਾ ਏ, ਨਿਮਰਤਾ ਏ।

—ਜ਼ਰਾ ਕੁ ਗੱਲ ਦਾ ਰੁੱਖ ਮੋੜ ਕੇ ਵੇਖਿਆ ਦੀਵਾਨ ਨੇ, ਇਹ ਵਤੀਰਾ ਦੂਜੇ ਧਰਮ ਨਾਲ ਵੀ ਕੀਤਾ ਜਾਂਦੈ।

—ਇਹ ਸਿੱਖ ਧਰਮ ਦੀ ਮਰਿਯਾਦਾ ਏ, ਅਸੂਲ ਏ, ਇਹ ਅਸੀਂ ਆਪਣੇ ਵਲੋਂ ਈ ਸਭ ਕੁਝ ਕਰ ਰਹੇ ਹਾਂ। ਸਾਨੂੰ ਕਿਸੇ ਨੇ ਤੋਤੇ ਵਾਂਗੂੰ ਨਹੀਂ ਪੜ੍ਹਾਇਆ ਹੋਇਆ। ਸਾਨੂੰ ਤਾਲੀਮ ਈ ਐਦਾਂ ਦਿੱਤੀ ਗਈ ਏ। ਅਸੀਂ ਗੁਰਸਿੱਖ ਹਾਂ। ਸਾਡੇ ਲਈ ਕੋਈ ਦੁਸ਼ਮਣ ਨਹੀਂ ਸਾਰੇ ਭਰਾ ਹਨ। ਆਨੰਦਪੁਰ 'ਚ ਹਰ ਬੰਦਾ ਇਕ ਦੂਜੇ ਵਿਚ ਗੁਰੂ ਦਾ ਰੂਪ ਵੇਖਦੈ। ਸੰਗਤ, ਪੰਗਤ ਤੇ ਬਾਣੀ ਦਾ ਸਰੂਰ, ਇੱਥੋਂ ਦਾ ਤੇ ਕੁਝ ਰੰਗ ਈ ਵੱਖਰਾ ਏ। ਰਹਿਣ ਦੇ ਸਾਰੇ ਪ੍ਰਬੰਧ ਹਨ। ਜਿੰਨਾਂ ਚਿਰ ਜੀਅ ਕਰੇ ਰਹੋ। ਪਰ ਇਕ ਸ਼ਰਤ ਇਹ ਵੀ ਏ ਕਿ ਪੰਗਤ 'ਚ ਬੈਠ ਕੇ ਖਾਣਾ ਤੇ ਸੰਗਤ'ਚ ਬੈਠ ਕੇ ਬਾਣੀ ਸਰਵਨ ਕਰਨੀ, ਮਾਲਾ ਫੇਰਨੀ ਪਹਿਲਾਂ ਸੀ ਪਰ ਹੁਣ ਕੁਝ ਮਰਿਯਾਦਾ ਬਦਲੀ ਏ। ਮਾਲਾ ਫੇਰਨੀ ਵੀ ਜ਼ਰੂਰੀ ਏ ਤੇ ਹਥਿਆਰ ਚਲਾਉਣੇ ਵੀ ਜ਼ਰੂਰੀ ਹਨ। ਘੋੜਸਵਾਰੀ ਕਰਕੇ ਵੇਖੋ। ਜੇ ਭਾਕਾ ਦੇ ਤੇ

ਲਾਹੋ। ਤਲਵਾਰ ਦੇ ਪੈਂਤੜੇ ਸਿੱਖੋ। ਇਹ ਹੁਕਮ ਜ਼ਰੂਰੀ ਏ। ਮਾਲਾ ਨੂੰ ਪੁੱਠ ਦਿੱਤੀ ਗਈ ਏ ਸ਼ਕਤੀ ਦੀ। ਆਨੰਦਪੁਰ ਦਾ ਵਾਸੀ ਹੁਣ ਸਾਧ ਨਹੀਂ ਰਹਿਆ ਸੰਤ ਸਿਪਾਹੀ ਬਣ ਗਿਆ ਏ। ਸੇਵਾਦਾਰ ਦੀ ਜ਼ਰਾ ਕੁ ਜ਼ਬਾਨ ਥੰਮੀ।

—ਗੁਰਾਂ ਨੇ ਆਨੰਦਪੁਰ ਦੀ ਕਾਇਆ ਈ ਪਲਟ ਦਿੱਤੀ ਏ। ਸਵਰਗ ਦਾ ਰੂਪ ਬਣਾ ਦਿੱਤਾ ਏ ਆਨੰਦਪੁਰ। ਆਨੰਦਪੁਰ ਵੱਲ ਕੋਈ ਨਜ਼ਰ ਚੁੱਕ ਕੇ ਨਹੀਂ ਵੇਖ ਸਕਦਾ। ਆਨੰਦਪੁਰ ਹੁਣ ਗੜ੍ਹ ਬਣ ਗਿਆ ਏ ਸੂਰਮਿਆਂ ਦਾ। ਜੇ ਕਿਲ੍ਹੇ ਬਣ ਜਾਣ ਤੇ ਮੁਗਲ ਹਕੂਮਤ ਵੀ ਇਧਰ ਫੇਰ ਆਉਣ ਜੁਰਤ ਨਹੀਂ ਕਰੇਗੀ, ਇਕ-ਇਕ ਤੇ ਦੋ ਗਿਆਰਾਂ। ਬੜਾ ਚਿੱਤ ਪ੍ਰਸੰਨ ਹੋਇਆ ਏ ਆਨੰਦਪੁਰ ਆ ਕੇ। ਗਵਾਂਢੀ ਜੇ ਇਨ੍ਹਾਂ ਦੀ ਸੋਹਬਤ ਕਬੂਲ ਕਰ ਲੈਣ ਤੇ ਫੇਰ ਇਹ ਚੰਗੇ। ਰਾਜ ਦੀ ਸਥਾਪਨਾ ਹੋ ਸਕਦੀ ਏ। ਪਹਾੜੀਆਂ ਨੂੰ ਜੇ ਇਕੱਠੇ ਬੈਠਣ ਦੀ ਅਕਲ ਆ ਜਾਏ ਤੇ ਫੇਰ ਸਾਰਾ ਮਾਮਲਾ ਈ ਹੱਲ ਹੋ ਜਾਏਗਾ, ਦੀਵਾਨ ਨੇ ਦੱਬੀ ਜ਼ਬਾਨ 'ਚ ਆਖਿਆ।

—ਦੀਵਾਨ ਸਾਹਬ ਤੁਸੀਂ ਸੱਚ ਆਖਦੇ ਹੋ। ਗੁਰਾਂ ਨਾ ਕਿਸੇ ਦਾ ਰਾਜ ਲੈਣਾ ਏ ਤੇ ਨਾ ਈ ਕਿਸੇ ਦੀ ਧਰਤੀ ਤੇ ਕਬਜ਼ਾ ਕਰਨਾ ਏ। ਜੀਹਦੇ ਮਹਿਲ ਹਨ ਉਨ੍ਹਾਂ ਨੂੰ ਈ ਮੁਬਾਰਕ। ਅਸੀਂ ਤੇ ਚਾਹੁੰਦੇ ਹਾਂ ਜਾਗ੍ਰਿਤੀ ਆ ਜਾਏ। ਸੇਵਾਦਾਰ ਦੇ ਬੋਲ ਸਨ।

—ਭੰਗਾਨੀ ਦੀ ਜੰਗ ਤੋਂ ਪਹਾੜੀਆਂ ਨੇ ਦਿਲ ਮੈਲੇ ਕਰ ਲਏ ਹਨ। ਦੇਵੀ ਮਾਤਾ ਇਨ੍ਹਾਂ ਦੀ ਮੈਲ ਉਤਾਰ ਦੇਵੇ ਤੇ ਫੇਰ ਪਹਾੜ ਮੁੜ ਕੇ ਤੀਰਥ ਅਸਥਾਨ ਬਣ ਜਾਵੇ। ਅਸਲ ਸਵਰਗ ਤੇ ਇਹ ਪਹਾੜ ਈ ਹਨ। ਜਿੱਥੇ ਦੇਵਤਿਆਂ ਦਾ ਵਾਸਾ ਏ। ਬੱਦਰੀ ਨਾਰਾਇਣ, ਮਾਤਾ ਚਿੰਤਪੁਰਨੀ, ਕੈਲਾਸ਼ ਪਰਬਤ, ਵੈਸ਼ਨੋ ਦੇਵੀ, ਇਹੋ ਈ ਤੇ ਕਲਿਆਣ ਦੇ ਮਾਰਗ ਹਨ। ਦੀਵਾਨ ਨੇ ਜ਼ਰਾ ਰੁੱਖ ਬਦਲਿਆ ਆਪਣੀ ਬੋਲਚਾਲ ਦਾ।'

—ਇਹ ਤੇ ਗੁਰੂ ਦਾ ਘਰ ਏ ਇੱਥੇ ਸਾਰੇ ਇਕ ਸਮਾਨ ਹਨ। ਗੁਰੂ ਦਾ ਦਿਲ ਬਲੌਰ ਵਾਂਗ ਸਾਫ਼-ਸੁਥਰਾ ਏ। ਦਿਲ ਸਾਫ਼ ਕਰਕੇ ਆਵੇ ਭਾਵੇਂ ਦੁਸ਼ਮਣ ਈ ਹੋਵੇ, ਇੱਥੇ ਬਖ਼ਸ਼ਿਆ ਜਾਏਗਾ। ਨਾਥਾਂਵਿਆਂ ਦੀ ਥਾਂ ਬੇ-ਆਸਰਿਆਂ ਦਾ ਆਸਰਾ। ਜਿਹੜਾ ਵੀ ਗੁਰੂ ਦੀ ਸ਼ਰਨ ਆਇਆ ਉਹ ਗੁਰੂ ਦਾ ਈ ਹੋ ਗਿਆ। ਨਾ ਇੱਥੇ ਵੈਰ ਏ ਤੇ ਨਾ ਈ ਵਿਤਕਰਾ, ਇੱਥੇ ਤੇ ਪਿਆਰ ਈ ਪਿਆਰ ਏ। ਅਸਾਂ ਇੱਥੇ ਮੁਗਲਾਂ ਨੂੰ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ। ਮੁਗਲ ਆਵੇ ਸੱਜਦਾ ਕਰੇ ਤੇ ਚੱਲਿਆ ਜਾਵੇ। ਉਹ ਇੱਥੋਂ ਦਾ ਵਾਤਾਵਰਣ ਖ਼ਰਾਬ ਨਾ ਕਰੇ। ਇਹ ਪਵਿੱਤਰ ਭੂਮੀ ਏ। ਮਲੇਛ ਆਉਂਦੇ ਹਨ ਤੇ ਸਾਡੀ ਨੀਂਦ ਹਰਾਮ ਹੋ ਜਾਂਦੀ ਏ। ਸੰਸਾਰੀ ਪੁਰਸ਼ ਭੁੱਲਾਂ ਕਰਦੇ ਹਨ ਤੇ ਗੁਰੂ ਘਰ ਭੁੱਲਾਂ ਬਖ਼ਸ਼ਦੇ ਹਨ। ਗੁਰੂ ਦੇ ਮਨ ਵਿਚ ਕੋਈ ਖੋਟ ਨਹੀਂ। ਤੁਸੀਂ ਆਏ ਹੋ ਤੁਸੀਂ ਵੇਖੋਗੇ ਕਿਸੇ ਦੇ ਵੀ ਮੱਥੇ ਤੇ ਤਿਉੜੀ ਨਹੀਂ ਚੜ੍ਹੀ ਹੋਈ ਹੋਵੇਗੀ। ਭੰਗਾਨੀ ਦੇ ਜੰਗ ਦਾ ਗੁੱਸਾ ਅਸੀਂ ਪਉਂਟੇ ਈ ਛੱਡ ਆਏ ਸਾਂ। ਆਨੰਦਪੁਰ ਵਿੱਚ ਸਿਰਫ਼ ਪੁਰਸ਼ ਘੜੇ ਜਾਂਦੇ ਹਨ। ਨਵਾਂ ਇਨਸਾਨ ਜਨਮ ਲੈ ਰਿਹੈ, ਨਵਾਂ ਸਮਾਜ ਉੱਭਰ ਰਿਹਾ ਏ, ਮਾਲਾ ਨੇ ਆਪਣਾ ਰੂਪ ਬਦਲ ਲਿਆ ਏ। ਚੰਡੀ ਦਾ ਰੂਪ ਪ੍ਰਵੇਸ਼ ਹੋ ਗਿਐ। ਹੁਣ ਇੱਥੇ ਬਹਾਦਰ ਜਨਮ ਲੈਣਗੇ, ਸੂਰਮੇ ਬਣ ਕੇ ਨਿੱਤਰਣਗੇ, ਜੁੱਧ ਕਰਨਗੇ ਮੈਦਾਨ ਵਿੱਚ। -

—ਸਿਰ ਲੱਥ ਬਲਵਾਨ ਵੇਖਣ ਆਇਆ ਕਰਨਗੇ ਲੋਕ ਆਨੰਦਪੁਰ ਵਿੱਚ। ਆਨੰਦਪੁਰ

ਗੜ੍ਹ ਬਣ ਜਾਏਗਾ, ਤਲਵਾਰ ਦੇ ਧਨੀ ਵੀਰਾਂ ਦਾ। ਸੇਵਾਦਾਰ ਨੇ ਜ਼ਰਾ ਕੁ ਰੂਪ ਦੱਸਿਆ ਆਨੰਦ ਪੁਰ ਦਾ।

—ਤੁਸੀਂ ਸੱਚ ਆਖਦੇ ਹੋ। ਤੁਸੀਂ ਗੁਰੂ ਦੇ ਪਿਆਰੇ ਹੋ। ਗੁਰੂ ਦੀਆਂ ਮਿਹਰਾਂ ਤੁਹਾਡੇ ਸਿਰ ਤੇ ਹਨ। ਗੁਰੂ ਨਾਨਕ ਦੇਵ ਦਾ ਪ੍ਰਤਾਪ ਏ। ਤੁਸੀਂ ਨਵੀਂ ਸੇਧ ਦੇ ਰਹੇ ਹੋ। ਜ਼ਮਾਨਾ ਕਰਵਟ ਬਦਲ ਰਿਹਾ ਏ ਸਾਨੂੰ ਵੀ ਬਦਲਨਾਂ ਚਾਹੀਦਾ ਏ। ਜਿਹੜਾ ਜ਼ਮਾਨੇ ਨਾਲ ਨਹੀਂ ਬਦਲੇਗਾ ਉਹ ਪਿੱਛੇ ਰਹਿ ਜਾਏਗਾ। ਮੈਂ ਸੁਲਹਾ ਦਾ ਪੈਗ਼ਾਮ ਲੈ ਕੇ ਆਇਆ ਹਾਂ। ਮੈਂ ਡਰਦਾ ਹਾਂ ਕਿਤੇ ਪੱਤ ਲੁਹਾ ਕੇ ਨਾ ਜਾਵਾਂ, ਦੀਵਾਨ ਦੱਬੀ ਆਵਾਜ਼ 'ਚ ਬੋਲਿਆ।'

—ਭੋਲੇ ਬਾਦਸ਼ਾਹੋ ਡਰ ਕਿਸ ਗੱਲ ਦਾ, ਤੁਸੀਂ ਮੁਗ਼ਲ ਬਾਦਸ਼ਾਹ ਦੇ ਦਰਬਾਰ ਵਿਚ ਨਹੀਂ ਆਏ, ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਹਾਜ਼ਰੀ ਭਰਨ ਆਏ ਹੋ। ਇੱਥੇ ਡਰਨ ਦਾ ਕੋਈ ਕੰਮ ਨਹੀਂ, ਨਿਡੱਰ ਹੋ ਕੇ ਬੇਧੜਕ ਹੋ ਕੇ ਆਪਣੇ ਮਨ ਦੀ ਗੱਲ ਦੱਸੋ। ਤੁਹਾਨੂੰ ਪਿਆਰ ਮਿਲੇਗਾ। ਮੁਹੱਬਤ ਉਪਜੇਗੀ ਤੁਹਾਡੇ ਅੰਦਰ ਤੇ ਤੁਹਾਨੂੰ ਮੁਹੱਬਤ ਭਰਿਆ ਜਵਾਬ ਮਿਲੇਗਾ, ਇਹ ਦਰਬਾਰ ਇਲਾਹੀ ਦਰਬਾਰ ਏ।

ਨਫ਼ਰਤ ਨੂੰ ਬੂਹਾ ਵੀ ਨਹੀਂ ਟੱਪਣ ਦਿੱਤਾ ਜਾਂਦਾ। ਇੱਥੇ ਤੇ ਪਿਆਰ ਦੇ ਫੁੱਲ ਖਿੜਦੇ ਹਨ ਤੇ ਪਿਆਰ ਦੇ ਫੁੱਲਾਂ ਨਾਲ ਹੀ ਦਿਲ ਮੋਹਿਆ ਜਾਂਦੈ, ਅਜੇ ਸੇਵਾਦਾਰ ਦੀ ਗੱਲ ਮੁੱਕੀ ਨਹੀਂ ਸੀ ਸੁਨੈਹਾ ਆ ਗਿਆ।

—ਹਜ਼ੂਰ ਦਰਬਾਰ 'ਚ ਤਸ਼ਰੀਫ਼ ਲੈ ਆਏ ਹਨ। ਤੁਸੀਂ ਵੀ ਤਿਆਰ ਹੋ ਜਾਉ। ਤੁਹਾਡੇ ਤੇ ਰਹਿਮਤਾਂ ਦੇ ਦਰਵਾਜ਼ੇ ਖੁੱਲ੍ਹਣ ਵਾਲੇ ਹਨ।

—ਗੁਰੂ ਰਾਖਾ, ਗੁਰੂ ਮਿਹਰਬਾਨ, ਗੁਰੂ ਸਾਰਿਆਂ ਦੇ ਕਾਰਜ ਪੂਰੇ ਕਰੇ। ਦੀਵਾਨ ਨੇ ਇਕ ਵਾਰ ਤੇ ਠੰਡ ਪਾ ਦਿੱਤੀ। ਦੀਵਾਨ ਭੀਸ਼ਨ ਚੰਦ ਨੇ ਜੋੜੇ ਲਾਹ ਦਿੱਤੇ ਤੇ ਨੰਗੀ ਪੈਰੀਂ ਮੱਥਾ ਜਾ ਟੇਕਿਆ। ਪਹਿਲਾਂ ਨਜ਼ਰਾਨਾ ਸ਼ਾਹੀ ਤੇ ਫੇਰ ਵਧਾਈਆਂ ਦੇ ਤੋਹਫ਼ੇ ਕੱਪੜੇ, ਹੀਰੇ, ਜਵਾਹਰਾਤ, ਚੇਵਰ, ਜਾ ਢੇਰੀ ਕੀਤੇ ਸਤਗੁਰਾਂ ਅੱਗੇ।

—ਆਓ ਦੀਵਾਨ ਜੀ ਧੰਨਭਾਗ, ਗਵਾਂਢੀ ਰਸਤਾ ਭੁੱਲ ਗਿਆ ਸੀ। ਸਿੱਧੇ ਰਸਤੇ ਪੈ ਗਿਐ। ਮੇਰੇ ਕੋਲ ਬੈਠੋ। ਤੁਹਾਡੀ ਉਡੀਕ ਸੀ ਸਾਨੂੰ। ਰਾਜਾ ਜੀ ਆਨੰਦ-ਪ੍ਰਸੰਨ ਹਨ। ਜੀਆ ਜੰਤ ਤੇ ਰਾਜ਼ੀ-ਖ਼ੁਸ਼ੀ ਏ। ਮੁਬਾਰਕਾਂ ਤੇ ਦਿਲ ਤੋਂ ਦਿੱਤੀਆਂ ਜਾਂਦੀਆਂ ਸਨ। ਤੋਹਫ਼ੇ, ਹੀਰੇ, ਜਵਾਹਰਾਤ ਤੇ ਐਵੇਂ ਦਿਖਾਵਾ ਹੀ ਹਨ। ਰਾਜਾ ਜੀ ਦੀ ਸਾਡੇ ਦਿਲ ਅੰਦਰ ਬਹੁਤ ਇੱਜ਼ਤ ਏ। ਅਸੀਂ ਬਹੁਤ ਖ਼ੁਸ਼ ਹੋਏ ਹਾਂ। ਤੁਹਾਡੇ ਆਉਣ ਨਾਲ ਸਾਡਾ ਮਾਣ ਵਧਿਆ ਏ। ਸਾਹਿਬਜ਼ਾਦੇ ਦਾ ਸ਼ਗਨ ਲਿਆਓ ਅਸੀਂ ਮੱਥੇ ਨਾਲ ਲਾਂਦੇ ਹਾਂ। ਇਹ ਸ਼ਗਨ ਕਿੱਥੋਂ, ਬਜ਼ੁਰਗਾਂ ਦਾ ਤੇ ਪਿਆਰ ਈ ਬੜਾ ਹੁੰਦਾ ਏ।

—ਹੱਥ ਜੋੜੇ ਦੀਵਾਨ ਭੀਸ਼ਨ ਚੰਦ ਨੇ, ਸਿਰ ਨਿਵਾਇਆ ਤੇ ਅੱਖਾਂ ਝੁਕ ਗਈਆਂ। ਰਾਜਾ ਜੀ ਨੇ ਹੱਥ ਬੰਨ੍ਹ ਅਰਜ਼ ਕਰਨ ਲਈ ਮੈਨੂੰ ਭੇਜਿਐ। ਰਾਜਾ ਜੀ ਹਜ਼ੂਰ ਦੇ ਦਰਸ਼ਨ ਕਰਨਾ ਚਾਹੁੰਦੇ ਨੇ। ਉਹਨਾਂ ਦਾ ਫ਼ਰਮਾਨ ਏ ਕਿ ਅਸੀਂ ਗ੍ਰਿਹਸਥੀ ਲੋਕ, ਅਸੀਂ ਭੁੱਲਣਹਾਰ। ਤੁਸੀਂ ਬਖ਼ਸ਼ਣਹਾਰ, ਗੁਰੂ ਨਾਨਕ ਦੇਵ ਦੀ ਗੱਦੀ ਦੇ ਮਾਲਕ ਸਾਡੀ ਪਿਛਲੀ ਭੁੱਲ ਬਖ਼ਸ਼ੋ ਤੇ ਸਾਨੂੰ ਹਿੱਕ ਨਾਲ ਲਾਓ। ਬੰਦਾ ਭੁੱਲ ਜਾਂਦਾ ਏ ਸਾਨੂੰ ਸ਼ਰਨ ਆਉਣ ਦੀ ਆਗਿਆ ਦਿਓ।

—ਸਤਗੁਰ ਜ਼ਰਾ ਕੁ ਮੁਸਕਰਾਏ ਤੇ ਫ਼ਰਮਾਇਆ, "ਦੀਵਾਨ ਜੀ ਸਾਡੇ ਦਿਲ ਵਿਚ ਰਾਜਾ

ਭੀਮ ਚੰਦ ਵਾਸਤੇ ਕੋਈ ਵੈਰ ਲਹੀਂ, ਜਦੋਂ ਦਾ ਵਿਆਹ ਆਰੰਭਿਐ ਜਦ ਤੱਕ ਡੋਲੀ ਘਰ ਨਹੀਂ ਆ ਗਈ। ਤੁਹਾਡੇ ਵਲੋਂ ਹਵਾ ਚੱਲੀ ਤੱਤੀ, ਗਰਮ। ਇਹ ਪਿਆਰ ਦਾ ਸ਼ਗਨ ਉਹਨਾਂ ਭੇਜਿਆ ਏ ਧੰਨਭਾਗ। ਸਾਡੇ ਵਲੋਂ ਕਦੀ ਵੀ ਵਿਘਨ ਨਹੀਂ ਪਏਗਾ। ਜਦ ਚਿੱਤ ਕਰੇ ਰਾਜਾ ਜੀ ਆਉਣ ਪੂਰਾ ਸਤਿਕਾਰ ਮਿਲੇਗਾ। ਗੁਰੂ ਦਰਬਾਰ ਵਿਚ ਆਉਣ ਲਈ ਪੁੱਛਣ ਦੀ ਕੀ ਲੋੜ ਏ, ਫ਼ਰਮਾਇਆ ਸਾਹਿਬਾਂ।

—ਦੀਵਾਨ ਨੇ ਸਿਰ ਝੁਕਾਇਆ, ਜਿਹਾ ਸੁਣਿਆ ਸੀ ਤਿਹਾ ਪਾਇਆ। ਤਰ ਜਾਣਗੇ ਪਹਾੜੀ ਰਾਜੇ ਬਾਈ ਧਾਰ ਦੇ, ਰਾਜੇ ਜੇ ਮਨੋਂ ਕਪਟ ਕੱਢ ਦੇਣ, ਫ਼ਰੇਬ ਨਾਲ ਦੁਨੀਆ ਨਹੀਂ ਜਿੱਤੀ ਜਾਂਦੀ, ਸੱਚ ਏ। ਹੀਰਾ-ਹੀਰਾ ਏ ਤੇ ਕੱਚ-ਕੱਚ। ਮੁਲੰਮਾਂ ਕਦੇ ਸੋਨਾ ਨਹੀਂ ਬਣ ਸਕਦਾ। ਮੈਂ ਤੇ ਨਿਹਾਲ ਹੋ ਗਿਆ ਹਾਂ। ਜਨਮ ਸਫਲ ਹੋ ਗਿਐ। ਗੁਰੂ ਤੋਂ ਕੋਈ ਵੱਡਾ ਨਹੀਂ। ਜਾਨੀ-ਜਾਣ ਸਭ ਕੁਝ ਜਾਣਦੇ ਹਨ।

— ਪਿਛਲੇ ਪੈਰੀਂ ਪਰਤਿਆ ਦੀਵਾਨ ਭੀਸ਼ਨ ਚੰਦ। ਧੂੜ ਚੁੱਕ ਕੇ ਮੱਥੇ ਨਾਲ ਲਾ ਰਿਹਾ ਸੀ। ਗੁਰੂ ਦੇਵਤਾ ਹਨ ਭਗਵਾਨ ਹਨ। ਐਵੇਂ ਲੋਕਾਂ ਗਲਤ-ਫਹਿਮੀ ਫੈਲਾ ਦਿਤੀ ਏ। ਦਿਲ ਦਰਿਆ ਦੇ ਸਮੁੰਦਰ ਹਨ ਸਤਿਗੁਰ।

★

ਹੰਭਲਾ ਮਾਰ ਕੌਮ ਉੱਠੇ ੧੨੮

ਖ਼ਾਲੀ ਝੋਲੀ ਲੈ ਕੇ ਆਇਆ ਸੀ। ਝੋਲੀਆਂ ਭਰ ਕੇ ਮੁੜਿਆ ਦੀਵਾਨ। ਕਹਿਲੂਰ ਵਿਚ ਖ਼ੁਸ਼ੀਆਂ ਦੇ ਸ਼ਾਦਿਆਨੇ ਵਜਾਏ ਗਏ। ਦੀਵਾਨ ਦੀ ਤੇ ਕਾਇਆ ਕਲਪ ਹੋ ਗਈ ਸੀ। ਉਹ ਤੇ ਕੁੰਦਨ ਬਣ ਗਿਆ ਸੀ।

ਭਾਜੀ ਵਧਾਈ ਦੀ ਲੱਡੂ, ਮਠਿਆਈਆਂ ਤੇ ਨਾਲ ਤੋਹਫ਼ੇ ਗੱਡੇ ਭਰ ਕੇ ਭੇਜੇ ਸਤਗੁਰਾਂ ਨੇ। ਭੱਜੀਆਂ ਬਾਹਵਾਂ ਗਲ ਨੂੰ ਆਉਂਦੀਆਂ ਨੇ। ਹੁਣ ਤੁਸੀਂ ਬਾਹਵਾਂ ਵਾਲੇ ਹੋ ਗਏ ਹੋ। ਥਾਪਨਾ ਗੁਰਾਂ ਦੀ। ਇਹ ਪਹਾੜੀ ਰਾਜਿਆਂ ਦੇ ਦਮਗਜੇ ਹਨ। ਗੁਰਾਂ ਦਾ ਕੌਲ ਏ ਕਿ ਹੁਣ ਤੁਸੀਂ ਬਾਈ ਧਾਰ ਦੇ ਰਾਜਿਆਂ ਵਿਚ ਸਭ ਤੋਂ ਵੱਡੇ ਹੋ ਤੇ ਗੁਰੂ ਤੁਹਾਡੇ ਨਾਲ ਏ। ਹੁਣ ਤੁਸੀਂ ਚੌਦਵੀਂ ਤਾਕਤ ਦੇ ਮਾਲਕ ਹੋ। ਨਰਸਿੰਘੇ ਫੂਕੋ, ਸੰਖ ਵਜਾਓ, ਨਗਾਰੇ ਦੇ ਚੋਟ ਮਾਰੋ, ਭਰਾਵਾਂ ਦੇ ਗੱਲ ਲੱਗੋ। ਤੁਹਾਡੀ ਦੋਸਤੀ ਪੱਕੀ, ਤੁਹਾਡੇ ਹੌਸਲੇ ਬੁਲੰਦ, ਹੁਣ ਤੁਸੀਂ ਮੁਗ਼ਲ ਅਹਿਲਕਾਰਾਂ ਨੂੰ ਅੱਖਾਂ ਵਿਖਾਉਣ ਦੇ ਕਾਬਲ ਹੋ ਗਏ ਹੋ। ਗੁਰਾਂ ਦਾ ਮਨ ਸਾਫ਼ ਏ ਆਇਨੇ ਵਰਗਾ। ਪਹਾੜੀਏ ਮਿੱਤ ਕਿਸ ਦੇ ਭਾਤ ਖਾਧਾ ਤੇ ਖਿਸਕੇ। ਯਰਾਨਾ ਪਾਇਆ ਏ ਤੇ ਲਾਜ ਪਾਲੋ, ਗੁਰਾਂ ਵਲੋਂ ਕੋਈ ਖ਼ਤਰਾ ਨਹੀਂ। ਜਦੋਂ ਵੀ ਕੋਈ ਖ਼ਤਰਾ ਹੋਵੇਗਾ ਤੇ ਪਹਾੜੀਆਂ ਵਲੋਂ, ਗੁਰੂ ਮਿਹਰਬਾਨ ਹਨ, ਸ਼ਾਂਤ ਹਨ।

—ਸੱਚ ਆਖਦੇ ਹੋ ਦੀਵਾਨ ਜੀ, ਗੁਰੂ ਦੇ ਮੱਥੇ ਤੇ ਰੱਤੀ ਭਰ ਵੀ ਤਰੇਲੀ ਨਹੀਂ ਸੀ। ਖਿੜੇ ਮੱਥੇ ਤੇ ਵਿਸ਼ਾਲ ਹਿਰਦੇ ਨਾਲ ਮੇਰਾ ਸਤਿਕਾਰ ਕੀਤਾ। ਇੰਨਾਂ ਪਿਆਰ ਤੇ ਮੈਨੂੰ ਮਾਂ ਨੇ ਵੀ ਨਹੀਂ ਸੀ ਦਿੱਤਾ। ਚਲੋ ਤਿਆਰੀਆਂ ਕਰੋ ਯਾਰ ਦੇ ਵਿਹੜੇ ਜਾਣਾ ਏ ਯਾਰ ਉਡੀਕ ਰਿਹੈ।

—ਨਜ਼ਰਾਨੇ, ਤੋਹਫੇ ਤੇ ਸੌਗਾਤਾਂ ਇਕੱਠੀਆਂ ਕਰੋ। ਨਾਯਾਬ ਯਾਰ ਘੜੀ-ਮੁੜੀ ਨਹੀਂ ਮਿਲਦੇ। ਹੁਕਮ ਹੋਇਆ ਕੂਚ ਦਾ ਫਿਰ ਨਰਸਿੰਘੇ ਫੂੱਕੇ ਗਏ ਸੰਖ ਵੱਜੇ, ਨਗਾਰਿਆਂ ਤੇ ਚੋਟ ਪਈ, ਘੋੜੇ ਸ਼ਿੰਗਾਰੇ, ਹਾਥੀ ਝੂਮਿਆ। ਭੀਮਚੰਦ ਰਾਜੇ ਨੇ ਆਪਣੇ ਨਾਲ ਨੂੰਹ ਤੇ ਪੁੱਤ ਨੂੰ ਵੀ ਤਿਆਰ ਕਰ ਲਿਆ ਅਸ਼ੀਰਵਾਦ ਲੈਣ ਲਈ। ਪਟਰਾਣੀ ਤੇ ਪਹਿਲਾਂ ਹੀ ਤਿਆਰ ਬੈਠੀ ਸੀ ਅਸੀਸ ਲੈਣ ਲਈ। ਚਲੋ ਗੁਰੂ ਕੀ ਨਗਰੀ ਤੀਰਥ ਯਾਤਰਾ ਦਾ ਆਰੰਭ ਹੋਇਆ, ਚੜ੍ਹਿਆ ਕਾਫ਼ਲਾ ਰਾਜੇ ਭੀਮਚੰਦ ਦਾ। ਦਰਸ਼ਨ ਕਰਨ ਸਤਗੁਰਾਂ ਦਾ। ਦੇਵਲੋਕ ਵੱਲੋਂ ਤੁਰ ਪਏ ਪਾਪ ਬਖ਼ਸ਼ਾਉਣ ਪਾਪੀ ਲੋਕ। ਨਵਾਂ ਜਨਮ ਲੈ ਕੇ ਆਉਣਗੇ ਆਨੰਦਪੁਰੋਂ।

—ਰਾਜਾ ਜੀ ਕਿਤੇ ਫੁੱਲੇ ਨਹੀਂ ਸਨ ਸਮਾਉਂਦੇ। ਜ਼ਮੀਨ ਤੋਂ ਗਿੱਠ-ਗਿੱਠ ਉੱਚੇ ਪੈਰ ਸਨ। ਸਾਰਾ ਮੰਤਰੀ ਮੰਡਲ ਤੇ ਰਾਜ ਘਰਾਨਾ ਆਨੰਦਪੁਰ ਦੀਆਂ ਦਹਲੀਜ਼ਾਂ ਤੇ ਖੜਾ ਸੀ।

ਸਵਾਗਤ ਲਈ ਰਣਜੀਤ ਨਗਾਰਾ ਵਜਾਇਆ ਗਿਆ, ਨਰਸਿੰਘੇ ਵੀ ਫੂਕੇ ਗਏ। ਬੜਾ ਚਾਅ ਸੀ, ਉਤਸ਼ਾਹ ਸੀ। ਪਟਰਾਣੀ ਪਾਲਕੀ 'ਚ ਬੈਠੀ ਬਾਰ-ਬਾਰ ਸਿਰ ਝੁਕਾ ਰਹੀ ਸੀ। ਬੜੇ ਚਿਰ ਪਿਛੋਂ ਅਕਲ ਆਈ ਏ। ਲਾਈ ਲੱਗ ਨਾ ਹੋਵੇ ਘਰ ਵਾਲਾ ਤੇ ਚੰਦਰਾ ਗਵਾਂਢ ਨਾ ਹੋਵੇ।

ਪਹਾੜੀਏ ਵੀ ਆਪਣੀ ਹੈਂਕੜ 'ਚ ਆ ਗਏ। ਆਪਣੀ ਕਦਰ ਘਟਾ ਲਈ। ਭੁੱਲ ਗਏ ਬਜ਼ੁਰਗਾਂ ਤੇ ਕੀਤੇ ਅਹਿਸਾਨ। ਜੋ ਗੁਰੂ ਹਰਗੋਬਿੰਦ, ਤਾਰਾ ਚੰਦ ਨੂੰ ਆਪਣੇ ਚੋਲੇ ਦੀ ਕੰਨੀਂ ਫੜਾ ਕੇ ਛੁੜਵਾ ਕੇ ਲਿਆਇਆ ਸੀ ਗਵਾਲੀਅਰ ਦੇ ਕਿਲੇ ਵਿਚੋਂ। ਇਹ ਪ੍ਰਤਾਪ ਗੁਰੂ ਮਹਾਰਾਜ ਦਾ ਏ। ਗੁਰੂ ਬਖ਼ਸ਼ਿਸ਼ ਕਰਨ ਮੈਂ ਪੋਤਰਾ ਖਿਡਾਵਾਂ। ਇਹ ਰਹਿਮਤ ਗੁਰੂ ਘਰ ਤੋਂ ਮਿਲ ਸਕਦੀ ਏ। ਮੈਂ ਤੇ ਇਹੋ ਕੁਝ ਮੰਗਣ ਆਈ ਹਾਂ।

—ਮਹਾਰਾਜ ਦੀ ਸਵਾਰੀ ਆਨੰਦਪੁਰ ਕੋਲ ਪੁੱਜਣ ਵਾਲੀ ਏ। ਤੁਸੀਂ ਅੱਲਗਵਾਂਢੀ ਜਾ ਕੇ ਸਵਾਗਤ ਕਰੋ। ਮਹਾਰਾਜ ਨੂੰ ਪੂਰਾ ਆਦਰ ਮਿਲਣਾ ਚਾਹੀਦਾ ਏ। ਦੀਵਾਨ ਨੰਦ ਚੰਦ ਜੀ ਤੁਹਾਥੋਂ ਵੱਡਾ ਹੋਰ ਕਿਹੜਾ ਆਦਮੀ ਏ। ਇਹ ਸਿਹਰਾ ਤੁਹਾਡੇ ਸਿਰ ਈ ਬੱਝੇਗਾ।

—ਸੱਤ ਬਚਨ ਅਸੀਂ ਮਹਾਰਾਜ ਦੇ ਪੈਰਾਂ ਥੱਲੇ ਅੱਖਾਂ ਵਿਛਾਵਾਂਗੇ। ਮਹਾਰਾਜ ਸਾਡੇ ਪੁਰਾਣੇ ਮਿੱਤਰ ਹਨ।

—ਪਹਿਲਾਂ ਸ਼ੰਖ ਵਾਲਿਆਂ ਨੇ ਸਵਾਗਤ ਕੀਤਾ ਤੇ ਫੇਰ ਨਗਾਰੇ ਵਾਲਿਆਂ ਆਓਭਗਤ ਕੀਤੀ। ਦੀਵਾਨ ਨੰਦ ਚੰਦ ਨੇ ਅੱਗੇ ਜਾ ਕੇ ਮਹਾਰਾਜ ਜੀ ਨੂੰ ਜੀ ਆਇਆਂ ਆਖਿਆ।

—ਸਿੱਧੇ ਦਰਬਾਰ ਵਿਚ ਹੀ ਚਲਦੇ ਹਾਂ। ਵੈਸੇ ਜੇ ਆਰਾਮ ਕਰਨ ਦੀ ਇੱਛਾ ਹੋਵੇ ਤਾਂ ਉਹ ਵੀ ਪ੍ਰਬੰਧ ਹਨ।

— ਨਹੀਂ ਪਹਿਲਾਂ ਗੁਰੂ ਦਰਸ਼ਨ ਤੇ ਫੇਰ ਕੋਈ ਹੋਰ ਕੰਮ।

—ਲੰਗਰ ਛਕਣ ਦੀ ਮਰਿਯਾਦਾ ਵਿਚ ਜ਼ਰਾ ਵੀ ਢਿੱਲ ਨਹੀਂ ਬਖ਼ਸ਼ੀ ਜਾ ਸਕਦੀ ਸਾਰਿਆਂ ਮਾੜਾ-ਮਾੜਾ ਪ੍ਰਸ਼ਾਦ ਜ਼ਰੂਰ ਲਿਆ। ਪਰ ਪਟਰਾਣੀ ਨੇ ਝੋਲੀ ਅੱਡ ਕੇ ਆਖਿਆ, "ਦੀਵਾਨ ਜੀ ਲੰਗਰ ਦਾ ਪ੍ਰਸ਼ਾਦ ਮੇਰੀ ਝੋਲੀ ਵਿਚ ਪਾਉ। ਇਹ ਤੇ ਕਿਸਮਤ ਵਾਲਿਆਂ ਨੂੰ ਨਸੀਬ ਹੁੰਦੈ। ਅੱਜ ਮੈਂ ਤੇ ਲੈ ਕੇ ਜਾਵਾਂਗੀ ਗੁਰੂ ਦੀਆ ਬਖ਼ਸ਼ਿਸ਼ਾਂ, ਪਟਰਾਣੀ ਦੇ ਬੋਲ ਸਨ।"

—ਪਹਿਲਾਂ ਨਜ਼ਰਾਨੇ ਤੇ ਫੇਰ ਸੌਗਾਤਾਂ ਤੇ ਫੇਰ ਭੇਟਾਂ ਰੱਖੀਆਂ ਮਹਾਰਾਜ ਨੂੰ ਤੇ ਹੱਥ ਜੋੜ ਕੇ.

ਮੱਥਾ ਟੇਕਿਆ। ਮਹਾਰਾਜ ਚੁੱਪ ਖੜੇ ਸਨ ਸੰਗਮਰਮਰ ਦੀ ਮੂਰਤੀ ਵਾਂਗੂੰ।

ਪਟਰਾਣੀ ਦੇ ਨਾਲ ਨੂੰਹ ਰਾਣੀ ਸੀ। ਅੱਗੇ ਵੱਧ ਕੇ ਉਨ੍ਹਾਂ ਵੀ ਭੇਟਾ ਰੱਖੀ ਤੇ ਮੱਥਾ ਟੇਕਿਆ। ਮੇਰੀ ਮਨੋਕਾਮਨਾ ਪੂਰੀ ਕਰੋ ਸਤਗੁਰ ਮੈਨੂੰ ਪੋਤਰਾ ਖਿਡਾਉਣ ਦਾ ਬੜਾ ਚਾਅ ਏ, ਇਹ ਗੱਲ ਮਨ ਹੀ ਮਨ ਵਿਚ ਆਖ ਰਹੀ ਸੀ ਪਟਰਾਣੀ।

ਝੋਲੀ ਅੱਡੀ ਹੋਈ ਸੀ। ਫੁੱਲ ਸਤਗੁਰਾਂ ਦੇ ਹੱਥ ਵਿਚ ਸੀ ਆਪੇ ਈ ਆਣ ਡਿੱਗਾ ਝੋਲੀ ਵਿਚ। ਨਾ ਕਿਸੇ ਫ਼ਰਿਆਦ ਕੀਤੀ ਤੇ ਨਾ ਕਿਸੇ ਦੇ ਬੁੱਲ੍ਹ ਫਰਕੇ। ਪਟਰਾਣੀ ਜਾਣੇ ਜਾਂ ਗੁਰੂ, ਤੀਜਾ ਬੰਦਾ ਨਹੀਂ ਸੀ ਜਾਣਦਾ।

ਮਹਾਰਾਜ ਭੀਮਚੰਦ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਅਸੀਂ ਸੰਸਾਰਿਕ ਜੀਅ ਭੁੱਲਣਹਾਰ ਹਾਂ। ਆਪ ਪਤਤ-ਪਾਵਨ, ਬਖ਼ਸ਼ਣਹਾਰ. ਪਿਛਲੀ ਭੁੱਲ ਬਖ਼ਸ਼ ਕੇ ਆਪ ਸ਼ਰਨ ਪਏ ਦੀ ਲਾਜ ਰੱਖੋ। ਅੱਗੇ ਤੋਂ ਅਸੀਂ ਤੁਹਾਡੇ ਆਗਿਆਕਾਰੀ ਰਹਾਂਗੇ।

ਸਤਿਗੁਰਾਂ ਹੱਥ ਦੇ ਇਸ਼ਾਰੇ ਨਾਲ ਧੀਰਜ ਦਿੰਦਿਆਂ ਆਖਿਆ, 'ਪਿੱਛੇ ਜੋ ਹੋਇਆ ਭੁੱਲ ਜਾਓ, ਮਿੱਟੀ ਪਾਓ ਪਿਛਲੀਆਂ ਗੱਲਾਂ ਤੇ। ਸਾਡੇ ਵਲੋਂ ਨਾ ਪਿੱਛੇ ਪਹਿਲ ਸੀ ਤੇ ਨਾ ਕਦੇ ਅਗੋਂ ਹੋਵੇਗੀ। ਤੁਸੀਂ ਨਿਸ਼ਚਿੰਤ ਹੋ ਜਾਵੋ। ਸਾਡਾ ਨਿਸ਼ਾਨਾ ਕਿਸੇ ਦਾ ਰਾਜ ਹੜੱਪ ਕਰਨ ਦਾ ਨਹੀਂ ਤੇ ਨਾ ਹੀ ਅਸੀਂ ਕਿਸੇ ਦੀ ਜ਼ਮੀਨ ਤੇ ਹੱਕ ਜਮਾਉਣਾ ਚਾਹੁੰਦੇ ਹਾਂ। ਸਾਡਾ ਨਿਸ਼ਾਨਾ ਏ ਕੇਵਲ ਡਿੱਗੀ ਹੋਈ ਕੌਮ ਨੂੰ ਉਠਾਉਣ ਦਾ। ਅਸੀਂ ਖ਼ੁਸ਼ ਹੋਵਾਂਗੇ ਜੇ ਤੁਸੀਂ ਸਾਡੇ ਨਾਲ ਮੋਢੇ ਨਾਲ ਮੋਢਾ ਮੇਲ ਕੇ ਚੱਲੋ। ਸਾਡੀ ਇਸੇ ਵਿਚ ਬੇਹਤਰੀ ਏ। ਕਿਉਂਕਿ ਮੁਗ਼ਲ ਸਾਡੇ ਮੋਢੀਂ ਆਣ ਚੜ੍ਹਿਐ। ਜਦ ਕਦੀ ਸਾਨੂੰ ਤੁਸੀਂ ਵੰਗਾਰੋਗੇ, ਮਦਦ ਮੰਗੋਗੇ ਜਾਂ ਕਿਸੇ ਭੀੜ ਵਿਚ ਸਾਡੀ ਲੋੜ ਹੋਵੇ, ਅਸੀਂ ਤੁਹਾਡੇ ਨਾਲ ਹੋਵਾਂਗੇ। ਸਾਡੀਆਂ ਉੱਚੀਆਂ ਜ਼ਾਤਾਂ ਦੇ ਬਹਾਦਰ ਲਾਡਲੇ ਤੇ ਨਿਕੰਮੇ ਹੋ ਚੁੱਕੇ ਹਨ। ਅਸੀਂ ਪਛੜੀਆਂ ਜ਼ਾਤਾਂ ਨੂੰ ਉੱਚਾ ਕਰਕੇ ਮੈਦਾਨ ਮਾਰ ਸਕਾਂਗੇ। ਇਨ੍ਹਾਂ ਦੇ ਲਹੂ ਵਿਚ ਅਜੇ ਜੋਸ਼ ਬਾਕੀ ਏ। ਬਾਕੀ ਤੇ ਸਾਰੇ ਬੁਜ਼ਦਿਲ ਹੋ ਚੁੱਕੇ ਹਨ।

—ਸੱਤ ਬਚਨ, ਤੁਹਾਨੂੰ ਮਿਲ ਕੇ ਠੰਡ ਪੈ ਗਈ ਕਲੇਜੇ, ਪਵਿੱਤਰ ਹੋ ਗਈ ਆਤਮਾ।

—ਆਨੰਦਪੁਰ ਤੁਹਾਡੀ ਆਪਣੀ ਜਗ੍ਹਾ ਏ। ਆਓ ਇਹਨੂੰ ਮਜ਼ਬੂਤ ਬਣਾਈਏ ਤਾਂ ਕਿ ਮੁਕਾਬਲੇ ਲਈ ਕੋਈ ਤੇ ਜਗ੍ਹਾ ਬਣ ਜਾਏ। ਸੂਰਮੇ ਕਿਤੇ ਤੇ ਗੋਡਾ ਨਿਵਾ ਸਕਣ। ਦਿਨ ਕਰੜੇ ਆਉਣ ਵਾਲੇ ਹਨ। ਹਨੇਰੀ ਚੜ੍ਹੀ ਹੋਈ ਏ। ਇਹ ਕਦ ਤੂਫ਼ਾਨ ਦਾ ਰੂਪ ਬਦਲ ਜਾਏ ਕੋਈ ਨਹੀਂ ਜਾਣਦਾ। ਏਸ ਝੱਲੇ ਝੱਖੜ ਤੋਂ ਬਚੋ, ਸਤਗੁਰਾਂ ਫ਼ਰਮਾਇਆ।

—ਭੀਮਚੰਦ ਨੂੰ ਅੱਜ ਪਤਾ ਲੱਗਾ ਕਿ ਯਰਾਨਾ ਕੀ ਹੁੰਦੈ। ਅੱਗੇ ਤੇ ਹਵਾ ਵਿਚ ਈ ਫੋਕੀਆਂ ਤਲਵਾਰਾਂ ਮਾਰਦੇ ਸਨ।

ਸਰੋਪਾ ਮਹਾਰਾਜ ਨੂੰ, ਪਟਰਾਣੀ ਨੂੰ ਗਹਿਣੇ ਗੱਟੇ, ਕੱਪੜੇ ਤੇ ਨੂੰਹ ਨੂੰ ਭਰ ਦਿੱਤਾ ਗਹਿਣਿਆਂ ਨਾਲ। ਪਟਰਾਣੀ। ਦੋ ਜਹਾਨਾਂ ਦੀ ਦੌਲਤ ਆਪਣੀ ਝੋਲੀ ਵਿਚ ਪਾ ਕੇ ਲੈ ਆਈ। ਪਟਰਾਣੀ ਮਹਿਲੀਂ ਗਈ ਤੇ ਮਾਤਾ ਜੀ ਦੀ ਚਰਨੀਂ ਸੀਸ ਨਿਵਾਇਆਂ ਤੇ ਅਸ਼ੀਰਵਾਦ ਲਿਆ।

ਮਹਾਰਾਜ ਨੂੰ ਕੋਈ ਅੱਜ ਵੇਖੇ ਕਿਸ ਤਰ੍ਹਾਂ ਆਨੰਦਪੁਰ ਦੀ ਧਰਤੀ ਦੀ ਧੂਲ ਨੂੰ ਚੁੱਕ-ਚੁੱਕ ਕੇ ਮੱਥੇ ਤੇ ਲਾ ਰਿਹਾ ਸੀ। ਗੁਰਾਂ ਦਾ ਦਵਾਰਾ ਸਵਰਗ ਦਾ ਬੂਹਾ ਏ।

ਜਿਨ੍ਹਾਂ ਰੱਬ ਨਹੀਂ ਵੇਖਿਆ, ਆਓ ਆਨੰਦਪੁਰ ਵਿਚ ਤੇ ਦਰਸ਼ਨ ਕਰੋ।

ਗੁਰੂ ਵਾਕਈ ਹੀ ਮਹਾਨ ਹਨ, ਗੁਰੂ ਰਹਿਮਤਾਂ ਦੇ ਭੰਡਾਰ ਹਨ।

ਜੇ ਕਿਤੇ ਸੰਸਾਰੀ ਰਾਜੇ ਦੀ ਸ਼ਰਨ ਲੱਭਣ ਜਾਂਦੇ ਤੇ ਫੇਰ ਖੁੱਲ੍ਹੇ ਨਾ ਫਿਰਦੇ। ਕੈਦਖਾਨੇ ਵਿਚ ਬਿਸਤਰੇ ਲੱਗੇ ਹੁੰਦੇ।

ਕੈਦੀ ਬੰਦੀਖਾਨੇ ਦਾ ਉਹ ਰਾਜਾ ਜਿਹੜਾ ਦੀਨ ਮੰਨ ਲਵੇ, ਕਾਇਆ ਕੁੰਦਨ ਹੋ ਗਈ ਤੇ ਮਨ ਸ਼ੁੱਧ ਗੰਗਾ ਜਲ ਵਰਗਾ, ਭੀਮ ਚੰਦ ਵੇਖ ਰਿਹਾ ਸੀ ਸਤਿਲੁਜ ਵੱਗ ਰਹੀ ਸੀ ਸ਼ਾਂਤ। ਸਤਲੁਜ ਤੇ ਵਗਦੀ ਰਹੇਗੀ। ਇਹਦੀਆਂ ਲਹਿਰਾਂ ਵਿਚ ਵੀ ਪਿਆਰ ਏ, ਮੁਹੱਬਤ ਏ, ਸਤਿਲੁਜ ਨੂੰ ਵਗਨ ਦਿਓ।

* *

ਪੀਰ ਬੁੱਧੂ ਸ਼ਾਹ ੧੨੯

ਹੱਦ ਟੱਪੇ ਔਲੀਆ ਬੇਹੱਦ ਟੱਪੇ ਪੀਰ,
ਹੱਦ ਬੇਹੱਦ ਜੋ ਟੱਪੇ, ਉਸ ਦਾ ਨਾਮ ਫ਼ਕੀਰ,

ਆਵਾਜ਼ ਆ ਰਹੀ ਸੀ ਰੌਲੇ-ਰੱਪੇ ਦੀ, ਇਹ ਆਵਾਜ਼ ਕਿਸ ਦੀ ਏ, ਕੌਣ ਏ ਆਵਾਜ਼ ਦੇਣ ਵਾਲਾ, ਇਕ ਸਵਾਲ ਸੀ।

—ਕੋਈ ਰੱਬ ਦਾ ਬੰਦਾ ਈ ਜਾਪਦਾ ਏ, ਦੁਨੀਆ ਤੋਂ ਬੇਨਿਆਜ਼, ਦੁਨੀਆ ਦਾ ਮੋਹ ਤਿਆਗ ਕੇ ਪਿੰਡੇ ਸਵਾਹ ਮੱਲ ਲੈਂਦਾ, ਕੰਨ ਨਹੀਂ ਸੂ ਪੜਵਾਏ, ਜੋਗ ਨਹੀਂ ਲਿਆ, ਕਿਸੇ ਨੂੰ ਚੇਲਾ ਨਹੀਂ ਸੀ ਮੰਨਿਆ ਫਿਰ ਸਾਧ ਕਾਹਦਾ। ਬਿਨਾਂ ਗੁਰੂ ਤੋਂ ਕਾਹਦਾ ਫ਼ਕੀਰ, ਸਾਧਨਾ ਨਾਲ ਆਪਣੇ-ਆਪ ਨੂੰ ਸਾਧ ਲਿਆ ਸੂ। ਰਾਜ-ਪਾਟ ਛੱਡਿਆ, ਮਾਇਆ ਤਿਆਗੀ, ਮਾਲਾ ਫੜੀ, ਤਸਬੀ ਤੇ ਹੱਥ ਜਮਾਉਣ ਦੀ ਜਾਚ ਸਿੱਖੀ, ਘਰ ਛੱਡਿਆ, ਨਾ ਰੰਨ ਨਾ ਕੰਨ, ਨਾ ਧੀ ਤੋਰਨੀ ਤੇ ਨਾ ਨੂੰਹ ਲਿਆਉਣੀ ਦੁਨੀਆ ਫ਼ਾਨੀ ਏ, ਹੋਕਾ ਦੇ ਰਿਹਾ ਸੀ ਹਵੇਲੀਆਂ 'ਚ ਫਿਰਦਾ। ਆਓ, ਜੇ ਕਿਸੇ ਨੇ ਫ਼ਕੀਰ ਹੋਣਾ ਏ, ਫ਼ਕੀਰੀ 'ਚ ਬੜਾ ਆਨੰਦ ਏ, ਪੀਰ ਬੁੱਧੂ ਸ਼ਾਹ ਦੇ ਚੇਲਿਆਂ 'ਚ ਰੌਲਾ ਪੈ ਗਿਆ। ਇਹ ਹੋਕਾ ਕੌਣ ਦੇ ਰਿਹੈ।

—ਪੀਰ ਬੁੱਧੂ ਸ਼ਾਹ ਨੇ ਪੁੱਛਿਆ, 'ਕੌਣ ਏ, ਕਿੱਥੋਂ ਆਇਐ, ਕੀ ਕਹਿੰਦੈ, ਆਵਾਜ਼ ਦੇਣ ਵਾਲਾ ਭਲਾ ਲੋਕ।'

—ਇਧਰ ਹੀ ਆ ਰਿਹੈ, ਪੀਰ ਜੀ ਸਾਡੀ ਤੇ ਹਿੰਮਤ ਨਹੀਂ ਪੈਂਦੀ ਤੁਸੀਂ ਪੁੱਛੋ।

—ਆਓ, ਰੱਬ ਦੇ ਬੰਦੇ ਇਧਰ ਆਓ, ਮੇਰਾ ਅਸਥਾਨ ਪਵਿੱਤਰ ਕਰੋ, ਮੇਰੀ ਝੁੱਗੀ ਨੂੰ ਭਾਗ ਲਾਉ, ਆਵਾਜ਼ ਬੁੱਧੂ ਸ਼ਾਹ ਦੀ ਸੀ।

ਮੈਂ ਤੇ ਰੱਬ ਲੱਭਦਾ ਫਿਰਦਾ ਹਾਂ। ਤੁਸੀਂ ਮੈਨੂੰ ਰੱਬ ਦਾ ਬੰਦਾ ਆਖ ਕੇ ਕਿਉਂ ਕਰਾਹੇ ਪਾ ਰਹੇ ਹੋ।

—ਰੱਬ ਤੇ ਤੇਰੇ ਅੰਦਰ ਏ ਮਿੱਤਰਾ, ਅੰਦਰ ਤੇ ਝਾਤੀ ਮਾਰ।

—ਮੈਂ ਉਹ ਅੱਖਾਂ ਕਿੱਥੋਂ ਲਿਆਵਾਂ, ਹੁਦਾਰੀਆਂ ਦੇ ਦਿਉ।

ਮੈਂ ਅਜੇ ਅੱਖਾਂ ਵਾਲਾ ਨਹੀਂ ਹੋਇਆ, ਮੈਂ ਤੇ ਆਪ ਅਜੇ ਉਨ੍ਹਾਂ ਦੀ ਭਾਲ ਵਿਚ ਹਾਂ।

—ਤੇ ਫੇਰ ਅਸੀਂ ਦੋਵੇਂ ਇਕੋ ਪਗਡੰਡੀ ਦੇ ਮੁਸਾਫ਼ਿਰ ਹਾਂ। ਇਧਰ ਆ ਰਿਹਾ ਏ ਅੱਖਾਂ ਵਾਲਾ।

—ਕੀ ਤੂੰ ਸੱਚ ਆਖਦਾ ਏ। ਤੈਨੂੰ ਪਤਾ ਏ ਮੇਰੇ ਅੰਦਰ ਚਾਨਣ ਏ।

—ਇਸੇ ਕਰਕੇ ਇਧਰ ਮੂੰਹ ਮੋੜਿਐ। ਫ਼ਕੀਰ ਦਾ ਕੀ ਕੰਮ ਨਗਰੀ ਵੱਸਦੀ ਤੇ ਆਨੰਦ ਮਾਣਦੀ ਰਹੇ। ਮੋਹ ਮਾਇਆ ਦੇ ਜਾਲ ਵਿਚ ਫਸੀ, ਜਿਹੜੇ ਛੱਡੇ ਗਰਾਂ, ਉਹਦਾ ਕੀ ਲੈਣਾ ਨਾਂ। ਬੜੀ ਮੁਸ਼ਕਲ ਨਾਲ ਇਹ ਲੋਈ ਲਾਹੀ ਏ।

—ਤੇਰੀ ਰਮਜ਼ ਸਾਡੀ ਸਮਝ ਵਿਚ ਨਹੀਂ ਆਈ।

—ਯਰਾਨਾ ਪਾ ਕੇ ਐਡੀ ਜਲਦੀ ਭੁੱਲ ਗਿਐਂ। ਯਾਰ ਤੇ ਅੱਖਾਂ 'ਚ ਲਕੋ ਕੇ ਰੱਖਦੇ ਹਨ ਆਪਣਾ ਸੱਜਣ।

—ਫੇਰ ਬੁਝਾਰਤ ਪਾ ਦਿੱਤੀ ਫ਼ਕੀਰਾਂ ਵਾਲੀ, ਅੜੀ ਨਹੀਂ ਨਾ ਛੱਡੀ, ਸਭ ਕੁਝ ਛੱਡ ਦਿਤੈ।

—ਨਾ ਰਮਜ਼ ਏ ਤੇ ਨਾ ਬੁਝਾਰਤ, ਮੈਂ ਕੁਝ ਵੀ ਤੈਥੋਂ ਨਹੀਂ ਲਕੋ ਰਿਹਾ। ਆ ਰਹੀਆਂ ਨੇ ਫ਼ੌਜਾਂ, ਦੋ ਜਹਾਨਾਂ ਦਾ ਵਾਲੀ ਇਧਰ ਈ ਆ ਰਿਹੈ। ਫ਼ਕੀਰ, ਦਰਵੇਸ਼, ਸ਼ਹਿਨਸ਼ਾਹ ਦਾ ਸ਼ਹਿਨਸ਼ਾਹ, ਮਾਲਾ ਤੇ ਸ਼ਕਤੀ ਦਾ ਪੁਜਾਰੀ, ਸੰਤ ਸਿਪਾਹੀ ਆਉਣ ਹੀ ਵਾਲਾ ਏ। ਫ਼ਕੀਰ ਦੀ ਗਾਖੜੀ 'ਚ ਹੱਥ ਨਾ ਮਾਰ। ਫ਼ਕੀਰ ਤੇ ਬੜੀ ਉੱਚੀ ਪਦਵੀ ਏ ਯਾਰ। ਫ਼ਕੀਰ ਦੀ ਕਾਹਦੀ ਤੁਲਨਾ, ਫ਼ਕੀਰ ਦੀ ਕਾਹਦੀ ਪਹਿਚਾਨ।

—ਹੱਦ ਟਪੇ ਔਲੀਆ, ਬੇਹੱਦ ਟੱਪੇ ਪੀਰ
ਹੱਦ ਬੇਹੱਦ ਜੋ ਟੱਪੇ ਉਹਦਾ ਨਾਂ ਫ਼ਕੀਰ।

—ਰੱਬ ਆ ਗਿਆ ਏ ਮੇਰੇ ਵਿਹੜੇ, ਤੇਲ ਚੋਵੋ, ਪੀਰ ਬੁੱਧੂ ਸ਼ਾਹ ਨੇ ਤੇ ਅੱਖਾਂ ਵਿਛਾਈਆਂ।

—ਕਿਉਂ ਕਾਫ਼ਰ ਬਣਾਉਣ ਲੱਗੀਂ, ਰੱਬ ਆਉਣ ਵਾਲਾ ਏ, ਰੱਬ ਆ ਰਿਹਾ ਏ ਇਧਰ ਈ ਆਉਂਦਾ ਏ। ਮੈਂ ਵੇਖਿਆ ਏ, ਕਿਸੇ ਬਹਾਨੇ ਮੈਂ ਵੀ ਦਰਸ਼ਨ ਕਰ ਲਵਾਂਗਾ, ਮੇਰਾਂ ਯਰਾਨਾ ਏ ਨਾ ਰੱਬ ਦੇ ਨਾਲ, ਸਾਡੀ ਵੀ ਬਾਂਹ ਫੜਾ ਦੇਣੀ, ਮੇਰੇ ਵਾਸਤੇ ਜ਼ਰਾ ਕੁ ਹੱਲਾ ਮਾਰ ਦੇਵੀਂ, ਤੇਰੀ ਸਿਫ਼ਾਰਸ਼ ਨਾਲ ਮੈਂ ਮੰਜ਼ਿਲ ਤੇ ਪੁੱਜ ਜਾਵਾਂਗਾ।

—ਫੇਰ ਗੱਲ ਲਕੋ ਲਈ, ਫ਼ਕੀਰ ਬੜੀ ਮੁਸ਼ਕਲ ਨਾਲ ਦਿਲ ਦੀ ਤਾਕੀ ਖੋਲ੍ਹਦੇ।

—ਪੀਰ ਜੀ ਪਉਂਟੇ ਤੋਂ ਤੁਰ ਪਿਆ ਏ ਰੱਬ, ਸ਼ਸਤਰ ਧਾਰੀ ਏ। ਨਾਂ ਏ ਗੋਬਿੰਦ ਰਾਏ। ਮੈਂ ਲੋਕਾਂ ਨੂੰ ਸਿਰ ਝੁਕਾਉਂਦੇ ਵੇਖਿਐ।

ਪਉਂਟੇ ਤੋਂ ਅਨੰਦਪੁਰ ਜਾਣਾ ਸੀ ਤੇ ਰਾਹ ਵਿਚ ਪੈਂਦੀ ਸੀ ਯਾਰ ਦੀ ਗਲੀ ਦੀਦਾਰ ਕਰਨਾ ਜ਼ਰੂਰੀ ਬਣਦਾ ਏ। ਰਾਹ ਕਿਸ ਤਰ੍ਹਾਂ ਛੱਡਿਆ ਜਾਏ। ਉਹਦੇ ਤੇ ਚਰਨਾਂ ਦੀ ਧੂੜ ਅਜੇ ਵੀ ਹਿਰਦੇ ਠੰਡ ਪਾਉਂਦੀ ਏ। ਯਾਰਾਂ ਦਾ ਯਾਰ ਖ਼ੁਦਾ ਦਾ ਲਾਡਲਾ ਫ਼ਕੀਰ ਆਪਣੀ ਮੌਜ ਦਾ

ਮਾਲਕ ਮਸਤ ਮੌਲਾ, ਭਰਾਵਾਂ ਦੀ ਕੁਰਬਾਨੀ ਤੇ ਪੁੱਤਾਂ ਦੀ ਸ਼ਹਾਦਤ ਤੇ ਮੁਰੀਦਾਂ ਦੀ ਜਵਾਂਮਰਦੀ ਨੂੰ ਸੀਨੇ ਨਾਲ ਲਾਇਆ ਤੇ ਇਕ ਅੱਥਰ ਨਾ ਕੇਰੀ, ਇਸ਼ਕ ਈ ਕੁਝ ਨਿਰਾਲਾ ਸੀ। ਰੂਹਾਨੀ ਰਿਸ਼ਤੇਦਾਰੀ, ਲੋਕ ਕੀ ਜਾਨਣ ਇਹ ਮੰਜ਼ਿਲ, ਯਾਰ ਦੀ ਕੁੱਲੀ ਦੇ ਕੋਲੋਂ ਲੰਘਿਆ ਜਾ ਸਕਦਾ ਸੀ, ਕਦੀ ਨਹੀਂ, ਯਾਰ ਉਡੀਕਾਂ ਲਾਈ ਬੈਠਾ ਏ। ਘੋੜੇ ਦੀਆਂ ਵਾਗਾਂ ਨੂੰ ਹੁਲਕਾ ਮਾਰਿਆ। ਮੁੱਖਲਸ ਗੜ੍ਹ ਤੇ ਲਾਹੜ ਤੇ ਘੋੜੇ ਦੇ ਕਦਮ ਥੰਮ ਗਏ। ਗੁਰਾਂ ਨੇ ਸਮਝਿਆ ਘੋੜਾ ਥੱਕ ਗਿਐ ਹੋਣੈ। ਸਤਿਗੁਰ ਵੀ ਯਾਰ ਦੇ ਮਿਲਨ ਦੀ ਲਗਨ ਵਿਚ ਮਗਨ ਸਨ। ਸੁਰਤ ਕਿਸੇ ਹੋਰ ਥਾਂ ਲੱਗੀ ਹੋਈ ਸੀ, ਸੇਵਕਾਂ ਦੀ ਢਾਣੀ ਨਾਲ-ਨਾਲ ਜਾ ਰਹੀ ਸੀ। ਘੋੜੇ ਨੇ ਫੁੰਕਾਰਾ ਮਾਰਿਆ ਤੇ ਪੈਰ ਰੋਕ ਦਿੱਤੇ। ਹਜ਼ੂਰ ਜ਼ਰਾ ਕੁ ਸੰਭਲੇ ਪਰ ਜੱਦ ਨਜ਼ਰ ਭਰ ਕੇ ਵੇਖਿਆ ਸਢੋਰਾ ਦੀ ਧਰਤੀ ਸੀ। ਪੀਰ ਬੁੱਧੂ ਸ਼ਾਹ ਦੀ ਮੱਲ ਗੁਜ਼ਾਰ, ਫ਼ਕੀਰ ਦੀ ਜਾਗੀਰ, ਵੈਸੇ ਫ਼ਕੀਰ ਤੇ ਸਾਰੀ ਦੁਨੀਆਂ ਤੇ ਰਾਜ ਕਰਦਾ ਏ ਪਰ ਇਹ ਉਹਦੀ ਬਾਦਸ਼ਾਹੀ ਸੀ।

ਸਢੋਰਾ ਪੀਰ ਬੁਧੂ ਸ਼ਾਹ ਦਾ ਤੱਕੀਆ ਬਲੌਰ ਵਾਂਗੂੰ ਸਾਫ਼। ਓਸ ਪਹਿਲੇ ਹੀ ਰਾਹ ਵਿੱਚ ਖੇਸ, ਦੁਤਹੀਆਂ ਵਿਛਾਈਆਂ ਹੋਈਆਂ ਸਨ ਤੇ ਉੱਤੇ ਚਿੱਟੀ ਚਾਦਰ। ਕੋਈ ਆਉਣ ਵਾਲਾ ਏ।

—ਰੱਬ ਨੂੰ ਰੱਬ ਮਿਲਣ ਜਾ ਰਿਹਾ ਏ।

—ਉਡੀਕਾਂ 'ਚ ਥੱਕ ਗਿਆ ਹਾਂ, ਸਤਿਗੁਰ ਇੰਨਾਂ ਇੰਤਜ਼ਾਰ, ਪੀਰ ਬੁਧੂ ਸ਼ਾਹ ਨੇ ਹੱਥ ਜੋੜੇ ਤੇ ਆਖਣ ਲੱਗਾ।

—ਸ਼ਾਹ ਜੀ ਲੋਕਾਂ ਦੇ ਪਿਆਰ ਦਾ ਸਾਗਰ ਠਾਠਾਂ ਮਾਰਦਾ ਏ। ਉਹਨੂੰ ਕਿੰਦਾਂ ਰੋਕਿਆ ਜਾਏ ਸਤਗੁਰਾਂ ਬਚਨ ਕੀਤਾ।

—ਗੁਰਾਂ ਦੀਆਂ ਰਹਿਮਤਾਂ ਬਖ਼ਸ਼ਿਸ਼ਾਂ ਨੇ ਲੋਕਾਂ ਦੇ ਦਿਲ ਤੇ ਛਾਪ ਲਾ ਦਿੱਤੀ ਏ।

—ਨਹੀਂ, ਲੋਕ ਐਵੇਂ ਬਾਵਰੇ ਹੋਏ ਫਿਰਦੇ ਹਨ। ਬਾਣੀ ਦੀ ਸ਼ਰਨ ਲਵੋ। ਮੈਂ ਪ੍ਰਮੇਸ਼ਵਰ ਥੋੜਾ ਹਾਂ। ਮੈਂ ਤੇ ਓਸ ਪਰਮ-ਪ੍ਰਮੇਸ਼ਵਰ ਦਾ ਦਾਸ ਹਾਂ। ਦਾਸ ਕੀ ਦੇ ਸਕਦੈ। ਤੁਸੀਂ ਉੱਥੋਂ ਮੰਗੋ ਜਿਹਦੇ ਕੋਲੋਂ ਮੈਂ ਮੰਗਦਾ ਹਾਂ। ਜਿਹੜਾ ਮੈਨੂੰ ਪ੍ਰਮੇਸ਼ਵਰ ਆਖੇਗਾ ਉਹ ਨਰਕਕੁੰਡ 'ਚ ਜਾਵੇਗਾ।

—ਸੱਚੇ ਪਾਤਸ਼ਾਹ, ਲੋਕ ਭੋਲੇ ਹਨ, ਸ਼ਰਧਾਵਾਨ ਹਨ, ਇਹ ਕੀ ਜਾਣਨ, ਇਹ ਤੁਹਾਨੂੰ ਹੀ ਸਭ ਕੁਝ ਸਮਝਦੇ ਹਨ। ਰਾਹ ਤੁਸਾਂ ਦੱਸਣਾ ਏ ਤੇ ਚੱਲਣਾ ਇਨ੍ਹਾਂ ਏ। ਇਹ ਦੁਖੀ ਮਨ ਦੇ ਰੋਗੀ ਬੰਦੇ ਠੀਕ ਆਖਦੇ ਹਨ। ਤੁਸੀਂ ਸਭ ਕੁਝ ਹੋ।

—ਪੀਰ ਜੀ ਤੁਸੀਂ ਵੀ ਇਨ੍ਹਾਂ ਦੇ ਨਾਲ ਰਲ ਗਏ ਹੋ। ਤੁਸੀਂ ਤੇ ਸਭ ਕੁਝ ਜਾਣਦੇ ਹੋ।

—ਮੈਂ ਤੇ ਅਜੇ ਤੱਕ ਭਟਕ ਰਿਹਾ ਹਾਂ। ਮੈਨੂੰ ਉਹ ਡੰਡੀ ਅਜੇ ਤੱਕ ਨਹੀਂ ਲੱਭੀ। ਇਹ ਤੇ ਵਿਚਾਰੇ ਅਜੇ ਅਨਜਾਣ ਹਨ।

—ਫ਼ਰਮਾਇਆ ਸਤਿਗੁਰਾਂ, ਬੰਦਾ ਵੀ ਕਦੀ ਭਗਵਾਨ ਬਣ ਸਕਦੈ। ਬੰਦੇ ਨੇ ਤੇ ਬੰਦਾ ਹੀ ਰਹਿਣਾ ਏ।

—ਬੰਦਾ ਰੱਬ ਏ, ਬੰਦਾ ਆਪਣੀ ਬੁੱਕਲ 'ਚ ਝਾਤੀ ਮਾਰੇ, ਰੱਬ ਤੇ ਉਹਦੇ ਕੋਲ ਬੈਠਾ ਹੋਇਐ। ਫੇਰ ਰੱਬ ਤੇ ਬੰਦੇ 'ਚ ਫ਼ਰਕ ਕੀ ਹੋਇਆ। ਸਤਗੁਰ ਤੁਸੀਂ ਤੇ ਐਵੇਂ ਬੁਝਾਰਤਾਂ ਪਾ ਕੇ

ਰਾਹ ਦੱਸ ਜਾਂਦੇ ਹੋ। ਅਨਜਾਨ ਲੋਕ ਕੁਝ ਨਹੀਂ ਸਮਝਦੇ। ਅਸੀਂ ਏਸੇ ਲਈ ਮੱਥੇ ਟੇਕਦੇ ਹਾਂ। ਮੂਰਤੀ ਪੂਜਾ ਇਸੇ ਕਰਕੇ ਹੀ ਹੋਈ। ਲੋਕਾਂ ਨੂੰ ਰੱਬ ਦਾ ਸਰੂਪ ਚਾਹੀਦਾ ਸੀ। ਮੂਰਤੀ ਬਣਾਈ ਤੇ ਰੱਬ ਬਣਾ ਕੇ ਬੈਠ ਗਏ। ਜਿਹੜਾ ਆਇਆ ਮੱਥਾ ਟੇਕਿਆ, ਮਨ ਦੀ ਪਿਆਸ ਬੁੱਝੀ, ਉਹ ਕੀ ਜਾਣੇ ਰੱਬ ਕਿੱਥੇ ਐ। ਜਿਹੜਾ ਆਇਆ ਮੱਥਾ ਟੇਕ ਕੇ ਆਖਣ ਲੱਗਾ ਮੈਂ ਭਗਵਾਨ ਨੂੰ ਮੱਥਾ ਟੇਕ ਕੇ ਆਇਆ ਹਾਂ। ਇਹ ਰੱਬ ਏ, ਇਹੋ ਤਰਨਤਾਰਨ ਏ, ਰੱਬ ਦੀ ਆਤਮਾ ਇਹਦੇ ਅੰਦਰ ਲੁੱਕੀ ਬੈਠੀ ਏ।

—ਪੀਰ ਜੀ ਰੱਬ ਦਾ ਕੋਈ ਸਰੂਪ ਨਹੀਂ, ਨਿਰੰਕਾਰ ਏ, ਹਰ ਜਗ੍ਹਾ ਵਿਆਪਕ ਏ। ਮਾਲਾ ਫੜੋ ਤੇ ਰੱਬ ਨਾਲ ਗੱਲਾਂ ਕਰ ਲਵੋ।

—ਮਾਲਾ ਫੜਾਉਣ ਵਾਲਾ ਵੀ ਤੇ ਚਾਹੀਦੈ। ਤਾਂ ਮਾਲਾ ਫੜੀ ਜਾਂਦੀ ਏ। ਮਹੰਤ ਨੂੰ ਥਾਪਨਾ ਦੇ ਕੇ ਤੋਰਿਆ ਤੇ ਓਸ ਹਯਾਤ ਖ਼ਾਂ ਦੇ ਸਿਰ ਦੇ ਦੋ ਟੋਟੇ ਕਰ ਦਿੱਤੇ। ਇਸੇ ਨੂੰ ਲੋਕ ਖ਼ੁਦਾਈ ਤਾਕਤ ਆਖਦੇ ਹਨ। ਹਲਵਾਈ, ਉਹਦੇ ਖ਼ਾਨਦਾਨ ਵਿਚ ਕਿਸੇ ਨੇ ਕਦੇ ਤਲਵਾਰ ਦੀ ਥੁੱਧੀ ਵੀ ਨਹੀਂ ਸੀ ਵੇਖੀ। ਜ਼ਰਾ ਕੁ ਥਾਪਨਾ ਦਿੱਤੀ। ਖੁਰਪਾ ਲੈ ਕੇ ਮੈਦਾਨੇ-ਜੰਗ ਵਿਚ ਜਾ ਕੁੱਦਿਆ। ਜਿੱਥੇ ਤਲਵਾਰਾਂ ਦੀ ਛਹਿਬਰ ਲੱਗੀ ਹੋਈ ਸੀ। ਖੁਰਪੇ ਨੇ ਮੂੰਹ ਭਵਾਂ ਦਿੱਤੇ ਫੇਰ ਤਲਵਾਰਾਂ ਦੇ ਤੇ ਭਾਜੜ ਪਾ ਦਿੱਤੀ ਮੈਦਾਨ ਵਿਚ, ਸੂਰਬੀਰ ਡੱਟ ਗਿਆ, ਬਹਾਦਰ ਤੇ ਸੂਰਮਿਆਂ ਦੀ ਢਾਣੀ ਪਠਾਣਾਂ ਦੀ ਆਪਣੇ ਆਪ ਨੂੰ ਖੱਬੀ ਖ਼ਾਂ ਕਹਿਣ ਵਾਲੇ ਨੰਗੀਂ ਪੈਰੀਂ ਭੱਜੇ, ਜਾਣ ਬਚਾਈ, ਇਹੋ ਈ ਖ਼ੁਦਾਈ ਏ, ਲੋਕ ਇਸੇ ਗੱਲ ਨੂੰ ਅੱਲਾ ਆਖਦੇ ਹਨ ਤੇ ਇਸੇ ਨੂੰ ਰੱਬ ਆਖਿਆ ਜਾਂਦੈ।

—ਕਾਹਨੂੰ ਭੁਲੇਖੇ ਪਾ ਰਹੇ ਹੋ। ਕਮ ਸੇ ਕਮ ਤੁਸੀਂ ਤੇ ਜਾਣਦੇ ਹੋ ਕਿ ਮੈਂ ਕੌਣ ਹਾਂ। ਫਿਰ ਬਾਰ-ਬਾਰ ਕਿਉਂ ਪਰਦਾ ਚੁੱਕਿਆ ਜਾ ਰਿਹੈ। ਪਰਦੇ ਵਿਚ ਈ ਰਹਿਣ ਦਿਓ ਪੀਰ ਨੂੰ।

—ਸਤਗੁਰ ਤੁਸੀਂ ਸਾਹਮਣੇ ਕਿਉਂ ਨਹੀਂ ਆਉਂਦੇ, ਅਸੀਂ ਕਿਹਦੇ ਲੜ ਲੱਗੀਏ।

—ਪਰਦਾ ਹੀ ਹਕੀਕਤ ਏ, ਪਰਦੇ ਵਿਚ ਈ ਸਾਰੀ ਕਾਇਆਨਾਤ ਲੁਕੀ ਹੋਈ ਏ।

—ਮੈਂ ਰੂਹਾਨੀਅਤ ਦੇ ਗ੍ਰੰਥ ਪੜ੍ਹ-ਪੜ੍ਹ ਕੇ ਝੱਲਾ ਹੋ ਗਿਆ ਹਾਂ। ਪਰ ਮੈਨੂੰ ਮਨ ਦੀ ਸ਼ਾਂਤੀ ਨਸੀਬ ਨਹੀਂ ਹੋਈ।

—ਤੁਹਾਡਾ ਮਨ ਤੇ ਹੁਣ ਸ਼ਾਂਤ ਏ, ਹੁਣ ਸ਼ਿਕਾਇਤ ਕਾਹਦੀ।

—ਜੱਦ ਤਕ ਤੁਹਾਡੀ ਰਹਿਮਤ ਦਾ ਸਾਇਆ ਏ, ਮਨ ਸ਼ਾਂਤੀ ਦੇ ਭੰਗੂੜੇ ਵਿਚ ਝੂਟੇ ਲੈ ਰਿਹਾ ਏ।

—ਪੀਰ ਸਾਹਬ ਤੁਹਾਡੇ ਚੇਲੇ ਕੁਝ ਪੁੱਛਣਾ ਚਾਹੁੰਦੇ ਹਨ।

—ਪਹਿਲਾਂ ਮੇਰੀ ਪਿਆਸ ਤੇ ਬੁਝ ਜਾਏ ਫੇਰ ਇਨ੍ਹਾਂ ਦੇ ਕਟੋਰੇ ਵੀ ਭਰ ਦਿਆਂਗੇ।

—ਅਸਲ ਵਿਚ ਚੇਲਿਆਂ ਦੇ ਮੋਢਿਆਂ ਤੇ ਡਾਂਗ ਰੱਖੀ ਗਈ ਸੀ, ਪੁੱਛਣਾ ਫ਼ਕੀਰ ਸਾਹਬ ਹੀ ਚਾਹੁੰਦੇ ਸਨ। ਜਿਹਦੇ ਅਦਬ ਵਿਚ ਦਿੱਲੀ ਦਰਬਾਰ ਖੜਾ ਹੋ ਜਾਂਦਾ। ਜਿਹਦੀ ਸ਼ੋਹਰਤ ਮੁਲਤਾਨ ਤੱਕ ਗੂੰਜਦੀ ਸੀ। ਉਹ ਸਵਾਲ ਪੁੱਛੇ ਪਰ ਪੀਰ ਬੁੱਧੂ ਸ਼ਾਹ ਨੇ ਮੈਂ-ਨੂੰ ਵਿਚੋਂ ਕੱਢ ਦਿੱਤਾ ਤੇ ਸੰਗਤ ਵਿਚ ਹੋ ਕੇ ਬੋਲੇ, ਆਦਮੀ ਅੱਲਾ ਨੂੰ ਕਿਸ ਤਰ੍ਹਾਂ ਮਿਲੇ। ਸਤਗੁਰ ਇਹ ਗੱਲ ਤੁਸੀਂ ਦੱਸੋ।

—ਇਹ ਗੱਲ ਤੇ ਪੀਰ ਸਾਹਬ ਮੈਂ ਆਪ ਪੁੱਛਣ ਵਾਲਾ ਸਾਂ, ਫ਼ਰਮਾਇਆ ਸਤਗੁਰਾਂ।

—ਪਹਿਲਾਂ ਮੈਂ ਪੁੱਛ ਲਈ ਏ। ਇਸ ਲਈ ਇਹਦੀ ਗੁੰਝਲ ਤੁਨੀਂ ਆਪ ਖੋਲ੍ਹੋ। ਤੁਹਾਡੀ ਜ਼ੁਬਾਨੇ ਮੁਬਾਰਕ ਤੋਂ ਈ ਸ਼ੋਭਾ ਦਿੰਦੀ ਏ।

—ਜਦੋਂ ਰਾਤ-ਦਿਨ ਨੂੰ ਮਿਲਦੀ ਏ ਗੱਲਵਕੜੀ ਪਾ ਕੇ ।

—ਪੀਰ ਦੇ ਬੁੱਲ੍ਹ ਫਰਕੇ, ਜਦ ਰਾਤ ਦਿਨ ਨੂੰ ਮਿਲਦੀ ਏ ਉਦੋਂ ਉਹ ਰਾਤ ਨਹੀਂ ਰਹਿੰਦੀ।

—ਤੁਹਾਡੀ ਸਮਝ 'ਚ ਆ ਗਈ ਏ ਗੱਲ । ਜਦ ਤਕ ਪਰਦੇ ਵਿਚ ਮੈਂ ਦਾ ਵਾਸਾ ਏ। ਤੱਦ ਤੱਕ ਖ਼ੁਦਾ ਨਹੀਂ ਮਿਲ ਸਕਦਾ। ਖ਼ੁਦੀ ਦਾ ਗਲ ਘੁੱਟੋ, ਹੰਕਾਰ ਨੂੰ ਖ਼ਤਮ ਕਰੋ। ਜਦੋਂ ਤੁਸੀਂ ਆਪ ਪਾਕ ਸਾਫ਼ ਹੋ ਗਏ, ਖ਼ੁਦਾ ਦਾ ਦੀਦਾਰ ਆਪੇ ਹੋ ਜਾਏਗਾ। ਫੇਰ ਉਸੇ ਦਾ ਪ੍ਰਕਾਸ਼ ਤੇ ਉਹੋ ਈ ਹਰ ਪਾਸੇ ਵਿਆਪਕ ਨਜ਼ਰ ਆਏਗਾ । ਮੈਂ ਨਾਂ ਦੀ ਚੀਜ਼ ਹਸਤੀ ਨਹੀਂ ਤੇ ਨਾ ਈ ਕੋਈ ਵਜੂਦ। ਪਰ ਲਾ ਕੇ ਉੱਡ ਜਾਂਦੀਆਂ ਨੇ ਸਾਰੀਆਂ ਬਲਾਵਾਂ । ਹਰ ਪਾਸੇ ਦਿਨ-ਈ-ਦਿਨ ਰਹਿ ਜਾਂਦੈ। ਰਾਤ ਦਾ ਪਹਿਰਾਵਾ ਈ ਖ਼ਤਮ ਹੋ ਜਾਂਦੈ। ਜਦ ਦਿਨ ਚੜ੍ਹਿਆ ਹੋਵੇ ਤੇ ਫੇਰ ਰਾਤ ਦਾ ਕੀ ਕੰਮ।

ਪੀਰ ਬੁੱਧੂ ਸ਼ਾਹ ਦੀਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ। ਉਹਨੂੰ ਇਉਂ ਜਾਪਦਾ ਜਿਉਂ ਚਾਰੇ ਪਾਸੇ ਚਾਨਣ ਈ ਚਾਨਣ ਤੇ ਪ੍ਰਕਾਸ਼ ਏ। ਮੁਨੱਵਰ ਹੋ ਗਈ ਰੂਹ।

ਬੁੱਧੂ ਸ਼ਾਹ ਆਪ ਉਮਰ ਰਸੀਦਾ ਸੀ। ਤੇ ਉਹਦੀ ਚਾਰੇ-ਬਾਰੇ ਵਿਚ ਧਾਂਕ ਸੀ, ਰੁਤਬਾ ਸੀ, ਮਰਤਬਾ ਸੀ, ਉਹ ਛੋਟੇ ਜਿਹੇ ਗੋਬਿੰਦ ਨੂੰ ਮੱਥਾ ਟੇਕਣਾ ਕਸਰ ਸ਼ਾਨ ਸਮਝਦਾ ਸੀ।

ਮੈਂ ਨਿਕਲ ਗਈ ਤੇ ਪੀਰ ਬੁੱਧੂ ਸ਼ਾਹ ਨੇ ਗੋਬਿੰਦ ਰਾਏ ਦੇ ਚਰਨ ਜਾ ਫੜੇ। ਅਸਮਾਨ ਝੁੱਕ ਗਿਆ ਹੋਵੇ ਜ਼ਮੀਨ ਤੇ।

ਜਲਦੀ ਨਾਲ ਅਗੋਂ ਸਤਗੁਰ ਉੱਠੇ। ਉਨ੍ਹਾਂ ਪੀਰ ਸਾਹਬ ਨੂੰ ਆਪਣੇ ਸੀਨੇ ਨਾਲ ਲਾ ਲਿਆ ਤੇ ਆਪਣੇ ਗੋਡੇ ਮੂਢ ਬਿਠਾ ਲਿਆ। ਸਿਵੇਰਾ ਵਿਚ ਉਹ ਇਕ ਰੌਸ਼ਨੀ ਦੇ ਸਮੁੰਦਰ ਵਿਚ ਤਰ ਰਹੇ ਸਨ। ਕਿਸੇ ਵੱਖਰੀ ਦੁਨੀਆ ਵਿਚ। ਨੂਰ ਈ ਨੂਰ ਸੀ ਹਰ ਪਾਸੇ।

ਕੌਣ ਜਾਣਦਾ ਸੀ ਕੌਣ ਖ਼ੁਦਾ ਏ, ਕਿਹੜਾ ਖ਼ੁਦਾ ਕਿਹੜੇ ਖ਼ੁਦਾ ਨੂੰ ਮਿਲ ਰਿਹਾ ਏ।

ਇਕ ਮਿਲਾਪ ਸੀ, ਇਕ ਮਿਲਣੀ ਸੀ, ਖ਼ੁਦਾ-ਖ਼ੁਦਾ ਨਾਲ ਮਿਲ ਰਿਹਾ ਏ। ਇਹ ਗੱਲ ਜਾਂ ਗੁਰੂ ਜਾਣਦਾ ਸੀ ਜਾਂ ਪੀਰ ਜਾਣਦਾ ਸੀ।

ਬੰਦਾ ਖ਼ੁਦਾ ਹੋ ਗਿਆ। ਪਰਦੇ ਵਿਚ ਕੋਈ ਪਰਦੇ ਵਾਲੀ ਗੱਲ ਨਾ ਰਹਿ ਗਈ।

**

ਦੋ ਜਿੰਦਾਂ ੧੩੦

—ਆਨੰਦਪੁਰ ਦੀ ਖ਼ੁਸ਼ਬੂ ਸਾਰੇ ਪੰਜਾਬ 'ਚ ਫੈਲ ਚੁੱਕੀ ਸੀ। ਕਸਤੂਰੀ ਦੀ ਮਹਿਕ ਨੂੰ ਕੌਣ ਰੋਕ ਸਕਦੈ। ਉਹਦੇ ਚਰਚੇ ਪੰਜਾਬ ਤੋਂ ਬਾਹਰ ਦਿੱਲੀ ਤੱਕ ਤੇ ਦਿੱਲੀ ਤੋਂ ਅੱਗੇ ਵੀ ਪੁੱਜ ਚੁੱਕੇ

ਸਨ। ਸਾਰੀ ਦੁਨੀਆ ਭੱਜੀ ਆ ਰਹੀ ਸੀ ਆਨੰਦਪੁਰ ਵੱਲ। ਹਰੇਕ ਦੀ ਜ਼ੁਬਾਨ ਤੇ ਚਰਚਾ ਸੀ ਅਨੰਦਪੁਰ ਦੀ। ਕਵੀ, ਗਿਆਨੀ, ਗੁਣੀ, ਹਕੀਮ, ਸਿਆਸਤਦਾਨਾਂ ਦਾ ਮੂੰਹ ਆਨੰਦਪੁਰ ਵੱਲ ਸੀ। ਆਨੰਦਪੁਰ ਲਾਹੌਰ ਦੀ ਬਹਿਨੀ ਬਹਿ ਰਿਹਾ ਸੀ। ਦਿੱਲੀ ਦੀ ਬਰਾਬਰੀ ਕਰਨ ਵਾਲਾ ਸੀ ਆਨੰਦਪੁਰ।

ਸ਼ਹਿਰਾਂ ਵਿਚ ਕਹਿਰ ਦਾ ਲੋਹੜਾ, ਜ਼ੁਲਮ ਦੀ ਇੰਤਹਾ, ਬੇਰਹਿਮੀ ਹਾਕਮਾਂ ਦੀ, ਮੁਫਤੀ ਵੀ ਰਿਸ਼ਵਤਖ਼ੋਰ ਹੋ ਬੈਠੇ ਸਨ। ਪਰ ਆਨੰਦਪੁਰ ਵਿਚ ਅਜੇ ਵੀ ਸਤਯੁਗ ਵਰਤਿਆ ਹੋਇਆ ਸੀ। ਬਾਣੀ ਨੇ ਪਵਿੱਤਰ ਕਰ ਦਿੱਤੀ ਸੀ ਧਰਤੀ, ਭਗਤੀ ਦੀ ਖ਼ੁਸ਼ਬੂ ਆ ਰਹੀ ਸੀ ਆਨੰਦਪੁਰ ਦੀ ਧਰਤੀ ਵਿਚੋਂ। ਆਨੰਦਪੁਰ ਸੂਰਮਿਆਂ ਨੂੰ ਜਨਮ ਦੇ ਰਿਹਾ ਸੀ। ਇਨਸਾਨ ਘੜੇ ਜਾ ਰਹੇ ਸੀ, ਮਨੁੱਖਤਾ ਜਨਮ ਲੈ ਰਹੀ ਸੀ। ਝੂਠ, ਫ਼ਰੇਬ ਦੀਆਂ ਅਫ਼ਵਾਹਾਂ ਉਠਦੀਆਂ ਤੇਉਹ ਆਨੰਦਪੁਰ ਦੀ ਜੂਹ ਵਿਚ ਨਾ ਆਉਂਦੀਆਂ, ਕੋਲ ਦੀ ਲੰਘ ਜਾਂਦੀਆਂ। ਸੱਚ ਦੀ ਸੱਚ ਦੀ ਬਰਖਾ ਹੋ ਰਹੀ ਸੀ। ਮਨੁੱਖ ਦੁਖੀ ਹੋ ਚੁੱਕਾ ਸੀ। ਸ਼ਾਂਤੀ ਖੰਭ ਲਾ ਕੇ ਉੱਡ ਚੁੱਕੀ ਸੀ। ਹਰ ਚੌਂਕੇ 'ਚ ਭਾਂਡੇ ਖੜਕ ਰਹੇ ਸਨ। ਹਰ ਵਿਹੜੇ ਵਿਚ ਸੇਹ ਦਾ ਤਕਲਾ ਗੱਡਿਆ ਹੋਇਆ ਸੀ। ਭਰਾ-ਭਰਾ ਦੇ ਖ਼ੂਨ ਦਾ ਵੈਰੀ ਸੀ। ਲੋਕ ਭੱਜ ਰਹੇ ਸਨ ਘਰਾਂ ਤੋਂ, ਜਾਣ ਕਿੱਥੇ, ਅੰਮ੍ਰਿਤਸਰ 'ਚ ਮਸੰਦਾਂ ਦਾ ਰਾਜ ਸੀ। ਖੌਰੂ ਪਾ ਰਹੇ ਸਨ ਪੁਜਾਰੀ, ਮੂੰਹ ਜ਼ੋਰ ਸਨ ਰਖਵਾਲੇ, ਕੋਈ ਬੰਦਾ ਆਪਣੇ ਘਰ ਵਿਚ ਖ਼ੁਸ਼ ਨਹੀਂ ਸੀ। ਗੁਰਾਂ ਦਾ ਨਾਂ ਹੀ ਰਹਿ ਗਿਆ ਸੀ। ਦਰਸ਼ਨ ਦੁਰਲੱਭ ਹੋ ਚੁੱਕੇ ਸਨ। ਮਸੰਦ ਹੀ ਗੁਰੂ ਬਣੇ ਬੈਠੇ ਸਨ। ਅਸੀਂ ਗੁਰੂ ਹਾਂ, ਸਾਥੋਂ ਵੱਡਾ ਹੋਰ ਕਿਹੜਾ ਗੁਰੂ ਏ। ਮਿਹਰਬਾਨ ਆਪਣੀ ਗੱਦੀ ਲਾਈ ਬੈਠਾ ਸੀ।ਉਹਦਾ ਪੁੱਤ ਤੇ ਆਖਣ ਲੱਗ ਪਿਆ ਸੀ ਮੈਂ ਗੁਰੂ ਦੀ ਅੰਸ਼ ਹਾਂ, ਮੈਂ ਗੁਰੂਆਂ ਦਾ ਸਰੂਪ ਹਾਂ। ਮੇਰੇ ਅੰਦਰ ਗੁਰੂ ਦੀਆਂ ਸਾਰੀਆਂ ਰਹਿਮਤਾਂ, ਬਖ਼ਸ਼ਿਸ਼ਾਂ ਹਨ ਤੁਸੀਂ ਮੈਥੋਂ ਮੰਗੋ ਜੋ ਕੁਝ ਮੰਗਣੈ। ਆਨੰਦਪੁਰ ਜਾ ਰਹੇ ਹੋ ਉੱਥੇ ਤੁਹਾਨੂੰ ਜਲੇਬੀਆਂ ਨਹੀਂ ਮਿਲਣੀਆਂ। ਇਥੋਂ ਪੰਜ ਮਾਰ ਕੇ ਜਾਓਗੇ, ਦਸਵੰਧ ਇੱਥੇ ਦੇ ਜਾਉ। ਕਿਉਂ ਭਾਰ ਚੁੱਕੀ ਫਿਰਦੇ ਹੋ। ਪਰ ਲੋਕਾਂ ਦਾ ਈਮਾਨ ਬੱਝਾ ਹੋਇਆ ਸੀ। ਨਿਸ਼ਚਾ ਅਟੱਲ ਸੀ। ਨਾਂ ਦੇ ਅਕੀਦੇ ਨੂੰ ਕੌਣ ਤੋੜ ਸਕਦੈ। ਲੋਕ ਭੱਜੇ ਜਾ ਰਹੇ ਸਨ ਆਨੰਦਪੁਰ ਵੱਲ। ਅੰਮ੍ਰਿਤਸਰ ਤੇ ਉਹ ਜਾਂਦਾ ਜਿਹਦੇ ਗੋਡੇ ਜੁੜੇ ਹੁੰਦੇ। ਦੀਦਿਆਂ ਤੋਂ ਜਿਹਨੂੰ ਨਾ ਲੱਭਦਾ। ਬਾਕੀ ਸਾਰੇ ਮੰਜ਼ਲਾਂ ਮਾਰਦੇ ਆਨੰਦਪੁਰ ਵੱਲ ਤੁਰੇ ਜਾਂਦੇ। ਅੰਮ੍ਰਿਤਸਰ ਵਿਚ ਭੂਤਨੇ ਨੱਚਦੇ ਸਨ ਤੇ ਮਸੰਦ ਆਪਣੀ ਬਾਣੀ ਗਾ ਰਹੇ ਸਨ। ਕੌਮ ਭਟਕ ਗਈ ਸੀ। ਉਹਦਾ ਕੋਈ ਵਾਲੀ-ਵਾਰਸ ਨਹੀਂ ਸੀ। ਕਿਹਦੇ ਲੜ ਲੱਗੇ, ਡਾਵਾਂ-ਡੋਲ ਸੀ ਪੰਥ।

—ਮੈਂ ਗੁਰੂ ਕੀ ਨਗਰੀ ਜਾਣੈ, ਬੁੱਢਾ ਹੋ ਗਿਆ ਹਾਂ। ਜਵਾਨੀ ਵਿਚ ਸੇਵਾਰੀ ਤੇ ਬੁਢਾਪੇ ਵਿਚ ਇਕ ਵਾਰੀ।

—ਬਾਬਾ ਉੱਥੇ ਜਾ ਕੇ ਕੀ ਕਰਨਾ ਈ। ਉੱਥੇ ਤੇ ਮਸੰਦਾਂ ਦੀ ਚੰਡਾਲ ਚੌਂਕੜੀ ਤਮੱਚਲਾ ਪਾ ਰਹੀ ਏ। ਗੁਰੂ ਤੇ ਆਨੰਦਪੁਰ ਹੀ ਬੈਠੇ ਹਨ।

—ਫੇਰ ਮੇਰੀ ਡੋਲੀ ਆਨੰਦਪੁਰੀ ਹੀ ਚੁੱਕ ਕੇ ਲੈ ਜਾਉ। ਮੈਂ ਇਕ ਵਾਰ ਗੁਰੂ ਦੇ ਦਰਸ਼ਨ ਕਰ ਲਵਾਂ।

—ਬਾਬਾ ਹੁਣ ਤੇਰੀ ਡੋਲੀ ਚੁੱਕੀ ਨਹੀਂ ਜਾਂਦੀ, ਤੇਰੀਆਂ ਕਬਰ 'ਚ ਲੱਤਾਂ ਹਨ। ਛੱਡ ਘਰ ਵਿਚ ਬੈਠ ਕੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰ।

—ਪੁੱਤ, ਸਾਰੀ ਉਮਰ ਮੈਂ ਤੁਹਾਨੂੰ ਪਾਲਿਆ, ਜਵਾਨ ਕੀਤਾ, ਪੰਜ ਪੁੱਤ ਮੈਂ ਇਕੱਠੇ ਨੇ ਸੰਭਾਲੇ। ਤੁਸੀਂ ਪੰਜ ਭਰਾ ਇਕ ਪਿਉ ਦੀ ਖ਼ਾਹਿਸ਼ ਪੂਰੀ ਨਹੀਂ ਕਰ ਸਕਦੇ।

—ਬਾਪੂ, ਤੇਰੀ ਵਹਿੰਗੀ ਕੌਣ ਚੁੱਕੇ, ਬੜੀ ਦੂਰ ਏ ਆਨੰਦਪੁਰ।

—ਮੈਨੂੰ ਸੜਕ ਦੇ ਕੰਢੇ ਤੇ ਛੱਡ ਆਉ, ਆਪੇ ਕੋਈ ਗੁਰੂ ਦਾ ਸੇਵਕ ਸਰਵਣ ਪੁੱਤ ਮੈਨੂੰ ਆਨੰਦਪੁਰ ਲੈ ਜਾਏਗਾ। ਮੈਂ ਉੱਥੇ ਈ ਮਰਨਾ ਚਾਹੁੰਦਾ ਹਾਂ। ਮੇਰਾ ਸਿਵਾ ਬਲੇ ਤੇ ਆਨੰਦਪੁਰ ਈ ਬਲੇ।

—ਬਾਪੂ, ਇਹ ਡੰਗੋਰੀ ਸਾਥੋਂ ਨਹੀਂ ਫੜੀ ਜਾਂਦੀ।

— ਤੁਸੀਂ ਡੰਗੋਰੀ ਫੜ ਨਹੀਂ ਸਕਦੇ ਤੇ ਮੈਂ ਇਥੇ ਮਰਨਾ ਨਹੀਂ, ਕਿਉਂ ਮੇਰਾ ਮੁਰਦਾ ਰੋਲ ਰਹੇ ਹੋ। ਮੈਨੂੰ ਛੱਡ ਦਿਉ । ਜਿੱਥੋਂ ਦੀ ਗੁਰੂ ਦੀ ਸੰਗਤਾਂ ਆਨੰਦਪੁਰ ਵੱਲ ਜਾਂਦੀਆਂ ਨੇ, ਉੱਥੋਂ ਤੱਕ ਤੇ ਛੱਡ ਸਕਦੇ ਹੋ।

—ਅੱਛਾ, ਬਾਪੂ ਸੋਚਾਂਗੇ।

—ਇਕ ਦਿਨ ਬੁੱਢਾ ਰਾਤੀਂ ਉੱਠਿਆ, ਬੜਾ ਦੁਖੀ ਸੀ, ਹਟਕੋਰੇ ਲੈਂਦਾ, ਹੌਲੀ-ਹੌਲੀ ਸਾਹ ਲੈਂਦਾ ਜਾ ਪਹੁੰਚਿਆ ਚੁਰਸਤੇ ਤੇ, ਘਰ ਦੇ ਬੂਹੇ ਬਾਂ-ਬਾਂ ਕਰ ਰਹੇ ਸਨ। ਸਾਰੀ ਰਾਤ ਪੁੱਤ ਕੋਲ ਘੁਰਾੜੇ ਮਾਰਦੇ ਰਹੇ । ਤੇ ਬਾਪੂ ਜਦ ਦਿਨ ਦੀ ਲੋਅ ਲੱਗੀ ਅੱਧਾ ਪੈਂਡਾ ਮੁਕਾ ਚੁੱਕਾ ਸੀ। ਦਿਨੇ ਮੰਜਾ ਭਾਂ-ਭਾਂ ਕਰਦਾ ਵੇਖਿਆ ਨੂੰਹਾਂ ਨੇ ਤੇ ਧਾਹੀਂ ਮਾਰੀਆਂ ਤੇ ਅੱਖਾਂ 'ਚੋਂ ਗਲੇਡ ਕੱਢੇ ਮਕਈ ਦੇ ਦਾਣਿਆਂ ਜਿੱਡੇ। ਬਾਪੂ ਸਾਨੂੰ ਇਸੇ ਉਮਰੇ ਵਿਛੋੜਾ ਦੇ ਗਿਐ। ਖੇਹ ਪਾਉਂਦੀ ਏ ਬਰਾਦਰੀ ਬੁੱਕ-ਬੁੱਕ ਘੱਟਾ ਪਾ ਰਹੇ ਹਨ ਸ਼ਰੀਕ। ਮਰਨਾ ਸੀ ਤੇ ਘਰ ਮਰਨਾ ਸੀ। ਆਨੰਦਪੁਰ ਤੇਰੀ ਕੌਣ ਅਰਥੀ ਢੋਏਗਾ। ਕੌਣ ਤੇਰੇ ਮੂੰਹ 'ਚ ਪਾਣੀ ਪਾਊ। ਪੁੱਤਾਂ ਨੇ ਹਉਂਕੇ ਮਾਰ-ਮਾਰ ਕੇ ਬਾਂਹ ਸਿਰ ਤੇ ਰੱਖ ਕੇ ਧਾਹ ਮਾਰੀ ਸ਼ਰੀਕੇ 'ਚ ਸੱਚੇ ਹੋਣ ਨੂੰ।

—ਇਕ ਵਾਰ ਬੋਅ ਨਿਕਲ ਗਈ ਹੁਣ ਵਾਪਸ ਨਹੀਂ ਆਉਣੀ। ਥੱਲਿਉਂ ਥੱਲਿਉਂ ਖਾਈ ਜਾਉ ਤੇ ਉੱਤੋਂ ਰੌਲਾ ਪਾਈ ਜਾਉ।

—ਬਾਪੂ ਨਾ ਮੁੜਿਆ । ਉਹ ਤੇ ਆਨੰਦਪੁਰ ਪੁੱਜ ਈ ਜਾਏਗਾ, ਸ਼ਰੀਕੇ 'ਚੋਂ ਇਕ ਬੰਦਾ ਮਿਲਿਆ।

—ਅੱਛਾ ਬਾਪੂ ਤੇਰੀ ਮਰਜ਼ੀ ਜਾਣਾ ਸੀ ਤੇ ਦੱਸ ਕੇ ਜਾਣਾ ਸੀ।

ਬਾਪੂ ਨੇ ਤੇ ਜਾਣਾ ਹੀ ਸੀ ਚਲਾ ਗਿਆ। ਉਸ ਕੀ ਮੁੜਨਾ ਸੀ। ਪਰ ਮਗਰ ਪੁੱਤ ਵੀ ਨਾ ਗਏ। ਉਹਨਾਂ ਆਖਿਆ ਚਲੋ ਗਲੋਂ ਬਲਾ ਲੱਥੀ। ਐਵੇਂ ਖਹੂੰ-ਖਹੂੰ ਕਰਕੇ ਰਾਤ ਸੌਣ ਨਹੀਂ ਸੀ ਦਿੰਦਾ, ਹੁਣ ਸੁੱਖ ਦੀ ਨੀਂਦ ਸੌਵਾਂਗੇ।

ਬਾਪੂ ਚਲਾ ਗਿਆ ਪਰ ਮੁੰਡਿਆ ਦੀਆਂ ਅੱਖਾਂ 'ਚੋਂ ਨੀਂਦ ਉੱਡ ਗਈ। ਬੱਦਦੁਆ ਦੇ ਗਿਆ ਏ ਬਾਪੂ।

—ਪਿਉ ਨੇ ਕਦੀ ਬਦਅਸੀਸ ਦਿੱਤੀ ਏ ਪੁੱਤਾਂ ਨੂੰ, ਉਹਦੇ ਅੰਦਰੋਂ ਜਦੋਂ ਵੀ ਆਵਾਜ਼ ਆਏਗੀ ਤੇ ਆਖੇਗਾ ਸਤਗੁਰ ਮੇਰਾ ਪਰਿਵਾਰ ਸੁਖੀ ਵੱਸੇ।

ਪੰਜਾਬ ਦੀ ਜ਼ਮੀਨ ਵਿਕ ਚੁਕੀ ਸੀ ਤੇ ਇਖ਼ਲਾਕ ਵਿਗੜ ਗਿਆ ਸੀ। ਮੋਹ, ਮੁਹੱਬਤ ਤੇ ਪਿਆਰ ਮੁੱਕ ਚੁਕਿਆ ਸੀ। ਗੁਰੂ ਦੇ ਬਚਨ, ਗੁਰੂ ਦੀ ਬਾਣੀ ਪੰਜਾਬ ਵਿਚੋਂ ਉਡਾਰੀਆਂ ਮਾਰ ਚੁਕੀ ਸੀ। ਪੰਜਾਬ ਬੇਮੁੱਖ ਹੋ ਚੁਕਾ ਸੀ ਗੁਰੂਆਂ ਤੋਂ।

ਲੋਕ ਆਨੰਦਪੁਰ ਵਲ ਜਾ ਰਹੇ ਸਨ। ਉੱਥੇ ਅਨੰਦ ਦਾ ਮੀਂਹ ਵਰ੍ਹਦਾ ਏ। ਗੁਰੂ ਦੇ ਦੀਦਾਰ ਸਿਰਫ਼ ਆਨੰਦਪੁਰ ਵਿਚ ਹੀ ਮਿਲ ਸਕਦੇ ਹਨ।

ਇਕ ਜੋੜਾ ਭਟਕਦਾ ਦੂਰੋਂ ਤੁਰਿਆ। ਲਗਨ ਸੀ, ਉਨਸ ਸੀ, ਜਜ਼ਬਾ ਸੀ, ਚਲੋ ਆਨੰਦਪੁਰ ਜਿੱਥੇ ਮਹਿਮਾ ਗਾਈ ਜਾਂਦੀ ਏ ਗੁਰਾਂ ਦੀ। ਬਾਣੀ ਸਿਰਫ਼ ਆਨੰਦਪੁਰ ਵਿਚ ਸੁਣੀ ਜਾ ਸਕਦੀ ਏ।

ਸਾਰੇ ਪੰਜਾਬ ਵਿਚ ਸਿਰਫ਼ ਆਨੰਦਪੁਰ ਹੀ ਇਕ ਅਜਿਹੀ ਜਗ੍ਹਾ ਸੀ ਜਿੱਥੇ ਸ਼ਾਂਤੀ ਤੇ ਬਾਣੀ ਦਾ ਸਰੋਵਰ ਠਾਠਾਂ ਮਾਰਦਾ ਸੀ। ਗੁਰੂ ਦਰਬਾਰ ਵਿਚ ਹਾਜ਼ਰੀ ਭਰੀ ਤੇ ਸੀਨੇ ਠੰਡ ਪਈ। ਮਨ ਸ਼ਾਂਤ ਹੋਇਆ। ਹੁਣ ਚਾਰ ਦਿਨ ਸੌਖੇ ਲੰਘ ਜਾਣਗੇ।

—ਮੈਂ ਤੇ ਹੁਣ ਇਥੋਂ ਨਹੀਂ ਜਾਣਾ, ਇਥੇ ਹੀ ਉਮਰ ਗੁਜ਼ਾਰਾਂਗੀ।

— ਰੋਟੀ, ਕੱਪੜਾ ਤੇ ਜ਼ਿੰਦਗੀ ਦੀਆਂ ਲੋੜਾਂ ਕਿੱਦਾਂ ਪੂਰੀਆਂ ਹੋਣਗੀਆਂ ਭਲੀਏ ਲੋਕੇ।

—ਗੁਰੂ ਪੂਰੀਆਂ ਕਰੇਗਾ, ਲੰਗਰ ਵਿਚੋਂ ਢਿੱਡ ਦੀ ਪੂਰਤੀ ਕਰੋ, ਸੇਵਾ ਕਰੋ ਲੰਗਰ ਵਿਚ, ਤੇ ਬਾਕੀ ਲੋੜਾਂ ਲਈ ਅਰਦਾਸ ਕਰੋ। ਗੁਰੂ ਆਪੇ ਬਾਂਹ ਫੜੇਗਾ।

—ਮੈਂ ਨਾ ਕਦੇ ਲੰਗਰ ਦੀ ਸੇਵਾ ਕੀਤੀ ਏ ਤੇ ਨਾ ਮੈਥੋਂ ਭਾਂਡੇ ਮਾਂਜੇ ਜਾਣੇ ਨੇ ਤੇ ਨਾ ਪਾਣੀ ਦੇ ਘੜੇ ਢੋਏ ਜਾਣਗੇ, ਨਾ ਲੱਕੜੀਆਂ ਇਕੱਠੀਆਂ ਹੋਣੀਆਂ ਨੇ।

—ਨਾ ਸਹੀ, ਸੇਵਾ ਇਕੋ ਹੀ ਥੋੜ੍ਹੀ ਏ। ਹੋਰ ਵੀ ਕੰਮ ਏ, ਤੁਸੀਂ ਮਾਲੀ ਦਾ ਕੰਮ ਕਰਦੇ ਰਹੇ ਹੋ। ਬਾਗ਼ ਦੀ ਰਾਖੀ, ਬਾਗ਼ ਦਾ ਪਾਲਣ-ਪੋਸ਼ਣ, ਫੁੱਲਾਂ ਦੀ ਦੇਖ-ਭਾਲ, ਰੋਜ਼ ਫੁੱਲਾਂ ਦੀ ਟੋਕਰੀ ਭਰ ਕੇ ਦੀਵਾਨ 'ਚ ਜਾਓ ਤੇ ਦੇ ਆਓ। ਤੁਹਾਡੀ ਇਹੋ ਹੀ ਸੇਵਾ ਪੂਰੀ ਹੋ ਜਾਵੇਗੀ।

—ਅੱਜ ਕੰਮ ਦੀ ਗੱਲ ਆਖੀ ਏ। ਮੈਂ ਗੁਰੂ ਦੇ ਬਾਗ਼ ਵਿਚ ਮਾਲੀ ਦਾ ਕੰਮ ਕਰਾਂਗਾ।

—ਤੇ ਮੈਂ ਲੰਗਰ 'ਚ ਸੇਵਾ ਕਰਾਂਗੀ, ਸੇਵਾ 'ਚ ਹੱਥ ਸੁੱਚੇ ਹੋਏ ਤੇ ਫੇਰ ਸੇਵਾ ਦਰਗਾਹੇ ਲੱਗੀ। ਜੋ ਬੰਦਾ ਸੇਵਾ ਕਰ ਸਕਦਾ ਏ ਉਹੋ ਹੀ ਕਰੇ। ਗੁਰੂ ਘਰ ਵਿਚ ਪ੍ਰਵਾਨ ਹੋਵੇਗੀ।

— ਚੱਲ ਗੁਰੂ ਦੇ ਬਾਗ਼ ਵਿਚ ਉੱਥੇ ਜਾ ਕੇ ਮਿੰਨਤ ਤਰਲਾ ਕਰਦੇ ਹਾਂ ਕੋਈ ਗੁਰੂ ਦਾ ਪਿਆਰਾ ਆਸਰਾ ਦੇਵੇਗਾ।

ਬਾਗ਼ਬਾਨ ਕਲੇਰਾ ਸਿੰਘ ਸਰੀਰੋਂ ਬੁੱਢਾ, ਜਿਹਦੇ ਹਿਰਦੇ ਅੰਦਰ ਪਿਆਰ ਦੀ ਸ਼ਮ੍ਹਾ ਜਗ ਰਹੀ ਸੀ। ਮੁਹੱਬਤ ਦਾ ਸਮੁੰਦਰ ਠਾਠਾਂ ਮਾਰਦਾ ਸੀ।

—ਦਰਵਾਜ਼ੇ 'ਚ ਜਾ ਕੇ ਦੋਵਾਂ ਨੇ ਹੱਥ ਜੋੜੇ ਤੇ ਅਰਜ਼ ਕੀਤੀ, 'ਆਸਰਾ'।

—ਮੈਂ ਕੌਣ ਹਾਂ ਆਸਰਾ ਦੇਣ ਵਾਲਾ। ਮੈਂ ਤੇ ਆਪ ਆਸਰਾ ਲੱਭਦਾ ਫਿਰਦਾ ਹਾਂ।

—ਬਾਬਾ ਜੀ, ਅਸੀਂ ਪ੍ਰਦੇਸੀ ਹਾਂ, ਆਨੰਦਪੁਰ ਆਏ ਸਾਂ ਦਰਸ਼ਨਾਂ ਨੂੰ ਹੁਣ ਘਰ ਜਾਣ ਨੂੰ ਚਿੱਤ ਨਹੀਂ ਕਰਦਾ। ਅਸੀਂ ਸੇਵਾ ਮੰਗਦੇ ਹਾਂ, ਬਾਗ਼ ਵਿਚ ਅਸੀਂ ਮਾਲੀ ਦਾ ਕੰਮ ਕਰਾਂਗੇ। ਸਾਨੂੰ ਪੌਦਿਆਂ ਦੀ ਜ਼ਬਾਨ ਆਉਂਦੀ ਏ। ਅਸੀਂ ਫੁੱਲਾਂ ਨਾਲ ਗੱਲਾਂ ਕਰ ਸਕਦੇ ਹਾਂ। ਅਸੀਂ ਇਨ੍ਹਾਂ ਦੇ

ਸੁਭਾਅ ਜਾਣਦੇ ਹਾਂ, ਫੁੱਲਾਂ ਦੀ ਪਿਉਂਦ ਲਾਉਣੀ, ਫੁੱਲ-ਬੂਟੇ ਪਾਲਨੇ ਅਸੀਂ ਜਾਣਦੇ ਹਾਂ। ਸਾਡੇ ਸਿਰ ਤੇ ਹੱਥ ਰੱਖੋ ਸਾਨੂੰ ਆਸਰਾ ਦਿਉ।

ਮੇਰੀ ਕੋਠੜੀ ਤੁਸੀਂ ਲੈ ਲੌ ਤੇ ਮੈਂ ਆਪਣੀ ਵੱਖਰੀ ਛੰਨ ਬਣਾ ਲੈਂਦਾ ਹਾਂ। ਕੀ ਨਾਂ ਏ ਪੁੱਤ ਤੇਰਾ, ਕਸੇਰਾ ਸਿੰਘ ਦੀ ਆਵਾਜ਼ ਆਈ।

—ਬੰਦੇ ਨੇ ਹੱਥ ਜੋੜੇ, ਮੇਰਾ ਨਾਂ ਸੋਹਣਾ ਏ ਤੇ ਮੇਰੀ ਘਰਵਾਲੀ ਨੂੰ ਮੋਹਣਾ ਆਖਦੇ ਨੇ।

—ਸੋਹਣਾ ਤੇ ਮੋਹਣਾ ਦੋਵੇਂ ਨਾਂ ਈ ਸੁੰਦਰ ਹਨ। ਚਲੋ ਗੁਰੂ ਨੇ ਮੈਨੂੰ ਨੂੰਹ ਤੇ ਪੁੱਤ ਬਖਸ਼ ਦਿੱਤੇ।

ਹੱਥ ਮੂੰਹ ਧੋਵੋ, ਲੰਗਰ ਛਕੋ, ਥੋੜਾ ਕੁ ਚਿਰ ਆਰਾਮ ਕਰਕੇ ਜਾਉ, ਥਕਾਵਟ ਉਤਰ ਜਾਏਗੀ, ਦਿਨ ਚੜ੍ਹੇ ਬਾਗ਼ ਤੁਹਾਡੇ ਹਵਾਲੇ ਕੀਤਾ ਜਾਵੇਗਾ।

—ਗੁਰੂ ਬਹੁੜ ਪਿਆ ਏ, ਮੈਂ ਆਖਿਆ ਸੀ ਨਾ ਭਲਿਆ ਲੋਕਾ ਗੁਰੂ ਬਾਂਹ ਫੜ ਲੈਂਦਾ ਏ, ਨਥਾਵਿਆਂ ਦੀ, ਬੇਆਸਰਿਆਂ ਦੀ।

—ਤੇਰਾ ਈਮਾਨ ਪੱਕਾ ਏ, ਮੈਂ ਹਿਚਕੋਲੇ ਖਾ ਰਿਹਾ ਸਾਂ। ਸਿਦਕ ਵਾਲਿਆਂ ਦੇ ਬੇੜੇ ਪਾਰ ਹੁੰਦੇ ਨੇ, 'ਸੋਹਣਾ ਆਖਣ ਲੱਗਾ।'

ਕੋਠੜੀ ਵਿਚ ਰਾਤ ਕੱਟੀ, ਪੈਂਦਿਆਂ ਈ ਨੀਂਦ ਆ ਗਈ। ਦਿਨ ਕਦੋਂ ਚੜ੍ਹਿਆ, ਸੁਰਤ ਈ ਨਾ ਰਹੀ। ਮੂੰਹ ਹੱਥ ਧੋਤਾ ਤੇ ਕਸੇਰਾ ਸਿੰਘ ਦੇ ਕੋਲ ਜਾ ਕੇ ਮੱਥਾ ਟੇਕਿਆ।

—ਕਸੇਰਾ ਸਿੰਘ ਬੋਲਿਆ, 'ਲੈ ਬਈ, ਅੱਜ ਤੋਂ ਮੇਰੀ ਜੁੰਮੇਵਾਰੀ ਮੁੱਕੀ, ਮੈਂ ਆਪਣੀ ਪੰਡ ਤੁਹਾਡੇ ਸਿਰ 'ਤੇ ਰੱਖਦਾ ਹਾਂ।

—ਜੁੰਮੇਂਵਾਰੀ ਮੁੱਕੀ ਨਹੀਂ, ਸਗੋਂ ਜੁੰਮੇਵਾਰੀ ਵਧ ਗਈ ਏ। ਅਸਾਂ ਤੁਹਾਡੀ ਆਗਿਆ ਤੇ ਚੱਲਣਾ ਏ। ਹੌਲੀ-ਹੌਲੀ ਤੁਹਾਡਾ ਭਾਰ ਹੌਲਾ ਕਰਾਂਗੇ।

—ਪਹਿਲਾਂ ਬਾਗ਼ ਦੇਖੋ, ਫੇਰ ਪੌਦਿਆਂ ਦੇ ਦਰਸ਼ਨ ਕਰੋ, ਫੁੱਲ ਵੇਖੋ, ਖ਼ੁਸ਼ਬੂ ਸੁੰਘੋ ਫਲਦਾਰ ਫਲਾਂ ਦੀ। ਤੁਹਾਡੀ ਜੀਭ ਦੱਸੇਗੀ ਉਹਦਾ ਸਵਾਦ ਕਸੇਰਾ ਸਿੰਘ ਦਾ ਹੁਕਮ ਸੀ।

—ਬਾਪੂ ਜੀ, ਅਸੀਂ ਇਕ ਫੁੱਲ ਤੋਂ ਹੋਰ ਫੁੱਲਾਂ ਨੂੰ ਪੈਦਾ ਕਰਾਂਗੇ। ਮੈਂ ਬਾਗ਼ਬਾਨੀ ਦੇ ਗੁਣ ਮੁਗ਼ਲਾਂ ਕੋਲੋਂ ਸਿੱਖੇ ਹਨ। ਇਕ ਪੌਦੇ ਤੋਂ ਦੂਜਾ ਪੌਦਾ, ਪਿਉਂਦ ਲਾ ਦਈਏ ਤੇ ਉਹਦੀ ਰੂਪ-ਰੇਖਾ ਈ ਬਦਲ ਜਾਂਦੀ ਏ। ਮੈਨੂੰ ਅਸ਼ੀਰਵਾਦ ਦਿਉ ਤਾਂ ਕਿ ਏਸ ਕੰਮ ਵਿਚ ਨਾਮਣਾ ਖੱਟ ਸਕਾਂ। ਨਿਸ਼ਾਤ ਬਾਗ਼, ਸ਼ਾਲੀਮਾਰ ਬਾਗ਼, ਕਸ਼ਮੀਰ ਤੇ ਲਾਹੌਰ ਦੇ ਸ਼ਾਲੀਮਾਰ ਬਾਗ਼ ਤੋਂ ਵੱਖਰੇ-ਵੱਖਰੇ ਫੁੱਲ ਪੈਦਾ ਕਰਕੇ ਦੱਸਾਂਗਾ। ਪਿਉਂਦ ਦਾ ਗੁਰ ਇਰਾਨੀ ਜਾਣਦੇ ਹਨ ਤੇ ਮੈਂ ਵੀ ਇਰਾਨੀਆਂ ਦੇ ਗੋਡੇ-ਮੁੱਢ ਬੈਠਾ ਹੋਇਆ ਹਾਂ। ਗੁਰੂ ਘਰੇ ਸਾਡੀ ਲਗਨ ਨੂੰ ਫਲ ਲੱਗਣ।

—ਮੇਰੀਆਂ ਅਸੀਸਾਂ ਤੁਹਾਡੇ ਨਾਲ ਹਨ। ਜਾਉ ਤੇ ਆਪਣੀ ਦੁਨੀਆ ਦੀ ਕਾਇਨਾਤ ਵੇਖੋ।

ਨਵੀਆਂ-ਨਵੀਆਂ ਸਬਜ਼ੀਆਂ ਤੇ ਸਾਗ ਲੰਗਰ ਵਾਸਤੇ। ਫਲ ਸਿੱਖ ਸੇਵਕਾਂ ਲਈ ਤੇ ਫੁੱਲ ਗੁਰੂ ਦਰਬਾਰ ਦੀ ਭੇਟਾ। ਅਨਾਰ ਉਨ੍ਹਾਂ ਪੈਦਾ ਕਰਕੇ ਡਰੇਲੀਆਂ ਭਰੀਆਂ ਹੋਈਆ ਹਨ।

ਕੁਝ ਦਿਨ ਲੰਘੇ, ਹਫ਼ਤੇ ਗੁਜ਼ਰੇ, ਪੰਦਰਵਾੜਾ ਬੀਤਿਆ, ਨਵਾਂ ਮਹੀਨਾ ਚੜ੍ਹਿਆ। ਇਕ ਪਿਉਂਦ ਦੂਜੀ ਪਿਉਂਦ ਨਾਲ ਰਲਾ ਕੇ ਤੀਜੇ ਪੌਦੇ ਨੂੰ ਜਨਮ ਦਿੰਦਾ ਹੈ। ਸਾਰੀਆਂ ਖ਼ੂਬੀਆਂ ਤੀਸਰੀ ਪਿਉਂਦ ਵਿਚ ਇਕੱਠੀਆਂ ਹੋ ਗਈਆਂ। ਸਬਜ਼ੀਆਂ ਵਿਚ ਇਨਕਲਾਬ ਲੈ ਆਂਦਾ। ਕੁਝ ਫੁੱਲ ਫੁੱਲਾਂ ਵਿਚ ਪ੍ਰਵੇਸ਼ ਕਰ ਗਏ ਤੇ ਨਵੇਂ ਜੀਅ ਨੂੰ ਜਨਮ ਦਿੱਤਾ। ਫੁੱਲਾਂ ਦੀਆਂ ਵੰਨਗੀਆਂ ਨਾਲ ਉਹਨਾਂ ਕਸੇਰਾ ਸਿੰਘ ਦਾ ਚਬੂਤਰਾ ਭਰ ਦਿੱਤਾ।

ਸ਼ਾਬਾਸ਼ ਮੇਰੇ ਪੁੱਤਰੋ, ਤੁਸਾਂ ਮੇਰੀ ਰੱਖ ਵਿਖਾਈ ਏ। ਗੁਰੂ ਮਿਹਰਬਾਨ, ਸਿੱਖਾ ਮੇਰਾ ਕਲੇਜਾ ਠੰਡਾ ਕੀਤਾ, ਜੇ ਗੁਰਾਂ ਨੂੰ ਵੀ ਆਪਣੇ ਕਮਾਲ ਦਾ ਜਾਦੂ ਵਿਖਾਉ।

ਅਜੇ ਨਹੀਂ! ਅਜੇ ਪਨੀਰੀ ਲਾਈ ਏ, ਬੂਟੇ ਜਵਾਨੀ ਚੜ੍ਹੇ, ਫੁੱਲ ਲੱਗਣ ਤੇ ਫੇਰ ਤੁਹਾਨੂੰ ਖ਼ੁਸ਼ਬੂ ਸੁੰਘਾਈ ਜਾਏਗੀ। ਜੇ ਤੁਸਾਂ ਸਾਡੀ ਮਿਹਨਤ ਨੂੰ ਸਵੀਕਾਰ ਕਰ ਲਿਆ ਤੇ ਫੇਰ ਸੋਚਾਂਗੇ ਗੁਰੂ ਦਰਬਾਰ ਦੀ ਹਾਜ਼ਰੀ ਭਰਨ ਲਈ। ਅਜੇ ਤੇ ਤੁਸੀਂ ਵੀ ਦੀਵਾਨ ਦੀ ਸੇਵਾ ਕਰੋ।

—ਰਾਤ-ਦਿਨ ਦੀ ਮਿਹਨਤ, ਉਨਸ, ਜਜ਼ਬਾ ਇਸ਼ਕ ਤੇ ਲਗਨ ਨੇ ਮੋਹਣਾਂ ਤੇ ਸੋਹਣਾ ਦੇ ਦਿਲ ਵਿਚ ਇਕ ਜਜ਼ਬੇ ਨੂੰ ਜਨਮ ਦਿੱਤਾ।

—ਵਕਤ ਮਿਲਿਆ ਏ, ਗੁਰੂ ਮਿਹਰਬਾਨ ਏ, ਫੁੱਲ ਉਹ ਪੇਸ਼ ਕੀਤੇ ਜਾਣਗੇ ਜਿਹੜੇ ਸਿਰਫ਼ ਸ਼ਾਹੀ ਬਾਗ਼ਾਂ ਵਿਚ ਹੀ ਖਿੜਦੇ ਹਨ।

—ਸਾਡਾ ਦਰਬਾਰ ਵੀ ਸ਼ਹਿਨਸ਼ਾਹ ਦਾ ਦਰਬਾਰ ਏ, 'ਮੋਹਣਾ ਆਖਣ ਲੱਗੀ।'

—ਫੁੱਲ ਰੰਗ-ਬਰੰਗੇ, ਖ਼ੁਸ਼ਬੂ ਵੱਖਰੀ-ਵੱਖਰੀ, ਮਿੱਠੀ, ਸੁਹਾਣੀ, ਮਹਿਕ ਫੁੱਲਾਂ ਵਿਚੋਂ ਆ ਰਹੀ ਸੀ। ਦੋ ਗਮਲੇ ਨਵੇਂ ਪ੍ਰਯੋਗ ਲਈ ਉਚੇਚੇ ਰੱਖੇ ਗਏ ਸਨ। ਉਹਦੀ ਦੇਖ-ਭਾਲ ਸੋਹਣਾ ਵੱਖਰਾ ਕਰਦਾ ਤੇ ਮੋਹਣਾ ਮਨ ਵਿਚ ਹੀ ਉਹਦੀ ਸੌਦਾਈ ਹੋ ਚੁੱਕੀ ਸੀ।

ਇਕ ਦਿਨ ਮੋਹਣਾ ਆਖਣ ਲਗੀ, 'ਬਾਬਾ ਜੀ, ਅਸਾਂ ਫੁੱਲ ਨਵੀਂ ਕਿਸਮ ਦੇ ਪੈਦਾ ਕਰਨ ਦਾ ਯਤਨ ਕੀਤੈ। ਅਜੇ ਡੋਡੀ ਪਈ ਏ, ਫੁੱਲ ਨਿਕਲੇ ਤੇ ਫੇਰ ਸਾਡੇ ਮਨ ਦਾ ਫੁੱਲ ਵੀ ਖਿੜੇਗਾ।

—ਇਹ ਫੁੱਲ ਸਿਰਫ਼ ਮਹਾਰਾਜ ਲਈ ਹਨ। ਕੋਈ ਤੋੜੇ ਨਾ, ਇਸ ਲਈ ਖ਼ਿਆਲ ਰੱਖਾਂਗੇ, ਤੁਸੀਂ ਵੀ ਨਜ਼ਰ ਰੱਖਣੀ। ਉਮੀਦ ਬੜੀ ਏ ਕਿ ਫੁੱਲ ਅਜੂਬਾ ਹੀ ਹੋਣਗੇ। ਉਮੀਦ ਦੇ ਸਿਰ ਤੇ ਦੁਨੀਆ ਜਿਉਂਦੀ ਏ। ਉਮੀਦ ਲੈ ਕੇ ਆਪਣਾ ਸਫ਼ਰ ਸ਼ੁਰੂ ਕੀਤਾ ਸੀ ਮੋਹਣਾ ਤੇ ਸੋਹਣਾ ਨੇ।

—ਗੁਰੂ ਭਾਗ ਲਾਉ, ਤੁਹਾਡੀ ਮਿਹਨਤ ਨੂੰ ਫੁੱਲ ਲੱਗਣ, ਕਸੇਰਾ ਨੇ ਅਸ਼ੀਰਵਾਦ ਦਿੱਤੀ।

—ਹੌਲੀ-ਹੌਲੀ ਕਸੇਰਾ ਸਿੰਘ ਨੇ ਆਪਣੀ ਜ਼ੁੰਮੇਵਾਰੀ ਮੋਹਣਾ ਤੇ ਸੋਹਣਾ ਦੇ ਜ਼ੁੰਮੇਂ ਪਾ ਦਿੱਤੀ ਅਤੇ ਆਪ ਝੌਂਪੜੀ 'ਚ ਜਾ ਬੈਠਾ। ਲਓ, ਮੇਰੀ ਜ਼ਿੰਦਗੀ ਦੇ ਦਸਾਂ ਸਾਲਾਂ ਦੀ ਮਿਹਨਤ, ਮੈਂ ਬਾਗ਼ਬਾਨੀ ਦੇ ਗੁਰ ਗੁਰੂ ਹਰਿਰਾਏ ਕੋਲੋਂ ਸਿੱਖੇ ਸਨ। ਸਤਿਗੁਰ ਮੇਰੇ ਬਾਗ਼ ਦੇ ਮਾਲਕ ਆ ਗਏ। ਲਓ ਸੰਭਾਲੋ ਆਪਣੀ ਜਾਇਦਾਦ। ਵੇਖਿਉ ਮੈਨੂੰ ਦਾਗ਼ ਨਾ ਲੱਗੇ। ਮੈਂ ਆਪਣੀ ਪੱਗ ਸੋਹਣਾ- ਤੇਰੇ ਸਿਰ ਤੇ ਰੱਖ ਦਿੱਤੀ ਏ, ਲਾਜ ਰੱਖੀਂ।

—ਬਾਬਾ ਜੀ, ਮੈਂ ਤੁਹਾਡਾ ਪੁੱਤ ਹਾਂ। ਤੁਹਾਡੀ ਪੱਗ ਨੂੰ ਮੋਤੀਆਂ ਵਾਲੀ ਕਲਗੀ ਲਾਵਾਂਗਾ। ਫੁੱਲ ਨਿਕਲੇ, ਖ਼ੁਸ਼ਬੂ ਪਰਖੀ, ਰੰਗ ਵੇਖਿਆ, ਤੇ ਸੋਹਣਾ ਨੇ ਹੱਥ ਬੰਨ੍ਹੇ ਤੇ ਬੋਲਿਆ।

—ਬਾਬਾ ਜੀ, ਫੁੱਲ ਬਹੁਤ ਖ਼ੂਬਸੂਰਤ ਏ ਤੇ ਇਹਦੀ ਖ਼ੁਸ਼ਬੂ ਦਿਮਾਗ ਨੂੰ ਮੁਅੱਤਰ ਕਰ ਰਹੀ ਏ। ਇਹ ਫੁੱਲ ਗੁਰੂ ਦੀ ਹਜ਼ੂਰੀ ਵਿਚ ਭੇਜੇ ਜਾਣ।

—ਤੁਸੀਂ ਆਪ ਲੈ ਕੇ ਜਾਉ ਪੰਥ ਦੇ ਵਾਲੀ ਦੇ ਹਜ਼ੂਰ, ਪਾਤਸ਼ਾਹ ਬਹੁਤ ਖ਼ੁਸ਼ ਹੋਣਗੇ, ਤੇਰਾ ਰੁਤਬਾ ਵੀ ਵਧੇਗਾ।

—ਨਾ-ਨਾ ਬਾਬਾ ਜੀ, ਇਹ ਤੁਹਾਨੂੰ ਈ ਸੋਭਾ ਦਿੰਦਾ ਏ। ਮੈਂ ਦੇ ਦਰਬਾਰ ਵਿਚ ਚਲਾ ਵੀ ਗਿਆ ਤਾਂ ਉੱਥੇ ਮੈਨੂੰ ਕਿਸ ਪਛਾਨਣਾ ਏ।

—ਸਤਿਗੁਰ ਜਾਨੀ-ਜਾਣ ਹਨ। ਫੁੱਲਾਂ ਦਾ ਗੁਲਦਸਤਾ ਆਪੇ ਈ ਮੂੰਹੋਂ ਬੋਲੇਗਾ।

—ਬਾਬਾ ਜੀ, ਅਸਾਂ ਨਹੀਂ ਜਾਣਾ। ਤੁਹਾਡੇ ਹੁੰਦਿਆਂ ਸਾਡਾ ਕੀ ਕੰਮ। ਜੇ ਅਸਾਂ ਅਰਜ਼ ਵੀ ਕੀਤੀ ਤਾਂ ਸਾਨੂੰ ਇਜਾਜ਼ਤ ਨਹੀਂ ਮਿਲਣੀ।

ਮੋਹਣਾ ਨੇ ਸੋਚਿਆ ਮੈਂ ਇਕ ਦਿਨ ਜਾ ਰਹੀ ਸਾਂ ਆਪਣੇ ਧਿਆਨ, ਮੇਰੇ ਹੱਥ ਵਿਚ ਗੰਗਾ ਜਲ ਦੀ ਭਰੀ ਗੜਵੀ ਸੀ।

ਇਕ ਜ਼ਖ਼ਮੀ ਤੜਫ ਰਿਹਾ ਸੀ ਤੇ ਪਾਣੀ ਮੰਗ ਰਿਹਾ ਸੀ ਪਰ ਪਾਣੀ ਦੂਰ ਸੀ। ਪਾਣੀ ਨਾ ਮਿਲਣ ਨਾਲ ਉਹਦੀ ਮੌਤ ਵੀ ਹੋ ਸਕਦੀ ਸੀ, ਹਿਚਕੋਲੇ ਲੈ ਰਿਹਾ ਸੀ ਜ਼ਖ਼ਮੀ। ਉਸ ਪਾਣੀ ਮੰਗਿਆ ਤੇ ਮੈਂ ਟਕੇ ਵਰਗਾ ਕੋਰਾ ਜਵਾਬ ਦਿੱਤਾ। ਪਾਣੀ ਦੇਣ ਤੋਂ ਨਾਂਹ ਕਰ ਦਿੱਤੀ। ਮੇਰੇ ਕੋਲ ਪਾਣੀ ਨਹੀਂ ਗੰਗਾ ਜਲ ਏ।

ਗੰਗਾ ਜਲ ਏ ਤੇ ਮੇਰੇ ਮੂੰਹ 'ਚ ਪਾ ਦੇ ਦੋ ਤੁਪਕੇ। ਮੇਰੇ ਸਵਾਸ ਆਰਾਮ ਨਾਲ ਨਿਕਲ ਜਾਣਗੇ। ਮੈਂ ਜਵਾਨੀ ਦੇ ਗ਼ਰੂਰ ਵਿਚ ਮਦਹੋਸ਼ ਸਾਂ। ਜਵਾਨੀ ਮੇਰੇ ਮੋਢਿਆਂ ਤੇ ਚੜ੍ਹੀ ਹੋਈ ਸੀ। ਪਾਣੀ ਨਹੀਂ ਗੰਗਾ ਜਲ ਏ। ਇਹ ਸਿਰਫ਼ ਦੇਵਤੇ ਦੇ ਮੰਦਰ ਵਿਚ ਛਿੜਕਿਆ ਜਾਣਾ ਏ। ਇਹਦੀ ਇਕ ਬੂੰਦ ਨਾ ਕਿਸੇ ਨੂੰ ਦਿੱਤੀ ਜਾ ਸਕਦੀ ਏ। ਇਹ ਸਿਰਫ਼ ਮੰਦਰ ਦੀ ਅਮਾਨਤ ਏ। ਮੈਂ ਇਕ ਛਿੱਟ ਵੀ ਉਸ ਜ਼ਖ਼ਮੀ ਸਿੱਖ ਦੇ ਮੂੰਹ 'ਚ ਨਾ ਪਾਈ। ਉਹਦੀ ਜਾਨ ਬਚ ਸਕਦੀ ਸੀ ਜੇ ਉਹਦੇ ਮੂੰਹ 'ਚ ਇਕ ਚੂਲੀ ਵੀ ਪਾਣੀ ਦੀ ਪਾ ਦਿੰਦਾ।

ਜ਼ਖ਼ਮੀ ਹਾਏ-ਹਾਏ ਕਰ ਰਿਹਾ ਸੀ ਤੇ ਮੈਂ ਬੇ-ਮੋਹਰੀ ਹੋ ਗਈ ਸਾ। ਗੰਗਾ ਜਲ ਸਿਰਫ਼ ਭਗਵਾਨ ਲਈ ਏ।

ਮੇਰੀ ਜਾਨ ਬਚ ਜਾਏ ਤੇ ਮੈਂ ਤੈਨੂੰ ਘੜਾ ਭਰ ਕੇ ਲਿਆ ਦਿਆਂਗਾ ਗੰਗਾ ਜਲ ਦਾ। ਉਸ ਬੜੇ ਤਰਲੇ ਪਾਏ ਪਰ ਮੈਂ ਲੋਹੇ ਦੀ ਲੱਠ ਬਣ ਚੁਕੀ ਸਾਂ।

ਜ਼ਖ਼ਮੀ ਦਮ ਤੋੜਦਾ-ਤੋੜਦਾ ਆਖ਼ਰੀ ਬੋਲ ਬੋਲਿਆ, ਤੂੰ ਕਿਸ ਭਗਵਾਨ ਦੀ ਗੱਲ ਕਰ ਰਹੀ ਏਂ। ਭਗਵਾਨ ਦਾ ਸ਼ਰਧਾਲੂ, ਭਗਵਾਨ ਦਾ ਨਾਂ ਲੈਣ ਵਾਲਾ ਵੀ ਤੈਨੂੰ ਦਰਸ਼ਨ ਨਹੀਂ ਦੇਵੇਗਾ। ਭਗਵਾਨ ਹਰੇਕ ਦਾ ਸਾਂਝਾ ਏ। ਅਜੇ ਵੀ ਸਹਿਕ ਰਿਹਾ ਸੀ ਜ਼ਖ਼ਮੀ।

ਮੋਹਣਾ ਅੱਗੇ ਚਲੀ ਗਈ। ਜਦ ਮੂਰਤੀ ਤੇ ਗੰਗਾ ਜਲ ਚੜ੍ਹਾਉਣ ਲੱਗੀ ਤਾਂ ਇਕ ਵਾਰ ਮੰਦਰ ਡੋਲਿਆ। ਮੰਦਰ ਦੇ ਟੱਲ ਵਿਚ ਆਵਾਜ਼ ਗੂੰਜੀ। ਜ਼ਰਾ ਕੁ ਹਿਲਿਆ ਟੱਲ। ਮੋਹਣਾ ਘਬਰਾ ਗਈ, ਗੰਗਾ ਜਲ ਮੂਰਤੀ ਤੇ ਚੜ੍ਹਾਉਣ ਆਈ ਏਂ ਪਰ ਇਕ ਜ਼ਖ਼ਮੀ ਸਹਿਕਦੇ ਦੇ ਮੂੰਹ ਵਿਚ ਬੂੰਦ ਗੰਗਾ ਜਲ ਦੀ ਨਹਿਉਂ ਪਾਈ।

ਪਾਪਣੇ ਇਹ ਕੀ ਅਨਰਥ ਮਾਰਿਆ ਈ। ਇਕ ਜ਼ਖ਼ਮੀ ਦਮ ਤੋੜਦਾ ਬੰਦਾ ਪਾਣੀ ਦੀ ਇਕ ਬੂੰਦ ਤੋਂ ਮਰ ਜਾਵੇ। ਤੇਰਾ ਕੀ ਆਂਹਦਾ ਏ ਮੂਰਤੀ ਤੇ ਗੰਗਾ ਜਲ ਚੜ੍ਹਾਉਣਾ।

ਮੋਹਣਾ ਦੇ ਹੱਥ ਡੋਲੇ, ਪੈਰ ਥਿੜਕੇ, ਯਕਦਮ ਹੱਥ ਰੁਕ ਗਏ। ਵਾਪਸ ਮੁੜ ਆਈ। ਮੂਰਤੀ ਦੀਆਂ ਅੱਖਾਂ ਵਿਚ ਅੱਥਰੂ ਸਨ। ਜਦ ਮੋਹਣਾ ਓਸ ਜ਼ਖ਼ਮੀ ਦੇ ਕੋਲ ਆਈ ਤਾਂ ਜ਼ਖ਼ਮੀ ਦਮ ਤੋੜ ਚੁਕਾ ਸੀ। ਗੰਗਾ ਜਲ ਉਹਦੇ ਮੂੰਹ ਵਿਚ ਨਾ ਪਾਇਆ। ਗੰਗਾ ਜਲ ਦੇ ਨਾਲ ਨਹਾਇਆ ਚਹੁੰ ਭਰਾਵਾਂ।

ਇਹ ਪਾਪ ਸੀ, ਇਕ ਭੁੱਲ ਸੀ ਮੋਹਣਾ ਦੀ, ਜਿਹੜੀ ਉਹਦੇ ਕੰਨਾਂ 'ਚ ਗੂੰਜ ਰਹੀ ਸੀ। ਯਾਦ ਆ ਰਹੀ ਸੀ ਬਾਰ-ਬਾਰ, ਜ਼ਖ਼ਮੀ ਆਖ ਰਿਹਾ ਸੀ।

ਭਗਵਾਨ, ਚੰਦਰੀਏ! ਭਗਵਾਨ ਤੇਰੀ ਕਿਸਮਤ ਵਿਚ ਕਿੱਥੋਂ, ਤੈਨੂੰ ਤੇ ਭਗਵਾਨ ਨਾਲ ਪਿਆਰ ਕਰਨ ਵਾਲਾ ਵੀ ਦਰਸ਼ਨ ਨਹੀਂ ਦੇ ਸਕਦਾ।

ਦੋਵਾਂ ਦੀਆਂ ਅੱਖਾਂ ਵਿਚ ਛੋਲਿਆ ਦੇ ਦਾਣੇ ਜਿੱਡੇ ਅੱਥਰੂ ਸਨ। ਉਹਨਾਂ ਦਾ ਚੈਨ ਖੁੱਸ ਗਿਆ ਸੀ, ਮਨ ਬੇਚੈਨ ਰਹਿਣ ਲੱਗਾ।

ਘਰ ਬਾਰ ਛੱਡ ਕੇ ਆਨੰਦਪੁਰ ਆ ਗਏ। ਮੈਂ ਇਥੇ ਆਪਣੇ ਗੁਨਾਹਾਂ ਦੀ ਮਾਫ਼ੀ ਮੰਗਾਂਗੀ। ਮੇਰੇ ਗੁਨਾਹ ਸ਼ਾਇਦ ਇਥੇ ਬਖ਼ਸ਼ੇ ਜਾਣ।

★

ਰੋੜਾ ਜਲਾਲੀ ੧੩੧

ਮੋਹਣਾ ਤੇ ਸੋਹਣਾ ਆਪਣੇ ਗੁਨਾਹ ਬਖ਼ਸ਼ਾ ਰਹੇ ਸਨ। ਸੰਗਤਾਂ ਦੀ ਸੇਵਾ ਕਰਨ ਨਾਲ ਮਨ ਉੱਜਲਾ ਹੋਵੇਗਾ, ਸ਼ਾਂਤੀ ਮਿਲੇਗੀ। ਕਸੇਰਾ ਸਿੰਘ ਵੀ ਝੌਂਪੜੀ ਦੀ ਛੱਤਰ ਛਾਵੇਂ ਆਪਣਾ ਜੀਵਨ ਬਿਤਾ ਰਿਹਾ ਸੀ, ਦਿਨ-ਰਾਤ ਇਕੋ ਈ ਸੁਪਨਾ ਦੇਖ ਰਹੇ ਸਨ। ਉਹ ਫੁੱਲ ਪੈਦਾ ਕੀਤੇ ਜਾਣ ਜਿਹੜੇ ਮੁਗ਼ਲ ਬਾਗ਼ਾਂ ਵਿਚ ਵੀ ਨਾ ਹੋਣ। ਸਾਡੇ ਫੁੱਲਾਂ ਦੀ ਤੁਲਨਾ ਕਿਸੇ ਨਾਲ ਨਾ ਕੀਤੀ ਜਾਵੇ। ਉੱਥੇ ਮਾਇਆ ਏ, ਇਥੇ ਸ਼ਰਧਾ।

ਲੋਕ ਇਸ਼ਨਾਨ, ਧਿਆਨ 'ਚ ਰੁੱਝੇ ਹੁੰਦੇ ਤੇ ਇਹ ਦੋਵੇਂ ਜਣੇ ਗੋਡੀ ਦੇ ਰਹੇ ਹੁੰਦੇ।

—ਅਜੇ ਲੋਅ ਵੀ ਨਹੀਂ ਸੀ ਲੱਗੀ, ਅਜੇ ਆਸਾ ਦੀ ਵਾਰ ਦਾ ਭੋਗ ਵੀ ਨਹੀਂ ਸੀ ਪਿਆ। ਤੁਸੀਂ ਆਪਣੇ ਕੰਮ ਵਿਚ ਜੁੱਟੇ ਪਏ ਹੋ। ਬੀਬਾ ਜਾਓ, ਬਾਣੀ ਸੁਣੋ ਤੇ ਆਤਮਾ ਸ਼ੁੱਧ ਕਰੋ, ਕਸੇਰਾ ਸਿੰਘ ਨੇ ਆਖਿਆ।

—ਬਾਪੂ ਜੀ, ਸਾਡੀ ਇਹੋ ਭਗਤੀ ਏ, ਸਾਡੀ ਤਪੱਸਿਆ ਨੂੰ ਇਥੇ ਈ ਫੁੱਲ ਲੱਗਣਗੇ। ਅਸੀਂ ਇਸੇ ਦੀ ਮਾਲਾ ਜਪ ਕੇ ਗੁਰਾਂ ਦਾ ਮੋਹ ਖੱਟਣਾ ਏ। ਸਾਡੇ ਬਾਗ਼ ਮਹਿਕਣ, ਸਾਡੇ ਫੁੱਲਾਂ ਦੀ ਕੋਈ ਸੋਭਾ ਕਰੇ, ਅਸੀਂ ਇਸੇ ਗੱਲ ਵਿਚ ਖ਼ੁਸ਼ ਹਾਂ।

— ਤੁਹਾਡਾ ਅਕੀਦਾ ਅਟੱਲ ਏ, ਤੁਹਾਡੀ ਪੂਜਾ ਪਵਿੱਤਰ ਏ।

ਜਦੋਂ ਗੁਰਾਂ ਨੇ ਫੁੱਲਾਂ ਵਲ ਝਾਤੀ ਮਾਰੀ, ਬੜੇ ਪ੍ਰਸੰਨ ਹੋਏ ਤੇ ਦਿਲ ਹੀ ਦਿਲ ਵਿਚ ਮੁਸਕਰਾਏ। ਉਹਨਾਂ ਪਿਆਰ ਭਰੇ ਹੱਥਾਂ ਨਾਲ ਅਸ਼ੀਰਵਾਦ ਦਿੱਤੀ, ਉਹਨਾਂ ਦੀ ਲਗਨ ਤੋਂ ਸਦਕੇ ਗਏ। ਜਦ ਫੁੱਲ ਲੈ ਕੇ ਕਸੇਰਾ ਸਿੰਘ ਗੁਰੂ ਦੇ ਹਜ਼ੂਰ ਜਾਂਦਾ ਤੇ ਆਖਦਾ, 'ਮੇਰਾ ਸੋਹਣਾ' ਮੇਰੀ ਮੋਹਣਾ ਯਾਦ ਕਰਦੇ ਹਨ। ਦਰਸ਼ਨਾਂ ਨੂੰ ਬੜੇ ਉਤਾਵਲੇ ਹਨ।'

—ਮਹਾਰਾਜ ਧੀਮੇ ਤੇ ਹੌਲੀ ਜਿਹੀ ਫ਼ਰਮਾਉਂਦੇ, 'ਅਜੇ ਵਕਤ ਨਹੀਂ ਆਇਆ।'

—ਸਾਡੇ ਪਾਪਾਂ ਦੀ ਅਜੇ ਭੁੱਲ ਨਹੀਂ ਬਖਸ਼ੀ ਗਈ। ਸਾਡਾ ਗੁਨਾਹ ਅਜੇ ਮਾਫ਼ ਨਹੀਂ ਹੋਇਆ।

—ਅਜੇ ਵਕਤ ਨਹੀਂ ਆਇਆ, ਅਜੇ ਦੇਰ ਏ।

—ਕਦ ਆਏਗਾ ਵਕਤ, ਜਦ ਲੋਕ ਅਰਥੀ ਤੇ ਪਾਉਣ ਦੀ ਤਿਆਰੀ ਕਰ ਰਹੇ ਹੋਣਗੇ।

—ਨਿਰਾਸ਼ ਨਾ ਹੋਵੋ। ਨਾ ਉਮੀਦੀ ਗੁਰੂ ਘਰ ਵਿਚ ਕੋਈ ਸ਼ੈਅ ਨਈਂ। ਮਿਹਰਬਾਨ ਕਦ ਮਿਹਰ ਕਰ ਦੇਣ।

—ਫੇਰ ਉਹੋ ਈ ਲਗਨ, ਫੇਰ ਉਹੋ ਈ ਜਜ਼ਬਾ, ਫੇਰ ਉਹੋ ਈ ਅਕੀਦਾ। ਮੋਹਣਾ ਤੇ ਸੋਹਣਾ ਦੀ ਸਾਰੀ ਜ਼ਿੰਦਗੀ ਦਾ ਇਕੋ ਈ ਚਾਅ ਸੀ, ਇਕੋ ਈ ਮਕਸਦ ਸੀ, ਫੁੱਲ ਖ਼ੂਬਸੂਰਤ, ਖ਼ੁਸ਼ਬੂਦਾਰ, ਫੁੱਲਾਂ ਵਿਚ ਉਨ੍ਹਾਂ ਇਕ ਨਵੀਂ ਖ਼ੁਸ਼ਬੂ ਜਗਾ ਦਿੱਤੀ ਸੀ। ਕਈ ਫੁੱਲਾਂ ਨੂੰ ਮਿਲਾ ਕੇ ਇਕ ਪਿਉਂਦ ਕਰਦੇ ਤੇ ਇਕ ਨਵੀਂ ਜ਼ਾਤੀ ਨੂੰ ਜਨਮ ਦੇਂਦੇ।

ਫੁੱਲ ਖਿੜ ਗਏ ਤੇ ਮੋਹਣਾ ਤੇ ਸੋਹਣਾ ਦੀ ਜ਼ਿੰਦਗੀ 'ਚ ਬਹਾਰ ਆ ਗਈ।

—ਤਦ ਮੋਹਣਾ ਤੇ ਸੋਹਣਾ ਨੇ ਹੌਂਸਲਾ ਕੀਤਾ ਤੇ ਮਨ ਬਣਾਇਆ ਅੱਜ ਨਹੀਂ, ਕੱਲ ਫੁੱਲ ਲੈ ਕੇ ਜਾਵਾਂਗੇ ਗੁਰੂ ਦੀ ਹਜ਼ੂਰੀ ਵਿਚ।

—ਨਹੀਂ ਮੋਹਣਾ ਅਸਾਂ ਅਜੇ ਨਹੀਂ ਜਾਣਾ, ਅਜੇ ਸਾਡਾ ਪਾਪ ਸਾਡੇ ਮੋਢੀਂ ਚੜ੍ਹਿਆ ਹੋਇਐ।

ਜਦ ਗੁਰੂ ਬੁਲਾਉਣਗੇ ਫੇਰ ਜਾਵਾਂਗੇ, ਇੱਜ਼ਤ, ਮਾਨ ਤੇ ਸ਼ਾਨ ਨਾਲ। ਪਰ ਕੁਦਰਤ ਤੇ ਕੁਝ ਹੋਰ ਈ ਚਾਹੁੰਦੀ ਸੀ। ਰੱਬ ਨੂੰ ਕੁਝ ਹੋਰ ਈ ਮੰਜ਼ੂਰ ਸੀ।

ਇਕ ਫ਼ਕੀਰ ਆ ਗਿਆ ਆਨੰਦਪੁਰ ਦੀ ਨਗਰੀ ਵਿਚ। ਫ਼ਕੀਰ ਗੁਰਾਂ ਦੇ ਦਰਸ਼ਨ ਕਰਨ ਆਇਆ ਸੀ। ਉਹਦਾ ਨਾਂ ਸੀ ਰੋਸ਼ਾ ਜਲਾਲੀ। ਸੱਜਦਾ ਕਰਨਾ ਤੇ ਅਕੀਦਤ ਨਾਲ ਸਿਰ ਝੁਕਾਉਣਾ ਤੇ ਆਪਣੀ ਗੋਦੜੀ ਨੂੰ ਚਾਰ ਚੰਨ ਲਾ ਲੈਣੇ।

ਦਰਸ਼ਨਾਂ ਨੂੰ ਜਾਣਾ ਏ, ਖ਼ੁਦਾ ਦੀ ਹਜ਼ੂਰੀ ਦੀ ਹਾਜ਼ਰੀ ਭਰਨੀ ਏ। ਕੁਝ ਸੌਗ਼ਾਤ ਕੁਝ ਨਜ਼ਰਾਨਾ ਲੈ ਕੇ ਜਾਵਾਂ, ਖ਼ਾਲੀ ਹੱਥ ਸੋਭਾ ਨਹੀਂ ਦਿੰਦਾ।

ਸੌਗ਼ਾਤ ਕੋਈ ਹੀਰਾ, ਕੋਈ ਨੀਲਮ, ਪੁਖਰਾਜ ਹੋਵੇ ਤੇ ਨਜ਼ਰ ਕੀਤਾ ਜਾਵੇ। ਪਰ ਜੇ ਨਹੀਂ ਤੇ ਫੇਰ ਖ਼ਾਲੀ ਹੱਥ ਜਾਵਾਂ। ਫੇਰ ਸੋਚ ਆਈ, ਅਸੀਂ ਫ਼ਕੀਰ ਲੋਕ, ਅਸੀਂ ਰਾਜੇ ਥੋੜੇ ਹਾਂ। ਅਸੀਂ ਦੁਨੀਆ ਦੀ ਦੌਲਤ ਨੂੰ ਲੱਤ ਮਾਰੀ ਤੇ ਫ਼ਕੀਰ ਹੋ ਗਏ। ਅਜੇ ਵੀ ਹੀਰਿਆਂ ਦਾ ਲਾਲਚ।

ਫ਼ਕੀਰ ਦੀ ਨਜ਼ਰ ਬੜੀ ਤਿੱਖੀ ਸੀ। ਬੜਾ ਚਲਾਕ ਸੀ ਫ਼ਕੀਰ। ਲੋਭ, ਲਾਲਚ, ਈ ਤਿਆਗ ਨਹੀਂ ਸੀ ਸਕਿਆ। ਦੌਲਤ ਤੇ ਲੋਭ ਉਹਦੀਆਂ ਹੱਡੀਆਂ ਵਿਚ ਰਚ ਚੁੱਕਿਆ ਸੀ।

ਮਾਲਾ ਮੋਤੀਆਂ ਦੀ ਜਾਂ ਫੁੱਲ ਲੈ ਕੇ ਹਾਜ਼ਰ ਹੋਣਾ। ਫੁੱਲ ਤੇ ਦੇਵਤੇ ਨੂੰ ਚੜ੍ਹਾਏ ਜਾਂਦੇ ਹਨ। ਮੈਂ ਰੱਬ ਨੂੰ ਮਿਲਣਾ ਏ। ਫੁੱਲਾਂ ਤੋਂ ਵਧੀਆ ਹੋਰ ਕਿਹੜੀ ਚੀਜ਼ ਪਵਿੱਤਰ ਏ। ਮੇਰਾ ਕੰਮ ਏ ਮੰਗ ਕੇ ਖਾਣਾ। ਮੰਗੀ ਚੀਜ਼ ਕਿਸੇ ਦੀ ਨਜ਼ਰ ਕਰਨੀ।

ਉਹ ਗੁਰੂ ਦੇ ਬਾਗ਼ 'ਚ ਜਾ ਵੜਿਆ। ਬਾਗ਼ 'ਚ ਜਾਣ ਦੀ ਕਿਸੇ ਤੇ ਪਾਬੰਦੀ ਨਹੀਂ ਸੀ। ਸਿਰਫ਼ ਫੁੱਲ ਤੋੜਨ ਦੀ ਇਜਾਜ਼ਤ ਨਹੀਂ ਸੀ। ਸਾਰਾ ਬਾਗ਼ ਛਾਣ ਮਾਰਿਆ ਕੋਈ ਫੁੱਲ ਹੀ ਪਸੰਦ ਨਾ ਆਇਆ। ਆਖ਼ਰ ਉਸ ਜਗ੍ਹਾ ਤੇ ਪੁੱਜ ਗਿਆ। ਜਿੱਥੇ ਮੋਹਣਾ ਤੇ ਸੋਹਣਾ ਦੀਆਂ ਸਾਰੀਆਂ ਉਮੀਦਾਂ ਵਾਬਸਤਾ ਸਨ। ਉਨ੍ਹਾਂ ਫੁੱਲਾਂ ਦੇ ਦਾਅ ਤੇ ਲਾਈ ਹੋਈ ਸੀ ਜ਼ਿੰਦਗੀ। ਉਨ੍ਹਾਂ ਫੁੱਲਾਂ ਨੇ ਉਹਨਾਂ ਦੀ ਜ਼ਿੰਦਗੀ ਦੀ ਬਹਾਰ ਮੋੜਨੀ ਏ।

ਫੁੱਲ ਉਹ ਜਿਹੜੇ ਗੁਰਾਂ ਲਈ ਤਿਆਰ ਕੀਤੇ ਜਾ ਰਹੇ ਸਨ। ਉਸੇ ਫੁੱਲ ਤੇ ਦਿਲ ਰੀਝ ਪਿਆ। ਉਹੋ ਹੀ ਫੁੱਲ ਪਸੰਦ ਆਏ। ਮਾਲੀ ਦੀ ਅੱਖ ਬਚਾ ਕੇ ਚੋਰੀ ਉਸ ਦੋ ਖਿੜੇ ਫੁੱਲ ਤੋੜੇ ਤੇ ਆਪਣੀ ਗੋਦੜੀ ਵਿਚ ਪਾ ਲਏ। ਚੋਰਾਂ ਵਾਂਗੂੰ ਆਇਆ ਸੀ ਤੇ ਚੋਰਾਂ ਵਾਂਗੂੰ ਨਿਕਲ ਗਿਆ ਬਾਗ਼ ਵਿਚੋਂ।

ਉਸ ਅਸੀਸ ਕੀ ਦੇਣੀ ਸੀ। ਦੋ ਜ਼ਿੰਦਗੀਆਂ ਦੀਆਂ ਉਮੀਦਾਂ ਤੇ ਪਾਣੀ ਫੇਰ ਗਿਆ ਜਾਂਦਾ-ਜਾਂਦਾ।

ਵਾਹ ਭਈ ਫੁੱਲਾਂ ਦੀ ਖ਼ੁਸ਼ਬੂ, ਵਾਹ ਭਈ ਰੰਗਤ, ਕੁਦਰਤ ਦੀ ਰਹਿਮਤ, ਬਨਾਵਟ ਤੇ ਮੋਹਿਤ ਹੋ ਗਿਆ। ਇਸ ਤੋਂ ਕੀਮਤੀ ਤੋਹਫ਼ਾ ਉਸ ਨੂੰ ਕਦੇ ਨਹੀਂ ਸੀ ਮਿਲ ਸਕਦਾ। ਕੁਦਰਤ ਨੇ ਢੋਅ ਲਾਇਆ ਏ, ਇਸ ਤੋਂ ਫ਼ਾਇਦਾ ਉਠਾਇਆ ਜਾਏ।

—ਜਾ ਹਾਜ਼ਰੀ ਭਰੀ ਫ਼ਕੀਰ ਨੇ, ਹੱਥ ਬੰਨ੍ਹੇ, ਦਰਸ਼ਨਾਂ ਨੂੰ ਆਇਆ ਹਾਂ।

—ਧੰਨ ਭਾਗ, ਫ਼ਕੀਰ ਨੇ ਯਾਦ ਕੀਤਾ ਏ, ਵਲੀ ਅੱਲਾ ਇੱਧਰ ਕਿੱਧਰ।

—ਫ਼ਕੀਰ ਦੀ ਚਾਰੇ ਚੱਕ ਜਾਗੀਰ ਏ। ਮਨ ਕੀਤਾ ਆਨੰਦਪੁਰ ਦੀ ਪ੍ਰਦੱਖਣਾ ਕਰ ਆਈਏ।

—ਸੱਚੇ ਪਾਤਸ਼ਾਹ ਮੈਂ ਠਹਿਰਿਆ ਫ਼ਕੀਰ। ਸਾਡੇ ਕੋਲ ਹੀਰਿਆਂ, ਜਵਾਹਰਾਤਾਂ ਦੀ ਕੋਈ ਖਾਨ ਨਹੀਂ। ਅਸੀਂ ਤੇ ਦੁਨੀਆ ਤੋਂ ਬੇਨਿਆਜ਼ ਹਾਂ, ਸਾਡਾ ਦੁਨੀਆ ਨਾਲ ਕੋਈ ਵਾਸਤਾ ਨਹੀਂ। ਅਸੀਂ ਦੁਨੀਆ ਛੱਡੀ, ਰਿਜ਼ਕ ਨੂੰ ਲੱਤ ਮਾਰੀ, ਪਿੰਡੇ ਸਵਾਹ ਮਲੀ ਤੇ ਫ਼ਕੀਰ ਹੋ ਗਏ। ਇਹ ਦੋ ਫੁੱਲ ਨਜ਼ਰ ਹਨ, ਕਬੂਲ ਫ਼ਰਮਾਓ।

ਬੜਾ ਗੁੱਸਾ ਆਇਆ ਹਜ਼ੂਰ ਨੂੰ, ਮੱਥੇ ਤੇ ਤਰੇਲੀ ਆ ਗਈ। ਝੂਠ ਬੋਲ ਰਿਹਾ ਏ। ਬਿਲਕੁਲ ਸਫ਼ੈਦ ਝੂਠ।

— ਫ਼ਕੀਰ ਦਾ ਦਿਲ ਡੋਲਿਆ, ਪਸੀਨੇ ਛੁੱਟੇ ਤੇ ਲੱਤਾਂ ਨੂੰ ਕੰਬਣੀ ਜਿਹੀ ਆਈ। ਕਾਹਨੂੰ ਆਇਆ ਆਨੰਦਪੁਰ। ਹੁਣ ਫਸੀ ਨੂੰ ਫੜਕਨ ਕੀ।

—ਮੁਸਕਰਾਏ ਹਜ਼ੂਰ, ਫ਼ਰਮਾਇਆ ਫ਼ਕੀਰ ਤੇ ਦੋਨਾਂ ਜਹਾਨਾਂ ਦਾ ਮਾਲਕ ਹੁੰਦੇ ਤੇ ਤੇਰੇ ਪਾਸ ਕੁਝ ਨਹੀਂ। ਤੂੰ ਫ਼ਕੀਰ ਏਂ, ਤੇਰਾ ਦੌਲਤ ਨਾਲ ਕੋਈ ਮੋਹ ਨਹੀਂ। ਤੇ ਫੇਰ ਤੇਰੀ ਇਸ ਟੋਪੀ ਵਿਚ ਕੀ ਏ।

ਰੋੜਾ ਜਲਾਲੀ ਨੇ ਇਕ ਵਾਰ ਆਪਣੀ ਟੋਪੀ ਨੂੰ ਆਪਣੇ ਹੱਥਾਂ ਦਾ ਠੁੰਮਣਾ ਦਿੱਤਾ ਤੇ

ਆਖਣ ਲੱਗਾ ਮਹਾਰਾਜ, ਟੋਪੀ ਏ ਫ਼ਕੀਰ ਦੀ, ਗੁਰੂ ਦੀ ਨਿਸ਼ਾਨੀ। ਇਹ ਤੇ ਟੋਪੀ ਏ ਮੋਹਰਾਂ ਵਾਲੀ ਥੈਲੀ ਨਹੀਂ।

ਮਹਾਰਾਜ ਬੋਲੇ, 'ਸਾਨੂੰ ਵੀ ਟੋਪੀ ਹੀ ਦਿਸਦੀ ਏ। ਟੋਪੀ ਈ ਏ ਨਾ ਫੇਰ ਕੀ ਹੋਇਆ। ਇਹਨੂੰ ਜ਼ਰਾ ਸਿਰ ਤੋਂ ਲਾਹ, ਅਸੀਂ ਵੀ ਫੇਰ ਵੇਖੀਏ ਇਹ ਟੋਪੀ, ਗੁਰੂ ਦੀ ਅਜ਼ਮਤ।

ਟੋਪੀ ਉਤਾਰਨੀ ਪਈ ਮਜਬੂਰੀ ਸੀ, ਹੋਰ ਕੋਈ ਰਾਹ ਨਹੀਂ ਸੀ। ਟੋਪੀ ਕੀ ਉਤਰੀ ਫ਼ਕੀਰ ਦੀ ਜ਼ਾਤ ਪਹਿਚਾਣੀ ਗਈ। ਟੋਪੀ ਵਿਚੋਂ ਪੰਜ ਮੋਹਰਾਂ ਬਾਹਰ ਆਣ ਡਿੱਗ ਪਈਆਂ। ਸਿਰ ਝੁਕ ਗਿਆ, ਸ਼ਰਮ ਨਾਲ ਅੱਖਾਂ ਚੁੰਧਿਆ ਗਈਆਂ, ਪਾਣੀਓਂ ਪਤਲਾ ਹੋ ਗਿਆ ਫ਼ਕੀਰ।

ਮਹਾਰਾਜ ਨੇ ਤਦ ਫੁੱਲਾਂ ਵਲ ਵੇਖਿਆ, ਮਹਾਰਾਜ ਦਾ ਚਿਹਰਾ ਉਦਾਸ ਹੋ ਗਿਆ। ਕਿੱਥੋਂ ਲੈ ਆਇਆ ਏਂ ਫੁੱਲ।

ਰੋਡਾ ਜਲਾਲੀ ਖ਼ਾਮੋਸ਼ ਸੀ, ਜ਼ਬਾਨ ਬੰਦ ਸੀ। ਆਖ਼ਰਕਾਰ ਜ਼ਬਾਨ ਖੋਲ੍ਹਣੀ ਪਈ।

—ਸਾਡੇ ਨਾਲ ਵੀ ਪੱਤਾ ਮਾਰ ਰਿਹੈਂ। ਦੁਨੀਆ ਨਾਲ ਠੱਗੀ ਕੀਤੀ ਤੇ ਉਮਰ ਗੁਜ਼ਾਰ ਲਈ ਅਜੇ ਵੀ ਹੇਰਾਫੇਰੀ ਤੋਂ ਨਹੀਂ ਮੁੜਿਆ।

ਹੱਥ ਜੋੜੇ ਰੋਡੇ ਜਲਾਲੀ ਨੇ। ਫੁੱਲ ਹਜ਼ੂਰ ਦੇ ਬਾਗ਼ ਵਿਚੋਂ ਲਿਆਇਆ ਹਾਂ।

*

ਦੋ ਜਿੰਦੜੀਆਂ ੧੩੨

ਬੇਚੈਨ ਹੋ ਗਏ ਗੁਰੂ ਮਹਾਰਾਜ। ਬੋਲੇ ਬਦਨਸੀਬ ਪਸ਼ੂ, ਫ਼ਕੀਰੀ ਨੂੰ ਤੇ ਬਦਨਾਮ ਕੀਤਾ ਈ ਸੀ, ਚੋਰੀ ਤੂੰ ਦੋ ਫੁੱਲ ਨਹੀਂ ਤੋੜੇ ਸਗੋਂ ਦੋ ਜ਼ਿੰਦਗੀਆਂ ਤੋੜ ਦਿੱਤੀਆਂ ਨੇ। ਦੋ ਰੂਹਾਂ ਦਾ ਖ਼ੂਨ ਕੀਤਾ ਈ।

—ਮਹਾਰਾਜ ਮੈਂ ਜਾਣ ਬੁੱਝ ਕੇ ਕੁਝ ਨਹੀਂ ਕੀਤਾ।

ਤੂੰ ਫ਼ਕੀਰ ਸੈਂ ਸਭ ਕੁਝ ਜਾਣਦਾ ਸੈਂ। ਤੂੰ ਜਾਣ ਬੁੱਝ ਕੇ ਫੁੱਲ ਤੋੜੇ ਨੇ।

—ਟੁੱਟ ਗਏ ਮਹਾਰਾਜ ਭੁੱਲ ਵਿਚ, ਮੈਂ ਬੇਗੁਨਾਹ ਹਾਂ।

—ਤੂੰ ਤੇ ਬੇਗੁਨਾਹ ਏਂ ਪਰ ਉਨ੍ਹਾਂ ਦਾ ਕੀ ਬਣੂੰ ਜਿਨ੍ਹਾਂ ਜ਼ਿੰਦਗੀ ਲੇਖੇ ਲਾਈ ਹੋਈ ਏ ਏਸੇ ਆਸ ਤੇ ਕਿ ਇਕ ਦਿਨ ਗੁਨਾਹ ਬਖ਼ਸ਼ੇ ਜਾਣਗੇ। ਜ਼ਰਾ ਕੁ ਮਨ ਬਿੜਕਿਆ; ਠਹਿਰ, ਮੋਹਣਾ ਅਜੇ ਨਹੀਂ ਮੈਨੂੰ ਆਉਣ ਦੇ। ਮੈਂ ਆਇਆ, ਨੱਠੇ ਗਏ ਸਤਿਗੁਰ।

ਜਿੱਥੋਂ ਫੁੱਲ ਤੋੜੇ ਸਨ ਰੋਡੇ ਜਲਾਲੀ ਨੇ, ਫੁੱਲ ਟੁੱਟੇ, ਮਨ ਹਿੱਲਿਆ, ਹਿਰਦਾ ਡੋਲਿਆ, ਪੌਦਾ ਨੰਗਾ ਸੀ। ਬੂਟੇ ਦੇ ਸਿਰਹਾਣੇ ਮੋਹਣਾ ਤੇ ਸੋਹਣਾ ਪਏ ਹੋਏ ਸਨ ਬੇਹੋਸ਼ ਤੇ ਆਖ਼ਰੀ ਸਾਹ ਲੈ ਰਹੇ ਸਨ।

ਜਦੋਂ ਉਹਨਾਂ ਵਿਚਾਰਿਆਂ ਵੇਖਿਆ ਕਿ ਉਹਨਾਂ ਦੇ ਫੁੱਲ ਕੋਈ ਚੋਰ ਸੰਨ੍ਹ ਮਾਰ ਕੇ ਤੋੜ ਕੇ ਲੈ ਗਿਐ, ਤਦ ਉਹਨਾਂ ਦੀ ਜ਼ਿੰਦਗੀ ਦੀ ਸਾਰੀ ਉਮੀਦ ਖ਼ਤਮ ਹੋ ਗਈ। ਉਹਨਾਂ ਦਾ ਦਿਲ

ਟੁੱਟ ਗਿਆ। ਮੋਹਣਾ ਤੇ ਸੋਹਣਾ ਚਾਹੁੰਦੇ ਸਨ ਗੁਰੂ ਮਹਾਰਾਜ ਆਪ ਸੱਦਣ ਤੇ ਫੇਰ ਅਸੀਂ ਫੁੱਲ ਲੈ ਕੇ ਹਾਜ਼ਰ ਹੋਵੀਏ। ਉਹਨਾਂ ਦੀਆਂ ਉਮੀਦਾਂ ਤੇ ਪਾਣੀ ਫਿਰ ਗਿਆ।

ਗ਼ਸ਼ ਖਾ ਕੇ ਡਿੱਗ ਪਏ। ਬੇਹੋਸ਼ ਹੋ ਕੇ ਡਿੱਗ ਪਏ ਮੂੰਧੜੇ ਮੂੰਹ ਜ਼ਿੰਦਗੀ ਦੀਆਂ ਦੋ ਚਾਰ ਘੜੀਆਂ ਗਿਣ ਰਹੇ ਸਨ। ਸਾਹ ਵਰੋਲ ਰਹੇ ਸਨ।'

ਬੜੀ ਉਮੀਦ ਸੀ ਬੜਾ ਚਾਅ ਸੀ. ਬੜੀ ਖ਼ਾਹਿਸ਼ ਸੀ ਗੁਰੂ ਦੇ ਦਰਸ਼ਨ ਕਰਾਂਗੇ, ਸਾਡਾ ਪਾਪ ਧੋਤਾ ਜਾਊ।

ਮਹਾਰਾਜ ਨੇ ਦੋਨਾਂ ਦੇ ਸਿਰ ਆਪਣੀ ਗੋਦ ਵਿਚ ਲੈ ਲਏ। ਉਹਨਾਂ ਦੇ ਮੂੰਹ ਤੋਂ ਮਿੱਟੀ ਨੂੰ ਝਾੜਿਆ, ਉਹਨਾਂ ਦੇ ਮੱਥੇ ਤੇ ਹੱਥ ਫੇਰਿਆ। ਅੱਥਰੂ ਭਰੀਆਂ ਅੱਖਾਂ, ਲਾਲ ਸੂਹੇ ਹੋਏ ਨੇਤਰ, ਨੈਤਰਾਂ ਨਾਲ ਬੋਲੇ ਸਤਿਗੁਰ।

ਮੋਹਣਾ ਸੋਹਣਾ ਜਾਗੋ। ਤੁਸਾਂ ਮੈਨੂੰ ਮਿਲਣਾ ਸੀ। ਆਏ ਨਹੀਂ ਨਾ ਮੈਂ ਆ ਗਿਆ ਹਾਂ। ਅੱਖਾਂ ਖੋਲ੍ਹੋ। ਇਕ ਨੇ ਆਉਣਾ ਸੀ, ਕਿਸੇ ਇਕ ਨੇ ਪਹਿਲ ਤੇ ਕਰਨੀ ਹੀ ਸੀ।

ਜ਼ਿੰਦਗੀ ਦੀ ਆਖ਼ਰੀ ਘੜੀ ਆਉਣ ਵਾਲੀ ਸੀ।

ਅੱਖਾਂ ਖੋਲ੍ਹੀਆਂ ਮੋਹਣਾ ਤੇ ਸੋਹਣਾ ਨੇ। ਤੁਸੀਂ ਆ ਗਏ ਮੇਰੇ ਸਤਗੁਰ, ਆਪ ਆ ਗਏ। ਬਹੁਤ ਦੇਰ ਕਰ ਦਿੱਤੀ ਹਜ਼ੂਰ, 'ਮੋਹਣਾ ਨੇ ਆਖਿਆ।'

—ਮੋਹਣਾ ਤੇਰੀ ਭਗਤੀ ਤੋਂ ਮੈਂ ਕੁਰਬਾਨ, ਤੇਰੇ ਅਕੀਦੇ ਤੋਂ ਸਦਕੇ, ਬੋਲ ਮੂੰਹੋਂ ਕੁਝ ਬੋਲ। ਮੰਗ ਬੱਤੀਆਂ ਦੰਦਾਂ ਵਿਚੋਂ, ਮੈਂ ਸਭ ਕੁਝ ਦੇ ਸਕਦਾ ਹਾਂ, ਤੂੰ ਮੰਗ ਤੇ ਸਹੀ।

ਮਰਦੀ ਹਟਕੋਰੇ ਲੈਂਦੀ, ਆਖ਼ਰੀ ਦਮਾਂ ਤੇ ਮੋਹਣਾ ਬੋਲੀ, ਹੁਣ ਕੁਝ ਨਹੀਂ ਚਾਹੀਦਾ ਸਤਿਗੁਰ, ਆਪ ਮਿਲ ਗਏ ਸਭ ਕੁਝ ਮਿਲ ਗਿਆ।

ਮੇਰਾ ਪਾਪ ਧੋਤਾ ਗਿਆ, ਮੇਰਾ ਗੁਨਾਹ ਮੁਆਫ਼ ਕਰੋ, ਸਤਗੁਰ ਮੇਰੀ ਜ਼ਿੰਦਗੀ ਦੀ ਇਕ ਭੁੱਲ।

—ਤੇਰੇ ਸਾਰੇ ਗੁਨਾਹ ਮਾਫ਼, ਤੇਰਾ ਪਾਪ ਹੁਣ ਤੇਰਾ ਪੁੰਨ ਬਣ ਗਿਐ।

ਸਵਾਸ ਦੇ ਦਿੱਤੇ ਦੋਵਾਂ ਜ਼ਿੰਦੜੀਆਂ ਨੇ। ਮੋਹਣਾ, ਸੋਹਣਾ ਦੋਵੇਂ ਇਸ ਦੁਨੀਆ ਵਿਚ ਨਾ ਰਹੇ। ਉਹਨਾ ਦੀਆਂ ਅੱਖੀਆਂ ਬੰਦ ਹੋ ਗਈਆਂ ਸਦਾ ਲਈ। ਸੌਂ ਗਏ ਗੂੜ੍ਹੀ ਨੀਂਦ।

ਬੇਅੰਤ ਮੁਸਕੁਰਾਹਟ ਦੀ ਦੁਨੀਆ ਵਿਚ ਚਲੇ ਗਏ।

ਮਹਾਰਾਜ ਨੇ ਕਦੀ ਦਿਨ ਤਾਂ ਹੱਸ ਕੇ ਨਹੀਂ ਸੀ ਵੇਖਿਆ। ਵਾਹਿਗੁਰੂ ਮੁਸਕਰਾਉਣ ਦੇ ਦਿਨ ਕਦੋਂ ਆਉਣਗੇ।

ਦਸਤਾਰ ੧੩੩

ਇਕ ਗੱਲ ਹੋਰ ਭੁੱਲ ਗਈ। ਇਹ ਵਾਕਿਆ ਪਉਂਟੇ ਦਾ ਏ। ਯੁੱਧ ਖ਼ਤਮ ਹੋਇਆ ਤੇ ਲੋਕ ਘਰਾਂ ਨੂੰ ਤੁਰ ਪਏ। ਪੀਰ ਬੁੱਧੂ ਸ਼ਾਹ ਨੇ ਵੀ ਮਨ ਬਣਾਇਆ ਪਰਤਨ ਦਾ।

— ਹਜ਼ੂਰ ਤੋਂ ਆਗਿਆ ਲੈਣ ਆਇਆ ਹਾਂ, ਪੀਰ ਬੁੱਧੂ ਸ਼ਾਹ ਨੇ ਹੱਥ ਬੰਨ੍ਹੇ।

—ਅਸੀਂ ਵੀ ਆਨੰਦਪੁਰ ਜਾਣਾ ਏ, ਜੰਗ ਮੁੱਕ ਗਈ ਏ. ਹੁਣ ਕੋਈ ਖ਼ਤਰਾ ਨਹੀਂ।

—ਇਜਾਜ਼ਤ ਦਿਉ, ਨਸੀਰਾਂ ਉਡੀਕ ਰਹੀ ਹੋਣੀ ਏ, ਔਰਤ ਜ਼ਾਤ ਏ ਨਾ, ਦੁਖੀ ਹੋਣੀ ਏ। ਤਸੱਲੀ ਦੇ ਆਵਾਂ ਜਾ ਕੇ।

—ਫ਼ਕੀਰੀ ਦੀ ਲਾਜ ਰੱਖ ਲਈ ਪੀਰ ਜੀ ਤੁਸਾਂ. ਇਤਿਹਾਸ ਤੁਹਾਨੂੰ ਅੱਖੋਂ ਓਹਲੇ ਕਦੀ ਨਹੀਂ ਕਰ ਸਕਦਾ।

— ਮੈਂ ਧੰਨ ਹਾਂ ਸਤਿਗੁਰ, ਮੇਰੇ ਪੁੱਤ. ਭਤੀਜੇ. ਭਰਾ, ਧਰਮ ਦੇ ਲੇਖੇ ਲੱਗੇ ਹਨ ਤੇ ਧਰਮ ਯੁੱਧ ਵਿਚ ਸ਼ਹੀਦ ਹੋਏ। ਮਰਨਾ ਤੇ ਸਭ ਨੇ ਏ । ਪਰ ਇਹ ਮਰਨਾ ਕੋਈ-ਕੋਈ ਮਰਦਾ ਏ। ਸਤਗੁਰਾਂ ਹਿੱਕ ਨਾਲ ਲਾਇਆ, ਸਰੋਪਾ ਬਖ਼ਸ਼ਿਆ ਪੂਰੀ ਪੋਸ਼ਾਕ, ਪੰਜ ਹਜ਼ਾਰ ਮੋਹਰਾਂ, ਗਾਤਰਾ, ਇਕ ਕ੍ਰਿਪਾਨ, ਹਜ਼ੂਰ ਕੰਘਾ ਕਰ ਰਹੇ ਸਨ, ਕੰਘੇ 'ਚ ਵਾਲ ਫਸੇ ਹੋਏ ਸਨ।

—ਪੀਰ ਦਾ ਦਿਲ ਲਲਚਾਇਆ, ਹੱਥ ਜੋੜ ਬੈਠਾ. ਹਜ਼ੂਰ ਤੁਸਾਂ ਸਭ ਕੁਝ ਦੇ ਦਿੱਤਾ ਏ ਪਰ ਮੇਰੀ ਇਕ ਖ਼ਾਹਿਸ਼ ਏ।

—ਹੁਕਮ ਕਰੋ ਪੀਰ ਜੀ, ਜਾਨ ਵੀ ਹਾਜ਼ਰ ਏ।

ਇਹ ਕੰਘਾ ਬਖ਼ਸ਼ ਦਿਉ ਸਣੇ ਵਾਲਾਂ ਦੇ, ਅਕੀਦਤ ਲਈ ਆਪਣੇ ਪਾਸ ਰੱਖਿਆ ਕਰਾਂਗਾ।

ਕੰਘਾ ਵੀ ਬਖ਼ਸ਼ਿਆ ਤੇ ਅੱਧੀ ਦਸਤਾਰ ਵੀ। ਹੋਰ ਕੁਝ।

– ਬਸ ਦੋ ਜਹਾਨਾਂ ਦੀ ਦੌਲਤ ਮਿਲ ਗਈ ਤੇ ਮੇਰਾ ਜੀਵਨ ਸਫ਼ਲ ਹੋ ਗਿਆ।

ਸਰੋਪੇ ਨੂੰ ਸਿਰ ਤੇ ਰੱਖ ਕੇ ਅਦਬ ਨਾਲ ਮਸਤਕ ਝੁਕਾਇਆ। ਮੈਂ ਧੰਨ ਹਾਂ ਜੋ ਹਜ਼ੂਰ ਦੇ ਕਿਸੇ ਕੰਮ ਆ ਸਕਿਆ।

—ਪੀਰ ਜੀ ਤੁਸੀਂ ਧੰਨ ਈ ਹੋ । ਜਿਨ੍ਹਾਂ ਸੱਚਾਈ ਲਈ ਤਨ-ਮਨ ਨਾਲ ਸਾਥ ਦਿੱਤਾ। ਝੂਠ ਤੇ ਸੱਚ ਦਾ ਨਿਤਾਰਾ ਕੀਤਾ। ਤੁਹਾਡੇ ਪੁੱਤ ਸਦਾ ਵਾਸਤੇ ਅਮਰ ਹੋ ਗਏ। ਉਹਨਾਂ ਦਾ ਅਫ਼ਸੋਸ ਨਹੀਂ ਕਰਨਾ। ਗੁਰਾਂ ਬੜੀ ਮਿੱਠੀ ਸੁਰ ਵਿਚ ਆਖਿਆ।

—ਸੱਚੇ ਪਾਤਸ਼ਾਹ ਅਫ਼ਸੋਸ ਕਿਸ ਗੱਲ ਦਾ। ਮੇਰੇ ਪੁੱਤ ਤੇ ਗੁਰੂ ਨਾਨਕ ਦੀ ਦਰਗਾਹ ਵਿਚ ਜਾ ਵੱਸੇ ਹਨ। ਮੈਂ ਅੱਜ ਸੁਰਖ਼ਰੂ ਹੋ ਗਿਆ ਹਾਂ। ਅੱਜ ਨਸੀਰਾਂ ਦੀ ਕੁੱਖ ਸਫ਼ਲ ਹੋ ਗਈ। ਬੁੱਧੂ ਸ਼ਾਹ ਦੀ ਗੁਰੂਦੇਵ ਵਾਸਤੇ ਸੱਚੀ ਸ਼ਰਧਾ ਸੀ।

ਪੀਰ ਬੁੱਧੂ ਸ਼ਾਹ ਨੇ ਪਉਂਟੇ ਦੀ ਧਰਤੀ ਦੀ ਮਿੱਟੀ ਨੂੰ ਮੱਥੇ ਨਾਲ ਲਾਇਆ ਤੇ ਸੱਜਦਾ ਕੀਤਾ।

ਦੋ ਹੱਥਾਂ ਨਾਲ ਦੁਆ ਲਈ ਸਿਰ ਝੁਕਾਇਆ. ਯਾ ਅੱਲਾਹ, ਤੂੰ ਰਹੀਮ ਏਂ, ਤੂੰ ਕਰੀਮ ਏਂ, ਮੇਰੇ ਪੁੱਤ ਕਿਸੇ ਲੇਖੇ ਲੱਗੇ। ਇਹ ਵੀ ਕਰਬਲਾ ਦਾ ਇਕ ਮੈਦਾਨ ਸੀ। ਨੇਕੀ ਬਦੀ ਦੀ ਜੰਗ ਸੀ । ਸ਼ਹਾਦਤ ਪਾ ਗਏ, ਅੱਲਾਹ ਦੀ ਇਹੋ ਰਜ਼ਾ ਸੀ।

ਰਾਹ ਮੁੱਕਦਾ ਜਾ ਰਿਹਾ ਸੀ, ਗੁਰੂ ਪਿੱਛੇ ਰਹਿ ਮਏ ਸੀ। ਪੀਰ ਦੀ ਪਾਲਕੀ ਚੁੱਕੀ ਜਾ ਰਹੇ ਸੀ ਮੁਰੀਦ।

ਨਸੀਰਾਂ ਤੇਰੇ ਵਰਗੀ ਮਾਂ ਨਿੱਤ-ਨਿੱਤ ਨਹੀਂ ਜੰਮਣੀ। ਤੂੰ ਇਸਲਾਮ ਦਾ ਸਿਰ ਉੱਚਾ ਕੀਤੈ।

ਪਠਾਣਾਂ ਤੇ ਗਿੱਲ ਗਾਲ ਦਿੱਤੀ ਸੀ । ਮੇਰੀ ਇੱਜ਼ਤ ਮਿੱਟੀ 'ਚ ਰੋਲ ਦਿੱਤੀ ਸੀ। ਮੇਰੇ ਪੁੱਤਰਾਂ, ਭਤੀਜਿਆਂ ਤੇ ਭਰਾਵਾਂ ਨੇ ਰੱਖ ਵਿਖਾਈ ।

ਪਹਾੜੀ ਰਾਜੇ ਸਮਝ ਗਏ ਹਨ ਕਿ ਫ਼ਕੀਰ ਵੀ ਲੜ ਸਕਦੈ, ਹਲਵਾਈ ਵੀ ਤੇ ਮਹੰਤ ਵੀ, ਮੱਝੀਆਂ ਚਾਰਨ ਵਾਲਾ ਵਾਗੀ ਵੀ। ਗੁਰੂ ਦੀ ਸ਼ਕਤੀ ਨੇ ਸਾਰਿਆਂ ਨੂੰ ਬਲਵਾਨ ਬਣਾ ਦਿੱਤਾ ਸੀ।

ਗੁਰੂ ਧੰਨ ਹਨ, ਜਿਹੜੇ ਊਚ-ਨੀਚ ਨੂੰ ਜੜ੍ਹੋਂ ਪੁੱਟ ਰਹੇ ਹਨ ।

ਇਕ ਜਗ੍ਹਾ-ਇਕ ਪੰਗਤ, ਇਕ ਸਫ਼ ਤੇ ਖਾਣਾ-ਖਾਣਾ ਏਸ ਮੁਲਕ ਦੀ ਹਿਫ਼ਾਜ਼ਤ ਏ। ਮੂਰਖ ਨੇ ਉਹ ਲੋਕ ਜਿਹੜੇ ਜ਼ਾਤ ਦਾ ਢੰਡੋਰਾ ਪਿੱਟਦੇ ਹਨ।

ਗੁਰੂ ਦੀ ਜ਼ਬਾਨ ਤੇ ਸਰਸਵਤੀ ਏ । ਮਾਲਾ ਤੇ ਸ਼ਕਤੀ 'ਚ ਕੁਝ ਕਰਾਮਾਤ ਏ ਲੋਕ ਵੇਖਣਗੇ।

★

ਮਹਾਰਾਣੀ ਰਾਇਪੁਰ ਦੀ ੧੩੪

ਪੰਜਾਬ ਦੀ ਇਕ ਰਵਾਇਤ ਚਲੀ ਆਉਂਦੀ ਏ। ਕਈ ਲੋਕ ਗੋਇੰਦਵਾਲ ਆਉਂਦੇ ਬਓਲੀ ਦਾ ਇਸ਼ਨਾਨ ਕਰਦੇ ਠੰਡ ਪੈਂਦੀ, ਮਨ ਸ਼ਾਂਤ ਚਿੱਤ ਹੋ ਜਾਂਦਾ। ਉਦਾਸੀਆਂ ਉੱਡ ਜਾਂਦੀਆਂ। ਸਾਵਨ-ਭਾਦੋਂ ਦੀਆਂ ਬਦਲੀਆਂ ਵਾਂਗੂੰ। ਇਹ ਕ੍ਰਿਸ਼ਮਾ ਸੀ ਜਾਂ ਕਰਾਮਾਤ ਸਮਝ ਲਵੋ। ਕੁਝ ਹੈ ਜ਼ਰੂਰ, ਜੇ ਮੈਂ ਇਹ ਕਹਿ ਦੇਵਾਂ ਕਿ ਗੁਰੂ ਇਕ ਮਿੱਕਣਾਤੀਸ ਸਨ ਤੇ ਇਹ ਵੀ ਕੋਈ ਝੂਠ ਨਹੀਂ ਸੀ। ਇਕ ਕਸ਼ਿਸ਼ ਸੀ, ਲੋਕ ਖਿੱਚੇ ਆਉਂਦੇ ਸਨ। ਲੋਹਾ ਚੁੰਬਕ ਪੱਥਰ ਵਲ ਆਪੇ ਖਿੱਚਿਆ ਆਉਂਦੇ। ਆਉਣ ਵਾਲਾ ਪ੍ਰਾਣੀ ਅਹਿੱਲਾ ਜਿਹਾ ਵੇਖ ਕੇ। ਆਪਣਾ ਸਭ ਕੁਝ ਨਿਛਾਵਰ ਕਰ ਦਿੰਦਾ ਤੇ ਸਿੱਖ ਬਣ ਜਾਂਦਾ। ਇਹ ਗੁਰਾਂ ਦੀ ਬਖ਼ਸ਼ਿਸ਼ ਸੀ ਜਾਂ ਫਿਰ ਕੋਈ ਅੰਮ੍ਰਿਤਸਰ ਗੁਰੂ ਕੀ ਨਗਰੀ ਵਿਚ ਕਦਮ ਰੱਖਦਾ ਤੇ ਉਹਦੇ ਵਾਤਾਵਰਨ ਵਿਚ ਵਿਚਰਦਾ ਤੇ ਉਹਦੀ ਕਾਇਆ ਵਿਚ ਤਬਦੀਲੀ ਆਉਣ ਲੱਗ ਪੈਂਦੀ। ਉਹਦਾ ਚੰਚਲ ਹਿਰਦਾ ਇਕ ਜਗ੍ਹਾ ਤੇ ਟਿਕ ਜਾਂਦਾ। ਉਹਦਾ ਮਨ ਬਾਣੀ ਵਿਚ ਰਚ ਮਿਚ ਜਾਂਦਾ। ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਨਾਲ ਸਰੀਰ ਪਵਿੱਤਰ ਹੋ ਜਾਂਦਾ। ਪ੍ਰਕਰਮਾ ਵਿਚ ਬੈਠ ਕੇ ਉਹਦਾ ਮਨ ਜੁੜ ਜਾਂਦਾ ਗੁਰੂ ਨਾਲ ਤੇ ਉਹ ਆਪਣੇ ਹਥਿਆਰ ਸੁੱਟ ਦਿੰਦਾ ਅਤੇ ਗੁਰੂ ਦੀ ਸ਼ਰਨ ਕਬੂਲ ਕਰ ਲੈਂਦਾ। ਉਹ ਭੁੱਲ ਜਾਂਦਾ ਆਪਣਾ ਘਰ ਬਾਰ। ਜਦ ਪੰਗਤ 'ਚ ਬੈਠ ਕੇ ਪ੍ਰਸ਼ਾਦ ਛਕਦਾ ਤੇ ਸਮਝੋ ਕੁੰਦਨ ਬਣ ਜਾਂਦੀ ਕਾਇਆ। ਇਹ ਵੀ ਇਕ ਕ੍ਰਿਸ਼ਮਾ ਏ। ਲੋਕ ਕਰਾਮਾਤ ਤਾਂ ਆਖਦੇ ਸਨ ਤੇ ਕੋਈ ਆਖਦਾ ਗੁਰੂ ਦੀ ਬਖ਼ਸ਼ਿਸ਼ ਏ। ਜਦ ਆਪਣਾ ਤਨ-ਮਨ ਤੇ ਮਿੱਟੀ ਦੀ ਮੁੱਠ ਜਿੰਨੀ ਕਾਇਆ, ਗੁਰੂ ਦੇ ਸਰਦਲ ਤੇ ਰੱਖ ਦਿੰਦਾ ਤੇ ਗੁਰੂ ਉਹਦੇ ਸਿਰ ਤੇ ਹੱਥ ਰੱਖ ਦਿੰਦੇ। ਫੇਰ ਨਾ ਉਹਨੂੰ ਘਰ ਚੇਤੇ ਰਹਿੰਦਾ ਤੇ ਨਾ ਦੁਨੀਆ ਦਾ ਬਖੇੜਾ। ਉਹ ਫੇਰ ਗੁਰੂ ਦੀ ਗੋਦ ਵਿਚ ਬੈਠ ਜਾਂਦਾ। ਮਾਲਾ ਤੇ ਬਾਣੀ ਉਹਦੀ ਜ਼ਿੰਦਗੀ ਦੀ ਦੌਲਤ ਬਣ ਜਾਂਦੇ। ਸਿੱਖ ਬਣ ਜਾਂਦਾ ਗੁਰੂ ਦਾ।

ਲੋਕ ਪਰੇਸ਼ਾਨ ਸਨ ਕਿ ਜਿਹੜਾ ਬਜ਼ੁਰਗ ਜਾਂ ਜਵਾਨ ਗੱਭਰੂ ਇਕ ਵਾਰ ਵੀ ਅੰਮ੍ਰਿਤਸਰ ਗਿਆ ਮੁੜ ਕੇ ਉਹ ਘਰ ਵਿਚ ਨਾ ਰਲਿਆ। ਇਸ ਹਲਚਲ ਤੋਂ ਵੀ ਲੋਕ ਦੁਖੀ ਸਨ। ਜੇ ਲੋਕ ਸਾਰੇ ਈ ਗੁਰੂ ਦੀ ਸ਼ਰਨ 'ਚ ਆ ਗਏ ਤੇ ਫੇਰ ਘਰ ਕਿੱਦਾਂ ਚੱਲੇਗਾ, ਗ੍ਰਹਿਸਥੀ ਕਿੱਦਾਂ ਚੱਲੇਗੀ।

ਗੁਰਾਂ ਨੇ ਫ਼ਰਮਾਇਆ, ਘਰ ਵੀ ਵੇਖੋ ਤੇ ਘਰ ਵਾਲਿਆਂ ਦੀ ਖ਼ਬਰਦਾਰੀ ਵੀ ਰਖੋ, ਸੁੱਖ-ਸਾਂਦ ਵੀ ਪੁੱਛੋ, ਕਾਰ-ਵਿਹਾਰ ਵੀ ਕਰੋ। ਬਾਣੀ ਤੇ ਘਰ ਵਿਚ ਵੀ ਪੜ੍ਹੀ ਜਾ ਸਕਦੀ ਏ, ਨਾਮ ਤੇ ਘਰ ਵਿਚ ਵੀ ਲਿਆ ਜਾ ਸਕਦਾ ਏ। ਸਾਰੇ ਪੰਜਾਬ ਨੂੰ ਇਕੋ ਲਗਨ ਈ ਲੱਗੀ ਹੋਈ ਸੀ। ਕੀ ਲੈਣਾ ਏ ਪਾਪਾਂ ਦੀ ਗੱਠੜੀ ਸਿਰ ਚੁੱਕ ਕੇ। ਪੰਡ ਲਾਹੋ ਤੇ ਵਿਹੜੇ 'ਚ ਰੱਖ ਦਿਉ। ਸਾਂਭੋ ਆਪਣਾ ਘਰ ਬਾਰ ਤੇ ਮੈਂ ਚੱਲਿਆ ਗੁਰੂ ਕੀ ਨਗਰੀ।

ਸਿਖ ਅਸੀਂ ਬਣ ਜਾਂਦੇ ਹਾਂ ਗੁਰੂ ਦੇ ਪਰ ਜੇ ਜਿਸ ਨੇ ਇਕ ਵਾਰ ਲੰਗਰ ਦੀ ਦਾਲ ਛੱਕ ਲਈ, ਉਹਨੂੰ ਫੇਰ ਘਰ ਦੀ ਦਾਲ ਪਸੰਦ ਨਹੀਂ ਆਉਂਦੀ । ਕਈ ਏਦਾਂ ਵੀ ਸਿੱਖ ਬਣਦੇ। ਬੁੱਢੀਆਂ, ਠੇਰ੍ਹੀਆਂ, ਬਜ਼ੁਰਗ ਪਿਉ, ਦਾਦੇ, ਗੁਰੂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਦੇ ਤੇ ਸੁਣਨ ਵਾਲਾ ਕੀਲਿਆ ਜਾਂਦਾ। ਉਹਦੇ ਹਿਰਦੇ ਵਿਚ ਇਕ ਤਰ੍ਹਾਂ ਦੀ ਕਸ਼ਿਸ਼ ਪੈਦਾ ਹੋ ਜਾਂਦੀ। ਉਹ ਮਨ ਵਿਚ ਲੋਚਦਾ ਕਿ ਮੈਂ ਵੀ ਵੇਖਾਂ ਗੁਰੂ ਕੀ ਨਗਰੀ ਪਰ ਜਿਹੜਾ ਇਕ ਵਾਰ ਗੁਰੂ ਦੇ ਦਰਸ਼ਨ ਕਰ ਲੈਂਦਾ ਉਹ ਤੇ ਫੇਰ ਉਥੋਂ ਦਾ ਈ ਹੋ ਜਾਂਦਾ। ਗੋਇੰਦਵਾਲ ਅੰਮ੍ਰਿਤਸਰ ਦੇ ਲੋਕ ਦੇਵਤੇ ਸਨ। ਇਕ ਬੋਲ, ਸੁੱਚਾ ਵਿਹਾਰ, ਘੱਟ ਤੋਲਣਾ ਨਹੀਂ, ਝੂਠ ਬੋਲਣ ਨੂੰ ਗੁਨਾਹ ਸਮਝਦੇ, ਹਰ ਪਾਸੇ ਸੱਚ ਈ ਸੱਚ ਦਾ ਬੋਲਬਾਲਾ ਸੀ। ਗੁਰੂ ਦੀ ਇਕ ਤਰ੍ਹਾਂ ਦੀ ਮੂਰਤੀ ਬਣ ਜਾਂਦੀ ਏ ਸੁਣਨ ਵਾਲਿਆਂ ਦੇ ਮਨ ਵਿਚ। ਗੁਰੂ ਕੀ ਹਨ ਅਜੇ ਤੇ ਅਸਾਂ ਸੁਣਿਆ ਈ ਏ । ਜਦ ਦਰਸ਼ਨ ਕਰਾਂਗੇ ਈ ਫੇਰ ਕੀ ਹਾਲ ਹੋਵੇਗਾ।

ਇਹੋ ਜਿਹੇ ਸਿੱਖ ਜਿਨ੍ਹਾਂ ਨੇ ਗੱਲਾਂ ਤੇ ਈ ਈਮਾਨ ਲੈ ਆਂਦਾ ਸੀ ਉਹ ਪੱਕੇ ਸਿੱਖ ਬਣ ਗਏ ਸਨ। ਸਾਰੇ ਪੰਜਾਬ ਦੇ ਲੋਕਾਂ ਗੁਰਾਂ ਦਾ ਅਸਰ ਕਬੂਲ ਲਿਆ ਸੀ। ਮੁਸਲਮਾਨ ਕਈ ਸ਼ਰਧਾਲੂ ਸਨ ਪਰ ਹਕੂਮਤ ਤੋਂ ਡਰਦੇ ਚੋਰੀ-ਛੁੱਪੇ ਦਰਸ਼ਨ ਕਰਨ ਨੂੰ ਜਾਂਦੇ। ਹਰ ਹਿੰਦੂ ਘਰ ਵਿਚ ਵੱਡਾ ਮੁੰਡਾ ਜ਼ਰੂਰ ਸਿੱਖ ਬਣਦਾ, ਇਹ ਇਕ ਰਵਾਇਤ ਬਣ ਗਈ ਸੀ।

ਹਕੂਮਤ ਦੀ ਸਮਝ ਵਿਚ ਨਹੀਂ ਸੀ ਆਉਂਦਾ ਕਿ ਗੁਰੂਆਂ ਕੋਲ ਕੀ ਸੁੰਘ ਦੀ ਗੱਠੀ ਏ। ਲੋਕ ਕਿਉਂ ਗੁਰੂਆਂ ਦੇ ਪਿੱਛੇ ਭੱਜੇ ਜਾਂਦੇ ਹਨ । ਅਸੀਂ ਦੌਲਤਾਂ ਦਿੰਦੇ ਹਾਂ, ਜਾਗੀਰਾਂ ਬਖਸ਼ਦੇ ਹਾਂ। ਖ਼ੂਬਸੂਰਤ ਔਰਤਾਂ ਨਿਕਾਹ ਵਿਚ ਦਿੱਤੀਆਂ ਜਾਂਦੀਆਂ ਨੇ ਫੇਰ ਵੀ ਲੋਕ ਕਿਉਂ ਜਾਂਦੇ ਹਨ ਗੁਰੂ ਦੇ ਦਰਸ਼ਨਾਂ ਨੂੰ, ਇਹ ਕੋਈ ਮਿੱਟੀ ਦੀ ਤਾਸੀਰ ਏ ਜਾਂ ਪਾਣੀ ਦਾ ਅਸਰ ਏ ਜਾਂ ਫਿਰ ਗੁਰੂਆਂ ਦਾ ਜਾਦੂ ਏ ਪਾਣੀ ਵਿਚ। ਲੋਕ ਗੁਰੂ ਸੇਵਕ ਬਣ ਜਾਂਦੇ ਹਨ। ਸਾਰਾ ਪੰਜਾਬ ਗੁਰੂਆਂ ਦਾ ਨਾਂ ਲੈ ਕੇ ਜਿਉਂਦਾ ਏ। ਇਹ ਧਰਤੀ ਕੋਈ ਭਾਗਾਂ ਵਾਲੀ ਏ।

ਇਸ਼ਨਾਨ, ਧਿਆਨ, ਬਾਣੀ, ਸੇਵਾ, ਸ਼ਰਧਾ ਲੰਗਰ, ਸੰਗਤ, ਪੰਗਤ ਨੇ ਪੰਜਾਬ ਦੀ ਕਾਇਆ ਈ ਪਲਟ ਦਿੱਤੀ ਏ। ਲੋਕਾਂ ਨੂੰ ਸ਼ਾਂਤੀ ਮਿਲਦੀ, ਲੋਕ ਦੁਖੀ ਸਨ ਘਰ ਵਿਚ। ਸਮਾਜ ਵਿਚ ਹਕੂਮਤ ਦੇ ਨਵੇਂ ਕਾਨੂੰਨ ਨੇ ਜਨਤਾ ਦਾ ਜਿਉਣਾ ਹਰਾਮ ਕਰ ਦਿੱਤਾ ਸੀ। ਆਮ ਬੰਦੇ ਦਾ ਕੀ ਮੁੱਲ ਸੀ।

ਹਰਿਮੰਦਰ ਦੇ ਜਲ ਵਿਚ ਈ ਕੋਈ ਬਰਕਤ ਸੀ । ਲੋਕ ਖਿੱਚੇ ਆ ਰਹੇ ਸਨ। ਇਸੇ ਵਿਚ ਈ ਸਾਡੀ ਬਿਹਤਰੀ ਏ।

ਰਾਇਪੁਰ ਦੀ ਰਾਣੀ ਨੇ ਵੀ ਗੁਰੂ ਦੀ ਗਾਥਾ ਸੁਣ ਰੱਖੀ ਸੀ। ਉਸ ਅਨੰਦਪੁਰ ਦੀ ਪਵਿੱਤਰਤਾ ਦਾ ਇਕ ਨਕਸ਼ਾ ਬਣਾ ਕੇ ਵੇਖਿਆ ਹੋਇਆ ਸੀ । ਗੁਰੂ ਗੋਬਿੰਦ ਰਾਏ ਦੇ ਚਰਚੇ ਤੇ ਸਾਰੇ ਜਗਤ ਵਿਚ ਸਨ। ਪਟਰਾਣੀ ਦੀ ਕਚਹਿਰੀ ਵਿਚ ਜਦ ਵੀ ਕੋਈ ਗੱਲ ਕਰਦਾ ਤਦ ਗੁਰੂ ਦੀ ਉਸਤਤ ਜ਼ਰੂਰ ਹੁੰਦੀ। ਜਦ ਕੋਈ ਕਿਸੇ ਰਿਆਸਤ ਦੀ ਗੱਲ ਸੁਣਦਾ ਤਾਂ ਉਹਦੇ ਵਿਚ ਗੁਰੂ ਦਾ ਨਾਂ ਜ਼ਰੂਰ ਆਉਂਦਾ। ਪਟਰਾਣੀ ਸੋਚਦੀ ਕਿ ਗੁਰੂ ਕਿੰਨੀ ਕੁ ਵੱਡੀ ਪਵਿੱਤਰ ਆਤਮਾ ਹਨ। ਸਾਰੇ ਪਹਾੜ ਨੇ ਗੁਰੂ ਦੀ ਸ਼ਰਨ ਕਬੂਲ ਕਰ ਲਈ ਏ । ਸਿਰਫ਼ ਰਾਜੇ ਈ ਆਕੜਖਾਨ ਹਨ। ਆਮ ਲੋਕ ਗੁਰੂ ਦੀ ਸਰਦਲ ਤੇ ਸਿਰ ਝੁਕਾਉਣ ਨੂੰ ਤਿਆਰ ਹਨ । ਬ੍ਰਾਹਮਣ, ਕਸ਼ੱਤਰੀਏ, ਰਾਜਪੂਤ ਆਪਣੀ ਆਕੜ ਵਿਚ ਸੜ ਭੁੱਜ ਰਹੇ ਹਨ ਪਰ ਅੰਦਰੋਂ ਉਹ ਵੀ ਗੁਰੂ ਨੂੰ ਚਾਹੁੰਦੇ ਹਨ। ਇਕ ਇਨਕਲਾਬ ਆ ਰਿਹਾ ਏ ਪੰਜਾਬ ਦੀ ਧਰਤੀ ਵਿਚ । ਭਗਤੀ ਲਹਿਰ ਹਰ ਜਗ੍ਹਾ ਤੇ ਪੁੱਜ ਚੁੱਕੀ ਸੀ।

ਜੇ ਤੁਸੀਂ ਇਕੱਠੇ ਨਾ ਹੋਏ। ਜੇ ਤੁਸੀਂ ਬੇਟੀ ਰੋਟੀ ਦਾ ਰਿਸ਼ਤਾ ਨਾ ਜੋੜਿਆ ਫੇਰ ਤੁਹਾਡੀ ਸੁੰਨਤ ਜ਼ਰੂਰੀ ਏ। ਮੁਸਲਮਾਨ ਹੋਣਾ ਪਸੰਦ ਕਰੋਗੇ ਕਿ ਹਿੰਦੂ ਰਹਿਣਾ ਏ ਤੇ ਫੇਰ ਸੰਗਤ ਤੇ ਪੰਗਤ ਨੂੰ ਕਿਉਂ ਨਹੀਂ ਕਬੂਲਦੇ। ਪਹਿਲਾਂ ਆਪਣੇ ਘਰ 'ਚ ਪੰਗਤ ਲਾਉ। ਇਕ ਵਾਰ ਨਹੀਂ ਦੂਜੀ ਵਾਰ ਤੁਹਾਡਾ ਵੀ ਜੀਅ ਕਰੇਗਾ ਕਿ ਗਵਾਂਢੀ ਨੂੰ ਸੱਦ ਲਈਏ। ਉਹ ਅਛੂਤ ਏ, ਉਹ ਨੀਚ ਏ ਪਰ ਉਹ ਤੁਹਾਡੀ ਸਾਰੀ ਜ਼ਿੰਦਗੀ ਦਾ ਇਕ ਅੰਗ ਏ। ਉਹਦੇ ਤੋਂ ਬਗ਼ੈਰ ਤੁਹਾਡਾ ਕੋਈ ਕੰਮ ਨੇਪਰੇ ਨਹੀਂ ਚੜ੍ਹਦਾ। ਤੁਹਾਡਾ ਭਰਾ ਏ, ਤੁਹਾਡਾ ਸਾਥੀ ਏ, ਤੁਹਾਡੇ ਸੁੱਖ-ਦੁੱਖ ਦਾ ਸਾਥੀ ਏ। ਜੇ ਉਹ ਇਕ ਵਾਰ ਤੁਹਾਡੀ ਪੰਗਤ 'ਚ ਆਣ ਬੈਠਾ ਹੌਲੀ-ਹੌਲੀ ਤੁਸੀਂ ਫੇਰ ਗੁਰੂ ਦੀ ਸੰਗਤ ਤੇ ਪੰਗਤ ਨੂੰ ਕਬੂਲ ਲਵੋਗੇ। ਬੱਸ ਇੰਨੀ ਗੱਲ ਏ ਵਿਚੋਂ, ਝਗੜਾ ਕਿਸ ਗੱਲ ਦਾ ਏ। ਤੁਸੀਂ ਇਨ੍ਹਾਂ ਪਛੜੀਆਂ ਜ਼ਾਤਾਂ ਵਾਲਿਆਂ ਨੂੰ ਗਲ ਨਾਲ ਲਾਉ ਤੁਹਾਡੀ ਕੋਈ ਹਵਾ ਵੱਲ ਵੀ ਨਹੀਂ ਵੇਖ ਸਕਦਾ।

ਗੁਰੂ ਨੂੰ ਨਾ ਦੌਲਤ ਚਾਹੀਦੀ ਏ ਤੇ ਨਾ ਜ਼ਮੀਨ, ਨਾ ਰਾਜ ਚਾਹੀਦਾ ਏ ਤੇ ਨਾ ਭਾਗ। ਉਹ ਤੇ ਆਉਣ ਵਾਲੇ ਜ਼ਮਾਨੇ ਦੀ ਚੇਤਾਵਨੀ ਦੇ ਰਹੇ ਹਨ। ਮੁਗ਼ਲ ਤੁਹਾਨੂੰ ਖਾ ਜਾਣਗੇ। ਤੁਹਾਡੀਆਂ ਕੁੜੀਆਂ, ਜਵਾਨ ਕੰਜਕਾਂ ਖੋਹ ਕੇ ਲੈ ਜਾਣਗੇ । ਆਪਣੀ ਹਰਮ ਦਾ ਸ਼ਿੰਗਾਰ ਕਰਨ ਲਈ। ਤੁਹਾਡੀ ਤਾਕਤ ਏ ਕਿ ਤੁਸੀਂ ਉਹਨਾਂ ਦੀ ਬਾਂਹ ਫੜ ਲਵੋ । ਤੁਸੀਂ ਆਪਣੀ ਤਾਕਤ ਬਣਾਓ। ਤਾਕਤ ਦਾ ਡਰ ਏ, ਸਾਰਾ ਪਿੰਡ ਇਕ ਮੁੱਠ ਹੋ ਜਾਏਗਾ ਤੇ ਕੀ ਕਰੇਗੀ ਫ਼ੌਜ।

ਇਕ ਨੁਕਤਾ, ਇਕ ਬਿੰਦੂ, ਇਕ ਮਰਕਜ਼, ਜੋ ਹੱਥ ਰੱਸਾ ਤੇ ਸਿਰੇ ਤੇ ਗੰਢ, ਇਕ ਹੋ ਜਾਉ, ਤੁਹਾਡੇ ਮੁੰਡੇ ਲਾਡਲੇ ਹਨ, ਆਲਸੀ ਹੋ ਚੁੱਕੇ ਹਨ। ਬੁਜ਼ਦਿਲ ਬਣ ਗਏ ਹਨ, ਤਲਵਾਰਾਂ ਉਹਨਾਂ ਨੂੰ ਚੰਗੀਆਂ ਨਹੀਂ ਲੱਗਦੀਆਂ, ਉਹ ਸ਼ਰਾਬ ਦੀ ਠੂਠੀ ਤੇ ਰੀਝ ਪਏ ਹਨ। ਉਹ ਕੀ ਮੁਕਾਬਲਾ ਕਰਨਗੇ ਉਹਨਾਂ ਦਾ, ਇਹ ਪਛੜੀਆਂ ਜਾਤਾਂ ਦੇ ਮੁੰਡਿਆਂ ਦੇ ਜੁੱਸੇ ਵਿਚ ਅਜੇ ਵੀ ਤਾਕਤ ਏ. ਇਹਨਾਂ ਦੀ ਤਾਕਤ ਤੋਂ ਫ਼ਾਇਦਾ ਉਠਾਓ, ਇਹ ਪਹਾੜ ਬਣ ਕੇ ਖਲੋ ਜਾਣਗੇ, ਪਹਾੜ ਤੁਹਾਡਾ ਨਿਗਹਬਾਨ ਏ. ਕੁਦਰਤ ਤੁਹਾਡੇ ਵਲ ਏ । ਤਲਵਾਰਾਂ ਵਿਚ ਤੁਸਾਂ ਜਾਣ ਪੈਦਾ ਕਰਨੀ ਏ। ਵਕਤ ਬੜਾ ਕਰੜਾ ਆ ਰਿਹਾ ਏ ਸੰਭਲ ਜਾਉ, ਗੁਰਾਂ ਦੀ ਇਹ ਸਲਾਹ ਤੁਹਾਨੂੰ ਕੌੜੀ ਲੱਗਦੀ ਏ। ਵਕਤ ਦੀ ਨਬਜ਼ ਤੇ ਹੱਥ ਰੱਖੋ, ਸਮਾਂ ਪੁਕਾਰ-ਪੁਕਾਰ ਰਿਹੈ ਕਿ ਬੁਰੀ ਘੜੀ ਆਉਣ ਵਾਲੀ ਏ ਸੰਭਲ ਜਾਉ।

ਇਸ ਤਰ੍ਹਾਂ ਦੀਆਂ ਗੱਲਾਂ ਘਰ-ਘਰ ਵਿਚ ਹੁੰਦੀਆਂ । ਹਰ ਮਹਿਫ਼ਲ ਵਿਚ ਇਸੇ ਗੱਲ ਦੇ ਚਰਚੇ ਸਨ। ਪਹਾੜੀਏ ਅੰਦਰੋਂ ਸਾਰੇ ਗੁਰੂ ਦਾ ਸੇਵਕ ਬਣ ਚੁੱਕੇ ਸਨ। ਤਾਕਤ ਦੀ ਛਾਪ ਲੱਗ ਚੁੱਕੀ ਸੀ।

ਸੁਣਿਆ ਜਿਹੜਾ ਬੰਦਾ ਸਿੱਖ ਬਣਿਆ ਉਹਨੂੰ ਲਾਲਸਾ ਜਾਗੀ ਗੋਇੰਦਵਾਲ ਦੇ ਦਰਸ਼ਨ ਕਰਨ ਦੀ, ਅੰਮ੍ਰਿਤਸਰ ਜਾਣ ਦੀ ਤੇ ਆਨੰਦਪੁਰ ਦੀ ਧਰਤੀ ਨੂੰ ਚੁੰਮਣ ਦੀ।

ਗੁਰੂ ਮਹਾਨ ਹਨ ਪਟਰਾਣੀ ਦੀ ਆਪਣਾ ਤਨ-ਮਨ ਗੁਰੂ ਦੇ ਅਰਪਣ ਕਰ ਚੁੱਕੀ ਸੀ। ਗੁਰੂ ਦੇ ਨਾਂ ਦੀ ਮਾਲਾ ਜਪਦੀ। ਬਿਨਾਂ ਵੇਖਿਆਂ ਮੇਰਾ ਇਹ ਹਾਲ ਏ ਤੇ ਜਦ ਵੇਖਾਂਗੀ ਤੇ ਫੇਰ ਕੀ ਹਾਲ ਹੋਵੇਗਾ।

ਸਿਰਫ਼ ਲਾਲਸਾ ਈ ਵੱਧਦੀ ਜਾ ਰਹੀ ਸੀ ਪਿਆਰ ਦੇ ਸਮੁੰਦਰ ਵਿਚ ਜਵਾਰ ਭਾਟਾ ਉੱਠਿਆ ਹੋਇਆ ਸੀ। ਛੱਲਾਂ ਉੱਛਲ ਉੱਛਲ ਕੇ ਕੰਢਿਆਂ ਤੋਂ ਬਾਹਰ ਆ ਰਹੀਆਂ ਸਨ।

ਜਿਵੇਂ-ਜਿਵੇਂ ਪਿਆਰ ਵਧਿਆ ਤਿਵੇਂ-ਤਿਵੇਂ ਦਰਸ਼ਨ ਦੀ ਪਿਆਸ ਵਿਚ ਉਛਾਲ ਆਏ। ਪਟਰਾਣੀ ਬੇਚੈਨ ਸੀ, ਮਨ ਨਹੀਂ ਸੀ ਲੱਗਦਾ, ਗੁਰ ਦਰਸ਼ਨ, ਗੁਰੂ ਮਹਿਮਾ, ਗੁਰੂ ਕੀ ਹੋਣਗੇ, ਮਹਿਲ ਵਿਚ ਗੂੰਜ ਉੱਠੀ ਕਿ ਪਟਰਾਣੀ ਗੁਰੂ ਦੀ ਸਿੱਖ ਬਣਦੀ ਜਾ ਰਹੀ ਏ। ਆਸਣ ਡੋਲਿਆ ਪਹਾੜ ਦਾ ਇਕ ਨਵੇਂ ਯੁੱਗ ਦਾ ਨਿਰਮਾਣ ਹੋਣ ਵਾਲਾ ਸੀ, ਨਵੀਂ ਸਵੇਰ ਉੱਗਣ ਵਾਲੀ ਸੀ।

★

ਸਹੁੰ ਤੇਰੇ ਚਰਨਾਂ ਦੀ ੧੩੫

ਮੁਖ਼ਬਰਾਂ ਨੇ ਆਣ ਕੇ ਇਤਲਾਹ ਦਿੱਤੀ ਕਿ ਬੜੀ ਫ਼ੌਜ ਰਾਇਪੁਰ ਵਲ ਵਧਦੀ ਆ ਰਹੀ ਏ। ਮਾਰੋ-ਮਾਰ ਕਰਦਾ ਦੁਸ਼ਮਣ ਮੂੰਹ ਚੁੱਕੀ ਦਲ ਰਿਹਾ ਏ। ਮਹਾਰਾਜ ਫ਼ਤਹਿ ਸਿੰਘ ਘਰ ਛੱਡ ਕੇ ਚਲੇ ਗਏ ਹਨ। ਦੁਸ਼ਮਣ ਦੀਆਂ ਤਲਵਾਰਾਂ ਦਾ ਕੌਣ ਮੂੰਹ ਭੰਨੂੰ। ਹੁਣ ਕੀ ਬਣੂੰ।

—ਸਾਡੀ ਕਿਸੇ ਨਾਲ ਦੁਸ਼ਮਣੀ ਨਹੀਂ ਤੇ ਨਾ ਹੀ ਕੋਈ ਝਗੜਾ ਏ। ਇਧਰ ਫ਼ੌਜ ਨੇ ਕੀ ਲੈਣਾ ਏ।

—ਫ਼ੌਜ ਆ ਰਹੀ ਏ। ਸਾਡਾ ਫ਼ਰਜ਼ ਏ ਖ਼ਬਰਦਾਰ ਰਹਿਣਾ।

—ਕਿਹੜੀ ਫ਼ੌਜ ਏ, ਕਿੰਨੇ ਆਦਮੀ ਹਨ, ਨਫ਼ਰੀ ਕਿੰਨੀ ਏ। ਤੁਸੀਂ ਕਿਉਂ ਘਬਰਾ ਰਹੇ ਹੋ। ਮਹਾਰਾਜ ਨਹੀਂ ਤੇ ਮੈਂ ਤੇ ਹਾਂ ਮਹਾਰਾਣੀ ਕਿਲ੍ਹੇ ਦੀ ਨਿਗਹਬਾਨ।

—ਮਹਾਰਾਣੀ ਜੀ, ਕਿਸੇ ਨੇ ਵੇਖਿਆ ਨਹੀਂ, ਦੂਰ ਤੋਂ ਅੰਦਾਜ਼ਾ ਹੀ ਲਾਇਐ। ਫ਼ੌਜ ਦੀ ਗਿਣਤੀ ਕਿਸ ਤਰ੍ਹਾਂ ਦੱਸੀ ਜਾਏ। ਧੂੜ ਉੱਡਦੀ ਵੇਖੀ ਏ, ਅਸਮਾਨ ਵਿਚ ਧੂੜ ਫੈਲ ਗਈ ਉਹਦਾ ਰੰਗ ਗਹਿਰਾ ਹੋ ਗਿਆ। ਅੰਦਾਜ਼ਾ ਲਾਇਆ ਫ਼ੌਜ ਆ ਰਹੀ ਏ ਇਤਲਾਹ ਦੇਣ ਲਈ ਭੱਜੇ ਆਏ ਬੰਦੇ ਤੇ ਉਨ੍ਹਾਂ ਆ ਕੇ ਅਰਜ਼ ਕੀਤੀ ਦੁਸ਼ਮਣ ਏ ਜਾਂ ਸੱਜਣ ਏ ਫ਼ੌਜ ਤੇ ਹੈ ਨਾਲ, ਛੇੜਖ਼ਾਨੀ ਕੋਈ ਵੀ ਕਰ ਸਕਦੇ।

—ਫ਼ੌਜ ਛੋਟੀ ਏ ਜਾਂ ਵੱਡੀ, ਫ਼ੌਜ ਕਿਸੇ ਦੀ ਵੀ ਏ ਸਾਨੂੰ ਮੁਕਾਬਲੇ ਲਈ ਤਿਆਰ ਰਹਿਣਾ ਚਾਹੀਦਾ ਏ। ਚੇਤੰਨ ਰਹਿਣ ਵਿਚ ਹੀ ਸਾਡਾ ਭਲਾ ਏ। ਸੈਨਾਪਤੀ ਨੂੰ ਹੁਕਮ ਦਿੱਤਾ ਫ਼ੌਜ ਨੂੰ ਤਿਆਰ ਕਰਨ ਦਾ ਹੁਕਮ ਦੇ ਦਿਉ, ਹਥਿਆਰ ਵੰਡ ਦਿੱਤੇ ਜਾਣ, ਕਿਲ੍ਹੇ ਦੀਆਂ ਬੁਰਜੀਆਂ ਤੇ ਤੋਪਾਂ ਚੜ੍ਹਾ ਦਿੱਤੀਆਂ ਜਾਣ ਦੇਰ ਨਹੀਂ ਕਰਨੀ, ਦੁਸ਼ਮਣ ਕਿਤੇ ਸਿਰ ਤੇ ਨਾ ਆਣ ਚੜ੍ਹੇ।

—ਮਹਾਰਾਣੀ ਜੀ, ਚਿੰਤਾ ਨਾ ਕਰੋ, ਮੁਕਾਬਲਾ ਕੀਤਾ ਜਾਵੇਗਾ ਤੇ ਮੂੰਹ ਤੋੜ ਸ਼ਿਕਸਤ ਦਿੱਤੀ ਜਾਵੇਗੀ। ਅਸੀਂ ਮਹਾਰਾਜ ਦਾ ਨਮਕ ਖਾਧਾ ਹੋਇਆ ਹੈ।

ਮਹਾਰਾਣੀ ਨੇ ਸੋਚਿਆ ਕੌਣ ਹੋ ਸਕਦੇ। ਭੰਗਾਣੀ ਦੀ ਜੰਗ ਤੇ ਖ਼ਤਮ ਹੋ ਗਈ ਏ। ਰਾਜੇ ਆਪਣੀ-ਆਪਣੀ ਘਰੀਂ ਚਲੇ ਗਏ ਪਰ ਦੁਸ਼ਮਣੀ ਉਸੇ ਤਰ੍ਹਾਂ ਕਾਇਮ ਏ। ਦਿੱਲੀ ਦਾ ਸ਼ਹਿਨਸ਼ਾਹ ਗੁਰੂ ਦਾ ਵੈਰੀ ਏ। ਫ਼ੌਜ ਮੁਗਲਾਂ ਦੀ ਹੋਣੀ ਏ ਜਾਂ ਪਹਾੜੀ ਰਾਜੇ ਸਾਰੇ ਇਕੱਠੇ ਹੋ ਗਏ ਹੋਣੇ ਨੇ, ਹਮਲਾ ਕਰੋ ਤੇ ਰਿਆਸਤ ਨੂੰ ਖ਼ਤਮ ਕਰ ਦਿਉ। ਰਾਜਾ ਘਰ ਨਹੀਂ ਗਿੱਚੀ ਮਰੋੜ ਸੁੱਟ।

— ਸ਼ਾਇਦ ਗੁਰੂ ਤੇ ਨਹੀਂ ਚੜ੍ਹ ਆਇਆ।

—ਨਹੀਂ ! ਨਹੀਂ ! ਕਦੀ ਵੀ ਨਹੀਂ ਹੋ ਸਕਦਾ ਮੈਂ ਗੁਰੂ ਦਾ ਭਗਤ ਹਾਂ। ਜੇ ਗੁਰੂ ਨੂੰ ਪਤਾ ਲੱਗ ਗਿਆ ਜਾਂ ਗੁਰੂ ਦੀਆਂ ਫ਼ੌਜਾਂ ਮੂੰਹ ਜ਼ੋਰ ਹੋ ਗਈਆਂ ਤੇ ਉਨ੍ਹਾਂ ਹਮਲਾ ਕਰ ਦਿੱਤਾ ਏ ਤਾਂ ਫੇਰ ਗੁਰੂ ਵੀ ਤੇ ਮਗਰ-ਮਗਰ ਆ ਰਿਹਾ ਹੋਣਾ ਏ। ਧੰਨਭਾਗ ਜੇ ਗੁਰੂ ਆ ਰਿਹਾ ਏ ਤੇ। ਤਾਜ ਜਾਂ ਤਖ਼ਤ ਰਹੇ ਨਾ ਰਹੇ ਮੈਂ ਗੁਰੂ ਦੇ ਚਰਨਾਂ ਤੋਂ ਬਲਿਹਾਰੀ, ਮੈਂ ਆਪਣਾ ਪਿਆਰ ਕਦੀ ਨਹੀਂ ਛੱਡਾਂਗੀ, ਮੇਰੀ ਸ਼ਰਧਾ ਏ, ਮੇਰਾ ਸਭ ਕੁਝ ਗੁਰੂ ਦਾ ਏ।

—ਫ਼ੌਜ ਬਹੁਤ ਵੱਡੀ ਏ, ਵੈਰੀ ਖੂੰਖਾਰ ਜਾਪਦਾ ਏ, ਮੁਖ਼ਬਰ ਆਖ ਰਿਹਾ ਸੀ।

ਮਹਾਰਾਣੀ ਨੇ ਤਲਵਾਰ ਮਿਆਨ 'ਚੋਂ ਕੱਢੀ। ਮੈਂ ਕਰਾਂਗੀ ਮੁਕਾਬਲਾ, ਕੌਣ ਏ ਜੋ ਮੇਰੀ ਰਿਆਸਤ ਵਲ ਮੂੰਹ ਵੀ ਕਰੇ। ਕੀ ਹੋਇਆ ਜੇ ਮਹਾਰਾਜ ਨਹੀਂ, ਰਾਜਕੁਮਾਰ ਅਜੇ ਨਿਆਣਾ ਏ ਮੈਂ ਰਾਜਪੂਤਨੀ ਹਾਂ, ਮੈਦਾਨ 'ਚ ਲੜਨਾ ਤੇ ਸ਼ਹੀਦ ਹੋਣਾ ਸਾਡਾ ਗਹਿਣਾ ਏ। ਮੋਰਚੇ ਸੰਭਾਲ ਲਵੋ। ਲੜੋ ਕੱਟ-ਕੱਟ ਕੇ ਮਰੋ। ਕਿਸੇ ਨੂੰ ਰਿਆਸਤ ਦੀ ਸਰਹੱਦ ਨਹੀਂ ਟੱਪਣ ਦੇਣੀ। ਅਸੀਂ ਆਖ਼ਰੀ ਦਮ ਤੱਕ ਮੁਕਾਬਲਾ ਕਰਾਂਗੇ।

ਢੋਲ ਵੱਜ ਰਹੇ ਸਨ, ਨਰਸਿੰਘੇ ਫੂਕੇ ਜਾ ਰਹੇ ਸਨ, ਨਗਾਰੇ ਦੀਆਂ ਆਵਾਜ਼ਾਂ ਨੇ ਤੇ ਇਕ ਵਾਰ ਅਸਮਾਨ ਹਿਲਾ ਦਿੱਤਾ, ਧਰਤੀ ਡੋਲ ਗਈ।

— ਮੁਖ਼ਬਰ ਫਿਰ ਆਇਆ ਹੱਥ ਜੋੜ ਅਰਜ਼ ਕੀਤੀ ਕਿ ਮਹਾਰਾਣੀ ਜੀ, ਦੁਸ਼ਮਣ ਬਹੁਤ ਤਾਕਤਵਰ ਏ।

—ਤੇ ਫੇਰ ਤੋਪਾਂ ਨੂੰ ਅੱਗ ਦਿਉ, ਗੜਗੂੰਜ ਪਏ, ਦੁਸ਼ਮਣ ਦਾ ਕਲੇਜਾ ਵੀ ਹਿੱਲੇ ਤੇ ਪਹਾੜਾਂ ਦੇ ਸੀਨੇ ਵਿਚ ਹਿਲਜੁਲ ਹੋਵੇ।

ਮੁਖ਼ਬਰ ਫਿਰ ਆਇਆ, ਫਿਰ ਹੱਥ ਜੋੜੇ, ਮਹਾਰਾਣੀ ਜੀ, ਸ਼ਮਸ਼ੀਰ ਸੂਰਜ ਦੀਆਂ ਕਿਰਨਾਂ 'ਚ ਲਿਸ਼ਕ ਰਹੀ ਸੀ, ਖ਼ੂਨ ਖੌਲ ਰਿਹਾ ਸੀ, ਅੱਖਾਂ ਲਹੂ ਭਰੀਆਂ ਸਨ। ਮੈਂ ਆਪਣੀ ਜਾਨ ਦੇ ਦੇਵਾਂਗੀ ਫ਼ੌਜ ਨੂੰ ਸ਼ਹਿਰ 'ਚ ਵੜਨ ਨਹੀਂ ਦੇਣਾ।

ਮੁਖ਼ਬਰ ਫਿਰ ਆਇਆ, ਸਿੱਖਾਂ ਦੀ ਫ਼ੌਜ ਏ, ਗੁਰੂ ਗੋਬਿੰਦ ਰਾਏ ਆਨੰਦਪੁਰ ਵਾਲੇ ਚੜ੍ਹੇ

ਆ ਰਹੇ ਹਨ। ਫ਼ੌਜ ਬਹੁਤ ਵੱਡੀ ਏ। ਘੋੜਿਆਂ ਤੇ ਚੜ੍ਹੇ ਤੀਰ ਅੰਦਾਜ਼, ਨੇਜ਼ਿਆਂ ਦੀਆਂ ਗਿੱਠ-ਗਿੱਠ ਜੀਭਾਂ ਨਿਕਲ ਰਹੀਆਂ ਨੇ, ਤਲਵਾਰਾਂ ਵਿਚੋਂ ਲਹੂ ਚੋਅ ਰਿਹਾ ਏ।

—ਕੌਣ ਮੇਰਾ ਗੁਰੂ ਮੇਰੀ ਰਿਆਸਤ ਤੇ ਹਮਲਾ ਕਰਨ ਆ ਰਿਹੈ, ਨੀਂਦ ਵਿਚੋਂ ਜਾਗੀ ਮਹਾਰਾਣੀ, ਕੌਣ ਏ ਦੁਸ਼ਮਣ, ਫਿਰ ਕਹੋ। ਜਾਓ ਵੇਖ ਕੇ ਆਓ ਕਿਤੇ ਗਲਤੀ ਵਿਚ ਕੋਈ ਕਦਮ ਨਾ ਚੁੱਕਿਆ ਜਾਏ।

ਮੁਖਬਰ ਫਿਰ ਗਿਆ ਤੇ ਆਣ ਕੇ ਅਰਜ਼ ਕੀਤੀ, ਪੱਕੇ ਯਕੀਨ ਨਾਲ ਮੈਂ ਆਖ ਸਕਦਾ ਹਾਂ ਸਿੱਖਾਂ ਦਾ ਗੁਰੂ ਆ ਰਿਹਾ ਏ।

ਸਾਹ ਫੁੱਲਿਆ ਹੋਇਆ ਸੀ ਮਹਾਰਾਣੀ ਦਾ, ਸਾਹ ਤੇਜ਼ੀ ਨਾਲ ਚਲ ਰਿਹਾ ਸੀ।

ਮਹਾਰਾਣੀ ਦੇ ਮਗਰ ਘੋੜਿਆਂ ਦੀਆਂ ਕਤਾਰਾਂ ਸਨ, ਲਹੂ ਪੀਣੀਆਂ ਤਲਵਾਰਾਂ ਲਿਸ਼ਕ ਰਹੀਆਂ ਸਨ ਧੁੱਪ ਵਿਚ। ਬੁਰਜਿਆਂ ਰਾਈ ਦਾ ਪਹਾੜ ਬਣਾ ਦਿੱਤਾ। ਮਹਾਰਾਣੀ ਨੇ ਸਪਨੀ ਵਰਗੀ ਤਲਵਾਰ ਵਗ੍ਹਾ ਕੇ ਮਾਟੀ ਤੇ ਚਿੱਲਾ ਕੇ ਬੋਲੀ, ਬੰਦ ਕਰੋ ਇਹ ਤਿਆਰੀਆਂ। ਕਿਲ੍ਹੇ ਦੇ ਦਰਵਾਜ਼ੇ ਖੋਲ੍ਹ ਦਿਓ। ਅਸੀਂ ਬਾਹਰ ਜਾਵਾਂਗੇ ਦੁਸ਼ਮਣ ਦੇ ਸਨਮੁੱਖ ਹੋ ਕੇ ਸਿਰ ਝੁਕਾਵਾਂਗੇ ਤੇ ਉਹਦੇ ਰਾਹ ਤੇ ਅੱਖਾਂ ਵਿਛਾਈਆਂ ਜਾਣਗੀਆਂ।

ਵਜ਼ੀਰ ਹੈਰਾਨ ਪਰੇਸ਼ਾਨ ਸੀ! ਦੀਵਾਨ ਸਾਹਮਣੇ ਆਇਆ, ਮਹਾਰਾਣੀ ਜੀ ਇਹ ਕੀ ਕਰ ਰਹੇ ਹੋ। ਦੁਸ਼ਮਣ ਸਿਧੀ ਆਣ ਚੜ੍ਹਿਆ ਏ ਤੇ ਤੁਸੀਂ ਹੁਕਮ ਦੇ ਰਹੇ ਹੋ ਕਿਲ੍ਹੇ ਦਾ ਦਰਵਾਜ਼ਾ ਖੋਲ੍ਹਣ ਦਾ। ਇਹ ਰਾਜਨੀਤੀ ਦੇ ਖ਼ਿਲਾਫ਼ ਏ।

ਮੈਂ ਜਾਣਦੀ ਹਾਂ ਡਰਨ ਦੀ ਗੱਲ ਤੇ ਤਾਂ ਏ ਜੇ ਕੋਈ ਦੁਸ਼ਮਣ ਹੋਵੇ ਤਾਂ।

ਫੌਜਾਂ ਦੇ ਜੈਕਾਰੇ, ਨਗਾਰੇ ਦੀ ਆਵਾਜ਼, ਨਰਸਿੰਘਿਆਂ ਦੀ ਗੂੰਜ ਏ ਦੱਸਦੀ ਏ ਹਮਲਾ।

ਇਹ ਨਹੀਂ ਹੋ ਸਕਦਾ, ਹਮਲਾਵਰ ਦੇ ਸਾਹਮਣੇ ਸਿਰ ਝੁਕਾਉਣਾ ਸਾਡੀ ਰਵਾਇਤ ਦੇ ਖ਼ਿਲਾਫ਼ ਏ। ਅਸੀਂ ਮਰਾਂਗੇ, ਮੁਕਾਬਲਾ ਕਰਾਂਗੇ, ਝੁਕਣਾ ਸਾਡੀ ਵਹੀ ਵਿਚ ਲਿਖਿਆ ਹੋਇਆ ਹੀ ਨਹੀਂ।

—ਮਹਾਰਾਣੀ ਸ਼ੇਰਨੀ ਵਾਂਗੂੰ ਗੱਜੀ, ਬਦਨਸੀਬੋ ਤੁਸੀਂ ਨਹੀਂ ਜਾਣਦੇ, ਤੁਸੀਂ ਪਹਾੜੀਏ ਹੋ ਨਾ, ਉਹ ਵੈਰੀ ਨਹੀਂ, ਹਮਲਾਵਰ ਨਹੀਂ, ਉਹ ਤੁਹਾਡੀ ਰਿਆਸਤ ਲੁੱਟਣ ਨਹੀਂ ਆਇਆ ਉਹ ਮੇਰਾ ਗੁਰੂ ਏ। ਮੈਨੂੰ ਆਸ਼ੀਰਵਾਦ ਦੇਣ ਆਇਆ ਏ। ਦਰਵਾਜ਼ੇ ਖੋਲ੍ਹ ਦਿਉ, ਬੇਧੜਕ ਅਸੀਂ ਸਾਰੇ ਬਾਹਰ ਜਾ ਕੇ ਉਨ੍ਹਾਂ ਦੀ ਕਦਮਬੋਸੀ ਕਰਾਂਗੇ।

—ਗੁਰੂ ਏ ਤੇ ਫੇਰ ਨਗਾਰਿਆਂ ਨਰਸਿੰਘਿਆਂ ਤੇ ਢੋਲਾਂ ਵਜਾਉਣ ਦਾ ਕੀ ਮਤਲਬ ਏ। ਘੋੜਿਆਂ ਤੇ ਨੇਜ਼ਿਆਂ ਦੀ ਚਮਕ ਕਿਉਂ ਵਿਖਾਈ ਜਾ ਰਹੀ ਏ। ਸਿੰਘਾਂ ਦੀਆਂ ਤਲਵਾਰਾਂ ਕਿਉਂ ਧੁੱਪ ਵਿਚ ਲਿਸ਼ਕ ਰਹੀਆਂ ਨੇ, ਦੀਵਾਨ ਨੇ ਆਖਿਆ।

—ਗੁਰੂ ਏ ਆਨੰਦਪੁਰ ਦਾ ਵਾਲੀ ਏ। ਜੇ ਘੋੜੇ ਫੌਜਾਂ ਨਾ ਹੋਣ ਤਾਂ ਪਹਾੜੀਏ ਉਹਨੂੰ ਕੱਚਾ ਖਾ ਜਾਣ। ਪਹਾੜੀਆਂ ਦਾ ਵੀ ਕੋਈ ਦੀਨ-ਈਮਾਨ ਏ।

ਚੌੜ-ਚਪੱਟ ਦਰਵਾਜ਼ਾ ਖੁੱਲ੍ਹ ਗਿਆ। ਰਾਣੀ ਘੋੜੇ ਤੇ ਸਵਾਰ ਸੀ, ਬਿਫ਼ਰੀ ਸ਼ੇਰਨੀ ਵਾਂਗੂੰ। ਉਹਦੇ ਪਿੱਛੇ ਵਜ਼ੀਰ, ਦੀਵਾਨ, ਅਹਿਲਕਾਰ, ਫ਼ੌਜੀ ਅਫ਼ਸਰ ਤੇ ਸਿਪਾਹੀਆਂ ਦਾ ਹੜ੍ਹ ਸੀ।

ਦੌੜਦੇ ਘੋੜੇ ਅੱਗੇ ਵਧੇ ਤੇ ਅਗੋਂ ਸਿੱਖਾਂ ਦੇ ਘੋੜਿਆਂ ਉਨ੍ਹਾਂ ਦਾ ਮੂੰਹ ਵੇਖਿਆ। ਘੋੜੇ ਹੋਰ ਅਗੇ ਵਧੇ। ਫ਼ਾਸਲਾ ਘੱਟ ਹੁੰਦਾ ਗਿਆ।

ਮਹਾਰਾਣੀ ਦਾ ਘੋੜਾ ਰੁਕਿਆ, ਠੱਲ੍ਹ ਪੈ ਗਈ। ਮਹਾਰਾਣੀ ਦੀ ਆਵਾਜ਼ ਗੂੰਜੀ। ਸਾਰੇ ਘੋੜਿਆਂ ਤੋਂ ਉੱਤਰ ਆਉ ਤੇ ਆਪਣੇ ਹਥਿਆਰ ਜ਼ਮੀਨ ਤੇ ਰੱਖ ਦਿਉ। ਖਾਲੀ ਹੱਥ ਮੇਰੇ ਮਗਰ ਆਓ ਪੈਦਲ, ਅੱਖਾਂ ਨੀਵੀਆਂ, ਸਿਰ ਝੁਕਿਆ ਹੋਇਆ।

—ਮਹਾਰਾਣੀ ਜੀ ਕਿਤੇ ਧੋਖਾ ਨਾ ਹੋ ਜਾਏ।

—ਕੈਦ, ਰਿਆਸਤੋਂ ਹੱਥ ਧੋਣਾ। ਫੇਰ ਵੀ ਸਮਝੋ ਅਸਾਂ ਖੱਟਿਆ। ਅੱਗੇ ਵਧੀ ਪਟਰਾਣੀ ਹੱਥ ਜੋੜੇ, ਸਿਰ ਝੁਕਾਇਆ, ਸਮਝੋ ਸਾਰਾ ਰਾਇਪੁਰ ਤੇ ਪਹਾੜ ਝੁਕ ਗਿਆ।

ਇਧਰੋਂ ਮਹਾਰਾਜ ਵੀ ਘੋੜੇ ਤੋਂ ਉਤਰੇ ਤੇ ਮਹਾਰਾਣੀ ਵੱਲ ਵਧੇ।

ਪਟਰਾਣੀ ਝੱਟ ਹੀ ਝੁਕ ਗਈ ਚਰਨਾਂ ਤੇ ਸਿਰ ਰੱਖ ਦਿੱਤਾ। ਅੱਖਾਂ ਵਿਚ ਗਲੇਡੂ ਭਰ ਆਏ। ਅੱਜ ਸ਼ਰਧਾ ਸੀ, ਇਹ ਖ਼ਾਹਿਸ਼ ਸੀ ਦਰਸ਼ਨ ਕਰਨ ਦੀ, ਦਰਸ਼ਨ ਹੋ ਗਏ, ਜਨਮ-ਜਨਮ ਦੀ ਸਾਧਨਾ ਪੂਰੀ ਹੋ ਗਈ। ਮੈਂ ਸੁਣਿਆ ਏ ਮੇਰੇ ਮੁਖ਼ਬਰਾਂ ਦੱਸਿਆ ਏ ਕਿ ਤੁਸੀਂ ਜਿੱਤਣ ਆ ਰਹੇ ਸੋ ਮੈਂ ਹਾਰੀ ਹਾਂ, ਮੈਂ ਨਜ਼ਰਾਨੇ ਲੈ ਕੇ ਆਈ ਹਾਂ, ਤੁਸੀਂ ਜਿੱਤੇ ਤੇ ਮੈਂ ਹਾਰੀ।

ਗੁਰੂ ਮਹਾਰਾਜ ਨੇ ਆਸ਼ੀਰਵਾਦ ਦਿੱਤੀ ਤੇ ਆਖਿਆ, ਉਠੋ ਮਹਾਰਾਣੀ ਜੀ, ਲੋਕ ਜਿੱਤ ਕੇ ਹਾਰ ਜਾਂਦੇ ਹਨ ਪਰ ਤੁਸੀਂ ਧੰਨ ਹੋ ਜਿਹੜੀ ਹਾਰ ਕੇ ਵੀ ਜਿੱਤ ਗਈ। ਮਹਾਰਾਣੀ ਜੀ ਫ਼ਤਹਿ ਦੇ ਨਗਾਰੇ ਵਜਾਓ, ਜਿੱਤ ਤੁਹਾਡੀ ਏ। ਦੀਵਾਨ ਜੀ ਖ਼ੁਸ਼ੀਆਂ ਮਨਾਓ, ਜਸ਼ਨ ਕਰੋ। ਤੁਸੀਂ ਜਿੱਤ ਗਏ ਤੇ ਮੈਂ ਹਾਰ ਗਿਆ।

ਧੰਨ ਹਨ ਆਨੰਦਪੁਰ ਦੇ ਗੁਰੂ। ਐਵੇਂ ਨਹੀਂ ਸਾਰਾ ਪੰਜਾਬ ਸਿਰ ਝੁਕਾਉਂਦਾ।

—ਚਲੋ ਮਹਾਰਾਜ ਸਾਡੇ ਮਹਿਲ ਪਵਿੱਤਰ ਕਰੋ, ਪਟਰਾਣੀ ਨੇ ਹੱਥ ਜੋੜੇ।

ਅਸੀਂ ਖ਼ੇਮੇ ਸ਼ਹਿਰ ਤੋਂ ਬਾਹਰ ਹੀ ਗੱਡਦੇ ਹਾਂ। ਤੁਹਾਡੀ ਨਗਰੀ ਵਿਚ ਖ਼ੇਮੇ ਨਹੀਂ ਗੱਡੇ ਜਾ ਸਕਦੇ। ਇਹ ਮਰਿਯਾਦਾ ਦੇ ਖ਼ਿਲਾਫ਼ ਏ।

ਮਹਾਰਾਜ ਮੇਰੇ ਮਹਿਲ ਕਿੱਦਾਂ ਪਵਿੱਤਰ ਹੋਣਗੇ।

ਕੱਲ ਦੀਵਾਨ ਤੁਹਾਡੇ ਮਹਿਲਾਂ ਵਿਚ ਹੀ ਸੱਜੇਗਾ। ਸੰਗਤ ਦੇ ਚਰਨ ਪੈਣਗੇ ਤੇ ਤੁਹਾਡੇ ਮਹਿਲਾਂ ਦੀ ਮਿੱਟੀ ਅਕਸੀਰ ਬਣ ਜਾਏਗੀ।

ਲੰਗਰ ਦਾ ਪੂਰਾ ਇੰਤਜ਼ਾਮ ਮਹਾਰਾਣੀ ਨੇ ਕੀਤਾ, ਘੋੜਿਆਂ ਦੀ ਖ਼ੁਰਾਕ ਅਹਿਲਕਾਰ ਲਈ ਆ ਰਹੇ ਸਨ। ਕਿਸੇ ਚੀਜ਼ ਦੀ ਲੋੜ ਏ ਮੇਰਾ ਸਾਰਾ ਸ਼ਹਿਰ ਵੱਸਦਾ ਏ ਲੈ ਲਵੋ ਕੋਈ ਪੈਸਾ ਦੇਣ ਦੀ ਲੋੜ ਨਹੀਂ। ਇਹ ਤੁਹਾਡਾ ਹੀ ਸ਼ਹਿਰ ਏ।

ਮੈਂ ਅੱਜ ਗੁਰੂ ਵਾਲੀ ਹੋ ਗਈ। ਮੈਂ ਗੋਲੀ ਬਣ ਕੇ ਰਹਾਂਗੀ ਪਟਰਾਣੀ ਮੈਨੂੰ ਕੋਈ ਨਾ ਆਖੇ। ਮੈਂ ਦਾਸੀ ਹਾਂ। ਮੈਂ ਸੇਵਕ ਹਾਂ। ਮੈਂ ਮੀਰਾਂ ਹਾਂ ਗਿਰਧਰ ਗੋਪਾਲ ਦੀ. ਮੈਂ ਰਾਜ ਪਾਠ ਸਭ ਕੁਝ ਤੌਜਿਆ। ਤੁਸੀਂ ਸਾਂਭੋ ਦੀਵਾਨ ਜੀ ਮੈਂ ਬੜੇ ਆਨੰਦ ਵਿਚ ਹਾਂ, ਬੜੀ ਸ਼ਾਂਤੀ ਏ। ਏਸ ਫ਼ਕੀਰੀ ਵਿਚ ਮਹਾਰਾਜ ਤੁਸੀਂ ਮੇਰੀ ਚੌਰਾਸੀ ਕੱਟ ਦੇਣੀ ਏ।

ਲੰਗਰ ਤੇ ਭਾਵੇਂ ਗੁਰੂ ਦਾ ਸੀ ਪਰ ਇੰਤਜ਼ਾਮ ਸ਼ਾਹੀ ਸੀ। ਖ਼ਾਨਸਾਮੇ, ਬਾਵਰਚੀ ਰਾਜ

ਮਹਿਲ ਦੇ ਸਨ। ਸੇਵਕ ਸਿੱਖ ਲੰਗਰ ਬਣਾਉਣ ਦੇ ਅਧਿਕਾਰੀ ਸਨ, ਮਦਦ ਕਰਵਾ ਰਹੇ ਸਨ ਮਰਿਯਾਦਾ ਭਾਵੇਂ ਲੰਗਰ ਦੀ ਸੀ ਪਰ ਉਹਦੇ ਤੇ ਰੰਗਤ ਰਾਇਪੁਰ ਦੀ ਰਾਣੀ ਦੀ ਸੀ।

ਸੰਗਤ ਬੜੀ ਪ੍ਰਸੰਨ ਹੋਈ। ਦੋਹਰਾ ਸਵਾਦ ਪੰਗਤ ਦਾ 'ਤੇ ਰਾਜ ਘਰਾਣੇ ਦੀ ਛਾਪ ਲੱਗੀ ਵਿਖਾਈ ਦਿੰਦੀ ਸੀ।

ਰੱਜ ਲੈਣ ਦਿਉ ਮਹਾਰਾਜ ਜੀ ਪਟਰਾਣੀ ਜੀ ਨੂੰ, ਮਨ ਦਾ ਰਾਂਝਾ ਰਾਜ਼ੀ ਹੋਣਾ ਚਾਹੀਦੈ।

ਰਾਤ ਦੇ ਤੀਜੇ ਪਹਿਰ ਕੁਝ ਹਿਲਜੁਲ ਹੋ ਗਈ। ਪਹਾੜੀ ਨਦੀਆਂ, ਨਾਲਿਆਂ ਤੇ ਸੰਗਤਾਂ ਇਸ਼ਨਾਨ ਕਰ ਰਹੀਆਂ ਸਨ।

ਮਹਿਲਾਂ ਦੇ ਖੁੱਲ੍ਹੇ ਮੈਦਾਨ ਵਿਚ ਕਨਾਤਾਂ ਤਣ ਗਈਆਂ, ਗ਼ਾਲੀਚੇ ਵਿਛੇ ਹੋਏ ਸਨ। ਰਾਜ ਘਰਾਨੇ ਵਿਚ ਕੋਈ ਪਹਿਲੀ ਵਾਰ ਰਾਤ ਦੇ ਤੀਜੇ ਪਹਿਰ ਉੱਠਿਆ ਸੀ।

ਕੀਰਤਨ ਆਰੰਭ ਹੋਇਆ. ਆਸਾ ਦੀ ਵਾਰ ਸ਼ੁਰੂ ਹੋਈ। ਸਾਰਾ ਸ਼ਹਿਰ ਰਾਜ ਮਹਿਲ ਚੌਕੜੇ ਮਾਰ ਕੇ ਬੈਠਾ ਹੋਇਆ ਸੀ।

ਪਟਰਾਣੀ ਦੀ ਝੂਮ ਉੱਠੀ ਸਾਰੀ ਸੰਗਤ ਮਗਨ ਸੀ ਬਾਣੀ ਵਿਚ, ਜ਼ਿੰਦਗੀ ਵਿਚ ਸਭ ਤੋਂ ਜ਼ਿਆਦਾ ਖ਼ੂਬਸੂਰਤ ਦਿਨ ਸੀ!

ਭੋਗ ਪਿਆ, ਲੰਗਰ ਵਰਤਿਆ ਤੇ ਗੁਰਾਂ ਨੇ ਫ਼ੌਜ ਨੂੰ ਕੂਚ ਦਾ ਹੁਕਮ ਦਿੱਤਾ।

ਤਿਆਰੀਆਂ ਸ਼ੁਰੂ ਹੋ ਗਈਆਂ, ਨਗਾਰਾ ਵੱਜਿਆ, ਨਰਸਿੰਘੇ ਕੂਕੇ, ਘੋੜਿਆਂ ਤੇ ਜਵਾਨਾਂ ਨੇ ਪਲਾਕੀਆਂ ਮਾਰੀਆਂ, ਇਹ ਆਦੇਸ਼ ਸੀ ਕੂਚ ਦਾ।

ਰਿਆਨ੍ਹਾਂ ਸੈ ਰੁਪਈਏ ਦੀ ਥੈਲੀ ਮਹਾਰਾਜ ਦੀ ਨਜ਼ਰ ਭੇਟਾ ਕੀਤੀ, ਇਕ ਖ਼ੂਬਸੂਰਤ ਅਰਬੀ ਘੋੜਾ ਜਿਹਦੀ ਜ਼ੀਨ ਹੀਰਿਆਂ ਨਾਲ ਜੜ੍ਹੀ ਹੋਈ ਸੀ ਪੇਸ਼ ਕੀਤਾ। ਪਟਰਾਣੀ ਦੀਆਂ ਦੀਆਂ ਅੱਖਾਂ ਵਿਚ ਬਰਸਾਤ ਲੱਗੀ ਹੋਈ ਸੀ।

ਕਿਉਂ ਉਦਾਸ ਏਂ ਮਹਾਰਾਣੀ. ਅਸੀਂ ਤੇਰੇ ਕੋਲ ਹਾਂ। ਜਦ ਯਾਦ ਕਰੇਂਗੀ ਸਾਨੂੰ ਹਾਜ਼ਰ ਪਾਵੇਂਗੀ।

ਪ੍ਰਾਹੁਣਾ ਆਇਆਂ ਏ ਉਸ ਚਲੇ ਈ ਜਾਣਾ ਏ। ਸੂਰਜ ਚੜ੍ਹਿਆ ਏ, ਸੂਰਜ ਨੇ ਡੁੱਬਣਾ ਈ ਏ ਦੂਜੇ ਦਵਾਰਿਓਂ। ਸਤਿਗੁਰ ਮੇਰਾ ਪੁੱਤਰ ਅਜੇ ਬਾਲ ਏ। ਵੈਰੀਆਂ ਦੀਆਂ ਅੱਖਾਂ ਮੇਰੇ ਰਾਜ ਘਰਾਣੇ ਤੇ ਲੱਗੀਆਂ ਹੋਈਆਂ ਨੇ।

ਅਸੀਂ ਤੁਹਾਡੇ ਨਾਲ ਹਾਂ। ਹਰ ਭੀੜ ਵਿਚ ਅਸੀਂ ਤੁਹਾਡੇ ਨਾਲ ਹੋਵਾਂਗੇ।

ਸ਼ਾਹਿਬਜ਼ਾਦੇ ਨੇ ਗੁਰਾਂ ਦੇ ਪੈਰ ਤੇ ਮਸਤਕ ਰੱਖਿਆ, ਬੋਲ ਉੱਭਰੇ, ਤਲਵਾਰ, ਢਾਲ ਆਪਣੀ ਕਮਰ ਨਾਲ ਬੰਨ੍ਹੋਂ। ਫ਼ਤਹਿ ਤੁਹਾਡੇ ਪੈਰ ਚੁੰਮੇਗੀ।

ਨਾ ਰੋ ਮਹਾਰਾਣੀ, ਆ ਲੈ ਗੁਰੂ ਬਾਣੀ ਦਾ ਉਤਾਰਾ, ਹਿਰਦੇ ਵਿਚ ਹਰ ਵਕਤ ਮੌਜੂਦ ਰਹਾਂਗੇ। ਜਦ ਚਾਹੇਂਗੀ ਮੇਰੀ ਆਵਾਜ਼ ਸੁਣਾਈ ਦੇਵੇਗੀ।

ਘੋੜਿਆਂ ਦੇ ਸਵਾਰਾਂ ਤੇ ਨਗਾਰਿਆਂ ਨੇ ਰਾਇਪੁਰ ਦੀ ਧਰਤੀ ਖ਼ਾਲੀ ਕਰ ਦਿੱਤੀ। ਹੱਦਾਂ ਟੱਪ ਗਏ ਗੁਰੂ ਦੇ ਲਾਡਲੇ।

★

ਜਦ ਰਣਜੀਤ ਨਗਾਰੇ ਦੀ ਆਵਾਜ਼ ਕੰਨੀਂ ਪਈ ਤਦ ਗੁਲਾਬ ਰਾਏ ਤੇ ਸ਼ਾਮ ਦਾਸ ਨੇ ਸਮਝਿਆ ਮਹਾਰਾਜ ਆ ਰਹੇ ਨੇ। ਸਵਾਗਤ ਲਈ ਤਿਆਰੀ ਦਾ ਪ੍ਰਬੰਧ ਕਰ ਲਿਆ। ਦੀਵਾਨ ਨੰਦ ਚੰਦ ਤੇ ਹੋਰ ਅਹਿਲਕਾਰ ਜੁੱਟ ਗਏ। ਨਰਸਿੰਘਿਆਂ ਦੀ ਗੂੰਜ ਪਹਾੜਾਂ ਨੂੰ ਚੀਰਦੀ ਤੀਰ ਵਾਂਗੂੰ ਸਿੱਧੀ ਜਾ ਰਹੀ ਸੀ। ਢੋਲ ਵੱਜੇ, ਝੰਡੇ ਝੂਲਦੇ ਜਦ ਆਨੰਦਪੁਰ ਵਾਲਿਆਂ ਵੇਖੇ ਤਦ ਆਨੰਦਪੁਰ ਦੇ ਵਾਸੀ ਬੋਲ ਉੱਠੇ, 'ਸਤਿਗੁਰ ਆ ਗਏ।'

—ਗੁਰਾਂ ਦੇ ਚਰਨ ਧੋ ਕੇ ਪਹੁਲ ਵੰਡੋ।

ਆਨੰਦਪੁਰ ਦੀ ਧਰਤੀ ਨੂੰ ਭਾਗ ਲੱਗੇ ਹਨ। ਆਨੰਦਪੁਰ ਦਾ ਵਾਲੀ ਆ ਗਿਆ।

ਗੁਰੂ ਤੋਂ ਬਗੈਰ ਸੱਖਣੀ ਧਰਤੀ ਵੀ ਭਾਂ-ਭਾਂ ਕਰਦੀ ਸੀ। ਹੁਣ ਲੱਗਣਗੀਆਂ ਰੌਣਕਾਂ।

—ਲੋਕ ਆਨੰਦਪੁਰ ਆਉਣਾ ਹੀ ਭੁੱਲ ਗਏ ਸਨ। ਹੁਣ ਮੋਹਾਰਾਂ ਮੋੜੇਗੀ ਸੰਗਤ।

— ਵਿਹੜੇ ਦੀਆਂ ਰੌਣਕਾਂ ਆ ਗਈਆਂ, ਤੇਲ ਚੋਵੋ, ਸ਼ਗਨ ਮਨਾਵੋ ਸਾਡੇ ਸਿਰ ਦਾ ਸਾਈਂ ਆਇਆ ਏ। ਆਨੰਦਪੁਰ ਹੁਣ ਦੇਵ ਲੋਕ ਬਣ ਜਾਵੇਗਾ। ਅੰਮ੍ਰਿਤਸਰ ਦੀ ਖੁਸ਼ਬੂ ਆਨੰਦਪੁਰ 'ਚ ਆਵੇਗੀ ਗੋਇੰਦਵਾਲ ਦੀ ਸੰਗਤ ਦੀ ਮਰਿਯਾਦਾ ਦੇ ਨਜ਼ਾਰੇ ਹੁਣ ਆਨੰਦਪੁਰ ਵਿਚ ਵੇਖੇ ਜਾਣਗੇ। ਆਨੰਦਪੁਰ ਵਾਲਿਆਂ ਜਿੱਧਰ ਦੀ ਗੁਰੂ ਨੇ ਆਉਣਾ ਸੀ ਚਿੱਟੀਆਂ ਚਾਦਰਾਂ ਵਿਛਾਈਆਂ ਹੋਈਆਂ ਸਨ, ਫੁੱਲਾਂ ਦੇ ਢੇਰ ਜਮ੍ਹਾਂ ਕੀਤੇ ਹੋਏ ਸਨ। ਆਨੰਦਪੁਰ ਦੇ ਲੋਕ ਖਿੜੇ ਗੁਲਾਬ ਵਾਂਗੂੰ ਟੌਂ-ਟੌਂ ਕਰਦੇ ਸੀ। ਆਨੰਦਪੁਰ ਦਿਆਂ ਬਾਜ਼ਾਰਾਂ ਵਿਚ ਗਹਿਮਾ-ਗਹਿਮੀ ਹੋ ਗਈ। ਬੰਦੇ ਕਿਧਰੋਂ ਆ ਗਏ। ਰੌਣਕਾਂ ਕਦ ਜੁੜ ਗਈਆਂ। ਇਹ ਵੀ ਕੋਈ ਅਚੰਭਾ ਹੀ ਸੀ। ਸਭ ਤੋਂ ਪਹਿਲਾਂ ਨਰਸਿੰਘੇ ਵਾਲੇ ਆਏ ਤੇ ਫੇਰ ਢੋਲਾਂ ਵਾਲਿਆਂ ਨੇ ਆਪਣਾ ਜਲਾਲ ਵਿਖਾਇਆ। ਰਣਜੀਤ ਨਗਾਰਾ ਵੱਜਦਾ ਆ ਰਿਹਾ ਸੀ, ਧਰਤੀ ਝੂਮ ਰਹੀ ਸੀ, ਆਕਾਸ਼ ਗੂੰਜਿਆ। ਜਿਸ ਵੀ ਸੁਣਿਆ ਉਹੀ ਆਨੰਦਪੁਰ ਆ ਗਿਆ। ਉਹਦੇ ਮਗਰ ਘੋੜਿਆਂ ਦੀ ਕਤਾਰਾਂ ਤੇ ਉਹਦੇ ਮਗਰ ਜਰਨੈਲ ਜੋਧੇ ਜਿਨ੍ਹਾਂ ਨੇ ਭੰਗਾਣੀ ਦੀ ਜੰਗ ਵਿਚ ਧੁੰਮ ਪਾਈ ਸੀ, ਜੈਕਾਰੇ ਛੱਡਦੇ ਆ ਰਹੇ ਸਨ। ਗੁਰੂ ਗੋਬਿੰਦ ਰਾਏ ਦਾ ਘੋੜਾ ਜਦ ਸੰਗਤਾਂ ਨੇ ਵੇਖਿਆ ਤਾਂ ਫੁੱਲਾਂ ਦੀ ਵਰਖਾ ਕੀਤੀ, ਬਹੁਤ ਵੱਡਾ ਸਵਾਗਤ ਸੀ। ਸੰਗਤ ਵੀ ਨਿਹਾਲ ਹੋ ਗਈ ਤੇ ਗੁਰਾਂ ਦਾ ਮਨ ਵੀ ਪ੍ਰਸੰਨ ਹੋਇਆ। ਆਨੰਦਪੁਰ ਦੀ ਪਿਆਸ ਬੁਝੀ।

ਗੁਰਾਂ ਨੇ ਇਕ ਵਾਰ ਆਨੰਦਪੁਰ ਨੂੰ ਵੇਖਿਆ। ਵਿਛੋੜਾ ਇਕ ਵਾਰ ਮਿਲਾਪ ਵਿਚ ਮਿਲ ਗਿਆ। ਸੰਗਤ ਕੀ ਮਿਲੀ ਦੋ ਜਹਾਨਾਂ ਦਾ ਭੰਡਾਰ ਇਕੱਠਾ ਹੋ ਗਿਆ।

ਗੋਬਿੰਦ ਰਾਏ ਘੋੜੇ ਤੋਂ ਉਤਰੇ ਤੇ ਉਨ੍ਹਾਂ ਸਭ ਤੋਂ ਪਹਿਲਾਂ ਆਨੰਦਪੁਰ ਦੀ ਧਰਤੀ ਨੂੰ ਨਮਸਕਾਰ ਕੀਤਾ।

—ਮਾਤੇਸਵਰੀ, ਤੇਰਾ ਪੁੱਤ ਆ ਗਿਐ, ਤੇਰੀ ਗੋਦ ਕੁਝ ਚਿਰ ਖ਼ਾਲੀ ਰਹੀ ਮੈਂ ਆ ਗਿਆ ਹਾਂ। ਲਿੱਖ ਦੇ ਮਾਂ, ਤੇਰੇ ਚਰਨਾਂ ਦੀ ਧੂੜ ਅਕਸੀਰ ਏ। ਤਿਲਕ ਦੇ ਰਾਜ ਸਿੰਘਾਸਨ ਦਾ ਮੈਂ ਆ ਗਿਆ ਹਾਂ ਹੁਣ ਆਨੰਦਪੁਰ ਸੰਵਾਰਾਂਗਾ। ਆਨੰਦਪੁਰ ਵੇਖਣ ਆਉਣਗੇ ਲਾਹੌਰ ਸਰਹੰਦ ਵਾਲੇ। ਸੰਗਤ ਬੇਚੈਨ ਏ। ਕੱਲ ਸਵੇਰੇ ਪਹਿਲਾਂ ਆਸਾ ਦੀ ਵਾਰ ਦੇ ਭੋਗ ਮਗਰੋਂ ਇਕ-ਇਕ ਦੇ ਦਰਸ਼ਨ ਕਰਾਂਗੇ। ਹੁਣ ਇਜਾਜ਼ਤ ਦਿਓ ਮੈਨੂੰ

ਮਹਾਰਾਜ ਮਹਿਲੀਂ ਚਲੇ ਗਏ ਤੇ ਸਾਰੀ ਸੰਗਤ ਤੇ ਫ਼ੌਜੀ ਜਵਾਨਾਂ ਨੂੰ ਆਰਾਮ ਕਰਨ ਦਾ ਹੁਕਮ ਦੇ ਦਿੱਤਾ। ਕੱਲ੍ਹ ਸਵੇਰੇ ਦਰਸ਼ਨ ਹੋਣਗੇ, 'ਹੁਕਮ ਦੇ ਦਿੱਤਾ।'

ਮਾਤਾ ਜੀ ਦੇ ਚਰਨਾਂ ਤੇ ਸੀਸ ਝੁਕਾਇਆ। ਸਾਹਿਬਜ਼ਾਦਿਆਂ ਦਾ ਮੱਥਾ ਚੁੰਮਿਆ।

—ਆ ਗਿਆ ਮੇਰਾ ਲਾਲ, ਬੜੀ ਉਡੀਕ, ਬੜੀ ਤਾਂਘ ਆਨੰਦਪੁਰ ਦੀ ਯਾਦ ਨਹੀਂ ਆਈ, 'ਮਾਤਾ ਜੀ ਦੇ ਬੋਲ ਸਨ।'

—ਜੰਗ ਦੀ ਜਵਾਲਾ, ਮੌਤ ਦੀਆਂ ਡਾਇਨਾਂ ਤੇ ਤਲਵਾਰਾਂ ਦੀ ਛਾਂ ਹੇਠ ਦਿਨ ਕੱਟੇ ਤੇ ਰਾਤਾਂ ਗੁਜ਼ਾਰੀਆਂ। ਉਥੋਂ ਵਿਹਲ ਮਿਲਦੀ ਤੇ ਆਉਂਦਾ। ਪਹਾੜੀ ਰਾਜੇ ਆਪ ਤੇ ਖ਼ਰਾਬ ਹੋਏ ਤੇ ਨਾਲ ਸਾਡਾ ਵੀ ਸਮਾਂ ਖ਼ਰਾਬ ਕੀਤਾ। ਲੱਭਾ ਕੁਝ ਨਹੀਂ ਐਵੇਂ ਖ਼ੂਨ-ਖ਼ਰਾਬਾ। ਬੇਦੋਸ਼ਿਆਂ ਦੀਆਂ ਜਾਨਾਂ ਬਰਬਾਦ ਹੋਈਆਂ ਨੇ। ਮਾਤਾ ਜੀ ਪਹਾੜੀਆਂ ਦੇ ਦਿਲ ਪੱਥਰ ਹਨ। ਪਿਆਰ ਇਨ੍ਹਾਂ ਦੇ ਲਹੂ ਵਿਚ ਨਹੀਂ। ਜਿਸ ਧਰਤੀ ਵਿਚ ਪਿਆਰ ਨਹੀਂ। ਉਹ ਧਰਤੀ ਨਿਰਮੋਹੀ ਹੋ ਜਾਂਦੀ ਏ। ਪੱਥਰ ਦਿਲ ਪਹਾੜੀਏ ਮੋਮ ਨਹੀਂ ਹੋ ਸਕਦੇ। ਪਹਾੜ 'ਚ ਸਿਰਫ਼ ਖ਼ੂਬਸੂਰਤੀ ਏ ਪਿਆਰ ਨਹੀਂ, ਮੁਹੱਬਤ ਨਹੀਂ, ਜ਼ਬਾਨ ਚਮੜੇ ਦੀ ਏ, ਜ਼ਬਾਨ ਦਾ ਕੌਡੀ ਮੁੱਲ ਨਹੀਂ। ਪਹਾੜ ਦਾ ਈਮਾਨ ਬੇ ਪੇਂਦੇ ਲੋਟੇ ਵਰਗਾ ਏ, ਰਾਜੇ ਅਯਾਸ਼ ਹਨ ਤੇ ਗ਼ਰੀਬ ਜਨਤਾ ਗ਼ਰੀਬੀ 'ਚ ਪਿਸ ਰਹੀ ਏ। ਸੁਸਤੀ ਤੇ ਕਾਹਿਲ ਦੀ ਜ਼ੰਜੀਰ ਨੇ ਜਕੜ ਰੱਖਿਐ। ਮੰਦੇ ਲੋਕ ਬਹੁਤ ਹਨ, ਚੰਗੇ ਬਹੁਤ ਘੱਟ ਹਨ। ਪਹਾੜ ਵਿਚ ਤੇ ਦੇਵਤੇ ਵਸਦੇ ਸਨ। ਇਹ ਰਾਕਸ਼ਸ਼ ਕਿੱਥੋਂ ਆ ਗਏ। ਚੜ੍ਹਦੇ ਸੂਰਜ ਨੂੰ ਸਲਾਮ ਕਰਦਿਆਂ ਆਪਣਾ ਕੋਈ ਧਰਮ ਨਹੀਂ। ਸਿਰਫ਼ ਮੁਗ਼ਲਾਂ ਦੀ ਜੀ—ਹਜ਼ੂਰੀ, ਮੁਗ਼ਲਾਂ ਦੀਆਂ ਜੂਠੀਆਂ ਬੁਰਕੀਆਂ ਖਾ ਜਾਂਦੇ। ਮੁਗ਼ਲ ਤੇ ਈਮਾਨ ਫੈਂਡਦੇ ਪੱਲਿਓਂ ਪੈਸੇ ਦੇ ਕੇ। ਨੌਕਰੀਆਂ ਲਵੋ, ਜਾਗੀਰਾਂ ਲਵੋ, ਖ਼ੂਬਸੂਰਤ ਰੰਨਾਂ ਈਰਾਨੀ ਜਿਹੜੀਆਂ ਹੱਥ ਲਾਇਆਂ ਮੈਲੀਆਂ ਹੋ ਜਾਣ ਮਨ-ਪਸੰਦ ਦੀ ਜਿਹਦੇ ਤੇ ਉਂਗਲ ਧਰੋ। ਪਰ ਇਕੋ ਗੱਲ ਕਲਮਾਂ ਪੜ੍ਹੋ ਤੇ ਸਾਰੀ ਉਮਰ ਐਸ਼ ਨਾਲ ਗੁਜ਼ਾਰੋ। ਮੁਗ਼ਲਾਂ ਦੀਆਂ ਪਾਤਾਲ ਵਿਚ ਜੜ੍ਹਾਂ ਹਨ। ਮੁਗ਼ਲਾਂ ਨੇ ਹੁਣੇ ਇੱਥੇ ਘਰ ਬਣਾ ਲਏ ਹਨ। ਮਾਤਾ ਜੀ ਬੜਾ ਬਿਖੜਾ ਪੈਂਡਾ ਏ ਕਿਤੇ ਮੁੱਕਣ ਦਾ ਨਾਂ ਈ ਨਹੀਂ ਲੈਂਦਾ। ਜਿਨ੍ਹਾਂ ਨੇ ਘੋੜਿਆਂ ਦੀ ਸ਼ਰਨ ਲੈ ਲਈ। ਉਹ ਜ਼ਰਾ ਕੁ ਸੁਖੀ ਹਨ। ਹੁਣ ਜ਼ਰਾ ਕੁ ਸੋਚ ਬਦਲੀ ਏ। ਹੋਸ਼ ਆਈ ਏ ਪਹਾੜ ਨੂੰ। ਐਵੇਂ ਛਿੱਟ ਕੁ ਜਿੰਨੀ ਆਜ਼ਾਦੀ ਦਾ ਜਲਾਲ ਵੇਖਿਆ ਏ।

ਬੇਟਾ ਗੁਰੂਆਂ ਦੇ ਪਾਏ ਪੂਰਨਿਆਂ ਤੇ ਚਲ ਕੇ ਇਹ ਆਪੇ ਹੀ ਸ਼ਰਨ ਕਬੂਲ ਲੈਣਗੇ। ਬੇਟਾ ਤੇਰੇ ਤੇ ਗੁਰੂ ਨਾਨਕ ਦੇਵ ਦਾ ਹੱਥ ਏ। ਬੜੀ ਮੁਸ਼ਕਲ ਛੁੱਟਦੀਆਂ ਨੇ ਪੁਰਾਣੀਆਂ ਆਦਤਾਂ।

ਮਾਤਾ ਜੀ, ਆਸ਼ੀਰਵਾਦ ਦਿਉ, ਮੈਂ ਆਪਣੇ ਰਾਹ ਤੇ ਚਲਦਾ ਰਹਾਂ।

—ਬੇਟਾ ਤੇਰੇ ਤੇ ਨੌਵੇਂ ਗੁਰੂ ਦੀ ਬਖ਼ਸ਼ਿਸ਼ ਏ, ਬਲਿਦਾਨ, ਸ਼ਹੀਦੀਆਂ ਕਦੀ ਬੇ-ਅਰਥ ਨਹੀਂ ਜਾਂਦੀਆਂ। ਗੁਰੂ ਮਿਹਰਬਾਨ।

ਗੁਰੂ ਗੋਬਿੰਦ ਰਾਏ ਨੇ ਤੇ ਐਵੇਂ ਈ ਪੱਲ ਭਰ ਅੱਖ ਲਾਈ ਹੋਣੀ ਏ। ਰਾਤ ਮੁੱਕ ਗਈ ਦਿਨ ਦੇ ਦੇਵਤੇ ਨੇ ਘੜਿਆਲ ਤੇ ਸੱਟਾਂ ਮਾਰੀਆਂ। ਗੱਜ ਕੇ ਬੋਲਿਆ, ਦਿਨ ਚੜ੍ਹਨ ਵਾਲਾ ਏ ਉੱਠੋ। ਨੀਂਦ ਤਿਆਗੋ, ਭਗਤ ਵੀ ਜਾਗੇ ਹਨ ਤੇ ਭਗਵਾਨ ਵੀ, ਸੰਗਤ ਵੀ ਜਾਗੀ ਹੈ ਤੇ ਗੁਰੂ ਵੀ ਜਾਗ ਪਿਆ ਏ। ਹੁਣ ਆਲਸ ਦੀ ਲੋੜ ਨਹੀਂ। ਚਲੋ ਦੀਵਾਨ ਵਿਚ।

ਇਸ਼ਨਾਨ ਧਿਆਨ ਤੋਂ ਸੰਗਤਾਂ ਵਿਹਲੀਆਂ ਹੋ ਕੇ ਦੀਵਾਨ 'ਚ ਆਣ ਬੈਠੀਆਂ। ਆਸਾ

ਦੀ ਵਾਰ ਤੇ ਕੀਰਤਨ ਤੇ ਫੇਰ ਕੁਝ ਚਿਰ ਬਾਅਦ ਗੁਰੂ ਗੋਬਿੰਦ ਰਾਏ ਸੰਗਤ ਦੀ ਹਾਜ਼ਰੀ ਵਿਚ ਹਾਜ਼ਰ ਹੋਏ।

ਹੱਥ ਜੋੜੇ, ਅਸੀਂ ਸੰਗਤ ਤੋਂ ਦੂਰ ਰਹੇ ਹਾਂ ਕੁਝ ਸਾਲ। ਇਹ ਮੈਨੂੰ ਬਹੁਤ ਪਛਤਾਵਾ ਏ ਕੀ ਕਰੀਏ ਕੰਮ ਜੇ ਅਵੱਲੇ ਪੈ ਜਾਣ ਤੇ ਫੇਰ ਬੰਦਾ ਮਜਬੂਰ ਹੁੰਦੈ।

--ਸ਼ਾਮ ਦਾਸ ਬੋਲਿਆ, ਹਜ਼ੂਰ, ਕੀ ਦੱਸਾਂ ਤੁਸਾਂ ਆਨੰਦਪੁਰ 'ਚੋਂ ਪੈਰ ਕੱਢੇ ਤੇ ਆਨੰਦਪੁਰ ਦੀਆਂ ਰੌਣਕਾਂ ਈ ਖਤਮ ਹੋ ਗਈਆਂ। ਜਿਧਰ ਵੇਖਦਾ ਸਾਂ ਉਜਾੜ ਈ ਉਜਾੜ ਨਜ਼ਰ ਆਉਂਦੀ ਸੁੰਨਸਾਨ ਈ ਸੁੰਨਸਾਨ।

ਸਾਡੀ ਮਰਿਯਾਦਾ, ਸਾਡਾ ਗੌਰਵ ਸਭ ਮਿੱਟੀ 'ਚ ਮਿਲ ਗਿਆ। ਸੋਢੀ ਕੁਝ ਚਿਰ ਝਰਟੇ ਮਾਰੇ ਆਨੰਦਪੁਰ ਨੂੰ ਸਲਾਮਾਂ ਕਰਕੇ ਚਲੇ ਗਏ। ਤੇ ਰਹਿੰਦ-ਖੂੰਹਦ ਹਾਕਮਾਂ ਨਾਲ ਜਾ ਮਿਲੀ। ਨਾ ਵੈਰੀ ਦੀ ਪਛਾਣ ਰਹੀ ਤੇ ਨਾ ਦੋਸਤ ਦੀ।

—ਚਲੋ ਕੱਚਾ ਪਿੱਲਾ ਝੜ ਗਿਆ। ਗਲੋਂ ਬਲਾ ਲੱਥੀ। ਹੁਣ ਪਾਜੇ ਦਾ ਸੋਨਾ ਆਨੰਦਪੁਰ ਈ ਰਹੇਗਾ। ਮੁਲੰਮਾ ਕੀਤਾ ਹੋਇਆ ਗਹਿਣਾ ਗਲੇ ਦਾ ਹਾਰ ਨਹੀਂ ਬਣ ਸਕਦਾ। ਸ਼ੁੱਧ ਤੇ ਨਿੱਗਰ ਸੋਨੇ ਦੀਆਂ ਚਮਕਾਂ ਵੇਖੋਗੇ।

ਜਿਹੜੇ ਜੰਗ ਤੋਂ ਮੂੰਹ ਮੋੜ ਬੈਠੇ ਹਨ। ਉਹ ਅੱਜ ਸ਼ਰਮਿੰਦੇ ਹਨ। ਸਤਿਗੁਰਾਂ ਫ਼ਰਮਾਇਆ ਚੰਗਾ ਇਸੇ ਵਿਚ ਈ ਏ ਕਿ ਉਹ ਆਨੰਦਪੁਰ ਛੱਡ ਜਾਣ। ਜਿਹੜੇ ਰੋਟੀ ਲਈ ਵਹੀਰਾਂ ਘੱਤ ਕੇ ਬੈਠੇ ਹਨ। ਉਹ ਆਨੰਦਪੁਰ ਦੀ ਜੂਹ ਵਿਚੋਂ ਬਾਹਰ ਨਿਕਲ ਜਾਣ।

ਸਤਿਗੁਰ ਬੁਜ਼ਦਿਲ, ਵਿਹਲੜ ਤੇ ਵਿੱਲੜ ਤੇ ਸਾਜ਼ਿਸ਼ ਕਰਨ ਵਾਲੇ ਦੀ ਇੱਥੇ ਕੋਈ ਥਾਂ ਨਹੀਂ। ਜਿਹੜਾ ਆਪਣੀ ਕਾਇਆ ਦੀ ਹਿਫ਼ਾਜ਼ਤ ਨਹੀਂ ਕਰ ਸਕਦਾ ਉਹਨੂੰ ਆਨੰਦਪੁਰ ਕਦੀ ਨਹੀਂ ਝੱਲੇਗਾ। ਗੁਲਾਬ ਰਾਏ ਨੇ ਆਖਿਆ।

—ਫ਼ੈਸਲਾ ਅਟੱਲ ਏ। ਦੋਗਲੀ ਨਸਲ ਦੇ ਬੰਦੇ ਆਨੰਦਪੁਰ ਦੀ ਧਰਤੀ ਨੂੰ ਗੰਦਾ ਨਾ ਕਰਨ। ਆਪਣੀ ਪੱਗ ਸੰਭਾਲੋ ਤੇ ਚੱਲਦੇ ਬਣੋ। ਵਰਨਾ ਫਿਰ ਤਾਕਤ ਤੋਂ ਕੰਮ ਲਿਆ ਜਾਵੇਗਾ। ਸਖ਼ਤੀ, ਬੇਰੁਖ਼ੀ ਸਾਨੂੰ ਵਰਤਣ ਦਾ ਸਮਾਂ ਨਾ ਦਿਉ।

ਢੰਗੀ ਹੋਰ ਹੱਥ ਬੰਨ੍ਹੀ ਖੜੀ ਪਰ ਕਿਸੇ ਨੂੰ ਖਿਮਾਂ ਦਾ ਦਾਨ ਨਾ ਮਿਲਿਆ।

ਸਤਿਗੁਰਾਂ ਦੀ ਤਿੱਖੀ ਨਜ਼ਰ ਨੇ ਭਾਂਪ ਲਿਆ ਸੀ ਕਿ ਹੁਣ ਜੰਗ ਦਾ ਮੈਦਾਨ ਆਨੰਦਪੁਰ ਈ ਬਣੇਗਾ। ਹੁਣ ਸਾਡੀ ਇਸੇ 'ਚ ਅਕਲਮੰਦੀ ਏ ਕਿ ਜੰਗ ਦੇ ਬੱਦਲ ਜੇ ਚੜ੍ਹ ਵੀ ਆਉਣ ਤੇ ਸਾਨੂੰ ਜੰਗ ਜ਼ਰੂਰ ਲੜਨੀ ਚਾਹੀਦੀ ਏ ਆਨੰਦਪੁਰ ਤੋਂ ਦੂਰ ਵਿੱਥ ਰੱਖ ਕੇ।

ਪਹਿਲਾ ਗੜ੍ਹ ਸਤਲੁਜ ਦੇ ਕੰਢੇ, ਨਿਰਮੋਹ ਗੜ੍ਹ, ਹੋਲ ਗੜ੍ਹ, ਲੋਹ ਗੜ੍ਹ ਬਣਾਇਆ ਜਾਏ। ਚਰਨ ਗੰਗਾ ਦੇ ਕਿਨਾਰੇ ਫ਼ਤਹਿ ਗੜ੍ਹ ਦਾ ਕਿਲ੍ਹਾ ਉਸਾਰਿਆ ਜਾਏ। ਉਸ ਤੋਂ ਪਰ੍ਹੇ ਹੱਟ ਕੇ ਕੇਸਗੜ੍ਹ ਤੇ ਸਭ ਤੋਂ ਉੱਚੀ ਥਾਂ ਤੇ ਆਨੰਦਪੁਰ ਦੀ ਸਥਾਪਨਾ ਕੀਤੀ ਜਾਵੇ।
ਬੰਦੂਕਾਂ, ਤੋਪਾਂ ਢਾਲਨ ਦੇ ਕਾਰਖ਼ਾਨੇ ਆਨੰਦਪੁਰ ਵਿਚ ਹੀ ਲੱਗਣਗੇ। ਸਾਰੇ ਹਥਿਆਰ ਆਨੰਦਪੁਰ ਵਿਚ ਹੀ ਬਣਾਏ ਜਾਣਗੇ। ਦਿਨਾਂ ਵਿਚ ਆਨੰਦਪੁਰ ਦੀ ਨੁਹਾਰ ਬਦਲ ਗਈ। ਆਨੰਦਪੁਰ ਗੜ੍ਹ ਬਣ ਗਿਆ ਕਿਲ੍ਹਿਆਂ ਦਾ।

*

ਛਲ-ਕਪਟ ਨਾਲ ਭਾਵੇਂ ਕੋਈ ਆਨੰਦਪੁਰ ਪੁੱਜ ਜਾਏ, ਵੈਸੇ ਕਿਲ੍ਹਿਆਂ ਦੀ ਛਾਂ ਥੱਲਿਓਂ ਹੋ ਕੇ ਕੋਈ ਆਨੰਦਪੁਰ ਨਹੀਂ ਸੀ ਪੁੱਜ ਸਕਦਾ। ਕਿਲ੍ਹਿਆਂ ਦੀਆਂ ਕਤਾਰਾਂ ਰਾਖੀ ਕਰ ਰਹੀਆਂ ਸਨ ਆਨੰਦਪੁਰ ਦੀਆਂ।

ਦਰਬਾਰੀ ਕਵੀ ਹੰਸਰਾਜ ਦੇ ਪੜਪੋਤਰੇ ਚੰਦਰਸ਼ੇਖਰ ਵਾਜਪਾਈ ਜਦ ਆਨੰਦਪੁਰ ਵੇਖਿਆ ਤੇ ਉਹਦੀ ਕਲਮ ਵਿਚ ਜੋਸ਼ ਆਇਆ। ਜੁੰਬਸ਼ ਲਈ ਕਲਮ ਨੇ, ਕਰਵੱਟ ਬਦਲ ਰਹੀ ਸੀ ਕਲਮ ਤੇ ਉਹਦਾ ਦਿਲ ਬੋਲਿਆ।

ਆਨੰਦਪੁਰ ਆਨੰਦ ਦੀ ਜੜ੍ਹ, ਮੂਲ ਥਾਂ ਆਨੰਦ ਕੋ ਕੰਧ ਹੈ। ਦਰਿਆ ਵਿਚੋਂ ਉੱਠਦੀ ਮ੍ਰਿਗ ਜਲ ਦੀ ਲੋਅ ਤੇ ਨਜ਼ਰ ਨਹੀਂ ਟਿਕਦੀ। ਦਰਿਆ ਦੇ ਕੰਢੇ ਤੇ ਧਾਮ ਬਣਾ ਕੇ ਉੱਥੇ ਧਰਮ ਦੀਆਂ ਧੁਜਾਵਾਂ ਝੁਲਾ ਦਿੱਤੀਆਂ ਬਾਗਾਂ ਦਾ ਨਗਰ ਬਣ ਗਿਆ। ਦਰਖ਼ਤਾਂ ਦੇ ਝੁੰਡ ਨਾਲ ਘਿਰਿਆ ਹੋਇਆ ਖ਼ੂਬ ਬਉਲੀਆਂ, ਸਰੋਵਰਾਂ ਦੀ ਇਤਿਹਾ ਭਰਮਾਰ ਏ। ਸਾਗਰ ਦੇ ਭੋਲੇ ਪੈਂਦੇ ਹਨ। ਬਾਜ਼ਾਰ ਸੋਹਣੇ, ਦੁਕਾਨਾਂ ਉੱਚੀਆਂ, ਜੋ ਕੋਈ ਮੂੰਹੋਂ ਮੰਗੇ ਉਹੋ ਕੁਝ ਮਿਲਦੈ। ਚਾਰੇ ਵਰਨ, ਚਾਰੇ ਆਸ਼ਰਮ ਆਨੰਦ ਪਾਉਂਦੇ ਹਨ। ਸਭ ਤੋਂ ਵੱਡੀ ਗੱਲ ਇੱਥੇ ਸੰਗਤ, ਸਿੱਖ ਤੇ ਮਸੰਦ ਦੁਖੀਆਂ ਤੇ ਬੇ-ਆਸਰਿਆਂ ਨੂੰ ਦੇਖਦੇ ਹਨ। ਹਰੇਕ ਦੀ ਦੇਖਭਾਲ ਕਰਦੇ ਹਨ। ਆਸਾ ਦੀ ਵਾਰ ਸ਼ੁਰੂ ਏ। ਸੰਗਤ ਦੀ ਸੇਵਾ ਕਰ ਰਹੀ ਏ। ਦਿਹਾੜੀ ਦੇ ਕੰਮ ਕਰਨ ਵਾਲੇ ਮਜ਼ਦੂਰਾਂ ਵਿਚ ਵੀ ਉਤਸ਼ਾਹ ਦੇ। ਪਿਆਰ ਮੁਹੱਬਤ ਤੇ ਉਨਸ ਦੀ ਗੰਗਾ ਵੱਗਦੀ ਏ। ਅਜ਼ਾਦਗੀ ਵਿਚ ਲਹੂ ਨਹੀਂ ਖੌਲਦਾ ਸਗੋਂ ਪਿਆਰ ਦੀ ਖ਼ੁਸ਼ਬੂ ਆਉਂਦੀ ਏ। ਕਵੀ ਦੀ ਜ਼ੁਬਾਨ ਤੋਂ ਸੁਣੋ।

ਤਾ ਕੇ ਕਿਤਿ ਬਿਲਿ ਬਰਨਿਯੇ, ਨਗਰ ਬਾਗ ਬਨ ਬ੍ਰਿੰਦ।
ਕੂਪ ਤੜਾਗਨ ਕੋ ਲਖੇ, ਜਲ ਨਿਧਿ ਲਾਗਤ ਮੰਦ।
ਹਾਟ ਘਾਟ ਬਾਧੇ ਸਭ, ਮਾਨਿਕ ਮੋਲ ਅਪਾਰ।
ਤਾ ਮੈ ਜਟਿਤ ਭਲੇ ਕਿਯੇ, ਮਣਿ ਗਣਿ ਹੀਰਾ ਲਾਲ।
ਰਚਨਾ ਰਹੀ ਰਚੇ ਅਜੋ, ਵਿਸੁ ਕਰਮਨ ਕੀ ਭੀਰ।
ਬਾਮਨ ਧਰਮ ਧੁੰਜਾ ਬੰਧੀ, ਸੁਤ ਰੁਦਾ ਕੇ ਤੀਰ।
ਚਾਰ ਬਰਣ ਚਾਰੇ ਜਗ, ਆਸ੍ਰਮ ਕਰਤ ਅਨੰਦ।
ਤਾ ਕੋ ਨਾਮ ਅਨੰਦਪੁਰ ਹੈ, ਅਨੰਦ ਕੋ ਕੰਦ।
ਸੰਗਤ ਸਿੰਘ ਮਸੰਦ ਸਭ, ਹੋਰ ਪਰੇ ਪਰ ਪੀਰ।
ਤਹਾਂ ਬਸਤ ਗੁਰੂ ਗੋਬਿੰਦ, ਧਰਮ ਧੁਰੰਧਰ ਪੀਰ।

ਆਨੰਦਪੁਰ ਵਿਚ ਸ਼ਾਂਤੀ ਦਾ ਵਾਤਾਵਰਨ ਸੀ। ਸਿਰਫ਼ ਇੰਤਜ਼ਾਮ ਈ ਵਿਗੜਿਆ ਹੋਇਆ ਸੀ। ਨੱਸਣ ਵਾਲੇ ਨੱਸ ਚੁੱਕੇ ਸਨ। ਸਤਿਗੁਰਾਂ ਦੇ ਖ਼ਿਆਲਾਂ ਵਿਚ ਇਕ ਨਵੀਂ ਕੌਮ ਦੀ ਉਸਾਰੀ ਸੀ। ਉਹ ਉਹੋ ਜਿਹਾ ਮਾਹੌਲ ਪੈਦਾ ਕਰਨਾ ਚਾਹੁੰਦੇ ਸਨ। ਸ਼ਹਿਨਸ਼ਾਹ ਤੇ ਦੱਖਣ ਵਿਚ ਗੋਲਕੁੰਡੇ ਤੇ ਬੀਜਾਪੁਰ ਵਿਚ ਆਪਣੀ ਕਿਸਮਤ ਅਜ਼ਮਾਈ ਕਰ ਰਿਹਾ ਸੀ। ਮਰਹੱਟੇ ਉਹਦੀ ਜਾਨ ਦੇ ਵੈਰੀ ਸਨ। ਪੰਜਾਬ ਤੇ ਦਿੱਲੀ ਦਾ ਕੋਈ ਖ਼ਸਮ ਗੁਸਾਈਂ ਨਹੀਂ ਸੀ। ਬੰਗਾਲ ਦੀ ਜੰਗ ਨੇ ਮੁਗ਼ਲਾਂ ਦੇ ਦਿਲਾਂ ਵਿਚ ਭੈਅ ਖੜਾ ਕਰ ਦਿੱਤਾ ਸੀ। ਤਖ਼ਤ ਦੇ ਪਾਵੇ ਹਿੱਲੇ, ਬਾਦਸ਼ਾਹ ਨੇ ਦੱਖਣ 'ਚ ਬੈਠੇ ਹੁਕਮ ਚਾੜ੍ਹਿਆ ਲਾਹੌਰ ਦੇ ਸੂਬੇ ਨੂੰ, ਕੰਨ ਖਿੱਚੇ ਸਰਹੰਦ ਦੇ ਨਵਾਬ ਦੇ।

— ਇਕ ਮਾਲਾ ਜਪਣ ਵਾਲੇ ਫ਼ਕੀਰ ਦੇ ਨੱਕ ਵਿਚ ਨਕੇਲ ਨਹੀਂ ਪਾ ਸਕਦੇ। ਕਿੱਥੇ ਗਈ ਤੁਹਾਡੀ ਬਹਾਦਰੀ, ਮੈਂ ਤੇ ਦੱਖਣ ਜਿੱਤ ਕੇ ਈ ਮੁੜਾਂਗਾ ਭਾਵੇਂ ਇਥੋਂ ਹੀ ਮੇਰਾ ਜਨਾਜ਼ਾ ਚੁੱਕਿਆ ਜਾਏ।

ਲਾਹੌਰ ਦੇ ਸੂਬੇ ਨੇ ਕਰਵੱਟ ਲਈ ਤੇ ਮਨਸੂਬੇ ਬਣਾਏ। ਆਨੰਦਪੁਰ ਦੀਆਂ ਇਮਾਰਤਾਂ ਨੂੰ ਜ਼ਮੀਨ ਨਾਲ ਮੇਲ ਕੇ ਪੱਧਰਾ ਕਰ ਦਿੱਤਾ ਜਾਵੇ। ਉਸ ਗੁਰੂ ਨੂੰ ਜ਼ਿੰਦਾ ਜਾਂ ਮੁਰਦਾ ਪੇਸ਼ ਕੀਤਾ ਜਾਵੇ। ਵਰਨਾਂ ਤੁਹਾਡੀਆਂ ਜਾਗੀਰਾਂ ਜ਼ਬਤ ਕਰ ਲਈਆਂ ਜਾਣਗੀਆਂ।

ਹੁਕਮ ਕੀ ਪੁੱਜਾ ਸੂਬੇ ਦੀ ਨੀਂਦ ਹਰਾਮ ਹੋ ਗਈ ਤੇ ਉਸ ਕੰਨ ਖਿੱਚ ਲਏ ਸਰਹੰਦ ਦੇ ਨਵਾਬ ਦੇ। ਹੁਕਮ ਮਿਲਿਆ ਸੀ ਫੇਰ ਤਿਆਰੀ ਤੇ ਵਕਤ ਲੱਗਣਾ ਈ ਏ।

ਇਧਰ ਸਾਹਿਬ ਗੋਬਿੰਦ ਰਾਏ ਨੇ ਆਪਣੀ ਨਵੀਂ ਵਸਾਉਣ ਵਾਲੀ ਦੁਨੀਆ ਦਾ ਪਹਿਲਾ ਕਦਮ ਚੁੱਕਿਆ। ਜ਼ਰਾ ਉਹਦਾ ਰੰਗ-ਰੂਪ ਤੇ ਵੇਖੋ ਫੇਰ ਦੂਜੇ ਕਦਮ ਦੀ ਤਿਆਰੀ ਕੀਤੀ ਜਾਏਗੀ।

ਬ੍ਰਾਹਮਣਾਂ ਨੇ ਸਾਰੇ ਭਾਰਤ ਵਿਚ ਆਪਣੇ ਨਾਂ ਦੇ ਡੰਕੇ ਵਜਾ ਰੱਖੇ ਸਨ। ਉਹਨਾਂ ਦੇ ਸ਼ਿਕੰਜੇ ਇੰਨੇ ਮਜ਼ਬੂਤ ਸਨ ਕਿ ਕੋਈ ਪ੍ਰਾਣੀ ਉਹਨਾਂ ਦੀ ਪਕੜ ਵਿਚੋਂ ਨਿਕਲ ਨਹੀਂ ਸੀ ਸਕਦਾ।

ਪਹਿਲਾਂ ਜ਼ਾਤਾਂ ਵਿਚ ਵੰਡ, ਫੇਰ ਘਰ ਵੰਡੇ, ਧਰਮ ਨੂੰ ਚਹੁੰ ਵਰਨਾ ਵਿਚ ਵੰਡ ਕੇ ਸੂਲੀ ਤੇ ਚਾੜ੍ਹ ਦਿੱਤਾ। ਬ੍ਰਾਹਮਣ ਉੱਤਮ ਤੇ ਕਸ਼ੱਤਰੀ ਦੂਜੇ ਨੰਬਰ ਤੇ, ਵੈਸ਼ ਤੇ ਸ਼ੂਦਰ ਇਹਨਾਂ ਦੀ ਕੋਈ ਪੁੱਛ ਪ੍ਰਤੀਤ ਈ ਨਹੀਂ ਸੀ। ਸ਼ੂਦਰ ਨੂੰ ਤੇ ਘਰ ਵਿਚੋਂ ਹੂੰਝੇ ਕੂੜੇ ਵਾਂਗੂੰ ਢੇਰ ਤੇ ਸੁੱਟਿਆ ਹੋਇਆ ਕੂੜੇ ਦੇ ਈ ਢੇਰ ਤੇ ਜੰਮਦਾ ਤੇ ਉਸੇ ਢੇਰ ਤੇ ਈ ਮਰ ਜਾਂਦਾ।

ਬ੍ਰਾਹਮਣਾਂ ਦੇ ਅਤਿਆਚਾਰ ਇਥੋਂ ਤੱਕ ਵੱਧ ਗਏ ਸਨ। ਤਿਉਹਾਰ ਆਏ ਤੇ ਉਹਨਾਂ ਵਿਚ ਵੀ ਤੰਡ ਪਾ ਦਿੱਤੀ। ਕੋਈ ਮਨੁੱਖ ਕਿਸੇ ਜਗ੍ਹਾ ਤੇ ਇਕੱਠਾ ਨਾ ਬੈਠ ਸਕੇ।

ਵਿਸਾਖੀ ਰੁੱਤ ਦਾ ਤਿਉਹਾਰ ਆਇਆ। ਬ੍ਰਾਹਮਣ ਦੇਵਤਾ ਨੇ ਆਪਣੇ ਹਿੱਸੇ ਲੈ ਲਿਆ। ਦੁਸਹਿਰਾ ਆਇਆ ਖ਼ੁਸ਼ੀ ਵੰਡਦਾ ਤੇ ਉਹ ਕਸ਼ੱਤਰੀਆਂ ਦੇ ਨਾਂ ਵੰਡ ਦਿੱਤਾ। ਦੀਵਾਲੀ ਲਕਸ਼ਮੀ ਪੂਜਾ ਤੇ ਉਹ ਆਈ ਵੈਸ਼ ਦੇ ਹਿੱਸੇ। ਖ਼ਰਚ ਕਰ ਬੱਚੂ ਤੇ ਮਾਇਆ ਜੋੜ ਅਸੀਂ ਤੇਰੇ ਭਾਈਵਾਲ ਹਾਂ। ਦਾਨ ਦੇ ਹਵਨ ਕਰੋ ਪੂਜਾ ਦੀ ਸਮੱਗਰੀ ਇਕੱਠੀ ਕਰ ਅਸੀਂ ਪੂਜਾ ਕਰਨ ਆਵਾਂਗੇ ਤੇ ਫੇਰ ਝੋਲੀਆਂ ਭਰ ਕੇ ਲੈ ਜਾਵਾਂਗੇ ਸਾਲ ਭਰ ਦਾ ਹਿੱਸਾ।

ਹੋਲੀ ਸ਼ੂਦਰਾਂ ਦੀ ਝੋਲੀ 'ਚ ਪਾ ਦਿੱਤੀ। ਰੰਗ ਖੇਡੋ, ਗੁਲਾਲ ਦੀਆਂ ਥਾਲੀਆਂ ਭਰੋ। ਤੇ ਤੁਹਾਡੀਆਂ ਕੰਜਕਾਂ ਸਾਡੇ ਮੱਥੇ ਤੇ ਤਿਲਕ ਲਾਉਣ, ਪੈਰ ਵੀ ਪੂਜੋ ਤੇ ਸਾਨੂੰ ਦਖਸ਼ਣਾ ਵੀ ਦਿਉ।

ਸਾਰਾ ਸਾਲ ਮਿਹਨਤ ਕਰਦੇ ਹੋ। ਇਕੋ ਦਿਨ ਆਇਆ ਹੋਲੀ ਮਨਾਓ, ਲੜੋ, ਝਗੜੋ ਅਸੀਂ ਫੇਰ ਤੁਹਾਡੇ ਫੈਸਲੇ ਕਰਾਂਗੇ। ਪੂਜਾ ਫੇਰ ਵੀ ਦੇਣੀ ਪਊ। ਸਾਡੀ ਦਖਸ਼ਣਾਂ ਹਰ ਗੱਲ ਤੇ ਸਾਡੀ ਮੋਹਰ ਏ। ਜੀਉ ਤੇ ਫੇਰ ਵੀ ਜੀਉ। ਜੰਮੋ ਤੇ ਫੇਰ ਵੀ ਦਿਓ। ਜਿੰਨ੍ਹਾ ਸਿੱਖੋ ਤਾਂ ਵੀ ਦਿਓ। ਵਿਆਹ ਕਰੋ ਤਾਂ ਵੀ ਸਾਡੀਆਂ ਝੋਲੀਆਂ ਭਰੋ। ਮਰੋ ਤਾਂ ਵੀ ਦਖਸ਼ਣਾ ਦੇ ਕੇ ਮਰੋ।

ਸਤਿਗੁਰਾਂ ਨੇ ਪਹਿਲਾਂ ਹੋਲੀ ਦੀ ਮਰਿਯਾਦਾ ਦਾ ਈ ਲੱਕ ਤੋੜਿਆ। ਹੋਲਕਾਂ ਦੇ ਨਾਂ ਤੇ ਹੋਲੀ ਦਾ ਨਾਂ ਪਿਆ ਸੀ। ਉਦੋਂ ਸਮਾਜ ਤੋਂ ਟੁੱਟੇ ਲੋਕ।

ਹੋਲੀ ਵਿਚ ਗੁਲਾਲ ਦੀ ਵੀ ਵਰਤੋਂ ਕਰੋ। ਰੰਗ ਵੀ ਖੇਡੋ ਪਰ ਉਹਦੇ ਨਾਲ ਘੋੜ ਸਵਾਰੀ ਵੀ ਕਰੋ। ਤਲਵਾਰਾਂ ਦੇ ਪਲੱਥੇ ਮਾਰਨੇ ਵੀ ਸਿੱਖੋ। ਆਪਣੇ ਜੁੱਸੇ ਵਿਚ ਤਾਕਤ ਨੂੰ ਉਭਾਰੋ। ਨਵੀਂ ਰੱਤ ਏ ਨਵਾਂ ਲਹੂ ਏ ਬਹਾਦਰ ਬਣੋ। ਤੁਹਾਡੇ ਵਿਚ ਵਿਸ਼ਨੂੰ ਦੀ ਜੋਤ ਜੱਗਦੀ ਏ। ਤੁਹਾਡੇ ਵਿਚ ਵੈਸ਼ ਸ਼ਾਮਲ ਹੋਣਗੇ। ਮੇਰੇ ਸਿੱਖ ਤੁਹਾਡੇ ਮੱਥੇ ਤੇ ਗੁਲਾਲ ਲਾਉਣਗੇ। ਤੁਸੀਂ ਵੀ ਉਨ੍ਹਾਂ ਦੇ ਮੱਥੇ ਰੰਗ ਸਕਦੇ ਹੋ। ਤੁਸੀਂ ਇਕ ਲਹੂ ਹੋ। ਤੁਹਾਡੇ ਤੇ ਉਨ੍ਹਾਂ ਵਿਚ ਕੋਈ ਫ਼ਰਕ ਨਹੀਂ। ਜ਼ਾਤ ਦਾ ਜ਼ਾਤ ਨਾਲ ਕੋਈ ਵੈਰ ਨਹੀਂ ਜ਼ਾਤ ਤਾਂ ਬ੍ਰਾਹਮਣ ਏ ਤੇ ਕਰਮ ਕਸਾਈਆਂ ਦਾ ਈ ਕਰਦਾ ਏ ਉਹਨੂੰ ਲੋਕ ਬ੍ਰਾਹਮਣ ਨਹੀਂ ਆਖਣਗੇ ਕਸਾਈ ਹੀ ਆਖਣਗੇ। ਕਰਮ ਦਾ ਨਾਂ ਜ਼ਾਤ ਏ।

ਬ੍ਰਾਹਮਣ ਚੰਡਾਲ ਦਾ ਕੰਮ ਕਰਦੈ ਤੇ ਉਹ ਚੰਡਾਲ ਏ ਬ੍ਰਾਹਮਣ ਨਹੀਂ।

ਕਸ਼ੱਤਰੀ ਸ਼ੂਦਰਾਂ ਦੀ ਝੌਂਪੜੀ 'ਚ ਜਾ ਕੇ ਉਨ੍ਹਾਂ ਦੀਆਂ ਜ਼ਨਾਨੀਆਂ ਨਾਲ ਰੰਗਰਲੀਆਂ ਮਨਾਉਂਦਾ ਏ ਤੇ ਉਹ ਕਸ਼ੱਤਰੀ ਕਦੋਂ ਦਾ ਸ਼ੂਦਰ ਤੋਂ ਵੀ ਨੀਚ ਏ।

ਸ਼ੂਦਰ ਤੇ ਮਹਾਨ ਏ ਜਿਹੜਾ ਸਾਰੀ ਉਮਰ ਤੁਹਾਡੀ ਖ਼ਿਦਮਤਦਾਰੀ ਕਰਦਾ ਏ। ਸੇਵਾ ਵੀ ਤਪੱਸਿਆ ਏ। ਅੱਜ ਤੋਂ ਬਾਅਦ ਹੋਲੀ ਨੂੰ ਹੋਲੇ 'ਚ ਬਦਲ ਦਿਓ। ਵੈਸ਼ ਤੇ ਔਹੋ ਈ ਚੌਂਕੇ 'ਚੋਂ ਨਿਕਲਿਆ ਹੋਇਆ ਬੰਦਾ ਏ ਪਰ ਯਾਦ ਰੱਖੋ ਵੈਸ਼ ਜੇ ਆਪਣੀ ਕਿਰਤ ਛੱਡ ਦੇਵੇ ਤੇ ਤੁਸੀਂ ਅੰਨ ਦੇ ਭੋਰੇ ਤੋਂ ਵੀ ਤਰਸਦੇ ਮਰ ਜਾਵੋਂਗੇ।

ਹਥਿਆਰ ਤੁਸੀਂ ਵੀ ਚੁੱਕੋ। ਕਸ਼ੱਤਰੀ ਦੀ ਇਹ ਜ਼ਰ-ਖ਼ਰੀਦ ਨਹੀਂ, ਮੋਹਰ ਨਹੀਂ ਲੱਗੀ ਹੋਈ।

ਇਹ ਉਤਸ਼ਾਹ ਦਾ ਦਿਨ ਏ। ਜਾਗ੍ਰਿਤੀ ਤੇ ਜੀਵਨ ਦਾ ਪ੍ਰਤੀਕ ਏ। ਬਹਾਦਰ ਬਣੋ ਤੇ ਘੋੜਿਆਂ ਦੀ ਸਵਾਰੀ ਕਰੋ। ਘੋੜੇ ਸਾਥੋਂ ਲਵੋ ਤੇ ਮੂੰਹ ਭੰਨੋ ਆਪਣੇ ਠੇਕੇਦਾਰਾਂ ਦਾ।

ਹੋਲਾ ਕੌਮ ਦੀ ਉਸਾਰੀ ਦਾ ਦਿਨ ਏ। ਹਮਲਾ ਕਰਨ ਨੂੰ ਹੋਲਾ ਆਖਦੇ ਨੇ। ਅਰਬੀ ਤੇ ਫ਼ਾਰਸੀ ਵਿਚ ਹਮਲਾ ਕਰਨਾ ਹੋਲਾ ਚਾੜ੍ਹਨਾ। ਬਸ ਮਰਿਆਦਾ ਇੱਥੇ ਹੀ ਬੰਨ੍ਹ ਦਿੱਤੀ।

ਗੁਰੂ ਗੋਬਿੰਦ ਰਾਏ ਨੇ ਇਕ ਲੀਕ ਪਾ ਦਿੱਤੀ। ਕੋਈ ਜੰਮਿਆ ਨਹੀਂ ਸੀ ਟੱਪਣ ਵਾਲਾ, ਇਹ ਲਛਮਣ ਰੇਖਾ ਏ।

★

ਬੀੜਾ ਕੌਣ ਚੁੱਕੇ ੧੩੮

- ਲਾਹੌਰ ਦਰਬਾਰ 'ਚ ਜਰਨੈਲ ਚੌਕੜੀ ਮਾਰ ਕੇ ਬੈਠੇ ਹੋਏ ਸਨ। ਇਹ ਚੌਕੜੀ ਸ਼ਹਿਜ਼ਾਦਾ ਮੁਅਜ਼ਮ ਦੇ ਮੂੰਹ ਲੱਗਦੇ ਜਰਨੈਲ ਦੀ ਸੀ। ਮੌਜ਼ਮ ਸ਼ਹਿਜ਼ਾਦੇ ਦਾ ਪਿਆਰ ਭਰਿਆ ਨਾਂ ਸੀ। ਗਵਰਨਰ ਸੀ ਪੰਜਾਬ ਦਾ ਤੇ ਸਿਆਹੀ ਤੇ ਸਫ਼ੈਦੀ ਦਾ ਮਾਲਕ ਸੀ। ਅੱਬਾ ਜਾਨ ਦਾ ਹੁਕਮ ਸੀ। ਏਸ ਲਈ ਓਸ ਇਕ ਬੈਠਕ ਸੱਦੀ। ਕੁਝ ਅਹਿਲਕਾਰ, ਕੁਝ ਸਲਾਹ-ਕਾਰ ਤੇ ਕੁਝ ਨਾਇਕ ਵੀ ਇਸ ਜਲਸੇ 'ਚ ਸ਼ਾਮਲ ਹੋਏ।

ਸ਼ਹਿਜ਼ਾਦਾ ਬੋਲਿਆ, 'ਸ਼ਹਿਨਸ਼ਾਹ ਦਾ ਹੁਕਮ ਏ ਕਿ ਪਹਾੜੀ ਰਾਜਿਆਂ ਕੋਲੋਂ ਕਰ ਵਸੂਲ

ਕੀਤਾ ਜਾਵੇ। ਉਹ ਤੇ ਘੋੜੇ ਵੇਚ ਕੇ ਸੁੱਤੇ ਪਏ ਹਨ। ਕੁਝ ਬਾਗੀ ਹਨ ਤੇ ਕੁਝ ਆਕੀ। ਜਾਂ ਉਹਨਾਂ ਦੇ ਦਿਮਾਗ 'ਚ ਕੋਈ ਖਲਲ ਪੈ ਗਿਐ ਜਾਂ ਕਿਸੇ ਦੀ ਚੁੱਕ ਵਿਚ ਆਏ ਬੈਠੇ ਹਨ। ਕੁਝ ਵੀ ਏ ਚਹੁੰ ਸਾਲਾਂ ਦਾ ਖ਼ਿਰਾਜ ਬਾਕੀ ਏ। ਸ਼ਹਿਨਸ਼ਾਹ ਦੇ ਰੋਜ ਹਲਕਾਰੇ ਆ ਰਹੇ ਹਨ। ਗੋਲਕੁੰਡੇ ਨੇ ਸਾਰਾ ਸ਼ਾਹੀ ਖ਼ਜ਼ਾਨਾ ਖਾਲੀ ਕਰ ਦਿੱਤਾ ਏ। ਤੇ ਬੀਜਾਪੁਰ ਵਾਲਿਆਂ ਖ਼ਜ਼ਾਨੇ ਦੀਆਂ ਘਰੋੜੀਆਂ ਵੀ ਲਾਹ ਲਈਆਂ ਨੇ। ਭੁੱਖ ਮਰੀ ਏ ਸੋਕਾ ਪੈ ਗਿਐ ਤੇ ਬਾਕੀ ਸਾਡੀ ਫੌਜ ਨੇ ਸਾਰਾ ਇਲਾਕਾ ਉਜਾੜ ਦਿੱਤਾ ਏ। ਲੜਾਈ ਤੇ ਬਾਦਸ਼ਾਹ ਦੀ ਬਾਦਸ਼ਾਹਤ ਨਾਲ ਏ। ਭੁੱਖੀ ਜਨਤਾ ਤੇ ਰੋਟੀ ਮੰਗਦੀ ਏ ਜੇ ਉਹਨਾਂ ਦਾ ਢਿੱਡ ਨਾ ਭਰਿਆ ਗਿਆ ਤੇ ਫੇਰ ਆਮ ਬਗਾਵਤ ਹੋ ਜਾਏਗੀ। ਇਸ ਲਈ ਹੁਕਮ ਦੀ ਪਾਲਨਾ ਜਲਦੀ ਤੋਂ ਜਲਦੀ ਕਰਨੀ ਏ।

— ਸੂਬੇਦਾਰ ਲਾਹੌਰ ਬੋਲਿਆ, 'ਕਰ ਤੇ ਵਸੂਲ ਕਰਨਾ ਬਹੁਤ ਜਰੂਰੀ ਏ। ਕੌਣ ਚੜ੍ਹੇਗਾ ਇਸ ਮੁਹਿਮ ਤੇ, ਕੌਣ ਨਿੱਤਰਦਾ ਏ ਸੂਰਮਾ ਜਾਂ ਮੈਂ ਚੋਣ ਕਰਾਂ।

—ਬਹਾਦਰਾਂ ਦੀ ਕੋਈ ਘਾਟ ਨਹੀਂ। ਫੌਜ ਤਿਆਰ ਏ। ਕਿਸ ਸੂਬੇਦਾਰੀ ਲੈਣੀ ਏ। ਕਿਸ ਆਪਣੇ ਨਾਂ ਨੂੰ ਚਾਰ ਚੰਨ ਲਾਉਣੇ ਹਨ। ਬੀੜਾ ਮੈਦਾਨ ਵਿਚ ਪਿਆ ਹੋਇਐ। ਆਓ ਨਿੱਤਰੋ, ਚੁੱਕੋ ਬੀੜਾ, ਬੀੜੇ ਵਿਚ ਹਿੰਮਤ ਏ ਪਰ ਇਕ ਸ਼ਰਤ ਏ ਗੁਰੂ ਨੂੰ ਜਿੰਦਾ ਜਾਂ ਮੋਇਆ ਫੜ ਕੇ ਲਿਆਉਣਾ ਏ। ਜਿਹਦੇ ਜੁੱਸੇ ਵਿਚ ਜਾਨ ਏ, ਜਿਹਦੇ ਹੌਂਸਲੇ ਬੁਲੰਦ ਹਨ। ਆਪਣੀ ਮਰਜ਼ੀ ਨਾਲ ਉੱਠੇ। ਜਾਂ ਮੈਂ ਇਹ ਸਮਝ ਲਵਾਂ ਕਿ ਹੁਣ ਸਾਰੇ ਹਿਜੜੇ ਤੇ ਬੁਜ਼ਦਿਲ ਹੋ ਗਏ ਹਨ ਤੇ ਫੇਰ ਮੈਂ ਆਪ ਹੁਕਮ ਸਾਦਰ ਕਰਾਂਗਾ।'

—ਇਹ ਮਾਮੂਲੀ ਜਿਹੀ ਜੰਗ ਏ ਬੀਜਾਪੁਰ ਦਾ ਮੈਦਾਨ ਥੋੜ੍ਹੇ।

—ਬੀਜਾਪੁਰ ਦੀ ਗੱਲ ਨਾ ਕਰੋ। ਇਹ ਜੰਗ ਗੋਲਕੁੰਡੇ ਨਾਲੋਂ ਵੀ ਮੁਸ਼ਕਲ ਏ। ਉੱਥੇ ਤੇ ਫੌਜਾਂ ਲੜਦੀਆਂ ਸਨ ਪਰ ਇੱਥੇ ਖ਼ੁਦਾਈ ਤਾਕਤ ਏ ਸਾਹਮਣੇ, ਕੌਣ ਖਲੋਂਦਾ ਏ ਕਿਹਨੂੰ ਆਪਣੀ ਜਾਨ ਪਿਆਰੀ ਏ। ਡਰਦਾ ਕੋਈ ਉਧਰ ਮੂੰਹ ਨਹੀਂ ਕਰਦਾ। ਇਕ ਪਾਸੇ ਬੰਦਾ ਲੜ ਰਿਹੈ ਤੇ ਦੂਜੇ ਪਾਸੇ ਖ਼ੁਦਾਈ ਤਾਕਤ ਨਜ਼ਰ ਆ ਰਹੀ ਏ।

—ਲਗਾਨ ਵਸੂਲ ਕਰਨਾ ਸਭ ਤੋਂ ਪਹਿਲਾਂ ਫੇਰ ਗੁਰੂ ਨੂੰ ਪਕੜਨਾ। ਜੰਗ ਦੇ ਭੁਗਤਾਣ ਪਿੱਛੋਂ ਵੇਖਾਂਗੇ।

—ਬੀੜਾ ਇੰਤਜ਼ਾਰ ਕਰ ਰਿਹਾ ਸੀ। ਜਵਾਨਾਂ ਨੇ ਉੱਧੀ ਪਾਈ ਹੋਈ ਸੀ। ਕੋਈ ਬੀੜਾ ਚੁੱਕਣ ਦੀ ਹਿੰਮਤ ਨਹੀਂ ਸੀ ਕਰਦਾ।

—ਜੰਗ ਖ਼ਤਰਨਾਕ, ਗੁਰੂ ਕੋਈ ਮਾਮੂਲੀ ਰਾਜਾ ਥੋੜ੍ਹੈ। ਉਹਦੀ ਕੰਡ ਪਿੱਛੇ ਖ਼ੁਦਾਈ ਰਹਿਮਤ ਏ।

—ਮੈਂ ਜ਼ਿਆਦਾ ਬਕਵਾਸ ਨਹੀਂ ਸੁਣਨਾ ਚਾਹੁੰਦਾ। ਕੋਈ ਨਿੱਤਰਦਾ ਏ ਜਾਂ ਨਹੀਂ।

—ਬੀੜੇ ਦੀ ਸ਼ਰਤ ਪੜ੍ਹ ਲਈ ਜਾਏ ਜਾਂ ਮੈਂ ਸਮਝ ਲਵਾਂ ਕਿ ਮੁਗਲ ਸੈਨਿਕ ਕੋਈ ਬਹਾਦਰ ਨਹੀਂ ਤੇ ਨਾ ਹੀ ਕੋਈ ਮਰਦ ਏ।

—ਚੁੱਕ ਲਵੋ ਬੀੜਾ, ਅਸੀਂ ਪਠਾਨ ਹਾਂ।

—ਠਹਿਰ ! ਇਹ ਮੇਰੇ ਇਲਾਕੇ ਦਾ ਕੰਮ ਏ। ਅਸੀਂ ਪਠਾਣਾਂ ਨੂੰ ਬੀੜਾ ਚੁੱਕਣ ਦਈਏ ਅਸਾਂ ਨੱਕ ਨਹੀਂ ਵਢਾਉਣਾ। ਸੱਜਣੋਂ ਤੁਸੀਂ ਪ੍ਰਾਹੁਣੇ ਆਏ ਹੋ।

—ਮੈਂ ਚੁੱਕਦਾ ਹਾਂ ਬੀੜਾ, ਮੇਰਾ ਨਾਮ ਮੀਆਂ ਖ਼ਾਨ ਏ। ਸੋਚ ਲੈ, ਇੱਥੇ ਬੜੇ ਪੇਚੇ ਪੈਣੇ ਨੇ, ਮਸ਼ੀਰਾਂ ਨਾਲ ਮੁਕਾਬਲਾ ਏ, ਭੂਤਨੇ ਨੱਚਦੇ ਹਨ ਪਹਾੜ ਵਿਚ, ਅਜੇ ਵੀ ਤੇਰਾ ਕੁਝ ਨਹੀਂ ਵਿਗੜਿਆ। ਜੇ ਭਾਂਜ ਖਾ ਕੇ ਨੱਸਣਾ ਈ ਤੇ ਹੁਣੇ ਈ ਬੈਠ ਜਾ।

—ਸ਼ਹਿਜ਼ਾਦਾ ਆਲਮ, ਮੈਂ ਮੁਹਿੰਮ ਫ਼ਤਹਿ ਕਰਾਂਗਾ, ਤੁਸੀਂ ਬੇ-ਫ਼ਿਕਰ ਹੋ ਜਾਵੋ।

— ਕੋਈ ਹਮਜੋਲੀ, ਕੋਈ ਸਾਥੀ ਜਿਹੜਾ ਤੇਰੀ ਮਨ-ਪਸੰਦ ਦਾ ਏ ਮੰਗ ਲੈ।

—ਮੈਂ ਕਿਸੇ ਜਰਨੈਲ ਤੇ ਉਂਗਲੀ ਨਹੀਂ ਧਰਦਾ। ਮੈਨੂੰ ਮੇਰਾ ਭਤੀਜਾ ਅਲਫ਼ ਖ਼ਾਂ ਦੇ ਦਿਉ। ਜੇ ਵੈਣ ਵੀ ਪੈਣਗੇ ਤੇ ਘਰ ਦੀਆਂ ਜ਼ਨਾਨੀਆਂ ਇਕ ਵਿਹੜੇ ਵਿਚ ਬੈਠ ਕੇ ਰੋ-ਪਿੱਟ ਲੈਣਗੀਆਂ। ਕਿਸੇ ਨੂੰ ਸੱਦਾ ਨਹੀਂ ਭੇਜਣਾ ਪਊ।

—ਅਲਫ਼ ਖ਼ਾਂ ਤੇ ਮੈਂ ਮੀਆਂ ਖ਼ਾਨ ਦੋਵੇਂ ਹੀ ਨਗਾਰੇ ਵਜਾਉਂਦੇ ਲਾਹੌਰ ਆਵਾਂਗੇ, ਘਬਰਾਉਣ ਦੀ ਲੋੜ ਨਹੀਂ। ਆਵਾਂਗੇ ਤੇ ਫ਼ਤਹਿ ਦੇ ਝੰਡੇ ਝੁਲਾਉਂਦੇ ਨਹੀਂ ਤੇ ਸਾਡੀਆਂ ਲੋਥਾਂ ਦੀਆਂ ਲਾਸ਼ਾਂ ਦੇ ਢੇਰ ਆਉਣਗੇ। ਜ਼ਖ਼ਮ ਖਾਵਾਂਗੇ ਤੇ ਛਾਤੀ ਵਿਚ, ਸਾਡੀ ਪਿੱਠ ਤੇ ਕੋਈ ਜ਼ਖ਼ਮ ਨਹੀਂ ਹੋਵੇਗਾ।

—ਬਹਾਦਰੋ, ਜਵਾਨੋ, ਜਵਾਂ ਮਰਦਾਂ ਦੀ ਬੋਲੀ ਸੁਣ ਕੇ ਤਬੀਅਤ ਬਹੁਤ ਪ੍ਰਸੰਨ ਹੋਈ, ਜਾਓ ਅੱਲਾਹ ਤੁਹਾਡੀ ਬਾਂਹ ਫੜੇ।

— ਘਰ ਖਾਧਾ ਪ੍ਰਾਹੁਣਿਆਂ ਤੇ ਚਿੜੀਆਂ ਚੁਗਿਆ ਖੇਤ ਸਾਨੂੰ ਤੇ ਵਗਾਰਾਂ ਈ ਲੈ ਲੱਥੀਆਂ। ਮੌਜ ਦਿੱਲੀ ਵਾਲੇ ਕਰਨ ਤੇ ਕੁਰਬਾਨੀ ਦਾ ਬੱਕਰਾ ਬਣੇ ਪੰਜਾਬ, ਪੰਜਾਬ ਵਿਚੋਂ ਜਿਹੜਾ ਬੰਦਾ ਦਿੱਲੀ ਚਲਾ ਗਿਆ ਉਹ ਤੇ ਖ਼ਵਾਬ ਵੇਖਦਾ ਏ ਸ਼ਹਿਨਸ਼ਾਹ ਬਣਨ ਦੇ, ਸ਼ਾਇਦ ਉਹਦੀ ਲਾਟਰੀ ਨਿਕਲ ਆਏ ਜਾਂ ਦਾਅ ਲੱਗ ਜਾਏ। ਬਾਦਸ਼ਾਹ ਬਣਨ ਤੋਂ ਘੱਟ ਸੋਚਦਾ ਈ ਨਹੀਂ। ਜਿਹੜਾ ਦਿੱਲੀ ਪੁੱਜ ਗਿਆ ਉਹ ਮੁੜ ਕੇ ਪੰਜਾਬ ਨੂੰ ਭੁੱਲ ਗਿਆ। ਅਕਲ ਸਿਰਫ਼ ਦਿੱਲੀ 'ਚ ਵਿਕਦੀ ਏ। ਪੰਜਾਬ ਵਾਲੇ ਪਹਿਲਾਂ ਵੀ ਮੂਰਖ ਸਨ ਤੇ ਹੁਣ ਵੀ ਮੂਰਖ ਹਨ। ਦਿੱਲੀ 'ਚ ਹਾਕਮ ਜੰਮਦੇ ਹਨ ਤੇ ਪੰਜਾਬ ਵਿਚ ਸਿਪਾਹੀ। ਲੜੇ ਫ਼ੌਜ ਤੇ ਨਾਂ ਸਿਪਾਹਸਾਲਾਰ ਦਾ

ਬੀੜਾ ਇੰਤਜ਼ਾਰ ਕਰ ਰਿਹਾ ਸੀ। ਕੌਣ ਖੁਸ਼ਕਿਸਮਤ ਏ ਜਿਹੜਾ ਮੈਨੂੰ ਮੂੰਹ 'ਚ ਪਾਵੇਗਾ। ਲਾੜਾ ਉਹੋ ਈ ਏ। ਬਾਕੀ ਸਾਰੇ ਬਾਰਾਤੀ ਹਨ।

ਬੀੜਾ ਚੁੱਕਿਆ ਮੀਆਂ ਖ਼ਾਨ ਨੇ ਤਲਵਾਰ ਨੂੰ ਬੋਸਾ ਦਿੱਤਾ। ਸੱਤ ਸਲਾਮਾਂ ਕੀਤੀਆਂ ਬਜ਼ੁਰਗ ਸਿਪਾਹਸਾਲਾਰਾਂ ਨੂੰ ਤੇ ਤਖ਼ਤ ਅੱਗੇ ਸਜਦਾ ਕੀਤਾ ਤੇ ਸ਼ਹਿਜ਼ਾਦੇ ਦੇ ਦਸਤੇ ਮੁਬਾਰਕ ਤੇ ਚੁੰਮਣ ਦੀ ਰਸਮ ਅਦਾ ਕੀਤੀ।

ਜਾਓ ਮੀਆਂ ਖ਼ਾਂ, ਅੱਲਾਹ ਤੈਨੂੰ ਫ਼ਤਹਿ ਨਸੀਬ ਕਰੇ। ਇਕ ਗੱਲ ਮੇਰੀ ਪੱਲੇ ਬੰਨ੍ਹ ਲਈਂ ਤੂੰ ਚੱਲਿਆ ਏਂ ਫ਼ਤਹਿ ਦੇ ਨਗਾਰੇ ਵਜਾਉਂਦਾ ਪਰ ਤੇਰੇ ਸਾਹਮਣੇ ਇਕ ਫ਼ਕੀਰ ਬਾਦਸ਼ਾਹ ਏ। ਵੇਖੀਂ ਜੋ ਤੇਰਾ ਜੀਅ ਆਏ ਕਰੀਂ ਪਰ ਕਿਤੇ ਭੁੱਲ ਵਿਚ ਉਹਦੀ ਸ਼ਾਨ ਵਿਚ ਕੋਈ ਗ਼ਲਤ ਲਫ਼ਜ਼ ਇਸਤੇਮਾਲ ਨਾ ਕਰੀਂ। ਉਹਦੇ ਮਗਰ ਖ਼ੁਦਾਈ ਤਾਕਤ ਈ ਤੇ ਅਸੀਂ ਤੇ ਸਿਰਫ਼ ਆਪਣੀ ਫ਼ੌਜ ਦੇ ਬੱਲਬੂਤੇ ਤੇ ਫ਼ਤਹਿ ਕਰਨੀ ਏ ਪਰ ਉਧਰ ਗੁਰੂ ਨਾਨਕ ਦੇਵ ਦੀ ਗੱਦੀ ਦਾ ਅਹਿਤਰਾਮ ਕਰਨਾ ਤੇਰਾ ਕੌਮੀ ਫ਼ਰਜ਼ ਏ। ਜੇ ਤੂੰ ਇਹ ਗੱਲ ਪੱਲੇ ਬੰਨ੍ਹੀ ਤਾਂ ਫੇਰ ਨਤੀਜਾ ਕੀ ਹੋਵੇਗਾ ਮੈਂ ਦੱਸ ਨਹੀਂ ਸਕਦਾ। ਪਹਾੜੀ ਰਾਜਿਆਂ ਦੀ ਜਿੰਨੀ ਦੁਰਗੱਤ ਬਣਾ ਸਕਦਾ ਏਂ ਬਣਾ ਪਰ ਜਦੋਂ ਵੀ ਕਦੀ

ਆਨੰਦਪੁਰ ਦੇ ਗੁਰੂ ਗੋਬਿੰਦ ਰਾਏ ਸਾਹਮਣੇ ਆ ਜਾਣ ਤਾਂ ਫੇਰ ਮਸਤਕ ਜ਼ਰੂਰ ਝੁਕਾਈਂ। ਇਸੇ ਵਿਚ ਤੇਰੀ ਬਿਹਤਰੀ ਏ। ਉਹ ਮਜਬੂਰ ਹਨ। ਪਹਾੜੀਏ ਫਰੇਬੀ ਤੇ ਦਗਾਬਾਜ਼ ਹਨ ਪਰ ਉਹ ਈਮਾਨ ਵਾਲੇ ਬਜ਼ੁਰਗ ਹਨ।

—ਯੁੱਧ ਕਰੋ, ਈਮਾਨ ਨੂੰ ਨਾ ਛੱਡੋ, ਗੁਰੂ ਵਲੋਂ ਤੁਹਾਨੂੰ ਕੋਈ ਖ਼ਤਰਾ ਨਹੀਂ।

—ਖੜੀਆਂ ਪਾਬੰਦੀਆਂ ਵਿਚ ਹਜ਼ੂਰ ਨੇ ਗ੍ਰਿਫ਼ਤਾਰ ਕਰ ਦਿੱਤਾ ਏ ਮੈਂ ਇਹਨਾਂ ਤੇ ਅਮਲ ਕਰਾਂਗਾ।

—ਜੇ ਤੂੰ ਅਮਲ ਕੀਤਾ ਤੇਰੇ ਤੇ ਖ਼ੁਦਾਈ ਰਹਿਮਤਾਂ ਦੀ ਬਰਸਾਤ ਹੋਵੇਗੀ। ਜੰਗ ਨੇ ਤੇ ਹੋਣਾ ਹੀ ਏ ਤੇ ਗੁਰੂ ਨੂੰ ਇਕ ਦੀ ਮਦਦ ਕਰਨੀ ਪੈਣੀ ਏ। ਮੁਕਾਬਲਾ ਗੁਰੂ ਨਾਲ ਵੀ ਜ਼ਰੂਰ ਹੋਵੇਗਾ। ਉਸ ਵੇਲੇ ਕੰਨੀਂ ਕਤਰਾ ਜਾਈਂ। ਤੈਨੂੰ ਗੁਰੂ ਵਲੋਂ ਕੋਈ ਖ਼ਤਰਾ ਨਹੀਂ। ਗੁਰੂ ਤੇ ਸਾਰਿਆਂ ਦਾ ਸਾਂਝੈ। ਉਹ ਤੇ ਚਾਹੁੰਦੇ ਹਨ ਕਿ ਭਾਰਤ ਵਰਸ਼ ਵਿਚੋਂ ਇਕ ਆਵਾਜ਼ ਉੱਠੇ। ਹਰ ਧਰਮ ਵਾਲਾ ਆਪਣੇ-ਆਪਣੇ ਤਰੀਕੇ ਨਾਲ ਇਬਾਦਤ ਕਰੇ। ਰਹਿਣ-ਸਹਿਣ ਤੇ ਬੋਲ-ਚਾਲ ਤੇ ਤਿਉਹਾਰ ਸਭ ਦੇ ਇਕੋ ਜਿਹੇ ਹੋਣ। ਦੁਸਹਿਰੇ, ਦੀਵਾਲੀ 'ਚ ਮੁਸਲਮਾਨ ਕਿਉਂ ਨਾ ਸ਼ਾਮਲ ਹੋਣ ਜਦ ਸਾਡੀਆਂ ਦੀਵਾਰਾਂ ਸਾਂਝੀਆਂ ਹਨ। ਈਦ ਵਿਚ ਹਿੰਦੂਆਂ ਦਾ ਸ਼ਾਮਲ ਹੋਣਾ ਜ਼ਰੂਰੀ ਏ। ਮੁਹੱਰਮ ਵਿਚ ਸ਼ਾਮਲ ਨਹੀਂ ਹੁੰਦੇ ਨਾ ਹੋਣ ਪਰ ਹਮਦਰਦੀ ਤੇ ਕਰਨ।

—ਮੀਆਂ ਖ਼ਾਂ ਤੇਰੇ ਤੇ ਸਾਰੀ ਹਕੂਮਤ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਨੇ। ਗੁਰੂ ਨੂੰ ਜੇ ਕੈਦ ਕਰ ਵੀ ਲਵੇਂ ਫੇਰ ਵੀ ਅਕੀਦਤ ਨੂੰ ਹੱਥੋਂ ਨਹੀਂ ਛੱਡਣਾ। ਉਹਨਾਂ ਦੀ ਸ਼ਾਨ ਦੇ ਖ਼ਿਲਾਫ਼ ਇਕ ਵੀ ਨੁਕਤਾ ਬਾਹਰ ਨਾ ਨਿਕਲੇ। ਇਹ ਵਕਤੀ ਲੜਾਈ ਏ। ਸਾਡਾ ਕਿਸੇ ਨਾਲ ਵੈਰ ਨਹੀਂ।

—ਸ਼ਹਿਜ਼ਾਦਾ ਹਜ਼ੂਰ, ਮੈਂ ਤੁਹਾਡੀਆਂ ਸਭ ਸਲ੍ਹਾਵਾਂ ਪੱਲੇ ਬੰਨ੍ਹ ਲਈਆਂ ਹਨ। ਮੈਨੂੰ ਇਜਾਜ਼ਤ ਦਿਉ। ਮੈਂ ਹੁਕਮ ਦਵਾਂ ਕੂਚ ਦਾ ਖ਼ੁਦਾ ਹਾਫ਼ਿਜ਼।

—ਖ਼ੁਦਾ ਹਾਫ਼ਿਜ਼! ਅੱਲਾਹ ਤੇਰੀਆਂ ਮੁਰਾਦਾਂ ਪੂਰੀਆਂ ਕਰੇ।

ਮੀਆਂ ਖ਼ਾਨ ਦੇ ਘੋੜੇ ਨਾਲ ਅਲਫ਼ ਖ਼ਾਂ ਦਾ ਘੋੜਾ ਸਾਵਾਂ ਜਾ ਰਿਹਾ ਸੀ।

ਮੀਆਂ ਖ਼ਾਂ ਇਕ ਪਾਸੇ ਅਕੀਦਤ, ਦੂਜੇ ਪਾਸੇ ਇਫ਼ਦਤ ਤੇ ਸਾਹਮਣੇ ਜੰਗ. ਦੁਸ਼ਮਣੀ ਖ਼ੂਨ-ਖ਼ਰਾਬਾ, ਕਰ ਵੀ ਵਸੂਲ ਕਰਨਾ ਏ, ਰੱਤ ਵੀ ਘੱਟ ਵਗੇ, ਰਾਹ ਬਹੁਤ ਮੁਸ਼ਕਲ ਏ, ਮੰਜ਼ਿਲ ਦੂਰ ਏ। ਉਲਝਣ ਦੀ ਉਲਝਣ ਏ। ਅੱਛਾ ਅੱਲਾਹ ਮਾਲਕ।

★

ਕਾਠਗੜ੍ਹ ੧੩੯

ਪਹਾੜ ਵਿਚ ਕਿਲ੍ਹੇ ਉਸਾਰਨੇ ਕਿਹੜੇ ਆਸਾਨ ਕੰਮ ਹਨ। ਸਿਰ ਲੁਕਾਉਣ ਲਈ ਜਗ੍ਹਾ ਮਿਲਣੀ ਮੁਸ਼ਕਲ ਹੁੰਦੀ ਏ। ਪਹਾੜ ਵਾਲੇ ਪਹਾੜ ਤੇ ਹੀ ਹਮਲਾ ਕਰਨ ਤੇ ਆਸਾਨ ਏ। ਹਮਲਾ ਕਰਨਾ ਤੇ ਆਸਾਨ ਏ ਪਰ ਹਮਲਾ ਰੋਕਣਾ ਮੁਸ਼ਕਲ ਏ। ਦਿਲ ਤੇ ਕੱਢਿਆ ਅਲਫ਼ ਖ਼ਾਂ ਨੇ ਪਰ ਜਾਨ ਜੋਖਾਂ ਵਿਚ ਪੈ ਗਈ। ਸਮਝਿਆ ਸੀ ਕਿ ਜਦ ਪਹਾੜੀਏ ਫ਼ੌਜ ਵੇਖਣਗੇ ਤੇ ਨੱਸ ਜਾਣਗੇ।

ਪਹਾੜੀਆਂ ਦੀ ਕੀ ਔਕਾਤ ਏ ਮੁਗ਼ਲ ਫੌਜ ਦਾ ਸਾਹਮਣਾ ਕਰੇ। ਮੁਕਾਬਲਾ ਅੱਗੇ ਸਖ਼ਤ ਸੀ। ਇਹ ਵੀ ਸੁਣਿਆ ਸੀ ਕਿ ਆਨੰਦਪੁਰ ਤੋਂ ਮਦਦ ਆ ਰਹੀ ਏ। ਤੇ ਉਹਦੀ ਕਮਾਨ ਗੋਬਿੰਦ ਰਾਏ ਕਰ ਰਹੇ ਹਨ। ਸ਼ਹਿਜ਼ਾਦੇ ਮੁਅਜ਼ਮ ਦੀਆਂ ਗੱਲਾਂ ਯਾਦ ਆਉਂਦੀਆਂ ਅਲਫ਼ ਖ਼ਾਂ ਨੂੰ।

ਦਰਖ਼ਤਾਂ ਦੇ ਤਨੇ, ਟਾਹਨ, ਛਾਪੇ ਇਕੱਠੇ ਕਰਕੇ ਲੱਕੜੀਆਂ ਦੀਆਂ ਥੰਮੀਆਂ ਗੱਡ ਕੇ ਦੀਵਾਰ ਜਿਹੀ ਬਣਾ ਲਈ ਤੇ ਉਹਦੇ ਚੌਗਿਰਦੇ ਸੰਘਣੀਂ ਵਾੜ ਲਾਈ। ਇਸ ਤਰ੍ਹਾਂ ਕਿਲ੍ਹੇ ਦੀ ਸ਼ਕਲ ਦੇ ਦਿੱਤੀ। ਇਹ ਇਕ ਹੁਨਰ ਸੀ। ਮਰਹੱਟਿਆਂ ਦੀ ਕਾਢ ਸੀ। ਸਾਰੇ ਪਹਾੜ ਵਿਚ ਗੂੰਜਾਂ ਪੈ ਗਈਆਂ ਤੇ ਅਲਫ਼ ਖ਼ਾਂ ਨੇ ਕਾਠਗੜ੍ਹ ਬਣਾ ਲਿਆ। ਭੀਮ ਚੰਦ, ਗੁਰੇਲਾ ਜੰਗ ਲੜਨਾ ਚਾਹੁੰਦਾ ਸੀ। ਪਹਾੜੀਏ ਰਾਹ ਖਹਿੜਾ ਜਾਣਦੇ ਸਨ। ਮੁਗ਼ਲ ਅਨਾੜੀ ਸਨ। ਮੈਦਾਨਾਂ ਦੇ ਲੜਨ ਵਾਲੇ, ਪਹਾੜੀਏ ਆਪਣੀ ਹਿਫ਼ਾਜ਼ਤ ਨਹੀਂ ਸਨ ਕਰ ਸਕਦੇ। ਵਾਰ ਕੀਤਾ ਤੇ ਨੱਸੇ।

ਬਡ ਦੀਰਘ ਤਰ ਗਨ ਕਟਵਾਇ, ਲੀਨ ਮੋਰਚੇ ਭਲੇ ਬਨਾਇ।
ਮਾਨਹੁ ਗੜ੍ਹ ਸੁ ਕਾਨ ਕੇ ਭਯੇ, ਭੀਮ ਸਕੀ ਜਬ ਲਖ ਨਿਯਰਯੇ।

ਪਹਾੜ ਵਿਚ ਇਸ ਕਾਠਗੜ੍ਹ ਨੂੰ ਲੋਕ ਵਿਹੜਿਆਂ ਦਾ ਵਨ ਆਖਦੇ ਹਨ। ਕਾਠਗੜ੍ਹ ਦੀ ਮਜ਼ਬੂਤੀ ਲੱਕੜੀਆਂ ਨਾਲ ਕੀਤੀ ਜਾਂਦੀ ਏ। ਡਰ ਸਿਰਫ਼ ਅੱਗ ਲੱਗਣ ਦਾ ਏ। ਫ਼ੌਜ ਉਸ ਦਾ ਕੁਝ ਨਹੀਂ ਵਿਗਾੜ ਸਕਦੀ। ਕਾਠਗੜ੍ਹ ਬਣ ਗਿਆ ਤੇ ਅਲਫ਼ ਖ਼ਾਂ ਸ਼ੇਰ ਹੋ ਗਿਆ। ਪਿੱਛੋਂ ਫ਼ੌਜ ਆ ਰਹੀ ਸੀ। ਅਲਫ਼ ਖ਼ਾਂ ਸੋਚ ਰਿਹਾ ਸੀ ਕਿ ਸ਼ਾਇਦ ਲੜਾਈ ਦੀ ਨੌਬਤ ਹੀ ਨਾ ਆਏ। ਪਹਾੜੀਏ ਹਾਰ ਮੰਨ ਲੈਣ, ਹਥਿਆਰ ਸੁੱਟ ਦੇਣ, ਲਗਾਨ ਦੇਣ ਤੇ ਰਾਜ਼ੀ ਹੋ ਜਾਣ। ਮੌਰੀ ਬੱਲੇ-ਬੱਲੇ ਹੋ ਜਾਵੇਗੀ।

ਹਮਾਇਤੀ ਕ੍ਰਿਪਾਲ ਚੰਦ ਤੇ ਦਿਆਲ ਚੰਦ ਉੱਚੀ ਜਗ੍ਹਾ ਤੇ ਡੇਰਾ ਲਾਏ ਬੈਠੇ ਸਨ ਤੇ ਨਾਲ ਸੀ ਅਲਫ਼ ਖ਼ਾਂ।

ਭੀਮ ਚੰਦ ਨਵੀਂ ਨਵੇਕਲੀ ਥਾਂ ਤੇ ਆਪਣਾ ਮੋਰਚਾ ਬਣਾਈ ਬੈਠਾ ਸੀ ਤੇ ਗੋਬਿੰਦ ਰਾਏ ਦਰਿਆ ਦੇ ਕੰਢੇ ਤੇ ਮਾਲਾ ਫੇਰ ਰਹੇ ਸਨ। ਸੂਰਮੇ ਦੀ ਭਗਤੀ ਵਿਚ ਲੀਨ ਸਨ। ਤਲਵਾਰਾਂ ਮਾਂਜੀਆਂ ਜਾ ਰਹੀਆਂ ਸਨ।

ਭੀਮ ਚੰਦ ਰਾਜਾ ਬਿਲਾਸਪੁਰ ਜਸਵਾਲ ਦਾ ਰਾਜਾ ਰਾਮ ਸਿੰਘ, ਗੁਲੇਰ ਦਾ ਰਾਜ ਸਿੰਘ, ਜੱਸਰੋਟੇ ਦਾ ਰਾਜਾ ਸੁਖਦੇਵ, ਢੱਡਵਾਲ ਦੀ ਸਰਕਾਰ ਪ੍ਰਿਥਵੀ ਚੰਦ, ਪੰਗਵਾਲ ਦੇ ਸੂਰਮੇ ਵੇਦੜੇਲ ਗੋਤ ਦੇ ਰਾਜਪੂਤ ਮੋਢੇ ਨਾਲ ਮੋਢਾ ਜੋੜ ਕੇ ਖੜੇ ਸਨ। ਕਈ ਰਾਜੇ ਡਰਦੇ, ਕਈਆਂ ਨੇ ਘੁੰਡ ਕੱਢਿਆ ਹੋਇਆ ਸੀ। ਉਨ੍ਹਾਂ ਨੇ ਆਪਣੀਆਂ ਫ਼ੌਜਾਂ ਭੇਜ ਦਿੱਤੀਆਂ ਸਨ। ਚੋਰੀ-ਚੋਰੀ ਰਸਦ ਦਾ ਪੂਰਾ ਇੰਤਜ਼ਾਮ ਕਰ ਰਹੇ ਸਨ।

—ਅਲਫ਼ ਖ਼ਾਂ ਬੜ੍ਹਕਾਂ ਮਾਰ ਰਿਹਾ ਸੀ : ਜੰਗ ਦੇ ਤੇਵਰ ਬਦਲਣੇ ਸ਼ੁਰੂ ਹੋ ਗਏ ਸਨ ਪਰ ਅਜੇ ਤੱਕ ਕੁਮਕ ਨਹੀਂ ਸੀ ਪੁੱਜੀ।

—ਸਾਡੇ ਪਹਿਲੇ ਹਮਲੇ ਦੀ ਤਾਬ ਕੌਣ ਝੱਲੂ, 'ਸਾਥੀ ਅਲਫ਼ ਖ਼ਾਂ ਬੋਲਿਆ।'

—ਅਜੇ ਤੂੰ ਲਹੂ ਦਾ ਰੰਗ ਨਹੀਂ ਨਾ ਵੇਖਿਆ, ਇਹ ਜੰਗ ਏ ਪੁੱਤ, ਮੁੰਡਿਆਂ ਦੀ ਢਾਣੀ ਦਾ ਗੁੱਲੀ-ਡੰਡਾ ਨਹੀਂ।

—ਅਸੀਂ ਕਈ ਜੰਗਾਂ ਲੜੀਆਂ ਤੇ ਫ਼ਤਹਿ ਦੇ ਡੰਕੇ ਵਜਾਉਂਦੇ ਪਰਤੇ।

—ਪਰ ਜਦੋਂ ਇਥੋਂ ਨਿਕਲੋਗੇ ਤਾਂ ਜਾਣਾਂਗੇ। ਤੁਸਾਂ ਮੈਦਾਨ ਵਿਚ ਲੜਾਈ ਲੜੀ ਏ ਤੇ ਇਹ ਪਹਾੜ ਏ। ਮੁਗਲ ਪਹਾੜਾਂ ਵਿਚ ਲੜਾਈ ਲੜਨ ਦਾ ਆਦੀ ਨਹੀਂ। ਸੇਵਾ ਜੀ ਜਿਹਨੂੰ ਪਹਾੜੀ ਚੂਹਾ ਆਖਦੇ ਹਨ ਉਹਦੇ ਨੱਕ ਵਿਚ ਨਕੇਲ ਅਜੇ ਤੱਕ ਨਹੀਂ ਪੈ ਸਕੀ। ਮੁਰਗੇ ਖਾਉ ਤੇ ਮੌਜਾਂ ਕਰੋ। ਜਦੋਂ ਸਾਹਮਣਾ ਹੋਏਗਾ ਤੇ ਫੇਰ ਸ਼ੇਖ਼ੀ ਮਾਰ ਲੈਣਾ, 'ਅਲਫ਼ ਖਾਂ ਨੇ ਸਲਾਹ ਦਿੱਤੀ।'

—ਤੁਸੀਂ ਤੇ ਐਵੇਂ ਡਰ ਰਹੇ ਹੋ, ਕੌਣ ਏ ਸਾਡਾ ਮੁਕਾਬਲਾ ਕਰਨ ਵਾਲਾ, ਇਹ ਮੁੱਠ ਪਹਾੜੀਆਂ ਦੀ।

—ਆਨੰਦਪੁਰ ਦੇ ਗੁਰੂ ਦਾ ਤੂੰ ਅਜੇ ਨਾਂ ਨਹੀਂ ਸੁਣਿਆ, ਉਹਦੇ ਮਗਰ ਖ਼ੁਦਾਈ ਤਾਕਤ ਏ ਤੇ ਸਿਰ ਲੱਥ ਜਵਾਨ ਹਨ। ਉਹ ਮਰਨਾ ਜਾਣਦੇ ਹਨ। ਭੱਜਣਾ ਨਹੀਂ। ਫੁੱਟ ਜਾਣਗੇ ਲਿਫਨ ਨਹੀਂ ਲੱਗੇ।

—ਇਹ ਐਵੇਂ ਝੂਠੀਆਂ ਅਫ਼ਵਾਹਾਂ ਹਨ, ਫੋਕੇ ਦਮਗਜ਼ੇ ਹਨ।

—ਅਜੇ ਦੀਦਾਰ ਨਹੀਂ ਕੀਤੇ। ਜਦੋਂ ਉਹਨਾਂ ਦਾ ਜਲਾਲ ਵੇਖਿਆ ਤਾਂ ਤੇਰੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਜਾਏਗਾ।

—ਗੱਭਰੂ ਨੇ ਤਲਵਾਰ ਦੀ ਮੁੱਠ ਤੇ ਹੱਥ ਰੱਖਿਆ ਤੇ ਆਖਿਆ, 'ਸਾਨੂੰ ਆਪਣੀਆਂ ਤਲਵਾਰਾਂ ਤੇ ਮਾਨ ਏ।'

—ਅੱਲਾਹ ਤੁਹਾਨੂੰ ਤੌਫ਼ੀਕ ਦੇਵੇ। ਸਾਡੀ ਰਹਿ ਆ ਜਾਏ, ਵਰਨਾ ਲਾਹੌਰ ਦੇ ਸੂਬੇ ਨੇ ਸਾਨੂੰ ਗਲੀ ਨਹੀਂ ਟੱਪਣ ਦੇਣੀ।

ਇਕ ਟੁੱਕੜੀ ਨਜ਼ਰ ਆਈ, ਮੈਦਾਨ 'ਚ ਰੌਣਕ ਵਧੀ, ਨਗਾਰੇ ਵੱਜੇ, ਨਰਸਿੰਘੇ ਫੂਕੇ ਗਏ। ਢੋਲ ਤੇ ਡੱਗਾ ਵੱਜਾ ਤੇ ਹਰਕਤ 'ਚ ਆਈ ਫ਼ੌਜ।

—ਅਲਫ਼ ਖ਼ਾਂ ਆਖਣ ਲੱਗਾ, ਪਹਿਲ ਕਰੋ ਤੇ ਭਰਵਾਂ ਹਮਲਾ ਕੀਤਾ ਜਾਵੇ ਦੁਸ਼ਮਣ ਨੂੰ ਹਮਲੇ ਦੀ ਖ਼ਬਰ ਵੀ ਨਾ ਹੋਵੇ। ਪਹਾੜ ਤੋਂ ਉਤਰਨਾ ਮੁਸ਼ਕਲ ਏ ਕੋਈ ਨੇੜੇ ਦਾ ਰਾਹ ਦੱਸੋ। ਇਹ ਡੰਡੀ ਸਾਰੀ ਇਹਨਾਂ ਦੇ ਸਾਹਮਣੇ ਜਾ ਕੇ ਮੁੱਕਦੀ ਹੈ। ਪਰ ਬੰਦੇ ਪੰਜ ਤੋਂ ਜ਼ਿਆਦਾ ਇਕ ਕਤਾਰ ਵਿਚ ਨਹੀਂ ਜਾ ਸਕਦੇ। ਇਹਦੀ ਖ਼ਬਰ ਨਾ ਹੋਵੇ ਬਾਕੀ ਫ਼ੌਜ ਸਿੱਧੀ ਉਤਰੇ ਫੇਰ ਭਾਵੇਂ ਕਾਮਯਾਬੀ ਦਾ ਮੂੰਹ ਵੇਖਿਆ ਜਾਵੇ ਵਰਨਾ ਪਹਾੜੀਆਂ ਨੇ ਤੁਹਾਡੇ ਪੰਜ-ਪੰਜ ਬੰਦੇ ਝਟਕਾਈ ਜਾਣੇ ਨ ਕ੍ਰਿਪਾਲ ਚੰਦ ਕਾਂਗੜੀਏ ਨੇ ਆਖਿਆ।

ਅਜੇ ਇਹ ਸੋਚ ਹੀ ਰਹੇ ਸਨ ਪਹਾੜੀਏ ਮੁਗਲ ਫ਼ੌਜ ਤੇ ਜਾ ਪਏ। ਹਮਲਾ ਜ਼ੋਰਦਾਰ ਸੀ। ਅਲਫ਼ ਖ਼ਾਂ ਅਜੇ ਸੋਚ ਹੀ ਰਿਹਾ ਸੀ ਕ੍ਰਿਪਾਲ ਚੰਦ ਨੇ ਪਹਿਲੀ ਮਿਲਣੀ ਜਾ ਕੀਤੀ। ਹਮਲਾ ਪਛਾੜ ਦਿੱਤਾ। ਪਹਾੜੀ ਰਾਜੇ ਇਧਰ-ਉਧਰ ਮੂੰਹ ਚੁੱਕਣ ਲੱਗੇ।

ਕਰੀ ਢੂਕ ਢੋਅ ਕਿਰਪਾਲ ਚੰਦ, ਹਟਾਏ ਸਬੈ ਮਾਰਿ ਕੈ ਬਿਰ ਬ੍ਰਿੰਦੈ।

ਪਹਾੜੀਆਂ ਫਿਰ ਦੂਜਾ ਹਮਲਾ ਕਰ ਦਿੱਤਾ। ਉਹਦੇ ਵਿਚ ਜੋਸ਼ ਸੀ, ਲਗਨ ਸੀ ਤੇ ਜਜ਼ਬਾ ਸੀ।

ਫੇਰ ਅੱਗੋਂ ਅਲਫ਼ ਖ਼ਾਂ ਕਿਹੜਾ ਚੂੜੀਆਂ ਪਾ ਕੇ ਬੈਠਾ ਹੋਇਆ ਸੀ। ਓਸ ਮੂੰਹ ਭੰਨ ਦਿੱਤਾ ਪਹਾੜੀਆਂ ਦਾ ਤੇ ਟਿੱਲੇ ਤੋਂ ਥੱਲੇ ਵਲ ਤੋਰ ਦਿੱਤੇ। ਹੁਣ ਪਹਾੜੀਏ ਜ਼ਮੀਨ ਤੇ ਸਨ। ਅਲਫ਼ ਖ਼ਾਂ

ਟੀਸੀ ਤੇ ਬੈਠਾ ਬਾਂਗਾਂ ਦੇ ਰਿਹਾ ਸੀ ਤੇ ਪਹਾੜੀਏ ਟਿੱਲੇ ਦੇ ਪੈਰਾਂ ਵਿਚ ਖੜੇ ਦੰਦ ਪੀਸ ਰਹੇ ਸਨ। ਰਾਜਿਆਂ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਮਜਬੂਰ ਹੋ ਗਏ, ਇਹ ਵੱਖਰੀ ਗੱਲ ਏ ਕਿ ਮੁਗ਼ਲਾਂ ਨੇ ਪਿੱਛਾ ਨਾ ਕੀਤਾ ਪਰ ਪਹਾੜੀਏ ਦਿਲ ਛੱਡੀ ਬੈਠੇ ਸਨ। ਨੱਸਣ ਦਾ ਰਾਹ ਲੱਭ ਰਹੇ ਸਨ।

ਦੁਤੀਯ ਢੋਅ ਢੂਕੇ ਵਹੇ ਮਾਰਿ ਉਤਾਰੀ, ਖਰੇ ਦਾਤ ਪੀਸੈ ਛਬੇ ਛਤ੍ਰਧਾਰੀ।
ਉਤੇ ਵੈ ਖਰੇ ਬੀਰ, ਬੰਬੇ ਬਜਾਵੈਂ, ਤਰੇ ਭੂਪ ਨਾਵੇ ਕੋਡ ਸੋਕ ਪਾਵੈ।

ਭੀਮ ਚੰਦ ਨੇ ਫ਼ੌਜ ਦੀ ਦੁਰਦਸ਼ਾ ਵੇਖੀ ਤੇ ਘਬਰਾਇਆ। ਫੇਰ ਮਨ ਪੱਕਾ ਕੀਤਾ ਮਰਦ ਬਣਿਆ। ਹੁਣ ਜਾਂ ਮੈਦਾਨ ਵਿਚ ਮਰਾਂਗੇ ਜਾਂ ਜਾਨਾਂ ਦੇਵਾਂਗੇ। ਮੈਦਾਨ ਮਾਰ ਕੇ ਈ ਦਮ ਲਵਾਂਗੇ।

- ਇਹ ਬੁਜ਼ਦਿਲ ਪਹਾੜੀਏ ਐਵੇਂ ਫੜ੍ਹਕੀਆਂ ਬੜ੍ਹਕਾਂ ਈ ਮਾਰਨ ਜੋਗੇ ਹਨ। ਲੜਨਾ ਇਹਨਾਂ ਦੇ ਵੱਸ ਦਾ ਰੋਗ ਨਹੀਂ ਡਟੋ, ਮਾਰੋ, ਮਰੋ, ਸੂਰਮੇ ਜੰਗ ਵਿਚ ਈ ਮਰਦੇ ਸੋਹਣੇ ਲੱਗਦੇ ਹਨ।

—ਮਹਾਰਾਜ ਮੁਗ਼ਲਾਂ ਸਾਡੇ ਦੋਵੇਂ ਹਮਲੇ ਪਛਾੜ ਦਿੱਤੇ ਹਨ ਤੇ ਉਹ ਸਾਡੇ ਮੋਢੀਂ ਚੜ੍ਹ ਆ ਰਿਹਾ ਏ।

— ਤੇ ਫੇਰ ਅੱਗੇ ਵਧੋ ਤੇ ਰੋਕੋ। ਪਹਾੜ 'ਚ ਤੁਹਾਨੂੰ ਕੋਈ ਨਹੀਂ ਜਿੱਤ ਸਕਦਾ।

—ਸਾਡੀ ਉਹਨਾਂ ਬੱਬ ਬੁਲਾ ਦਿੱਤੀ ਏ। ਗੇਂਦ ਵਾਂਗੂੰ ਰਿੜ੍ਹਦੇ ਆ ਰਹੇ ਹਨ।

—ਆਉਂਦਿਆਂ ਨੂੰ ਬੋਚ ਲਵੋ। ਮੈਦਾਨ 'ਚ ਪੈਰ ਨਾ ਲੱਗਣ ਦਿਉ।

— ਰਾਜਾ ਜੀ, ਇਹ ਬਹੁਤ ਜਬਰਦਸਤ ਹਨ। ਉਹਨਾਂ ਦੀਆਂ ਤਲਵਾਰਾਂ ਬਹੁਤ ਤਿੱਖੀਆਂ ਹਨ।

—ਫੇਰ ਘਰੋਂ ਈ ਨਹੀਂ ਸੀ ਆਉਣਾ, ਲਗਾਨ ਉਹਨਾਂ ਦੀ ਝੋਲੀ ਵਿਚ ਪਾਉਣਾ ਸੀ, ਲੜਾਈ ਕਿਉਂ ਸਹੇੜੀ।

—ਹੁਣ ਨੱਸ ਜਾਵੋ, ਤੁਹਾਡਾ ਕਿਸੇ ਨੇ ਰਾਹ ਰੋਕਿਆ ਹੋਇਐ।

—ਹੁਣ ਕੌਣ ਨੱਸਣ ਦਿੰਦਾ ਏ। ਅੱਗੋਂ ਸਾਡੀ ਫ਼ੌਜ ਮਾਰਦੀ ਏ ਤੇ ਪਿੱਛੋਂ ਮੁਗ਼ਲ।

—ਫੇਰ ਲੜੋ, ਜਵਾਨਾਂ ਦੀ ਮੌਤ ਮਰੋ, ਮੁਗਲ ਹਊਆ ਨਹੀਂ ਹਨ। ਤੁਹਾਡੇ ਵਰਗੇ ਸਿਪਾਹੀ ਹਨ।

— ਘਬਰਾਓ ਨਹੀਂ ਰਾਜਾ ਜੀ, ਅਸੀਂ ਲੜਾਂਗੇ, ਜਾਨ ਤਲੀ ਤੇ ਰੱਖ ਲਈ ਏ। ਨੱਸ ਕੇ ਲਾਜ ਨਹੀਂ ਲਾਉਣੀ।

—ਬੁਜ਼ਦਿਲੀ ਛੱਡੋ ਤੇ ਬਹਾਦਰਾਂ ਵਾਂਗੂੰ ਸਾਹਮਣੇ ਹੋ ਕੇ ਮੁਕਾਬਲਾ ਕਰੋ। ਮੈਦਾਨ ਤੁਹਾਡਾ ਈ ਏ। ਤੁਹਾਡੇ ਹੱਥ ਵਿਚ ਹੀ ਰਹੇਗਾ। ਛਾਪੇ ਮਾਰਨ ਦੀ ਨੀਤੀ ਅਪਣਾਉ। ਜੰਗ ਦਾ ਨਕਸ਼ਾ ਬਦਲ ਗਿਆ। ਅੰਦਾਜ਼ੇ ਸਭ ਗਲਤ ਹੋਏ, ਅਲਫ਼ ਖ਼ਾਂ ਨੂੰ ਮਹਿਸੂਸ ਹੋਇਆ ਕਿ ਜੰਗ ਆਸਾਨੀ ਨਾਲ ਨਹੀਂ ਜਿੱਤੀ ਜਾਣੀ। ਕੁਰਬਾਨੀ ਦੇਣੀ ਪੈਣੀ ਏ। ਪਹਾੜੀਏ ਨੱਸੇ ਨਹੀਂ, ਲੁਕੇ ਨਹੀਂ, ਉਹਲਾ ਸਾਉਣ-ਭਾਦੋਂ ਦੀਆਂ ਤਿੱਤਰ ਖੰਭੜੀਆਂ ਵਾਂਗੂੰ ਸਿਰ ਕਢ ਲੈਣਾ ਏ। ਇਹ ਪਹਾੜੀ ਚੂਹੇ ਹਨ। ਅਜੇ ਤੇ ਜੰਗ ਦਾ ਮੂੰਹ ਮੱਥਾ ਈ ਨਹੀਂ ਨਿੱਖਰਿਆ, ਗੋਹੜੇ ਵਿਚੋਂ ਪੂਣੀ ਵੀ ਨਹੀਂ ਕੱਤੀ ਗਈ। ਜੰਗ 'ਚ ਅਜੇ ਨਿਖਾਰ ਆਏ, ਮੀਆ ਖ਼ਾਂ ਦੇ ਦਿਕ ਹਮਾਇਤੀ ਦੀ ਸੋਚ ਸੀ।'

ਹੌਲੀ-ਹੌਲੀ ਸੂਰਮੇ ਮੈਦਾਨ 'ਚ ਨਿੱਤਰਨਗੇ ਤੇ ਸਾਨੂੰ ਹਫਾ-ਹਫਾ ਕੇ ਮਾਰਨਗੇ।

ਗੋਬਿੰਦ ਰਾਏ ਵਲ ਭੀਮ ਚੰਦ ਨੇ ਇਕ ਸਵਾਰ ਭੇਜਿਆ ਤੇ ਆਖਿਆ ਜੰਗ ਸਾਡੇ ਹੱਥੋਂ ਨਿਕਲਣ ਵਾਲੀ ਏ। ਜਾਬਰ ਸਾਡੇ ਤੇ ਬਾਰ-ਬਾਰ ਹਮਲਾ ਕਰ ਰਿਹੈ ਤੇ ਸਾਡੀਆਂ ਫ਼ੌਜਾਂ ਪਿੱਛੇ ਹੱਟ ਰਹੀਆਂ ਨੇ। ਦਰਿਆ ਨੇ ਸਾਡੀ ਇਕ ਬਾਹੀ ਰੋਕੀ ਹੋਈ ਏ। ਐਸਾ ਨਾ ਹੋਵੇ ਕਿ ਪਹਾੜੀਏ ਦਿਲ ਛੱਡ ਕੇ ਨੱਸ ਜਾਣ ਤੇ ਅਲਫ਼ ਖ਼ਾਂ ਸ਼ੇਰ ਵਾਂਗੂੰ ਸਾਡੇ ਤੇ ਝਪਟ ਪਏ ਤੇ ਸਾਡੀ ਸਾਰੀ ਕਾਰੀਗਰੀ ਬਿਆਸਾ 'ਚ ਰੁੜ੍ਹ ਜਾਏ।

—ਸਵਾਰ ਅਜੇ ਉਨ੍ਹਾਂ ਪਹਾੜਾਂ ਵਿਚ ਈ ਘੁੰਮ ਰਿਹਾ ਸੀ ਤੇ ਸਾਹਮਣਿਓਂ ਗੁਰੂ ਗੋਬਿੰਦ ਰਾਏ ਦਾ ਘੋੜਾ ਵਿਖਾਈ ਦਿੱਤਾ।

—ਮੈਂ ਆ ਗਿਆ ਹਾਂ, ਤੁਸੀਂ ਚੱਲੋ, ਤਸੱਲੀ ਦਿਉ ਰਾਜਾ ਜੀ ਨੂੰ, ਮੈਂ ਆਪਣੇ ਮੋਰਚੇ ਦੀ ਚੋਣ ਕਰ ਲਈ ਏ।

—ਅਜੇ ਤੇਰੇ ਪੈਰ ਵੀ ਮੈਲੇ ਨਹੀਂ ਹੋਏ ਤੇ ਤੂੰ ਪਰਤ ਵੀ ਆਇਐਂ।

—ਹਜ਼ੂਰ, ਗੁਰੂ ਪਹਿਲਾਂ ਈ ਆਪਣੇ ਟਿਕਾਣੇ ਤੇ ਪਹੁੰਚ ਚੁੱਕੇ ਸਨ। ਉਨ੍ਹਾਂ ਨੇ ਹੁਕਮ ਦਿੱਤਾ ਹੈ ਕਿ ਤੁਸੀਂ ਹਮਲਾ ਕਰੋ ਬਾਕੀ ਮੈਂ ਆਪ ਸੰਭਾਲ ਲਵਾਂਗਾ।

—ਗੁਰੂ ਪੁੱਜ ਗਏ, ਮਿਹਰਬਾਨ ਆ ਗਿਆ ਦਥਾਨ ਦੀ ਲਾਜ ਰੱਖ ਵਿਖਾਈ, ਪਹਾੜੀਆ ਹੁੰਦਾ ਤੇ ਕਦੀ ਵੀ ਨਾ ਆਉਂਦਾ। ਕਦੀ ਵੀ ਖ਼ੂਨ ਦੀ ਹੋਲੀ ਖੇਡਣ ਨੂੰ ਤਿਆਰ ਨਾ ਹੁੰਦਾ। ਇਹ ਹੌਸਲਾ ਸਿਰਫ਼ ਗੁਰੂ ਗੱਦੀ ਨੂੰ ਈ ਏ। ਹੁਣ ਕੋਈ ਪ੍ਰਵਾਹ ਨਹੀਂ।

ਸਾਹਮਣੇ ਕ੍ਰਿਪਾਲ ਚੰਦ ਕਾਂਗੜੇ ਵਾਲਾ ਤੇ ਦਿਆਲ ਚੰਦ ਹਮਾਇਤੀ ਅਲਫ਼ ਖ਼ਾਂ ਦਾ। ਸੱਤ ਰਾਜੇ ਭੀਮ ਚੰਦ ਮਉਹਰੀਂ ਡਟੇ ਹੋਏ ਸਨ। ਮੁਕਾਬਲਾ ਦੋਵਾਂ ਦਲਾਂ ਵਿਚ ਮਜ਼ਬੂਤ ਸੀ।

ਅਲਫ਼ ਖ਼ਾਂ ਆਪਣੇ ਕਿਲ੍ਹੇ ਕਾਂਗੜ੍ਹ ਵਿਚ ਬੈਠਾ ਹੋਇਆ ਸੀ। ਓਸ ਦੂਰ ਤੋਂ ਦਰਸ਼ਨ ਕੀਤੇ ਆਨੰਦਪੁਰ ਵਾਲੀ ਦੇ। ਵਾਕਿਆ ਈ ਸ਼ਹਿਜ਼ਾਦਾ ਠੀਕ ਆਖਦਾ ਸੀ। ਇਹ ਨੂਰਾਨੀ ਚਿਹਰਾ, ਇਹ ਖ਼ੁਦਾਈ ਜਲਾਲ, ਇਹ ਚੜ੍ਹਿਆ ਸੂਰਜ, ਇਹਦਾ ਮੁਕਾਬਲਾ ਕਰਨ ਲਈ ਕੋਈ ਸੂਰਮਾ ਨਹੀਂ ਜੰਮਿਆ।

ਅਲਫ਼ ਖ਼ਾਂ ਨੀਝ ਲਾ ਕੇ ਵੇਖ ਰਿਹਾ ਸੀ ਇਕ ਖ਼ੁਦਾਈ ਕਰਿਸ਼ਮੇ ਨੂੰ। ਹੁਣ ਜੰਗ ਦੀ ਹਾਰ ਜਿੱਤ ਦਾ ਸਵਾਲ ਨਹੀਂ। ਹਾਰ ਵੀ ਹੋਵੇ ਤੇ ਸੁਨਿਹਰੀ ਅੱਖਰਾਂ 'ਚ ਲਿਖੀ ਜਾਏ। ਕਿਸੇ ਮਰ - ਨਾਲ ਹੱਥ ਕਰਨ ਦਾ ਮੌਕਾ ਤੇ ਮਿਲੂ।

ਪਹਾੜੀਏ ਲੜ ਰਹੇ ਸਨ। ਦੋਵਾਂ ਤਰਫ਼ਾਂ ਵੱਲੋਂ, ਪਹਾੜ ਦਾ ਈ ਲਹੂ ਵਗੇਗਾ। ਮੁਗ਼ਲ ਜੇ ਮਰ ਵੀ ਜਾਣਗੇ ਤੇ ਗਿਣਤੀ ਆਟੇ ਵਿਚ ਲੂਣ ਵਰਗੀ ਹੋਵੇਗੀ। ਨੰਗੀ ਨੇ ਨਹਾਉਣਾ ਕੀ ਤੇ ਨਚੋੜਨਾ ਕੀ। ਪਹਾੜੀਏ ਹੈ ਕੀ ?

ਹਨੂਮਾਨ ਦੇ ਮੰਤਰ ਦਾ ਜਾਪ ਕਰਕੇ ਭੀਮ ਚੰਦ ਨੇ ਤਲਵਾਰ ਮਿਆਨ 'ਚ ਪਾਈ ਤੇ ਫੇਰ ਪ੍ਰਸ਼ਾਦ ਵੰਡਿਆ, ਤੇ ਪੁਜਾਰੀ ਨੇ ਤਿਲਕ ਲਗਾਇਆ ਤੇ ਫੇਰ ਤਲਵਾਰ ਖਿੱਚੀ ਭੀਮ ਚੰਦ ਨੇ। ਹਰ-ਹਰ ਮਹਾਦੇਵ ਦੇ ਨਾਅਰਿਆਂ ਨਾਲ ਅਸਮਾਨ ਗੂੰਜਿਆ। ਪਹਾੜ ਦਾ ਕਲੇਜਾ ਬੋਲ ਪਿਆ। ਭੀਮ ਚੰਦ ਨੇ ਲਲਕਾਰਿਆ ਆਪਣੇ ਸਾਥੀਆਂ ਨੂੰ ਆਓ ਨਿੱਤਰੋ, ਜੰਗ ਦਾ ਸ਼ੰਖ ਵੱਜ ਗਿਆ ਏ। ਭਰਾ-ਭਰਾ ਦਾ ਲਹੂ ਪੀਵੇਗਾ। ਆਓ ਵੇਖੋ ਆਪਣੇ ਲਹੂ ਦਾ ਰੰਗ।

ਮੈਨੂੰ ਤੇ ਦਿਆਲ ਚੰਦ ਨਜ਼ਰ ਆ ਰਿਹੈ ਤੇ ਨਾਲ ਕ੍ਰਿਪਾਲ ਚੰਦ ਏ। ਇਨ੍ਹਾਂ ਬਈਮਾਨਾ ਨੂੰ ਚਾਹੀਦਾ ਸੀ ਕਿ ਅਰਥੀ ਨਾਲ ਲੈ ਕੇ ਆਉਂਦੇ। ਇਹਨਾਂ ਦੀ ਅਰਥੀ ਕੌਣ ਚੁੱਕੇਗਾ ਨਮਕ ਹਰਾਮ ਆਪਣੇ ਘਰ ਵਿਚ ਹੀ ਪੈਦਾ ਹੁੰਦੇ ਹਨ। ਸਾਡੀ ਗੁਲਾਮੀ ਇਹਨਾਂ ਦੇ ਸਦਕੇ ਹੈ। ਇਹ ਸਾਰੇ ਕਸ਼ਟ ਇਨ੍ਹਾਂ ਦੀਆਂ ਮਿਹਰਬਾਨੀਆਂ ਦੇ ਹਨ। ਦੁਸ਼ਮਣ ਨਾਲ ਯਾਰਾਨਾ ਤੇ ਭਰਾਵਾਂ ਨਾਲ ਵੈਰ। ਮੁਗਲ ਚੜ੍ਹ ਕੇ ਆਇਆ ਸੀ। ਆਉਂਦਾ ਜੀਅ ਸਦਕੇ ਪਰ ਇੱਥੋਂ ਮੁੜ ਕੇ ਜਾਂਦਾ ਤਾਂ ਪਠਾਣੀ ਦਾ ਪੁੱਤ ਹੁੰਦਾ। ਇਹ ਸਾਰੇ ਇਕ ਪਾਸੇ ਜਾ ਰਹੇ ਹਨ-।

ਦਲ ਕਾਠਗੜ੍ਹ ਲੜਨ ਦਾ ਇੱਥੇ ਮਜ਼ਾ ਆਏਗਾ। ਤਲਵਾਰ ਦੀ ਧਾਰ ਇੱਥੇ ਪਰਖੀ ਜਾਏਗੀ। ਏਕਾ ਤੋੜਿਆ ਏ ਚੰਗਾ ਨਹੀਂ ਕੀਤਾ। ਜ਼ਾਲਮਾਂ ਨਾਲ ਰਲ ਬੈਠ ਹਨ ਭਰਾਵਾਂ ਨੂੰ ਮਾਰਨ ਲਈ, ਕਾਫ ਖੂਬ ਏ ਨਵਾਂ ਰਾਹ ਲੱਭ ਲਿਐ। ਹੁਣ ਉਪਦੇਸ਼ ਨਾਲ ਇਨ੍ਹਾਂ ਨਹੀਂ ਮੰਨਣਾ. ਡੰਡੇ ਨਾਲ ਸਿੱਧੇ ਹੋਣਗੇ। ਲੋੜ ਇਸ ਗੱਲ ਦੀ ਏ ਕਿ ਆਪਣਾ ਨਵਾਂ ਵਾਰ ਏਕਾ ਕਰਨ ਵਿਚ ਲਾਉਣੈ। ਮਹਾਰਾਜ ਨੂੰ ਇਕ ਨਿਰਾਲਾ ਜਿਹਾ ਉਤਸ਼ਾਹ ਜਿਹਾ ਚੜ੍ਹਿਐ। ਬੜੀ ਉਤੇਜਨਾ ਏ ਉਹਨਾਂ ਦੇ ਚਿਹਰੇ 'ਤੇ, ਜਿਹੜਾ ਇਸ ਤਰ੍ਹਾਂ ਚਮਕ ਰਿਹਾ ਏ ਜਿਵੇਂ ਸੂਰਜ ਦੀ ਲਾਲੀ ਦਾ ਪ੍ਰਕਾਸ਼ ਹੋਵੇ।

"ਸ੍ਰੀ ਮੁੱਖ ਪੈ ਉਤਸ਼ਾਹ ਸੁਹਾਵਤਿ, ਜਥੇ ਅਰਿੰਨਦਯ ਭੇ ਰੰਗ ਲਾਲਾ।"

--ਮੈਦਾਨ ਦੀ ਰਣਭੂਮੀ ਨੂੰ ਸਿਰ ਝੁਕਾਓ ਤੇ ਮੈਦਾਨ ਵਿਚ ਨਿੱਤਰੋ, ਹੋਰ ਕੋਈ ਰਾਹ ਨਹੀਂ। ਇਹ ਬਚਨ ਗੁਰੂ ਗੋਬਿੰਦ ਰਾਏ ਦੇ ਸਨ।

ਭੀਮ ਚੰਦ ਥੱਲੇ ਸੀ ਤੇ ਅਲਫ਼ ਖ਼ਾਂ ਟੀਸੀ ਤੇ। ਗੁਰਾਂ ਨੇ ਐਸੀ ਜਗ੍ਹਾ ਮੱਲੀ ਹੋਈ ਸੀ ਜਿੱਥੇ ਅਲਫ਼ ਖ਼ਾਂ ਉਨ੍ਹਾਂ ਦੇ ਨਿਸ਼ਾਨੇ ਥੱਲੇ ਸੀ ਤੇ ਭੀਮ ਚੰਦ ਦਾ ਮੁੱਖੜਾ ਚੰਗੀ ਤਰ੍ਹਾਂ ਨਜ਼ਰ ਆ ਰਿਹਾ ਸੀ।

ਹੌਲੀ-ਹੌਲੀ ਸਤਗੁਰ ਨਾਹਨ ਤੋਂ ਲਾਗੇ ਦੇ ਪਿੰਡ ਬਲਗੀ ਪੁੱਜ ਗਏ। ਭੀਮ ਚੰਦ ਬੜਾ ਖ਼ੁਸ਼ ਸੀ। ਹੁਣ ਕੋਈ ਪ੍ਰਵਾਹ ਨਹੀਂ, ਅਲਫ਼ ਖ਼ਾਂ ਹੁਣ ਜਿੱਤ ਕੇ ਨਹੀਂ ਜਾ ਸਕਦਾ। ਉਹਦੀ ਲਾਸ਼ ਕੋਈ ਆਣ ਕੇ ਈ ਚੁੱਕੇਗਾ।

ਇੱਧਰ ਅਲਫ਼ ਖ਼ਾਂ ਨੇ ਵੀ ਸਿਰ ਤੇ ਕਫ਼ਨ ਬੰਨ੍ਹਿਆ ਹੋਇਆ ਸੀ। ਉਹ ਵੀ ਆਪਣੀ ਕਿਸਮਤ ਅਜ਼ਮਾ ਰਿਹਾ ਸੀ।

ਸਾਡੇ ਅਧੀਨ ਰਾਜੇ ਗੁਰੂ ਦੀ ਗੁੱਠ ਵਿਚ ਸ਼ਾਮਲ ਹਨ। ਦੇਣਾ ਲਗਾਨ ਤੇ ਅੱਖਾਂ ਕੱਢਣੀਆਂ, ਹਕੂਮਤ ਕਿੱਦਾਂ ਬਰਦਾਸ਼ਤ ਕਰੇਗੀ। ਲਗਾਨ ਤੇ ਲੈ ਕੇ ਈ ਮੁੜਨਾ ਏ। ਅਸੀਂ ਤੇ ਸਿਰ ਦਾ ਸੌਦਾ ਕਰਕੇ ਆਏ ਹਾਂ। ਗੁੱਸੇ 'ਚ ਲਾਲ ਪੀਲਾ ਹੋ ਰਿਹਾ ਸੀ, ਤੂਤ ਦੀ ਟਾਹਣੀ ਵਾਂਗੂੰ ਕੰਬ ਰਿਹਾ ਸੀ।

ਲਲਕਾਰਿਆ ਕ੍ਰਿਪਾਲ ਚੰਦ ਤੇ ਦਿਆਲ ਚੰਦ ਨੇ. ਆਪਣੇ ਘੋੜੇ ਦੀਆਂ ਲਗਾਮਾਂ ਨੂੰ ਝਟਕਾ ਮਾਰਿਆ।

ਜੇ ਅੱਜ ਭੀਮ ਚੰਦ ਸਾਡੇ ਨਾਲ ਖੜ੍ਹਾ ਹੁੰਦਾ ਤਾਂ ਅਸੀਂ ਅੱਜ ਭੰਗਾਣੀ ਦੇ ਯੁੱਧ ਦਾ ਬਦਲਾ ਲੈ ਲੈਂਦੇ ਤੇ ਸਤਗੁਰ ਨੂੰ ਕੈਦ ਕਰਕੇ ਅਲਫ਼ ਖ਼ਾਂ ਨਾਲ ਤੋਰ ਦੇਂਦੇ। ਰੋਜ਼ ਦੀ ਖੇਚਲ ਮੁੱਕ ਜਾਂਦੀ ਪਰ ਕੁਦਰਤ ਨੂੰ ਇਹ ਨਹੀਂ ਮੰਜ਼ੂਰ।

ਮੁਠਭੇੜ ਹੋ ਗਈ ਭੀਮ ਚੰਦ ਨਾਲ, ਹਮਾਇਤੀ ਵੀ ਸਾਰੇ ਖੜੇ ਸਨ। ਰਾਮ ਸਿੰਘ, ਰਾਜ ਸਿੰਘ, ਸੁਖਦੇਵ, ਪ੍ਰਿਥਵੀ ਚੰਦ ਵੀ ਨਜ਼ਰ ਆ ਰਹੇ ਸਨ। ਬਾਕੀ ਰਾਜਪੂਤਾਂ ਦੀ ਭਰਮਾਰ ਸੀ. ਫੌਜਾਂ ਦੋਵੇਂ ਪਾਸੀਂ ਝਲਕਾਰੇ ਮਾਰ ਰਹੀਆਂ ਸਨ।

ਦੀਵਾਨ ਨੰਦ ਚੰਦ ਭਾਈ ਮਤੀ ਦਾਸ, ਭਾਈ ਬਚਿੱਤਰ ਰਾਏ ਭਾਈ ਆਲਮ ਚੰਦ, ਭਾਈ ਸੋਹਣ ਚੰਦ, ਭਾਈ ਮੂਲ ਚੰਦ ਤੇ ਭਾਈ ਧਰਮ ਚੰਦ ਇਹ ਯੋਧੇ ਭੀਮ ਚੰਦ ਦੀ ਕਮਾਨ ਹੇਠਾਂ ਸਨ। ਟਾਕਰਾ ਸਖ਼ਤ ਸੀ।

ਮੋਹਰੀ ਭੀਮ ਚੰਦ ਨੇ ਕਮਾਨ ਚੁੱਕੀ ਤੇ ਤੀਰ ਛੱਡਿਆ ਕ੍ਰਿਪਾਲ ਚੰਦ ਵੱਲ ਤੇ ਉਸ ਵੀ ਅੱਗੋਂ ਭਰਵਾਂ ਹੁੰਗਾਰਾ ਦਿੱਤਾ। ਕ੍ਰਿਪਾਲ ਚੰਦ ਦੀ ਤੀਰ ਅੰਦਾਜ਼ੀ ਸਾਰੇ ਪਹਾੜ 'ਚ ਮਸ਼ਹੂਰ ਸੀ। ਉਹਦੀ ਭਾਂਕ ਸੀ। ਉਸ ਮੂੰਹ ਤੋੜਵਾਂ ਜਵਾਬ ਦਿੱਤਾ ਤੇ ਤੀਰਾਂ ਦੀ ਬਰਸਾਤ ਸ਼ੁਰੂ ਕਰ ਦਿੱਤੀ। ਪਤਾ ਨਹੀਂ ਸੀ ਲੱਗਦਾ ਕਿ ਕੱਦ ਭੱਥਾ ਖ਼ਾਲੀ ਹੋਇਆ ਤੇ ਦੂਜਾ ਭੱਥਾ ਕਦ ਉਹਦੇ ਮੋਢੇ ਤੇ ਆ ਗਿਆ। ਉਸ ਮੂੰਹ ਭੂਆਂ ਦਿੱਤਾ। ਭੀਮ ਚੰਦ ਤੇ ਆਨੰਦਪੁਰ ਦੀਆਂ ਸੰਗਤਾਂ ਤੇ ਰਾਜੇ ਮੂੰਹ ਵੇਖਦੇ ਰਹਿ ਗਏ। ਮੂੰਹ 'ਚ ਉਂਗਲਾਂ ਪਾ ਰਹੇ ਸਨ। ਕ੍ਰਿਪਾਲ ਚੰਦ ਦੀ ਕਮਾਨ ਅੱਗੇ ਕੋਈ ਕੋਣ ਟਿਕੇ। ਕੁਝ ਰਾਜੇ ਡਟੇ ਤੇ ਕੁਝ ਝਾੜੀਆਂ 'ਚ ਜਾ ਲੁਕੇ।

ਗੁਰੂ ਗੋਬਿੰਦ ਰਾਏ ਸਭ ਕੁਝ ਵੇਖ ਰਹੇ ਸਨ। ਜਦ ਉਹਨਾਂ ਵੇਖਿਆ ਕਿ ਫ਼ੌਜ ਹੌਸਲਾ ਹਾਰਦੀ ਜਾ ਰਹੀ ਏ ਤੱਦ ਕਮਾਨ ਸੰਭਾਲੀ ਤੇ ਤੀਰ ਛੱਡਿਆ। ਗੁਰਾਂ ਜੀ ਆ ਕੇ, ਮੇਰੀ ਲਾਜ ਰੱਖਣੀ ਸਤਗੁਰ ਮੈਂ ਤੁਹਾਡੀ ਸ਼ਰਨ ਲਈ ਏ।

ਬੱਸ ਫੇਰ ਕੀ ਸੀ ਬਰਸਾਤ 'ਚ ਮੀਂਹ ਦਾ ਕਿੰਨਾ ਕੁ ਜ਼ੋਰ ਹੁੰਦੈ ਇਸ ਤੋਂ ਵੱਧ ਤੀਰਾਂ ਦੀ ਬਰਸਾਤ ਹੋ ਰਹੀ ਸੀ। ਚੰਗੀ ਘਮਸਾਨ ਦੀ ਲੜਾਈ ਹੋਈ। ਮੁਗ਼ਲ ਸੈਨਾ ਦੇ ਚੰਗੇ ਆਹੂ ਲੱਥੇ ਤੇ ਪਹਾੜੀ ਰਾਜਿਆਂ ਦੀ ਵੀ ਚੰਗੀ ਖੁੰਭ ਠੱਪੀ ਗਈ। ਅਲਫ਼ ਖ਼ਾਂ ਨੇ ਜਦ ਵੇਖਿਆ ਤਾਂ ਹੈਰਾਨ ਜਿਹਾ ਰਹਿ ਗਿਆ। ਇਹ ਤਾਂ ਖ਼ੁਦਾਈ ਕਰਾਮਾਤ ਏ।

ਜਦ ਗੁਰਾਂ ਨੇ ਖੱਬੇ ਹੱਥ ਨਾਲ ਤੀਰ ਚਲਾਏ ਤੇ ਬੁੜ੍ਹਕ ਕੇ ਜ਼ਮੀਨ ਤੇ ਜਾ ਡਿੱਗਾ ਤੇ ਨਾਲ ਈ ਦਿਆਲ ਚੰਦ ਦੀ ਲੋਥ ਮੈਦਾਨ 'ਚ ਪਈ ਹੋਈ ਸੀ। ਅਲਫ਼ ਖ਼ਾਂ ਨੇ ਸਿਰ ਝੁਕਾਇਆ, ਵਾਕਿਆ ਈ ਕੋਈ ਗੈਬੀ ਸ਼ਕਤੀ ਏ ਤੇ ਫ਼ਕੀਰੀ ਵੀ ਏ ਤੇ ਸ਼ਹਿਨਸ਼ਾਹੀ ਵੀ। ਅਸੀਂ ਜੰਗ ਨਹੀਂ ਜਿੱਤ ਸਕਦੇ। ਬੰਦਾ ਖ਼ੁਦਾ ਨੂੰ ਹਰਾ ਨਹੀਂ ਸਕਦਾ। ਅਲਫ਼ ਖ਼ਾਂ ਗਰਵੀਦਾ ਹੋ ਚੁੱਕਾ ਸੀ। ਫਿਰ ਚਾੜ੍ਹੀ ਫ਼ੌਜ ਭੀਮ ਚੰਦ ਨੇ ਗੁਰੂ ਦੇ ਸ਼ਰਧਾਲੂਆਂ ਦੀ ਕਾਠਗੜ੍ਹ ਵੱਲ। ਅਲਫ਼ ਖ਼ਾਂ ਕਿਸ-ਕਿਸ ਤੇ ਤੀਰ ਚਲਾ ਰਿਹਾ ਸੀ ਪਰ ਸਿਦਕੀ ਸਿੱਖ ਚੜ੍ਹਦੇ ਹੀ ਆ ਰਹੇ ਸਨ। ਉਹਨਾਂ ਕਾਠਗੜ੍ਹ ਨੂੰ ਘੇਰਿਆ। ਸੰਗਤ ਤੋਂ ਡਰਦਾ ਅਲਫ਼ ਖ਼ਾਂ ਹੁਣ ਜਾਨ ਲਕੋ ਰਿਹਾ ਸੀ। ਸੂਰਮੇ ਵਾੜ ਨੂੰ ਫੂਕਣ ਜਾ ਰਹੇ ਸਨ। ਮੁਵਾਤੇ ਬਾਲੇ ਹੋਏ ਸਨ ਤੇ ਅੱਗ ਲਾਉਣ ਦੀ ਯੋਜਨਾ ਬਣਾ ਲਈ ਸੀ।

ਤਬੈ ਭੀਮ ਚੰਦ ਕੀਯੋ ਕੋਪ ਆਪ, ਹਨੁਮਾਨ ਕੇ ਮੰਤ੍ਰ ਕੋ ਸਖ ਜਾਪ।
ਸਬੈ ਬੀਰ ਬੋਲੇ ਹਮੈ ਭੀ ਬੁਲਾਯ, ਤਬੈ ਢੋਅ ਕੇ ਸੁ ਨੀਕੇ ਸਿਧਾਯ।
ਸਬੈ ਕੋਪ ਕੇ ਮਹਾਂਬੀਰ ਢੂਕੇ, ਚਲੇ ਬਾਰਿਬੇ ਬਾਤ ਕੇ ਜਿਉ ਭਭੂਕੇ।

ਕਾਫ਼ੀ ਨੁਕਸਾਨ ਹੋਇਆ ਲਹੂ ਨਾਲ ਧਰਤੀ ਲਾਲ ਹੋ ਗਈ। ਕਾਠਗੜ੍ਹ ਵਿਚ ਘਿਰੇ ਨੌਜਵਾਨ ਰਾਤ ਦੀ ਇੰਤਜ਼ਾਰ ਵਿਚ ਸਨ। ਪਹਾੜੀਏ ਆਪਣੇ ਟਿਕਾਣੇ ਜਾ ਲੱਗੇ ਤੇ ਗੁਰੂ ਦੀ ਫ਼ੌਜ ਨੇ ਆਪਣਾ ਬਸੇਰਾ ਜਾ ਮੱਲਿਆ। ਰਾਤ ਗਹਿਰੀ ਹੁੰਦੀ ਗਈ। ਇਹ ਚੰਗਾ ਕੀਤਾ ਕਿ ਫ਼ੌਜ ਨੇ ਕਾਠਗੜ੍ਹ ਨੂੰ ਅੱਗ ਨਾ ਲਾਈ, ਇਹ ਹੁਕਮ ਗੋਬਿੰਦ ਰਾਏ ਦਾ ਸੀ।

ਜ਼ਰਾ ਕੁ ਆਰਾਮ ਲਿਆ ਤੇ ਅਲਫ਼ ਖ਼ਾਂ ਆਖਣ ਲੱਗਾ, ਹੁਣ ਦੱਸੋ ਰਾਜਾ ਜੀ, ਕੀ ਕਰਨਾ

ਏ । ਤੁਸਾਂ ਤਾਂ ਹਵਾਈ ਕਿਲ੍ਹੇ ਉਸਾਰ ਦਿੱਤੇ ਸਨ ਪਰ ਪਹਾੜ ਵੀ ਪੁੱਟਿਆ ਤੇ ਨਿਕਲਿਆ ਚੂਹਾ ।'

—ਅਕਲਮੰਦੀ ਤੇ ਹੁਣ ਏਸੇ ਵਿਚ ਏ ਕਿ ਜਾਨ ਬਚਾਈ ਜਾਏ । ਪਹਾੜੀਏ ਤੇ ਗੁਰੂ ਦੀ ਸੰਗਤ ਨੇ ਅੱਗ ਦੇ ਮਵਾੜੇ ਬਾਲ ਕੇ ਕਾਠਗੜ੍ਹ ਫੂਕ ਦੇਣਾ ਏ । ਕਾਠਗੜ੍ਹ ਤੇ ਸਵਾਹ ਹੋ ਜਾਏਗਾ ਤੇ ਨਾਲ ਈ ਉਹਦੇ ਵਿਚ ਬੈਠੇ ਬਹਾਦਰ ਵੀ ਅੱਲਾ ਨੂੰ ਪਿਆਰੇ ਹੋ ਜਾਣਗੇ । ਝੁਲਸ ਕੇ ਰੱਖ ਦੇਗੀ ਅੱਗ ਹੁਣ ਕੁਦਰਤ ਨੇ ਮੌਕਾ ਦਿੱਤਾ ਏ ਹੁਣ ਰਫੂ-ਚੱਕਰ ਹੋ ਜਾਓ । ਫੇਰ ਕਦੀ ਆਹਮਣਾ-ਸਾਹਮਣਾ ਹੋਇਆ ਤਾਂ ਗੁਬਾਰ ਕੱਢ ਲਵਾਂਗੇ । ਬੰਦਿਆਂ ਨਾਲ ਲੜੋ । ਖ਼ੁਦਾ ਦੀ ਖ਼ੁਦਾਈ ਤੇ ਰਹਿਮ ਕਰੋ ਜਦ ਤੱਕ ਅਸੀਂ ਨਹੀਂ ਜਿੱਤ ਸਕਦੇ ।

ਮੈਂ ਪਹਿਲਾਂ ਈ ਹਥਿਆਰ ਸੁੱਟ ਬੈਠਾ ਸਾਂ । ਗੁਰੂ ਦੇ ਨੂਰਾਨੀ ਚਿਹਰੇ ਵਿਚ ਇੰਨਾ ਜਲਾਲ ਏ ਕੋਈ ਠਹਿਰ ਨਹੀਂ ਸਕਦਾ । ਕਮਾਲ ਏ ਤੀਰ ਅੰਦਾਜ਼ੀ, ਮੈਂ ਉਹਨਾਂ ਦੀ ਖ਼ੁਦਾਈ ਰਹਿਮਤ ਨੂੰ ਸਲਾਮ ਕਰਦਾ ਹਾਂ ।

ਅੰਤਰਯਾਮੀ ਸਤਿਗੁਰ ਬੋਲੇ, 'ਆਵਾਜ਼ ਸਾਰੇ ਕਾਠਗੜ੍ਹ ਨੇ ਸੁਣੀ ਪਰ ਕਿਸੇ ਨੇ ਚਿਹਰਾ ਨਹੀਂ ਵੇਖਿਆ ।'

ਅਲਫ਼ ਖ਼ਾਂ ਇਹ ਖ਼ੁਦਾਈ ਕਹਿਰ ਨਹੀਂ ਤੇ ਨਾ ਹੀ ਕਰਾਮਾਤ ਏ । ਇਹ ਇਕ ਕਸਬ ਏ । ਸਾਧਨਾ ਨਾਲ ਸਾਧਿਆ ਜਾਂਦੈ । ਮੈਂ ਵੀ ਤੁਹਾਡੇ ਵਰਗਾ ਬੰਦਾ ਹਾਂ । ਘਬਰਾਓ ਨਾ, ਨਿਕਲ ਜਾਓ । ਕੋਈ ਤੁਹਾਡੇ ਮਗਰ ਨਹੀਂ ਆਉਂਦਾ । ਤੁਹਾਨੂੰ ਖ਼ੁਦਾ ਦੇ ਰਹਿਮੋ-ਕਰਮ ਤੇ ਛੱਡਿਆ ਏ ।

ਤਦ ਅਲਫ਼ ਖ਼ਾਂ ਨੂੰ ਯਕੀਨ ਹੋ ਗਿਆ ਕਿ ਗੁਰਾਂ ਦੇ ਬੋਲ ਕਦੇ ਝੂਠੇ ਨਹੀਂ ਹੋਣ ਲੱਗੇ । ਚੋਰਾਂ ਵਾਂਗੂੰ ਦੱਬੇ ਪੈਰ ਸਾਰੀ ਢਾਣੀ ਹੌਲੀ-ਹੌਲੀ ਕਰਕੇ ਪੱਤਰਾ ਵਾਚ ਗਈ । ਪਰ ਨਗਾਰਾ ਵੱਜਦਾ ਰਿਹਾ ।

ਦਿਨ ਚੜ੍ਹਿਆ ਕਾਠਗੜ੍ਹ ਸਿਰਫ ਛਾਪਿਆਂ ਦੀ ਇਕ ਵਾੜ ਰਹਿ ਗਈ ਸੀ ਬਾਕੀ ਸਾਰਾ ਪਹਾੜੀਆਂ ਨੇ ਇਕ-ਇਕ ਟਾਹਣ ਵੰਡ ਲਿਆ ।

ਪਹਾੜਨਾਂ ਕਹਿ ਰਹੀਆਂ ਸਨ ਕਿ ਤੁਸੀਂ ਜੰਗ ਲੜ ਰਹੇ ਸੋ ਤੇ ਇਧਰ ਪਠਾਣ ਸਾਊ ਘਰਾਂ ਦੀਆਂ ਰਾਣੀਆਂ ਦੀ ਪੱਤ ਲੁੱਟ ਰਹੇ ਸਨ । ਨਗਾਰਾ ਅਜੇ ਵੀ ਵੱਜ ਰਿਹਾ ਸੀ ।

ਲੜਾਈ ਵਿਚ ਐਨਾ ਲਹੂ ਡੁੱਲ੍ਹਿਆ ਕਿ ਬਾਗ ਨਾਲਾ ਲਹੂ ਨਾਲ ਭਰ ਕੇ ਵਗ ਤੁਰਿਆ ।

ਬਿਆਸਾ ਨਦੀ ਵਿੱਚੋਂ ਪੰਜ ਜੋੜੀਆਂ ਗੋਖੜੂਆਂ ਦੀਆਂ ਨਿਕਲੀਆਂ । ਆਤਮ-ਹੱਤਿਆ ਕਰ ਲਈ ਸੀ ਉਹਨਾਂ ਰਾਣੀਆਂ ਨੇ ਜਿਨ੍ਹਾਂ ਦੀ ਪੱਤ ਲੁੱਟੀ ਗਈ ਸੀ ।

ਨਗਾਰਾ ਅਜੇ ਵੀ ਵੱਜ ਰਿਹਾ ਸੀ ।

*

ਆਲਸੂਨ ੧੪੦

ਚਲੋ ਆਨੰਦਪੁਰ ਜੰਗ ਖ਼ਤਮ ਹੋਈ ਨੂੰ ਅੱਠ ਦਿਨ ਹੋ ਗਏ ਨੇ ਕਿੰਨੇ ਕੁ ਦਿਨ ਇਥੇ ਬੈਠੇ ਰਹਿਣਾ ਏ ਆਪਣੇ ਘਰ ਚਲੀਏ ਗੋਬਿੰਦ ਰਾਏ ਦੇ ਬਚਨ ਸੁਣਨ ।

— ਹਜ਼ੂਰ ਅਜੇ ਥਕਾਵਟ ਵੀ ਨਹੀਂ ਉਤਰੀ। ਕੁਝ ਦਿਨ ਹੋਰ ਆਰਾਮ ਕਰੋ।

—ਨਹੀਂ ਰਾਜਾ ਜੀ, ਘਰ ਸੁੰਨਾ ਵੀ ਨਹੀਂ ਰੱਖਿਆ ਜਾਂਦਾ। ਆਨੰਦਪੁਰ 'ਚ ਸਾਡੀਆਂ ਉਡੀਕਾਂ ਹੁੰਦੀਆਂ ਹੋਣੀਆ ਨੇ।

– ਗੱਲੀ ਕੀਹਦੀ ਤੇ ਗਹਿਣੇ ਕੀਹਦੇ। ਅਸੀਂ ਤੇ ਹੁਕਮ ਦੇ ਗ਼ੁਲਾਮ ਹਾਂ, ਰਾਜੇ ਭੀਮ ਚੰਦ ਨੇ ਆਖਿਆ।

— ਨਹੀਂ ਰਾਜਾ ਜੀ, ਹੁਣ ਜਾਣਾ ਈ ਬਿਹਤਰ ਏ। ਜਦੋਂ ਫੇਰ ਤੁਹਾਨੂੰ ਲੋੜ ਪਈ ਫੇਰ ਆ ਜਾਵਾਂਗੇ।

—ਨਜ਼ਰਾਨਾ, ਭੇਟਾ ਤੇ ਤੋਹਫ਼ੇ ਭੀਮ ਚੰਦ ਨੇ ਪੇਸ਼ ਕੀਤੇ। ਇਹ ਕੁਝ ਭੇਟਾ।

—ਰਾਜਾ ਜੀ ਦਿਲ ਸਾਫ਼ ਹੋਣਾ ਚਾਹੀਦੈ, ਪੈਸਿਆਂ ਨਾਲ ਪਿਆਰ ਨਹੀਂ ਖ਼ਰੀਦਿਆ ਜਾ ਸਕਦਾ।

– ਪੱਥਰਾਂ ਵਿਚ ਰਹਿ ਕੇ ਇਹਨਾਂ ਦਾ ਸੁਭਾਅ ਵੀ ਪੱਥਰ ਵਰਗਾ ਹੋ ਗਿਐ। ਹੌਲੀ-ਹੌਲੀ ਪਿਘਲਨ ਲੱਗ ਪੈਣਗੇ ਤੇ ਫੇਰ ਸਾਡੇ ਵਿਚ ਰਚ-ਮਿਚ ਜਾਣਗੇ। ਲੰਗਰ ਨੇ ਪੰਗਤ ਤੇ ਸੰਗਤ ਦਾ ਇੰਨਾਂ ਬੜਾ ਪ੍ਰਭਾਵ ਕਬੂਲ ਲਿਐ। ਲੰਗਰ ਵਿਚ ਇਹ ਹੁਣ ਆਪ ਜਾਂਦੇ ਹਨ ਸ਼ੌਕ ਨਾਲ। ਬਿਲਾਸਪੁਰ ਵਿਚ ਲੰਗਰ ਦੀ ਪ੍ਰਥਾ ਪਾ ਦਿੱਤੀ ਏ। ਗੁਰੂ ਜੀ ਦਾ ਲੰਗਰ ਰੋਜ਼ ਬਣਦਾ ਏ ਤੇ ਪੰਗਤ ਵਿਚ ਬੈਠ ਕੇ ਛੱਕਦੇ ਹਾਂ। ਮਹਾਰਾਜ ਬਹੁਤ ਸ਼ਰਧਾਲੂ ਹਨ ਪਹਾੜ ਵਾਲੇ, ਭੀਮ ਚੰਦ ਹੱਥ ਜੋੜੀ ਖੜਾ ਸੀ।

—ਰਾਜਾ ਜੀ, ਐਵੇਂ ਗੇਂਗਲੂਆਂ ਤੋਂ ਮਿੱਟੀ ਨਾ ਝਾੜੋ। ਇਨ੍ਹਾਂ ਦੇ ਪੈਰ ਈ ਨਹੀਂ ਹਨ, ਇਹਨਾਂ ਦੀ ਜ਼ਬਾਨ ਤੇ ਕੱਚੀ, ਇਹਨਾਂ ਦੇ ਬੋਲ ਥਿੜਕਦੇ, ਇਹ ਕਿਸੇ ਦਾ ਅਹਿਸਾਨ ਨਹੀਂ ਮੰਨਦੇ। ਮੈਂ ਚਾਹੁੰਦਾ ਹਾਂ ਕਿ ਇਹ ਇਕ-ਮੁੱਠ ਹੋ ਜਾਏ। ਪਰ ਇਹ ਪਿਆਰ ਦੀ ਭਾਸ਼ਾ ਈ ਨਹੀਂ ਸਮਝਦੇ ਸਿਰਫ਼ ਤਲਵਾਰ ਦੀ ਬੋਲੀ ਸਮਝਦੇ ਹਨ।

—ਅਨਾੜੀ ਸਨ, ਸੰਸਥਾ ਤੋਂ ਟੁੱਟੇ ਹੋਏ ਹਨ। ਪਹਾੜ 'ਚ ਰਹਿ ਕੇ ਡੱਡੂ ਵਾਂਗੂੰ ਉਸੇ ਘੇਰੇ 'ਚ ਘੁੰਮਦੇ ਹਨ। ਇਹ ਨਹੀਂ ਜਾਣਦੇ ਕਿ ਦੁਨੀਆ ਕਿੱਥੇ ਵੱਸਦੀ ਏ, ਭੀਮ ਚੰਦ ਦੀ ਜ਼ਬਾਨ 'ਚ ਬੜੀ ਮਿਠਾਸ ਸੀ।

—ਅੱਛਾ ਗੁਰੂ ਰਾਖਾ ਫੇਰ ਮਿਲਾਂਗੇ। ਇਹ ਮਿਲਣੀ ਕਦ ਹੁੰਦੀ ਏ ਇਹਦਾ ਇੰਤਜ਼ਾਰ ਕੀਤਾ ਜਾਏਗਾ।

ਨਰਸਿੰਘੇ ਗੂੰਜੇ, ਨਗਾਰੇ ਵੱਜੇ ਝੰਡੇ ਨਿਕਲੇ, ਢੋਲ ਨੇ ਧਮਾਲ ਪਾਈ, ਘੋੜੀਆਂ ਕੰਨ ਫੜਕੇ, ਕੂਚ ਦਾ ਹੁਕਮ ਹੋਇਆ। ਚੱਲੀ ਗੁਰੂ ਕੀ ਫ਼ੌਜ ਆਨੰਦਪੁਰ ਵੱਲ।

—ਆਹ ਤੇ ਆਨੰਦਪੁਰ ਏ, ਕਈ ਵਾਰ ਸੌਹਰੇ ਜਾਣਾ ਹੋਵੇ ਚੰਗਾ ਸਾਹ ਕੱਢ ਕੇ ਰਾਤ ਦੀ ਰੋਟੀ ਘਰ ਆਣ ਕੇ ਖਾਈਦੀ ਏ।

—ਸਾਡੇ ਲਈ ਆਨੰਦਪੁਰ ਦੂਰ ਏ। ਕੁਝ ਅਸੀਂ ਰਾਹ ਨਹੀਂ ਜਾਣਦੇ, ਡੰਡੀਆਂ ਤੇ ਫ਼ੌਜ ਚੱਲ ਨਹੀਂ ਸਕਦੀ ? ਇਸ ਲਈ ਆਨੰਦਪੁਰ ਦੂਰ ਏ। ਜਿੱਤੀਆਂ ਫ਼ੌਜਾਂ ਆਪਣੀ ਮਰਜ਼ੀ ਨਾਲ ਚਲਦੀਆਂ ਹਨ।

ਸਾਰਾ ਦਿਨ ਚੱਲਦੇ ਰਹੇ ਪਰ ਅਜੇ ਵੀ ਅੱਖਾਂ ਓਹਲਿਓਂ ਨਹੀਂ ਸੀ ਹੋਇਆ ਨਦੌਨ।

ਸੂਰਜ ਨੇ ਆਖਰੀ ਝਲਕ ਵਿਖਾਈ, ਸੁਨਿਹਰੀ ਚਾਦਰ ਪਹਾੜਾਂ ਵਿਚ ਅਲੋਪ ਹੋ ਗਈ। ਨਾ ਸੂਰਜ ਦੇਵਤਾ ਈ ਨਜ਼ਰ ਆਵੇ ਤੇ ਨਾ ਧੁੱਪ, ਸ਼ਾਮਾਂ ਉੱਤਰ ਆਈਆਂ। ਇਹ ਜਗ੍ਹਾ ਸੀ ਆਲਸੂਨ, ਡੇਰੇ ਲਾ ਦਿੱਤੇ।

ਤੰਬੂ ਕਨਾਤਾਂ ਗੱਡ ਦਿੱਤੀਆਂ, ਸ਼ਾਮਿਆਨਿਆਂ ਨੇ ਆਪਣਾ ਜੋਬਨ ਵਿਖਾਇਆ। ਲੰਗਰ ਦਾ ਪ੍ਰਬੰਧ ਸ਼ੁਰੂ ਹੋਇਆ। ਰਸਦ ਘੱਟ ਗਈ, ਬਾਜ਼ਾਰ ਵਿਚ ਗਏ ਮੰਡੀ ਭਾਂ-ਭਾਂ ਪਈ ਕਰੇ।

ਇਕੋ ਜਵਾਬ ਘਿਉ ਬਹੁਤ ਸੀ ਵਿਕ ਗਿਐ। ਕੱਲ੍ਹ ਨਦੌਨ ਜਾਵਾਂਗੇ ਤੇ ਜਿੰਨਾ ਮਰਜ਼ੀ ਖਰੀਦ ਲੈਣਾ।

ਆਟਾ ਚੱਕੀ ਖਰਾਬ ਹੋ ਗਈ ਏ। ਘਰਾਟ ਚਲਦੇ ਸਨ ਉਹਦਾ ਪਿਉ ਮਰ ਗਿਐ। ਅੱਜ ਘਰਾਟ ਚੱਲੇ ਨਹੀਂ। ਦਾਲ ਦੀਆਂ ਬੋਰੀਆਂ ਭਰੀਆਂ ਹੋਈਆਂ ਸਨ ਪਰ ਸੁੰਡੀ ਲੱਗ ਗਈ ਏ। ਸਵੇਰੇ ਬਹੁਤ ਮਾਲ ਆ ਰਿਹੈ ਜੀਅ ਭਰ ਕੇ ਖਰੀਦ ਲੈਣਾ।

ਮਿਰਚ ਹਲਦੀ, ਨਮਕ, ਛੋਟੇ ਜਿਹੇ ਪਿੰਡ ਵਿਚ ਐਨਾ ਸਮਾਨ ਕਿੱਥੋਂ ?

ਸਿੱਖ ਹੈਰਾਨ ਹੋ ਗਏ ਕਿ ਇਕੋ ਜਵਾਬ, ਸਾਰਿਆਂ ਨੇ ਨੰਨਾ ਫੜ ਲਿਆ ਹੋਇਐ। ਇਹ ਸਾਰੇ ਝੂਠ ਬੋਲਦੇ ਹਨ।

ਵਿਚਾਰ ਬੋਲਦੇ ਹਨ।

ਵਿਚਾਰ ਕੀਤੀ ਸੋਚਿਆ ਤੇ ਫੇਰ ਦੋ ਬੰਦਿਆਂ ਨੂੰ ਫੜ ਲਿਆ ਜ਼ਰਾ ਕੁ ਹੂਰਾ ਵਿਖਾਇਆ। ਪੁੱਛਿਆ ਕੀ ਮਾਜਰਾ ਏ।

ਮੈਂ ਗਰੀਬ ਬੰਦਾ ਹਾਂ ਮੇਰੀ ਕਿਉਂ ਸ਼ਾਮਤ ਲਿਆਉਣ ਲੱਗੇ ਹੋ ਕਿਸੇ ਹੋਰ ਦੀ ਗਿੱਚੀ ਨੱਪੋ।

ਇਕ ਸ਼ਾਹੂਕਾਰ ਦੇ ਸੰਘੇ 'ਚ ਅੰਗੂਠਾ ਦਿੱਤਾ। ਬੋਲ ਸੱਚ ਬੋਲ ਕੀ ਮਤਾ ਪਕਾਇਆ ਗਿਐ।

ਪਾਬੰਦੀ ਲੱਗੀ ਹੋਈ ਏ ਗੁਰੂ ਦੀ ਫ਼ੌਜ ਨੂੰ ਰਸਦ ਨਹੀਂ ਦੇਣੀ। ਜੋ ਦੇਵੇਗਾ ਉਹਦਾ ਘਰ ਫੂਕ ਦਿੱਤਾ ਜਾਵੇਗਾ। ਇਹ ਹੁਕਮ ਅਲਫ਼ ਖ਼ਾਂ ਤੇ ਕ੍ਰਿਪਾਲ ਚੰਦ ਦਾ ਏ।

—ਉਹ ਤੇ ਨੱਸ ਗਏ ਉਹਨਾਂ ਦਾ ਤੇ ਕੋਈ ਖੋਜ ਖੁਰਾ ਵੀ ਨਹੀਂ, ਇਕ ਸਿੱਖ ਦੇ ਬੋਲ ਸਨ। ਅੱਜ ਨੱਸੇ ਹਨ ਕੱਲ੍ਹ ਫਿਰ ਆ ਜਾਣਗੇ ਸਾਡੀ ਰੱਖਿਆ ਕੌਣ ਕਰੂ।

—ਅਸੀਂ ਜੋ ਬੈਠੇ ਹਾਂ ਤੁਹਾਡੀ ਵਾਅ ਵੱਲ ਕੋਈ ਨਹੀਂ ਦੇਖ ਸਕਦਾ।

—ਤੁਸੀਂ ਪ੍ਰਾਹੁਣੇ ਰਾਤ ਕੱਟੀ ਤੇ ਦਿਨ ਚੜ੍ਹਿਆ ਤੇ ਅਗਲੇ ਪਿੰਡ ਤੁਹਾਡਾ ਕਾਹਦਾ ਭਰੋਸਾ ਏ। ਅਸਾਂ ਤੇ ਇੱਥੇ ਰਹਿਣਾ ਏ ਸਾਡੀ ਮਜਬੂਰੀ ਏ।

—ਬੱਸ ਇਹੋ ਈ ਮੁਸ਼ਕਲ ਏ ਤੁਹਾਨੂੰ, ਖੋਲ ਦਿਉ ਦਰਵਾਜ਼ੇ, ਦੁਕਾਨਾਂ ਦੇ ਬੂਹੇ ਕੋਈ ਜਿੰਨਾ ਸਮਾਨ ਚਾਹੀਦਾ ਏ ਚੁੱਕ ਲਵੇ। ਲੰਗਰ 'ਚ ਘਾਟ ਨਾ ਆਵੇ। ਕੋਈ ਬੰਦਾ ਭੁੱਖਾ ਨਾ ਸੌਂਵੇ। ਰਕਮ ਮੈਂ ਤਾਰਾਂਗਾ।

— ਇਹ ਜ਼ਬਰਦਸਤੀ ਏ, ਸੀਨਾਜ਼ੋਰੀ ਏ, ਇਨਸਾਫ਼ ਨਹੀਂ।

—ਇੰਨਸਾਫ਼ ਕੀ ਏ ਫ਼ੌਜ ਭੁੱਖੀ ਮਾਰ ਦਿੱਤੀ ਜਾਵੇ। ਪਿੰਡ ਛੋਟਾ ਏ ਰਾਤ ਸਿਰ ਤੇ ਆ ਗਈ ਏ। ਰਸਦ ਖ਼ਰੀਦਣ ਦਾ ਹੋਰ ਕੋਈ ਸਾਧਨ ਨਹੀਂ। ਸਾਡੀ ਮਜਬੂਰੀ ਨੂੰ ਵੇਖੋ ਦੁਕਾਨ ਤੇ ਹਰ ਬੰਦਾ

ਸਮਾਨ ਖ਼ਰੀਦਦਾ ਏ ਭਾਵੇਂ ਦੁਸ਼ਮਣ ਏ ਤੇ ਭਾਵੇਂ ਸੱਜਣ। ਦੁਕਾਨ ਨੂੰ ਤੇ ਸਿਰਫ਼ ਨਫ਼ਾ ਚਾਹੀਦੈ। ਰਕਮ ਨਕਦ।

—ਗੁਰੂ ਦੇ ਸਿੱਖ ਸੌਦਾ ਮੰਗਣ ਤੇ ਤੁਸੀਂ ਇਨਕਾਰ ਕਰੋ ਭੁੱਖ ਮਰੋ, ਤੁਹਾਡਾ ਸਾਥ ਸਿਰਫ਼ ਗੁਰੂ ਨੇ ਦੇਣਾ ਏ। ਇਹਨਾਂ ਦੀ ਸ਼ਰਨ 'ਚ ਆਏ ਅਸੀਂ ਚਾਰ ਦਿਨ ਸੁੱਖ ਦਾ ਸਾਹ ਲੈ ਸਕਦੇ ਹਾਂ। ਇਕ ਪਹਾੜੀਆ ਬੋਲਿਆ।

—ਜਦੋਂ ਦੁਕਾਨਾਂ ਫੂਕੀਆਂ ਗਈਆਂ, ਜਦੋਂ ਘਰ ਦੇ ਜੀਅ ਕਤਲ ਹੋਏ ਉਦੋਂ ਕੌਣ ਬੌਹੜੂ।

— ਗੁਰੂ ਗੋਬਿੰਦ ਰਾਏ, ਆਨੰਦਪੁਰ ਦਾ ਵਾਲੀ, ਦੋ ਜਹਾਨਾਂ ਦਾ ਮਾਲਕ।

ਕਈਆਂ ਨੇ ਤੇ ਦਿਲ ਖੋਲ੍ਹ ਕੇ ਸੌਦਾ ਦਿੱਤਾ ਤੇ ਕਈ ਅਜੇ ਵੀ ਹੁੱਜਤ ਕਰ ਰਹੇ ਸਨ।

ਸਿੱਖਾਂ ਨੇ ਵੀ ਕਿਸੇ ਦੀ ਗੱਲ ਨਾ ਸੁਣੀ। ਦੁਕਾਨਾਂ 'ਚੋਂ ਰਸਦ ਚੁੱਕ ਕੇ ਲੈ ਗਏ ਡੇਰੇ। ਗੁੱਥੀਆਂ ਖੋਲ੍ਹ ਕੇ ਬੈਠ ਗਿਆ ਦੀਵਾਨ, ਆਓ ਆਪਣੀ ਰਕਮ ਗਿਣ ਲਵੋ। ਅਸਾਂ ਸੌਦਾ ਮੁਫ਼ਤ ਨਹੀਂ ਲੈਣਾ ਤੇ ਨਾ ਹੀ ਲੁੱਟਿਆ ਮਾਲ ਖਾਣੈ।

ਜੋ ਕਿਸੇ ਮੰਗਿਆ ਉਹੋ ਉਸ ਦੇ ਅੱਗੇ ਢੇਰੀ ਕਰ ਦਿੱਤਾ।

ਰਾਤ ਤੇ ਲੰਘ ਗਈ ਦਿਨ ਚੜ੍ਹਿਆ ਸਾਰਾ ਪਿੰਡ ਗਲ ਵਿਚ ਪਰਨੇ ਪਾ ਕੇ ਗ਼ਲਤੀ ਮੰਨਣ ਆਇਆ ਗੁਰੂ ਦੇ ਦਰਬਾਰ ਵਿਚ।

ਸਾਨੂੰ ਬਖ਼ਸ਼ੋ, ਸਾਥੋਂ ਭੁੱਲ ਹੋ ਗਈ। ਅਸੀਂ ਡਰਦੇ ਦੁਕਾਨਾਂ ਨਹੀਂ ਸਾਂ ਖੋਲ੍ਹਦੇ।

—ਜਰਨਾ, ਡਰਾਉਣਾ ਤੇ ਕਿਸੇ ਦਾ ਭੈਅ ਮੰਨਣਾ ਇਹ ਬੰਦੇ ਦੀ ਸਭ ਤੋਂ ਵੱਡੀ ਕਮਜ਼ੋਰੀ ਏ।

— ਸਾਡਾ ਮਾਲ, ਸਾਡੀ ਰਕਮ ਲੱਗੀ ਹੋਈ, ਦੁਕਾਨ ਸਾਡੀ, ਜ਼ਮੀਨ ਦੇ ਮਾਲਕ ਅਸੀਂ ਤੇ ਫੇਰ ਉਹ ਕੌਣ ਹੁੰਦੇ ਹਨ ਹੁਕਮ ਦੇਣ ਵਾਲੇ।

—ਰੋਟੀ ਸਭ ਨੇ ਖਾਣੀ ਏ ਫ਼ੌਜ ਕਿੱਦਾਂ ਭੁੱਖੀ ਰਹਿ ਸਕਦੀ ਏ। ਗੁਰੂ ਦੇ ਘਰ ਕੋਈ ਭੁੱਖਾ ਨਹੀਂ ਸੌਂਦਾ। ਜਾਓ ਗੁਰੂ ਮਿਹਰਬਾਨ, ਘਰ ਆਏ ਮਹਿਮਾਨ ਦੀ ਸੇਵਾ ਕਰੋ। ਭਾਵੇਂ ਜਾਨ ਜੋਖਮਾਂ 'ਚ ਪਾਉਣੀ ਪਵੇ।

ਆਲਸੂਨ ਕਹ ਮਾਹਿ ਕੇ, ਇਹ ਦਿਸਿ ਕੀਓ ਪਿਯਾਨ।
ਭਾਤਿ ਅਨੇਕਨ ਕੇ ਕਰੇ, ਪੁਰ ਅਨੰਦ ਸੁਖ ਆਨ।

ਇਉਂ ਫ਼ਰਮਾਇਆ ਗੁਰੂ ਗੋਬਿੰਦ ਰਾਏ ਨੇ। ਪਰ ਨਾਲ ਸੈਨਾਪਤੀ ਸੀ ਉਹ ਕਿੱਦਾਂ ਚੁੱਪ ਰਹਿ ਸਕਦਾ ਸੀ। ਉਹ ਦੇ ਬੋਲ ਇਉਂ ਉੱਭਰੇ।

ਫਤੇ ਕਿਯੋ ਆਲਸੂਨ ਕੇ ਬਾਜੇ ਤਬਲ ਨਿਸ਼ਾਨ।
ਗੋਬਿੰਦ ਸਿੰਘ ਆਏ ਤਬੈ, ਪੁਰ ਅਨੰਦ ਸੁਭਥਾਨ।

*

ਆਏਗਾ ਨਾਦੌਣ ਜਾਏਗਾ ਕੌਣ

੧੪੧

ਕਵੀ ਸੈਨਾਪਤਿ ਬੋਲਿਆ, ਸੁਣ ਰਹੇ ਸਨ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਰਾਏ ਦੀ। ਹਜ਼ੂਰੀ ਵਿਚ ਲੋਕ ਹੁਮ-ਹੁਮਾ ਕੇ ਬੈਠੇ ਹੋਏ ਸਨ।

—ਸਰਕਾਰ ਮੈਂ ਕਵੀ ਹਾਂ। ਮੈਂ ਜੋ ਨਜ਼ਾਰਾ ਵੇਖਿਆ ਉਹ ਕਵੀ ਦੀ ਨਜ਼ਰ ਨਾਲ। ਉਹ ਬਿਆਨ ਕਰ ਰਿਹਾ ਹਾਂ। ਨਦੌਣ ਕੀ ਏ ਮੈਂ ਜੰਗ ਵੇਖੀ, ਫ਼ਤਹਿ ਦੇ ਨਗਾਰੇ ਵੱਜਦੇ ਵੀ ਵੇਖੇ ਪਰ ਜੋ ਮੈਂ ਵੇਖਿਆ ਉਹ ਇਹਦੇ ਤੋਂ ਕੁਝ ਵੱਖਰਾ ਏ। ਮਹਾਰਾਜ ਕਵੀ ਤੇ ਆਮ ਲੋਕਾਂ ਵਿਚ ਫ਼ਰਕ ਏ। ਸ਼ੈਲੀ ਤੇ ਚਿੰਤਨ ਦੇ ਨਜ਼ਰੀਏ ਦੇ ਢੰਗ ਵਲੋਂ ਸੋਚਦਾ ਏ। ਉਹਦੇ ਸੋਚਣ ਦਾ ਢੰਗ ਵੱਖਰਾ ਏ। ਕਵੀ ਤੇ ਸਿਰਫ਼ ਕੁਦਰਤ ਦਾ ਜਲਾਲ ਈ ਵੇਖਦੈ। ਕੁਦਰਤ ਦੇ ਕ੍ਰਿਸ਼ਮੇ ਦੀ ਤਾਰੀਫ਼ ਕਰਦੈ। ਕੁਦਰਤ ਕੀ ਆਖਦੀ ਏ। ਕਵਿਤਾ ਉਹਦੇ ਵਿਚ ਉਤਸ਼ਾਹ ਪੈਦਾ ਕਰਦੀ ਏ। ਮੈਂ ਨਰਮ ਕਾਲਜੇ ਵਾਲਾ ਕਵੀ ਹਾਂ। ਮੈਨੂੰ ਸਿਰਫ਼ ਕਵੀ ਵੇਖੋ। ਕਵੀ ਕਦੀ ਝੂਠ ਨਹੀਂ ਬੋਲਦਾ। ਕਵੀ ਸੱਚ ਬੋਲਦੈ। ਤੇ ਇਹੋ ਉਹਦਾ ਈਮਾਨ ਏ. ਅਸਾਂ ਕੀ ਲੈਣਾ ਏ ਦੁਨੀਆ ਦੇ ਬਖੇੜੀਆਂ ਵਿੱਚੋਂ।

ਜਵਾਲਾ ਮੁਖੀ ਦੇ ਮੰਦਰ ਦੇ ਦੂਰੋਂ ਦਰਸ਼ਨ ਹੁੰਦੇ ਹਨ। ਅਸੀਂ ਮੱਥਾ ਵੀ ਟੇਕਣ ਗਏ। ਮਨ ਬਣਾਇਆ ਕਿ ਲੋਕ ਗੱਲ-ਗੱਲ ਵਿਚ ਨਾਦੌਣ ਦਾ ਜ਼ਿਕਰ ਕਰਦੇ ਹਨ। ਨਾ ਕੋਈ ਨਦੌਣ ਗਿਆ ਤੇ ਨਾ ਈ ਕਿਸੇ ਨੇ ਨਦੌਣ ਦੀ ਗੱਲ ਈ ਕੀਤੀ। ਪਰ ਜਦੋਂ ਬਚਿੱਤਰ ਨਾਟਕ ਪੜ੍ਹਦੇ ਹਾਂ ਤਾਂ ਨਦੌਣ ਦਾ ਬੜਾ ਜ਼ਿਕਰ ਆਉਂਦੈ। ਨਦੌਣ ਕੋਈ ਖ਼ਾਸ ਈ ਜਗ੍ਹਾ ਹੋਣੀ ਏ। ਵੱਖਰੀ ਜਿਹੀ, ਜਿਹਦਾ ਹਜ਼ੂਰ ਬਾਰ-ਬਾਰ ਜ਼ਿਕਰ ਕਰਦੇ ਹਨ। ਸੰਤ ਸਿਪਾਹੀ ਕਦੀ-ਕਦੀ ਕਵੀ ਵੀ ਬਣ ਜਾਂਦਾ ਏ। ਤੇ ਫੇਰ ਕਲਮ ਆਪ ਮੁਹਾਰੇ ਬੋਲਦੀ ਏ।

—ਨਦੌਣ ਇਕ ਪਹਾੜੀ ਤੇ ਵੱਸਿਆ ਨਗਰ ਏ। ਨਦੌਣ ਇਕ ਖ਼ੂਬਸੂਰਤ, ਸੁੰਦਰ ਤੇ ਦਿਲਕਸ਼ ਜਗ੍ਹਾ ਏ।

ਨਦੌਣ ਐਸੀ ਜਗ੍ਹਾ ਏ ਜਿਹਦੇ ਤੇ ਕੁਦਰਤ ਮਿਹਰਬਾਨ ਏ। ਕੁਦਰਤ ਨੱਚਦੀ ਤੇ ਪੈਲਾਂ ਪਾਉਂਦੀ ਨਜ਼ਰ ਆਉਂਦੀ ਏ।

—ਬਰਖਾ ਦੀ ਰੁੱਤ ਹੋਵੇ ਮੇਘਲਾ ਵੱਸ ਰਿਹਾ ਹੋਵੇ ਤੇ ਨਦੌਣ ਦਾ ਅਸਥਾਨ ਹੋਵੇ ਤੇ ਬੰਦਾ ਉਥੋਂ ਜਾਏ ਕਿਸ ਤਰ੍ਹਾਂ, ਕੁਦਰਤ ਦੀਆਂ ਸਾਰੀਆਂ ਨਿਯਮਤਾਂ ਉਹਦੀ ਬੁੱਕਲ ਵਿਚ ਹਨ।

—ਨਦੌਣ ਇਕ ਸ਼ਿੱਕਣਾਤੀਸ ਏ, ਇਕ ਕਸ਼ਸ਼ ਏ, ਇਕ ਰਹਿਮਤ ਏ ਕੁਦਰਤ ਦੀ ਇਕ ਤੋਹਫ਼ਾ ਏ ਸਵਰਗ ਦਾ।

— ਨਦੌਣ ਬਿਆਸਾ ਨਦੀ ਦੀ ਹਿੱਕ ਤੇ ਵਸਿਆ ਇਕ ਪਿੰਡ ਏ। ਗੁੜਾਂ ਭਰੀ ਗੁੱਥਲੀ ਏ। ਜਿਹੜਾ ਖੋਲ੍ਹੇ ਉਹੋ ਹੀ ਮੂੰਹ ਮਿੱਠਾ ਕਰੇ।

—ਨਦੌਣ ਜਿੱਥੇ ਚਿੜੀਆਂ ਦੇ ਦੁੱਧ ਤੋਂ ਬਗ਼ੈਰ ਹਰ ਚੀਜ਼ ਮੁਯਸਰ ਹੋ ਜਾਂਦੀ ਏ। ਤੁਸੀਂ ਬੱਤੀਆਂ ਦੰਦਾਂ ਵਿਚੋਂ ਜੋ ਕੱਢੋ ਉਹੋ ਹਾਜ਼ਰ ਏ।

—ਨਦੌਣ ਇਕ ਐਸ਼ਗਾਹ ਹੈ। ਰਜਿਆਂ ਮਹਾਰਾਜਿਆਂ ਦੀ, ਆਰਾਮਗਾਹ, ਸ਼ੀਸ਼ ਮਹਿਲ ਹਨ, ਪਰ ਸ਼ੀਸ਼ ਮਹਿਲਾਂ ਤੋਂ ਵੱਖਰੇ ਲੱਕੜੀ ਦੇ ਮਹਿਲ ਜਿਹਦੇ ਵਿਚ ਕਿਤੇ ਪੱਥਰ ਨਾਂ-ਮਾਤਰ ਵੀ ਨਹੀਂ ਵਰਤਿਆ ਗਿਆ।

– ਨਦੌਣ ਇਕ ਇਬਾਦਤਗਾਹ ਏ, ਮੱਕਾ ਏ, ਕਾਸ਼ੀ ਏ, ਨਦੌਣ ਗੁਰੂ ਦੇ ਚਰਨਾਂ ਦੀ ਇਕ ਧੂਲ ਏ।

—ਨਦੌਣ ਬਹਾਦਰਾਂ ਦੀ ਸ਼ਮਸ਼ਾਨ ਭੂਮੀ ਏ। ਸਿਰ ਲੱਥ ਗੁਰੂ ਦੇ ਸੇਵਕ ਨਦੌਣ ਤੋਂ ਵਾਰੇ-ਵਾਰੇ ਜਾਂਦੇ ਹਨ। ਇਕ ਨਿਸ਼ਚਾ ਏ ਨਦੌਣ।

—ਨਦੌਣ ਤਪੱਸਵੀਆਂ ਦੀ ਇਕ ਤਪੋ ਭੂਮੀ ਏ, ਰਿਸ਼ੀਆਂ ਦੇ ਆਸ਼ਰਮ ਹਨ। ਮਾਲਾ ਇੱਥੇ ਲੋਕਾਂ ਦੇ ਹੱਥਾਂ ਵਿਚ ਆਪੇ ਨੱਚਣ ਲੱਗ ਪੈਂਦੀ ਏ।

—ਨਦੌਣ ਖ਼ੂਬਸੂਰਤੀ ਦਾ ਇਕ ਕੇਂਦਰ ਏ ਜਿੱਥੇ ਕੁਦਰਤ ਦੇ ਪੈਰਾਂ ਵਿਚ ਝਾਂਜਰਾਂ ਹਨ।

—ਨਦੌਣ ਸੰਗੀਤ ਕਲਾ ਤੇ ਕਵਿਤਾ ਦਾ ਇਕ ਸੰਗਮ ਏ। ਇਹਦੀ ਕੁੱਖ ਵਿਚੋਂ ਕਵਿਤਾ ਜਨਮ ਲੈਂਦੀ ਏ ਤੇ ਸੰਗੀਤ ਕੁੱਤ-ਕੁਤਾਰੀਆਂ ਕੱਢਦੈ। ਕਲਾ ਨੱਚ-ਨੱਚ ਬਹਿੰਦੀ ਏ।

· ਨਦੌਣ ਕਰਬਲਾ ਏ, ਸ਼ਹੀਦਾਂ ਦੀ ਕਤਲਗਾਹ ਏ। ਕਬਰਸਤਾਨ ਏ ਇਕ ਮੱਕਾ ਏ ਸ਼ਹੀਦਾਂ ਦਾ ਸਿਰ ਝੁਕਦਾ ਏ।

ਨਦੌਣ ਕੁਦਰਤ ਦੀ ਇਕ ਬਿੰਦੂ ਏ, ਕੁਦਰਤ ਦੀਆਂ ਰਹਿਮਤਾਂ ਨਦੌਣ 'ਚ ਵੱਸਦੀਆਂ ਨੇ।

ਨਦੌਣ ਇਕ ਮਰਕਜ਼ ਏ, ਹੁਸਨ ਸ਼ਰਾਬ, ਜਵਾਨੀ ਤੇ ਮਨ-ਪ੍ਰਚਾਵੇ ਦਾ ਇਕ ਸਾਧਨ ਏ ਪਰ ਬੋਝੇ ਭਰੇ ਹੋਏ ਹੋਣੇ ਚਾਹੀਦੇ ਹਨ।

—ਨਦੌਣ ਰਾਜੇ, ਮਹਾਰਾਜੇ ਤੇ ਦਿਲਦਾਰ ਬੰਦਿਆਂ ਦੀ ਰੰਗਭੂਮੀ ਏ। ਮਧੂਸ਼ਾਲਾ ਦੀ ਇਕ ਮਮਟੀ ਏ। ਬੰਦਾ ਬਿਨਾਂ ਪੀਤਿਓਂ ਈ ਲੱਟਬਾਵਰਾ ਹੋ ਜਾਏ।

—ਨਦੌਣ 'ਚ ਮਨਚਲੇ ਈ ਜੰਮਦੇ ਹਨ ਤੇ ਧੰਨ ਜਿਗਰਾ ਏ ਨਦੌਣ ਦਾ ਜਿਹੜਾ ਸਾਂਭਦਾ ਏ ਇਹਨਾਂ ਅੱਥਰਿਆਂ ਨੂੰ, ਹੁਸਨ ਦੇ ਪੁਜਾਰੀਆਂ ਨੂੰ ਸੀਨੇ ਨਾਲ ਲਾਈ ਰੱਖਦੀ ਏ ਨਦੌਣ।

—ਨਦੌਣ ਬੁੱਢਾ ਜਾਏ ਤੇ ਜਵਾਨ ਹੋ ਜਾਏ, ਜਵਾਨ ਜਾਏ ਤੇ ਜਵਾਨੀ ਪੁੰਗਰਦੀ ਏ।

—ਨਦੌਣ ਰੰਗਸ਼ਾਲਾ ਨਦੌਣ ਝਾਂਝਰਾਂ ਦੀ ਪਹਿਚਾਨ ਕਰਦਾ ਏ ਘੁੰਘਰੂਆਂ ਦੇ ਬੋਲ ਤੋਲਦੀ ਏ। ਮਜਾਲ ਐ ਕੇ ਕੋਈ ਘੁੰਘਰੂ ਬੇਸੁਰਾ ਹੋ ਜਾਏ।

—ਨਦੌਣ ਕੱਦ ਮਾਪੇ ਜਾਂਦੇ ਹਨ ਜਵਾਨੀ, ਹੁਸਨ ਤੇ ਸ਼ਬਾਬ ਦੀ ਪਰਖ ਹੁੰਦੀ ਏ। ਨਾਦੌਣ ਹੈ ਕੀ, ਲੋਕ ਅਜੇ ਤੱਕ ਇਹਦੀ ਦਾਸਤਾਨ ਨਹੀਂ ਦੱਸ ਸਕੇ।

ਨਦੌਣ ਇਕ ਕੱਸਵੱਟੀ ਏ ਜਿਹਦੇ ਤੇ ਸੂਰਮੇ ਪਰਖੇ ਜਾਂਦੇ ਹਨ।

—ਨਦੌਣ ਬਿਆਸਾ ਨਦੀ ਦਾ ਇਕ ਪਤਨ ਏ ਜਿੱਥੋਂ ਦੀ ਹਰ ਬੰਦੇ ਨੇ ਲੰਘਣਾ ਏ। ਮੱਥਾ ਟੇਕੋ ਤੇ ਬਿਆਸਾ ਰਾਹ ਦੇਵੇ। ਲੋਕ ਨਦੌਣ ਦੇ ਤੇ ਮੁਟਿਆਰਾਂ ਨਦੌਣ ਦੀਆਂ ਆਪ ਮੁਹਾਰੇ ਬੋਲ ਉੱਠਦੀਆਂ ਨੇ, ਕਿੱਧਰ ਜਾ ਰਹੇ ਓ ਸੱਜਣੋ, ਆਵੇ ਨਦੌਣ ਤੇ ਜਾਵੇ ਕੌਣ।

—ਇਹਦੀ ਤਹਿ ਵਿਚ ਕੋਈ ਗੱਲ ਜ਼ਰੂਰ ਛੁਪੀ ਹੋਈ ਏ, ਇਹਦੀ ਮੁੰਦਰੀ ਵਿਚ ਨੱਗ ਜ਼ਰੂਰ ਦਿਲ ਦਾ ਜੜਿਆ ਹੋਇਐ। ਇੰਨੀ ਰਮਣੀਕ ਨਹੀਂ ਹੋ ਸਕਦੀ ਜਿੰਨੀ ਲੋਕ ਦੱਸਦੇ ਹਨ। ਨਜ਼ਰ ਆਪਣੀ-ਆਪਣੀ ਏ। ਸੁਹਾਗਣ ਉਹ ਜਿਹੜੀ ਪੀਆ ਮਨ ਭਾਵੇ। ਮਨ ਇਕ ਛਲੇਡਾ ਏ। ਮਨ ਇਕ ਚੰਕੀਰਾ ਏ, ਜਿਹੜਾ ਘੜੀ ਵਿਚ ਕਈ-ਕਈ ਰੰਗ ਬਦਲਦਾ ਏ। ਨਾ ਕਿਸੇ ਦੇ ਕਾਬੂ ਵਿਚ ਆਇਆ ਮਨ ਤੇ ਨਾ ਆਈ ਖ਼ੂਬਸੂਰਤੀ ਦੀ ਸਿਖਰ, ਇਹ ਕਸਵੱਟੀ ਸਿਰਫ਼ ਨਦੌਣ ਦੀ ਪੋਟਲੀ ਵਿਚ ਬੱਝੀ ਹੋਈ ਏ। ਇਕ ਨਾਦੌਣ ਤੇ ਦੂਜੀ ਵਗੇ ਬਿਆਸਾ, ਰਿਸ਼ੀਆਂ ਦੀ ਆਤਮਾ ਇਹਦੇ ਵਿਚ ਸਮਾਈ ਹੋਈ ਏ। ਬਿਆਸਾ ਨਾਲ ਗੁਰੂਆਂ ਦਾ ਬਹੁਤ ਪੁਰਾਣਾ ਸੰਬੰਧ ਏ। ਬਿਆਸਾ ਦੇ ਕੰਢੇ ਤੇ

ਗੁਰੂਆਂ ਨੇ ਆਪਣੀ ਬਾਣੀ ਦੀ ਪਹਿਲੀ ਤੁੱਕ ਗਾਈ, ਬਿਆਸਾ ਨਦੀ ਦੀ ਨਾਭੀ ਵਿਚੋਂ ਬਾਣੀ ਨੇ ਜਨਮ ਲਿਆ। ਬਿਆਸ ਦੀ ਨਦੀ ਤੇ ਬਾਣੀਆਂ ਨੇ ਤਾਰੀਆਂ ਲਾਈਆਂ। ਬਿਆਸਾ ਦੂਰ ਤੱਕ ਲੈ ਗਈ ਬਾਣੀ, ਬਿਆਸਾ ਗੁਰੂਆਂ ਦੀ ਦਾਸੀ ਏ, ਸ਼ਰਧਾਵਾਨ ਏ, ਪੁਜਾਰਨ ਏ, ਬਿਆਸਾ ਨਦੀ ਦਾ ਪਿਤਾਮਾ ਬਿਆਸ ਏ, ਵੇਦ ਦੀ ਜਨਮ ਦਾਤੀ ਏ ਬਿਆਸਾ।

— ਬਿਆਸਾ ਨਦੌਣ ਦੇ ਕਿਆਰੀਆਂ ਨਾਲ ਖਹਿੰਦੀ ਏ ਕਲੋਲ ਕਰਦੀ ਏ, ਨੱਚਦੀ-ਗਾਉਂਦੀ ਪੰਜਾਬ 'ਚ ਆਣ ਵੜਦੀ ਏ। ਪੰਜਾਬ ਦੀ ਆਤਮਾ ਵਿਚ ਬਿਆਸਾ ਨੇ ਈ ਸ਼ਕਤੀ ਭਰੀ। ਬਿਆਸਾ ਨੇ ਇਕ ਜਜ਼ਬੇ ਨੂੰ ਜਨਮ ਦਿੱਤਾ, ਬਿਆਸਾ ਈ ਉਹਦੀ ਜਨਮ ਦਾਤੀ ਏ, ਭਗਤੀ ਲਹਿਰ ਦਾ ਜਨਮ ਭਾਵੇਂ ਦੱਖਣ ਵਿਚ ਹੋਇਆ ਪਰ ਪ੍ਰਵਾਨ ਚੜ੍ਹੀ ਬਿਆਸਾ ਦੇ ਕੰਢਿਆਂ ਤੇ। ਬਿਆਸਾ ਮਾਲਾ ਦੀ ਸ਼ਕਤੀ ਏ ਬਿਆਸਾ ਵਿਚ ਸੰਗਤ ਤੇ ਪੰਗਤ ਨੇ ਜਨਮ ਲਿਆ। ਚਿੱਠੀ ਰਸੈਨ ਦਾ ਕੰਮ ਕੀਤਾ ਬਿਆਸਾ ਨੇ। ਅਸੀਂ ਬਿਆਸਾ ਦੇ ਬਹੁਤ ਰਿਣੀ ਹਾਂ। ਬਿਆਸਾ ਪਵਿੱਤਰਤਾ ਦੀ ਇਕ ਦੇਵੀ ਏ। ਬਿਆਸਾ ਸ਼ਕਤੀ ਦੀ ਇਕ ਵਿਚੋਲਣ ਏ, ਬਿਆਸਾ ਦੀਆਂ ਲਹਿਰਾਂ ਤੇ ਕੁਦਰਤ ਨੱਚਦੀ ਏ। ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਨੇ ਬਿਆਸਾ ਦੀ ਛਾਤੀ ਤੇ ਆਸਨ ਲਾ ਕੇ ਗੁਰਬਾਣੀ ਗਾਈ।

— ਅਸੀਂ ਬਿਆਸਾ ਦੀ ਹਿੱਕ ਤੇ ਤਾਰੀਆਂ ਲਾ ਰਹੇ ਸਾਂ। ਮੈਂ ਸੈਨਾਪਤਿ ਕੋਮਲ ਹਿਰਦੇ ਦਾ ਡਰਾਕਲ ਬੁਜ਼ਦਿਲ, ਜਜ਼ਬਾਤੀ, ਦਮਗਜੇ ਜਿੰਨੇ ਚਾਹੇ ਮਾਰ ਲਵਾਂ, ਮੈਂ ਗੁਫ਼ਤਾਰ ਦਾ ਗ਼ਾਜ਼ੀ ਹਾਂ – ਕਿਰਦਾਰ ਦਾ ਗ਼ਾਜ਼ੀ ਨਹੀਂ ਅਸੀਂ ਕਵੀ ਸਿਰਫ਼ ਜਜ਼ਬਾਤ ਨਾਲ ਖੇਡਦੇ ਹਾਂ। ਸਾਡੀ ਕਲਮ ਭਾਵੇਂ ਕੱਦ ਵਿਚ ਛੋਟੀ ਏ ਪਰ ਇਹਦੀ ਕਾਟ ਤਲਵਾਰ ਜਿੰਨੀ ਏ। ਤਲਵਾਰ ਦਾ ਫੱਟ ਮਿਲ ਸਕਦੇ ਪਰ ਸਾਡੀ ਕਲਮ ਦਾ ਫੱਟ ਮਿਲਾਉਣ ਵਾਲਾ ਕੋਈ ਨਹੀਂ ਜੰਮਿਆ।

— ਆਓ ਸਤਿਗੁਰ ਮੈਂ ਤੁਹਾਨੂੰ ਨਦੌਣ ਦੀ ਜੰਨਤ ਵਿਚ ਲੈ ਚਲਦਾ ਹਾਂ। ਕੁਦਰਤ ਨੇ ਨਦੌਣ ਦੀ ਝੋਲੀ ਵਿਚ ਆਪਣੀਆਂ ਰਹਿਮਤਾਂ ਭਰ ਦਿੱਤੀਆਂ, ਇਕ ਪਾਸੇ ਬਿਆਸਾ ਨਦੀ ਤੇ ਪਰਲੇ ਪਾਰ ਮਾਤਾ ਰਾਣੀ ਦੇ ਮੰਦਰ. ਕਲਸ ਸੋਨੇ ਦੇ ਮੜ੍ਹੇ ਹੋਏ। ਜੇ ਵਿਸ਼ਵਾਮਿੱਤਰ ਇੱਥੇ ਇਕ ਵਾਰ ਫੇਰਾ ਮਾਰ ਜਾਂਦਾ ਤੇ ਫੇਰ ਸ਼ਕੁੰਤਲਾ ਇਸੇ ਮਿੱਟੀ 'ਚੋਂ ਉਪਜਦੀ ਤੇ ਵਿਸ਼ਵਾਮਿੱਤਰ ਦਾ ਸੱਤ ਭੰਗ ਹੋ ਜਾਂਦਾ ਤੇ ਫੇਰ ਕਵੀ ਨਵੇਂ ਇਤਿਹਾਸ ਨੂੰ ਮੋੜ ਦਿੰਦਾ। ਸ਼ਕੁੰਤਲਾ ਵਰਗੀਆਂ ਹਜ਼ਾਰਾਂ ਕੰਜਕਾਂ, ਰੂਪ ਮਤੀਆਂ ਏਸ ਆਸ਼ਰਮ ਵਿਚ ਖੇਡਦੀਆਂ।

—ਬਿਆਸਾ ਨਦੀ ਦੇ ਕੰਢੇ ਵੇਦ ਦੀ ਰਚਨਾ ਹੋਈ। ਵਿਆਸ ਮੁਨੀ ਨੇ ਰਾਵੀ ਦਾ ਨਾਂ ਈਰਾਵਤੀ ਰੱਖਿਆ। ਜਦ ਕਲਮ ਚੁੱਕੀ ਤੇ ਮਨ ਨਾ ਲੱਗਾ ਕਿੱਥੇ ਰਾਵੀ ਤੇ ਕਿੱਥੇ ਬਿਆਸਾ। ਤੇ ਫੇਰ ਬਿਆਸਾ ਦੇ ਜਲ ਤੇ ਰੀਝ ਪਿਆ ਨਿਰਮਲ ਜਲ. ਸਾਫ਼ ਬਲੌਰ ਵਰਗਾ, ਸੂਈ ਡਿੱਗੇ ਤੇ ਨਜ਼ਰੀਂ ਪੈ ਜਾਏ। ਰਿਸ਼ੀਆਂ ਦੇ ਸਵਰਗ ਨੂੰ ਤਿਲਾਂਜਲੀ ਦੇ ਦਿੱਤੀ ਜਦ ਉਨ੍ਹਾਂ ਵੇਖਿਆ ਨਦੌਣ। ਨਦੌਣ ਆਪਣੀ ਕੁਟੀਆ ਬਣਾ ਲਈ ਪਰ ਬਿਆਸਾ ਦੀ ਸਮਾਧੀ ਨੂੰ ਕੌਣ ਭੰਗ ਕਰੇ, ਸ਼ਕੁੰਤਲਾ ਕਿੱਥੋਂ ਆਏ। ਇਹ ਕਲਯੁਗ ਏ, ਇਕ ਨਹੀਂ ਹਜ਼ਾਰਾਂ ਸ਼ਕੁੰਤਲਾਂ ਨਦੌਣ ਵਿਚ ਹੁਣ ਤੁਸੀਂ ਚੋਣ ਕਰ ਸਕਦੇ ਹੋ। ਪਹਾੜ ਦੀਆਂ ਤਰਾਸ਼ੀਆਂ ਚੋਟੀਆਂ ਕਿਸੇ ਬੁੱਤ ਘਾੜੇ ਮੂਰਤੀਆਂ ਤੋਂ ਘੱਟ ਨਹੀਂ।

— ਸੈਨਾਪਤੀ ਤੇਰੀ ਨਜ਼ਰ ਬਹੁਤ ਤਿੱਖੀ ਏ, ਅਸੀਂ ਤੇ ਜੰਗ ਵਿਚ ਰੁੱਝੇ ਰਹੇ ਤੇ ਤੂੰ ਕੁਦਰਤ ਨੂੰ ਤੱਕੜੀ 'ਚ ਤੋਲਦਾ ਰਿਹਾ, ਤੇਰੀ ਤਪੱਸਿਆ ਮਹਾਨ ਏ। ਤੇਰੀ ਕਲਮ ਚੁੰਮਣ ਨੂੰ ਜੀਅ ਕਰਦਾ ਏ। ਇਸੇ ਗੱਲ ਤੋਂ ਤੂੰ ਅਮਰ ਹੋ ਜਾਏਂਗਾ, 'ਫ਼ਰਮਾਇਆ ਸਤਗੁਰਾਂ'।

- ਨਹੀ, ਮਹਾਰਾਜ, ਤੁਹਾਡੀ ਕਲਮ ਨੂੰ ਬੋਸੇ ਦੇ ਕੇ ਮੈਂ ਤੁਹਾਡੀ ਕਵਿਤਾ ਦੀ ਰਚਨਾ ਦਾ ਆਸਰਾ ਲੈ ਕੇ ਆਪਣੀ ਰਚਨਾ ਦਾ ਮੁੱਢ ਬੰਨ੍ਹਿਐ, ਮੈਂ ਤੁਹਾਥੋਂ ਹੀ ਸਭ ਕੁਝ ਲਿਐ, ਤੁਸੀਂ ਮਹਾਨ ਹੋ। ਜਿਨ੍ਹਾਂ ਜੰਗ ਦੀ ਜਵਾਲਾ ਵੇਖੀ, ਹਾਹਾਕਾਰ ਵੀ ਸੁਣੀ ਤੇ ਲਹੂ ਵਿਚ ਨਿੱਚੜਦੀਆ ਲਾਸ਼ਾਂ ਵੀ ਵੇਖੀਆਂ ਤੇ ਇਹਦੇ ਨਾਲ ਕੁਦਰਤ ਨੂੰ ਵੀ ਮਾਣਿਆ। ਕੁਦਰਤ ਤੁਹਾਡੀ ਕਲਮ ਵਿਚੋਂ ਬੋਲਦੀ ਏ, ਮੈਂ ਨਿਮਾਣਾ ਕੀ ਜਾਣਾ ਕੁਦਰਤ ਦੀ ਰਹਿਮਤ। ਤੁਸਾਂ ਪਹਿਲਾਂ ਲਿਖਿਆ ਤੇ ਮੈਂ ਤੁਹਾਡੀ ਸ਼ਰਨ 'ਚ ਬੈਠ ਕੇ ਕਲਮ ਚੁੱਕੀ। ਆਪਣੇ ਸੇਵਕ ਦੀ ਕਲਾ ਪਰਖੋ।

-- ਤੁਸੀਂ ਡੰਕੇ ਵਜਾਉਂਦੇ ਆਨੰਦਪੁਰ ਪਰਤ ਆਏ ਮੈਂ ਮੱਥਾ ਟੇਕਣ ਜਵਾਲਾਮੁਖੀ ਚਲਾ ਗਿਆ। ਮੈਨੂੰ ਬਹੁਤ ਡਰ ਆਉਂਦੇ ਜੰਗ ਵੇਖ ਕੇ ਮੈਨੂੰ ਮੇਰੀ ਜਾਨ ਬਹੁਤ ਪਿਆਰੀ ਏ। ਮੈਂ ਜੰਗ ਤੋਂ ਬਾਅਦ ਗਿਆ ਜਦੋਂ ਨਦੌਣ ਖ਼ਾਲੀ ਹੋ ਚੁੱਕਾ ਸੀ। ਲੋਕ ਜਾਂ ਸਸਕਾਰ ਕਰ ਰਹੇ ਸਨ ਜਾਂ ਅੱਖਾਂ ਵਿਚ ਘਸੁੰਨ ਦੇ ਕੇ ਰੋ ਰਹੇ ਸਨ। ਹਰ ਘਰ ਵਿਚੋਂ ਵੈਣ ਪਾਉਣ ਦੀਆਂ ਆਵਾਜ਼ਾਂ ਉੱਭਰ ਰਹੀਆਂ ਸਨ। ਸਫ਼ੇ ਮਾਤਮ ਵਿਛਿਆ ਹੋਇਆ ਸੀ। ਉੱਜੜ ਗਿਆ ਨਦੌਣ, ਗੱਭਰੂਆਂ ਤੋਂ ਖ਼ਾਲੀ ਹੋ ਗਈ ਧਰਤੀ, ਰੰਡੀਆਂ ਸਿਆਪੇ ਕਰ ਰਹੀਆਂ ਸਨ। ਵਿਧਵਾ ਇਸਤਰੀਆਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਸਿਰਫ਼ ਚੀਕਾਂ ਸਨ, ਵੈਣ ਸਨ, ਪਿੱਟ ਸਿਆਪਾ ਸੀ, ਜ਼ਿੰਦਗੀ ਮੌਤ ਵਿਚ ਬਦਲ ਚੁੱਕੀ ਸੀ। ਗਿਰਝਾਂ ਦੇ ਝੁੰਡ ਲੱਥੇ ਹੋਏ ਸਨ। ਜੰਗਲੀ ਜਾਨਵਰਾਂ ਤੇ ਕੁੱਤੇ ਗਲੀਆਂ 'ਚ ਮੂੰਹ ਮਾਰਦੇ ਫਿਰ ਰਹੇ ਸਨ। ਜਦ ਮੈਂ ਕਿਸ਼ਤੀ ਤੋਂ ਉਤਰਿਆ ਬਿਆਸਾ ਦੀਆਂ ਲਹਿਰਾਂ ਵਿਚ ਰਿੱਛ ਨੱਚ ਰਿਹਾ ਸੀ। ਮਸਾਂ-ਮਸਾਂ ਕੰਢੇ ਪੁੱਜਾ ਤੇ ਮੈਂ ਨਦੌਣ ਦੀ ਧਰਤੀ ਦੀ ਮਿੱਟੀ ਨੂੰ ਮੱਥੇ ਨਾਲ ਲਾਇਆ। ਮੇਰੇ ਅੰਦਰ ਇਕ ਜਵਾਲਾ ਭਰੀ ਹੋਈ ਸੀ। ਇਕ ਤੂਫ਼ਾਨ ਜਨਮ ਲੈ ਰਿਹਾ ਸੀ। ਇਕ ਲਹਿਰ ਦਰਿਆ ਦੀ ਛੱਲ ਜਿਹੀ ਉੱਠੀ। ਤੇ ਓਸ ਮੇਰੇ ਬਸਤਰ ਪਾਣੀ-ਪਾਣੀ ਕਰ ਦਿੱਤੇ। ਪਾਣੀ ਨਿੱਚੜਦਾ ਸੀ ਮੇਰ ਸਰੀਰ ਵਿਚੋਂ ਉਹਦੇ ਵਿਚੋਂ ਲਹੂ ਦੀ ਵਾਸ਼ਨਾ ਆ ਰਹੀ ਸੀ।

— ਨਾ ਜਾ ਕਵੀ ਨਾਦੌਣ ਉੱਥੇ ਤੇ ਗ਼ਮ ਦੀਆ ਘਟਾਵਾਂ ਛਾਈਆਂ ਹੋਈਆਂ ਨੇ। ਹਰ ਪੈਂਦਾ ਰੋ ਰਿਹੈ ਤੇ ਹਰ ਘਰ ਦੇ ਮੁੱਖ ਵਿਚੋਂ ਵੈਣ ਪੈਣ ਦੀ ਆਵਾਜ਼ਾਂ ਬਾਹਰ ਆ ਰਹੀ ਏ। ਤੈਥੋਂ ਬਰਦਾਸ਼ਤ ਨਹੀਂ ਹੋਣਾ ਤੂੰ ਕੋਮਲ ਹਿਰਦੇ ਦਾ ਕਵੀ ਏਂ। ਠੇਸ ਨਾ ਪੁੱਜੇ ਠਹਿਰ ਜਾ। ਫਿਰ ਜਾਈਂ। ਇਹਦੀ ਰੁੱਤ ਵਿਚ ਰੁਦਨ ਕਰਨ ਵਾਲੀਆ ਸੁਹਾਗਣਾਂ ਦਾ ਵਿਰਲਾਪ ਧਾਹੀਂ ਮਾਰਦਾ ਏ, ਸ਼ਾਇਦ ਉਹਦੇ ਵਿਚ ਮੌਸਮ ਬਹਾਰ ਦਾ ਕੋਈ ਝੋਂਕਾ ਆਣ ਰਲੇ

—ਨਾ ਮੋੜੋ, ਮੈਨੂੰ ਮੇਰਾ ਫ਼ਰਜ਼ ਬੁਲਾ ਰਿਹੈ, ਮੈਨੂੰ ਨਦੌਣ ਦੀ ਧਰਤੀ ਪੁਕਾਰ ਰਹੀ ਏ। ਤੇਰੀ ਹੋਣੀ ਤੇ ਲੋੜ ਏ ਆਪਣੀ ਅੱਖੀਂ ਵੇਖ ਵਰਨਾ ਲੋਕਾਂ ਜੋ ਆਖਿਆ ਮੈਨੂੰ ਮੰਨਣਾ ਪਏਗਾ। ਨਦੌਣ ਦੀ ਧਰਤੀ ਨੇ ਕੁਰਬਾਨੀ ਨਹੀਂ ਕੀਤੀ ਇਹ ਗੱਲ ਝੂਠ ਏ। ਗੁਰਾਂ ਦਾ ਜਿੱਥੇ ਵੀ ਪਸੀਨਾ ਡਿੱਗਾ ਉਥੇ ਇਨ੍ਹਾਂ ਆਪਣਾ ਲਹੂ ਡੋਲ੍ਹਿਆ। ਇਤਿਹਾਸ ਨੇ ਖ਼ਾਮੋਸ਼ ਹੋ ਜਾਣਾ ਏ ਤੇ ਕਲੰਕ ਫੇਰ ਪਹਾੜੀਆਂ ਦੇ ਮਸਤਕ ਤੇ ਲੱਗਾ ਈ ਰਹਿਣੈ। ਤੂੰ ਆ ਕੇ ਵੇਖ ਸਾਡੀ ਦੁੱਖ ਭਰੀ ਕਹਾਣੀ, ਤੇਰੀ ਕਲਮ ਗਵਾਹੀ ਦੇਵੇਗੀ। ਨਦੌਣ ਨੇ ਤੇ ਆਪਣਾ ਲਹੂ ਦੇਣੋ ਦਿੱਤਾ, ਆਪਣੇ ਪੁੱਤ ਜੰਗ ਦੀ ਭੱਠੀ ਵਿਚ ਝੋਂਕੇ ਅਸੀਂ ਗੁਰੂਆਂ ਤੋਂ ਨਿਛਾਵਰ ਹਾਂ ਤੇਰੀ ਕਲਮ ਸੱਚ ਬੋਲਦੀ ਏ। ਉਹਦੇ ਤੇ ਝੂਠ ਦਾ ਪਰਛਾਵਾਂ ਵੀ ਨਹੀਂ ਪੈਣਾ। ਆਓ ਕਵੀ ਤੇਰੇ ਰਾਹਾਂ ਦੇ ਸਦਕੇ।

-- ਮੇਰੇ ਪੈਰ ਰੁੱਕ ਗਏ, ਮੈਂ ਮੁੜ ਜਾਣਾ ਚਾਹੁੰਦਾ ਸਾਂ ਮੈਂ ਬਹਾਰਾਂ ਦਾ ਸ਼ੌਕੀਨ, ਖ਼ੁਸ਼ਬੂਆਂ

ਦਾ ਆਸ਼ਿਕ, ਮੈਂ ਗ਼ਮਾਂ ਦੀ ਵਾਦੀ ਵਿਚ ਨਹੀਂ ਠਹਿਰ ਸਕਦਾ, ਇਹ ਮੇਰੀ ਆਤਮਾ ਨਹੀਂ ਕਬੂਲਦੀ।

—ਮੱਤ ਜਾ ਜੋਗੀ, ਮੱਤ ਜਾ! ਇਹ ਤੇ ਇਕ ਆਵਾਜ਼ ਸੀ ਪਰ ਮੇਰੀ ਨਦੌਣ ਤੇਰੇ ਕਰਮਾਂ ਦੀ ਪਿਆਸੀ ਏ। ਰਿਸ਼ੀ, ਕਵੀ ਤੇ ਤਪੱਸਵੀ ਜਦ ਤੱਕ ਧਰਤੀ ਤੇ ਪੈਰ ਨਹੀਂ ਰੱਖਦੇ ਉੱਨਾ ਚਿਰ ਧਰਤੀ ਪਵਿੱਤਰ ਨਹੀਂ ਹੁੰਦੀ। ਆਓ ਅਸੀਂ ਕਿਉਂ ਮੰਡੀਏ ਸਾਨੂੰ ਪਾਪੀ ਨਾ ਬਣਾਉ ਕਵੀ ਦੇਵ। ਸਾਡੇ ਤੇ ਗ਼ਮ ਦੀਆਂ ਬਦਲੀਆ ਛਾਈਆਂ ਹੋਈਆਂ ਨੇ. ਕਹਿਰ ਟੁੱਟਾ ਹੋਇਆ ਏ। ਆਓ-ਆਓ ਜੋਗੀ ਮਹਾਰਾਜ ਸਾਡੀ ਧਰਤੀ ਤੇ ਚਰਨ ਪਾਉ। ਇਕ ਦੁੱਧ ਚਿੱਟੀ ਪੌਸ਼ਾਕ ਵਿਚ ਪੁਰਸ਼ ਖੜਾ ਸੀ। ਆਖ ਰਿਹਾ ਸੀ ਰੋਕੋ ਨਾ ਮੈਂ ਵੀ ਸਾਰੇ ਸੱਲ ਸਹਿ ਰਿਹਾ ਹਾਂ। ਮੇਰੀ ਹਾਲਤ ਤੇ ਰਹਿਮ ਕਰੋ। ਆਓ, ਅਸੀਂ ਦੋਵੇਂ ਰਲ ਬੈਠਾਂਗੇ ਤੇ ਗ਼ਮ ਹੌਲਾ ਹੋਊ।

—ਮੈਂ ਜੁੱਰਤ ਕੀਤੀ, ਹੌਂਸਲਾ ਬੁਲੰਦ ਕੀਤਾ, ਹਿੰਮਤ ਬੰਨ੍ਹੀ ਤੇ ਬੇੜੀ ਤੋਂ ਪੈਰ ਥੱਲੇ ਧਰਿਆ। ਧਰਤੀ ਵਿਚ ਅੱਗ ਸੀ, ਤਪ ਰਹੀ ਸੀ ਧਰਤੀ ਜਲ ਰਹੀ ਸੀ ਨਦੌਣ, ਧਰਤੀ ਖ਼ੂਨ ਵਿਚ ਇਸ਼ਨਾਨ ਕਰ ਚੁੱਕੀ ਸੀ, ਲਹੂ ਅਜੇ ਵੀ ਵਗ ਰਿਹਾ ਸੀ। ਬੇਗੁਨਾਹਾਂ ਦਾ ਲਹੂ, ਮਾਸੂਮਾਂ ਦਾ ਖ਼ੂਨ, ਧਰਤੀ ਵਿਚੋਂ ਅੰਗਿਆਰੇ ਨਿਕਲ ਰਹੇ ਸਨ। ਮੇਰੇ ਪੈਰ ਸੜ ਗਏ। ਮੈਂ ਫਿਰ ਮਨ ਬਣਾਇਆ ਚਲ ਮਨਾ ਵਾਪਸ।

—ਨਹੀਂ, ਤੂੰ ਜਾ ਨਹੀਂ ਸਕਦਾ, ਸਾਡੇ ਪਿਆਰ ਨੂੰ ਠੁਕਰਾ ਨਾ ਸਾਡੀ ਕਿਸੇ ਨੇ ਗੱਲ ਨਹੀਂ ਮੰਨਣੀ। ਤੇਰੀ ਕਲਮ ਦੀ ਲੀਕ ਪੱਥਰ ਦੀ ਰੇਖਾ ਬਣ ਜਾਏਗੀ।

—ਤੂੰ ਈ ਸਾਡੀ ਕਿਸਮਤ ਦਾ ਇਤਿਹਾਸ ਲਿਖਣੈ। ਪਹਾੜੀਆਂ ਦੇ ਮੱਥੇ ਤੋਂ ਕਲੰਕ ਲਾਹ ਦੇ। ਆਓ ਮੇਰੇ ਵੀਰ ਆਓ ਮੇਰੇ ਬੇਟੇ ਅਸੀਂ ਤੇਰੇ ਚਰਨ ਧੋ-ਧੋ ਕੇ ਪੀਵਾਂਗੇ, ਤੂੰ ਆਪਣੀ ਕਲਮ ਨੂੰ ਜੁੰਬਸ਼ ਦੇ।

ਮੈਂ ਸਮਝਿਆ ਕੋਈ ਫ਼ਰਿਸ਼ਤਾ ਏ, ਜਿਹੜਾ ਮੈਨੂੰ ਲੈਣ ਆਇਆ ਏ। ਹੁਣ ਮੈਂ ਇਨਕਾਰ ਨਹੀਂ ਸਾਂ ਕਰ ਸਕਦਾ। ਹੁਣ ਮੇਰੇ ਅੰਦਰ ਦਾ ਕਵੀ ਜਾਗਿਆ। ਤੂੰ ਕਵੀ ਏਂ, ਆਪਣੀ ਪ੍ਰਤਿੱਗਿਆ ਤੋਂ ਮੂੰਹ ਨਾ ਮੋੜ. ਆਪਣੇ ਫ਼ਰਜ਼ ਤੋਂ ਨਾਬਰ ਨਾ ਹੋ। ਤੇਰਾ ਧਰਮ ਏ ਸੱਚ ਬੋਲਣਾ, ਸੱਚ ਆਖਣਾ ਤੂੰ ਸੂਲੀ ਤੇ ਚੜ੍ਹਿਆ ਵੀ ਸਚ ਬੋਲੇਂਗਾ, ਤੂੰ ਸੱਚ ਬੋਲਣ ਲਈ ਪੈਦਾ ਹੋਇਆ ਏਂ। ਪਿੱਛੇ ਕਿਉਂ ਹਟਦਾ ਏਂ। ਭੀਸ਼ਮ ਪਿਤਾਮਾ ਬਣ ਤੇ ਦੱਸ ਤੂੰ ਕੀ ਵੇਖਿਆ। ਤੇਰੀ ਇਹੋ ਜੁੱਰਤ ਈ ਅਮਰ ਰਹੇਗੀ। ਤੁਲਸੀ ਦਾਸ, ਬਿਆਸ ਤੇ ਬਾਲਮੀਕ ਨੂੰ ਅੱਜ ਵੀ ਲੋਕ ਪੂਜਦੇ ਹਨ। ਕਵੀ ਉਹ ਈ ਪੂਜਿਆ ਜਾਂਦਾ ਏ ਜਦ ਤੱਕ ਸੱਚ ਉਹਦੇ ਪੱਲੇ ਰਹੇ। ਝੂਠੇ ਕਵੀ ਦੇ ਕੋਈ ਮੂੰਹ ਤੇ ਨਹੀਂ ਥੁੱਕਦਾ। ਆਓ ਦੇਵ ਰਿਸ਼ੀ ਧੰਨ ਭਾਗ, ਤੇਰੇ ਕਦਮਾਂ ਦੇ ਸਦਕੇ ਤੂੰ ਸਾਡੀ ਧਰਤੀ ਪਵਿੱਤਰ ਕੀਤੀ ਏ।

—ਮੇਰੇ ਸਾਹਮਣੇ ਫ਼ਰਿਸ਼ਤਾ ਖੜਾ ਸੀ ਜਾਂ ਕੋਈ ਮਹਾਂਰਿਸ਼ੀ ਰੇਸ਼ਮੀ ਵਸਤਰ ਹੱਥ ਵਿੱਚ ਸੋਟੀ ਚੰਦਨ ਦੀ, ਉਹਦੀ ਮੁੱਠ ਹੀਰਿਆਂ ਨਾਲ ਮੜ੍ਹੀ ਹੋਈ ਸੀ। ਸਫ਼ੈਦ ਮੁੱਛਾਂ ਤੇ ਦੁੱਧ ਪੱਥਰੀ ਵਰਗੇ ਚਿੱਟੇ ਵਾਲ, ਮਹਿੰਦੀ ਦਾ ਆਸਰਾ ਲੈ ਕੇ ਮਹਿੰਦੀ ਰੰਗੀਆਂ ਮੁੱਛਾਂ ਸਨ। ਮਹਿੰਦੀ ਉਹਦਾ ਬੁਢਾਪਾ ਨਾ ਛੁਪਾ ਸਕੀ। ਦਸਤਾਰ ਦੱਸ ਰਹੀ ਸੀ ਕਿ ਇਹ ਕੋਈ ਹਸਤੀ ਹੋਣੀ ਏ।

ਮੈਂ ਝੱਟ ਈ ਆਪਣੀ ਜ਼ਬਾਨ ਖੋਲ੍ਹੀ ਤੇ ਉਹਦੀ ਦੁਖਦੀ ਰੱਗ ਤੇ ਉਂਗਲ ਰੱਖੀ। ਮੈਂ ਹਾਂ ਸੈਨਾਪਤਿ ਗੁਰੂ ਗੋਬਿੰਦ ਰਾਏ ਦਾ ਗੋਲਾ ਕੂੱਕਰ ਕਵੀ।

—ਕਵੀ ਦੇਵ ਮੈਂ ਨਦੌਣ ਦਾ ਬਦਨਸੀਬ ਰਾਜਾ ਹਾਂ। ਜਵਾਨ ਗੱਭਰੂ ਪੁੱਤ ਜੰਗ ਦੀ ਡੈਨ ਨੇ ਖਾ ਲਏ ਤੇ ਮੈਂ ਰਹਿ ਗਿਆ ਹਉਕੇ ਭਰਨ ਜੋਗਾ। ਮੇਰੇ ਮਹਿਲ ਵਿਚ ਉਜਾੜ ਪੈ ਗਈ। ਵਿਧਵਾ ਨੂੰਹਾਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਨੇ। ਇਹ ਨਦੌਣ ਵਾਲੇ ਮੇਰੇ ਪੁੱਤ ਪੋਤਰੇ ਹਨ। ਮੈਂ ਕਿਹਦੀ-ਕਿਹਦੀ ਫ਼ਰਿਆਦ ਸੁਣਾਂ, ਕਿੰਨੂੰ-ਕਿੰਨੂੰ ਦਿਲਾਸੇ ਦਵਾਂ, ਮੇਰੀ ਨਦੌਣ ਵਿਚ ਗੱਭਰੂ ਕੋਈ ਦੀਵਾ ਲੈ ਕੇ ਢੂੰਡਿਆ ਨਹੀਂ ਲੱਭ ਸਕਦਾ। ਸਾਡੀਆਂ ਰੌਣਕਾਂ ਵਿਹੜੇ ਦੀਆਂ ਬਹਾਰਾਂ ਚਉਂਕੇ ਦੀਆਂ ਸਭ ਖਾ ਗਈ ਜੰਗ ਦੀ ਡੈਨ। ਛੱਡੋ ਇਹ ਤੇ ਸਾਡੀ ਕਿਸਮਤ ਵਿੱਚ ਲਿਖਿਆ ਹੋਇਆ ਸੀ। ਭਾਣੇ ਨੂੰ ਕੌਣ ਮੋੜ ਸਕਦੈ।

ਉਹ ਵੇਖੋ ਬਰਾਤ, ਬੜੇ ਚਿਰ ਪਿੱਛੋਂ ਮੈਂ ਵੇਖੀ ਏ। ਇਹ ਸੁਹਾਗਣ ਮੇਰੇ ਪਿੰਡ ਵਿੱਚ ਪੈਰ ਧਰਨ ਲੱਗੀ ਏ। ਏਸ ਕੱਦ ਰੰਡੀ ਹੋ ਜਾਣੈ। ਨਾ ਇਹ ਜਾਣੇ ਤੇ ਨਾ ਮੈਂ ਜਾਣਾ। ਸਾਡੀ ਕਿਸਮਤ ਦੀ ਰੇਖਾ ਵਿੱਚ ਡੋਲੇ, ਬਰਾਤਾਂ ਤੇ ਲਾੜਾ ਨਾਂ ਦਾ ਅੱਖਰ ਈ ਮਿਟ ਗਿਐ। ਸੋਹਣੇ ਰਾਂਗਲੇ ਚੂੜੇ ਮਹਿੰਦੀ ਨਾਲ ਸ਼ਿੰਗਾਰੇ ਹੱਥ, ਰਾਂਗਲੇ ਚੂੜਿਆਂ ਨੂੰ ਕੌਣ ਚੁੰਮੇਗੀ ਸੱਸ। ਉਹ ਸੱਸ ਕਿੱਥੇ ਐ ਕੌਣ ਪਾਣੀ ਵਾਰੇਗੀ। ਕਦ ਮੇਰੀ ਨਦੌਣ ਵਿਚ ਡੋਲੇ ਆਉਣਗੇ। ਕੀ ਇਹ ਬਹਾਰਾਂ ਮੁੜ ਕੇ ਆਉਣਗੀਆਂ। ਨਦੌਣ ਖ਼ਾਲੀ ਹੋ ਗਿਆ। ਅਸੀਂ ਹੁਣ ਧੀਆਂ ਦੇ ਡੋਲੇ ਈ ਤੋਰਾਂਗੇ। ਨੂੰਹਾਂ ਦੇ ਡੋਲੇ ਹੁਣ ਕਦੀ ਵੀ ਨਹੀਂ ਆਉਣਗੇ। ਕਵੀ ਦੇਵ ਛੱਡ ਸਾਡੀ ਕਿਸਮਤ ਤੇ ਅੱਥਰੂ ਨਾ ਕੇਰ। ਚਲੋ, ਮੈਂ ਤੁਹਾਨੂੰ ਆਪਣੇ ਮਹਿਲ 'ਚ ਲੈ ਚੱਲਦਾ ਹਾਂ। ਉੱਥੋਂ ਮਸਾਨ ਬੋਲਦੇ ਵੇਖਣਾ ਤੇ ਬੋਹ ਵੇਖਣਾ ਖ਼ਾਮੋਸ਼ੀ ਦਾ, ਕਿਸ ਤਰ੍ਹਾਂ ਮਟਕ-ਮਟਕ ਕੇ ਚੱਲ ਰਿਹੈ। ਇਹ ਨਜ਼ਾਰਾ ਵੇਖਣ ਵਾਲਾ ਏ। ਮੇਰੇ ਵੱਸਦੇ-ਰੱਸਦੇ ਸ਼ਹਿਰ ਵਿਚ ਦੇਓ ਫਿਰ ਗਿਐ। ਮੇਰੇ ਮਹਿਲਾਂ 'ਚ ਦੇਓ ਬੈਠ ਗਏ ਹਨ। ਰਾਂਗਲੀ ਚੁੰਨੀ ਸਾਰੇ ਮਹਿਲ 'ਚ ਨਜ਼ਰ ਨਹੀਂ ਆਉਂਦੀ। ਚਿੱਟੇ ਲਿਬਾਸ ਤੇ ਚਿੱਟੀਆਂ ਚੁੰਨੀਆਂ, ਸੁੰਦਰ ਪੂੰਜੀਆ ਹੋਇਆ ਵੇਖ-ਵੇਖ ਕੇ ਮੈਂ ਕਦ ਤੱਕ ਜੀਵਾਂਗਾ ਕਦ ਤੱਕ ਹਉਕੇ ਭਰਾਂਗਾ। ਤੇ ਕਦ ਤੱਕ ਇਹਨਾਂ ਰੰਡੀਆਂ ਨੂੰ ਦਿਲਾਸੇ ਦੇਵਾਂਗਾ। ਤੁਹਾਡੇ ਕੰਤ ਪ੍ਰਦੇਸ ਗਏ ਹਨ ਛੇਤੀ ਮੁੜ ਆਉਣਗੇ, ਬਹਾਰਾਂ ਆਉਣ ਵਾਲੀਆਂ ਹਨ। ਇਹ ਸਭ ਝੂਠ ਏ ਮੈਂ ਝੂਠ ਬੋਲ ਰਿਹਾ ਹਾਂ। ਨਾ ਕਦੀ ਬਹਾਰਾਂ ਈ ਆਉਣਗੀਆਂ ਨੇ ਤੇ ਨਾ ਕਦੀ ਪ੍ਰਦੇਸੀ ਈ ਮੁੜਨੇ ਨੇ।

ਮਹਿਲ ਆ ਗਿਆ। ਪੂਜਾ ਕਰੋ ਕਵੀ ਰਾਜ ਆਏ ਨੇ, ਸਵਾਗਤ ਕਰੋ। ਮੇਰੀਆਂ ਨੂੰਹ ਰਾਣੀਆਂ ਕੀ ਹੋਇਆ ਜੇ ਲਿਬਾਸ ਚਿੱਟਾ ਏ। ਤੁਸਾਂ ਈ ਆਪਣੀ ਕਹਾਣੀ ਦੱਸਣੀ ਏ । ਕੰਜਕਾਂ ਘਰ 'ਚ ਬੈਠੀਆਂ ਅੱਥਰੂ ਕੇਰ ਰਹੀਆਂ ਆਪਣੇ ਭਰਾਵਾਂ ਦੇ ਵੈਣ ਪਾ ਰਹੀਆਂ ਨੇ।

ਦਾਸੀਆਂ ਤੇ ਆਉਣਾ ਈ ਸੀ, ਕੁੰਭ ਲੈ ਕੇ ਆਈਆਂ ਚਿੱਟਿਆਂ ਕੱਪੜਿਆਂ ਵਿਚ ਨਹਾ।

ਆਉ ਕਵੀਰਾਜ ਚਰਨ ਪਾਉ ਏਸ ਉੱਜੜੇ ਮਹਿਲ ਵਿਚ ਤੇ ਅੱਜ ਏਸ ਅਣਖੀ ਆਰਤੀ ਦਾ ਨਜ਼ਾਰਾ ਵੇਖੋ।

— ਮਹਾਰਾਜ ਦੁਖੀ ਨਾ ਹੋਵੋ। ਇਹ ਸਜ਼ਾ ਏ ਪਿਛਲੇ ਕਰਮਾਂ ਦੀ, ਹੋਣੀ ਵਰਤੀ ਏ, ਇਤਿਹਾਸ ਨਦੌਣ ਦੀ ਗਵਾਹੀ ਦੇਵੇਗਾ। ਇੱਥੋਂ ਸੂਰਮੇ ਉੱਠਣਗੇ ਤੇ ਏਸ ਯੁੱਗ ਨੂੰ ਬਦਲ ਦੇਣਗੇ। ਨਦੌਣ ਅਮਰ ਹੋ ਗਿਆ। ਨਦੌਣ ਸੂਰਮਿਆਂ ਦਾ ਗੜ੍ਹ ਬਣੇਗਾ।

—ਉਹ ਜ਼ਮਾਨਾ ਕਿਸ ਵੇਖਿਆ ਕਿਸ ਵੇਖਣੈ, ਕੌਣ ਵੇਖੇਗਾ, ਮੇਰੀਆਂ ਬੁੱਢੀਆਂ ਹੱਡੀਆਂ ਵਿੱਚ ਹੁਣ ਸ਼ਕਤੀ ਨਹੀਂ ਰਹੀ। ਮੈਂ ਆਪਣੇ ਪੁੱਤਾਂ ਦਾ ਦੁੱਖ ਕਦ ਤੱਕ ਕਲੇਜੇ 'ਚ ਛੁਪਾ ਕੇ ਰੱਖਾਂ।

ਮੇਰੇ ਪਿੰਡ ਵਾਲੇ ਕਦ ਤੱਕ ਵੈਣ ਪਾਉਂਦੇ ਰਹਿਣਗੇ । ਮੇਰੇ ਤੇ ਹੁਣ ਕੰਨ ਵੀ ਬੋਲੇ ਹੋ ਗਏ । ਹੁਣ ਮੇਰਾ ਦਿਲ ਸਹਾਰ ਨਹੀਂ ਸਕਦਾ । ਨਦੌਣ ਕਬਰਸਤਾਨ ਬਣ ਗਿਐ । ਸ਼ਮਸ਼ਾਨ ਭੂਮੀ ਵਿਚ ਕਦ ਬਹਾਰ ਆਏਗੀ । ਉਹ ਦਾਤਾ ਹੀ ਜਾਣੇ ।

—ਗੁਰੂ ਮਿਹਰ ਕਰੇ, ਸਬਰ ਕਰੋ ਮਹਾਰਾਜ ਤੁਹਾਡੀ ਕੁਰਬਾਨੀ, ਤੁਹਾਡਾ ਜਜ਼ਬਾ. ਤੁਹਾਡੀ ਤਪੱਸਿਆ ਬੇਕਾਰ ਨਹੀਂ ਜਾਣ ਲੱਗੀ । ਸੋਨੇ ਦੇ ਅੱਖਰਾਂ ਨਾਲ ਲਿਖੀ ਜਾਏਗੀ ਨਦੌਣ ਦੀ ਮਹਾਭਾਰਤ ।

— ਛੱਡੋ ਕਵੀ ਰਾਜ ਆਓ ਖਿੜਕੀ ਸਾਡਾ ਇੰਤਜ਼ਾਰ ਕਰ ਰਹੀ ਏ । ਬਿਆਸਾ ਵੇਖੋ ਕਿੰਨੀ ਕੁ ਉਦਾਸ ਏ। ਖ਼ਾਮੋਸ਼ ਵੱਗ ਰਹੀ ਏ ਸਾਰੀ । ਉਹ ਵੇਖੋ ਮੇਰੇ ਗੱਭਰੂ ਪੁੱਤਾਂ ਦੇ ਬੱਲਦੇ ਸਿਵੇ ਉਹਨਾਂ ਵਿਚੋਂ ਲਹੂ ਦੇ ਚਮਕਾਰੇ ਵੱਜ ਰਹੇ ਨੇ । ਬਿਆਸਾ ਅਜੇ ਤੱਕ ਵਿਸ਼ ਨਹੀਂ ਬਣਿਆ । ਇਹ ਵਿਸ਼ ਬਣ ਜਾਣੈ । ਮੇਰੀ ਧਰਤੀ ਵਿੱਚ ਕੋਈ ਨੀਲਕੰਠ ਨਾ ਕੋਈ ਪੈਦਾ ਹੋਵੇਗਾ । ਸਾਡੀ ਧਰਤੀ ਵਿੱਚ ਜ਼ਹਿਰ ਹੀ ਜ਼ਹਿਰ ਫੈਲ ਜਾਏਗਾ । ਕੀ ਇਹ ਲਹੂ ਕਦੀ ਮੁੱਕੇਗਾ । ਬਿਆਸਾ ਦੀਆਂ ਲਹਿਰਾਂ ਵਿਚ ਲਹੂ ਦੀ ਅਲੇਸ਼ ਕਦੀ ਨਹੀਂ ਮੁੱਕਣੀ । ਇਹ ਸੱਲ੍ਹ ਸਾਡੀ ਉਮਰ ਵਿਚ ਸਾਡੀਆਂ ਹੱਡੀਆਂ ਵਿਚ ਪੈ ਗਿਐ · ਫਿਰ ਇਹ ਗਿਆਨ, ਇਹ ਰਾਮ ਕਹਾਣੀ ਕੌਣ ਸੁਣੇਗਾ । ਮੇਰਾ ਕੀ ਏ ਅੱਜ ਮੋਇਆ ਕੱਲ੍ਹ ਦੂਜਾ ਦਿਨ ਮੈਂ ਤੇ ਐਵੇਂ ਨਦੀ ਕੰਢੇ ਰੁੱਖ ਵਾਂਗੂੰ ਹਾਂ । ਕਵੀ ਤੂੰ ਆਇਐਂ ਤੂੰ ਤੇ ਵੇਖ ਲੈ ।

—ਕਵੀ ਰਾਜ ਬਿਆਸਾ ਦੀਆਂ ਲਹਿਰਾਂ ਵੇਖੋ । ਰਵਾਨੀ ਵੇਖੋ. ਚਾਂਦਨੀ ਵਰਗਾ ਜਲ ਇਹ ਗੰਗਾ ਦੀ ਭੈਣ ਏ, ਇਹ ਜਮੁਨਾ ਦੀ ਧੀ ਵੱਗ ਰਹੀ ਏ ਮੇਰੇ ਮਹਿਲ ਨੂੰ ਖਹਿੰਦੀ : ਚੋਟੀਆਂ ਨੂੰ ਕਿਸੇ ਕਲਾਕਾਰ ਨੇ ਤਰਾਸ਼ਿਐ । ਅੰਬਾਂ ਦੇ ਰੁੱਖਾਂ ਤੇ ਬਹਾਰ ਕੱਦ ਕਿਕਲੀ ਪਾਏਗੀ । ਅਸਾਂ ਹੁਣ ਕਦੇ ਨਹੀਂ ਵੇਖਣੀ ।

—ਮਹਾਰਾਜ ਮੌਸਮ ਜੋਬਨ ਤੇ ਹੈ । ਬਿਆਸਾ ਕਿਸੇ ਰਿਸ਼ੀ ਦੀ ਸਮਾਧੀ ਵਾਂਗੂੰ ਖ਼ਾਮੋਸ਼ ਏ ।

—ਕਾਹਦੀ ਬਹ ਰ. ਹੁਣ ਬਹਾਰ ਨਦੌਣ 'ਚ ਕਦੇ ਵੀ ਨਹੀਂ ਆਏਗੀ । ਸਾਥੋਂ ਰੁੱਸ ਗਈ ਏ ਬਹਾਰ। ਕਵੀ ਰਾਜ ਗਈਆਂ ਬਹਾਰਾਂ ਕਦੀ ਮੁੜ ਕੇ ਨਹੀਂ ਆਈਆਂ ।

—ਜ਼ਰੂਰ ਆਏਗੀ ਬਹਾਰ, ਬਹਾਰਾਂ ਨਿੱਤ ਆਉਣਗੀਆਂ । ਨਦੌਣ ਵਾਲੇ ਲਿਖਣਗੇ । ਬਹਾਰਾਂ ਪਹਾੜ ਦੀ ਜਾਨ ਹਨ । ਧੀਰਜ ਰੱਖੋ ਗੁਰੂ ਦਾ ਆਸਰਾ, ਬਾਣੀ ਵਿਚੋਂ ਸ਼ਾਂਤੀ ਵੇਖੋ ਗੁਰੂ ਰਾਖਾ ।

ਗੋਖਰੂ

੧੪੨

ਸੈਨਾਪਤਿ ਬੋਲਿਆ. ਮਹਾਰਾਜ ਪੱਤਝੜ ਦੀ ਗੱਲ ਛੱਡੋ । ਪੁਰਾਣੇ ਪੱਤੇ ਝੜੇ ਨਵਾਂ ਪੁੰਗਾਰਾ ਆਇਆ ਤੇ ਬਹਾਰ ਆਉਣ ਦੀ ਆਸ ਬੱਝੀ । ਲਓ ਪੁੰਗਾਰੇ ਦੀ ਰੁੱਤ ਆ ਗਈ ਏ । ਅੰਬਾਂ ਤੇ ਬੂਰ ਪੈ ਗਿਆ । ਹੁਣ ਕੋਇਲ ਬੋਲੇਗੀ । ਤੁਹਾਡੇ ਕਲੇਜੇ ਠੰਡ ਪਏਗੀ । ਆਓ ਵੇਖੋ ਬਿਆਸਾ ਨਦੀ ਦੀਆਂ ਲਹਿਰਾਂ ਮਚਲ ਰਹੀਆਂ ਨੇ । ਓਸ ਸੋਗ ਤਿਆਗ ਦਿੱਤਾ ਏ । ਵਿਛੀਆਂ ਫੂੜੀਆਂ ਲਪੇਟੀਆਂ ਗਈਆਂ ਹਨ । ਕਾਲੀਆਂ ਬਦਲੀਆਂ ਛਾ ਰਹੀਆਂ ਨੇ । ਬਹਾਰ ਆਉਣ ਵਾਲੀ ਏ । ਆਦਮੀ ਜੱਦ ਤੱਕ ਜ਼ਿੰਦਾ ਏ ਸਿਰਫ਼ ਏਸੇ ਉਮੀਦ ਤੇ ਕਿ ਬਹਾਰ ਆਉਣ ਵਾਲੀ ਏ ।

—ਸੈਨਾਪਤਿ ਇਹ ਗੋਖਰੂ ਅਸਾਂ ਬਿਆਸਾ ਨਦੀ ਵਿਚੋਂ ਕੱਢੇ ਸਨ। ਇਹ ਮੇਰੀ ਨੂੰਹ ਰਾਣੀ ਜਿਨ ਪਟਰਾਣੀ ਬਣਨਾ ਸੀ, ਉਹਦੇ ਸੁਹਾਗ ਦੀ ਨਿਸ਼ਾਨੀ ਹਨ। ਓਸ ਆਤਮ ਹੱਤਿਆ ਕਰ ਲਈ ਮੁਗ਼ਲਾਂ ਉਹਦੀ ਪੱਤ ਲੁੱਟ ਲਈ। ਮੁਗ਼ਲ ਭਾਵੇਂ ਲੜ ਰਹੇ ਸਨ ਪਰ ਦੂਜੇ ਪਾਸੇ ਸੱਤਵੰਤੀਆ ਅੱਲੜ੍ਹ ਕੰਜਕਾਂ ਦਾ ਸਤ ਭੰਗ ਕੀਤਾ ਜਾ ਰਿਹਾ ਸੀ। ਇਹ ਨਾਗ ਹਨ ਗੋਖਰੂ ਮੈਨੂੰ ਵੱਢ-ਵੱਢ ਕੇ ਖਾ ਰਹੇ ਸਨ ਮੈਂ ਜੱਦ ਤੱਕ ਜੀਵਾਂਗਾ ਇਹ ਮੈਨੂੰ ਡੰਗ ਮਾਰਦੇ ਰਹਿਣਗੇ। ਇਹਨਾਂ ਮੇਰੀਆ ਅੱਖਾਂ ਵਿਚੋਂ ਨੀਂਦ ਖੋਹ ਲਈ ਏ। ਮੇਰਾ ਜੀਣਾ ਹਰਾਮ ਕਰ ਦਿੱਤਾ ਏ। ਸੱਜਣਾ ਮੰਗਿਆਂ ਤੇ ਮੌਤ ਵੀ ਨਹੀਂ ਆਉਂਦੀ। ਇਹ ਖ਼ਰੀਦੀ ਨਹੀਂ ਜਾ ਸਕਦੀ। ਗੋਖਰੂਆਂ ਤੇ ਮੇਰੀ ਜਾਨ ਕੱਢ ਲਈ ਏ। ਮੈਂ ਤੇ ਹੁਣ ਚੱਲਦੀ ਫਿਰਦੀ ਇਕ ਲਾਸ਼ ਹਾਂ।

—ਸੈਨਾਪਤਿ ਆਖਣ ਲੱਗਾ, 'ਮਹਾਰਾਜ ਕਾਲੀਆਂ ਘਟਾਵਾਂ ਛਾ ਗਈਆਂ ਹਨ। ਬਰਖਾ ਰਾਣੀ ਦੇ ਪੈਰਾਂ ਦੀਆਂ ਝਾਂਜਰਾਂ ਛਣਕ ਰਹੀਆਂ ਹਨ। ਮੋਘਲਾ ਬਰਸੇਗਾ ਦੁਖੀ ਦਿਲਾਂ ਦੇ ਮਲ੍ਹਮ ਲਾਉਣਗੀਆਂ ਇਹ ਬਦਲੀਆਂ।

—ਹੁਣ ਮੇਰੇ ਜੀਵਨ 'ਚ ਬਹਾਰ ਨਹੀਂ ਆ ਸਕਦੀ। ਬਹਾਰਾਂ ਕਦੇ ਵੀ ਨਹੀਂ ਮੁੜਨ ਲੱਗੀਆਂ। ਸੈਨਾਪਤਿ ਅਸਾਂ ਤੇ ਕਦੀ ਕੀੜੀ ਵੀ ਨਹੀਂ ਮਾਰੀ ਸਾਨੂੰ ਐਡੀ ਵੱਡੀ-ਵੱਡੀ ਸਜ਼ਾ ਕਿਉਂ।

—ਪਿਛਲੇ ਜਨਮ ਦੇ ਪਾਪ ਹਨ। ਉਹਦਾ ਭੁਗਤਾਨ ਤੇ ਕਰਨਾ ਈ ਪਊ।

ਸੈਨਾਪਤਿ ਮੈਂ ਪਾਪ ਕਦੀ ਸੁਪਨੇ ਵਿਚ ਵੀ ਨਹੀਂ ਸੋਚਿਆ। ਪਾਪ ਕੀ ਹੁੰਦਾ ਏ। ਉਹਦਾ ਅਰਥ ਵੀ ਨਹੀਂ ਜਾਣਦਾ।

—ਮਹਾਰਾਜ ਤੇ ਪਾਪ ਕਦੀ ਵੀ ਨਹੀਂ। ਦਾਨੀ, ਤਿਆਗੀ ਤੇ ਪ੍ਰਭੂ ਦਾ ਸਿਮਰਨ ਕਰਨ ਵਾਲਾ। ਸੈਨਾਪਤੀ ਲਉ ਇਕ ਕਹਾਣੀ ਸੁਣੋ। ਮਹਾਰਾਜ ਵੀ ਉਤਾਵਲਾ ਸੀ, ਇਹ ਆਵਾਜ਼ ਇਕ ਮੰਤਰੀ ਦੀ ਸੀ।

—ਸਮੇਂ ਨਾਲ ਬਦਲੋ, ਸਮਾਂ ਕਿਸੇ ਨੂੰ ਨਹੀਂ ਬਖ਼ਸ਼ਦਾ।

ਕਵੀ ਰਾਜ ਇਕ ਦਿਨ ਮਹਾਰਾਜ ਰੰਣਵਾਸ ਵਿਚ ਬੈਠੇ ਹੋਏ ਸੀ। ਪਟਰਾਣੀ ਵੀ ਆਸਨ ਤੇ ਬੈਠੀ ਹੋਈ ਸੀ ਆਖਣ ਲੱਗੀ ਪਟਰਾਣੀ, "ਰਾਤੀਂ ਨੀਂਦ ਖੁੱਲ੍ਹ ਜਾਂਦੀ ਏ। ਗਿੱਦੜ ਹਵਾਂਕਦੇ ਹਨ।"

ਮੈਂ ਵੀ ਸੁਣਿਆ ਸਾਰੀ ਰਾਤ ਗਿੱਦੜ ਸੌਣ ਨਹੀਂ ਦੇਂਦੇ।

—ਮੰਤਰੀ ਬੋਲਿਆ, "ਫ਼ਰਿਆਦ ਕਰਦੇ ਹਨ ਸਰਕਾਰ ਠੰਡ ਏ ਪਾਲਾ ਪੈ ਰਿਹੈ ਠਰੂ-ਠਰੂ ਕਰਦੇ ਹਵਾਂਕਦੇ ਹਨ।

—ਮਹਾਰਾਜ ਬੋਲੇ, ਇਨ੍ਹਾਂ ਦੀ ਫ਼ਰਿਆਦ ਸੁਣੀ ਕਿਉਂ ਨਹੀਂ ਗਈ। ਕੀ ਮੰਗਦੇ ਹਨ।"

– ਮਹਾਰਾਜ ਪਾਲਾ ਏ, ਕੜ੍ਹਾਕੇ ਦੀ ਠੰਡ ਏ, ਠਰ ਰਹੇ ਹਨ, ਕੂਕਦੇ ਹਨ, ਰੋਂਦੇ ਹਨ।

- ਫੇਰ ਮੰਤਰੀ ਜੀ ਇਨ੍ਹਾਂ ਦੀ ਫ਼ਰਿਆਦ ਸੁਣੋ, ਇਹ ਕੀ ਮੰਗਦੇ ਹਨ।

—ਸਰਕਾਰ ਪੋਹ ਦਾ ਮਹੀਨਾ ਏ, ਕੋਰਾ ਪੈ ਰਿਹਾ ਏ, ਬੰਦੇ ਆਕੜਦੇ ਜਾ ਰਹੇ ਹਨ ਠੰਡ ਵਿਚ, ਬੇਜ਼ੁਬਾਨ ਹਨ, ਕੂਕਦੇ ਹਨ ਇਨ੍ਹਾਂ ਦੀ ਬੋਲੀ ਕੌਣ ਸਮਝੇ।

- ਇਨ੍ਹਾਂ ਨੂੰ ਕੰਬਲ ਵੰਡੇ ਜਾਣ ਠੰਡ ਤੋਂ ਬਚਣ ਲਈ।

—ਕੰਬਲ ਸਾਰੇ ਜੰਗਲ 'ਚ ਵਿਛਾ ਦਿੱਤੇ ਗਏ ਸਨ । ਰਾਤ ਪਈ ਗਿੱਦੜ ਫੇਰ ਕੂਕ ਰਹੇ ਸਨ । ਦਿਨ ਚੜ੍ਹਿਆ ਫੇਰ ਮਹਾਰਾਜ ਨੇ ਪੁਛਿਆ, " ਅੱਜ ਫੇਰ ਰਾਤ ਨੀਂਦ ਉਖੜ ਗਈ ਗਿੱਦੜ ਫਿਰ ਰੋਂਦੇ ਸੁਣਾਈ ਦਿੱਤੇ ਕੀ ਇਨ੍ਹਾਂ ਨੂੰ ਕੰਬਲ ਥੋੜੇ ਮਿਲੇ ਹਨ।''

– ਨਹੀਂ ਹਜ਼ੂਰ ਇਹ ਗਿੱਦੜ ਜ਼ਬਾਨ ਤੋਂ ਸਰਕਾਰ ਦਾ ਸ਼ੁਕਰੀਆ ਅਦਾ ਕਰ ਰਹੇ ਹਨ। ਧੰਨਵਾਦ ਕਰ ਰਹੇ ਹਨ ਤੁਸਾਂ ਸਾਨੂੰ ਠੰਡ ਤੋਂ ਮੁਕਤੀ ਦਿਵਾਈ।

– ਮਹਾਰਾਜ ਤੇ ਇੰਨ੍ਹੇਂ ਭੋਲੇ ਹਨ, ਇੰਨੇਂ ਮਿਹਰਬਾਨ ਹਨ ਫੇਰ ਇੰਨੇਂ ਦੁੱਖ ਕਿਉਂ।

—ਸੈਨਾਪਤਿ ਨੇ ਜਵਾਬ ਦਿੱਤਾ, ਦੁੱਖ-ਸੁੱਖ ਤੇ ਉਸ ਪ੍ਰਮਾਤਮਾ ਦੇ ਹੱਥ ਏ। ਸ਼ਾਂਤ ਹੋ ਮਹਾਰਾਜ ਦੁਨੀਆ ਨਾਸ਼ਵਾਨ ਏ। ਇਹ ਭਾਂਡਾ ਜਿਹੜਾ ਘੜਿਆ ਗਿਆ ਏ ਕੱਚਾ ਏ। ਭੱਠੀ ਨਹੀਂ ਚੜ੍ਹਿਆ। ਏਸ ਇਕ ਦਿਨ ਟੁੱਟਣੈ। ਆਤਮਾ ਅਮਰ ਏ। ਸਰੀਰ ਤੇ ਇਕ ਮਿੱਟੀ ਦੀ ਮੁੱਠ ਏ। ਜਿਉਣਾ ਏ ਤੇ ਧੀਰਜ ਜ਼ਰੂਰੀ ਏ। ਲਉ ਮੱਠੀ-ਮੱਠੀ ਫੁਆਰ ਪੈਣ ਲੱਗ ਪਈ। ਰੁੱਤ ਬਦਲੀ ਉਹ ਬਗਲਿਆਂ ਦੀਆਂ ਕਤਾਰਾਂ ਉੱਡਦੀਆਂ ਆ ਰਹੀਆਂ ਨੇ। ਬਿਆਸ ਨਦੀ ਵਿਚ ਬਗਲੇ ਆਪਣਾ ਮੂੰਹ ਵੇਖ ਰਹੇ ਹਨ। ਲਹਿਰਾਂ ਵਿਚ ਮਸਤੀ ਏ, ਬਿਆਸਾ ਵਿਚ ਰੰਗ ਆ ਗਿਐ। ਰਿਤੂ ਰਾਜ ਤੁਹਾਡੀ ਨਗਰੀ 'ਚ ਆਣ ਵੜਿਐ। ਮੁਰਝਾਏ ਚਿਹਰੇ ਖਿੜ ਜਾਣਗੇ।

—ਸੈਨਾਪਤਿ ਦੁਖੀ ਹਿਰਦੇ ਤੇ ਜਿੰਨੀ ਮਰਜ਼ੀ ਮਲ੍ਹਮ ਲਾ ਤੇ ਨੁੰਮਣੇ ਦੇ ਫੱਟ ਕਦ ਤੱਕ ਖੜੀ ਰਹੇਗੀ। ਥੰਮੀਆਂ ਕੁਝ ਦਿਨ ਲਈ ਸਹਾਰਾ ਬਣਦੀਆਂ ਹਨ। ਮੇਰੇ ਮਹਿਲਾਂ ਦੀ ਰੌਣਕ ਉਜੜ ਗਈ। ਮੇਰੀ ਨਦੌਣ ਯਤੀਮ ਹੋ ਗਈ। ਮਹਾਰਾਜ ਦੀਆਂ ਅੱਖਾਂ ਵਿਚ ਮੱਕਈ ਦੇ ਦਾਣਿਆਂ ਜਿੱਡੇ ਅੱਥਰੂ ਸਨ।

ਲਉ ਬਹਾਰ ਆ ਗਈ ਸਭ ਦੁੱਖ ਭੁੱਲ ਜਾਣਗੇ ਜ਼ਰਾ ਨੱਚਣ ਤੇ ਦਿਉ ਏਸ ਅੱਲ੍ਹੜ ਮੁਟਿਆਰ ਨੂੰ, ਨਦੌਣ 'ਚ ਕਿਸ ਗੱਲ ਦੀ ਘਾਟ ਏ। ਤਰਖਾਣ ਇਥੇ, ਗਲੀਚੇ ਬੁਣਨ ਵਾਲੇ ਇਥੇ, ਲੋਹਾਰ ਇਥੇ, ਸੁਨਾਰ ਇਥੇ, ਪਨਵਾੜੀ ਦੀਆਂ ਦੁਕਾਨਾਂ ਇਥੇ, ਮਧੂਸ਼ਾਲਾ ਥਾਂ-ਥਾਂ ਖੁਲ੍ਹੀਆਂ ਹੋਈਆਂ ਹਨ। ਨਾਚੀਆਂ ਦੇ ਡੇਰੇ ਰਾਗ-ਰੰਗ ਮੁਜਰੇ ਕਿਸ ਗੱਲ ਦੀ ਥੋੜ ਏ। ਜਿਹੜਾ ਇਕ ਵਾਰ ਆ ਗਿਆ ਉਹ ਫੇਰ ਮੁੜ ਕੇ ਨਾ ਗਿਆ। ਲਾਹੌਰ ਵਿਚ ਵੀ ਇਹੋ ਜਿਹੀਆਂ ਬਹਾਰਾਂ ਨੇ, ਖੁਸ਼ਾਮਦੀ ਅਹਿਲਕਾਰਾਂ ਤੋਂ ਬਚੋ। ਪਹਾੜੀਆਂ ਨੂੰ ਲੈ ਡੁੱਬੀ ਖੁਸ਼ਾਮਦ। ਤੁਹਾਡੇ ਲਈ ਲਾਹੌਰ ਪ੍ਰਾਪਤ ਹੋਵੇ ਤੁਸੀਂ ਸਰਹੰਦ ਵਿਚ ਆਪਣਾ ਸਿੰਘਾਸਨ ਲਾ ਲਵੋ, ਏਸੇ ਨਸ਼ੇ ਨੇ ਕਾਂਗੜਾ ਹੱਥੋਂ ਗਵਾ ਲਿਆ ਤੇ ਕੀ-ਕੀ ਉਪਦਰ ਨਹੀਂ ਕੀਤੇ ਮੁਗਲ ਸਰਕਾਰ ਨੇ। ਫੇਰ ਰੋਟੀ ਦੀ ਮੁਥਾਜੀ ਖ਼ਰੈਤ ਵਿਚ ਇਹ ਇਲਾਕਾ ਲਿਆ ਇਸੇ ਤੇ ਸਬਰ ਕਰੋ ਜੋ ਤੁਹਾਡੀ ਤਕਦੀਰ 'ਚ ਲਿਖਿਆ ਹੋਇਆ ਰਾਈ ਘਟੇ ਨਾ ਤਿੱਲ ਵਧੇ ਜੋ ਲਿਖਿਆ ਕਰਤਾਰ। ਪਿੱਪਲ ਦੇ ਦਰੱਖ਼ਤ ਨੂੰ ਲੋਕਾਂ ਪੂਜਿਆ। ਮਾਤਾ ਦੇ ਕਲਸ ਜੈ ਦੇਵਾ, ਜੈ ਮਾਤਾ ਕਾਂਗੜੇ ਵਿਚ ਅੱਜ ਵੀ ਲੋਕ ਏਸੇ ਗੱਲ ਦੇ ਧਾਰਨੀ ਹਨ। ਪਹਾੜੀਆਂ ਨੇ ਕਾਂਗੜੇ ਨੂੰ ਪਵਿੱਤਰ ਨਾ ਰਹਿਣ ਦਿੱਤਾ ਅਪਵਿੱਤਰ ਕਰਵਾ ਲਿਆ।

ਠੰਡੀ-ਠੰਡੀ ਪਉਣ ਵਗੇ। ਮਸਤ ਹਵਾ ਕਾਲੀਆਂ ਬਦਲੀਆਂ ਦੇ ਝੁਰਮੱਟ, ਦਰਿਆ ਦੀ ਮਸਤੀ ਭਰੀ ਰਵਾਨੀ ਕਿੰਨਾ ਸੁਹਾਣਾ ਮੌਸਮ ਏ ਕਿੰਨੀ ਰੁੱਤ ਪਿਆਰੀ ਏ।

ਪੰਜ ਮੰਦਰ ਨਦੌਣ ਦੀ ਸ਼ੋਭਾ ਵਧਾ ਰਹੇ ਹਨ ਭਗਵਾਨ ਦਾ ਵਾਸ ਏ, ਨਦੌਣ ਦੇਵਤਿਆਂ ਦੀ ਧਰਤੀ ਏ, ਰਿਸ਼ੀ ਆਸ਼ਰਮ ਹਨ ਸ਼ਿਵ ਦਾ ਵਾਸ ਤੁਹਾਡੇ ਸਿਰ ਤੇ, ਸ਼ਿਵਾਲਕ ਦੀਆਂ ਪਹਾੜੀਆਂ

ਨੇ ਇਕ ਦੀਵਾਰ ਖੜੀ ਕੀਤੀ ਹੋਈ ਏ। ਉਹ ਹਿਮਾਲਿਆ ਤੋਂ ਘੱਟ ਨਹੀਂ। ਬਾਈ ਧਾਰ ਦੀਆਂ ਧਾਰਾਂ ਬੜੀਆਂ ਸੁੰਦਰ ਹਨ। ਤਰਾਸ਼ੀਆਂ ਹੋਈਆਂ ਚੋਟੀਆਂ ਖ਼ੂਬਸੂਰਤ ਮੰਦਰਾਂ ਦੇ ਕਲਸਾਂ ਵਾਂਗੂੰ ਚਮਕ ਰਹੀਆਂ ਹਨ, ਢੌਣੇ ਹਨ. ਭੇਡ ਬੱਕਰੀਆਂ ਦੇ ਇੱਜੜ, ਗਊਆਂ ਮਟਕੀ ਭਰ-ਭਰ ਦੁੱਧ ਦਿੰਦੀਆਂ ਹਨ, ਮੰਦਰਾਂ ਵਿਚ ਕਲਾ ਸੰਭਾਲੀ ਹੋਈ ਏ। ਚਿੱਤਰਕਾਰ ਦੀ ਜਿੰਦ ਜਾਨ ਏ ਕਾਂਗੜਾ। ਬਹੁਤ ਵੱਡੀ ਨਿਯਮਤ ਏ ਬਿਆਸਾ ਨਦੀ। ਬਰਸਾਤ ਆਈ ਬਹਾਰ ਆਈ ਹੁਣ ਟਹਿਕਣਗੇ ਦਿਲ, ਮਹਾਰਾਜ ਉਹ ਵੇਖੋ ਬਰਖਾ ਰੁੱਤ ਦੀ ਰਾਣੀ ਆ ਰਹੀ ਏ।

ਅੰਬਾਂ ਦੀਆਂ ਟਾਹਣੀਆਂ ਨਾਲ ਅੰਬ ਲਮਕੇ, ਪਹਾੜੀਆਂ ਨੇ ਛਾਤੀਆਂ ਫੁਲਾ ਕੇ ਖੰਘੂਰਾ ਮਾਰਿਆ। ਜਵਾਲਾ ਮੁਖੀ ਨਾਲ ਖਹਿ-ਖਹਿ ਜਾ ਰਹੀਆਂ ਹਨ ਬਦਲੀਆਂ। ਜਦ ਕਾਲੇ-ਕਾਲੇ ਬੱਦਲ ਝੁਰਮੱਟ ਪਾਉਂਦੇ ਹਨ ਤੇ ਬਿਆਸਾ ਨਦੀ ਤੇ ਹੋਰ ਵੀ ਜੋਬਨ ਚੜ੍ਹ ਆਉਂਦਾ ਏ। ਜਦ ਕਾਲੇ ਬੱਦਲਾਂ ਤੇ ਬਿਜਲੀ ਚਮਕਦੀ ਏ ਤੇ ਇਉਂ ਜਾਪਦਾ ਏ ਜਿੰਦਾਂ ਭਰ ਜੋਬਨ ਤੇ ਆਈ ਮੁਟਿਆਰ ਨੇ ਕੇਸ ਖਿਲਾਰੇ ਹੋਣ ਤੇ ਵਿਚੋਂ ਮੁਖੜਾ ਨਿਖਰੇ, ਬਿਜਲੀ ਦਾ ਜੋਬਨ ਝਲਿਆ ਨਹੀਂ ਜਾਂਦਾ, ਦਰਿਆ ਵਗਦਾ ਪਾਣੀ ਇਉਂ ਜਾਪਦਾ ਜਿੰਦਾਂ ਸੋਨੇ ਦੀ ਧਾਰਾ ਵਗ ਰਹੀ ਹੋਵੇ। ਜਵਾਲਾ ਮੁਖੀ ਦੇ ਕਲਸ ਬਦਲੀਆਂ 'ਚ ਛੁਪ ਜਾਂਦੇ ਹਨ।

ਭਾਵੇਂ ਉਹ ਲੁਕੇ ਨਹੀਂ ਰਹਿੰਦੇ । ਪਹਾੜਾਂ ਨੂੰ ਇਨ੍ਹਾਂ ਕਲਸਾਂ ਨੇ ਚਾਰ ਚੰਦ ਲਾਏ ਹਨ। ਮਾਤਾ ਦੇ ਪੁਜਾਰੀ ਮੈਦਾਨਾਂ 'ਚੋਂ ਪਹਾੜਾਂ ਤੇ ਆਉਂਦੇ ਹਨ ਸ਼ਰਧਾ ਲੈ ਕੇ ਦਰਸ਼ਨਾਂ ਦੀ।

ਕੰਚਣੀਆਂ ਦਾ ਗੜ੍ਹ ਏ ਨਦੌਣ। ਰੋਜ਼ ਮਹਿਫ਼ਲਾਂ ਲਗਦੀਆਂ ਤੇ ਬਾਈ ਧਾਰਾਂ ਦਾ ਕੋਈ ਨਾ ਕੋਈ ਰਾਜਾ ਪ੍ਰਾਹੁਣਾ ਹੁੰਦਾ। ਪੂਰਨਮਾਸ਼ੀ ਵਾਲੇ ਦਿਨ ਜਦ ਚੰਦਰਮਾਂ ਆਪਣੇ ਪੂਰੇ ਜੋਬਨ ਤੇ ਹੁੰਦਾ ਤਾਂ ਬਿਆਸਾ ਇਉਂ ਜਾਪਦੀ ਜਿੰਦਾਂ ਸਵਰਗਾਂ ਤੋਂ ਉਤਰਦੀ ਆ ਰਹੀ ਹੋਵੇ। ਪਿੱਪਲ ਦੇ ਪੱਤਿਆਂ ਵਿਚ ਜੋਤਾਂ ਜਗ ਪੈਂਦੀਆਂ। ਸੁਹਾਗਣਾਂ ਪਾਣੀ 'ਚ ਤਾਰਦੀਆਂ ਜੋਤਾਂ ਪਰ ਹੁਣ ਤੇ ਕੋਈ ਸੁਹਾਗਣ ਈ ਨਹੀਂ ਕੌਣ ਤਾਰੇਗਾ ਇਹ ਜੋਤਾਂ। ਮਾਤਾ ਦਾ ਰੂਪ ਕਿੱਦਾਂ ਪ੍ਰਗਟ ਹੋਵੇਗਾ। ਪਿੱਪਲ ਦੀਆਂ ਜੜ੍ਹਾਂ ਵਿਚ ਬ੍ਰਹਮਾ ਦਾ ਵਾਸ ਏ। ਪੱਤਿਆਂ ਵਿਚ ਤੇ ਮੁੱਢ ਵਿਚ ਵਿਸ਼ਨੂੰ ਵਸਦਾ ਏ। ਇਹਦੇ ਹਰ ਪੱਤੇ ਤੇ ਦੇਵਤੇ ਬੈਠੇ ਹਨ ਇਸੇ ਲਈ ਪਿੱਪਲ ਦੀ ਪੂਜਾ ਮਹਾਨ ਏ।

ਲਉ ਮਹਾਰਾਜ ਕਾੜ-ਕਾੜ ਦੀ ਆਵਾਜ਼ ਸੁਣੋ। ਪਹਾੜ ਕੰਬ ਉਠਿਆ, ਬਿਜਲੀ ਕੜਕ ਰਹੀ ਸੀ ਰੱਬ ਗੁੱਸੇ ਹੋ ਗਿਆ ਏ। ਪਹਾੜੀ ਨਾਲਿਆਂ ਵਿਚ ਪਾਣੀ ਲਥਾਂ ਤੱਕ ਭਰ ਗਿਐ ਤੇ ਬਿਆਸਾ ਆਪ ਮੁਹਾਰੇ ਹੋ ਗਈ ਏ ਪਾਣੀ ਠਲ੍ਹਿਆ ਨਹੀਂ ਜਾਂਦਾ ਜਿੰਦਾਂ ਬ੍ਰਾਹਮਣ ਆਪਣੇ ਸਵਾਮੀ ਦੀ ਤਲਾਸ਼ ਵਿਚ ਨਿਕਲੇ।

ਬਰਖਾ ਰੁੱਤ ਵਿਚ ਬੰਦਾ ਨਦੌਣ 'ਚ ਫਸ ਜਾਏ ਤੇ ਨਿਕਲਣਾ ਮੁਸ਼ਕਲ ਏ ਪਹਾੜੀਏ ਠੀਕ ਆਖਦੇ ਹਨ, ' ਆਏ ਨਦੌਣ ਤੇ ਜਾਏ ਕੌਣ'' ।

ਭਾਵੇਂ ਬਰਖਾ ਨੇ ਬਰਖਾ ਦੇ ਮੌਸਮ ਵਿਚ ਰੰਗੀਨੀ ਭਰ ਦਿੱਤੀ। ਮਹਾਰਾਜ ਨੇ ਮਧੂਸ਼ਾਲਾ ਦੀ ਸਜਾਵਟ ਹੀ ਕਰਵਾ ਦਿੱਤੀ ਅੱਥਰੂਆਂ ਦੀ ਝੜੀ ਫੇਰ ਵੀ ਨਾ ਥੰਮੀ। ਸ਼ਰਾਬੀ ਮਹਾਰਾਜ ਬਾਰ-ਬਾਰ ਆਖ ਰਿਹਾ ਸੀ ਹਾਏ ਮੇਰੀ ਨੂੰਹ ਰਾਣੀ ਦੇ ਗੋਖੜੂ । ਭਾਵੇਂ ਖ਼ੁਸ਼ੀ ਦੇ ਸਾਰੇ ਸਾਧਨ ਸਨ ਪਰ ਧਰਵਾਸ ਮਹਾਰਾਜ ਨੂੰ ਕਵੀ ਵੀ ਨਾ ਦੇ ਸਕਿਆ। ਮਹਾਰਾਜ ਦੇ ਅੱਥਰੂ ਬਰਸਾਤ ਦੀਆਂ ਬੂੰਦਾਂ ਵਿਚ ਹੀ ਗਵਾਚ ਗਏ।

ਆਨੰਦਪੁਰ ਵਿਚ ਅਜੇ ਜਸ਼ਨ ਹੋ ਰਹੇ ਸਨ। ਵਧਾਈਆਂ ਦੇਣ ਵਾਲਿਆ ਦੀਆਂ ਕਤਾਰਾਂ ਅਜੇ ਮੁੱਕੀਆਂ ਨਹੀਂ ਸਨ। ਮਾਤਾ ਜੀਤੋ ਦੇ ਘਰ ਸਾਹਿਬਜ਼ਾਦਾ ਪ੍ਰਗਟ ਹੋਇਆ। ਗੁਰੂਦੇਵ ਨੇ ਉਹਦਾ ਨਾਂ ਜੁਝਾਰ ਸਿੰਘ ਰਖਿਆ।

ਭੀਮ ਚੰਦ ਦਾ ਰਾਜਾ ਬਿਲਾਸਪੁਰ ਵਾਲਾ ਰਾਜਾ ਰੱਬ ਨੂੰ ਪਿਆਰਾ ਹੋ ਗਿਆ। ਜ਼ਿੰਦਗੀ ਭਰ ਗਲਤੀ ਕੀਤੀ ਪਰ ਜਦ ਇਕ ਵਾਰ ਗੁਰੂ ਦੀ ਸ਼ਰਨ ਕਬੂਲ ਲਈ ਤੇ ਫੇਰ ਆਖ਼ਰੀ ਉਮਰ ਤੱਕ ਗੁਰਾਂ ਦੀ ਮਾਲਾ ਜਪਦਾ ਰਿਹਾ। ਇਕ ਦਿਨ ਸ਼ਰਾਬ ਦੀ ਮਹਿਫਲ 'ਚ ਬੈਠਾ ਹੋਇਆ ਸੀ ਦਿਆਲ ਚੰਦ ਆ ਗਿਆ। ਨਸ਼ੇ ਵਿਚ ਦਿਆਲ ਚੰਦ ਨੇ ਡੋਰੇ ਸੁੱਟਣੇ ਸ਼ੁਰੂ ਕੀਤੇ ਭੀਮ ਚੰਦ ਤੇ ਦੋਵੇਂ ਹੀ ਸ਼ਰਾਬੀ ਸਨ। ਆਖਣ ਲੱਗਾ, ਮੁਗ਼ਲਾਂ ਨਾਲ ਵੈਰ ਸਹੇੜਨਾ ਆਪਣੀ ਮੌਤ ਨੂੰ 'ਵਾਜ ਮਾਰਨ ਵਾਲੀ ਗੱਲ ਏ। ਭਾਵੇਂ ਗੁਰੂ ਨੇ ਜੰਗਾਂ ਜਿੱਤੀਆਂ ਹੀ ਹਨ ਪਰ ਇਹ ਸਦਾ ਬਹਾਰਾਂ ਨਹੀਂ ਰਹਿਣੀਆਂ। ਸ਼ਹਿਨਸ਼ਾਹ ਦਿੱਲੀ ਆਇਆ ਤੇ ਫੇਰ ਮੁਗ਼ਲਾਂ ਦੇ ਹੀ ਕੁੱਕੜ ਬੋਲਣੇ ਹਨ ਸਾਨੂੰ ਅੰਦਰ ਖਾਤੇ ਮੁਗ਼ਲਾਂ ਨਾਲ ਦਸਤ ਪੰਜਾ ਲੈ ਲੈਣਾ ਚਾਹੀਦੈ ਤੇ ਗੁਰੂਆਂ ਨਾਲ ਵੀ ਸਾਬ੍ਹ-ਸਲਾਮ ਰੱਖੋ ਤੇ ਖੰਡ ਚੌਲ ਮੁਗ਼ਲਾਂ ਨਾਲ ਵੀ ਖਾਓ।

—ਨਾ ਭਾਈ ਨਾ ਮੈਂ ਤੇ ਹੁਣ ਮੌਤ ਦੇ ਕੰਢੇ ਤੇ ਖੜ੍ਹਾ ਹਾਂ। ਨਦੀ ਕੰਢੇ ਰੁੱਖੜਾ ਅੱਜ ਡਿੱਗਾ ਜਾਂ ਕਲ੍ਹ। ਜ਼ਬਾਨ ਦੇ ਦਿੱਤੀ ਏ ਹੁਣ ਜ਼ਬਾਨ ਤੋਂ ਨਹੀਂ ਫਿਰਨਾ। ਤੁਹਾਡੀ ਜ਼ਬਾਨ ਤੇ ਚਮੜੇ ਦੀ ਏ ਜਦ ਮਰਜ਼ੀ ਜਿਧਰ ਮਰਜ਼ੀ ਮੋੜ ਲਈ ਕੱਚਾਂ ਜ਼ਬਾਨ ਨੇ ਹੀ ਤੇ ਪਹਾੜੀਆ ਦਾ ਗੋਡਾ ਭੰਨਿਆ ਹੋਇਐ। ਸ਼ਰਾਬ ਪੀਵੋ ਆਨੰਦ ਲਵੋ ਮੈਨੂੰ ਮੁੜ ਕੇ ਨਹੀਂ ਆਖਣਾ ਗੁਰਾਂ ਨੂੰ ਕੀ ਜਵਾਬ ਦੇਵਾਂ, ਤੂੰ ਵਾਸਤਾ ਪਾਈ ਜਾ ਭਰਾ ਦਾ। ਗੁਰੂ ਦੀ ਤੇ ਕੋਈ ਸ਼ਕਤੀ ਹਨ। ਮੈਂ ਚਾਰ ਦਿਨ ਜਿਊਣਾ ਏ ਕਿਉਂ ਲਾਅਨਤ ਤੇ ਕਲੰਕ ਨਾਲ ਮੱਥਾ ਕਾਲਾ ਕਰਾਂ।

—ਨਹੀਂ ਯਾਰ ਅਸਾਂ ਤੈਨੂੰ ਆਪਣੇ ਨਾਲ ਰੱਖਣਾ ਏ।

—ਮੈਨੂੰ ਸਾਹਮਣੇ ਖੂਹ ਨਜ਼ਰ ਆਉਂਦੈ। ਤੂੰ ਅੱਖਾਂ ਤੇ ਪੱਟੀ ਬੰਨ੍ਹੀ ਏ, ਛਾਲ ਮਾਰ ਦੇ ਮੈਂ ਖੜ੍ਹਾ ਹੋ ਕੇ ਵੇਖਾਂਗਾ ਕਿ ਦਿਆਲ ਚੰਦ ਡੁੱਬਾ ਏ ਕਿ ਨਹੀਂ।

—ਇੰਨੀ ਬੇਰੁਖ਼ੀ ਤੇਰੀ ਜ਼ਮੀਨ ਗੁਰੂ ਨੇ ਹੜੱਪ ਕਰ ਲਈ ਏ।

- ਮੈਂ ਮੁੱਲ ਵੇਚੀ ਏ ਕੋਈ ਕੱਚੀ ਕੌਡੀ ਦੇਣ ਨੂੰ ਤਿਆਰ ਨਹੀਂ ਸੀ। ਕੋਈ ਮੁਫ਼ਤ ਜ਼ਮੀਨ ਲੈਣ ਲਈ ਦਿਲ ਨਹੀਂ ਸੀ ਕਢਦਾ। ਮੈਂ ਤੇ ਸੋਨੇ ਦੇ ਭਅ ਵੇਚੀ ਏ ਇਕ ਚੰਗਾ ਹਵਾਂਢੀ ਬਣਾਇਆ ਏ।

ਸ਼ਰਾਬ ਪੀ ਰਹੇ ਹਾਂ ਐਸ ਵੇਲੇ ਨਸ਼ਾ ਏ ਨਸ਼ਾ ਉਤਰ ਗਿਆ ਫੇਰ ਕਾਹਦਾ ਮੁੱਲ ਏ। ਇਕ ਵਾਰ ਤੇ ਹਾਂ ਕਰ ਦੇ ਫੇਰ ਤੇਰੀ ਮਰਜ਼ੀ ਮੁਕਰ ਜਾਈਂ।

— ਤੇਰਾ ਯਰਾਨਾ ਇਕ ਪਾਸੇ। ਮੇਰੀ ਬੋਟੀ-ਬੋਟੀ ਕਰ ਦੇ ਮੈਂ ਗੁਰੂ ਤੋਂ ਨਾਬਰ ਨਹੀਂ ਹੋ ਸਕਦਾ। ਕਦੀ ਵੀ ਨਹੀਂ। ਸੂਰਜ ਆਪਣੀ ਮਰਿਆਦਾ ਬਦਲ ਸਕਦੈ ਮੈਂ ਆਪਣੀ ਜ਼ਬਾਨ ਨਹੀਂ ਬਦਲ ਸਕਦਾ।

ਖੂੰਜਾ ਬੜਾ ਚੰਡਾਲ ਹੁੰਦੈ । ਦਿਆਲ ਚੰਦ ਨੇ ਸ਼ਰਾਬ ਦਾ ਭਰਿਆ ਪਿਆਲਾ ਠਾਹ ਜ਼ਮੀਨ ਤੇ ਮਾਰਿਆ । ਲੈ ਅੱਜ ਤੋਂ ਦੋਸਤੀ ਟੁੱਟੀ, ਭੀਮ ਚੰਦ ਦੀ ਅਰਥੀ ਆਨੰਦਪੁਰ ਵਾਲੇ ਹੀ ਚੁੱਕਣਗੇ । ਉਨ੍ਹਾਂ ਤੋਂ ਬਗੈਰ ਤੇਰੇ ਘਰ ਸ਼ਰੀਕਾ ਨਹੀਂ ਆਉਣ ਲੱਗਾ ।

ਹੁਣ ਅਜਮੇਰ ਸਿੰਘ ਬਿਲਾਸਪੁਰ ਦਾ ਰਾਜਾ ਏ ਭੀਮ ਚੰਦ ਦਾ ਨਾਂ ਬਿਲਾਸਪੁਰ ਦੀ ਸਲੇਟ ਤੋਂ ਮਿਟਾ ਦਿੱਤਾ ਗਿਆ । ਤਾਜ਼ਾ ਲਹੂ, ਜੋਸ਼ ਖ਼ੂਨ ਵਿਚ ਅਨਾੜੀ ਮੁੰਡਪੁਣਾ ਨਾਤਜਰਬਾਕਾਰ ਹੁੜਮੱਤ ਓਸ ਜਾਲ ਸੁੱਟ ਕੇ ਵੇਖਿਆ ਅਜਮੇਰ ਸਿੰਘ ਤੇ ਪਰ ਓਸ ਵੀ ਪੈਰਾਂ ਤੇ ਪਾਣੀ ਨਾ ਪੈਣ ਦਿੱਤਾ । ਗੱਲ ਕਿਸੇ ਫ਼ੈਸਲੇ ਤੇ ਨਾ ਪੁੱਜੀ ।

—ਜਾਉ ਚਾਚਾ ਜੀ, ਅਜੇ ਤੇ ਮੇਰੇ ਪਿਤਾ ਦੀ ਚਿਤਾ ਦੇ ਕੋਲੇ ਠੰਡੇ ਨਹੀਂ ਹੋਏ । ਗੁਰੂ ਤੋਂ ਬਗੈਰ ਅਸੀਂ ਜੀਅ ਨਹੀਂ ਸਕਦੇ । ਮੁਗ਼ਲਾਂ ਨਾਲ ਟੱਕਰ ਸਿਰਫ਼ ਗੁਰੂ ਹੀ ਲੈ ਸਕਦੈ । ਪਹਾੜੀ ਰਾਜੇ ਅਜੇ ਮਿੱਟੀ ਦੇ ਮਾਧੋ ਹਨ । ਇਨ੍ਹਾਂ ਦੀਆਂ ਰਗਾਂ ਵਿਚ ਲਹੂ ਠੰਡਾ ਹੋ ਗਿਐ । ਆਲਸ ਇਨ੍ਹਾਂ ਦੀ ਬਹਾਦਰੀ ਨੂੰ ਛਿੱਕੇ ਤੇ ਟੰਗ ਦਿੱਤੈ । ਅੱਯਾਸ਼, ਸ਼ਰਾਬੀ, ਬੁਜ਼ਦਿਲ, ਨਿਕੰਮੇ ਜਿਨ੍ਹਾਂ ਦੀ ਜ਼ਬਾਨ ਦਾ ਕੋਈ ਮੁੱਲ ਨਹੀਂ । ਦਿਨੇ ਕੁਝ ਤੇ ਰਾਤੀਂ ਕੁਝ । ਪਹਾੜੀਆਂ ਦੀ ਸ਼ਹਿ ਤੇ ਮੁੱਛਾਂ ਮੁਨਵਾ ਲੈ ਲੈਣੀਆਂ ਮਹਾ ਮੂਰਖਤਾ ਏ । ਪਹਾੜੀਏ ਕਿਸੇ ਦੇ ਯਾਰ ਨਹੀਂ । ਗੁਰੂ ਪੱਖ ਤੇ ਪੂਰਦਾ ਏ, ਵਕਤ ਸਿਰ ਮਦਦ ਲਈ ਪੁੱਜਦਾ ਏ । ਗੁਰੂ ਸਿਰਫ਼ ਇਕ ਗੱਲ ਆਖਦੈ ਇਕ ਮੁੱਠ ਹੋ ਜਾਓ । ਪੰਗਤ ਵਿਚ ਬੈਠ ਜਾਉ । ਜਿਹਦਾ ਜੀਅ ਕਰੇ ਖਾਏ ਜਿਹਦਾ ਜੀਅ ਨਾ ਕਰੇ ਨਾ ਖਾਏ । ਮੂੰਹ ਵੇਖੇ ਤੇ ਸਾਰੀ ਖਾਂਦੀ ਸੰਗਤ ਦਾ । ਆਪੇ ਜੀਅ ਕਰ ਆਊ ਖਾਣ ਦਾ । ਹੌਲੀ-ਹੌਲੀ ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾ ਰੰਗ ਬਦਲਦਾ ਏ । ਸੋਚ ਬੜੀ ਦੂਰ ਦੀ ਏ । ਇਹਦੀ ਤਹਿ ਬਹੁਤ ਡੂੰਘੀ ਏ । ਕਦੀ ਤੇ ਸਮਝ ਆਏਗੀ । ਮੁਗ਼ਲਾਂ ਨੇ ਤੁਹਾਡੇ ਹੱਡ ਵੇਹ ਲੈਣੇ ਨੇ ।

ਦਿੱਲੀ ਤੋਂ ਮੀਆਂ ਖ਼ਾਂ ਦੇ ਨਾਲ ਤੋਰਿਆ ਦਿਲਾਵਰ ਖ਼ਾਂ ਦੋਵੇਂ ਸ਼ਾਹ ਸਵਾਰ ਸਨ ਤਲਵਾਰ ਦੇ ਧਨੀ ਹਨ । ਉਹ ਸਿਰਫ਼ ਜੰਗਾਂ ਜਿੱਤਣੀਆਂ ਹੀ ਜਾਣਦੇ ਹਨ, ਹਾਰਨਾ ਕਦੀ ਨਹੀਂ ਸੀ ਸਿੱਖੇ । ਸ਼ਾਇਦ ਹਾਰ ਉਨ੍ਹਾਂ ਦੀ ਰੇਖਾ ਵਿਚ ਲਿਖੀ ਹੋਈ ਨਹੀਂ ਸੀ । ਸ਼ਹਿਨਸ਼ਾਹ ਦਾ ਐਨਾ ਡਰ ਸੀ ਅੱਧੀ ਲੜਾਈ ਤੇ ਸ਼ਹਿਨਸ਼ਾਹ ਦੇ ਨਾਂ ਨ ਲ ਜਿੱਤੀ ਜਾਂਦੀ ਤੇ ਬਾਕੀ ਫ਼ੌਜਾਂ ਦਾ ਮੂੰਹ ਵੇਖ ਕੇ ਦੁਸ਼ਮਣ ਹਾਰ ਮੰਨ ਜਾਂਦਾ ਜਾਂ ਰਾਤੀਂ ਚੋਰਾਂ ਵਾਂਗੂੰ ਪੱਤਰਾ ਵਾਚ ਜਾਂਦਾ ।

ਮੁਗ਼ਲ ਹਕੂਮਤ ਦਾ ਸੂਰਜ ਢਲ ਰਿਹਾ ਸੀ । ਔਰੰਗਜ਼ੇਬ ਨੇ ਸਾਰੇ ਨਾਮੀ ਗਰਾਮੀ ਜਰਨੈਲ ਦੱਖਣ ਦੀ ਜੰਗ ਦੇ ਦਾਅ ਤੇ ਲਾ ਦਿੱਤੇ ਸਨ ਤੇ ਉਹਨਾਂ ਨੂੰ ਜੰਗ ਹੀ ਖਾ ਗਈ । ਕੁਝ ਖਾ ਗਈ ਸ਼ਹਿਨਸ਼ਾਹ ਦੀ ਹੱਠ ਧਰਮੀ । ਕੁਝ ਗੋਲਕੁੰਡੇ ਵਾਲਿਆਂ ਨੇ ਹਕੂਮਤ ਦਾ ਅੱਧਾ ਲੱਕ ਤੋੜ ਦਿੱਤਾ ਤੇ ਕੁਝ ਬਚਿਆ ਬੀਜਾਪੁਰ ਨੇ ਤਰੇੜ ਪਾ ਦਿੱਤੀ । ਰਹਿੰਦ-ਖੂੰਹਦ ਮਰਹੱਟੇ ਲੁੱਟ ਕੇ ਲੈ ਗਏ । ਨਾ ਜੰਗ ਮੁੱਕੇ ਤੇ ਨਾ ਸ਼ਹਿਨਸ਼ਾਹ ਦਿੱਲੀ ਪਰਤੇ । ਦੱਖਣ ਦੀ ਡੈਣ ਸ਼ਹਿਨਸ਼ਾਹ ਨੂੰ ਖਾ ਗਈ ਜਾਂ ਬਦਦੁਆਵਾਂ ਉਨ੍ਹਾਂ ਗਰੀਬ ਜਨਤਾ ਦੀਆਂ ਜਿਨ੍ਹਾਂ ਦੇ ਘਰ ਫੂਕੇ ਗਏ ਜਿਨ੍ਹਾਂ ਦੇ ਬੇ ਦੋਸੇ ਗਭਰੂ ਪੁੱਤ ਸਰੇ ਬਾਜ਼ਾਰ ਕਤਲ ਕੀਤੇ ਗਏ । ਕਿਸੇ ਦੇ ਘਰ ਅੱਗ ਲੱਗੇ ਤੇ ਆਖਦੇ ਹਨ ਕਿ ਬਸੰਤਰ ਜਲ ਰਿਹੈ । ਆਪਣੇ ਘਰ ਲੱਗੇ ਤੇ ਅੱਗ । ਦਿੱਲੀ ਵਿਚ ਕੋਈ ਹਕੂਮਤ ਨਹੀਂ ਸੀ । ਜਿਹਦੀ ਲਾਠੀ ਉਹਦੀ ਭੈਂਸ । ਮਨਮਾਨੀ ਸ਼ਹਿਜ਼ਾਦੇ ਸਿਰਫ਼ ਏਸ ਇੰਤਜ਼ਾਰ ਵਿਚ ਸਨ ਕਿ ਕਦ ਅੱਬਾ ਮਰੇ ਤੇ ਕਦ ਸਾਨੂੰ ਤਖ਼ਤ ਦੇ ਦਰਸ਼ਨ ਹੋਣ । ਔਰੰਗਜ਼ੇਬ ਨੂੰ ਲੈ ਕੇ ਮਰ ਗਈ ਉਹਦੀ ਹੈਂਕੜ ।

ਪੰਜਾਬ ਦਾ ਖ਼ਸਮ-ਗੁਸਾਈਂ ਕੋਈ ਨਹੀਂ ਸੀ। ਅਲਫ਼ ਖ਼ਾਂ ਦੀ ਹਾਰ ਲਾਹੌਰ ਦੇ ਮੱਥੇ ਤੇ ਕਲੰਕ ਸੀ। ਦਿੱਲੀ ਤੋਂ ਤੁਰੇ ਦੋ ਜਰਨੈਲ ਮੀਆਂ ਖ਼ਾਂ ਤੇ ਦਿਲਾਵਰ ਖ਼ਾਂ। ਮੀਆਂ ਖ਼ਾਂ ਤੇ ਜੰਮੂ ਜਾ ਬੈਠਾ ਤੇ ਉਥੇ ਪਹਾੜਨਾਂ ਦੇ ਇਸ਼ਕ ਵਿਚ ਗ਼ੁਲਤਾਨ ਹੋ ਗਿਆ। ਕਸ਼ਮੀਰਨਾਂ ਸੇਅ ਵਰਗੀਆਂ ਚਿੱਟਾ ਗੋਰਾ ਰੰਗ ਓਸ ਆਪਣੇ ਚੇਲੇ ਅਲਫ਼ ਖ਼ਾਂ ਨੂੰ ਭੇਜ ਦਿੱਤਾ। ਬੇਟਾ ਜੇ ਸੂਬੇਦਾਰੀ ਲੈਣੀ ਏ ਤੇ ਫੇਰ ਕਰ ਵਸੂਲ ਪਹਾੜੀ ਰਾਜਿਆਂ ਕੋਲੋਂ। ਤੇਰੀ ਸੂਬੇਦਾਰੀ ਪੱਕੀ।

ਚੜ੍ਹ ਜਾ ਬੇਟਾ ਸੂਲੀ ਰਾਮ ਭਲੀ ਕਰੂ, ਅਲਫ਼ ਖ਼ਾਂ ਨੇ ਨਦੌਣ ਚੰਗੀ ਮਾਰ ਖਾਧੀ ਬੰਦਾ ਢੀਠ ਸੀ ਬੇਸ਼ਰਮ ਅਜੇ ਵੀ ਨਹੀਂ ਸੀ ਮੁੜਦਾ।

ਦਿਲਾਵਰ ਖ਼ਾਂ ਦਾ ਯਾਰ ਸੀ ਅਲਫ਼ ਖ਼ਾਂ ਤੇ ਉਹਦੀ ਯਾਰੀ ਦਿਲਾਵਰ ਖ਼ਾਂ ਨੂੰ ਖਾ ਗਈ।

—ਪਹਾੜੀ ਰਾਜੇ ਇੰਨੇ ਤਾਕਤਵਰ ਨਹੀਂ ਕਿ ਅਲਫ਼ ਖ਼ਾਂ ਜੁੱਤੀ ਛੱਡ ਕੇ ਨੱਸ ਆਊ। ਲਾਅਨਤ ਏ।

—ਪਹਾੜੀ ਰਾਜੇ ਕੁਝ ਨਹੀਂ ਉਹ ਤੇ ਇਕ ਮੁੱਕੀ ਦੀ ਮਾਰ ਨਹੀਂ ਪਰ ਜਿਹੜਾ ਆਨੰਦਪੁਰ 'ਚ ਬੈਠੈ ਸਿੱਖਾਂ ਦਾ ਗੁਰੂ। ਡਰ ਤੇ ਉਸੇ ਕੋਲੋਂ ਆਉਂਦੈ।

—ਹਊਆ ਏ, ਦੇਅ ਏ, ਬੰਦਾ ਏ ਨਾ ਘੇਰ ਕੇ ਮਾਰ ਸੁੱਟੋ, ਦਿਲਾਵਰ ਖ਼ਾਂ ਆਖਣ ਲੱਗਾ।

—ਖ਼ਾਂ ਸਾਹਬ ਅਜੇ ਦਰਸ਼ਨ ਨਹੀਂ ਕੀਤੇ। ਅਲਫ਼ ਖ਼ਾਂ ਨੇ ਸਾਹਮਣਾ ਕਰ ਕੇ ਵੇਖ ਲਿਆ ਏ।

—ਖ਼ਾਨਜ਼ਾਦੇ ਚੜ੍ਹ ਕੇ ਵੇਖ ਲੈਣ ਆਨੰਦਪੁਰ ਬਾਚੀਆਂ ਭਨਾ ਕੇ ਨਾ ਆਏ ਤੇ ਆਖਣਾ।

ਮੁਗ਼ਲ ਹਕੂਮਤ ਤੇ ਖ਼ਾਨਜ਼ਾਦੇ ਰਾਜ ਕਰਦੇ ਆਏ ਹਨ। ਛੱਤਰਸਾਲ ਨੂੰ ਅਸਾਂ ਜਿੱਤਿਆ। ਸੇਵਾ ਜੀ ਦੀ ਆਕੜ ਅਸਾਂ ਭੰਨੀ। ਅਹਿਮਦ ਨਗਰ, ਬੀਜਾਪੁਰ, ਹੈਦਰਾਬਾਦ ਦੀ ਮਿੱਟੀ ਤੋਂ ਪੁੱਛ ਲਵੋ ਉਹ ਸਾਡਾ ਨਾਂ ਦਸੇਗੀ।

—ਦਿਲਾਵਰ ਖ਼ਾਂ ਛਾਤੀ ਫੁਲਾ-ਫੁਲਾ ਕੇ ਆਖ ਰਿਹਾ ਸੀ, ਅਲਫ਼ ਖ਼ਾਂ ਮੈਂ ਤੇਰੇ ਮੁੱਖੜੇ ਤੇ ਫ਼ਤਿਹ ਦਾ ਸਿਹਰਾ ਵੇਖਣਾ ਚਾਹੁੰਦਾ ਹਾਂ।

—ਖ਼ਾਂ ਸਾਹਬ ਹੁਣੇ ਬੰਨ੍ਹ ਦਿਉ ਉਹ ਵਕਤ ਕਦੇ ਆਉਣਾ ਏ ਕਿ ਨਹੀਂ।

—ਰੁਸਤਮ ਖ਼ਾਂ ਮੇਰੇ ਬੇਟੇ ਤੂੰ ਪਠਾਨ ਦਾ ਪੁੱਤ ਏਂ। ਤੁਹਾਡਾ ਜੱਦੀ ਕਸਬ ਏ ਸਪਾਹਗੀਰੀ। ਚਾਚਾ ਤੇ ਡੁੱਬਣ ਲਈ ਖੂਹ ਲੱਭਦਾ ਫਿਰਦਾ ਏ। ਹਾਰ ਉਹਦੇ ਮਸਤਕ ਤੇ ਪੱਕੀ ਲਿਖੀ ਗਈ ਏ। ਯਾਰੋ ਮੁੱਠ ਪਹਾੜੀਆਂ ਦੀ ਨੇ ਖ਼ਾਨਜ਼ਾਦੇ ਦੀ ਇੱਜ਼ਤ ਰੋਲ ਦਿੱਤੀ।

—ਰੁਸਤਮ ਖ਼ਾਂ ਨੇ ਪੱਟਾਂ ਤੇ ਹੱਥ ਮਾਰਿਆ। ਮੈਂ ਜਾਂਦਾ ਹਾਂ ਅੱਬਾ ਜਾਨ। ਚਾਚਾ ਤੇ ਮੈਂ ਫ਼ਤਿਹ ਕਰਕੇ ਆਵਾਂਗੇ।

—ਸ਼ਾਬਾਸ਼! ਤੂੰ ਪਠਾਣੀ ਦੇ ਦੁੱਧ ਦੀ ਲਾਜ ਰੱਖ ਲਈ ਏ। ਬੜ੍ਹਕ ਨਹੀਂ ਛੱਡੀ।

ਆਨੰਦਪੁਰ ਤੇ ਚੜ੍ਹਾਈ, ਬੇ-ਖ਼ਬਰ ਲੋਕਾਂ ਤੇ ਜ਼ੁਲਮ। ਚਾਚਾ ਮੈਂ ਇਕੱਲਾ ਜਾਵਾਂਗਾ ਤੇਰਾ ਬਦਲਾ ਚੁਕਾਵਾਂਗਾ।

—ਬੇਟੇ ਗੁਰੂ ਦੀ ਤੇਥੋਂ ਝਾਲ ਨਹੀਂ ਝੱਲੀ ਜਾਣੀ। ਉਹ ਕੋਈ ਫ਼ਰਿਸ਼ਤਾ ਏ। ਅਜ਼ਰਾਈਲ ਏ। ਉਹਦੀਆਂ ਅੱਖਾਂ 'ਚੋਂ ਅੰਗਾਰੇ ਨਿਕਲਦੇ ਹਨ।

ਦਰਿਆ ਟੱਪ ਕੇ ਜਾ ਡੇਰੇ ਲਾਏ। ਰਾਤ ਅੱਧੀ ਲੰਘ ਚੁੱਕੀ ਸੀ। ਭਾਈ ਆਲਮ ਜਾਪਦਾ ਸੀ। ਓਸ ਜਾ ਖ਼ਬਰ ਕੀਤੀ ਨਗਾਰਾ ਵੱਜਿਆ ਮਸ਼ਾਲਾਂ ਈ ਮਸ਼ਾਲਾਂ ਚਾਰ-ਚੁਫੇਰੇ ਘੋੜੇ ਸਿਪਾਹੀ ਪਤਾ ਨਹੀਂ ਕਿਥੋਂ ਆ ਗਏ।

ਗੋਲੀਆਂ ਚਲੀਆਂ, ਤੀਰਾਂ ਦੀ ਬਰਸਾਤ ਹੋਈ, ਜੈਕਾਰੇ ਤੇ ਜੈਕਾਰਾ ਰੁਸਤਮ ਖ਼ਾਂ ਨੂੰ ਤਦ ਅੱਲਾ ਯਾਦ ਆਇਆ।

ਮਾਂ ਨੇ ਤਾਂ ਅਮਾਮ ਜ਼ਾਮਨ ਬੰਨ੍ਹ ਕੇ ਟੋਰਿਆ ਸੀ, ਰੁਸਤਮ ਖ਼ਾਂ ਨੂੰ ਅੱਬਾ ਜਾਨ ਨੇ ਥਾਪੀ ਦਿੱਤੀ ਸੀ ਬਾਪੂ ਤੇ ਤਲਵਾਰ ਦੇ ਸਕਦਾ ਸੀ ਫ਼ੌਜ ਤੋਰ ਸਕਦਾ ਸੀ ਪਰ ਮੈਦਾਨ ਤੇ ਬਾਪੂ ਦੇ ਹੱਥ ਵਿਚ ਨਹੀਂ ਸੀ।

ਰੁਸਤਮ ਖ਼ਾਂ ਨੇ ਫ਼ੌਜ ਦੇ ਅਜੇ ਦਰਸ਼ਨ ਵੀ ਨਹੀਂ ਸਨ ਕੀਰੇ ਸਿੰਘ ਸੂਰਮਿਆਂ ਦੇ ਚਿਹਰੇ ਨਹੀਂ ਸਨ ਵੇਖੇ ਨੱਠ ਉਠਿਆ ਡੇਰਾ ਛੱਡ ਕੇ ਪਤਾ ਨਹੀਂ ਕੀ ਕ੍ਰਿਸ਼ਮਾ ਵੇਖਿਆ ਸੂ।

ਹਾਂ! ਇਕ ਬਹਾਦਰੀ ਜ਼ਰੂਰ ਕੀਤੀ। ਸੁੱਤੇ ਪਏ ਪਿੰਡ ਭਰਵਾ ਤੇ ਪਲਾਨ ਉਜਾੜ ਸੁੱਟੇ।

ਪਿੰਡ ਨੂੰ ਅੱਗ ਲਾ ਦਿੱਤੀ! ਇਕ ਬੁੱਢੀ ਨੇ ਵੇਖਿਆ ਰੁਸਤਮ ਖ਼ਾਂ।

ਆਖਣ ਲੱਗੀ, ਪੁੱਤ ਜੇ ਕੁਝ ਓਣ ਯੋਗਾ ਨਹੀਂ ਤੇ ਫੇਰ ਬੁੱਢਿਆਂ ਨੂੰ ਉਜਾੜਿਆ ਕਿਉਂ ਈ।

ਰੁਸਤਮ ਖ਼ਾਂ ਦਾ ਘੋੜਾ ਥੰਮਿਆ। ਉਥੇ ਤੇ ਲੜਿਆ ਨਹੀਂ ਮੌਤ ਤੋਂ ਡਰ ਆਉਂਦਾ ਸੀ। ਕੀ ਗ਼ਰੀਬਾਂ ਤੇ ਗ਼ੁੱਸਾ ਕੱਢਣਾ ਸੀ ਜਾ ਡੁੱਬ ਮਰ। ਤੈਨੂੰ ਕਿਸੇ ਪਠਾਣੀ ਨੇ ਦੁੱਧ ਨਹੀਂ ਪਿਆਇਆ।

ਜ਼ਬਾਨ ਬੰਦ ਕਰ ਦਿੱਤੀ ਬੁੱਢੀ ਨੇ, ਤੁਹਾਡੀ ਬੋਲੀ ਵਿਚੋਂ ਬਗ਼ਾਵਤ ਦੀ ਬੋਅ ਆਉਂਦੀ ਏ।

ਬੁੱਢੀ ਨੂੰ ਗ਼ੁੱਸਾ ਆਇਆ। ਓਸ ਪੈਰਾਂ ਤੋਂ ਛਾਲ ਮਾਰੀ ਤੇ ਉਹਦੇ ਘੋੜੇ ਦੀ ਪਿੱਠ ਤੇ ਜਾ ਬੈਠੀ। ਇਕੋ ਹੀ ਹੂਰਾ ਮਾਰਿਆ ਤੇ ਰੁਸਤਮ ਖ਼ਾਂ ਦੀ ਹੋਸ਼ ਭੁੱਲ ਗਈ।

ਆਨੰਦਪੁਰ ਲੈ ਗਈ ਜਾ ਹਜ਼ੂਰ ਦੇ ਪੇਸ਼ ਕੀਤਾ।

ਬੇਟਾ, ਦਰਸ਼ਨ ਕਰਕੇ ਜਾਈਦੈ, ਕਰਮਾਂ ਨਾਲ ਦਰਸ਼ਨ ਮਿਲਦੇ ਹਨ।

ਰੁਸਤਮ ਖ਼ਾਂ ਦਿਲਾਵਰ ਖ਼ਾਂ ਦਾ ਪੁੱਤ ਬਿਨਾ ਮਿਲਿਆਂ ਈ ਚਲ ਪਿਔਂ। ਕੀ ਦਸੇਂਗਾ ਪਿਉ ਨੂੰ ਦੱਸ ਤੇਰੀ ਕੀ ਖ਼ਿਦਮਤ ਕੀਤੀ ਜਾਏ। ਤੂੰ ਆਨੰਦਪੁਰ ਆਇਆ ਏਂ।

ਕੜਾਹ ਪ੍ਰਸਾਦ ਦਿਉ ਗਭਰੂ ਜਵਾਨ ਨੂੰ ਰੱਜ ਕੇ ਖਾ ਲੈ ਬੇਟਾ ਆਪਣੇ ਅੱਬਾ ਜਾਨ ਨੂੰ ਆਖੀਂ ਕਿ ਫ਼ਕੀਰਾਂ ਨਾਲ ਨਹੀਂ ਲੜੀਦਾ। ਤਾਕਤ ਅਜ਼ਮਾਨੀ ਹੋਵੇ ਤੇ ਫੇਰ ਜੁੱਟ ਭਾਲੀਦੈ। ਮਾਂ ਤੇਰੀ ਵੀ ਧੰਨ ਏ ਤੇ ਗੁਰੂ ਵੀ ਧੰਨ ਏ। ਜ਼ਰਾ ਕੁ ਅੱਲਾ ਨੂੰ ਯਾਦ ਰੱਖੀਦੈ।

ਓਸ ਸਾਹ ਲਾਹੌਰ ਆਣ ਕੇ ਲਿਆ। ਰਾਹ ਵਿਚ ਕਿਤੇ ਘੁੱਟ ਪਾਣੀ ਵੀ ਨਾ ਪੀਤਾ।

*

ਹੁਸੈਨੀ ਯੁੱਧ ੧੪੪

ਪੁੱਤ ਨੇ ਜਾ ਕੇ ਪਿਉ ਦੇ ਗੱਲ ਕੰਨੀਂ ਪਾਈ। ਬੜਾ ਤੜਫਿਆ ਦਿਲਾਵਰ ਖ਼ਾਂ ਆਖਣ ਲੱਗਾ, ਅਲਫ਼ ਖ਼ਾਂ ਯਾਰ ਤੂੰ ਤੇ ਗਿੱਲ ਈ ਗ਼ਾਲ ਦਿੱਤੀ ਏ। ਮੁੱਠ ਚੂਹਿਆਂ ਦੀ ਨੂੰ ਤੂੰ ਪਿੰਜਰੇ 'ਚ ਨਹੀਂ

ਪਾ ਸਕਿਆ। ਤੇਰੀ ਬਹਾਦਰੀ ਕਿਧਰ ਗਈ। ਸਾਨੂੰ ਵੇਖਣੀ 'ਚ ਨੱਕ ਡੋਬ ਕੇ ਮਰ ਜਾਣਾ ਚਾਹੀਦੈ"।

—ਅਲਫ਼ ਖ਼ਾਂ ਨੇ ਅਰਜ਼ ਕੀਤੀ, ਹਾਂ ਸਾਹਬ ਗੱਲ ਤੇ ਜ਼ਰੂਰ ਸ਼ਰਮ ਦੀ ਏ। ਖ਼ਾਨਜ਼ਾਦਿਆਂ ਨੇ ਕਦੀ ਸ਼ਿਕਸਤ ਦਾ ਮੂੰਹ ਨਹੀਂ ਵੇਖਿਆ ਪਰ ਦੋ ਵਾਰ ਸਾਹਮਣਾ ਹੋਇਆ। ਮੇਰੀ ਕਮਾਨ ਜਵਾਬ ਦੇ ਗਈ। ਸ਼ਕਤੀ ਜਾਂਦੀ ਰਹੀ, ਤਲਵਾਰ ਹੱਥ ਵਿਚੋਂ ਛੁੱਟਦੀ ਜਾਵੇ। ਪਹਾੜੀ ਰਾਜਿਆਂ ਦੀ ਮੈਂ ਰੱਤੀ ਭਰ ਪਰਵਾਹ ਨਹੀਂ ਸੀ ਕਰਦਾ ਪਰ ਜਦੋਂ ਗੁਰੂ ਦੇ ਦੀਦਾਰ ਕੀਤੇ ਤਾਂ ਅੱਲਾ ਕਸਮ ਮੈਨੂੰ ਕੋਈ ਫ਼ਰਿਸ਼ਤਾ ਜਾਪਿਆ। ਫ਼ਕੀਰੀ ਸਿਖਰ ਤੇ ਪੁੱਜੀ ਹੋਈ ਸੀ। ਅਮੀਰੀ ਉਹਦਾ ਕੋਈ ਮੁਕਾਬਲਾ ਈ ਨਹੀਂ, ਜਲਾਲ ਕੋਹਿਨੂਰ ਵਰਗਾ, ਹਿੰਮਤ ਹਜ਼ਰਤ ਅਲੀ ਵਰਗੀ। ਜੁਰੱਤ ਤੇ ਦਲੇਰੀ ਅੱਗੇ ਸਿਰ ਝੁਕਾਉਣਾ ਪੈਂਦਾ। ਜੇ ਨਿਮਰਤਾ ਵੇਖੀ ਹਜ਼ਰਤ ਮੀਆਂ ਮੀਰ ਜਿਹੀ ਹੁਣ ਤੁਸੀਂ ਦੱਸੋ ਕਿ ਮੈਂ ਕੀ ਕਰਾਂ ਮੇਰਾ ਸੱਜਦਾ ਕਰਨ ਨੂੰ ਜੀਅ ਕਰਦੈ।

—ਬੁਜ਼ਦਿਲ, ਨਾਲਾਇਕ, ਜੰਗ ਵਿਚ ਰਿਸ਼ਤੇਦਾਰੀ, ਜੰਗ ਵਿਚ ਅਕੀਦਾ, ਜੰਗ ਵਿਚ ਸ਼ਰਧਾ, ਜੰਗ ਇਨ੍ਹਾਂ ਸਾਰੀਆਂ ਗੱਲਾਂ ਤੋਂ ਬੇ-ਨਿਆਜ਼ ਏ। ਤਲਵਾਰ ਹੱਥ 'ਚ ਫੜੀ ਹੋਵੇ ਤੇ ਸਾਹਮਣੇ ਭਰਾ ਮਾਂ-ਪਿਉ ਜਾਇਆ ਆ ਜਾਵੇ ਗਾਟਾ ਵੱਢ ਕੇ ਫੇਰ ਨਾ ਪੁੱਛੋ। ਜੇ ਗੁਰੂ ਕੈਦ ਨਾ ਹੋਇਆ, ਜੇ ਆਨੰਦਪੁਰ ਬਰਬਾਦ ਨਾ ਕੀਤਾ ਗਿਆ ਤੇ ਗੁਰੂ ਦੀ ਹਕੂਮਤ ਇਕ ਸਿਰ ਦਰਦ ਬਣ ਜਾਏਗੀ। ਦੱਖਣ ਨੂੰ ਜਿੱਤਣ ਵਾਸਤੇ ਸ਼ਹਿਨਸ਼ਾਹ ਨੇ ਸਾਰੀ ਉਮਰ ਲਾ ਦਿੱਤੀ। ਮਰਹੱਟੇ ਅਜੇ ਵੀ ਸਿਰ ਕੱਢੀ ਫਿਰਦੇ ਹਨ। ਇਹ ਗੁਰੂ ਇਕ ਦਿਨ ਪਹਾੜ ਬਣ ਜਾਏਗਾ। ਇਹਦੇ ਮਗਰ ਸਾਰਾ ਪੰਜਾਬ ਏ। ਇਹਦੀ ਸਿੱਖੀ ਸੇਵਕੀ ਘਰ-ਘਰ ਏ। ਇਹਦੇ ਮੁਰੀਦ ਮੁਸਲਮਾਨ ਵੀ ਹਨ ਤੇ ਹਿੰਦੂ ਵੀ, ਇਹ ਸਾਰੇ ਪੰਜਾਬ ਦਾ ਗੁਰੂ ਏ। ਮੈਂ ਜਾਣਦਾ ਹਾਂ ਕਿ ਇਹਦੇ ਕੋਲ ਕਰਾਮਾਤ ਵੀ ਹੋਵੇਗੀ। ਬਖ਼ਸ਼ਿਸ਼ ਹੋਏਗੀ ਗੁਰੂਆਂ ਦੀ ਪਰ ਜਿਹੜਾ ਫ਼ਕੀਰ ਏ ਮਾਲਾ ਤੇ ਈਮਾਨ ਰੱਖਦੈ। ਉਹ ਤਲਵਾਰ ਦਾ ਧਨੀ ਨਹੀਂ ਹੋ ਸਕਦਾ। ਅਲਫ਼ ਖ਼ਾਂ ਅਕੀਦਤ ਵਿਚ ਆ ਗਿਆ ਸੀ।

—ਖ਼ਾਨਜ਼ਾਦੇ ਤੇਰਾ ਪੁੱਤ ਵੀ ਦੀਦਾਰ ਕਰ ਆਇਆ ਏ। ਹੁਣ ਆ ਕੇ ਕੀ ਦੱਸਿਐ। ਉਹਦੀ ਦਲੇਰੀ ਵੇਖੀ ਸੀ ਗੁਰੂ ਫੜਿਆ ਜਾਏਗਾ ਉਹਨੂੰ ਪਿਆਰ ਦੇ ਕੇ ਛੱਡ ਦੇਣਾ ਮੁਹੱਬਤ ਦਾ ਉਹ ਇਕ ਸਮੁੰਦਰ ਏ। ਉਸ ਆਖਿਆ ਸੀ ਤੇਰੇ ਪੁੱਤ ਨੂੰ ਇਹ ਗੱਲ ਪੱਲੇ ਬੰਨ੍ਹ ਜਾਏ ਤੇ ਆਪਣੇ ਅੱਬਾ ਜਾਨ ਨੂੰ ਆਖੀਂ, ਫ਼ਕੀਰਾਂ ਨਾਲ ਜੰਗ ਨਹੀਂ ਲੜੀਦੀ। ਰੁਸਤਮ ਖ਼ਾਂ ਘੱਟ ਬਹਾਦਰ ਏ ਪਰ ਉਹਦੇ ਵੀ ਪੈਰ ਥਿੜਕ ਗਏ। ਉਹਦੇ ਜਜ਼ਬੇ ਵਿਚ ਜੁਰੱਤ ਨਾ ਰਹੀ ਉਸ ਵੀ ਸਿਰ ਝੁਕਾ ਦਿੱਤਾ। ਉਹ ਕੋਈ ਖ਼ੁਦਾਈ ਨੂਰ ਏ। ਐਂਵੇਂ ਫੱਸ ਗਏ ਹਾਂ ਜੱਲ੍ਹਣ ਵਿੱਚ, ਅਲਫ਼ ਖ਼ਾਂ ਅਰਜ਼ ਗੁਜ਼ਾਰ ਰਿਹਾ ਸੀ।

—ਮੇਰੀ ਅਕਲ ਨਹੀਂ ਮੰਨਦੀ ਇਹ ਮਾਲਾ ਤੇ ਤਲਵਾਰ ਦਾ ਮਿਲਾਪ ਕਦੀ ਨਾ ਸੁਣਿਆ ਏ ਤੇ ਨਾ ਵੇਖਿਆ ਏ। ਜਿਹੜਾ ਤਲਵਾਰ ਦਾ ਧਨੀ ਏ ਮਾਲਾ ਉਹਦੇ ਹੱਥਾਂ ਵਿਚ ਨਹੀਂ ਬੁੜ੍ਹਕਦੀ। ਮਾਲਾ ਦੇ ਮਣਕੇ ਥਿੜਕਣ ਲੱਗ ਪੈਂਦੇ ਹਨ ਤੇ ਆਖ਼ਰ ਮਾਲਾ ਹੱਥੋਂ ਡਿੱਗ ਪਏਗੀ।

—ਹਜ਼ੂਰ ਮੈਂ ਵੀ ਜ਼ਮਾਨਾ ਖਾਧੈ ਪਰ ਮੈਂ ਤਲਵਾਰ ਦੀ ਕਾਟ ਵੀ ਵੇਖੀ ਏ ਤੇ ਉਹਦਾ ਜਲਾਲ ਵੀ ਵੇਖਿਐ। ਮਾਲਾ ਦੀ ਇਬਾਦਤ ਵੀ ਵੇਖੀ ਹਜ਼ੂਰ ਗੁਰੂ ਦੋਵਾਂ ਦਾ ਸੰਗਮ ਏ। ਕੋਈ ਗੈਬੀ ਸ਼ਕਤੀ ਏ।

—ਤੇ ਫੇਰ ਅਸੀਂ ਪਹਾੜੀਆਂ ਤੋਂ ਲਗਾਨ ਛੱਡ ਦੇਈਏ ਤੇ ਸ਼ਹਿਨਸ਼ਾਹ ਨੂੰ ਕੋਰਾ ਜਵਾਬ ਲਿੱਖ ਕੇ ਭੇਜ ਦਈਏ ਕਿ ਸਾਥੋਂ ਕਰ ਵਸੂਲ ਨਹੀਂ ਹੁੰਦਾ।ਦਿਲਾਵਰ ਖ਼ਾਂ ਜ਼ਰਾ ਕੁ ਤੁਰਸ਼ ਜ਼ਬਾਨ 'ਚ ਬੋਲਿਆ।

– ਕਰ ਤੇ ਵਸੂਲ ਹੋ ਜਾਊ ਪਰ ਫ਼ਤਹਿ ਸਾਡੀ ਕਿਸਮਤ ਵਿਚ ਨਹੀਂ। ਅਸੀਂ ਗੁਰੂ ਨੂੰ ਛੇੜੀਏ ਹੀ ਨਾ, ਪਹਾੜੀ ਰਾਜਿਆਂ ਨੂੰ ਪਾੜ-ਪਾੜ ਕੇ ਵੱਖਰੇ-ਵੱਖਰੇ ਕਰ ਦਈਏ ਤੇ ਇਕ-ਇਕ ਦੀ ਜਾਨ ਕੁੜਿੱਕੀ 'ਚ ਫਸਾ ਕੇ ਬਕਾਇਆ ਵੀ ਵਸੂਲ ਕੀਤਾ ਜਾਵੇ ਤੇ ਅੱਗੋਂ ਕਰ ਵੀ ਲੈ ਕੇ ਉਨ੍ਹਾਂ ਦੀ ਜਾਨ ਛੱਡੀਏ। ਬੋਲ ਅਲਫ਼ ਖਾਂ ਦੇ ਸਨ।

—ਹਾਂ ਇਹ ਗੱਲ ਮੇਰੀ ਸਮਝ ਵਿਚ ਆਈ ਏ ਕਿ ਪਾੜੋ ਤੇ ਰਾਜ ਕਰੋ। ਪਹਾੜੀ ਰਾਜੇ ਇਕ ਜਗ੍ਹਾ ਇਕੱਠੇ ਹੀ ਨਾ ਹੋਣ. ਵੱਖਰੇ-ਵੱਖਰੇ ਨੂੰ ਸੱਦਿਆ ਜਾਏ ਤੇ ਵੱਖਰੇ-ਵੱਖਰੇ ਤੇ ਤਾਕਤ ਅਜ਼ਮਾਈ ਜਾਏ। ਕਰ ਵੀ ਵਸੂਲ ਹੋ ਜਾਊ ਤੇ ਹਕੂਮਤ ਦੀ ਸ਼ਾਨ ਵੀ ਬਣੀ ਰਹੇਗੀ। ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁੱਟੇ।

—ਇਹ ਗੱਲ ਕਾਰਗਰ ਹੋ ਸਕਦੀ ਏ ਸਾਰੇ ਪਹਾੜ ਨੂੰ ਬਿਲਕੁਲ ਨਾ ਛੇੜਿਆ ਜਾਏ। ਵੱਡੇ ਦੇ ਗੱਲ ਪੈਣ ਦੀ ਲੋੜ ਨਹੀਂ ਕਿਸੇ ਖੱਬੀ ਖ਼ਾਂ ਵੱਲ ਉਂਗਲ ਵੀ ਨਾ ਕੀਤੀ ਜਾਏ। ਇਕ ਵੱਡਾ ਰਾਜਾ ਫੜ ਲਵੋ ਤੇ ਉਸੇ ਨੂੰ ਲੰਬਰਦਾਰ ਬਣਾ ਦਿਉ ਤੇ ਉਹਦੇ ਕੋਲੋਂ ਹੀ ਇਨਸਾਫ਼ ਕਰਾਓ। ਉਹੋ ਹੀ ਵਸੂਲੀ ਕਰੇ। ਤੁਸੀਂ ਹਾਕਮ ਬਣ ਕੇ ਬੈਠੇ ਰਹੋ ਅਲਫ਼ ਖਾਂ ਨੇ ਸਲਾਹ ਦਿੱਤੀ।

– ਮੇਰਾ ਇਕ ਪਾਲਤੂ ਗ਼ੁਲਾਮ ਏ ਬਹੁਤ ਇਤਬਾਰੀ ਬੰਦਾ ਏ। ਤਲਵਾਰ ਦਾ ਵੀ ਧਨੀ ਏ, ਬੇਗਰਜ਼ ਪਰ ਸੁਭਾਅ ਦਾ ਜ਼ਰਾ ਕੌੜਾ ਤੁਰਸ਼ ਤੇ ਸਖ਼ਤ ਏ, ਬਦ ਕਲਾਮ ਵੀ ਏ। ਉਹ ਮੁਹੱਬਤ ਦੀ ਗੱਲ ਕਰਨੀ ਸਿਖਿਆ ਈ ਨਹੀਂ ਏ ਜੋ ਉਸ ਆਖਿਆ ਕਰ ਲੈਣਾ ਏ ਤੇ ਫੇਰ ਕਰ ਦਿਊ। ਮਹਿਲ ਵਿਚੋਂ ਜ਼ਮੀਨ ਗਹਿਣੇ ਰੱਖੋ ਜ਼ੇਵਰਾਂ ਦੀ ਢੇਰੀ ਲਾਓ ਪੁੱਤ ਵੇਚੋ, ਧੀ ਵੇਚੋ ਕਰ ਦਿਓ ਵਰਨਾ ਕੈਦ ਦੀ ਹਵਾ ਖਾਓ, ਦਿਲਾਵਰ ਖਾਂ ਨੇ ਇਕ ਗੱਲ ਹੋਰ ਦੱਸੀ।

—ਉਹ ਬੰਦਾ ਜ਼ਰੂਰ ਕਾਮਯਾਬ ਹੋਵੇਗਾ, ਹਿੰਮਤ ਨਾ ਹਾਰੇ, ਹੌਸਲਾ ਨਾ ਛੱਡੇ। ਇਹ ਪਹਾੜੀਏ ਕੁਝ ਦਿਨਾਂ ਦੀ ਮਾਰ ਹਨ, ਮੁਗ਼ਲ ਫ਼ੌਜ ਅੱਗੇ ਨਹੀਂ ਟਿਕ ਸਕਦੇ ਪਹਾੜੀਏ। ਬੁਜ਼ਦਿਲ ਹਨ ਇਹਨਾਂ ਦੀਆਂ ਤਲਵਾਰਾਂ ਨੂੰ ਜ਼ੰਗ ਲੱਗਾ ਹੋਇਐ। ਤਲਵਾਰਾਂ ਤਾਂਹੀਏ ਤਿੱਖੀਆਂ ਰਹਿ ਸਕਦੀਆਂ ਹਨ ਜਿਨ੍ਹਾਂ ਦੀ ਰੋਜ਼ ਵਰਤੋਂ ਕੀਤੀ ਜਾਏ। ਕਿੱਲੀਆਂ ਨਾਲ ਟੰਗੀਆਂ ਤਲਵਾਰਾਂ ਜੰਗ 'ਚ ਕੰਮ ਨਹੀਂ ਆਉਂਦੀਆਂ। ਉਹ ਤੇ ਸਿਰਫ਼ ਸ਼ਿੰਗਾਰ ਹੁੰਦੀਆਂ ਹਨ। ਅਲਫ ਖ਼ਾਂ ਦੀ ਗੱਲ 'ਚ ਜ਼ਰਾ ਕੁ ਵਜ਼ਨ ਸੀ।

– ਫਿਰ ਨਉਰਾ ਪਿਆ ਹੁਸੈਨ ਖ਼ਾਂ ਤੇ ਦਿਲਾਵਰ ਖ਼ਾਂ ਭਾਵੇਂ ਮੱਛੀ ਵਾਂਗੂ ਤੜਫ ਰਿਹਾ ਸੀ: ਗ਼ੁੱਸੇ 'ਚ ਲਾਲ-ਪੀਲਾ ਹੋਇਆ ਫਿਰਦਾ ਸੀ। ਉਸ ਹੁਕਮ ਦਿੱਤਾ ਹੁਸੈਨ ਖ਼ਾਂ ਨੂੰ।

—ਆਹ ਲੈ ਬੱਚਾ ਤਲਵਾਰ ਮੈਂ ਆਪਣੀ ਹੱਥਾਂ ਨਾਲ ਤੇਰੀ ਕਮਰ 'ਚ ਬੰਨ੍ਹਦਾ ਹਾਂ। ਚੜ੍ਹ ਘੋੜੇ ਤੇ ਮੈਦਾਨ ਜਿੱਤ ਕੇ ਆਉਣਾ ਈ ਫ਼ਰਮਾਨ ਸੀ ਦਿਲਾਵਰ ਖ਼ਾਂ ਦਾ।

—ਖ਼ਾਂ ਸਾਹਬ ਤੁਸੀਂ ਤਸੱਲੀ ਰੱਖੋ। ਤੁਹਾਡਾ ਗ਼ੁਲਾਮ ਤੁਹਾਡੀ ਕੰਡ ਨਹੀਂ ਰੋਲਣ ਲੱਗਾ। ਅੱਲਾ ਨੇ ਚਾਹਿਆ ਤਾਂ ਸਾਰੇ ਪਹਾੜੀ ਰਾਜੇ ਬੰਦੀ ਬਣਾ ਕੇ ਲਿਆਵਾਂਗਾ। ਤੇ ਆਨੰਦਪੁਰ ਦੇ ਰਾਖੇ ਗੁਰੂ ਨੂੰ ਵੀ ਤੁਹਾਡੀ ਸ਼ਰਨ 'ਚ ਹਾਜ਼ਰ ਕਰਾਂਗਾ। ਉਸ ਕੰਡ ਤੇ ਥਾਪੀ ਦਿੱਤੀ ਤੇ ਪਲਾਕੀ ਮਾਰੀ. ਈਰਾਨੀ ਘੋੜੇ ਉੱਤੇ, ਖ਼ੁਦਾ ਹਾਫ਼ਿਜ਼।

—ਅਲਫ਼ ਖ਼ਾਂ ਨੂੰ ਨਾਲ ਖੜਨਾ ਈ, ਤੈਰਾਂ ਤੇਰੇ ਨਾਲ।

ਨਹੀਂ ਮੈਂ ਆਪ ਹੀ ਕਾਫ਼ੀ ਹਾਂ। ਮੇਰੇ ਨਾਲ ਦੋ-ਹਜ਼ਾਰ ਫ਼ੌਜ ਏ ਸੰਜੋਹ ਵਿੱਚ ਜਕੜੀ ਹੋਈ। ਮੈਨੂੰ ਆਪਣੀ ਕਿਸਮਤ ਅਜ਼ਮਾਉਣ ਦਾ ਮੌਕਾ ਦਿਉ।

ਜੱਦ ਲਾਹੌਰ ਤੋਂ ਚੱਲਿਆ ਤੇ ਉਹਦੀਆਂ ਅੱਖਾਂ ਸਾਹਮਣੇ ਆਨੰਦਪੁਰ ਦੇ ਕਲਸ ਨਜ਼ਰ ਆਏ ਤੇ ਓਸ ਸੋਚਿਆ ਖ਼ਾਂ ਤੇ ਰੁਸਤਮ ਖ਼ਾਂ ਕਦੇ ਝੂਠ ਨਹੀਂ ਬੋਲਦੇ। ਮੈਨੂੰ ਗੁਰੂ ਨਾਲ ਨਹੀਂ ਉਲਝਣਾ ਚਾਹੀਦਾ। ਪਹਿਲਾਂ ਮੈਂ ਆਪਣੀ ਤਾਕਤ ਵਿਖਾ ਲਵਾਂ। ਲੋਕਾਂ ਨੂੰ ਸੁਪਨੇ 'ਚ ਆਨੰਦਪੁਰ ਨਜ਼ਰ ਆਉਂਦਾ ਸੀ ਡਰਦਾ ਕੋਈ ਉਹਦੇ ਲਾਗਿਓਂ ਦੀ ਨਾ ਲੰਘਦਾ।

ਓਸ ਘੋੜਾ ਥੰਮਿਆ ਤੇ ਈਰਾਨੀ ਸ਼ਰਾਬ ਦਾ ਇਕ ਪਿਆਲਾ ਪੀਤਾ ਫੇਰ ਦੂਜਾ ਤੇ ਫੇਰ ਤੀਜਾ ਸ਼ਰਾਬ ਦੇ ਸਰੂਰ 'ਚ ਬੋਲਿਆ।

ਘੋੜੇ ਮੋੜੋ ਤੇ ਇਹਨਾਂ ਦਾ ਮੂੰਹ ਬਾਈ ਧਾਰ ਦੇ ਰਾਜਿਆਂ ਵੱਲ ਕਰ ਦਿਉ, ਨਗਾਰੇ ਵਜਾਓ, ਢੋਲ, ਨੌਬਤਾਂ ਦੀ ਆਵਾਜ਼ ਨਾਲ ਪਹਾੜਾਂ ਵਿੱਚ ਗੂੰਜ ਪਏ, ਪਹਾੜ ਗੂੰਜਣ ਜਿੰਨੀਂ ਉੱਚੀ ਆਵਾਜ਼ ਗੂੰਜੇਗੀ ਤੁਹਾਡੇ ਅੱਗੇ ਰਸਤਾ ਸਾਫ਼ ਹੁੰਦਾ ਜਾਏਗਾ।

ਰਾਹ 'ਚ ਦੋ ਪਿੰਡ ਆਏ ਜਾਂਦਿਆਂ ਈ ਲੁੱਟ ਲਏ ਤੇ ਫੇਰ ਅੱਗ ਲਾ ਦਿੱਤੀ। ਲੋਕ ਘਰਾਂ 'ਚੋਂ ਨਿਕਲੇ ਉਹ ਝਟਕਾ ਦਿੱਤੇ, ਲਹੂ ਨਾਲ ਧਰਤੀ ਲਾਲ ਹੋ ਗਈ ਪਰ ਬੇ-ਰਹਿਮ ਹੁਸੈਨ ਖ਼ਾਂ ਨੂੰ ਜ਼ਰਾ ਵੀ ਤਰਸ ਨਾ ਆਇਆ।

—ਹਜ਼ੂਰ ਸਾਡਾ ਕਸੂਰ, ਸਾਡੇ ਪਿੰਡ ਕਿਉਂ ਬਰਬਾਦ ਕੀਤੇ ਹਨ। ਅਸੀਂ ਕਿਧਰ ਜਾਈਏ।

—ਢੱਠੇ ਖੂਹ 'ਚ ਤੁਸੀਂ ਪਹਾੜੀਏ ਹੋ ਸਾਡਾ ਸਾਰਾ ਪਹਾੜ ਈ ਦੁਸ਼ਮਣ ਏ।

—ਭੁੱਖੇ ਭਾਣੇ, ਮਾਸੂਮ ਬਾਲ ਭੁੱਖ ਤੋਂ ਵਿਲਕ-ਵਿਲਕ ਕੇ ਮਰ ਜਾਣਗੇ।

—ਮੈਂ ਕੀ ਕਰਾਂ, ਤੁਸਾਂ ਲਾਹੌਰ ਜੰਮਣਾ ਸੀ ਜਾਂ ਦਿੱਲੀ।

—ਜੇ ਇੱਥੇ ਜੰਮ ਪਏ ਇਹਦੇ 'ਚ ਸਾਡਾ ਕੀ ਕਸੂਰ, ਇਹ ਤੇ ਭਗਵਾਨ ਦੀ ਮਰਜ਼ੀ ਏ।

—ਜਾਓ ਫਿਰ ਭਗਵਾਨ ਕੋਲ ਮੇਰੇ ਕੋਲ ਕੀ ਲੈਣ ਆਏ ਹੋ।

—ਫ਼ਰਿਆਦ ਕਰਨ, ਸਾਡੀ ਭੁੱਖ ਤੇ ਸਾਡੇ ਵਿਕਲਦੇ ਬਾਲਾਂ ਤੇ ਰਹਿਮ।

—ਰਹਿਮ ਮੇਰੀ ਖੱਲੜੀ ਵਿਚ ਨਹੀਂ। ਮਰੋ ਤੁਸੀਂ ਮਰਨ ਵਾਸਤੇ ਪੈਦਾ ਹੋਏ ਹੋ।

ਹੁਸੈਨ ਖ਼ਾਂ ਨੇ ਘੋੜਿਆਂ ਦੇ ਸੁੰਮਾਂ ਥੱਲੇ ਦੇ ਕੇ ਮਾਰ ਦਿੱਤੇ ਫ਼ਰਿਆਦੀ।

—ਭਗਵਾਨ ਵੇਖਦਾ ਏ ਸਾਡੀ ਫ਼ਰਿਯਾਦ ਕਦੀ ਤੇ ਸੁਣੀ ਜਾਏਗੀ।

★

ਡਢਵਾਲ

੧੪੫

ਪਹਿਲਾਂ ਸ਼ਾਮਤ ਡਢਵਾਲ ਤੇ ਆਈ। ਮਾੜੇ ਤੇ ਹਰ ਕੋਈ ਕਾਠੀ ਪਾ ਲੈਂਦੇ। ਪਹਿਲਾ ਨਿਸ਼ਾਨਾ ਡਢਵਾਲ ਸੀ। ਮਧੁਕਰ ਸ਼ਾਹ ਆਪਣੀ ਮੁੱਠੀ ਭਰ ਫ਼ੌਜ ਲੈ ਕੇ ਟਾਕਰੇ ਤੇ ਆਇਆ ਤੇ ਹਵਾ ਦੇ ਬੁੱਲੇ ਵਾਂਗੂੰ ਉੱਡ ਗਿਆ ਹਥਿਆਰ ਸੁੱਟ ਦਿੱਤੇ ਈਨ ਮੰਨ ਲਈ, ਕਰ ਦੀ ਸ਼ਰਤ ਰੱਖੀ।

—ਇਸ ਸਾਲ ਨਾ ਤੇ ਅੰਬਾਂ ਦੀ ਫ਼ਸਲ ਹੋਈ ਏ ਤੇ ਨਾ ਜਨਤਾ ਵਲੋਂ ਕੋਈ ਲਗਾਨ ਈ ਮਿਲਿਐ। ਖ਼ਜ਼ਾਨਾ ਖ਼ਾਲੀ ਏ ਮੇਰੀ ਜਿੰਦ ਹਾਜ਼ਰ ਏ ਇਹਨੂੰ ਗਹਿਣੇ ਪਾ ਲਵੋ।

—ਅਸਾਂ ਤੇਰੀ ਖੱਲ ਵੇਚਣੀ ਏ ਸਾਨੂੰ ਟਾਂਕਰ ਚਾਹੀਦੇ।

—ਮਹਿਲ ਪਿਆ ਏ ਤਲਾਸ਼ੀ ਲੈ ਲੋ। ਰਾਣੀਆਂ ਦੇ ਜ਼ੇਵਰ ਦੇ ਸਕਦਾ ਹਾਂ।

—ਜ਼ੇਵਰਾਂ ਦਾ ਢੇਰ ਲਾ ਦਿੱਤਾ ਹੁਣ ਮੇਰੇ ਪੱਲੇ ਕੁਝ ਨਹੀਂ। ਮੈਂ ਨੰਗ-ਧੜੰਗ ਖੜਾ ਹਾਂ।

—ਕੈਦ ਕਰ ਲੋ ਏਸ ਹਰਾਮਜ਼ਦੇ ਨੂੰ, ਭੁੱਖਾ ਈ ਬੜ੍ਹਕਾਂ ਮਾਰ ਰਿਹਾ ਸੀ। ਸਾਡੀ ਫ਼ੌਜ ਦਾ ਖ਼ਰਚ ਤੇਰਾ ਪਿਉ ਦਊ।

ਮੇਰੇ ਹੱਡ ਵੇਚ ਲਵੋ। ਮੇਰੇ ਪੱਲੇ ਕੁਝ ਹੋਊ ਤੇ ਦੇਵਾਂਗਾ।

—ਇਹ ਕੰਮ ਕਸਾਈਆਂ ਦੇ ਅਸੀਂ ਤੇ ਹੁਕਮਰਾਨ ਹਾਂ। ਅਸੀਂ ਤੇ ਰਾਜਿਆਂ ਦੇ ਮਹਿਮਾਨ ਹਾਂ।

— ਮਹਿਲ ਖੁੱਲ੍ਹਾ ਏ ਹਜ਼ੂਰ ਤਸ਼ਰੀਫ਼ ਲੈ ਚਲਣ।

ਜਾ ਤੈਨੂੰ ਛੱਡਿਆ ਪਰ ਸਾਡੀ ਰਾਤ ਦਾ ਪ੍ਰਬੰਧ ਕਰ, ਮੌਸਮ ਖ਼ੂਬਸੂਰਤ ਏ। ਸ਼ਰਾਬ/ਸ਼ਬਾਬ ਤੇ ਕਬਾਬ ਪਹਾੜ ਦੀਆਂ ਸੌਗਾਤਾਂ ਹਨ।

—ਅਸੀਂ ਹਿੰਦੂ ਹਾਂ। ਸਾਨੂੰ ਇਨ੍ਹਾਂ ਤਿੰਨਾਂ ਚੀਜ਼ਾਂ ਤੋਂ ਨਫ਼ਰਤ ਏ। ਸਾਡਾ ਧਰਮ ਇਜਾਜ਼ਤ ਨਹੀਂ ਦਿੰਦਾ।

—ਤਿੰਨੇ ਚੀਜ਼ਾਂ ਤੈਨੂੰ ਪੈਦਾ ਕਰਨੀਆਂ ਪੈਣਗੀਆਂ। ਅਸੀਂ ਤੈਨੂੰ ਹੁਕਮ ਦੇਂਦੇ ਹਾਂ।

—ਸ਼ਰਾਬ, ਕਬਾਬ ਦਾ ਇੰਤਜ਼ਾਮ ਫ਼ੌਜ ਦੇ ਹਾਕਮਾਂ ਕਰ ਲਿਆ, ਸ਼ਬਾਬ ਦੀ ਵਾਰੀ ਆਈ ਤੇ ਉਹਦੀ ਬਲੀ ਚੜ੍ਹੀ ਰਾਜਕੁਮਾਰੀ।

ਹਰਾਮਜ਼ਾਦੀ ਬੜੀ ਖ਼ੂਬਸੂਰਤ ਏ, ਹੁਸੈਨ ਖ਼ਾਂ ਦੇ ਬੋਲ ਸਨ।

ਮਧਕਰ ਸ਼ਾਹ ਉੱਚੀ-ਉੱਚੀ ਆਖ ਰਿਹਾ ਸੀ ਮੈਨੂੰ ਵੀ ਚਾਹੀਦੀ ਏ ਰਿਹਾਈ, ਮੈਂ ਕੈਦ ਖ਼ਾਨੇ ਵਿਚ ਈ ਚੰਗਾ ਸਾਂ।

ਇਹਦੇ ਮੂੰਹ ਵਿਚ ਅੰਗੂਠਾ ਦੇ ਕੇ ਇਹਦੀ ਜ਼ਬਾਨ ਖਿੱਚ ਲਵੋ। ਹਰਾਮਜ਼ਾਦੇ ਦੀ ਜ਼ਬਾਨ ਨਹੀਂ ਨਿਕਲਣੀ ਚਾਹੀਦੀ।

— ਇਹ ਜ਼ੁਲਮ ਏ ਸੀਨਾਜ਼ੋਰੀ ਏ ਤੁਸੀਂ ਖ਼ਰਾਜ ਲੈਣ ਆਏ ਹੋ ਜਾਂ ਸਾਡੀ ਇੱਜ਼ਤ ਦਾ ਸੌਦਾ ਕਰਨ।

—ਬਕਵਾਸ ਬੰਦ ਕਰ ਇਹ ਸਾਡਾ ਹੱਕ ਏ। ਅਸਾਂ ਅੱਜ ਆਪਣਾ ਹੱਕ ਮੰਗਿਐ। ਤੁਹਾਡਾ ਕੰਮ ਏ ਵਛੇਰੀਆਂ ਪਾਲ ਕੇ ਰੱਖਣੀਆਂ।

—ਚਲੋ ਛੱਡੋ ਰਾਜਾ ਜੀ ਜੋ ਹੋਣਾ ਸੀ ਹੋ ਗਿਆ। ਢੋਲ ਵਜਾਓ ਤੇ ਜ਼ਮਾਨਾ ਸੁਣੇਗਾ। ਲੋਕ ਤੇ ਫ਼ਖ਼ਰ ਮਹਿਸੂਸ ਕਰਦੇ ਹਨ ਡੋਲਾ ਦੇ ਕੇ ਤੌਰਨਾ ਖ਼ਾਨਜ਼ਾਦਿਆਂ ਨੂੰ।

—ਕਹਿਰੇ ਖ਼ੁਦਾ, ਆਹੇ ਮਜ਼ਲੂਮ, ਤਾਕਤ ਨੂੰ ਐਨਾ ਨਾ ਵਰਤੋ ਕਿ ਖ਼ੁਦਾ ਨੂੰ ਤੁਹਾਡੀ ਤਾਕਤ ਖੋਹਣੀ ਪੈ ਜਾਏ।

—ਰਾਤ ਲੰਘ ਗਈ ਬਾਤ ਅੱਗੇ ਨਾ ਚੱਲੀ, ਰਾਜਾ ਡੁੱਬ ਮਰਦਾ। ਨਾ ਕਿਸੇ ਨੂੰ ਦੱਸਣ ਜੋਗਾ ਤੇ ਨਾ ਈ ਸਹਾਰਨ ਜੋਗਾ। ਪਹਾੜੀਆਂ ਨਾਲ ਵੀ ਮੇਰੇ ਵਰਗੀ ਵਰਤੇਗੀ ਚੋਰ ਦੀ ਮਾਂ ਵਾਂਗੂੰ ਅੰਦਰ ਵੜਨਗੇ। ਇਕੱਲੇ-ਇਕੱਲੇ ਮਰਨਗੇ, ਗੁਰੂ ਦਾ ਲੰਗਰ ਤੁਹਾਨੂੰ ਵੱਢਦਾ ਸੀ, ਜ਼ਹਿਰ ਘੋਲਿਆ ਹੋਇਆ

ਸੀ। ਉਹ ਲੰਗਰ 'ਚ ਹੁਣ ਜ਼ਹਿਰ ਪੀਓ, ਮੈਂ ਤੇ ਪੀ ਜਾਊਂ ਤੇ ਹਜ਼ਮ ਵੀ ਕਰ ਲਵਾਂਗਾ ਹੋਰ ਕੌਣ ਪੀਏਗਾ।

—ਹਮ ਬਹੁਤ ਖ਼ੁਸ਼ ਹੈਂ ਮਹਾਰਾਜ, ਰਾਤ ਖ਼ੂਬ ਗੁਜ਼ਰੀ, ਹਮ ਤੁਮਾਰਾ ਲਗਾਨ ਮਾਫ਼ ਕਰ ਦੇਤੇ ਹੈਂ ਔਰ ਕੁੱਛ ਮਾਂਗੋ।

ਇਕ ਗੋਲੀ। ਮੈਂ ਜਿਊਣਾ ਨਹੀਂ ਚਾਹੁੰਦਾ ਏਸ ਜ਼ਿੰਦਗੀ ਨਾਲੋਂ ਮੌਤ ਬਿਹਤਰ ਏ।

—ਗੋਲੀ ਬਹੁਤ ਮਹਿੰਗੀ ਏ ਤੂੰ ਮਰਨਾ ਚਾਹੁੰਦਾ ਏਂ ਅਸਾਂ ਤੈਨੂੰ ਮਰਨ ਨਹੀਂ ਦੇਣਾ। ਤੂੰ ਸਾਡੀ ਮਦਦ ਕਰ ਅਸੀਂ ਤੇਰੀ ਬਾਂਹ ਫੜਦੇ ਹਾਂ ਤੂੰ ਵਿਚੋਲਾ ਬਣ।

—ਮਧਕਰ ਸ਼ਾਹ ਇਕ ਜ਼ਿੰਦਾ ਲਾਸ਼ ਸੀ। ਨਾ ਜਿਊਂਦਿਆਂ ਵਿਚ ਤੇ ਨਾ ਮੋਇਆਂ ਵਿਚ, ਵਿਚੋਲਾ ਬਣ ਗਿਆ. ਜੁੱਤੀ ਨਾਲ ਬਣਾਇਆ ਗਿਆ ਸਿਰਫ਼ ਚਾਰ ਪਿੰਡ ਈ ਲੁੱਟੇ।

ਫ਼ੌਜ ਦਾ ਖ਼ਰਚ ਮਿਲ ਗਿਆ, ਸਾਰੇ ਜ਼ੇਵਰ ਵਾਪਸ ਕਰ ਦਿਓ ਰਾਜਾ ਮੇਰਾ ਦੋਸਤ ਏ।

ਕੱਲ ਰਾਤ ਦੂਜੇ ਪਿੰਡ ਰਾਜਾ ਵੀ ਸਾਡੇ ਨਾਲ ਦਸਤਰਖ਼ਾਨ ਦੇ ਹਮਜੋਲੀ ਹੋਣਗੇ।

ਸ਼ਰਮ, ਹਯਾ, ਬੇ-ਹਯਾਈ ਸਭ ਕੁਝ ਘੋਲ ਕੇ ਪੀਣੀ ਪਈ, ਔਖਰੀਆਂ ਵਡੇਰੀਆਂ ਤੇ ਕਾਠੀ ਪਾਉਂਦੇ ਆਏ ਮੁਗ਼ਲ। ਉਜੜੇ ਚਾਰ ਪਿੰਡਾਂ ਦੀ ਹਾਹਾਕਾਰ ਨੇ ਪਹਾੜੀਆਂ ਦੇ ਸੀਨੇ ਵਿਚ ਮੋਰੀਆਂ ਕਰ ਦਿੱਤੀਆਂ। ਹੁਸੈਨ ਖ਼ਾਂ ਦੀਆਂ ਕਹਾਣੀਆਂ ਪਈਆਂ ਪਹਾੜ ਦੇ ਚੋਂਕਿਆਂ ਵਿਚ ਭੱਠ ਪਏ ਰਾਜੇ ਨਾ ਤੇ ਨੱਸ ਸਕਦੇ ਸਨ ਤੇ ਨਾ ਈ ਤਾਵਾਨ ਈ ਦੇਣ ਦੀ ਸਮਰਥਾ ਵਿਚ ਸਨ।

ਹੁਣ ਵਾਰੀ ਆਈ ਕ੍ਰਿਪਾਲ ਚੰਦ ਕਟੋਚ ਕਾਂਗੜੇ ਦੇ ਰਾਜੇ ਦੀ ਸੁਨੇਹਾ ਮਿਲਿਆ ਪੈਰਾਂ ਥੱਲੋਂ ਜ਼ਮੀਨ ਨਿਕਲ ਗਈ, ਨਜ਼ਰਾਨਾ ਲੈ ਕੇ ਹਾਜ਼ਰ ਹੋਇਆ ਨੱਕ ਰਗੜੇ, ਮਿੰਨਤਾਂ ਕੀਤੀਆਂ ਖ਼ਾਨਜ਼ਾਦੇ ਅਸੀਂ ਤੇ ਐਵੇਂ ਨਾਂ ਦੇ ਰਾਜੇ ਹਾ ਅਸੀਂ ਤੇ ਪਹਿਲਾਂ ਈ ਤੁਹਾਡੇ ਨੌਕਰ ਹਾਂ ਤੇ ਹੁਣ ਵੀ ਤੁਹਾਡੇ ਗੋਲੇ ਹਾਂ। ਨਜ਼ਰਾਨਾ ਕਬੂਲ ਕਰੋ।

ਕਰ ਦੀ ਰਕਮ ਪਹਿਲਾਂ ਤੇ ਬਾਅਦ 'ਚ ਨਜ਼ਰਾਨਾ।

—ਮੇਰੇ ਕੋਲ ਕੁਝ ਨਹੀਂ, ਮੈਂ ਤੇ ਐਵੇਂ ਚਿੱਤਕਬਰਿਆ ਹਾਂ ਤੁਸੀਂ ਗ਼ਲਤ ਜਗ੍ਹਾ ਤੇ ਆ ਗਏ ਹੋ। ਕਿਤੇ ਰਾਹ ਤੇ ਨਹੀਂ ਭੁੱਲ ਗਏ ਭੀਮ ਚੰਦ ਵੱਲ ਜਾਣਾ ਸੀ।

—ਭੀਮ ਚੰਦ ਤੇ ਮਰ ਗਿਐ ਤੇ ਹੁਣ ਉਹਦਾ ਪੁੱਤ ਅਜਮੇਰ ਚੰਦ ਏ ਉਹਦੀ ਵਾਰੀ ਵੀ ਆ ਜਾਊ।

—ਕੋਈ ਮਰੇ ਕੋਈ ਜੀਵੇ ਸੁੱਥਰਾ ਘੋਲ ਪਤਾਸਾ ਪੀਵੇ।

—ਮਰ ਗਿਆ ਤੇ ਚੰਗਾ ਹੋਇਆ ਪੁੱਤ ਤੇ ਜਿਊਂਦਾ ਏ ਘਰ ਦਾ ਮਾਲ ਮਤਾ ਨਾਲ ਤੇ ਨਹੀਂ ਲੈ ਗਿਆ।

—ਜੁੱਤੀ ਵਾਲੇ ਅੱਗੇ ਕੋਈ ਨਹੀਂ ਬੋਲਦਾ। ਹੁਸੈਨ ਖ਼ਾਂ ਦੀ ਮਾਂ ਮਰ ਗਈ ਜਦ ਓਸ ਅਜਮੇਰ ਖ਼ਾ ਦਾ ਜਲਾਲ ਵੇਖਿਆ।

—ਮੈਂ ਖ਼ਰਾਜ ਦੀ ਪਾਈ-ਪਾਈ ਚੁਕਾ ਦੇਵਾਂਗਾ ਪਰ ਮੈਨੂੰ ਥੋੜ੍ਹਾ ਸਮਾਂ ਚਾਹੀਦੈ।

- ਇਕ ਹਫ਼ਤਾ ਕੀ ਦੋ ਹਫ਼ਤੇ ਮੋਹਲਤ ਤੇ ਮਿਲ ਸਕਦੀ ਏ, ਫ਼ੌਜ ਦਾ ਦਸਤਾ ਮੇਰੀ ਅਰਦੱਲ ਵਿਚ ਭੇਜ ਦਿਉ। ਗੁਰੂ ਨਾਲ ਸੁਲਾਹ ਕੀਤੀ ਤੇ ਨਹੀਂ ਸੀ ਪਰ ਵਕਤ ਦੀ ਨਜ਼ਾਕਤ ਨੂੰ ਵੇਖ ਕੇ ਇਕ ਚਾਲ ਚਲ ਪਈ।

ਖ਼ਾਨਜ਼ਾਦੇ ਹੁਣ ਕਿਧਰ ਨੂੰ ਜਾਣਾ ਏ। ਆਨੰਦਪੁਰ ਨੂੰ ਲੁੱਟਣ ਦਾ ਖ਼ਿਆਲ ਏ। ਇਹ ਬੱਦਲ ਚੜ੍ਹੇ ਹਨ ਤੇ ਵਰ੍ਹਨਗੇ।

—ਮੌਤ ਨੂੰ ਆਵਾਜ਼ ਨਾ ਮਾਰ, ਮੱਕੇ ਦੇ ਦਰਵਾਜ਼ੇ ਤੇ ਸੱਜਦਾ ਕਰ, ਖ਼ਿਆਲ ਛੱਡ ਦੇ ਪਹਿਲਾਂ ਸੋਚਣਾ ਈ ਮੁਸ਼ਕਲ ਏ ਤੇ ਫੇਰ ਉਥੋਂ ਆਉਣਾ ਹੋਰ ਵੀ ਮੁਸ਼ਕਲ ਏ।

ਕਿਉਂ ਡਰਾਉਂਦਾ ਏਂ ਅਸੀਂ ਡਰਨ ਵਾਲੇ ਦਿਨ ਜੰਮੇ ਨਹੀਂ। ਹੁਸੈਨ ਖ਼ਾਂ ਨੇ ਆਪਣੀ ਤਲਵਾਰ ਨੂੰ ਚੋਸਾ ਦਿੱਤਾ।

ਮਸੰਦਾਂ ਦੀਆਂ ਘੜੋਲੀਆਂ ਭਰੀਆਂ ਹੋਈਆਂ ਹਨ ਮੋਹਰਾਂ ਨਾਲ, ਜੇ ਕਿਤੇ ਉਧਰ ਨਜ਼ਰ ਪੈ ਗਈ ਤੇ ਫੇਰ। ਚੱਲੋ ਗੁਰੂ ਦੇ ਦਵਾਰੇ ਹੋਰ ਕਿਹੜੀ ਥਾਂ ਏ।

ਹੱਥ ਜੋੜੇ ਮੱਥਾ ਟੇਕਿਆ ਹੁਸੈਨ ਖ਼ਾਂ ਬਹੁਤ ਜ਼ਾਲਮ ਤੇ ਬੇ-ਰਹਿਮ ਏ ਨਜ਼ਰਾਨੇ ਦੇ ਕੇ ਸੁਲਹਾ ਕਰ ਲੈਣੀ ਚਾਹੀਦੀ ਏ ਵਕਤ ਦੀ ਇਹੋ ਨਜ਼ਾਕਤ ਏ।

ਬੁਜ਼ਦਿਲ ਲੋਕ ਸੁਲਹਾ ਕਰਦੇ ਹਨ। ਵਜਾਓ ਨਗਾਰਾ, ਨਰਸਿੰਘੇ ਪੂਰੋ, ਕੱਢੋ ਘੋੜੇ ਵੇਖਦੇ ਹਾਂ ਹੁਸੈਨ ਖ਼ਾਂ ਨੂੰ।

ਫ਼ੱਕਰਾਂ ਨਾਲ ਜੰਗ ਨਹੀਂ ਕਰੀਦੀ। ਇਹ ਗੱਲ ਰੁਸਤਮ ਖ਼ਾਂ ਦੀ ਚੇਤੇ ਆ ਗਈ ਹੁਸੈਨ ਖ਼ਾਂ ਨੂੰ।

ਓਸ ਰੁੱਖ ਬਦਲਿਆ, ਮੂੰਹ ਮੋੜੇ ਘੋੜੀਆਂ ਦੇ। ਉਧਰ ਫੇਰ ਜਾਵਾਂਗੇ ਬਾਈ ਧਾਰਾਂ ਦੇ ਰਾਜੇ ਬਹੁਤ ਅਮੀਰ ਹਨ।

ਮੱਕੇ ਦਾ ਹੱਜ ਫੇਰ ਕਰਾਂਗੇ ਮੌਤ ਤੋਂ ਹਰੇਕ ਨੂੰ ਡਰ ਆਉਂਦੈ।

★

ਗੁਲੇਰ ੧੪੯

ਕ੍ਰਿਪਾਲ ਚੰਦ ਕਟੋਚ, ਅਜਮੇਰ ਚੰਦ ਬਿਲਾਸਪੁਰ, ਮਧਕਰ ਸ਼ਾਹ ਹਮ-ਪਿਆਲਾ ਤੇ ਬਣ ਈ ਚੁੱਕੇ ਸਨ। ਹੁਸੈਨ ਖ਼ਾਂ ਆਪਣੀ ਮੌਤ ਭੁੱਲ ਚੁੱਕਾ ਸੀ। ਖ਼ੁਦਾ ਦੀ ਖ਼ੁਦਾਈ ਤੋਂ ਮੁਨੱਕਰ ਹੋ ਚੁੱਕਾ ਸੀ।

ਅਜੇ ਤੇ ਪਹਾੜ ਦਾ ਦਰਵਾਜ਼ਾ ਵੀ ਨਹੀਂ ਟੱਪਿਆ ਖ਼ਾਨ ਹੁਣੇ ਹੀ ਹੰਕਾਰਿਆ ਗਿਐ।

ਜੈਸੇ ਰਵਿ ਕੇ ਤੇਜ ਤੇ ਰੇਤ ਅਧਿਕ ਤਪਤਾਇ।

ਰਵਿ ਬਲ ਛੁਦ ਨਾ ਜਾਨਈ ਆਪਨ ਹੀ ਗਰਬਾਇ।

ਜਿਵੇਂ ਸੂਰਜ ਦੇ ਤੇਜ ਨਾਲ ਰੇਤ ਤੱਪ ਜਾਂਦੀ ਏ, ਅੰਗਿਆਰ ਬਣ ਜਾਂਦੀ ਏ। ਉਹਦੀ ਤਪਸ਼ ਇਨੀਂ ਵੱਧ ਜਾਂਦੀ, ਉਹਦੀ ਵੀ ਪ੍ਰਵਾਹ ਨਹੀਂ ਕਰੂ, ਹੰਕਾਰ ਵਿਚ ਜਾਂਦੀ ਏ ਆਪਣੀ ਔਕਾਤ ਭੁੱਲ ਇਹੋ ਹਾਲ ਹੁਸੈਨ ਖ਼ਾਂ ਦਾ ਸੀ।

ਤੈਸੇ ਹੀ ਛੁਲ ਗੁਲਾਮ ਜਾਤਿ ਭਯੋ, ਤਿਨੈ ਨ ਦ੍ਰਿਸ਼ਟ ਤਰੇ ਆਨਤ ਭਯੋ।

ਕਹਲੂਰੀਜਾ ਕਟੋਚ ਸੰਗਿ ਲਹਿ, ਜਾਨਾ ਆਨ ਨ ਮੋ ਸਰਿ ਮਹਿ ਮਹਿ।

ਹੁਸੈਨ ਖ਼ਾਂ ਨੇ ਕੁੱਕੜ ਦੀ ਧੌਣ ਮਰੋੜ ਸੁੱਟੀ ਤੇ ਬਾਕੀ ਖੁੱਡੇ ਵਿਚ ਡੱਕ ਦਿੱਤੇ। ਇਕ-ਇਕ ਕਰਕੇ ਵੱਢਾਂਗਾ। ਹੁਣ ਇਹ ਕਿੱਥੇ ਜਾ ਸਕਦੇ ਹਨ। ਉਸ ਇਨ੍ਹਾਂ ਦੀ ਪ੍ਰਵਾਹ ਨਾ ਕੀਤੀ ਸਗੋਂ ਹਕਾਰਤ ਦੀ ਨਜ਼ਰ ਨਾਲ ਵੇਖਿਆ। ਕ੍ਰਿਪਾਲ ਚੰਦ ਤੇ ਅਜਮੇਰ ਸਿੰਘ ਇਕੱਠਾ ਬੈਠਿਆਂ ਵੇਖ ਮਧਕਰ ਸ਼ਾਹ ਵਾਂਗੂੰ ਮਧੋਲਿਆ ਜਾਪਿਆ ਹੁਣ ਤੇ ਕੈਦੀ ਹੀ ਸਨ। ਇਹ ਗੱਲ ਵੱਖਰੀ ਏ ਕਿ ਜ਼ੰਜੀਰ ਸੋਨੇ ਦੀ ਸੀ। ਹੁਸੈਨ ਖ਼ਾਂ ਸਮਝਨ ਲੱਗ ਪਿਆ ਸੀ ਕਿ ਮੇਰੇ ਵਰਗਾ ਹੋਰ ਕੋਈ ਨਹੀਂ। ਮੈਂ ਹੀ ਮੈਂ ਹਾਂ। ਇਹ ਮੇਰੇ ਘੜੇ ਦੀਆਂ ਮੱਛੀਆਂ ਹਨ ਮੂਰਖ ਇਹ ਨਹੀਂ ਸੀ ਜਾਣਦਾ ਕਿ ਦੁਸ਼ਮਣ ਮਿੱਟੀ ਦਾ ਮਾਣ ਨਹੀਂ।

—ਹੁਸੈਨ ਖ਼ਾਂ ਆਖਣ ਲੱਗਾ, ਹੁਣ ਮੇਰਾ ਤੇ ਤੁਹਾਡਾ ਇਕੋ ਨਿਸ਼ਾਨਾ ਏ। ਅਸੀਂ ਸਾਰੇ ਹਮ ਪਿਆਲਾ ਤੇ ਹਮ-ਨਵਾਲਾ ਬਣ ਗਏ ਹਾਂ। ਯਾਰ ਦੋਸਤ ਤੁਸਾਂ ਆਪਣਾ ਮਾਣ ਵੀ ਵਧਾਉਣਾ ਏ ਤੇ ਮੇਰੀ ਇੱਜ਼ਤ ਦੀ ਰਾਖੀ ਵੀ ਕਰਨੀ ਏ। ਜੇ ਅਸੀਂ ਕਰ ਵਸੂਲ ਕਰਨ ਵਿਚ ਕਾਮਯਾਬ ਹੋ ਗਏ ਤੇ ਤੁਹਾਡੀਆਂ ਜਗੀਰਾਂ 'ਚ ਵਾਧਾ ਹੋਵੇਗਾ। ਇਹ ਜ਼ੁੰਮੇਂਵਾਰੀ ਮੇਰੀ ਰਹੀ।

— ਖ਼ਾਂ ਸਾਹਬ ਇਹ ਗੱਲ ਕੋਈ ਆਖਣ ਵਾਲੀ ਥੋੜ੍ਹੀ ਏ। ਹੁਣ ਤੁਹਾਡੀ ਤੇ ਸਾਡੀ ਪੱਗ ਸਾਂਝੀ ਏ। ਦੋਵਾਂ ਦੀ ਇੱਜ਼ਤ ਦੇ ਮੁਹਾਫ਼ਿਜ਼ ਅਸੀਂ ਹਾਂ, ਕ੍ਰਿਪਾਲ ਚੰਦ ਬੋਲਿਆ।

—ਹੁਣ ਕਿਧਰ ਮੂੰਹ ਕੀਤਾ ਜਾਏ, ਕਿਹੜਾ ਰਾਜਾ ਛੇਤੀ ਤੇ ਮਾਮੂਲੀ ਝੜਪ ਨਾਲ ਸਾਡੇ ਕਾਬੂ ਆ ਸਕਦਾ ਏ।

— ਗੁਲੇਰ ਈ ਸਾਡੇ ਸਾਹਮਣੇ ਤੇ ਰਸਤੇ 'ਚ ਪੈਂਦੈ ਉਹਦੀ ਗਿੱਚੀ ਨੱਪ ਲੈਣੀ ਕੋਈ ਮੁਸ਼ਕਲ ਨਹੀਂ।

—'ਸੋ ਹੱਥ ਰੱਸਾ ਤੇ ਸਿਰੇ ਤੇ ਗੰਢ', ਰਾਜਾ ਜੀ ਦਾ ਵਿਚਾਰ ਖ਼ੂਬ ਏ। ਇਹ ਦਰਵਾਜ਼ਾ ਏ ਬਾਈ ਧਾਰ ਦੇ ਰਾਜਿਆਂ ਦਾ। ਦਰਵਾਜ਼ਾ ਭੱਜਾ ਤੇ ਮਹਿਲ ਆਪਣਾ।

—ਚਲੋ ਫੇਰ ਵੇਖਦੇ ਕੀ ਓ, ਨਜ਼ਮ ਥੋੜ੍ਹਾ ਲਾਉਣਾ ਏ ਕਿਸੇ ਮੌਲਾਨੇ ਕੋਲੋਂ।

—ਨਹੀਂ, ਗੁਲੇਰ ਵਲ ਜਾਣ ਲਈ ਕਿਸੇ ਪੰਡਤ ਨੂੰ ਪੁੱਛਣ ਦੀ ਲੋੜ ਨਹੀਂ, ਉਹ ਕਿਹੜਾ ਸਿਕੰਦਰ ਏ।

—ਤੁਸੀਂ ਅੱਗੇ ਤੇ ਮੈਂ ਪਿੱਛੇ ਮੈਨੂੰ ਤੇ ਸਿਰਫ਼ ਕਰ ਚਾਹੀਦੈ। ਬਾਕੀ ਲੁੱਟਮਾਰ ਤੁਹਾਡੀ। ਇਹ ਸੌਦਾ ਕੀ ਤੁਹਾਨੂੰ ਮੰਜ਼ੂਰ ਏ ਨਾ।

—ਤੁਹਾਡਾ ਸਾਡਾ ਕੁਝ ਵੰਡਿਆ ਹੋਇਐ। ਜੋ ਕੁਝ ਦਿਓਗੇ ਝੋਲੀ 'ਚ ਪਵਾ ਲਾਂਗੇ।

— ਫੇਰ ਅੱਲਾ ਦਾ ਨਾਂ ਲੈ ਤੇ ਵਾਗਾਂ ਮੋੜੋ ਘੋੜੀਆਂ ਦੀਆਂ, ਗੁਲੇਰ ਏ ਨਾ ਚਿਤੌੜ ਥੋੜ੍ਹੇ।

— ਜਾ ਘੇਰਾ ਪਾ ਲਈਏ ਕਿਸੇ ਨੂੰ ਖ਼ਬਰ ਵੀ ਨਾ ਹੋਵੇ, ਸੁੱਤੀਆਂ ਪਈਆਂ ਨੂੰ ਜਾ ਨੱਪੀਏ। ਨਾ ਆਵਾਜ਼ ਨਿਕਲੇ ਤੇ ਨਾ ਰੌਲਾ ਪਏ।

ਗੱਲ ਸੱਤਵੀਂ ਕੋਠੜੀ ਵਿਚ ਵੀ ਕੀਤੀ ਜਾਂਏ ਬਾਹਰ ਨਿਕਲ ਆਉਂਦੀ ਏ।

ਗੁਲੇਰ ਵਾਲਿਆਂ ਨੂੰ ਵੀ ਸੂਹ ਮਿਲ ਗਈ, ਰਾਜੇ ਗੋਪਾਲ ਨੇ ਸੋਚਿਆ ਕਿ ਐਵੇਂ ਖ਼ੂਨ-ਖ਼ਰਾਬੇ

ਦੀ ਲੋੜ ਨਾ ਪਏ, ਜੇ ਸਿੱਧੀਆਂ ਉਂਗਲੀਆਂ ਨਾਲ ਘਿਓ ਨਿਕਲ ਆਏ ਤੇ ਫੇਰ ਟੇਢਿਆਂ ਕਰਨ ਦੀ ਕੀ ਲੋੜ ਏ।

ਫ਼ੌਜਾਂ ਆ ਜਾਣ ਤੇ ਫੇਰ ਮੁਸ਼ਕਲ ਏ, ਪਹਿਲਾਂ ਈ ਅੱਗਲਵਾਂਢੀ ਜਾ ਮਿਲੋ, ਛੇਤੀ ਕੰਮ ਰਾਸ ਆ ਜਾਏਗਾ। ਨਜ਼ਰਾਨਾ ਤੇ ਰਿਸ਼ਵਤ, ਰਕਮ ਤੇ ਕਰ ਦੀ ਗਿਣੀ ਜਾਣੀ ਏ। ਬਾਕੀ ਤੇ ਸਭ ਭੰਗ ਦੇ ਭਾੜੇ ਈ ਜਾਏਗਾ।

ਚਾਰ ਹਜ਼ਾਰ ਮੋਹਰਾਂ ਦੀਆਂ ਥੈਲੀਆਂ ਲੈ ਲਵੋ ਤੇ ਆਣ ਮਿਲੋ। ਨਾ ਖ਼ਾਨ ਗੁਲੇਰ ਆਏ ਤੇ ਨਾ ਝਗੜਾ ਵਧੇ।

ਖ਼ੈਮੇ ਲੱਗ ਗਏ ਸਨ, ਫ਼ੌਜ ਨੇ ਮੋਰਚੇ ਸੰਭਾਲ ਲਏ ਏਲਚੀ ਭੇਜਿਆ ਗਿਆ।

ਹੁਸੈਨ ਖ਼ਾਂ ਦਾ ਹੁਕਮ ਏ ਖ਼ਰਾਜ ਦੀ ਰਕਮ ਹਾਜ਼ਰ ਕੀਤੀ ਜਾਏ ਵਰਨਾ ਸ਼ਹਿਰ ਫੂਕ ਦਿੱਤਾ ਜਾਏਗਾ, ਏਲਚੀ ਦੱਬੀ ਜ਼ਬਾਨ 'ਚ ਆਖ ਰਿਹਾ ਸੀ।

—ਹੁਕਮ ਸਿਰ ਮੱਥੇ, ਏਲਚੀ ਨੂੰ ਸਰਦਾਰਨਾ ਦੇ ਦਿਓ ਅਸੀਂ ਆਏ ਕਰ ਦੀ ਰਕਮ ਲੈ ਕੇ।

ਜਲਦੀ ਵਕਤ ਨਹੀਂ, ਦੇਰ ਨਹੀਂ ਕਰਨੀ, ਹੁਸੈਨ ਖ਼ਾਂ ਦਾ ਮਿਜ਼ਾਜ ਬੜਾ ਤਿੱਖਾ ਏ।

- ਤੁਸੀਂ ਚੱਲੋ ਤੇ ਅਸੀਂ ਤੁਹਾਡੇ ਮਗਰ-ਮਗਰ ਆਏ,ਦੇਰ ਕਾਹਦੀ ਏ ਥੈਲੀਆਂ ਭਰ ਚੁੱਕੀਆਂ ਹਨ, ਕੌਣ ਉੱਥੇ ਹੁਸੈਨ ਖ਼ਾਂ ਦੇ ਨਾਲ ਏ, ਕਿਹੜਾ ਸਲਾਹਗੀਰ ਏ।

— ਅਜੇ ਤੇ ਸਿਰਫ਼ ਤਿੰਨ ਰਾਜੇ ਹਨ, ਅਜਮੇਰ ਸਿੰਘ-ਕ੍ਰਿਪਾਲ ਚੰਦ ਕਾਂਗੜੇ ਦਾ—ਬਰਾਏ ਨਾਮ ਰਾਜਾ ਮੁਧਕਰ ਸ਼ਾਹ ਤੇ ਬਾਕੀ ਲਾਹੌਰ ਦੇ ਅਹਿਲਕਾਰ ਹਨ।

ਏਲਚੀ ਦੀਆਂ ਝੋਲੀਆਂ ਭਰ ਦਿਓ, ਹੋਰ ਕੋਈ ਰਾਜ ਦੀ ਗੱਲ।

— ਨੀਯਤ ਖ਼ਰਾਬ ਨਜ਼ਰ ਆਉਂਦੀ ਏ ਪਹਾੜੀਏ ਕਿਸੇ ਇਤਬਾਰ ਦੇ ਕਾਬਲ ਨਹੀਂ।

- ਉਹ ਤੇ ਮੈਂ ਵੀ ਜਾਣਦਾ ਹਾਂ, ਮੇਰੇ ਹੀ ਭਰਾ ਹਨ, ਮੇਰੀ ਈ ਬਿਰਾਦਰੀ ਏ।

ਚਾਰ ਹਜ਼ਾਰ ਮੋਹਰਾਂ ਲੈ ਕੇ ਚੱਲਿਆ ਰਾਜਾ ਗੁਲੇਰ ਦਾ ਗੋਪਾਲ ਜੈ ਮਾਤਾ ਦੀ—ਜੈ ਦੁਰਗਾ ਦੀ—ਜੈ ਜਵਾਲਾ ਮੁਖੀ ਮੇਰੀ ਲਾਜ ਤੇਰੇ ਹੱਥ ਵਿਚ ਏ।

ਓਸ ਗੁਲੇਰ ਦੀ ਧਰਤੀ ਨੂੰ ਨਮਸਕਾਰ ਕੀਤੀ, ਸਿਰ ਝੁਕਾਇਆ, ਸ਼ਿਵ ਮੰਦਰ ਦੇ ਸਾਹਮਣੇ. ਅੱਗੇ ਪਿਆਂ ਨੂੰ ਤੇ ਸ਼ੇਰ ਵੀ ਨਹੀਂ ਖਾਂਦਾ।

ਪਹਿਲਾਂ ਪੁੱਜ ਚੁੱਕਾ ਸੀ ਦੀਵਾਨ, ਇਜਾਜ਼ਤ ਮਿਲ ਗਈ ਸੀ ਘੋੜੇ ਬਿਲਕੁਲ ਸ਼ਾਮਿਆਣੇ ਦੇ ਸਾਹਮਣੇ ਰੋਕੇ।

ਝੁੱਕ ਕੇ ਸਲਾਮ ਕੀਤੀ, ਮੈਂ ਹਾਜ਼ਰ ਹਾਂ ਗੁਲੇਰ ਦਾ ਰਾਜਾ, ਅਸੀਂ ਤੇ ਮੁਗ਼ਲ ਹਕੂਮਤ ਦੇ ਖ਼ੈਰਖ਼ਾਹ ਹਾਂ, ਅਸੀਂ ਹਜ਼ੂਰ ਦੇ ਹੁਕਮ ਦੀ ਪਾਲਣਾ ਕਰਨ ਲਈ ਹਰ ਵੇਲੇ ਤਿਆਰ ਹਾਂ। ਜ਼ਰ ਖ਼ਰੀਦ ਗ਼ੁਲਾਮ ਦਾ ਕੰਮ ਕੀ ਏ ਜੀਅ ਹਜ਼ੂਰੀ।

— ਕੀ ਹੁਕਮ ਏ, ਤੁਹਾਨੂੰ ਇੱਥੇ ਆਉਣ ਦੀ ਤਕਲੀਫ਼ ਕਿਉਂ ਕਰਨੀ ਪਈ, ਮੈਨੂੰ ਕਾਂ ਹੱਥ ਸੁਨੇਹਾ ਭੇਜ ਦਿੰਦੇ ਤੇ ਮੈਂ ਨੰਗੀ ਪੈਰੀਂ ਹਾਜ਼ਰ ਹੋ ਜਾਂਦਾ। ਚਲੋ ਏਸੇ ਬਹਾਨੇ ਦੀਦਾਰ ਹੋ ਗਏ।

- ਕਿਉਂ ਰਾਜਾ ਜੀ ਮੇਰੇ ਨਾਂ ਤੋਂ ਡਰਦੇ ਹਨ ਲੋਕ।

- ਤੁਹਾਡੇ ਜਲਾਲ ਦੇ ਸੂਰਜ ਸਾਹਮਣੇ ਦੀਵਾ ਕਿੱਦਾਂ ਬੱਲ ਸਕਦੈ। ਕ੍ਰਿਪਾਲ ਚੰਦ ਬੋਲਿਆ।

—ਜੈ ਭਵਾਨੀ ਜੈ ਦੁਰਗੇ ਜੈ ਦੇਵਾ, ਸਾਰੇ ਸ਼ਾਮਿਆਣੇ 'ਚ ਗੂੰਜ ਪਈ।

— ਨਜ਼ਰਾਨਾ ਕਬੂਲ ਕਰੋ, ਮੈਂ ਛੋਟੀ ਜਿਹੀ ਰਿਆਸਤ ਦਾ ਰਾਖਾ ਹਾਂ।

—ਪਹਿਲਾਂ ਕਰ ਤੇ ਫੇਰ ਨਜ਼ਰਾਨਾ, ਤੁਹਾਡੀ ਅਕਲ ਤੋਂ ਵਾਰੇ-ਵਾਰੇ ਜਾਈਏ, ਤੁਸਾਂ ਤੇ ਆਪਣਾ ਸ਼ਹਿਰ ਬਚਾ ਲਿਆ। ਖ਼ੂਨ-ਖ਼ਰਾਬੇ ਤੋਂ, ਖ਼ੁਦਾ ਦੀ ਖ਼ੁਦਾਈ ਦਾ ਨਾਹੱਕ ਖ਼ੂਨ ਜ਼ਮੀਨ ਤੇ ਕਿਉਂ ਡਿੱਗੇ। ਤੁਹਾਡੀ ਜਾਗੀਰ ਤੁਹਾਨੂੰ ਮੁਬਾਰਕ। ਅਸੀਂ ਤੇ ਸਿਰਫ਼ ਕਰ ਲੈਣ ਲਈ ਈ ਆਏ ਹਾਂ ਫ਼ਤਹਿ ਕਰਨ ਦੀ ਸਾਡੀ ਕੋਈ ਮਰਜ਼ੀ ਨਹੀਂ।

—ਚਾਰ ਹਜ਼ਾਰ ਮੋਹਰਾਂ ਗਿਣ ਲਵੋ, ਜਿੰਨੀਂ ਪਾਇਆਂ ਸੀ ਹਾਜ਼ਰ ਕਰ ਦਿੱਤੀ ਏ ਥੋੜਾ ਦੇਣਾ ਤੇ ਬਹੁਤੀ ਮਿਨਤ।

— ਵਿਚ ਕ੍ਰਿਪਾਲ ਚੰਦ ਬੋਲ ਪਿਆ, ਪੁਰਾਣੇ ਕਿਰਤ ਕੱਢਣ ਲੱਗਾ ਦੱਸ ਹਜ਼ਾਰ ਬਕਾਇਆ ਏ, ਗੁਲੇਰ ਨੂੰ ਮੋਹਰਾਂ ਦਾ ਕੋਈ ਘਾਟਾ ਨਹੀਂ। ਖ਼ਜ਼ਾਨੇ ਉੱਛਲਦੇ ਪਏ ਹਨ।

—ਆਪਣੀ ਅਕਲ ਤੇ ਦੂਜੇ ਦੀ ਦੌਲਤ ਹਮੇਸ਼ਾ ਈ ਜ਼ਿਆਦਾ ਜਾਪਦੀ ਏ। ਰਾਜਾ ਜੀ ਮੇਰੇ ਕਿਹੜੇ ਹੱਲ ਵੱਗਦੇ ਹਨ!

—ਅੰਬਾਂ ਦੇ ਬਾਗ ਥੋੜੇ ਹਨ ਇਹ ਛੂਕਿਆਂ ਨਹੀਂ ਮੁੱਕਦੇ।

ਗੋਪਾਲ ਜੀ, ਤੁਹਾਡੇ ਜ਼ੁੰਮੇਂ ਹਿਸਾਬ-ਕਿਤਾਬ ਅਜੇ ਬਾਕੀ ਏ, ਬਕਾਇਆ ਦੇਣਾ ਜ਼ਰੂਰ ਏ ਇਹ ਸਾਡੀ ਇੱਜ਼ਤ ਦਾ ਸਵਾਲ ਏ।

—ਸੁਣ ਲਈ ਏ ਰਕਮ ਪਰ ਇੰਨੀਂ ਰਕਮ ਇਕ ਵਾਰ ਕਿੱਦਾਂ ਦਿੱਤੀ ਜਾ ਸਕਦੀ ਏ, ਮੋਹਲਤ ਦਿਓ ਬੰਦੋ-ਬਸਤ ਕਰ ਲਿਆ ਜਾਏਗਾ।

—ਕ੍ਰਿਪਾਲ ਚੰਦ ਨੇ ਮਨ ਵਿਚ ਵਿਚਾਰਿਆ ਹੁਣ ਫੱਸਿਆ ਏ ਸ਼ੇਰ ਪਿੰਜਰੇ ਵਿਚ।

—ਫੱਸੀ ਤੇ ਫੜਕਣ ਕਾਹਦਾ, ਜੋ ਭਾਅ ਪੈ ਗਈ ਕੱਟਾਂਗੇ।

— ਯੱਕਮੁਸ਼ਤ ਰਕਮ ਚਾਹੀਦੀ ਏ ਜਾਂ ਵੰਡੀਆਂ ਪਾ ਕੇ।

—ਮੈਨੂੰ ਰਕਮ ਤੇ ਇਕੱਠੀ ਚਾਹੀਦੀ ਏ, ਮੈਂ ਰੋਜ਼-ਰੋਜ਼ ਨਹੀਂ ਆ ਸਕਦਾ, ਫੌਜਾਂ ਦਾ ਖ਼ਰਚ ਤੁਹਾਡੇ ਜ਼ੁੰਮੇਂ, ਜਿੰਨਾਂ ਚਿਰ ਮਰਜ਼ੀ ਬਿਠਾਈ ਰੱਖੋ, ਯਾਰਾਂ ਤੇ ਪੱਠੇ ਈ ਖਾਣੇ ਨੇ। ਮੌਸਮ ਖ਼ੂਬਸੂਰਤ ਏ ਜ਼ਰਾ ਕੁ ਰੰਗ ਮੌਜ ਮੇਲਾ ਹੋ ਜਾਏ।

— ਮੈਂ ਰਸੀਦ ਭੇਜ ਦਿੰਦਾ ਹਾਂ, ਚਾਰ ਹਜ਼ਾਰ ਮੋਹਰਾਂ ਮੋੜ ਕੇ ਲੈ ਚਲੋ ਤੇ ਰਸੀਦ ਖ਼ਾਨਜ਼ਾਦੇ ਤੋਂ ਭਰਵਾ ਦਿਓ, ਜਲਦੀ ਜਾਓ ਦੇਰ ਨਹੀਂ ਹੋਣੀ ਚਾਹੀਦੀ।

— ਅੱਛਾ ਰਾਜਾ ਜੀ ਜੈ ਦੇਵਾ, ਖ਼ਾਨ ਮੇਰੀ ਉਡੀਕ ਕਰਨੀ ਮੈਂ ਮਾੜਾ ਬੰਦਾ ਹਾਂ, ਰਾਜਾ ਗੋਪਾਲ ਬੋਲਿਆ।

—ਘੋੜੇ ਤੇ ਸਵਾਰ ਰਾਜਾ ਗੋਪਾਲ ਜਾ ਰਿਹਾ ਸੀ, ਸੋਚ ਰਿਹਾ ਸੀ ਇਹ ਪੱਤ ਲੁਟੇਗਾ, ਪੱਤ ਵੀ ਲੁਟੇਗਾ ਤੇ ਕਰ ਵੀ ਵਸੂਲ ਕਰੇਗਾ ਤੇ ਪੱਗ ਵੀ ਰੋਲੇਗਾ, ਏਸ ਜਿਉਣ ਨਾਲੋਂ ਮਰ ਜਾਣਾ ਬਿਹਤਰ ਏ, ਭਰਾ-ਭਰਾ ਦੀ ਪੱਗ ਲਾਹੁਣ ਲੱਗ ਪਿਐ। ਜਿਸ ਘਰ ਵਿਚ ਜੈ ਚੰਦ ਵਰਗੇ

ਜੰਮ ਪੈਣ ਓਸ ਘਰ ਦਾ ਵੈਰ ਰੱਬ ਈ ਰਾਖੇ, ਕ੍ਰਿਪਾਲ ਚੰਦ ਦੇ ਬੋਲਾਂ ਵਿਚੋਂ ਦੁਸ਼ਮਣੀ ਦੀ ਖੁਸ਼ਬੂ ਆ ਰਹੀ ਸੀ।

—ਇਹ ਖ਼ਾਨਜ਼ਾਦਾ ਸ਼ਰਾਬ ਵੀ ਮੰਗੇਗਾ, ਕਬਾਬ ਵੀ ਤੇ ਸ਼ਬਾਬ ਵੀ, ਇਹ ਪਰਖੇਗਾ ਮਾਸੂਮ ਬੁਲਬੁਲਾਂ, ਇਹਦੇ ਸਿਰ ਤੇ ਹਰਾਮ ਚੜ੍ਹਿਆ ਹੋਇਐ। ਮਰ ਜਾਣਾ ਬਿਹਤਰ ਏ। ਗੁਰੂ ਦੀ ਸ਼ਰਨ ਲਵੋ ਤੇ ਕਿਲ੍ਹੇ ਵਿਚ ਬੰਦ ਹੋ ਜਾਓ, ਰਸਦ ਦੇ ਜ਼ਖ਼ੀਰੇ ਫੇਰ ਇਕੱਠੇ ਕਰ ਲਵਾਂਗੇ। ਗੁਰੂ ਸਾਰਿਆਂ ਦਾ ਰਾਖਾ ਏ।

—ਘੋੜੇ, ਖੱਚਰ, ਖੋਤੇ ਲੱਦੇ ਗਏ ਰਸਦ ਤੇ ਪਹਿਲਾਂ ਭੇਜ ਦਿਓ ਕਿਲ੍ਹੇ ਵਿਚ ਤੇ ਇਹਦੇ ਨਾਲ ਈ ਆਪਣੇ ਜ਼ਖ਼ੀਰੇ ਵੀ ਭਰ ਲਵੋ, ਦੁਸ਼ਮਣ ਦੀਆਂ ਅੱਖਾਂ ਇਹ ਅੰਦਾਜ਼ਾ ਨਾ ਲਾ ਸਕਣ।

– ਪਹਿਲੀ ਕਿਸ਼ਤ ਰਸਦ ਦੀ ਖੁਲ੍ਹ ਜਾਏ। ਸਮਾਨ ਹੌਲੀ-ਹੌਲੀ ਉਤਰੇ ਸ਼ੱਕ ਵੀ ਨਾ ਪਏ ਜ਼ਖ਼ੀਰੇ ਰਸਦ ਨਾਲ ਉੱਛਲ ਪੈਣ ਜਲਦੀ ਬਹੁਤ ਜਲਦੀ ਮੈਂ ਆਨੰਦਪੁਰ ਪੈਗ਼ਾਮ ਭੇਜਦਾ ਹਾਂ।

—ਮੈਂ ਤੁਹਾਡੀ ਸ਼ਰਨ ਵਿਚ ਹਾਂ, ਹਸੈਨ ਖ਼ਾਂ ਨੇ ਸ਼ਾਮਿਆਨੇ ਗੱਡ ਦਿੱਤੇ ਹਨ। ਫ਼ੌਜ ਬੇ-ਸ਼ੁਮਾਰ ਏ ਤੇ ਮੈਂ ਕਿਲ੍ਹੇ ਵਿਚ ਬੰਦੀ ਬਣਿਆ ਬੈਠਾ ਹਾਂ, ਦੁਸ਼ਮਣ ਖ਼ਤਰਨਾਕ ਏ। ਉਹਦੇ ਸਲਾਹਗੀਰ ਕਮੀਨੇ ਹਨ, ਦੇਰ ਨਾ ਕਰਨੀ ਵਰਨਾ ਇਹ ਤੇਰਾ ਖ਼ਾਨਦਾਨ ਤੇ ਬਾਕੀ ਫੌਜ ਸਵਾਹ ਦੀ ਢੇਰੀ ਬਣ ਜਾਏਗੀ. ਮੈਂ ਤੇ ਮੇਰਾ ਕਿਲ੍ਹਾ ਰਾਖ ਨਜ਼ਰ ਆਏਗਾ।

— ਰਸਦ ਮਿਲ ਗਈ ਸ਼ੁਕਰੀਆ ਪਰ ਸ਼ਰਾਬ, ਕਬਾਬ ਤੇ ਸ਼ਬਾਬ ਅਜੇ ਤੱਕ ਨਹੀਂ ਆਇਆ।

—ਇਹਦੇ ਲਈ ਵਕਤ ਚਾਹੀਦੈ, ਇਹ ਲਾਹੌਰ ਨਹੀਂ ਗੁਲੇਰ ਏ, ਅਜੇ ਸ਼ਾਮਾਂ ਪੈਣ ਵਿਚ ਦੇਰ ਹੈ, ਗੋਪਾਲ ਰਾਜੇ ਨੇ ਜਵਾਬ ਭੇਜਿਆ।

—ਜਲਦੀ ਬਹੁਤ ਜਲਦੀ ਦੁਸ਼ਮਣ ਸਿਰ ਤੇ ਬੈਠਾ ਹੋਇਐ।

– ਤੁਸੀਂ ਫ਼ਿਕਰ ਨਾ ਕਰੋ ਰਾਜਾ ਜੀ ਕਿਸੇ ਗੱਲ ਦੀ ਘਾਟ ਨਹੀਂ ਆਉਣ ਲੱਗੀ। ਚਾਰ ਘੋੜੇ ਕਿਲ੍ਹੇ ਅੰਦਰ ਲੱਥਦੇ ਹਨ ਤੇ ਇਕ ਘੋੜਾ ਤੇ ਸ਼ਾਮਿਆਨਾ ਮਿਲ ਜਾਂਦੈ। ਹੌਲੀ-ਹੌਲੀ ਕਿੰਨੀ ਕੁ ਫ਼ੌਜ ਉਤਰੇਗੀ।

— ਸਾਰਾ ਦਿਨ ਇਸੇ ਤਰ੍ਹਾਂ ਲਗ ਗਿਆ। ਪਹਿਲੀ ਵਾਰੀ ਨਾ ਸ਼ਰਾਬ ਪੀਤੀ ਨਾ ਸ਼ਬਾਬ ਤੇ ਨਾ ਕਬਾਬ, ਇਹਦੇ ਲਈ ਮਾਫ਼ੀ ਦਿਓ ਖ਼ਾਂ ਸਾਹਬ ਇਹ ਸਾਡੇ ਧਰਮ ਦੇ ਉਲਟ ਏ।

— ਜਦ ਏਲਚੀ ਪੁੱਜਾ ਤੇ ਕਿਲ੍ਹੇ ਦੇ ਫਾਟਕ ਬੰਦ ਸਨ, ਰਾਜੇ ਆਪਣੇ ਖ਼ੇਮੇ 'ਚ ਬੈਠੇ ਹੁਕਮ ਦੇ ਰਹੇ ਸਨ।

—ਕਿਨ ਰਾਜੇ ਹਨ ਕੀ ਉਹ ਨਿੱਕਾ ਜਿਹਾ ਕੰਮ ਵੀ ਨਹੀਂ ਕਰ ਸਕਦੇ।

—ਰਾਜਾ ਜੀ ਖ਼ਾਨ ਦਾ ਗੁੱਸਾ ਬੜਾ ਚੰਡਾਲ ਏ, ਉਹ ਤੇ ਤਰਲੋ-ਮੱਛੀ ਹੋ ਰਿਹਾ ਹੋਵੇਗਾ।

—ਅੱਗੇ ਤੇ ਰੱਬ ਦਾ ਵੈਰ ਏ, ਰਸਦ ਭੇਜ ਦਿੱਤੀ ਏ ਅਨਮਿਣੀ, ਖ਼ਰਾਜ ਦੇਣ ਦਾ ਇਕਰਾਰ ਕਰ ਲਿਐ, ਇੱਜ਼ਤ ਦੇਣ ਦਾ ਕੋਈ ਵਾਅਦਾ ਨਹੀਂ ਸੀ ਕੀਤਾ, ਖ਼ਾਨ ਜੇ ਸਾਡੀ ਬਹੂ-ਬੇਟੀਆਂ ਤੇ ਹੱਥ ਅਜ਼ਮਾਏਗਾ ਤੇ ਫੇਰ ਸਾਡੀ ਤਲਵਾਰ ਈ ਇਹਦਾ ਫ਼ੈਸਲਾ ਕਰੇਗੀ ਅਸਾਂ ਚੂੜੀਆਂ ਨਹੀਂ ਪਾਈਆਂ ਹੋਈਆਂ, ਖ਼ਾਨ ਦੇ ਦੇ ਹੱਥ ਨਹੀਂ।

—ਜੇ ਇਨਾ ਈ ਸ਼ੌਕ ਸੀ ਤਾਂ ਲਾਹੌਰ ਤੋਂ ਲੈ ਕੇ ਆਉਣਾ ਸੀ ਸਭ ਕੁਝ। ਸਭ ਕੁਝ ਤੇ

ਭੇਜ ਦਿੱਤਾ ਏ, ਜਿਹੜੀ ਕਸਰ ਏ ਉਹ ਆਪ ਪੂਰੀ ਕਰ ਲੈਣ, ਜੇ ਖ਼ਾਨ ਨੂੰ ਐਨੇ ਤੇ ਸਬਰ ਨਹੀਂ ਤੇ ਇਹਦਾ ਫ਼ੈਸਲਾ ਫੇਰ ਤਲਵਾਰ ਕਰੇਗੀ।

ਨਗਾਰੇ ਵਜਾ ਦਿੱਤੇ ਢੋਲ ਬੁਰ੍ਹਕਿਆ, ਏਲਾਨੇ-ਜੰਗ, ਮਹਾਸਰਾ ਅਜੇ ਟੁੱਟਾ ਨਹੀਂ ਸੀ। ਰਾਜਿਆਂ ਤੇ ਉਬਾਸੀਆਂ ਲੈਣੀਆਂ ਈ ਸਨ। ਖ਼ਾਨ ਨੂੰ ਵੀ ਰੋਚਾ ਰੱਖਣਾ ਈ ਪਿਆ।

★

ਫਾਟਕ ਬੰਦ ਹੋ ਗਿਆ ੧੪੭

—ਕ੍ਰਿਪਾਲ ਚੰਦ ਨੇ ਅਰਜ਼ ਕੀਤੀ ਖ਼ਾਨਜ਼ਾਦੇ ਪੰਜੇ ਵਿਚ ਆਏ ਦੁਸ਼ਮਣ ਨੂੰ ਛੱਡ ਦਿੱਤਾ ਜੇ। ਸੱਪ ਤੇ ਦੁਸ਼ਮਣ ਨੂੰ ਧੋਖਾ ਦੇ ਕੇ ਮਾਰੀਦੈ। ਵੇਖੋ ਹੁਣ ਪਹਾੜੀਆਂ ਦੀ ਨੌਸਰਬਾਜ਼ੀ. ਇਨ੍ਹਾਂ ਦੀਆਂ ਅੱਖਾਂ ਵਿਚ ਲੱਜ ਬਿਲਕੁਲ ਨਹੀਂ, ਇਹ ਦੀਦ-ਮੁਰੀਦ ਦੇ ਨਹੀਂ।

—ਜ਼ਮੀਨ ਨਹੀਂ ਖਾ ਚਲੀ, ਅਸਮਾਨ ਉਡਾ ਕੇ ਨਹੀਂ ਲੈ ਚਲਿਆ, ਸਾਡੀ ਪਕੜ ਵਿਚੋਂ ਕਿਦਾਂ ਨਿਕਲ ਜਾਏਗਾ, ਪਿੰਜਰਾ ਸਾਡੇ ਹੱਥ ਵਿਚ ਏ ਸਿਰਫ਼ ਤਾਕੀ ਖੋਲ੍ਹੀ ਏ। ਫ਼ੌਜ ਨੇ ਗੁਲੇਰ ਦੇ ਕੱਖ ਚੁਣ ਲੈਣੇ ਨੇ, ਮੈਂ ਪਤੰਗ ਨੂੰ ਢਿੱਲ ਦਿੱਤੀ ਏ, ਡੋਰ ਢਿੱਲੀ ਛੱਡੀ ਏ। ਪਿੰਨਾ ਮੇਰੇ ਆਪਣੇ ਹੱਥ ਏ। ਗੁਲੇਰ ਛੱਡ ਕੇ ਕਿਸੇ ਪਹਾੜ ਦੀ ਖੁੰਦਰ ਵਿਚ ਵੀ ਜਾ ਛੁਪੇ ਫੇਰ ਵੀ ਸਾਡੀ ਮੁੱਠ ਵਿਚ ਰਹੇਗਾ। ਲਗਾਨ ਵਸੂਲ ਕਰਨਾ ਏ ਕੁਝ ਸਮਾਂ ਤੇ ਦੇਣਾ ਈ ਪਏਗਾ।

—ਸ਼ਰਾਬ, ਕਬਾਬ ਤੇ ਸ਼ਬਾਬ ਇਹ ਪਹਿਲਾਂ ਭੇਜਣੇ ਸਨ, ਇਕ ਰਾਜਾ ਬੋਲਿਆ।

—ਜ਼ਰੂਰ ਆਉਣਗੇ ਜੇ ਉਹ ਭੇਜੂ ਤਾਂ। ਤੁਸੀਂ ਮਰ ਗਏ ਹੋ।

—ਜੇ ਓਸ ਦਰ ਵੱਟ ਲਈ ਤੇ ਫੇਰ ਮਾੜੀ ਜਿਹੀ ਐਵੇਂ ਜ਼ਬਾਨ ਈ ਹਿਲਾਣੀ ਏ।

—ਬੇੜੀਆਂ 'ਚ ਜਕੜਿਆ ਜਾਊ ਜਾਂ ਫਿਰ ਜੰਗ, ਏਸ ਤੋਂ ਘੱਟ ਕਿਤੇ ਵੀ ਫ਼ੈਸਲਾ ਨਹੀਂ ਹੋ ਸਕਦਾ। ਜੰਗ ਵਿਚ ਈ ਪੇਸ਼ ਕੀਤੀਆਂ ਜਾਣਗੀਆਂ ਇਹ ਨਿਯਮਤਾਂ ਫੇਰ ਸ਼ਰਾਬ ਦਾ ਨਸ਼ਾ ਵਾਧੂ ਖਿੜੇਗਾ। ਕਬਾਬ ਦਾ ਜ਼ਾਇਕਾ ਕੁਝ ਨਿਰਾਲਾ ਈ ਹੋਵੇਗਾ। ਸ਼ਬਾਬ ਤਲਵਾਰਾਂ ਦੀ ਛਾਂ ਥੱਲੇ ਮੌਸਮ ਖ਼ੁਸ਼ਗਵਾਰ ਏ ਠੰਡੀ-ਠੰਡੀ ਪੌਣ ਵਗ ਰਹੀ ਏ ਏਸ ਰੰਗੀਨ ਮੌਸਮ ਵਿਚ ਅਸੀਂ ਵੀ ਜ਼ਬਾਨ ਦਾ ਸਵਾਦ ਬਦਲ ਲਵਾਂਗੇ।

—ਕੀੜੀਆਂ ਨੂੰ ਵੀ ਖੰਭ ਨਿਕਲ ਆਏ ਨੇ। ਰਾਜਾ ਜੀ ਦੁਸ਼ਮਣ ਨੂੰ ਦੋਸਤ ਬਣਾ ਕੇ ਜਿੱਤੋ।

—ਗੁਲੇਰ ਦਾ ਕਿਲ੍ਹਾ ਬੰਦ ਏ, ਦਰਵਾਜ਼ਾ ਅਜੇ ਬੰਦ ਨਹੀਂ ਹੋਇਆ। ਗੁਲੇਰ ਵਾਲੇ ਆਖਦੇ ਹਨ ਕਿ ਅਸਾਂ ਦੀਨ ਨਹੀਂ ਮੰਨਣੀ, ਪੁਰਜ਼ਾ-ਪੁਰਜ਼ਾ ਕੱਟ ਮਰਾਂਗੇ ਇਕ ਏਲਚੀ ਆਖਣ ਲੱਗਾ।

—ਰਾਜਾ ਗੋਪਾਲ ਤੇ ਅਜੇ ਸਾਡੇ ਇਸ਼ਾਰਿਆਂ ਤੇ ਚਲ ਰਿਹਾ ਏ।

—ਹਾਂ ਖ਼ਾਨ ਬਹਾਦਰ ਉਹ ਲਗਾਨ ਦੇਣਗੇ, ਨਜ਼ਰਾਨਾ ਵੀ ਪਰ ਇਕ ਸ਼ਰਤ ਉਹਨਾਂ ਨਹੀਂ ਮੰਨਣੀ, ਉਹ ਇਹ ਕਿ ਸ਼ਰਾਬ, ਸ਼ਬਾਬ ਤੇ ਕਬਾਬ, ਏਲਚੀ ਨੇ ਫਿਰ ਜ਼ੁਰੱਤ ਕੀਤੀ।

—ਸ਼ਰਾਬ ਸ਼ਬਾਬ ਦੇ ਤੇ ਉਹ ਵੀ ਸ਼ੌਕੀਨ ਹਨ।

– ਇਹ ਦੋਵੇਂ ਚੀਜ਼ਾਂ ਜ਼ਰੂਰ ਹਾਜ਼ਰ ਹੋ ਜਾਣਗੀਆਂ ਪਰ ਜਦੋਂ ਸ਼ਬਾਬ ਦੀ ਗੱਲ ਹੋਈ ਤੇ ਫੇਰ ਵਿਗੜ ਜਾਏਗੀ ਬਣੀ ਬਣਾਈ ਗੱਲ, ਇਹ ਵੀ ਏਲਚੀ ਦੀ ਆਵਾਜ਼ ਸੀ।

—ਸ਼ਰਾਬ ਤੇ ਕਬਾਬ ਦੀਆਂ ਤਸ਼ਤਰੀਆਂ ਆ ਰਹੀਆਂ ਨੇ, ਰਾਜਾ ਸੁਲਹਾ ਕਰਨ ਦੇ ਹੱਕ 'ਚ ਏ। ਜ਼ਰਾ ਸ਼ਬਾਬ 'ਚ ਗੱਲ ਅੜਨੀ ਏ.ਇਕ ਅਹਿਲਕਾਰ ਨੇ ਜ਼ਰਾ ਕੁ ਦੱਬੀ ਜ਼ਬਾਨ'ਚ ਆਖਿਆ।

— ਗੁਲੇਰ ਵਿਚੋਂ ਸ਼ਬਾਬ ਢੂੰਡ ਲਿਆਵੇ, ਦੋਸਤ ਦੀ ਇਕ ਗੱਲ ਮੰਨ ਲੈਣੀ ਚਾਹੀਦੀ ਏ, ਹੁਸੈਨ ਖ਼ਾਂ ਨੇ ਜ਼ਰਾ ਕੁ ਢਿੱਲ ਦਿੱਤੀ।

ਇਧਰ ਰਾਜਾ ਗੋਪਾਲ ਸਮੇਂ ਨੂੰ ਧੱਕਾ ਦੇ ਰਿਹਾ ਸੀ। ਅਜੇ ਉਹਦੇ ਸਾਥੀ ਆਏ ਨਹੀਂ ਸਨ। ਛੋਟੀਆਂ-ਛੋਟੀਆਂ ਟੁਕੜੀਆਂ ਆ ਰਹੀਆਂ ਸਨ। ਰਾਜਾ ਰਾਮ ਸਿੰਘ, ਰਾਜਾ ਕੇਸਰੀ ਚੰਦ ਜਸਵਾਲੀਆਂ ਤੇ ਰਾਜਾ ਗਾਜ਼ੀ ਚੰਡੋਲੀਆ ਤੇ ਸੰਗਤੀਆ ਤੇ ਹੋਰ ਸਿੱਖ ਕਿਲ੍ਹੇ ਵਿਚ ਆ ਚੁੱਕੇ ਸਨ। ਰਸਦ ਦਾ ਜ਼ਖੀਰਾ ਇਕੱਠਾ ਕੀਤਾ ਜਾ ਰਿਹਾ ਸੀ। ਕਿਲ੍ਹੇ ਦਾ ਇਕ ਦਰਵਾਜ਼ਾ ਢੋਇਆ ਹੋਇਆ ਸੀ। ਦੂਜਾ ਕਦੋਂ ਬੰਦ ਕੀਤਾ ਜਾਏਗਾ ਇਹ ਕੋਈ ਨਹੀਂ ਸੀ ਜਾਣਦਾ। ਸ਼ਾਮਾਂ ਢੱਲ ਪਈਆਂ ਸਨ ਹਨ੍ਹੇਰਾ ਹੋਣ ਵਾਲਾ ਸੀ, ਹੁਸੈਨ ਖ਼ਾਂ ਨੇ ਮਹਿਫ਼ਲ ਜਮਾ ਲਈ ਤੇ ਫ਼ੌਜੀ ਅਫ਼ਸਰ ਗੁਲੇਰ ਦੇ ਪਿੰਡ ਜਾ ਵੜੇ। ਰਾਜਾ ਗੋਪਾਲ ਦੰਦਾਂ ਥੱਲੇ ਜੀਭ ਲਈ ਅੱਖਾਂ ਤੇ ਪੱਟੀ ਬੰਨ੍ਹ ਬੈਠਾ ਸੀ। ਫ਼ੌਜੀ ਅਫ਼ਸਰਾਂ ਇਕ-ਇਕ ਘਰ ਛਾਣ ਮਾਰਿਆ ਜੋ ਕੁਝ ਵੀ ਲੱਭਾ ਗੰਜੀ ਕਾਣੀ, ਕਾਲੀ, ਗੋਰੀ ਅੱਗੇ ਲਾ ਕੇ ਤੋਰ ਲਈਆਂ ਭੇਡਾਂ ਬੱਕਰੀਆਂ। ਹੁਸੈਨ ਖ਼ਾਂ ਸ਼ਰਾਬੀ ਹੋ ਚੁੱਕਾ ਸੀ। ਚੀਕਾਂ ਪੈ ਗਈਆਂ। ਰਾਜਾ ਗੋਪਾਲ ਚਾਹੁੰਦਾ ਤਾਂ ਇਹਨਾਂ ਦੇ ਡੱਕਰੇ ਕਰ ਦਿੰਦਾ। ਉਸ ਸੋਚਿਆ ਪਹਿਲਾਂ ਜਾਨ ਬਚਾਓ। ਹਮਲੇ ਦੀ ਤਿਆਰੀ ਕਰੋ, ਵਕਤ ਮਿਲਿਆ ਏ ਇਹਦਾ ਫ਼ਾਇਦਾ ਉਠਾਇਆ ਜਾਏ। ਸ਼ਰਾਬ ਬਹੁਤ ਤੇਜ਼ ਏ, ਮੂਧੇ ਕਰਕੇ ਰੱਖ ਦਿਉ, ਮੈਂ ਮੱਟ ਭਰ ਕੇ ਭੇਜੇ ਹਨ, ਗੁਰਾਂ ਦੀ ਫ਼ੌਜ ਕੁਝ ਆ ਗਈ ਏ ਤੇ ਕੁਝ ਆ ਰਹੀ ਏ। ਕਲ੍ਹ ਮੈਦਾਨ 'ਚ ਬਾਜ਼ੀ ਵੀ ਪਾਵਾਂਗੇ ਤੇ ਨਿਉਂਦਾ ਵੀ ਪਾਇਆ ਜਾਏਗਾ।

—ਇਹ ਸਾਰਾ ਕੰਮ ਏਸ ਵਿਉਂਤ ਨਾਲ ਕੀਤਾ ਜਾ ਰਿਹਾ ਸੀ ਕਿ ਕੋਈ ਬੰਦਾ ਅੰਦਾਜ਼ਾ ਨਹੀਂ ਸੀ ਲਾ ਸਕਦਾ। ਰਸਦ ਜਾਣ ਦੇ ਹੋਰ ਰਾਹ ਵੀ ਸਨ। ਕਿਲ੍ਹੇ ਦਾ ਦਰਵਾਜ਼ਾ ਜੋ ਖੁਲ੍ਹਾ ਸੀ ਉਹ ਕਦੇ ਵੀ ਬੰਦ ਹੋ ਸਕਦਾ ਸੀ। ਤਾਕਤ ਜਮਾ ਹੋ ਰਹੀ ਸੀ। ਮੋਰਚੇ ਸੰਭਾਲੇ ਜਾ ਰਹੇ ਸਨ। ਸ਼ਰਾਬੀ ਹੁਸੈਨ ਖ਼ਾਂ ਆਪਣੇ ਮਜ਼ੇ ਵਿਚ ਗ਼ਲਤਾਨ ਸੀ, ਰਾਜਾ ਕ੍ਰਿਪਾਲ ਚੰਦ ਦੇ ਪੈਰ ਥਿੜਕ ਰਹੇ ਸਨ। ਸਾਰੀ ਫ਼ੌਜ ਆਪਣੇ ਨੂਕਲ ਪਾਣੀ ਵਿਚ ਰੁਝੀ ਹੋਈ ਸੀ। ਚੰਡਾਲ ਚੌਕੜੀ ਸਾਰੀ ਦੀ ਸਾਰੀ ਸ਼ਰਾਬੀ ਸੀ ਇਕ ਦੇ ਦੋ-ਦੋ ਨਜ਼ਰ ਆ ਰਹੇ ਸਨ।

– ਰਾਜੇ ਗੋਪਾਲ ਨੇ ਕਿਲ੍ਹੇ ਤੇ ਤੋਪ ਚੜ੍ਹਾ ਦਿੱਤੀ। ਹੁਸੈਨੀ ਫ਼ੌਜ ਸ਼ਰਾਬ ਵਿਚ ਚੁੱਭੀਆਂ ਲਾ ਰਹੀ ਸੀ। ਕੈਂਪ ਵਿਚੋਂ ਚੀਕਾਂ ਦੀ ਆਵਾਜ਼ ਉਭਰੀ।

- ਗੁਲੇਰ ਦੀ ਪੱਤ ਲੁੱਟੀ ਜਾ ਰਹੀ ਸੀ। ਮਹਿਲ ਵਿਚੋਂ ਰਾਣੀਆਂ ਜਾ ਚੁਕੀਆਂ ਸਨ। ਮਹਿਲ ਭਾਂ-ਭਾਂ ਕਰ ਰਿਹਾ ਸੀ।

— ਕਰ ਲੈ ਇਕ ਦਿਨ ਮੌਜ। ਜੋ ਜੀਅ ਚਾਹੇ ਅਪੱਦਰ ਮਚਾ ਲੈ। ਖ਼ੁਦਾ ਵੇਖਦਾ ਏ, ਇਹ ਹਿਸਾਬ-ਕਿਤਾਬ ਦੇਣਾ ਪਊ। ਤਾਕਤ ਦੇ ਨਸ਼ੇ 'ਚ ਐਨਾ ਅੰਨ੍ਹਾ ਨਹੀਂ ਹੋਣਾ ਚਾਹੀਦਾ, ਰਾਜਾ ਜੀ ਨੇ ਜ਼ਰਾ ਕੁ ਸੋਚਿਆ।

—ਪਹਿਲਾਂ ਗੁਲੇਰ ਬਚਾਉ ਫੇਰ ਰਾਜ ਸੰਭਾਲੋ ਤੇ ਫੇਰ ਵੇਖੀ ਜਾਊ ਪਿੰਡ ਦੀ ਹਾਲਤ। ਅਣਖ ਅਜੇ ਮਰੀ ਨਹੀਂ, ਕ੍ਰਿਪਾਲ ਚੰਦ ਦੇ ਇਹ ਸਭ ਕਾਰੇ ਹਨ ਦੀਵਾਨ ਨੇ ਆਖਿਆ।

ਗੁਰਾਂ ਦੀ ਫ਼ੌਜ ਦੀਆਂ ਟੁਕੜੀਆਂ ਪੁੱਜ ਗਈਆਂ ਹਨ ਤੇ ਉਹਨਾਂ ਆਪਣੇ ਮੋਰਚੇ ਉੱਚੀ ਜਗ੍ਹਾ ਤੇ ਲਾ ਲਏ ਹਨ। ਉਹ ਅਜੇ ਸਾਹਮਣੇ ਨਹੀਂ ਆਉਣ ਲੱਗੇ। ਵਕਤ ਆਉਣ ਤੇ ਉਜਾਗਰ ਹੋਣਗੇ ਤੇ ਫੇਰ ਦਰਸ਼ਨ ਭੇਟਾ ਦਿੱਤੀ ਜਾਏਗੀ।

—ਰਾਤ ਲੰਘ ਗਈ ਇੰਤਜ਼ਾਮ ਪੂਰਾ ਹੋ ਗਿਆ। ਮੋਰਚੇ ਬੰਨ੍ਹੇ ਗਏ। ਜਿਉਂ-ਜਿਉਂ ਰਾਤ ਗਹਿਰੀ ਹੁੰਦੀ ਤੇ ਕਦੀ-ਕਦੀ ਗੋਲੀ ਚੱਲਣ ਦੀ ਆਵਾਜ਼ ਆਉਂਦੀ ਬਾਕੀ ਕੋਈ ਹੋਰ ਸ਼ੋਰ-ਸ਼ਰਾਬਾ ਨਾ ਹੋਇਆ। ਮਾੜੀਆਂ-ਮੋਟੀਆਂ ਕੁਝ ਚੀਕਾਂ ਜ਼ਰੂਰ ਸੁਣਾਈ ਦੇ ਰਹੀਆਂ ਸਨ।

—ਦਿਨ ਚੜ੍ਹਿਆ ਪੈਗ਼ਾਮ ਲੈ ਕੇ ਆਇਆ ਏਲਚੀ।

—ਕਿਸੇ ਨੇ ਰੋਕਿਆ ਨਾ। ਦਰਵਾਜ਼ੇ ਦੇ ਫਾਟਕ ਖੁੱਲ੍ਹੇ ਸਨ ਪਰ ਕਿਲ੍ਹਾ ਖ਼ਾਮੋਸ਼ ਸੀ।

ਖ਼ਾਨਜ਼ਾਦੇ ਨੇ ਹਾਜ਼ਰੀ ਲਈ ਸਦਿਐ। ਲਗਾਨ ਦੀ ਰਕਮ ਤਾਰੀ ਜਾਏ ਜੇ ਇੰਤਜ਼ਾਮ ਨਹੀਂ ਹੋਇਆ ਤੇ ਹੋਰ ਵਕਤ ਮਿਲ ਸਕਦੈ।

—ਸੰਗਤੀਆ ਤੇ ਰਾਮ ਸਿੰਘ ਰਾਜਾ ਤੇ ਰਾਜਾ ਗੋਪਾਲ ਕਿਲ੍ਹੇ ਵਿਚੋਂ ਨਿਕਲੇ। ਹੁਸੈਨ ਖ਼ਾਂ ਤੱਕ ਅਜੇ ਪੁੱਜੇ ਨਹੀਂ ਸਨ ਰਾਹ ਵਿਚ ਬਿੱਜ ਪੈ ਗਈ।

—ਆਹ ਲਉ ਲਗਾਨ ਦੀ ਰਕਮ,ਨਜ਼ਰਾਨਾ ਕਲ੍ਹ ਮਿਲੇਗਾ, ਇੰਤਜ਼ਾਮ ਕਰ ਰਹੇ ਹਾਂ। ਜ਼ਰੂਰ ਤਾਰਿਆ ਜਾਏਗਾ ਲਗਾਨ।

—ਖ਼ਾਨਜ਼ਾਦੇ ਦਾ ਹੁਕਮ ਏ ਅੱਜ ਸ਼ਾਮ ਤੱਕ ਸਾਰੀ ਰਕਮ ਖ਼ਜ਼ਾਨੇ ਵਿਚ ਜਮਾ ਹੋ ਜਾਣੀ ਚਾਹੀਦੀ ਏ।

— ਠੀਕਰੀਆਂ ਇਕੱਠੀਆਂ ਕਰਨ ਵਿਚ ਵਕਤ ਲਗਦੈ ਇਹ ਤੇ ਮੋਹਰਾਂ ਹਨ, ਰਾਜਾ ਗੋਪਾਲ ਬੋਲਿਆ।

—ਖ਼ਾਨਜ਼ਾਦਾ ਬਹੁਤ ਗ਼ੁੱਸੇ ਵਿਚ ਏ। ਤੁਸਾਂ ਆਪਣੀ ਸ਼ਰਤ ਪੂਰੀ ਨਹੀਂ ਕੀਤੀ।

—ਜੋ ਮੇਰੀ ਤੌਫ਼ੀਕ ਵਿਚ ਸੀ ਉਹ ਹਾਜ਼ਰ ਕਰ ਦਿੱਤੀ ਏ।

—ਅਜੇ ਤੱਕ ਰਾਤ ਦਾ ਗ਼ੁੱਸਾ ਉਤਰਿਆ ਨਹੀਂ। ਸ਼ਰਾਬ ਖ਼ੂਬ ਸੀ, ਕਬਾਬ ਉਹਦਾ ਜਵਾਬ ਨਹੀਂ। ਸ਼ਰਾਬ ਦੀ ਤਾਰੀਫ਼ ਬਹੁਤ ਕਰ ਰਿਹਾ ਸੀ ਖ਼ਾਨਜ਼ਾਦਾ।

—ਭਾਈ ਲਾਲ ਚੰਦ, ਗੰਗਾ ਰਾਮ ਤੇ ਸੰਗਤੀਆ ਨੇ ਆਪਣੀ ਢਾਣੀ ਵੱਖਰੀ ਬਣਾ ਲਈ। ਤਿੰਨ ਸੌ ਸਵਾਰ ਪਤਾ ਨਹੀਂ ਕਿਥੇ ਲੁਕੋ ਕੇ ਬਿਠਾਏ ਹੋਏ ਸਨ।

- ਖ਼ਾਨਜ਼ਾਦੇ ਨੂੰ ਪਤਾ ਵੀ ਨਹੀਂ ਸੀ ਕਿ ਰਾਜਾ ਕ੍ਰਿਪਾਲ ਚੰਦ ਨੇ ਸੋਚਿਆ ਧੋਖੇ ਨਾਲ ਰਾਜੇ ਗੋਪਾਲ ਨੂੰ ਫੜ ਕੇ ਖ਼ਾਨ ਕੋਲ ਲੈ ਜਾਈਏ। ਸੰਗਤੀਆ ਨੇ ਉਹਦੀ ਨੀਯਤ ਤਾੜ ਲਈ।

—ਰਾਜਾ ਗੋਪਾਲ ਅੱਗੇ ਵਧਿਆ ਤੇ ਸਿਪਾਹੀਆਂ ਨੇ ਘੇਰਾ ਪਾ ਲਿਆ। ਫੜ ਲਉ ਬਚ ਕੇ ਨਿਕਲ ਨਾ ਜਏ। ਸੰਗਤੀਏ ਤੇ ਭਾਈ ਲਾਲ ਚੰਦ,ਗੰਗਾ ਰਾਮ ਨੇ ਅੱਗੇ ਵੱਧ ਕੇ ਡੱਕ ਲਈ ਧਾੜ। ਰਾਜਾ ਗੋਪਾਲ ਚੰਦ ਨੂੰ ਬਚਾ ਕੇ ਲੈ ਗਏ ਕਿਲ੍ਹੇ 'ਚ ਫਾਟਕ ਬੰਦ ਹੋ ਗਏ।

ਹੁਸੈਨ ਖ਼ਾਂ ਦੀਆਂ ਉਮੀਦਾਂ ਤੇ ਪਾਣੀ ਫਿਰ ਗਿਆ, ਦੁਸ਼ਮਣ ਕਿਲੇ 'ਚ ਬੰਦ ਸੀ। ਓਸ ਨਰ ਸਿੰਘੇ ਵੀ ਪੂਰੇ,ਨਗਾਰੇ ਤੇ ਚੋਟ ਵੀ ਮਾਰੀ,ਢੋਲ ਵੀ ਵਜਾਏ। ਏਲਾਨੇ-ਜੰਗ। ਇਹ ਪਹਾੜੀਆਂ ਦਾ ਇਕ ਦਿਖਾਵਾ ਤਮਾਸ਼ਾ ਜਿਹਾ ਸੀ।

— ਅੱਖ ਉੱਘੜੀ ਹੁਸੈਨ ਖ਼ਾਂ ਦੀ ਤੇ ਆਖਣ ਲੱਗਾ ਖੰਦਾ ਵੀ ਗਿਆ ਤੇ ਨਜ਼ਰਾਨਾ ਵੀ। ਲਗਾਨ ਤੇ ਮਿਲੂ ਪਰ ਤਲਵਾਰ ਦੀ ਨੋਕ ਤੇ, ਬਣਿਆ ਬਣਾਇਆ ਕੰਮ ਵਿਗਾੜ ਲਿਆ ਏ ਸ਼ੇਖ਼ੀ ਵਿਚਊਆ ਕੇ, ਹੁਣ ਦੱਸ ਕ੍ਰਿਪਾਲ ਚੰਦਾ ਜੰਗ ਕਰਨੀ ਏ ਜਾਂ ਖ਼ਰਾਜ ਵਸੂਲ ਕਰਨੀ ਏ। ਸੁਲਾਹ ਵਾਲੀ ਤੇ ਗੱਲ ਮੁੱਕ ਗਈ।

—ਜੰਗ ਨਾਲ ਵਸੂਲੀ ਲਗਾਨ ਵੀ ਮੈਂ ਵਸੂਲ ਕਰ ਲਵਾਂ। ਤੁਸੀਂ ਸ਼ਰਾਬ ਦੀ ਚੁਸਕੀ ਲਾਓ। ਮੈਂ ਸੂਰਜ ਡੁੱਬਣ ਨਹੀਂ ਦਿੰਦਾ। ਰਾਜਾ ਗੋਪਾਲ ਤੁਹਾਡੇ ਕਦਮਾਂ ਵਿਚ ਹੋਵੇਗਾ ਤੇ ਨਾਲ ਲਗਾਨ ਦੀ ਰਕਮ ਵੀ, ਕ੍ਰਿਪਾਲ ਚੰਦ ਨੇ ਹੱਥ ਤੇ ਹੱਥ ਮਾਰਿਆ।

—ਪਿੰਜਰਾ ਨਾਲ ਦੇ ਦੇਵਾਂ ਪਰ ਤਾਕੀ ਖੁੱਲ੍ਹੀ ਰੱਖਣੀ ਏ, ਖ਼ਾਨਜ਼ਾਦੇ ਨੇ ਆਖਿਆ।

—ਲੋੜ ਨਹੀਂ ਮੇਰੀਆਂ ਜ਼ੰਜੀਰਾਂ ਬਹੁਤ ਮਜ਼ਬੂਤ ਹਨ।

—ਤੇਰੀਆਂ ਜ਼ੰਜੀਰਾਂ ਦਾ ਡਰ ਲੱਥ ਚੁੱਕਾ ਏ। ਹੁਣ ਸਿਰਫ਼ ਜੰਗ ਹੀ ਕੋਈ ਸ਼ਰਤ ਮਨਾਏਗੀ। ਬਾਕੀ ਉਹਨਾਂ ਤੇ ਸਾਨੂੰ ਠੁੱਠ ਵਿਖਾ ਦਿੱਤਾ ਹੋਣਾ ਏ।

— ਖ਼ਾਨਜ਼ਾਦੇ ਦਿਲ ਹੌਲਾ ਨਾ ਕਰੇ। ਮੈਂ ਇਹਨਾਂ ਪਹਾੜੀਆਂ ਦੀ ਰੱਗ-ਰੱਗ ਤੋਂ ਜਾਣੂ ਹਾਂ।

— ਨਹੀਂ ਰਾਜਾ ਗੋਪਾਲ ਜਾਨ ਦੇਵੇਗਾ, ਸਭ ਕੁਝ ਉਜਾੜ ਦੇਵੇਗਾ ਕਿਲ੍ਹਾ ਰਾਖ਼ ਬਣ ਸਕਦਾ ਏ ਪਰ ਕਿਲ੍ਹੇ ਦੀਆਂ ਚਾਬੀਆਂ ਨਹੀਂ ਦੇਣ ਆਉਣ ਲੱਗਾ। ਤੁਸਾਂ ਉਹਦੀ ਅਣਖ ਜਗ੍ਹਾ ਦਿੱਤੀ ਏ। ਖ਼ਾਨਜ਼ਾਦੇ ਨੇ ਜ਼ਰਾ ਤੁਰਸ਼ ਜ਼ਬਾਨ 'ਚ ਆਖਿਆ।

— ਮਾਰੋ ਪਲਾਕੀ ਘੋੜਿਆਂ ਤੇ ਫ਼ੌਜ ਨੂੰ ਘੇਰਾ ਪਾ, ਦਿਉ। ਲਲਕਾਰਿਆਂ ਸ਼ਾਇਦ ਗੁੱਸੇ ਵਿਚ ਫ਼ਾਟਕ ਖੁੱਲ੍ਹ ਜਾਏ ਤੇ ਮੁਕਾਬਲਾ ਮੈਦਾਨ 'ਚ ਹੋ ਜਾਏ। ਜੇ ਕਿਲ੍ਹਾ ਬੰਦ ਹੋ ਗਿਆ ਤਾਂ ਫੇਰ ਬਰਖਾ ਰੁੱਤ ਇੱਥੇ ਈ ਕੱਟਣੀ ਪਊ।

—ਅੰਬ ਬਹੁਤ ਮਿਠੇ ਹਨ। ਸ਼ਹਿਦ ਨੂੰ ਵੀ ਮਾਤ ਕਰਦੇ ਹਨ।

—ਅਜੇ ਤੇ ਰਾਤ ਦੀ ਸ਼ਰਾਬ ਦਾ ਨਸ਼ਾ ਨਹੀਂ ਉਤਰਿਆ ਜੇ ਅੰਬ ਖਾ ਲਏ ਤੇ ਫੇਰ ਕੀ ਬਣੂ।

— ਖ਼ਾਨਜ਼ਾਦੇ ਸਾਨੂੰ ਵੀ ਇਕ ਵਾਰ ਕਿਸਮਤ ਅਜ਼ਮਾ ਕੇ ਵੇਖਣ ਦਿਉ।

—ਤਾਇਆ ਵਾਲਾ ਪਿੰਡ ਦੂਰੋਂ ਈ ਨਜ਼ਰ ਆ ਜਾਂਦੈ। ਜੰਗ ਦੇ ਢਾਈ ਫੱਟ ਹਨ ਜਿਹੜਾ ਪਹਿਲ੍ਹ ਕਰ ਲਵੇ।

—ਸਿਕੰਦਰ ਨਹੀਂ ਨਾ ਤੇ ਨਾ ਹੀ ਮਹਾਰਾਣਾ ਪ੍ਰਤਾਪ ਏ, ਇਹ ਪਹਾੜ ਦਾ ਚੂਹਾ ਜੱਦ ਮਰਜ਼ੀ ਪਿੰਜਰੇ 'ਚ ਪਾ ਲਵੋ।

— ਚਾਚਾ ਜੀ ਇਹ ਪਹਾੜ ਦੇ ਚੂਹੇ ਸ਼ਿਵਾ ਜੀ ਹਨ, ਜਿਹੜੇ ਸ਼ੀਸ਼ਾ ਵਿਖਾ ਕੇ ਤਲਵਾਰ ਖੋਹ

ਲੈਂਦੇ ਹਨ। ਮੁਕਾਬਲਾ ਸਖ਼ਤ ਹੋ ਗਿਐ। ਅਣਖ ਜਾਗ ਪਈ ਏ ਨਫ਼ਾ-ਨੁਕਸਾਨ ਦਾ ਹੁਣ ਕੋਈ ਹਿਸਾਬ ਨਹੀਂ ਜ਼ਿੱਦ ਪਿੱਟਣੀ ਪੈ ਗਈ ਏ ਸਭ ਕੁਝ ਦਾਅ ਤੇ ਲਾ ਕੇ ਗੱਲ ਵਿਆਹੀ ਜਾਣੀ ਚਾਹੀਦੀ ਏ।

—ਅੱਛਾ ਅਸੀਂ ਚੱਲੇ ਤੁਸੀਂ ਬੈਠ ਕੇ ਤਮਾਸ਼ਾ ਵੇਖੋ ਸਾਡੀਆਂ ਤਲਵਾਰਾਂ ਦੀਆਂ ਕਾਟ ਵੇਖਣਾ ਅੱਛਾ। ਜੈ-ਦੇਵਾ।

—ਖੱਬੀ ਖ਼ਾਂ ਪਠਾਨ ਤੇ ਪਹਾੜ ਦੇ ਅਜੇ ਗਿਣਤੀ ਦੇ ਬੰਦੇ ਸਨ । ਜਿਹੜੇ ਗੁਲੇਰ ਵੱਲ ਵੀ ਵਧਾਈ ਜਾਂਦੇ ਤੇ ਨਰਸਿੰਘੇ ਵੀ ਕੂਕਦੇ, ਨੌਬਤ ਦੀ ਖੜਕਦੀ ਤੇ ਨਗਾਰਾ ਵੀ ਵੱਜਦਾ।

ਸਾਰੇ ਜਵਾਨ ਖੂੰਖ਼ਾਰ ਯੋਧੇ ਕਿਲ੍ਹੇ ਦੇ ਦਰਵਾਜ਼ੇ ਦੇ ਮੋਹਰੇ ਜਾ ਖੜੇ ਹੋਏ।

— ਬੁਜ਼ਦਿਲ ਚੋਰਾਂ ਵਾਂਗੂੰ ਕਿਲ੍ਹੇ 'ਚ ਜਾ ਲੁਕਿਐ। ਮਰਦ ਬਣ ਬਾਹਰ ਨਿਕਲ ਤੇਰੀ ਤਲਵਾਰ ਦੀ ਧਾਰ ਵੇਖੀਏ. 'ਰਾਜਾ ਕ੍ਰਿਪਾਲ ਚੰਦ ਗਰਜਿਆ।

ਇਕੱਲਾ ਈ ਆਇਆ ਏਂ ਉਸ ਜਵਾਈ ਨੂੰ ਵੀ ਨਾਲ ਲੈ ਆਉਣਾ ਸੀ।

—ਬਦਜ਼ੁਬਾਨ, ਜ਼ੁਬਾਨ ਨਾ ਚਲਾ ਤਲਵਾਰ ਦਾ ਘੁੰਡ ਲਾਹ ਅਸੀਂ ਵੀ ਮੁੱਖੜਾ ਵੇਖੀਏ । ਆ ਇਕ-ਇਕ ਦਾ ਮੁਕਾਬਲਾ ਕਰਕੇ ਵੇਖੀਏ। ਰਾਜਪੂਤੀ ਨੂੰ ਲਾਜ ਨਾ ਲੱਗੇ।

— ਗੁਰਾਂ ਦੀਆਂ ਸੰਗਤਾਂ ਕੜਾਹ ਵੰਡ ਰਹੀਆਂ ਨੇ ਗੱਫੇ ਲਾਓ। ਰਾਜੇ ਗੋਪਾਲ ਨੇ ਉੱਚੀ ਆਵਾਜ਼ 'ਚ ਆਖਿਆ।

ਤੇਰੇ ਅੰਦਰ ਗੁਰੂ ਬੋਲਦੇ, ਦੋਵਾਂ ਨੂੰ ਵੇਖ ਲਵਾਂਗਾ।

—ਤੂੰ ਕੀ ਵੇਖਣਾ ਏ ਧੀ ਦੀ ਰਕਮ ਗਿਣਨ ਲਈ ਓ ਨਿਰਲੱਜੇ ਡੁੱਬ ਮਰ।

ਤੀਰਾਂ ਦੀ ਬਰਖਾ ਸ਼ੁਰੂ ਹੋ ਗਈ, ਕਿਲੇ ਵਿਚੋਂ ਵੀ ਤੀਰ ਆਏ ਤੇ ਕਿਲ੍ਹੇ ਦੇ ਸਾਹਮਣਿਓਂ ਵੀ ਤੀਰਾਂ ਨੇ ਛਹਿਬਰ ਲਾ ਦਿੱਤੀ।

ਇਕ ਤੋਪ ਗਰਜੀ ਪਹਾੜ ਦੀ ਛਾਤੀ ਧੜਕੀ ਹੁਸੈਨ ਖ਼ਾਂ ਦਾ ਦਿਲ ਡੋਲਿਆ । ਸ਼ਰਾਬ ਦਾ ਅਜੇ ਸਵਾਦ ਵੀ ਨਹੀਂ ਸੀ ਆਇਆ ਇਕ ਪਿਆਲਾ ਹੋਰ ਪੀ ਲਿਆ ਨਸ਼ਾ ਖਿੜ ਗਿਆ।

— ਕਾਫ਼ਰ-ਕਾਫ਼ਰ ਲੜ ਰਹੇ ਹਨ ਲੜਨ ਦਿਓ। ਹੰਫ ਗਏ ਤੇ ਖ਼ਾਨ ਜਾਣਗੇ ਦੋਵਾਂ ਦੀ ਗਿੱਚੀ ਨੱਪ ਲਿਆਉਣਗੇ। ਡੱਫਵਾਲ ਦੀਆਂ ਰੰਨਾਂ ਬਹੁਤ ਖ਼ੂਬ ਸਨ। ਆਬੇ-ਹਯਾਤ ਦਾ ਚਸ਼ਮਾ ਸਨ, ਨੂਰਕੁੰਡ ਵਿਚ ਨਹਾਤੀਆਂ ਮੂਰਤੀਆਂ ਉਹਨਾਂ ਦਾ ਕੋਈ ਜਵਾਬ ਨਹੀਂ ਸ਼ਰਾਬ ਦਾ ਵੀ ਕੋਈ ਜਵਾਬ ਨਹੀਂ ਕਬਾਬ ਬਹੁਤ ਲਜ਼ੀਜ਼ ਸਨ। ਪਰ ਸ਼ਬਾਬ ਤੇ ਆ ਕੇ ਗੱਲ ਗਾਲ ਦਿੱਤੀ ਲੱਭਣ ਵਾਲੇ ਅੰਨ੍ਹੇ ਕੁੱਤੇ ਹਰਨਾਂ ਮਗਰ ਸ਼ਿਕਾਰੀ ਉਹਨਾਂ ਨੂੰ ਦੱਸ ਮਨ ਦੀ ਹੋਬਣ ਲੱਗੀ। ਵੇਖੀ ਤੇ ਪਤਲੀ ਜਿਹੀ, ਛਮਕ ਜਿਹੀ ਜਾਪੇ ਮਜ਼ਾ ਈ ਕਿਰਕਿਰਾ ਕਰ ਦਿੱਤਾ।

—ਜਿੰਨੀਂ ਸ਼ਰਾਬ ਵਧੀਆ ਸੀ, ਜਿੰਨੇਂ ਕਬਾਬ ਖ਼ੂਬ ਸਨ ਯਕਦਮ ਸ਼ਾਮਿਆਣੇ ਦੇ ਅੰਦਰ ਤੀਰ ਆਣ ਵੜਿਆ, ਹੁਸੈਨ ਖ਼ਾਂ ਨੇ ਤਲਵਾਰ ਦੀ ਮੁੱਠ ਤੇ ਹੱਥ ਪਾਇਆ।

—ਦੁਸ਼ਮਣ ਤਾਕਤਵਾਰ ਏ ਮੁਕਾਬਲਾ ਆਸਾਨ ਨਹੀਂ, ਸ਼ਰਾਬ ਦਾ ਮੁੱਲ ਤਾਰਨਾ ਪਊ ਲਗਾਨ ਤੇ ਹੱਥ ਆਉਣਾ ਨਹੀਂ ਕਬਰਾਂ ਜ਼ਰੂਰ ਪੁੱਟਣੀਆਂ ਪੈਣਗੀਆਂ। ਆਨੰਦਪੁਰ ਦਾ ਗੁਰੂ ਆ ਗਿਐ। ਰੁਸਤਮ ਖ਼ਾਂ ਦੀ ਗੱਲ ਸੱਚੀ ਹੁੰਦੀ ਜਾਪਦੀ ਏ। ਫ਼ਰਿਸ਼ਤਾ ਜੇ ਮੈਦਾਨ 'ਚ ਆ ਗਿਆ ਤੇ ਫੇਰ ਮੈਦਾਨ ਉਸੇ ਦੇ ਹੱਥ ਰਹੇਗਾ।

ਗੁਰੂ ਦੇ ਦੀਦਾਰ ਪਿੱਛੋਂ ਹੀ ਜਾਣਗੇ ਪਹਿਲਾਂ ਗੁਰੂ ਦੇ ਚੇਲਿਆਂ ਦੇ ਦਰਸ਼ਨ ਤੇ ਕਰ ਲਵੇ। ਮੈਂ ਤੇ ਇਕ ਵਾਰ ਈ ਗੁਰਾਂ ਨੂੰ ਵੇਖਿਆ ਸੀ ਉਹਨਾਂ ਦਾ ਜਲਾਲ ਤੇ ਝੱਲਿਆ ਨਹੀਂ ਸੀ ਜਾਂਦਾ, ਕਰਬਲਾ ਦੀ ਕਹਾਣੀ ਸੁਣੀ ਏ ਅੱਜ ਅੱਖੀਂ ਵੇਖ ਲੈਣੀ।

—ਯਾਰ ਤੂੰ ਐਵੇਂ ਡਰਾਈ ਨਾ ਜਾ ਗੁਰੂ ਏ, ਹਜ਼ਰਤ ਅਲੀ ਨਹੀਂ।

—ਹਜ਼ਰਤ ਅਲੀ ਨਾਲ ਕੁਝ ਮਿਲਦਾ ਜੁਲਦਾ ਜ਼ਰੂਰ ਏ।

—ਫ਼ਕੀਰਾਂ ਨਾਲ ਜੰਗ ਨਹੀਂ ਕਰੀਦੀ, ਫ਼ਕੀਰਾਂ ਕੋਲੋਂ ਦੁਆ ਮੰਗੀ ਦੀ ਏ। ਤਲਵਾਰ ਪਰਖਣੀ ਹੋਵੇ ਤੇ ਫੇਰ ਬੁੰਦੇਲ ਖੰਡ ਚਲੇ ਜਾਓ।

—ਜੰਗ ਹੁਣ ਗੱਲ ਪੈ ਗਈ ਏ ਛੱਡ ਕੇ ਨਹੀਂ ਜਾਣੀ ਭਗੌੜੇ ਨਹੀਂ ਬਣਨਾ।

—ਖ਼ੈਮੇ ਡੱਕ ਨਾ ਸਕੇ ਤੀਰ, ਤੀਰਾਂ ਦੀ ਵਾਛੜ ਹੁੰਦੀ ਗਈ ਜੰਗ ਲੜੀ ਜਾ ਰਹੀ ਸੀ ਬੰਦੇ ਦੋ ਤਰਫ਼ੀ ਮੌਤ ਨੂੰ ਜੱਫੀਆਂ ਪਾ ਰਹੇ ਸਨ। ਨਾਹੱਕ ਖ਼ੁਦਾ ਦੀ ਖ਼ੁਦਾਈ ਦਾ ਲਹੂ ਡੁੱਲ੍ਹ ਰਿਹਾ ਸੀ।

ਰਾਜਾ ਗੋਪਾਲ ਖਰਾਜ ਦੇਣ ਨੂੰ ਤਿਆਰ ਸੀ ਪਰ ਵਿੱਚ ਲੱਤ ਅੜਾ ਦਿੱਤੀ। ਕ੍ਰਿਪਾਲ ਚੰਦ ਨੇ ਸ਼ੇਰ ਜ਼ਖ਼ਮੀ ਹੋ ਗਿਆ. ਖ਼ੂੰਖ਼ਾਰ ਤੇ ਹੋਏਗਾ ਈ, ਹੁਸੈਨ ਖ਼ਾਂ ਸੋਚ ਰਿਹਾ ਸੀ।

—ਚਾਰ ਪੰਜ ਸਿੱਖ ਗੁਰੂ ਦਾ ਰੂਪ ਤੰਬੂ 'ਚ ਆਣ ਵੜੇ।

—ਆਓ ਕਿਧਰ ਆਈਆਂ ਨੇ ਸੰਗਤਾਂ ਜਲ ਪਾਣੀ ਛਕੋ। ਹੁਸੈਨ ਖ਼ਾਂ ਬੋਲਿਆ।

—ਦੋ ਹੱਥ ਕਰਨ ਆਏ ਹਾਂ ਹੁਸੈਨ ਖ਼ਾਂ ਨਾਲ।

—ਤੁਸੀਂ ਗ਼ਲਤ ਜਗ੍ਹਾ ਤੇ ਆ ਗਏ ਹੋ। ਖ਼ਾਨਜ਼ਾਦਾ ਤੇ ਸ਼ਾਮਿਆਣੇ ਥੱਲੇ ਬਿਰਾਜਮਾਨ ਏ।

—ਬਿਨਾਂ ਪੁੱਛੇ ਬਿਨਾਂ ਹਿੱਲਜੁਲ ਕੀਤੇ ਗੁਰੂ ਦੇ ਪਿਆਰੇ ਤੰਬੂ ਤੋਂ ਬਾਹਰ ਚਲੇ ਗਏ। ਖ਼ਾਨਜ਼ਾਦੇ ਨੇ ਆਪਣੀ ਜਾਨ ਬਚਾ ਲਈ ਝੂਠ ਬੋਲ ਕੇ। ਯਕਦਮ ਰੁਸਤਮ ਖ਼ਾਂ ਦੇ ਬੋਲ ਚੇਤੇ ਆ ਗਏ।

—ਜੇ ਗੁਰੂ ਦੇ ਸਿੱਖ ਇੰਨੇ ਹੀ ਬਹਾਦਰ, ਨਿਡਰ ਤੇ ਸੂਰਬੀਰ ਹਨ ਤੇ ਫੇਰ ਗੁਰੂ ਕੀ ਹੋਵੇਗਾ। ਈਮਾਨ, ਚੰਦ ਦਮੜੀਆਂ ਤੇ ਨਹੀਂ ਵੇਚਿਆ ਜਾ ਸਕਦਾ। ਖ਼ੁਦਾ ਦੀ ਬਰਕਤ ਦਾ ਕ੍ਰਿਸ਼ਮਾ ਈ ਵੱਖਰਾ ਹੁੰਦਾ ਏ। ਗੁਰੂ ਤੇ ਰੱਬ ਦਾ ਰੂਪ ਜਾਪਦੇ ਹਨ, ਮੈਂ ਤੇ ਅਸੀਂ ਦੂਰੋਂ ਵੇਖਿਐ। ਕੋਲੋਂ ਵੇਖਾਂ ਤੱਦ ਕੀ ਹੋਣਗੇ

✷

ਮਾੜੀ ਜਿਹੀ ਝਲਕ ੧੪੯

ਕ੍ਰਿਪਾਲ ਚੰਦ ਦੀ ਜਲਦਬਾਜ਼ੀ ਨੇ ਰਾਜੇ ਗੋਪਾਲ ਦਾ ਮਨ ਖੱਟਾ ਕਰ ਦਿੱਤਾ। ਉਹਦੀ ਅਣਖ ਜਾਗ ਪਈ। ਉਸ ਆਪਣਾ ਅਪਮਾਨ ਬਰਦਾਸ਼ਤ ਨਾ ਕੀਤਾ ਤੇ ਕਿਲੇ ਅੰਦਰ ਜਾ ਵੜਿਆ। ਉਹ ਜਾਣਦਾ ਸੀ ਕਿ ਮੇਰੀ ਤਾਕਤ ਥੋੜੀ ਏ। ਪਰ ਉਸ ਫੇਰ ਵੀ ਸੀਨੇ ਤੇ ਪੱਥਰ ਧਰ ਕੇ ਆਪਣੀ ਮੌਤ ਨੂੰ ਸੱਦਿਆ, ਜੰਗ ਛਿੜ ਪਈ, ਧੌਂਸਾ ਖੜਕਿਆ, ਢੋਲ ਵੱਜੇ, ਨਗਾਰੇ ਦੀ ਆਵਾਜ਼ ਆਈ।

ਘੇਰਾ ਵਿਸ਼ਾਲ ਸੀ ਤੇ ਹੌਲੀ-ਹੌਲੀ ਸੁੰਗੜਦਾ ਗਿਆ। ਹੁਸੈਨ ਖ਼ਾਂ ਅਜੇ ਸ਼ਰਾਬ ਦੀ ਮੰਡਲੀ 'ਚ ਬੈਠਾ ਹੋਇਆ ਸੀ। ਹੁਸੈਨੀ ਫ਼ੌਜ ਨੇ ਦਾਵ ਪੇਚ ਕੋਈ ਨਾ ਖੇਡਿਆ ਜਿਵੇਂ ਸੋਆ ਸ਼ੇਰ ਨੂੰ ਘੇਰ ਕੇ ਡਰਾਉਣਾ ਚਾਹੁੰਦਾ ਹੋਵੇ। ਏਵੇਂ ਉਸ ਨੇ ਗੋਪਾਲ ਨੂੰ ਜਾ ਛੇੜਿਆ ਤੇ ਫੌਜ ਨੇ, ਪੰਦਰਾਂ ਪਹਿਰ ਕਿਲੇ ਨੂੰ ਘੇਰਾ ਪਾਈ ਰਖਿਆ ਕੋਈ ਖਾਣ-ਪੀਣ ਦੀ ਵਸਤੂ ਅੰਦਰ ਨਾ ਜਾਣ ਦਿੱਤੀ। ਇਕ ਵਾਰ ਤੇ ਗੋਪਾਲ ਦੀ ਜਾਨ ਕਬਜ਼ ਕਰ ਦਿੱਤੀ ਜਿਵੇਂ ਪਿੰਜਰੇ 'ਚ ਚੂਹਾ ਡੱਕਿਆ ਹੋਵੇ।

ਗਵਾਹੀ ਗੋਬਿੰਦ ਰਾਏ ਦੀ ਏ।

ਦਾਵ ਘਾਵ ਤਿਨ ਨੈਕੁ ਨਾ ਕਰਾ। ਸਿੰਘਹ ਘੇਰਿ ਸਸਾ ਕਹੁ ਡਰਾ॥
ਪੰਦ੍ਰਹ ਪਹਰ ਗਿਰਦ ਤਿਹ ਕੀਯੋ। ਖਾਨ ਪਾਨ ਤਿਨ ਜਾਨ ਨ ਦੀਯੋ॥

ਸਤਗੁਰ ਬਿਆਨ ਕਰਦੇ ਜਜ਼ਬਾਤ 'ਚ ਆ ਗਏ, ਆਖਣ ਲੱਗੇ :—

ਜਬ ਗਯੋ ਗੁਪਾਲ। ਕੁਪਿਯੋ ਕ੍ਰਿਪਾਲ॥ ਹਿੰਮਤ ਹੁਸੈਨ॥ ਜੁੰਮੈ ਲੁਝੈਨ॥

ਨਗਾਰੇ ਵੱਜੇ ਘੋੜਿਆਂ ਨੇ ਖੇਹ ਪਾਇਆ, ਤੜ-ਤੜ ਗੋਲੀਆਂ ਚੱਲੀਆਂ ਤੇ ਕੜ-ਕੜ ਸ਼ਸਤਰਾਂ ਦੀ ਆਵਾਜ਼ ਆਈ ਤੇ ਜੰਗ ਵਿਚ ਯੋਧੇ ਨਿਸ਼ੰਗ ਹੋ ਕੇ ਗੱਜੇ। ਤਲਵਾਰਾਂ ਚਲਦੀਆਂ ਤੇ ਸੂਰਬੀਰ ਮਰ ਰਹੇ ਸਨ ਪਰ ਗੋਪਾਲ ਦੀਆਂ ਫ਼ੌਜਾਂ ਦਾ ਦਿਲ ਧੜਕ ਨਹੀਂ ਸੀ ਰਿਹਾ ਸਗੋਂ ਸ਼ੇਰ ਬਣ ਰਹੇ ਸਨ।

ਕਰਿ ਕੇ ਗੁਮਾਨ॥ ਜੁੰਮੇ ਜੁਆਨ॥ ਬੱਜੈ ਤਬੱਲ॥ ਦੁੰਦਭ ਦਬੱਲ॥
ਬੱਜੇ ਨਿਸਾਣ॥ ਨਚੈ ਕਿਕਾਨ॥ ਬਾਹੈ ਤੜਾਕ॥ ਉਠੈ ਕੜਾਕ॥

ਸਤਗੁਰ ਯੁੱਧ ਭੂਮੀ ਵਿਚ ਖੁਭੇ ਹੋਏ ਸਨ। ਜਵਾਨਾਂ ਦੀ ਵੀਰਤਾ ਵੇਖ ਕੇ ਉਹਨਾਂ ਦੇ ਵੀ ਡੌਲੇ ਫੜਕ ਉੱਠੇ।

ਬੱਜੇ ਨਿਸੰਗ॥ ਗੱਜੇ ਨਿਹੰਗ॥ ਛੁਟੈ ਕ੍ਰਿਪਾਨ॥ ਲਿੱਟੈ ਜੁਆਨ॥

ਬੰਦੂਕਾਂ ਦੀ ਤੜ-ਤੜ ਵਿਚ ਤੀਰ ਵੀ ਇਕ ਦੂਜੇ ਨਾਲ ਵੱਜਦੇ ਤੇ ਬਿਜਲੀ ਚਮਕਦੀ। ਸਰਸਰ ਕਰਦੀਆਂ ਬਰਛੀਆਂ ਤੇ ਛਣ-ਛਣ ਛਵੀਆਂ ਚਲਦੀਆਂ। ਲਹੂ ਬੇਮੁੱਲਾ ਵਗ ਰਿਹਾ ਸੀ।

ਗੱਜੇ ਸੁਬੀਰ॥ ਬੱਜੇ ਗਹੀਰ॥ ਬਿਚਰੇ ਨਿਹੰਗ॥ ਜੈਸੇ ਪਿਲੰਗ॥

ਗਰਜ ਸੁਣ ਕੇ ਇਕ ਵਾਰ ਤੇ ਅਗਲਾ ਬੰਦਾ ਕੰਬ ਜਾਂਦਾ। ਯੋਧੇ ਜੰਗ ਦੇ ਮੈਦਾਨ 'ਚ ਇਸ ਤਰ੍ਹਾਂ ਫਿਰ ਰਹੇ ਸਨ ਜਿਸ ਤਰ੍ਹਾਂ ਜੰਗਲ 'ਚ ਚੀਤਾ ਫਿਰ ਰਿਹਾ ਹੋਵੇ।

ਹੁੱਕੇ ਕਿਕਾਣ॥ ਧੁੱਕੇ ਨਿਸਾਣ॥ ਬਾਹੈ ਤੜਾਕ॥ ਝੱਲੈ ਝੜਾਕ॥
ਜੁੱਝੇ ਨਿਹੰਗ॥ ਲਿੱਟੇ ਮਲੰਗ॥ ਖੁਲ੍ਹੇ ਕਿਸਾਰ॥ ਜਨੁ ਜਟਾ ਧਾਰ॥
ਸਜੇ ਗਜਿੰਦ੍॥ ਗਜੇ ਗਜਿੰਦ੍ਰ॥ ਉਤਰੇ ਖਾਨ॥ ਲੈ ਲੈ ਕਮਾਨ॥

ਹਿਣਕਦੇ ਘੋੜਿਆਂ ਦੀ ਆਵਾਜ਼ ਧਨੁਸ਼ਾਂ ਦੀ ਗੂੰਜ ਵਿਚ ਗੁੰਮ ਹੋ ਜਾਂਦੀ। ਤਾੜ-ਤਾੜ ਸ਼ਸਤਰ ਚਲਦੇ ਤੇ ਅਗਲੇ ਯੋਧੇ ਉਹਨਾਂ ਦੇ ਵਾਰ ਝੱਲਦੇ। ਯੋਧੇ ਇਸ ਤਰ੍ਹਾਂ ਇਕ ਦੂਜੇ ਨਾਲ ਲੜ ਰਹੇ ਸਨ ਜਿੱਦਾਂ ਸਾਨ੍ਹ ਭਿੜ ਰਹੇ ਹੋਣ। ਸ਼ਹੀਦ ਹੋਏ ਧਰਤੀ ਤੇ ਮੂਧੇ ਮੂੰਹ ਲੇਟੇ ਹੋਏ ਸਨ। ਜਿਸ ਤਰ੍ਹਾਂ ਮਸਤ ਹੋਇਆ ਮਲੰਗ ਜ਼ਮੀਨ ਤੇ ਲੇਟ ਜਾਏ। ਉਹਨਾਂ ਦੇ ਕੇਸ ਖੁਲ੍ਹੇ ਸਨ। ਪ੍ਰਤੀਤ ਤੇ ਇਉਂ ਹੁੰਦਾ ਸੀ ਜਿਵੇਂ ਕੋਈ ਜਟਾਧਾਰੀ ਲੇਟਿਆ ਹੋਵੇ। ਹਾਥੀ ਸਜੇ ਹੋਏ ਸਨ ਤੇ ਹਾਥੀਆਂ ਤੇ ਪਠਾਣ ਲੜਾਕੇ ਤੀਰ ਕਮਾਨ ਲੈ ਕੇ ਉਤਰੇ ਤੇ ਜੰਗ ਵਿਚ ਗੱਜੇ। ਇਹ ਕ੍ਰਿਸ਼ਮਾ ਕਿਲ੍ਹੇ ਦੇ ਬੂਹੇ ਅੱਗੇ ਹੋ ਰਿਹਾ ਸੀ।

ਬਾਹਰ ਖੜੀ ਓਪਰੀ ਫ਼ੌਜ ਈ ਲੜ ਰਹੀ ਸੀ। ਖ਼ਾਨਜ਼ਾਦੇ ਬੜ੍ਹਕਾਂ ਮਾਰ ਰਹੇ ਸਨ। ਕਿਲ੍ਹੇ ਨੂੰ ਟੱਕਰਾਂ ਮਾਰਨ ਲਈ ਦਰਵਾਜ਼ਾ ਤੋੜ ਦਿਓ। ਇਹ ਕਾਫ਼ਰ ਹਨ ਕਿੰਨੇ ਕੁ।

ਫੋਕੀ ਬਹਾਦਰੀ ਦੇ ਜੋਹਰ ਵਿਖਾਏ ਜਾ ਰਹੇ ਸਨ। ਤਲਵਾਰਾਂ ਦੀ ਚਮਕ, ਤੀਰਾਂ ਦੀ ਲਿਸ਼ਕ, ਤੀਰ ਕਮਾਨ ਦਾ ਭੈਅ, ਐਦਾਂ ਚੀਰ ਕੇ ਲੰਘ ਜਾਣਗੇ ਪਹਾੜਾਂ ਨੂੰ ਪਰ ਕਿਲ੍ਹੇ ਤੇ ਕੋਈ ਅਸਰ ਨਹੀਂ ਸੀ ਕਿਲ੍ਹਾ ਅਜੇ ਵੀ ਬੰਦ ਸੀ। ਕਦ ਤੱਕ ਨਾ ਖੋਲ੍ਹਣਗੇ ਕਿਲ੍ਹਾ। ਕਿੰਨੇ ਕੁ ਦਿਨ ਖਾ ਲੈਣਗੇ। ਇਹ ਮਹਾਸਰਾ ਮਹੀਨਿਆਂ ਤੱਕ ਚਲ ਸਕਦੈ। ਅਸੀਂ ਵੀ ਚੌਂਕੜੇ ਮਾਰ ਕੇ ਬੈਠੇ ਹਾਂ। ਜਾਵਾਂਗੇ ਤੇ ਦੋ ਹੱਥ ਕਰਕੇ ਹੀ ਜਾਵਾਂਗੇ।

ਸਤਗੁਰਾਂ ਤੋਂ ਨਾ ਰਿਹਾ ਗਿਆ। ਉਹਨਾਂ ਦੇ ਮਨ ਨੇ ਫੇਰ ਉਬਾਲਾ ਖਾਧਾ ਤੇ ਫ਼ਰਮਾਉਣ ਲੱਗੇ।

ਕੁਪਿਯੋ ਕ੍ਰਿਪਾਲੰ ਸਜਿ ਮਰਾਲੰ ਬਾਹਿ ਬਿਸਾਲੰ ਧਰਿ ਢਾਲੰ ॥
ਧਾਏ ਸਭ ਸੂਰੰ ਰੂਪ ਕਰੂਰੰ ਚਮਕਤ ਨੂਰੰ ਮੁਖ ਲਾਲੰ ॥
ਲੈ ਲੈ ਸੁ ਕ੍ਰਿਪਾਨ ਬਾਣ ਕਮਾਣੰ ਸਜੇ ਜੁਆਣੰ ਤਨ ਤੱਤੇ ॥
ਰਣਿ ਰੰਗ ਕਲੋਲੰ ਮਾਰਹੀ ਬੋਲੰ ਜਨ ਗਜ ਡੋਲੰ ਬਨ ਮੱਤੇ ॥

ਲੰਮੀਆਂ ਬਾਹਵਾਂ ਪਠਾਣਾਂ ਦੀਆਂ ਇਕ ਹੱਥ 'ਚ ਢਾਲ ਤੇ ਦੂਜੇ ਹੱਥ 'ਚ ਤਲਵਾਰ। ਪਏ ਚਾਂਗਰਾਂ ਮਾਰ ਰਹੇ ਸਨ ਕੌਣ ਡਰਦਾ ਏ ਇਹਨਾਂ ਦੀਆਂ ਚਾਂਗਰਾਂ ਤੋਂ। ਡਰਾਉਣੇ ਜਿਹੇ ਚਿਹਰੇ ਵੇਖ ਕੇ ਕੋਈ ਇਹਨਾਂ ਤੋਂ ਭੈਅ ਨਹੀਂ ਸੀ ਖਾਂਦਾ। ਇਹੋ ਜਿਹੇ ਚਿਹਰੇ ਉਹਨਾਂ ਰੋਜ਼ ਵੇਖੇ ਸਨ। ਸੂਰਮੇ ਮੌਤ ਦੇ ਮੂੰਹ ਜਾ ਰਹੇ ਸਨ ਹੰਭਲੇ ਮਾਰ ਕੇ, ਚਿਹਰੇ ਗੁੱਸੇ ਨਾਲ ਲਾਲ ਸੂਹੇ ਸਨ। ਦਹਿਸ਼ਤ ਦੇ ਅੰਗਿਆਰੇ ਫੁੱਟ ਰਹੇ ਸਨ। ਜੋਸ਼ਾ ਗਰਮ ਸੀ, ਤੀਰ ਕਮਾਨ ਤਣੇ ਹੋਏ ਸਨ। ਬੜਾ ਗੁੱਸਾ ਖਾ ਕੇ ਮੈਦਾਨ 'ਚ ਆਉਂਦੇ। ਮੌਤ ਨੂੰ ਵਾਜਾਂ ਮਾਰਦੇ, ਅਧਿੰਗੜੀਆਂ ਪਾਉਂਦੇ, ਸਾਹਮਣੇ ਦੁਸ਼ਮਣ ਨਜ਼ਰੀਂ ਪੈਂਦਾ ਤੇ ਦੋ ਹੱਥ ਕਰਦੇ। ਇਹ ਜੰਗ ਥੋੜੀ ਸੀ ਐਵੇਂ ਕਲੋਲ ਹੋ ਰਿਹਾ ਸੀ। ਭੰਗੜੇ ਪਾਉਂਦੇ ਤੇ ਬੱਕਰੇ ਬੁਲਾਉਂਦੇ ਤੇ ਆਵਾਜ਼ਾਂ ਦਿੰਦੇ ਮਾਰ ਲਓ, ਮਾਰ ਲਓ। ਏਵੇਂ ਫਿਰਦੇ ਜਿਵੇਂ ਮਸਤ ਹਾਥੀ ਫਿਰੇ ਬਨ ਵਿਚ।

ਕ੍ਰਿਪਾਲ ਚੰਦ ਨੇ ਵਿਉਂਤ ਬਣਾਈ ਕਿ ਖ਼ਾਨਜ਼ਾਦਾ ਰਾਜੇ ਗੋਪਾਲ ਨੂੰ ਕੈਦ ਨਹੀਂ ਕਰ ਸਕਦਾ ਤੇ ਨਾ ਈ ਕਰ ਵਸੂਲ ਕਰ ਸਕਦੈ। ਹੁਣ ਤੇ ਜੰਗ ਈ ਫ਼ੈਸਲਾ ਕਰੇਗੀ। ਤਾਹੀਓਂ ਕਰ ਵਸੂਲ ਹੋਵੇਗਾ ਜਾਂ ਖ਼ਾਨਜ਼ਾਦੇ ਦੀ ਲਾਸ਼ ਚੱਕ ਕੇ ਲੈ ਜਾਏਗੀ ਫ਼ੌਜ, ਗੱਲ ਤੇ ਜ਼ਿੱਦ ਤੇ ਆਣ ਅੜੀ ਏ। ਤੈਸ਼ ਦੇ ਤੇਵਰ ਵੇਖ ਕੇ ਤੇ ਨਾਹਰੇ ਸੁਣ ਕੇ ਸ਼ਾਇਦ ਕਿਲ੍ਹੇ ਦੀ ਬਾਰੀ ਖੋਲ੍ਹ ਕੇ ਮੈਦਾਨ 'ਚ ਆ ਜਾਣ ਫੇਰ ਜੰਗ ਸਾਹਮਣੇ ਆ ਜਾਏਗੀ। ਲਲਕਾਰੇ ਮਾਰ ਕੇ ਵੇਖੋ, ਦੂਜਾ ਹੋਰ ਕੋਈ ਰਾਹ ਨਹੀਂ ਪਹਾੜੀਏ ਬੜੇ ਜ਼ਿੱਦੀ ਹੁੰਦੇ ਹਨ।

ਘੋੜੇ ਦੀ ਵਾਗ ਨੂੰ ਝੂਣਕਾ ਮਾਰਿਆ ਤੇ ਕ੍ਰਿਪਾਲ ਚੰਦ ਕਿਲ੍ਹੇ ਦੇ ਮੂਹਰੇ ਆਣ ਖੜ੍ਹਾ ਹੋਇਆ। ਨਿਕਲ ਬਾਹਰ ਮਰਦ ਬਣ, ਔਰਤਾਂ ਵਾਂਗ ਬੁਰਕਾ ਕਿਉਂ ਪਾ ਲਿਆ ਈ। ਮੈਂ ਘਰ ਵਾਲਿਆਂ ਨੂੰ ਇਤਲਾਅ ਭੇਜ ਦਿੱਤੀ ਏ। ਮੇਰੀ ਅਰਥੀ ਚੁੱਕਣ ਵਾਲੇ ਆ ਰਹੇ ਹੋਣੇ ਨੇ। ਤੈਨੂੰ ਅਰਥੀ ਤੇ ਪਾ ਕੇ ਤੇਰੀ ਫ਼ੌਜ ਲੈ ਜਾਏਗੀ। ਆ ਦੋ ਹੱਥ ਕਰਕੇ ਵੇਖ ਲਈਏ। ਮਤਾਂ ਰੀਝ ਨਾ ਰਹਿ ਜਾਏ ਇਕ ਦੂਜੇ ਦੇ ਮਨ ਵਿਚ। ਪਠਾਣਾਂ ਦੀਆਂ ਕਮਾਨਾਂ ਮੈਂ ਖੋਹ ਲੈਂਦਾ ਹਾਂ ਮੈਦਾਨ ਖ਼ਾਲੀ ਹੋਵੇਗਾ। ਹੁਣ ਤੇ

ਸਿਰਫ ਪਠਾਣ ਹੀ ਫਿਰ ਰਹੇ ਹਨ । ਇਹ ਮਾਸਖੋਰੇ ਹਨ । ਮਾਸ ਭੁੰਜਾ ਖਾਣਾ ਚਾਹੁੰਦੇ ਹਨ। ਸ਼ਿਕਾਰ ਲੱਭ ਰਹੇ ਹਨ । ਜਿੰਨਾ ਚੀਤਾ ਭੁੱਖਾ ਹੁੰਦਾ ਏ ਓਨਾ ਈ ਖੂੰਖਾਰ ਬਣ ਜਾਂਦਾ ਏ । ਇਹ ਬੱਚੂ ਤੈਨੂੰ ਵੀ ਖਾ ਜਾਣਗੇ ਤੇ ਮੈਨੂੰ ਵੀ । ਆ ਦੋਵੇਂ ਜਣੇ ਫ਼ੈਸਲਾ ਕਰ ਲਈਏ ।

ਰਾਜੇ ਗੋਪਾਲ ਨੇ ਵੰਗਾਰ ਕਬੂਲ ਕਰ ਲਈ । ਆਖਣ ਲੱਗਾ, ਘੇਰਾ ਮੋਕਲਾ ਕਰ ਮੈਂ ਆਇਆਂ ਤੇਰੇ ਸਾਹਮਣੇ ਵੇਖੀਂ ਕਿਤੇ ਧੋਖਾ ਨਾ ਦੇਈਂ । ਕਿਤੇ ਤੇਰੀ ਸਾਰੀ ਫ਼ੌਜ ਟੁੱਟ ਪਏਗੀ ਤੇ ਓਹ ਵੇਖ ਲੈ ਸਾਹਮਣੇ ਗੁਰੂਆਂ ਦੀ ਮਦਦ ਵੀ ਆ ਗਈ । ਜੇ ਉਹਨਾਂ ਨਾਲ ਹੱਥ ਪਰਖ ਕੇ ਵੇਖਣੇ ਨੇ ਤੇ ਓਧਰ ਵੀ ਉਹ ਤਿਆਰ ਹਨ ਪਰ ਨਹੀਂ ਅਸੀਂ ਦੋ ਹੱਥ ਕਰਕੇ ਵੇਖਦੇ ਹਾਂ ।

ਜੁਟੇ ਆਪ ਮੈਂ ਬੀਰ ਬੀਰੰ ਜੁਝਾਰੇ ॥ ਮਨੋ ਗੱਜ ਜੁੱਟੇ ਦੰਤਾਬੇ ਦੰਤਾਰੇ ॥
ਕਿਧੋ ਸਿੰਘ ਸੋ ਸਾਰਦੂਲੰ ਅਰੁੱਝੇ ॥ ਤਿਸੀ ਭਾਂਤਿ ਕਿਰਪਾਲ ਗੋਪਾਲ ਜੁੱਝੇ ॥

ਗੋਪਾਲ ਨੇ ਹੌਸਲਾ ਕੀਤਾ ਤੇ ਨਿਕਲਿਆ ਖਿੜਕੀ ਵਿਚੋਂ ਤੇ ਉਹਦੇ ਨਾਲ ਕਈ ਸਾਥੀ ਛਾਲਾਂ ਮਾਰ ਕੇ ਨਿਕਲ ਆਏ ਤੇ ਤਾਕੀ ਬੰਦ ਹੋ ਗਈ ।

ਜਿਵੇਂ ਸਾਨ੍ਹ ਲੜਨ, ਭੇਡੂ ਟੱਕਰਾਂ ਮਾਰਨ, ਹਾਥੀ ਲੜੇ ਹਾਥੀ ਨਾਲ, ਸੂਰਮਾ ਖੜ੍ਹਾ ਸੀ ਸੂਰਮੇ ਸਾਹਮਣੇ, ਤਲਵਾਰ-ਤਲਵਾਰ ਤੇ ਵੱਜੀ, ਅੱਗ ਨਿਕਲੀ ਪਠਾਣ ਆਪਣੀ ਜਗ੍ਹਾ ਤੇ ਈ ਖੜੇ ਸਹਿਮੇ ਹੋਏ ਸਨ । ਗੁਰੂ ਦੀ ਸੈਨਾ ਦੇ ਕੁਝ ਗਭਰੂ ਤਮਾਸ਼ਾ ਵੇਖ ਰਹੇ ਸਨ । ਅਖਾੜੇ ਵਿਚ ਸਿਰਫ਼ ਦੋ ਜਵਾਨ ਨਿੱਤਰੇ ਹੋਏ ਸਨ ।

—ਸਾਹ ਲਾਹ ਲੈਣ ਦਿਓ । ਤਲਵਾਰਾਂ ਨੇ ਬਿਜਲੀ ਨੂੰ ਜਨਮ ਦਿੱਤਾ । ਲਹੂ ਨਾਲ ਨਹਾਤੀਆਂ ਤਲਵਾਰਾਂ । ਕ੍ਰਿਪਾਲ ਚੰਦ ਨੇ ਵੀ ਜ਼ੋਰ ਲਾਇਆ ਤੇ ਅਗੋਂ ਗੋਪਾਲ ਗੁਲੇਰੀ ਨੇ ਵੀ ਚੰਗੀ ਮੁਰੰਮਤ ਕੀਤੀ । ਦੋਵਾਂ ਨੂੰ ਆਪਣੀ-ਆਪਣੀ ਤਾਕਤ ਦਾ ਅੰਦਾਜ਼ਾ ਹੋ ਗਿਆ । ਤਲਵਾਰਾਂ ਦਾ ਫ਼ੈਸਲਾ ਕਦੀ ਐਨੀ ਜਲਦੀ ਥੋੜ੍ਹਾ ਹੁੰਦਾ ਏ । ਸ਼ੇਰ ਜਵਾਨ ਖੂਬ ਲੜੇ । ਘੁੰਡ ਲਾਹਿਆ ਤਲਵਾਰਾਂ ਨੇ ਤੇ ਫੇਰ ਨੱਚਣ ਤੋਂ ਕਾਹਦੀ ਸੰਗ ।

ਘੋੜਿਆਂ ਦੇ ਸਵਾਰ ਪਸੀਨੇ ਵਿਚ ਨਹਾ ਚੁੱਕੇ ਸਨ । ਖ਼ੂਨ ਵਗਦਾ, ਤਤੀਰੀਆਂ ਫੁੱਟਦੀਆਂ ਪਰ ਸੂਰਮੇ ਤਲਵਾਰਾਂ ਦੀ ਰਫ਼ਤਾਰ ਵਿਚ ਜ਼ਰਾ ਵੀ ਫ਼ਰਕ ਨਾ ਆਉਣ ਦਿੱਤਾ ।

ਹੁਸੈਨੀ ਸੈਨਾ ਪਠਾਣ, ਰਾਜਪੂਤ, ਡੋਗਰੇ ਵੇਖ ਰਹੇ ਸਨ । ਟੱਕਰਾਂ ਮਾਰਦੇ ਸਾਨ੍ਹ ਜਦ ਤੱਕ ਇਕ ਜਣਾਂ ਦਮ ਨਹੀਂ ਤੋੜ ਜਾਂਦਾ ਤਲਵਾਰ ਨਹੀਂ ਰੁਕਣੀ । ਦੋਵਾਂ 'ਚ ਹਾਰ ਜਿੱਤ ਨਾ ਹੋਈ । ਵਿਚ ਇਕ ਰਸਤਾ ਆਣ ਪਿਆ ਤੇ ਉਹਨਾਂ ਨੇ ਉਹਨਾਂ ਨੂੰ ਵੱਖ-ਵੱਖ ਕਰ ਦਿੱਤਾ । ਹਰੀ ਸਿੰਘ ਕੋਲੋਂ ਜੋਸ਼ ਠੱਲ੍ਹਿਆ ਨਾ ਗਿਆ । ਓਸ ਤਲਵਾਰ ਧਰੂ ਲਈ ਤੇ ਮੈਦਾਨ 'ਚ ਆਣ ਗੱਜਿਆ ਤੇ ਆਖਣ ਲੱਗਾ ਆਓ ਕਿਹੜਾ ਮੁਕਾਬਲੇ 'ਚ ਖੜ੍ਹਾ ਹੁੰਦੈ ।

ਪਠਾਣਾਂ ਨੂੰ ਤੇ ਸੱਪ ਸੁੰਘ ਗਿਆ । ਗੋਪਾਲ ਦੀ ਪੁੱਠੀ ਤਲਵਾਰ ਦੀ ਕਾਟ ਵੇਖ ਕੇ ਕ੍ਰਿਪਾਲ ਚੰਦ ਨੇ ਮੂੰਹ 'ਚ ਉਂਗਲਾਂ ਪਾਈਆਂ । ਹੁਸੈਨੀ ਲਸ਼ਕਰ ਦੇ ਸਾਹਮਣੇ ਲਛਮਣ ਰੇਖਾ ਖਿੱਚੀ ਹੋਈ ਸੀ । ਹੁਕਮ ਦੇ ਪਾਬੰਦ ਸਨ ਉਹਨਾਂ ਆਪਣੇ ਪੈਰਾਂ ਤੋਂ ਪੈਰ ਨਾ ਲਾਹਿਆ । ਉਹ ਬਹਾਦਰੀ ਦਾ ਦੰਗਲ ਵੇਖ ਰਹੇ ਸਨ । ਜਦ ਕੋਈ ਨਾ ਨਿਤਰਿਆ ਤੇ ਹਰੀ ਸਿੰਘ ਨੇ ਇਕ ਟੁੱਕੜੀ ਤੇ ਹਮਲਾ ਕਰ ਦਿੱਤਾ । ਲੜਾਈ ਖ਼ੂਬ ਜੰਮ ਕੇ ਹੋਈ । ਲਹੂ ਦੀਆਂ ਛੱਪੜੀਆਂ ਲੱਗ ਗਈਆਂ । ਪਰ ਹਰੀ ਸਿੰਘ ਨੇ ਜ਼ਰਾ ਵੀ ਤਲਵਾਰ ਨੂੰ ਸਾਹ ਨਾ ਲੈਣ ਦਿੱਤਾ, ਕਾਟ ਕਰਦਾ ਜਾ ਰਿਹਾ ਸੀ । ਧੌਣਾਂ ਲੱਥੀਆਂ ਤੇ ਕਿਧਰ ਜਾ

ਉੱਡੀਆਂ ਕੋਈ ਨਹੀਂ ਸੀ ਜਾਣਦਾ। ਸਿਰ ਲੱਥੇ ਦਿਸਦੇ ਸਨ ਤੇ ਸਿਰ ਧਰਤੀ ਤੇ ਖ਼ਰਬੂਜ਼ਿਆਂ ਵਾਂਗ ਰਿੜਦੇ ਜਾਪਦੇ।

ਹਰੀ ਸਿੰਘ ਨੇ ਚੰਗੇ ਆਹੂ ਲਾਹੇ ਤੇ ਸਾਹਮਣੇ ਮੁਗ਼ਲ ਟੁਕੜੀ ਨੇ ਵੀ ਚੰਗੇ ਗਹਿਰੇ ਜ਼ਖ਼ਮ ਕੀਤੇ। ਕਿੰਨੇ ਕੁ ਜ਼ਖ਼ਮ ਸਹਾਰ ਸਕਦਾ ਹੈ ਯੋਧਾ। ਆਖ਼ਰ ਲੜਦਾ-ਲੜਦਾ ਹਰੀ ਸਿੰਘ ਰੱਬ ਨੂੰ ਪਿਆਰਾ ਹੋ ਗਿਆ ਪਰ ਉਹਦੀ ਤਲਵਾਰ ਅਜੇ ਵੀ ਆਕੜਾਂ ਭੰਨ ਰਹੀ ਸੀ। ਉਹਦੀ ਤਲਵਾਰ ਦੀ ਤਾਰੀਫ਼ ਕਰਦੀਆਂ ਗੁਰੂ ਗੋਬਿੰਦ ਰਾਏ ਫ਼ਰਮਾਉਂਦੇ ਹਨ :—

ਹਰੀ ਸਿੰਘ ਧਾਯੋ ਤਹਾਂ ਏਕ ਬੀਰੰ ॥ ਸਹੇ ਦੇਹ ਆਪੂ ਭਲੀ ਭਾਂਤਿ ਤੀਰੰ ॥
ਮਹਾਂ ਕੋਪਕੇ ਬੀਰ ਬ੍ਰਿੰਦੰ ਸੰਘਾਰੇ ॥ ਬਡੋ ਜੁਧ ਕੈ ਦੇ ਲੋਕੰ ਪਧਾਰੇ ॥

ਹੁਸੈਨੀ ਸੈਨਾ ਵਿਚੋਂ ਜਲਾਲ ਖ਼ਾਂ ਗੁਰਜ ਲੈ ਕੇ ਆਕੜਿਆ ਫਿਰਦਾ ਸੀ ਬੜਾ ਗਰਵ ਸੀ ਤਾਕਤ ਦਾ। ਆਪਣੇ ਹੁਨਰ ਦਾ ਉਸਤਾਦ ਸੀ। ਉਹਦੇ ਸਾਹਮਣੇ ਕੋਈ ਸੂਰਮਾ ਉਹਦੇ ਨਾਲ ਅੱਖ ਨਾ ਮਿਲਾਉਂਦਾ ਪਰ ਧੰਨ ਸਿਦਕ ਤੇ ਵਿਸ਼ਵਾਸ ਦਾ ਅਕੀਦਾ ਬੁਲੰਦ। ਇਕ ਹਿੰਮਤੀ ਸੂਰਮਾ ਉਹਦੇ ਹੱਥ ਵਿਚ ਮਤਹਰ੍ਹ ਸੀ, ਭੰਗ ਘੋਟਣ ਵਾਲਾ ਡੰਡਾ। ਉਸ ਲਲਕਾਰਿਆ ਤੇ ਭਿੜ ਪਏ ਦੋਵੇਂ ਸਾਨ੍ਹ, ਡੰਡਾ ਤੇ ਗੁਰਜ ਜਦ ਇਕ ਦੂਜੇ ਤੇ ਵੱਜੇ ਖੜਾਕ ਆ ਗਈ। ਪਹਾੜ ਗੂੰਜੇ। ਖ਼ੂਬ ਜੰਮ ਕੇ ਲੜਾਈ ਹੋਈ। ਗੁਰਜ ਦਾ ਤੇ ਸੋਟੇ ਦਾ ਕੀ ਮੇਲ ਪਰ ਫੇਰ ਵੀ ਦੋਨਾਂ ਨੇ ਦਿਲ ਦੇ ਗ਼ੁਬਾਰ ਖ਼ੂਬ ਕੱਢੇ। ਆਖ਼ਰ ਮਰਿਆਦਾ ਟੁੱਟ ਗਈ। ਤਲਵਾਰਾਂ ਆਖ਼ਰ ਤਲਵਾਰਾਂ ਨਾਲ ਭਿੜੀਆਂ। ਖ਼ੂਨ ਦੀਆਂ ਤੱਤੀਰਿਆਂ ਫੁੱਟੀਆਂ ਜਦ ਚੋਟ ਪੈਂਦੀ ਤੇ ਚੰਗਿਆੜੇ ਨਿਕਲਦੇ। ਦੋਵੇਂ ਹਫ ਗਏ। ਆਖ਼ਰਕਾਰ ਦੋਵੇਂ ਬੇ-ਸੁੱਧ ਹੋ ਗਏ। ਪਾਣੀ ਮੂੰਹ ਵਿਚ ਚੋਇਆ ਜਾ ਰਿਹਾ ਸੀ ਉਹ ਕਦ ਮਰ ਗਏ ਕਿਸੇ ਨੂੰ ਪਤਾ ਵੀ ਨਹੀਂ ਸੀ। ਫ਼ੌਜ ਜੂਝ ਰਹੀ ਸੀ ਪਰ ਉਸ ਸਿਦਕੀ ਨੇ ਰੱਖ ਵਿਖਾਈ।

ਹਠਿਯੋ ਹਿੰਮਤੰ ਕਿੰਮਤੰ ਲੈ ਕ੍ਰਿਪਾਨੰ ॥ ਲਏ ਗੁਰਜ ਚਲੰ ਸੁ ਜਲਾਲ ਖਾਨੰ ॥
ਹਠੇ ਸੂਰਮਾ ਮੱਤ ਜੋਧਾ ਜੁਝਾਰੰ ॥ ਪਰੀ ਕੁੱਟ ਕੁੱਟੰ ਉਠੀ ਸਸਤ੍ਰ ਝਾਰੰ ॥

ਜੰਗ ਖ਼ਤਮ ਨਹੀਂ ਸੀ ਹੋਈ ਸਗੋਂ ਸ਼ੁਰੂ ਹੋਈ ਸੀ। ਕਿਲ੍ਹੇ ਦੇ ਬੰਦ ਦਰਵਾਜ਼ੇ ਵਿਚੋਂ ਖਿੜਕੀ ਰਾਹੀਂ ਯੋਧੇ ਨਿਕਲ ਰਹੇ ਸਨ। ਭੱਖ ਗਈ ਰਣਭੂਮੀ, ਜਵਾਨ ਮਰਦੇ ਤੇ ਓਧਰ ਪਠਾਣਾਂ ਦੀ ਫ਼ੌਜ ਦੇ ਆਹੂ ਲੱਥ ਰਹੇ ਸਨ। ਜੰਗ ਕੀ ਰੰਗ ਵਿਖਾਉਂਦੀ ਏ ਫ਼ੈਸਲਾ ਉਸ ਕਰਤਾਰ ਦੇ ਹੱਥ।

★

ਜਬੈ ਬਾਨ ਲਾਗਯੋ ੧੫੦

ਜਬੈ ਬਾਨ ਲਾਗਯੋ, ਤਬੈ ਰੋਸ ਜਾਗਯੋ ॥
ਕਰ ਲੈ ਕਮਾਣੰ, ਹਨੰ ਬਾਣੰ ਤਾਣੰ ॥

ਅੱਗੜ ਥੱਗੜ ਵੀ ਮੈਦਾਨ 'ਚ ਆ ਗਏ। ਜਿਹੜਾ ਜਿਧਰ ਜਿਹਦੀ ਮਰਜ਼ੀ ਮੂੰਹ ਚੁੱਕ ਲੈਂਦਾ। ਗੁਲੇਰ ਦਾ ਰਾਜਾ ਗੋਪਾਲ ਭਾਵੇਂ ਬੇਸੁੱਧ ਪਿਆ ਹੋਇਆ ਸੀ ਅੱਖ ਖੁੱਲ੍ਹੀ ਤੇ ਫੇਰ ਉਠਿਆ ਹੰਭਲਾ ਮਾਰ ਕੇ। ਤਲਵਾਰ ਸਿਰਹਾਣੇ ਪਈ ਹੋਈ ਸੀ ਝੱਟ ਉਸ ਦੀ ਮੁੱਠ ਨੂੰ ਹੱਥ ਪਾਇਆ ਭਾਵੇਂ ਜ਼ਖ਼ਮਾਂ ਨਾਲ ਨਿਢਾਲ ਸੀ ਪਰ ਫੇਰ ਵੀ ਉਠਿਆ ਤੇ ਆਖਣ ਲੱਗਾ।

ਬਰਾੜ ਆ ਗਏ ਨੇ ਹੁਣ ਜੰਗ ਦਾ ਨਕਸ਼ਾ ਬਦਲੇਗਾ। ਹੁਸੈਨੀ ਨੇ ਆਪਣਾ ਜ਼ੋਰ ਲਾ ਲਿਆ ਸੀ। ਭਾਈ ਸੰਗਤ ਰਾਏ ਨੇ ਵੀ ਆਪਣਾ ਮੋਰਚਾ ਸੰਭਾਲ ਲਿਆ।

ਹਿੰਮਤ ਤੇ ਕੀਮਤ ਵੀ ਨਜ਼ਰੀਂ ਪਏ। ਸ਼ਾਬਾਸ਼ ਬਹਾਦਰੋ ਖ਼ਾਨਜ਼ਾਦਾ ਆ ਰਿਹਾ ਏ।

—ਬਰਾੜ ਸੂਰਮੇ ਹਨ ਉਹਨਾਂ ਦੀ ਟੁਕੜੀ ਵਿਚ ਦੱਸ ਨਾਮੀ-ਗਰਾਮੀ ਸੂਰਮੇ ਸਨ।

—ਭਾਈ ਸੰਗਤੇ ਤੇ ਨਾਲ ਦੀ ਢਾਣੀ ਸੀ ਵੀਹਾਂ ਕੁ ਬੰਦਿਆਂ ਦੀ।

ਕਿਰਪਾ ਰਾਮ ਕ੍ਰਿਪਾਲ ਸਿੰਘ ਦਾ ਹਮਾਇਤੀ ਸੀ। ਓਹ ਵੀ ਆਪਣੀ ਟੁਕੜੀ ਨੂੰ ਲੈ ਕੇ ਇਕ ਬਾਹੀ ਤੇ ਖੜ੍ਹਾ ਸੀ।

ਅਜਮੇਰ ਸਿੰਘ ਦੀ ਤਾਕਤ ਤੋਂ ਕੌਣ ਜਾਣੂੰ ਨਹੀਂ ਸੀ। ਮਾਂਗਵੀਂ ਧਾੜ ਉਹਦੇ ਨਾਲ ਵੀ ਕਾਫ਼ੀ ਸੀ। ਬੜ੍ਹਕਾਂ ਓਸ ਵੀ ਜੀਅ ਭਰ ਕੇ ਮਾਰੀਆਂ।

ਮੈਦਾਨ ਹੁਣ ਭਖਿਆ ਸੀ ਪਰ ਹੁਸੈਨ ਖ਼ਾਂ ਅਜੇ ਵੀ ਸ਼ਰਾਬ ਪੀ ਰਿਹਾ ਸੀ।

ਸਾਹਿਬ ਗੋਬਿੰਦ ਰਾਏ ਨੇ ਆਪਣੀ ਕਵਿਤਾ ਵਿਚ ਜੰਗ ਦਾ ਨਕਸ਼ਾ ਬਣਾਇਆ ਏ। ਇਹ ਸੁਣਿਆ ਹੋਇਆ ਸੀ ਜਾਂ ਅਨੁਭਵ ਕੀਤਾ ਹੋਇਆ ਸੀ ਜਾਂ ਕਵੀ ਦੀ ਖ਼ਿਆਲ ਉਡਾਰੀ ਸੀ। ਜੰਗ ਕਿਹੜੇ ਵੇਲੇ ਆਪਣਾ ਰੰਗ ਬਦਲ ਲੈਂਦੀ ਏ ਇਹ ਕੋਈ ਨਹੀਂ ਜਾਣਦਾ। ਫ਼ੌਜ ਵਿਚ ਭਾਜੜ ਪੈ ਚੁੱਕੀ ਸੀ। ਪੈਰ ਉੱਖੜ ਚੁੱਕੇ ਸਨ ਹੁਸੈਨ ਖ਼ਾਂ ਦੀ ਫ਼ੌਜ ਦੇ। ਹੁਸੈਨ ਖ਼ਾਂ ਆਪ ਉੱਠਿਆ ਗੁੱਸਾ ਖਾ ਕੇ।

ਕਿਲ੍ਹੇ ਦੇ ਫਾਟਕ ਖੁੱਲ੍ਹੇ ਸਨ। ਸਾਰੇ ਜਣੇ ਮੈਦਾਨ 'ਚ ਆ ਗਏ। ਹੁਣ ਲੜਣ ਦਾ ਮਜ਼ਾ ਆਏਗਾ। ਸ਼ਰਾਬੀ ਹੁਸੈਨ ਖ਼ਾਂ ਲਲਕਾਰੇ ਮਾਰਦਾ ਮੈਦਾਨ 'ਚ ਆ ਖਲੋਤਾ।

ਹੁਣ ਲੜਾਈ ਪਲਾਂ 'ਚ ਮੁਕ ਜਾਏਗੀ। ਇਧਰ ਜਾਂ ਓਧਰ ਸਾਰੇ ਪਹਿਲਵਾਨ ਆਪਣੇ-ਆਪਣੇ ਦਾਅ ਵਰਤ ਚੁੱਕੇ ਸਨ। ਹੁਣ ਤੇ ਆਖ਼ਰੀ ਕਿਸ਼ਤ ਦੇਣ ਦੀ ਲੋੜ ਸੀ ਸ਼ਾਹਮਾਤ। ਇਸ ਸ਼ਤਰੰਜ ਦਾ ਇਕ ਗੁਣ ਏ। ਬਾਦਸ਼ਾਹ ਜਿੱਤ 'ਚ ਹੋਇਆ ਤੇ ਬਾਜ਼ੀ ਖ਼ਤਮ।

ਜਸੰਵਾਲ ਧਾਏ, ਤੁਰੰਗੰ ਨਚਾਏ ॥ ਲਯੋ ਘੇਰ ਹੁਸੈਨੀ, ਹਨਿਯੋ ਸਾਂਗ ਪੈਨੀ ॥
ਤਿਨੂ ਬਾਣ ਬਾਹੇ ਬਡੇ ਸੈਨ ਗਾਹੇ ॥ ਜਿਸੈ ਅੰਗਿ ਲਾਗਯੋ, ਤਿਸੈ ਪ੍ਰਾਣ ਤਯਾਗਯੋ ॥
ਜਬੈ ਘਾਵ ਲਾਗਯੋ, ਤਬੈ ਕੋਪ ਜਾਗਯੋ ॥ ਸੰਭਾਰੀ ਕਮਾਣੰ, ਹਣੈ ਬੀਰ ਬਾਣੰ ॥

ਚਹੂੰ ਓਰ ਢੂਕੇ ਮੁਖੰ ਮਾਰ ਕੂਕੇ ॥ ਨ੍ਰਿਭੈ ਸਸਤ੍ਰ ਬਾਹੈਂ, ਦੋਊ ਜੀਤ ਚਾਹੈਂ ॥
ਰਿਸੇ ਖਾਨਜਾਦੇ, ਮਹਾਂ ਮੱਦ ਮਾਦੇ ॥ ਮਹਾਂ ਬਾਣ ਬਰਖੇ ਸਭੈ ਸੂਰ ਹਰਖੇ ॥
ਕਰੈ ਦਾਨ ਅਰਚਾ, ਧਨੁਰ ਬੇਦ ਚਰਚਾ ॥ ਸੁ ਮਾਂਗੀ ਸਮ੍ਹਾਲੈ ਕਰੈ ਤਉਨ ਨਾਮੈ ॥
ਬਲੀ ਬੀਰ ਰੁੱਝੇ, ਸਮੂਹ ਸਸਤ੍ਰ ਜੁੱਝੇ ॥ ਲਗੀ ਧੀਰ ਧੱਕੈ, ਕ੍ਰਿਪਾਣੰ ਝਨਕੈ ॥
ਕੜਕੇ ਕਮਾਣੰ, ਝਣੰਕੈ ਕ੍ਰਿਪਾਣੰ ॥ ਕੜੰਕਾਰ ਛੁੱਟੈ, ਝਣੰਕਾਰ ਉੱਠੈ ॥
ਹਠੀ ਸਸਤ੍ਰ ਝਾਰੈ, ਨਾ ਸੰਕਾ ਬਿਚਾਰੈ ॥ ਕਰੈ ਠੀਰ ਮਾਰੈਂ, ਫਿਰੈ ਲੋਹ ਧਾਰੈ ॥
ਨਦੀ ਸ੍ਰੋਣ ਪੂਰੰ, ਫਿਰੈ ਗੈਣ ਹੂਰੰ ॥ ਉਭੇ ਖੇਤ ਪਾਲੰ, ਬਕੇ ਬਿੱਕਰਾਲੰ ॥

ਜਦੋਂ ਅਣਖ ਜਾਗਦੀ ਏ ਸੂਰਮੇ ਤਦ ਹੀ ਨਿਤਰਦੇ ਹਨ। ਜਸਵਾਲ ਦਾ ਰਾਜਾ ਕੇਸਰੀ ਚੰਦ ਘੋੜਾ ਨਚਾਉਂਦਾ ਰਣਭੂਮੀ ਵਿਚ ਆਇਆ। ਉਸ ਨੇ ਘਿਰੇ ਘਿਰੇ ਹੁਸੈਨ ਖ਼ਾਂ ਤੇ ਤਿਰਛੀ ਬਰਛੀ

ਮਾਰੀ। ਸਾਰੀ ਸ਼ਰਾਬ ਉਤਰ ਗਈ। ਉਹਦੀਆਂ ਅੱਖਾਂ ਸਾਹਮਣੇ ਮੌਤ ਨੱਚਦੀ ਦਿਸੀ। ਅਗੋਂ ਹੁਸੈਨੀ ਨੇ ਵੀ ਤੀਰਾਂ ਦੀ ਬਰਖਾ ਕੀਤੀ ਤੇ ਮਿੱਧ ਸੁੱਟੀ ਫ਼ੌਜ। ਤੀਰ ਜਿਥੇ ਵੀ ਲਗਦਾ ਉਹ ਉਥੇ ਹੀ ਚਿੱਤ ਹੋ ਜਾਂਦਾ। ਕੋਈ ਅੱਲਾ ਕਹਿੰਦਾ ਤੇ ਕੋਈ ਰਾਮ । ਜਿਉਂ-ਜਿਉਂ ਬਰਛੀਆਂ ਲਗਦੀਆਂ ਤਿਉਂ-ਤਿਉਂ ਰੋਹ ਵਧਦਾ, ਜੋਸ਼ ਆਉਂਦਾ। ਗੁੱਸਾ ਚੰਡਾਲ ਹੁੰਦਾ ਏ। ਰਣਭੂਮੀ ਵਿਚ ਤੂਫ਼ਾਨ ਦਾ ਰਿੱਛ ਨੱਚਦਾ, ਝੱਖੜ ਝੁਲਦਾ, ਹਨੇਰੀ ਆਉਂਦੀ, ਸੂਰਮਿਆਂ ਦੀਆਂ ਲੋਥਾਂ ਨਹੀਂ ਸਨ ਗਿਣੀਆਂ ਜਾਂਦੀਆਂ। ਮਾਰੋ-ਮਾਰੋ ਦੀਆਂ ਆਵਾਜ਼ਾਂ ਵਿਚ ਜਿੱਤ ਲਿਖੀ ਹੋਈ ਸੀ ਪਰ ਜਿੱਤ ਜਿਹਦੇ ਕਰਮਾਂ ਵਿਚ ਸੀ ਉਹਦੇ ਨਾਂ ਈ ਲਿਖੀ ਜਾਣੀ ਸੀ। ਰਣਭੂਮੀ ਦੀ ਸਲੇਟ ਤੇ ਉਸੇ ਦਾ ਨਾਂ ਲਿਖਿਆ ਜਾਂਦੈ ਜਿਹੜਾ ਹੱਕਦਾਰ ਹੋਵੇ। ਸਿਫ਼ਾਰਸ਼ ਬਿਲਕੁਲ ਨਹੀਂ ਚਲਦੀ । ਪੁੱਤ ਪਠਾਣ ਦੇ ਜਿਨ੍ਹਾਂ ਨੂੰ ਮਾਣ ਸੀ ਫ਼ੌਜ ਦਾ, ਆਪਣੇ ਤੀਰ ਕਮਾਨਾਂ ਦਾ ਸਹਾਰਾ ਲੈ ਕੇ ਲੜ ਰਹੇ ਸਨ। ਉਹਨਾਂ ਦੇ ਮਨ ਵਿਚ ਅਭਿਮਾਨ ਸੀ ਕਿ ਜਿੱਤ ਉਹਨਾਂ ਦੇ ਲੱਕ ਨਾਲ ਬੱਝੀ ਹੋਈ ਏ। ਕਿਉਂ ਮਾਣ ਕਰਦੇ ਓ ਐਨੀ ਫ਼ੌਜ ਦਾ ਪਰ ਤਕਦੀਰ ਕੀ ਖੇਡ ਖੇਡਦੀ ਏ ਇਹ ਉਹ ਭੁੱਲ ਚੁੱਕੇ ਸਨ। ਉਹ ਤੇ ਸਿਰਫ਼ ਜਿੱਤ ਦੇ ਹੀ ਸੁਪਨੇ ਵੇਖ ਰਹੇ ਸਨ। ਪਰ ਜਿੱਤ ਤੇ ਉਸ ਭਗਵਾਨ ਦੇ ਹੱਥ ਵਿਚ ਸੀ। ਓਸ ਕਿਸ ਨੂੰ ਇੱਜ਼ਤ ਬਖ਼ਸ਼ਣੀ ਏ ਤੇ ਕਿਹਨੂੰ ਜ਼ਲੀਲ ਕਰਨੈ. ਓਹ ਆਪਣੇ ਜੁੱਸੇ ਵਿਚ ਬਲ ਦੀ ਸ਼ੈਹ ਤੇ ਲੜ ਰਹੇ ਸਨ। ਜੰਗ ਦਾ ਨਕਸ਼ਾ ਇਉਂ ਬਦਲਿਆ ਜਿਦਾਂ ਕਰਬਲਾ ਦੇ ਮੈਦਾਨ ਦਾ ਜਲਵਾ। ਸੂਰਮੇ ਆਪਣੇ ਵਾਰ ਕਰ ਰਹੇ ਸਨ। ਬਚਾਅ ਕਰਨਾ ਤੇ ਉਹ ਸਿਖੇ ਈ ਨਹੀਂ ਸਨ। ਉਹਨਾਂ ਦਾ ਖ਼ਿਆਲ ਸੀ ਕਿ ਜਿੱਤ ਸਾਡੀ ਕਿਸਮਤ ਵਿਚ ਲਿਖੀ ਹੋਈ ਏ । ਪਰ ਜਿੱਤ ਕਿਸਦੀ ਹੋਣੀ ਏ ਉਹਨਾਂ ਦੇ ਚਿੱਤ-ਚੇਤੇ ਵਿਚ ਵੀ ਨਹੀਂ ਸੀ। ਉਹ ਤੀਰ ਕਮਾਨਾਂ ਦੀ ਸ਼ੈਹ ਤੇ ਤਰਥੱਲੀ ਮਚਾ ਰਹੇ ਸਨ। ਉਹਨਾਂ ਦੇ ਖ਼ਿਆਲ ਵਿਚ ਮਹਾਂਭਾਰਤ ਦੀ ਜੰਗ ਏ। ਪਹਾੜੀਏ ਆਪਣੀ ਮਰਿਆਦਾ ਨਹੀਂ ਗਵਾਉਣ ਲੱਗੇ ਤੇ ਅਸੀਂ ਮੁਗ਼ਲ ਹਾਂ ਸਾਡੇ ਈਮਾਨ ਵਿਚ ਲਿਖਿਆ ਏ ਕਿ ਦੁਸ਼ਮਣ ਨੂੰ ਜ਼ੇਰ ਕਰ ਲਵੋ ਧੋਖਾ ਕਰੋ ਫ਼ਰੇਬ ਕਰੋ, ਝੂਠੀਆਂ ਸੌਹਾਂ ਖਾਵੋ ਭਾਵੇਂ ਈਮਾਨ ਗਹਿਣੇ ਵੀ ਪਾਉਣਾ ਪੈ ਜਾਵੇ। ਹੁਸੈਨੀ ਫ਼ੌਜ ਆਪਣੇ ਦਾਅ ਤੇ ਸੀ। ਪਹਾੜੀ ਰਾਜੇ ਆਪਸ ਵਿਚ ਲੜ ਰਹੇ ਹਨ। ਕਮਜ਼ੋਰ ਹੋ ਜਾਣਗੇ ਤੇ ਫੇਰ ਉਹਨਾਂ ਦੀ ਚਮੜੀ ਉਧੇੜਣੀ ਕੋਈ ਮੁਸ਼ਕਲ ਨਹੀਂ । ਪਹਾੜੀਏ ਐਨੇ ਬੇ ਸਮਝ ਤੇ ਮੂਰਖ ਹਨ ਉਹ ਆਪਸ 'ਚ ਲੜਦੇ ਰਹਿਣਗੇ ਜਿੱਤ ਦੇ ਡੰਕੇ ਵਜਾਉਂਦੇ ਅਸੀਂ ਨਿਕਲਾਂਗੇ ਮੈਦਾਨ ਵਿਚੋਂ। ਹੁਸੈਨ ਖ਼ਾਂ ਆਖ ਰਿਹਾ ਸੀ।

ਫ਼ੌਜ ਤੇ ਪਹਾੜੀਆਂ ਦੀ ਮੁਕਾ ਦੇਣੀ ਚਾਹੁੰਦੇ ਸਨ ਪਰ ਪਹਾੜੀਏ ਏਸ ਗੱਲ ਨੂੰ ਨਹੀਂ ਸਨ ਸੋਚ ਰਹੇ । ਵਿਚ-ਵਿਚ ਇਹ ਵੀ ਗੱਲ ਆਖਦੇ ਜੇ ਮੁਗ਼ਲ ਜਿੱਤ ਗਏ ਤੇ ਫੇਰ ਡੋਲੇ ਘਰੋਂ ਦੇ ਕੇ ਤੋਰਨਾ ਪਊ ਇਹਨਾਂ ਖ਼ਾਨਜ਼ਾਦੀਆਂ ਨੂੰ।

ਗੁਰਾਂ ਨੇ ਸੋਚਿਆ ਜੇ ਪਹਾੜੀਏ ਈ ਸਮਝ ਜਾਣ ਤੇ ਅਸਾਂ ਇਕੱਠੇ ਹੋ ਕੇ ਲੜਨਾ ਏ। ਇਕ ਵਾਰ ਮੂੰਹ ਭੰਨ ਦਿਊ ਤੇ ਫੇਰ ਮੁਗ਼ਲ ਕਦੀ ਵੀ ਸਾਡੀ ਇੱਜ਼ਤ ਨੂੰ ਨੀਲਾਮ ਨਹੀਂ ਕਰਨਗੇ। ਇਹ ਗੱਲ ਪਹਾੜੀਆਂ ਦੇ ਖ਼ਾਨੇ ਨਹੀਂ ਸੀ ਪੈਂਦੀ। ਗੁਰੂ ਸਾਡਾ ਦੁਸ਼ਮਣ ਏ। ਦੁਸ਼ਮਣੀ ਕੀ ਏ ਓਸ ਨੀਚ ਜਾਤ ਨੂੰ ਸਾਡੇ ਬਰਾਬਰ ਬਿਠਾ ਦਿੱਤੇ । ਇਹ ਗ਼ਲਤ ਏ ਹੋਰ ਸਾਡਾ ਗੁਰੂ ਨਾਲ ਵੈਰ ਕਾਹਦੈ। ਪਰ ਗੁਰੂਆਂ ਨੇ ਇਹ ਸੋਚਿਆ ਕਿ ਨੀਚ ਜਾਤ ਦੇ ਲੋਕਾਂ ਵਿਚ ਤਾਕਤ ਏ ਅਕੀਦਾ ਏ, ਜਜ਼ਬਾ ਏ ਇਹ ਦਿਲ ਤੋੜ ਕੇ ਲੜ ਸਕਦੇ ਹਨ । ਰਾਜਪੂਤ ਤੇ ਪਹਾੜੀਏ ਰਾਜੇ ਅਯਾਸ਼ ਤੇ ਭੋਗੀ ਬਣ ਚੁੱਕੇ ਹਨ। ਉਹਨਾਂ ਆਪਣੀਆਂ ਤਲਵਾਰਾਂ ਕਿੱਲੀਆਂ ਨਾਲ ਟੰਗ ਦਿੱਤੀਆਂ ਹਨ। ਸਿਰਫ਼ ਇਕੋ ਹੀ ਜਾਤ

ਇਹਨਾਂ ਦਾ ਸਾਥ ਦੇ ਸਕਦੀ ਏ ਵੈਸ਼ ਤੇ ਸ਼ੂਦਰ। ਸਾਡੇ ਬਜ਼ੁਰਗਾਂ ਨੇ ਇਹਨਾਂ ਨੂੰ ਚੌਕੇ ਨਹੀਂ ਚੜ੍ਹਨ ਦਿੱਤਾ। ਅਸੀਂ ਕਿਉਂ ਇਹਨਾਂ ਨੂੰ ਚੌਕੇ 'ਚ ਬਿਠਾ ਕੇ ਭੋਜਨ ਖਵਾਈਏ। ਗੱਲ ਤੇ ਸਿਰਫ਼ ਵਿਚੋਂ ਨਿਕਲਣੀ ਸੀ। ਜਦ ਗੁਰਾਂ ਨੇ ਇਹਨਾਂ ਨੂੰ ਪੰਗਤ 'ਚ ਬਿਠਾ ਲਿਆ ਤੇ ਫੇਰ ਗੱਲ ਮੁੱਕ ਗਈ।

ਪਰ ਰਾਜੇ ਪਹਾੜੀਏ ਹਿੰਦੂ ਧਰਮ ਦੇ ਰਾਖੇ ਸਿਰਫ਼ ਨਾਂ ਈ ਨਾਂ ਦੇ ਸਨ। ਰਾਜਿਆਂ ਦੇ ਪੁੱਤ ਮੈਦਾਨ ਵਿਚ ਲੜਨ ਨੂੰ ਤਿਆਰ ਨਹੀਂ ਸਨ ਤੇ ਫੇਰ ਲੜੇ ਕਿਹੜਾ।

ਲੜੇ ਉਹ ਜਿਹਨੂੰ ਤੁਸਾਂ ਕਦੀ ਵਕਤ ਨਹੀਂ ਦਿੱਤਾ।

ਫੇਰ ਅਸੀਂ ਗੁਲਾਮ ਤੇ ਉਹ ਹਾਕਮ, ਤੇ ਉਹ ਹਾਕਮ ਤੇ ਅਸੀਂ ਗੁਲਾਮ ਇਹ ਯੁੱਗ ਬਦਲੇਗਾ।

ਇਹ ਗੱਲ ਨੇਪਰੇ ਨਹੀਂ ਚੜ੍ਹਨ ਲੱਗੀ ਤੇ ਨਾ ਚੜ੍ਹੇਗੀ। ਮੁਗ਼ਲਾਂ ਨੇ ਮਨਮਰਜ਼ੀ ਕਰਨੀ ਏ। ਉਹਨਾਂ ਨੂੰ ਤੇ ਚਾਹੀਦੀ ਏ ਸ਼ਰਾਬ ਤੇ ਕਬਾਬ।

ਕੀ ਇਹ ਸਭ ਕੁਝ ਦਿਓਗੇ। ਨਹੀਂ ਤੇ ਫੇਰ ਇਹ ਸੁਲਾਹ ਨਹੀਂ ਹੋ ਸਕਦੀ। ਡੋਲੇ ਦਿਓ ਇੱਜ਼ਤ ਗਿਰਵੀ ਰਖੋ ਦੋਸਤੀ ਵਰਨਾ ਦੁਸ਼ਮਣੀ।

ਅਸੀਂ ਰਾਜੇ ਹਾਂ ਤੇ ਫੇਰ ਕੀ ਹੋਇਆ। ਅਸੀਂ ਰਾਜਪੂਤ ਹਾਂ ਤਾਂ ਫੇਰ ਕਿਹੜੀ ਚੋਟੀ ਸਰ ਕੀਤੀ ਏ। ਮੁਗ਼ਲ ਹਕੂਮਤ ਨਾਲ ਸਮਝੌਤਾ ਸਿਰਫ਼ ਇਕ ਗੱਲ ਤੇ ਸ਼ਰਾਬ, ਸ਼ਬਾਬ ਤੇ ਕਬਾਬ।

ਇਹ ਅਸੀਂ ਨਹੀਂ ਕਰ ਸਕਦੇ ਤੇ ਫੇਰ ਸਮਝੌਤਾ ਕਿਸ ਗੱਲ ਦਾ, ਕੁਝ ਤੇ ਇਹ ਸ਼ਰਤਾਂ ਮੰਨਣ ਨੂੰ ਤਿਆਰ ਸਨ ਤੇ ਬਾਕੀ ਏਸ ਦੇ ਖਿਲਾਫ਼ ਆਵਾਜ਼ ਚੁੱਕ ਰਹੇ ਸਨ। ਹੁਸੈਨ ਖ਼ਾਂ ਜਿੱਤ ਦੇ ਨਸ਼ੇ ਵਿਚ ਲੜ ਰਿਹਾ ਸੀ। ਉਹਨੂੰ ਮਾਣ ਸੀ ਫ਼ੌਜਾਂ ਦਾ, ਉਹਦਾ ਧੜਾ ਭਾਰੀ ਸੀ। ਇਧਰ ਜਜ਼ਬਾ ਲੜ ਰਿਹਾ ਸੀ। ਅਕੀਦਤ ਦਾ ਨਸ਼ਾ ਸੀ, ਜੁਰੱਤ ਸੀ ਪਰ ਉਹਨਾਂ ਨੂੰ ਮੌਕਾ ਈ ਨਹੀਂ ਸੀ ਦਿੱਤਾ ਜਾਂਦਾ। ਫੋਕੀ ਗੈਰਤ ਦਾ ਢੰਡੋਰਾ ਦੇ ਰਹੀ ਸੀ ਪਹਾੜ ਦੀ ਹਵਾ।

ਮੁਕਾਬਲਾ ਬਰਾਬਰ ਦਾ ਸੀ। ਹੁਸੈਨੀ ਫ਼ੌਜ ਦੀ ਗਿਣਤੀ ਜ਼ਿਆਦਾ ਸੀ ਤੇ ਤਨਖ਼ਾਹ ਦੇ ਬੰਦੇ ਸਨ ਤੇ ਇਧਰ ਅਕੀਦਤ, ਜਜ਼ਬਾ ਤੇ ਜੋਸ਼ ਲੜ ਰਿਹਾ ਸੀ। ਇਹਨਾਂ ਨੂੰ ਕੋਈ ਲਾਲਚ ਨਹੀਂ ਸੀ ਤਨਖ਼ਾਹ ਦਾ। ਸਿਰਫ਼ ਸਰਧਾਲੂਆਂ ਨੂੰ ਲੈ ਕੇ ਜੰਗ 'ਚ ਕੁੱਦੇ ਸਨ ਯੋਧੇ।

ਹੁਸੈਨੀ ਲਸ਼ਕਰ ਸਿਰਫ਼ ਤਨਖ਼ਾਹ ਦੇ ਜ਼ੋਰ ਵਿਚ ਆ ਕੇ ਮੈਦਾਨੇ ਜੰਗ ਵਿਚ ਸ਼ਹੀਦੀਆਂ ਪਾ ਰਹੇ ਸਨ। ਆਖਣ ਲਈ ਕਿ ਅਸੀਂ ਮੁਗ਼ਲ ਹਕੂਮਤ ਦੇ ਖ਼ੈਰਖ਼ਾਹ ਹਾਂ।

ਕਿਥੇ ਜਜ਼ਬਾ ਤੇ ਕਿਥੇ ਦਮੜਿਆਂ ਦੀ ਦੌੜ। ਦੋਵੇਂ ਇਕ ਦੂਜੇ ਤੋਂ ਵੱਖਰੇ ਸਨ।

ਹੁਸੈਨ ਖ਼ਾਂ ਗਰਜਿਆ ਤੇ ਆਖਣ ਲੱਗਾ, "ਜੰਗ ਇੰਨੀ ਲੰਮੀ ਹੋ ਗਈ ਏ। ਪਹਾੜੀ ਚੂਹੇ ਤੁਹਾਡੀਆਂ ਤਲਵਾਰਾਂ ਨੂੰ ਕੁਤਰ ਰਹੇ ਹਨ।"

ਰਣਭੂਮੀ ਲਹੂ ਨਾਲ ਰੰਗੀ ਗਈ। ਧੌਣਾਂ ਲੱਥੀਆਂ, ਲਾਸ਼ਾਂ ਦੇ ਢੇਰ ਲੱਗੇ। ਹਾਹਾਕਾਰ ਮੱਚੀ ਪਰ ਜਵਾਨ ਫੇਰ ਵੀ ਡਟੇ ਹੋਏ ਸਨ। ਚੜੇਲਾਂ ਬੋਲ ਰਹੀਆਂ ਸਨ, ਡੈਣਾਂ ਦਾ ਗਿਰੋਹ ਆਇਆ ਗਿਰਝਾਂ ਨੇ ਛਾਉਣੀਆਂ ਪਾਈਆਂ, ਕੁੱਤਿਆਂ ਨੇ ਡੇਰੇ ਲਾਏ ਤੇ ਕਾਂਵਾਂ ਨੇ ਕਾਂਵਾਂਰੌਲੀ ਪਾ ਦਿੱਤੀ। ਬੰਦੂਕਾਂ ਦਾ ਖੜਾਕ ਸੁਣ ਕੇ ਕੰਨ ਬੋਲੇ ਹੋ ਰਹੇ ਸਨ। ਬਰਛੀਆਂ ਚਲ ਰਹੀਆਂ ਸਨ। ਬੁਜ਼ਦਿਲ ਸਿਰ ਲੁਕਾਉਣ ਲਈ ਜਗ੍ਹਾ ਲਭ ਰਹੇ ਸਨ।

ਢੋਲ ਵੱਜੇ, ਨੌਬਤ ਖੜਕੀ, ਨਗਾਰਿਆਂ ਤੇ ਚੋਟ ਪਈ, ਜੰਗ ਤੇਜ਼ ਹੋ ਗਈ। ਸ਼ਿਵ ਦੀ ਜੋਗ

ਵਿਚ ਲੱਗੀ ਸਮਾਧੀ ਟੁੱਟੀ, ਬ੍ਰਹਮਾ ਦਾ ਧਿਆਨ ਉਖੜਿਆ। ਕੁਹਰਾਮ ਮਚਿਆ ਸਵਰਗ ਲੋਕ ਵਿਚ। ਹੁਸੈਨ ਖ਼ਾਂ ਨੇ ਪੂਰਾ ਜ਼ੋਰ ਲਾ ਕੇ ਹਮਲਾ ਕੀਤਾ। ਜਸਵਾਲਿਏ ਸੂਰਮਿਆਂ ਨੇ ਟੱਕਰ ਲਈ। ਉਹਨਾਂ ਚੰਗੀ ਵਾਢੀ ਪਾਈ। ਤਲਵਾਰਾਂ ਇਉਂ ਵੱਢ ਰਹੀਆਂ ਸਨ ਜਿਦਾਂ ਦਰਜ਼ੀ ਕਪੜਾ ਕੱਟੇ। ਇਉਂ ਜਾਪਦਾ ਸੀ ਜਿੱਦਾਂ ਪਹਾੜੀਏ ਅੱਜ ਹੀ ਲੜੇ ਹਨ, ਹੁਸੈਨ ਖ਼ਾਂ ਦੀ ਫ਼ੌਜ ਦਾ ਲੱਕ ਟੁੱਟ ਗਿਆ। ਅੱਧੀ ਫ਼ੌਜ ਕਟ ਮਰੀ ਪਰ ਜਵਾਨਾਂ ਦਾ ਹੌਂਸਲਾ ਇਉਂ ਖੜ੍ਹਾ ਸੀ ਜਿੱਦਾਂ ਥੰਮੀ ਗੱਡੀ ਹੋਵੇ। ਭਾਵੇਂ ਜ਼ਖ਼ਮੀ ਹੋ ਗਿਆ ਸੀ ਹੁਸੈਨ ਖ਼ਾਂ ਪਰ ਉਹਦਾ ਹੌਂਸਲਾ ਬੜਾ ਬੁਲੰਦ ਸੀ। ਤੀਰਾਂ ਦਾ ਬਾਦਸ਼ਾਹ ਜਿਹਨੂੰ ਵੀ ਨਿਸ਼ਾਨਾ ਬਣਾ ਕੇ ਤੀਰ ਮਾਰਦਾ ਵਿੰਨ੍ਹ ਕੇ ਸੁੱਟ ਦਿੰਦਾ।

ਆਖ਼ਰਕਾਰ ਇਕ ਵਾਰ ਫੇਰ ਭੜਕਿਆ, ਤੜਕੇ ਦੇ ਦੀਵੇ ਵਾਂਗੂੰ ਪਰ ਜਦੋਂ ਸਿੱਖਾਂ ਦੀ ਟੁਕੜੀ ਨੇ ਹਮਲਾ ਕੀਤਾ ਪਰ ਉਹਨਾਂ ਝਟਕਾ ਸੁਟਿਆ ਹੁਸੈਨ ਖ਼ਾਂ ਸੂਰਮਾ ਪਠਾਣੀ ਦਾ ਪੁੱਤ।

ਮੈਦਾਨ ਛੱਡ ਭੱਜੀ ਫੌਜ ਸੁਲਤਾਨੀ, ਮੈਦਾਨ ਖ਼ਾਲੀ ਹੋ ਗਿਆ।

ਕਟੋਚਿਆ ਨੇ ਦਿਲ ਕਢਿਆ ਤੇ ਹਮਲਾ ਕੀਤਾ ਜਵਾਬੀ। ਜਵਾਨ ਵੀ ਵਿੰਨ੍ਹੇ ਤੇ ਘੋੜੇ ਵੀ।

ਗੋਪਾਲ ਤੇ ਗ਼ਾਜ਼ੀ ਚੰਦ ਨੇ ਮੁਕਾਬਲਾ ਕੀਤਾ। ਜਿਹੜਾ ਅੱਗੇ ਆਇਆ ਉਹਦੀ ਧੌਣ ਵੱਢ ਸੁੱਟੀ। ਕੌਣ ਕਿਥੇ ਲੜ ਰਿਹਾ ਸੀ ਕੌਣ ਮਰ ਗਿਆ, ਕੌਣ ਮਰਨ ਵਾਲਾ ਏ, ਫ਼ੌਜ ਭੱਜ ਗਈ ਪਹਾੜ ਦੀ। ਆਪਾ ਧਾਪੀ ਪੈ ਗਈ ਸੀ ਜੰਗ ਵਿਚ।

ਬੱਤੀਆਂ ਸਵਾਰਾਂ ਸਮੇਤ ਸੰਗਤੀਆਂ ਵੀ ਸ਼ਹੀਦੀ ਪਾ ਗਿਆ। ਬਰਾੜ ਪਿਛੇ ਨਾ ਰਹੇ ਉਹਨਾਂ ਵੀ ਜਾਨ ਦੀ ਬਾਜ਼ੀ ਲਾ ਕੇ ਸੂਰਮਗਤੀ ਪ੍ਰਾਪਤ ਕੀਤੀ। ਕ੍ਰਿਪਾਲ ਚੰਦ ਦੀ ਲਾਸ਼ ਚੁੱਕਣ ਆਏ ਉਹਦੇ ਸਾਥੀ। ਉਹਨਾਂ ਦੀਆਂ ਲਾਸ਼ਾਂ ਵੀ ਉਹਨਾਂ ਦੇ ਨਾਲ ਪਈਆਂ ਹੋਈਆਂ ਸਨ ਪਰ ਕਿਰਪਾ ਰਾਮ ਅਜੇ ਵੀ ਲੜ ਰਿਹਾ ਸੀ। ਫ਼ੌਜ ਭੱਜ ਰਹੀ ਸੀ। ਗ਼ਾਇਬੀ ਬਰਛੀ ਲੱਗੀ ਤੇ ਨਾਲੇ ਲੈ ਗਈ। ਚਹੁੰ ਪਾਸੀਂ ਮੌਤ ਦਾ ਹੀ ਰਾਜ ਸੀ। ਧੜ੍ਹਕਾਂ ਮਾਰਨ ਵਾਲੇ ਮੈਦਾਨ ਛੱਡ ਗਏ ਤੇ ਜਿੱਤ ਦਾ ਨਾਂ ਗੋਪਾਲ ਦੇ ਮੱਥੇ ਮੜ੍ਹਿਆ ਗਿਆ। ਅਸਲ ਵਿਚ ਇਹ ਜਿੱਤ ਗੁਰੂ ਗੋਬਿੰਦ ਰਾਏ ਦੀ ਸੀ ਜਿੰਨ੍ਹਾਂ ਭਰਵਾਂ ਹਮਲਾ ਕਰਕੇ ਲੱਕ ਤੋੜ ਦਿੱਤਾ ਮੁਗ਼ਲ ਫੌਜ ਦਾ।

ਮੌਤ ਨੇ ਮੈਦਾਨ ਵਿਚ ਹੂੰਝਾਂ ਫੇਰ ਦਿੱਤਾ ਗਭਰੂਆਂ ਦਾ। ਕਿਤੇ-ਕਿਤੇ ਟਾਵਾਂ-ਟਾਵਾਂ ਕੋਈ ਲੜਾਕੂ ਨਜ਼ਰ ਆਉਂਦਾ ਸੀ।

ਬੱਦਲ ਚੜ੍ਹੇ ਕਿਤੇ ਤੇ ਵੱਸੇ ਕਿਸੇ ਹੋਰ ਜਗ੍ਹਾ ਤੇ, ਜ਼ਖ਼ਮੀਆਂ ਦੇ ਮੂੰਹ ਵਿਚ ਕਿਸੇ ਨੇ ਪਾਣੀ ਦੀ ਬੂੰਦ ਨਾ ਪਾਈ।

★

ਛਨਿੱਛਰ ੧੫੧

ਨਿੱਛ ਮਾਰੀ ਬੱਦਸ਼ਗਨੀ, ਬਿੱਲੀ ਨੇ ਰਾਹ ਕੱਟ ਦਿੱਤਾ ਓਸ ਰਾਹ ਨਹੀਂ ਜਾਣਾ, ਛਨਿੱਛਰ ਦਾ ਦਿਨ ਬੱਦਸ਼ਗਨੀ ਮੰਨਿਆ ਜਾਂਦੈ। ਸ਼ਨਿੱਛਰ ਦੇਵਤਾ ਸਭ ਤੋਂ ਵਧੀਕ ਮੰਨਿਆ ਜਾਂਦਾ ਹੈ। ਏਸ ਦਾ ਗੁੱਸਾ ਟਾਲਣ ਲਈ ਲੋਕ ਬ੍ਰਾਹਮਣਾਂ ਨੂੰ ਦੇਵਤੇ ਦਾ ਦਾਨ ਮਾਂਹ, ਤੇਲ ਤੇ ਲੋਹਾ ਮੰਨਦੇ

ਹਨ। ਇਹਦੇ ਨਾਲ ਦੇਵਤਾ ਪ੍ਰਸੰਨ ਹੋ ਜਾਂਦਾ ਹੈ। ਲੋਹਾ ਬਾਹਰੋਂ ਲੱਭ ਪਵੇ ਤੇ ਬੰਦੇ ਘਰ ਨਹੀਂ ਲਿਆਂਦੇ। ਉਹ ਨੂੰ ਬੱਦਸ਼ਗਨੀ ਮੰਨਿਆ ਜਾਂਦੈ। ਲੋਕ ਅਨਪੜ੍ਹ ਸਨ, ਵਹਿਮਾਂ ਵਿਚ ਫਸੇ ਹੋਏ ਸਨ। ਸਭ ਕੰਮ ਬ੍ਰਾਹਮਣਾਂ ਦੀ ਮਰਜ਼ੀ ਨਾਲ ਹੁੰਦੇ। ਬ੍ਰਾਹਮਣਾਂ ਵਿਚ ਵੀ ਕਈ ਜਾਤਾਂ ਸਨ। ਕੁਝ ਛਨਿੱਛਰ ਦੇਵਤੇ ਦਾ ਧਾਨ ਲੈ ਕੇ ਹਜ਼ਮ ਕਰ ਸਕਦੇ ਸਨ, ਕੁਝ ਮਰੇ ਬੰਦੇ ਦੇ ਕੱਪੜੇ ਦਾਨ-ਪੁੰਨ, ਕੀਤੀ ਰਕਮ ਲੈ ਲੈਂਦੇ ਸਨ। ਉਹ ਸਨ ਅਚਾਰਜ ਤੇ ਉੱਚੀ ਸ਼੍ਰੇਣੀ ਦੇ ਬ੍ਰਾਹਮਣ ਵਿਆਹ-ਸ਼ਾਦੀਆਂ ਖ਼ੁਸ਼ੀ ਦੇ ਮੌਕੇ ਦਾ ਦਾਨ ਸਵੀਕਾਰ ਕਰਦੇ ਸਨ। ਆਮ ਜਨਤਾ ਵਹਿਮਾਂ-ਗੁਮਾਨਾਂ ਵਿਚ ਫੱਸੀ ਹੋਈ ਸੀ।

ਗੁਰਾਂ ਨੇ ਸਮਝਿਆ ਕਿ ਲੋਕ ਏਸੇ ਭਾਸ਼ਾ ਵਿਚ ਹੀ ਸਮਝਣਗੇ ਤੇ ਛੇਤੀ ਰਾਹ ਤੇ ਆ ਜਾਣਗੇ। ਗੱਲ ਹਾਸੇ-ਹੀਣੀ ਸੀ। ਗੁਰਾਂ ਨੇ ਹਾਸੇ ਹਾਸੇ 'ਚ ਸੋਚਿਆ ਤੇ ਇਕ ਕੌਤਕ ਰਚਿਆ।

ਬ੍ਰਾਹਮਣ ਦੇਵਤਾ ਨੂੰ ਸੱਦਿਆ ਭਰੇ ਦੀਵਾਨ ਵਿਚ ਤੇ ਫਰਮਾਇਆ

—ਆਨੰਦਪੁਰ ਤੇ ਕੋਈ ਗ੍ਰਹਿ ਏ ਜਿਸ ਸਾਡੀ ਸ਼ਾਂਤੀ ਭੰਗ ਕਰ ਦਿੱਤੀ ਏ। ਆਏ ਦਿਨ ਕੋਈ ਨਾ ਕੋਈ ਬਲਾ ਖੜ੍ਹੀ ਹੋ ਜਾਂਦੀ ਏ।

ਬ੍ਰਾਹਮਣ ਦੇਵਤੇ ਨੇ ਪੱਤਰੀ ਖੋਲ੍ਹੀ ਤੇ ਬੋਲਿਆ 'ਗੁਰੂ ਦੇਵ ਛਨਿੱਛਰ ਦਾ ਪਹਿਰਾ ਏ, ਦੇਵਤੇ ਨੂੰ ਖੁਸ਼ ਕਰਨ ਲਈ ਕੋਈ ਦਾਨ ਪੁੰਨ ਕਰੋ, ਦੇਵਤਾ ਖ਼ੁਸ਼ ਹੋ ਜਾਏਗਾ।

ਓਸ ਦਿਨ ਛਨਿੱਛਰਵਾਰ ਸੀ। ਛਨਿੱਛਰ ਦੇਵਤਾ ਦਾ ਪਹਿਰਾ ਬ੍ਰਾਹਮਣ ਦੇਵਤਾ ਮੰਨਦੇ ਸਨ।

ਛਨਿੱਛਰ ਨੂੰ ਦੇਵਤੇ ਦੀ ਪੂਜਾ ਹੁੰਦੀ ਏ।

ਤਾਂ ਤੇ ਦਿਨ ਵੀ ਸ਼ੁਭ ਏ ਤੇ ਮਹੂਰਤ ਵੀ ਉੱਤਮ ਏ। ਦੇਵਤੇ ਦਾ ਧਾਨ ਕੀ ਏ।

—ਬ੍ਰਾਹਮਣ ਬੋਲਿਆ, ਮਹਾਰਾਜ! ਮਾਂਹ ਕਾਲੇ, ਤੇਲ ਤੇ ਲੋਹਾ।

ਜੇ ਕੋਈ ਸੋਨਾ ਦੇਣਾ ਚਾਹੇ ਤੇ ਕੀ ਦਿੱਤਾ ਜਾ ਸਕਦੈ।

ਐਵੇਂ ਲਾਲਚ ਨਾ ਦਿਓ ਸਤਿਗੁਰ! ਦੇਵਤੇ ਲੋਹੇ ਤੇ ਪ੍ਰਸੰਨ ਹੁੰਦੇ ਤੇ ਕਾਲੇ ਮਾਂਹ ਉਹਦੀ ਖ਼ੁਰਾਕ ਏ, ਤੇਲ ਤੇ ਰੀਝਦੈ, ਘਿਓ ਵੱਲ ਵੇਖਦਾ ਨਹੀਂ।

ਮਾਂਹ ਸਾਬਤ ਦੀ ਭਰੀ ਪਰਾਤ, ਤੇਲ ਸਰ੍ਹੋਂ ਦੀ ਭਰੀ ਵਲਟੋਹੀ ਤੇ ਲੋਹਾ ਇਸਪਾਤ ਦਾ ਢੇਰੀ ਕਰ ਦਿੱਤਾ।

ਹਵਨ ਕੀਤਾ, ਮੰਤਰ ਪੜ੍ਹੇ ਤੇ ਦੇਵਤਾ ਮਿਹਰਬਾਨ ਕਰ ਲਿਆ, ਬ੍ਰਾਹਮਣ ਨੇ ਗੁਰੂ ਮਹਾਰਾਜ ਨੂੰ ਆਖਿਆ।

—ਹਜ਼ੂਰ! ਚੂਲੀ ਪਾਊ ਤਾ ਕਿ ਦਾਨ ਮੈਂ ਸਵੀਕਾਰ ਕਰ ਲਵਾਂ, ਇਹ ਧਾਨ ਹਜ਼ਮ ਕਰਨਾ ਵੀ ਲੋਹੇ ਦੇ ਚਨੇ ਚਬਾਉਣ ਵਾਲੀ ਗੱਲ ਏ। ਪੂਜਾ ਪਾਠ ਕਰਾਂਗਾ ਤਾਂ ਇਹ ਦਾਨ ਪਵਿੱਤਰ ਹੋਵੇਗਾ। ਬੱਚੇ ਪੂਜਾ ਦਾ ਧਾਨ ਖਾ ਕੇ ਜਵਾਨ ਹੋਣਗੇ।

—ਇਹ ਦਾਨ ਹੋਰ ਕੋਈ ਹਜ਼ਮ ਨਹੀਂ ਕਰ ਸਕਦਾ।

—ਸ਼ਾਸਤਰਾਂ ਦੀ ਵਿਧੀ ਤੇ ਇਹੋ ਈ ਆਖਦੀ ਏ, ਅੱਗੋਂ ਕੋਈ ਹਜ਼ਮ ਕਰ ਸਕੇ ਮੈਂ ਨਹੀਂ ਆਖ ਸਕਦਾ, ਪਿਤਾ ਪੁਰਖੀ ਇਹੋ ਰੀਤ ਚਲੀ ਆ ਰਹੀ ਏ।

ਬੜੀ ਮੁਸ਼ਕਿਲ ਨਾਲ ਬ੍ਰਾਹਮਣਾਂ ਨੇ ਤਿੰਨੇ ਚੀਜ਼ਾਂ ਸਿਰ ਤੇ ਚੁੱਕ ਲਈਆਂ । ਭਾਰ ਜ਼ਿਆਦਾ ਸੀ । ਧੌਣ ਬੈਠਦੀ ਜਾਂਦੀ ਸੀ । ਪਰ ਉਸ ਸ਼ੇਰ ਪੁੱਤ ਨੇ ਸੀਅ ਨਾ ਕੀਤੀ ।

ਇਹ ਮਾਜਰਾ ਗੁਰੂ ਦੀਆਂ ਸੰਗਤਾਂ ਵੇਖ ਰਹੀਆਂ ਸਨ । ਇਕ ਸਿੱਖ ਬੋਲਿਆ,ਬ੍ਰਾਹਮਣ ਹਿੰਮਤ ਵਾਲਾ ਏ, ਜਿਹੜਾ ਇਹ ਸਭ ਕੁੱਝ ਹਜ਼ਮ ਕਰ ਲਵੇਗਾ, । ਕੀ ਅਸੀਂ ਇਹ ਪੂਜਾ ਦਾ ਧਾਨ ਨਹੀਂ ਖਾ ਸਕਦੇ । ਕੀ ਇਹਦੇ ਖਾਣ ਨਾਲ ਸਾਡੇ ਢਿੱਡ ਵਿਚ ਸੂਲ ਉੱਠੇਗਾ, ਦਰਦ ਹੋਵੇਗੀ ।

— ਕੁਝ ਵੀ ਨਹੀਂ ਹੋਣ ਲੱਗਾ, ਇਹ ਬ੍ਰਾਹਮਣਾਂ ਦੀ ਪਾਈ ਹੋਈ ਪਿਰਤ ਏ, ਡਰ ਏ, ਭੈਅ ਏ । ਜੇ ਇਹ ਡਰਾਉਣ ਨਾ ਤਾਂ ਇਨ੍ਹਾਂ ਨੂੰ ਕੋਈ ਦਾਨ ਦੇਵੇ ਹੀ ਨਾ ਇਨ੍ਹਾਂ ਇਕ ਹਊਆ ਜਿਹਾ ਬਣਾ ਕੇ ਰੱਖਿਆ ਹੋਇਆ ਏ ।

ਇਕ ਸਿੱਖ ਜ਼ਰਾ ਕੁ ਜੋਸ਼ੀਲਾ ਸੀ । ਉਸ ਆਖਿਆ, ਏਸ ਬ੍ਰਾਹਮਣ ਤੋਂ ਇਹ ਗੁਰੂ ਦੀਆਂ ਚੀਜ਼ਾਂ ਮੰਗ ਲੈਂਦੇ ਹਾਂ ।

ਗੁਰੂ ਮਹਾਰਾਜ ਨਰਾਜ਼ ਹੋ ਜਾਣਗੇ । ਗੁਰੂ ਰੁੱਸਿਆ ਤੇ ਫੇਰ ਕਿੱਧਰ ਜਾਵਾਂਗੇ ।

ਫੇਰ ਖੋਹ ਲਵੋ, ਤੇ ਗੁਰਾਂ ਤੋਂ ਖਿਮਾ ਮੰਗ ਲਵਾਂਗੇ । ਇਹਦੇ ਨਾਲ ਬ੍ਰਾਹਮਣ ਦਾ ਪਾਜ ਖੁੱਲ੍ਹ ਜਾਏਗਾ । ਆਖਣ ਵਾਲਾ ਜ਼ਰਾ ਸਿਆਣਾ ਸੀ, ਸਮਝਦਾਰ ਸੀ ਤੇ ਪੜ੍ਹਿਆ ਲਿਖਿਆ ਸੀ । ਗੁਰੂ ਘਰ ਦੀ ਮਰਿਆਦਾ ਤੋਂ ਜਾਣੂ ਸੀ ।

ਗੁਰਾਂ ਨੇ ਆਪਣੀ ਬਲਾ ਟਾਲੀ ਤੇ ਮੇਰੇ ਗਲ ਪਾ ਦਿੱਤੀ । ਹੁਣ ਮੈਂ ਇਹਦਾ ਉਪਾਅ ਆਪ ਸੋਚਾਂਗਾ ।

ਬ੍ਰਾਹਮਣ ਦੇਵਤਾ ਇਹ ਗੁਰੂ ਦਾ ਮਾਲ ਏ । ਇਹਦੇ ਵਿਚੋਂ ਕੁਝ ਸਾਨੂੰ ਵੀ ਦੇ ਦੇ । ਅਸੀਂ ਵੀ ਹਜ਼ਮ ਕਰ ਕੇ ਵੇਖ ਲਈਏ ।

ਇਹ ਦਾਨ ਜੋ ਮਿਲਿਆ ਏ । ਇਹਦੇ ਤੇ ਮੇਰਾ ਹੱਕ ਏ ।

ਗੁਰੂ ਘਰ ਦੀ ਹਰ ਵਸਤੂ ਤੇ ਸਾਡਾ ਹੱਕ ਬਣਦਾ ਏ । ਸਾਨੂੰ ਵੀ ਇਹਦੇ ਵਿਚੋਂ ਕੁਝ ਹਿੱਸਾ ਦੇ ਦਿਓ ।

— ਇਹ ਹੋ ਨਹੀਂ ਸਕਦਾ. ਇਹ ਮੇਰੀ ਕਮਾਈ ਏ, ਦਾਨ ਮੈਂ ਲਿਆ, ਤੁਸਾਂ ਨਹੀਂ ।

ਖੋਹ ਲਿਆ ਤੇਲ, ਲੋਹਾ ਤੇ ਮਾਂਹ ਕਾਲੇ, ਜਾਓ ਬ੍ਰਾਹਮਣ ਦੇਵਤਾ ਘਰ ਆਪਣੇ, ਜੇ ਸਾਥੋਂ ਹਜ਼ਮ ਨਾ ਹੋਇਆ ਫੇਰ ਤੁਹਾਡੀ ਚਰਨੀਂ ਪੈ ਜਾਵਾਂਗੇ । ਅੱਜ ਸਾਨੂੰ ਵੀ ਵੇਖ ਲੈਣ ਦਿਓ ।

ਇਹ ਜ਼ਬਰਦਸਤੀ ਏ. ਇਹ ਧੱਕਾ ਏ, ਇਹ ਸੀਨਾਜ਼ੋਰੀ ਏ ।

—ਕੁਝ ਸਮਝ ਲਵੋ ਅਸਾਂ ਇਹ ਤਜਰਬਾ ਕਰਕੇ ਵੇਖਣਾ ਏ । ਫੇਰ ਤੁਸੀਂ ਕਿਹੜਾ ਸਾਥੋਂ ਭੱਜੇ ਹੋਏ ਓ । ਮੱਥਾ ਟੇਕਾਂਗੇ ਤੇ ਭੁੱਲ ਬਖਸ਼ਾ ਲਵਾਂਗੇ ।

ਦੋ ਹੂਰੇ ਮਾਰੇ ਤੇ ਬ੍ਰਾਹਮਣ ਦੇਵਤਾ ਨੇ ਹਥਿਆਰ ਛੱਡ ਦਿੱਤੇ । ਸਾਰੀਆਂ ਚੀਜ਼ਾਂ ਛੱਡ ਕੇ ਨੱਸ ਉੱਠਿਆ । ਖ਼ਾਲੀ ਹੱਥ ਆਪਣੇ ਘਰ ਚਲਾ ਗਿਆ । ਘਰਵਾਲੀ ਨੇ ਪੁੱਛਿਆ, ਤੇ ਬੋਲਿਆ ਮਿਲਿਆ ਤੇ ਸਭ ਕੁਝ ਸੀ ਪਰ ਰਾਹ ਵਿਚ ਚੋਰਾਂ ਨੂੰ ਮੋਰ ਪੈ ਗਏ ।

ਹੋਇਆ ਕੀ ਏ, ਧਾਨ ਦੇ ਮਾਲ ਨੂੰ ਕਦੀ ਕਿਸੇ ਨੇ ਖੋਹਿਆ ਏ, ਲੋਕ ਤੇ ਡਰਦੇ ਕੋਲ ਨਹੀਂ ਜਾਂਦੇ ।

ਇਹੋ ਈ ਗੱਲ ਏ ਜਿਹੜੀ ਸਾਨੂੰ ਮੰਜ਼ੂਰ ਨਹੀਂ ਵਰਨਾ ਗੁਰੂ ਭਗਵਾਨ ਦੀ ਮੂਰਤੀ ਹਨ। ਇਹ ਜਾਗ੍ਰਿਤੀ ਦੇ ਯੋਧੇ ਹਨ। ਹੁਣ ਯੁੱਗ ਬਦਲਣ ਵਾਲਾ ਏ। ਧਰਤੀ ਕਰਵੱਟ ਲਵੇਗੀ। ਨੀਚ ਜ਼ਾਤਾਂ ਸਾਡੇ ਸਿਰ ਤੇ ਮੌਰੀਆਂ ਕਰਨਗੀਆਂ. ਅਸੀਂ ਬ੍ਰਾਹਮਣ ਕਾਹਦੇ ਹੋਏ।

ਅੱਛਾ ਛਨਿੱਛਰ ਦੇਵਤਾ ਇਨ੍ਹਾਂ ਨੂੰ ਸਿੱਝੇ, ਸਾਡੇ ਬੱਚਿਆਂ ਦੀ ਆਹ ਪਵੇ, ਵੂਕ ਪੈਣ। ਅਸੀਂ ਚਿੱਤੋਂ ਭੁੱਖੇ ਹਾਂ।

ਸਾਬਤ ਮਾਂਹ ਚੱਕੀ 'ਚ ਪਾ ਕੇ ਪੀਸ ਲਏ ਤੇ ਤੇਲ ਦੀ ਕੜਾਹੀ ਧਰੀ ਗਈ। ਤੇ ਮਾਂਹ ਦੀ ਭਿੱਜੀ ਦਾਲ ਵਿਚ ਅਦਰਕ, ਪਿਆਜ਼ ਤੇ ਕਾਲੀਆਂ ਮਿਰਚਾਂ, ਧਨੀਆ ਪਾ ਦਿੱਤਾ ਤੇ ਖੂਬ ਫੈਂਟਿਆ, ਇਕ ਬੰਦਾ ਹਲਵਾਈ ਦੀ ਦੁਕਾਨ ਦਾ ਕਰਿੰਦਾਂ ਸੀ। ਓਸ ਭੱਲੇ ਤਲ ਦਿੱਤੇ। ਸਾਰੀ ਸੰਗਤ ਨੇ ਮਜ਼ੇ ਨਾਲ ਖਾਧੇ।

ਬੜੇ ਸਵਾਦੀ ਹਨ, ਖ਼ੂਬ ਮਜ਼ਾ ਆਇਆ ਏ।
ਬੱਚੂ ਜਦੋਂ ਢਿੱਡ ਵਿਚ ਪੀੜ ਪਈ ਤੇ ਫੇਰ ਕੀ ਬਣੂ।

—ਕੁਝ ਹੋਣ ਨਹੀਂ ਲੱਗਾ, ਸੰਗਤ ਵਿਚ ਜ਼ਹਿਰ ਵੀ ਅੰਮ੍ਰਿਤ ਬਣ ਜਾਂਦੈ। ਸੰਗਤ ਵਿਚ ਬੜੀ ਬਰਕਤ ਏ।

ਲੋਹਾ ਪਿਆ ਏ ਇਹਦਾ ਕੀ ਕੀਤਾ ਜਾਏ. ਇਹਦਾ ਕੀ ਬਣੂ, ਲੁਹਾਰ ਸੱਦੋ ਇਹ ਹੁਣੇ ਟਿਕਾਣੇ ਲੱਗ ਜਾਂਦੈ। ਲੋਹੇ ਦੇ ਕੜੇ ਬਣਾ ਦਿਓ ਤੇ ਅਸੀਂ ਸਾਰੇ ਹੱਥਾਂ ਵਿਚ ਪਾ ਲੈਂਦੇ ਹਾਂ। ਹਥਿਆਰ ਤੇ ਹਥਿਆਰ ਤੇ ਗਹਿਣੇ ਦਾ ਗਹਿਣਾ।

ਸਤਗੁਰਾਂ ਨੇ ਇਹ ਕੌਤਕ ਰਚਾਇਆ ਸੀ। ਉਹ ਵੇਖਣਾ ਚਾਹੁੰਦੇ ਸਨ, ਏਸ ਧਰਮ ਜਾਲ ਦਾ ਸੰਗਤ ਤੇ ਕੀ ਅਸਰ ਪੈਂਦਾ ਏ।

ਸਤਗੁਰਾਂ ਫ਼ਰਮਾਇਆ, ਇਹ ਕੜੇ ਸਮੇਂ ਦੀ ਯਾਦਗਾਰ ਹਨ। ਸਾਰੇ ਦਿਨ ਪ੍ਰਮਾਤਮਾ ਦੇ ਬਣਾਏ ਹੋਏ ਹਨ। ਕੋਈ ਦਿਸ਼ਾ ਕੋਈ ਵਾਰ ਖ਼ਰਾਬ ਨਹੀਂ, ਇਹ ਸਭ ਸ਼ੁਭ ਹਨ। ਵਾਹਿਗੁਰੂ ਅੱਗੇ ਅਰਦਾਸ ਕਰੋ। ਭਰਮ-ਵਹਿਮ ਨੂੰ ਨੇੜੇ ਨਾ ਫਟਕਣ ਦਿਓ। ਇਹ ਜਾਗ੍ਰਿਤੀ ਦਾ ਮੁੱਢ ਏ। ਪਹਿਲਾ ਕਦਮ ਏ।

★

ਇਕ ਬਲਾ ਹੋਰ ਆਈ ੧੫੨

ਵਾਜਿਆਂ-ਗਾਜਿਆਂ ਨਾਲ ਪੁੱਜੀਆਂ ਫੌਜ਼ਾਂ ਆਨੰਦਪੁਰ, ਢੋਲ-ਢਮਾਕੇ ਨਰਸਿੰਘੇ ਟੁੱਕੇ ਗਏ, ਨਗਾਰਾ ਵੱਜਿਆ ਝੰਡੇ ਝੂਲਦੇ ਆਨੰਦਪੁਰ ਦੀ ਜੂਹ ਵਿਚ ਪੁੱਜੇ ਜੰਗ ਜਿੱਤ ਕੇ ਸੂਰਮੇ।

ਨਜ਼ਰਾਨੇ ਲੈ ਕੇ ਪੇਸ਼ ਹੋਇਆ ਰਾਜਾ ਗੋਪਾਲ ਗੁਲੇਰ ਨਿਵਾਸੀ, ਹਜ਼ੂਰ ਨੇ ਇੱਜ਼ਤ ਰੱਖ ਲਈ ਨਹੀਂ ਤੇ ਗੁਲੇਰ ਵੀ ਜਾਂਦਾ ਤੇ ਫੂਕਿਆ ਜਾਂਦਾ ਆਲਾ-ਦੁਆਲਾ ਵੀ।

ਤੁਹਾਡੀ ਬਖਸ਼ਿਸ਼ ਮਿਹਰਾਂ ਗੁਰਾਂ ਦੀਆਂ, ਰਹਿਮਤ ਗੁਰੂ ਨਾਨਕ ਦੇਵ ਦੀ। ਤੁਸੀਂ ਧੰਨ ਹੋ ਮਹਾਂਬਲੀ ਦੀ ਲਾਜ ਰੱਖ ਲਈ।

ਜਾਓ ਗੁਲੇਰ ਨਰੇਸ਼ ਹੁਣ ਕੋਈ ਆਊ ਤੇ ਸਿਰ ਤੇ ਕਫ਼ਨ ਬੰਨ੍ਹ ਕੇ, ਗੁਰਾਂ ਨੇ ਅਸੀਸ ਦਿੱਤੀ। ਤੁਹਾਡੀ ਹਾਜ਼ਰੀ ਪ੍ਰਵਾਨ। ਗੁਲੇਰ ਦੀ ਮੁਰੰਮਤ ਕਰੋ ਤੇ ਜ਼ਖਮੀ ਯੋਧਿਆਂ ਦੀ ਮਰਹਮ ਪੱਟੀ ਤੇ ਖ਼ਬਰ ਸਾਰ ਲਵੋ ਜਿਹੜੇ ਜੋਅ ਪੂਰਬਕ ਸਿਧਾਰ ਗਏ ਹਨ। ਉਨ੍ਹਾਂ ਲਈ ਦਾਨ-ਪੁੰਨ ਕਰੋ।

ਸੱਤ ਬਚਨ, ਲੰਗਰ ਰੱਜ ਚੱਲੇ. ਬਾਣੀ ਰੱਜ ਪੜ੍ਹੀ ਜਾਏਗੀ, ਹਜ਼ੂਰ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦੀ ਹਾਂ, ਤੁਸਾਂ ਮੇਰੀ ਪੱਤ ਰੱਖ ਲਈ।

ਇਹ ਸਾਡਾ ਫ਼ਰਜ਼ ਸੀ। ਗੋਪਾਲ ਰਾਜਾ ਮੁੜਿਆ ਵਾਜਿਆਂ-ਗਾਜਿਆਂ ਨਾਲ, ਗੁਲੇਰ ਬਰਬਾਦ ਤੇ ਬਹੁਤ ਕੀਤਾ ਸੀ। ਅੱਗ ਲਾਈ, ਫੂੱਕਿਆ ਮਕਾਨ ਢੇਰੀ ਕੀਤੇ ਪਰ ਸਖ਼ਤ ਦਿਲ ਪਹਾੜੀਆਂ ਨੇ ਆਪਣੀਆਂ ਆਪਣੀਆਂ ਛੰਨ੍ਹਾਂ ਫੇਰ ਬਣਾ ਲਈਆਂ। ਬਹੁਤ ਸਵਾਗਤ ਕੀਤਾ ਗੁਲੇਰ ਨੇ ਆਪਣੇ ਰਾਜੇ ਦਾ।

ਖ਼ਬਰਾਂ ਲਾਹੌਰ ਪੁੱਜੀਆਂ, ਵੱਢੀ ਕੱਟੀ ਫ਼ੌਜ ਨੇ ਸਿਰ ਤੇ ਬਾਹਵਾਂ ਰੱਖ ਕੇ ਧਾਹੀਂ ਮਾਰੀਆਂ। ਦਿਲਾਵਰ ਖ਼ਾਂ ਬਹੁਤ ਗੁੱਸੇ ਵਿਚ ਆਇਆ। ਇਹ ਚੂਹੇ ਸਾਨੂੰ ਖਾਣਗੇ। ਹਾਰ ਤੇ ਹਾਰ ਹੀ ਹੋ ਰਹੀ ਏ। ਕੋਈ ਹੈ ਸੂਰਮਾ ਜਿਹੜਾ ਆਨੰਦਪੁਰ ਜਾਏ ਤੇ ਗੁਰੂ ਨੂੰ ਬੰਨ੍ਹ ਕੇ ਲਿਆਵੇ। ਸਾਰਿਆਂ ਨੇ ਉਂਧੀਆਂ ਪਾ ਲਈਆਂ ਕੋਈ ਬੋਲੇ ਨਾ।

ਬੱਸ ਸਾਰੀ ਬਹਾਦਰੀ ਠੁੱਕਰੇ ਲੱਗ ਗਈ ਏ। ਡੁਬ ਮਰੋ ਆਪਣੇ-ਆਪ ਨੂੰ ਸ਼ੇਰਾਂ ਦੇ ਪੁੱਤ ਆਖਣ ਵਾਲਿਓ।

ਪਠਾਣਾਂ ਨੇ ਸ਼ਰਮ ਨਾਲ ਆਪਣਾ ਸਿਰ ਉੱਚਾ ਨਾ ਕੀਤਾ। ਦਿਲਾਵਰ ਖ਼ਾਂ ਨੇ ਬਾਦਸ਼ਾਹ ਵਾਲੀ ਨੀਤੀ ਵਰਤੀ। ਉਕਸਾਹਟ ਦਿੱਤੀ, ਰਾਜਪੂਤ ਰਾਜੇ ਨੂੰ ਤੁਸੀਂ ਸਾਡੇ ਨਿਗਾਹਬਾਨ ਹੋ, ਤੁਸੀਂ ਸਾਡੇ ਰਾਖੇ ਹੋ। ਤੁਹਾਡੇ ਸਿਰ ਤੇ ਮੁਗ਼ਲ ਹਕੂਮਤ ਦੀ ਜੈ-ਜੈਕਾਰ ਏ।

ਪਠਾਣੋਂ ਜਾਓ ਘਰ ਤੇ ਚੂੜੀਆਂ ਪਾ ਲਵੋ। ਹੁਣ ਤੁਹਾਡੇ ਇਹੋ ਹੀ ਦਿਨ ਹਨ। ਪੀੜ੍ਹੀਆਂ ਤੇ ਜਾ ਬੈਠੋ ਸੁਆਣੀਆਂ ਦੇ ਨਾਲ। ਤਲਵਾਰਾਂ ਗਹਿਣੇ ਪਾ ਦਿਓ। ਤੁਹਾਡੀ ਬਾਦਸ਼ਾਹੀ ਗਈ, ਨਵਾਬੀਆਂ ਖੁਸੀਆਂ।

ਹੈ ਕੋਈ ਰਾਜਪੂਤ ਜਿਹੜਾ ਇਹ ਮੁਹਿੰਮ ਸਰ ਕਰੇ। ਅਸਾਂ ਹਕੂਮਤ ਹੀ ਇਹਨਾਂ ਦਲੇਰਾਂ ਦੇ ਜ਼ੋਰੇ ਬਾਜ਼ੂਆਂ ਨਾਲ ਕੀਤੀ ਏ। ਮੁਗ਼ਲ ਹਕੂਮਤ ਦਾ ਥੰਮ ਹੀ ਰਾਜਪੂਤ ਹਨ।

ਜੋਸ਼ ਆ ਗਿਆ ਇਕ ਰਾਜਪੂਤ ਵਿਚ, ਗਰਮੀ ਖਾਧੀ ਆਖਣ ਲੱਗਾ, ਖ਼ਾਨਜ਼ਾਦੇ ਅੱਜ ਰਾਜਪੂਤ ਜੀਊਂਦੇ ਹਨ ਮਰੇ ਨਹੀਂ। ਇਹ ਵੀ ਕੋਈ ਜੰਗ ਏ। ਸਾਡੀਆਂ ਤੇ ਔਰਤਾਂ ਵੀ ਇਹੋ ਜਿਹੀਆਂ ਜੰਗਾਂ ਜਿੱਤ ਸਕਦੀਆਂ ਹਨ। ਨਾਂ ਸੀ ਜੁਝਾਰ ਸਿੰਘ।

ਆਪਣੀ ਤਲਵਾਰ ਲਾਹ ਕੇ ਜੁਝਾਰ ਸਿੰਘ ਦੀ ਕਮਰ ਵਿਚ ਬੰਨ੍ਹੀ ਤੇ ਖ਼ਿਲਤ ਨਾਲ ਨਿਵਾਜਿਆ। ਥਾਪੀ ਦਿੱਤੀ ਕਿ ਜੰਗ ਜਿੱਤ ਆਵੇਂਗਾ ਤੇ ਤੇਰੀ ਜਾਗੀਰ ਦੁਗਣੀ ਕਰ ਦਿੱਤੀ ਜਾਵੇਗੀ।

ਮੈਂ ਗਿਆ ਤੇ ਆਇਆ। ਜੰਗ ਲੜਨੀ ਸਾਡਾ ਖ਼ਾਨਦਾਨੀ ਕਸਬ ਏ। ਅਸੀਂ ਸਿਰਫ਼ ਤਲਵਾਰਾਂ ਹੀ ਚਲਾ ਸਕਦੇ ਹਾਂ। ਅਸਾ ਕਿਹੜਾ ਹੱਲ ਵਾਹੁਣਾ ਏ।

ਜਿੰਨੀ ਫ਼ੌਜ ਚਾਹੀਦੀ ਏ ਲੈ ਜਾ। ਆਹ ਲੈ ਮੇਰਾ ਘੋੜਾ ਤੇਰੀ ਸਵਾਰੀ ਲਈ। ਦਿਲਾਵਰ ਖ਼ਾਂ ਇਕੋ ਵੇਰਾਂ ਹੀ ਮਿਹਰਬਾਨ ਹੋ ਗਿਆ।

ਖ਼ਾਨਜ਼ਾਦੇ ਸਾਡੇ ਹੱਥ ਵੇਖਣਾ, ਪਠਾਨਾਂ ਦਾ ਅੱਗਾ ਏ ਪਿੱਛਾ ਨਹੀਂ। ਅਸੀਂ ਮੈਦਾਨ ਵਿਚੋਂ ਨੱਸਣਾ ਸਿੱਖੇ ਨਹੀਂ। ਸਾਡੀ ਮਾਂ ਨੇ ਇਹੋ ਈ ਗੁੜ੍ਹਤੀ ਦਿੱਤੀ ਏ। ਚੜ੍ਹੇ ਹਾਂ ਜੰਗ ਲਈ ਤੇ ਫ਼ਤਹਿ ਸਾਡੇ ਕਦਮ ਚੁੰਮੇਗੀ। ਇਹ ਸਾਨੂੰ ਵਰ ਏ ਭਗਵਤੀ ਦਾ।

ਜਾਓ ਮੁਗ਼ਲ ਹਕੂਮਤ ਦੇ ਰਾਖਿਓ ਅੱਲਾ ਤੁਹਾਨੂੰ ਨੇਕੀ ਦੇਵੇ। ਫ਼ਤਹਿ ਤੁਹਾਡਾ ਰਾਹ ਵੇਖ ਰਹੀ ਏ।

ਜੁਝਾਰ ਸਿੰਘ ਨੇ ਮਾਤਾ ਭਵਾਨੀ ਨੂੰ ਯਾਦ ਕੀਤਾ ਤੇ ਤਲਵਾਰ ਨੂੰ ਇਕ ਵਾਰ ਚੁੰਮਿਆ ਤੇ ਘੋੜੇ ਤੇ ਪਲਾਕੀ ਮਾਰੀ। ਫੇਰ ਤੁਰੀ ਲਾਹੌਰ ਦੀ ਫ਼ੌਜ, ਨਗਾਰੇ, ਢੋਲ ਨੌਬਤਾਂ ਨੇ ਇਕ ਵਾਰ ਤੇ ਗੜ੍ਹਗੁੰਜ ਪੈਦਾ ਕਰ ਦਿੱਤੀ। ਕੋਈ ਸੂਰਮਾ ਚੜ੍ਹਿਆ ਏ ਯੁੱਧ ਲਈ। ਬੜੀ ਸ਼ਾਨ ਸੀ ਓਸ ਗੱਭਰੂ ਦੀ।

ਪਠਾਨਾਂ ਨੇ ਸਿਰ ਨਾ ਚੁੱਕ ਕੇ ਵੇਖਿਆ। ਅੰਦਰਖ਼ਾਨੇ ਆਖ ਰਹੇ ਸਨ ਚਲੋ ਬਲਾ ਟਲੀ।

ਅਨੰਦਪੁਰ ਗੁਰੂ ਦੀ ਨਗਰੀ, ਏਥੇ ਦੇਵਤਿਆਂ ਦਾ ਵਾਸਾ ਏ। ਉਹ ਫ਼ਤਹਿ ਨਹੀਂ ਹੋ ਸਕਦੀ। ਏਥੇ ਬਾਣੀ ਪੜ੍ਹੀ ਜਾਂਦੀ ਏ, ਕੀਰਤਨ ਹੁੰਦਾ, ਰੱਬ ਨੂੰ ਯਾਦ ਕਰਦੇ ਹਨ ਲੋਕ। ਤੇ ਰੱਬ ਦਾ ਵਾਸਾ ਏ ਏਸ ਨਗਰੀ ਵਿਚ, ਏਥੋਂ ਡਰੋ।

ਫ਼ੌਜ ਚੜ੍ਹੀ ਸੀ ਓਸ ਕਿਸੇ ਪਾਸੇ ਤੇ ਜਾਣਾ ਵੀ ਸੀ। ਰਾਹ ਵਿਚ ਪਿੰਡ ਆਇਆ ਭਲਾਨ। ਉਹਦੇ ਤੇ ਕਬਜ਼ਾ ਕਰ ਲਿਆ। ਪਰ ਉਦੋਂ ਈ ਮਹਿਸੂਸ ਕੀਤਾ ਕਿ ਜੰਗ ਜਿੱਤਣੀ ਮੁਸ਼ਕਲ ਏ। ਇਹ ਬੀੜਾ ਚੁੱਕ ਕੇ ਗ਼ਲਤੀ ਕੀਤੀ ਏ।

ਓਸ ਜਵਾਨ ਗੱਭਰੂ ਚੁਣ ਲਏ ਤੇ ਉਹਨਾਂ ਦੇ ਸਿਰ ਮੁਨਾ ਕੇ ਉਹਨਾਂ ਦਾ ਮੂੰਹ ਕਾਲਾ ਕੀਤਾ। ਤੇ ਖੋਤਿਆਂ ਤੇ ਚੜ੍ਹਾਇਆ। ਸਾਰੇ ਬਾਹਰੇ ਵਿਚ ਫੇਰਿਆ। ਇਹਦੇ ਨਾਲ ਦਹਿਸ਼ਤ ਫੈਲੀ, ਡਰ ਵੀ ਵਧਿਆ, ਲੋਕ ਘਰਬਾਰ ਛੱਡ ਕੇ ਨੱਸ ਗਏ ਤੇ ਮੈਦਾਨਾਂ 'ਚ ਆ ਗਏ ਤੇ ਕੁਝ ਪਹਾੜੀ ਚੜ੍ਹ ਗਏ। ਇਹ ਹਨੇਰ ਸੀ ਜਿਹੜਾ ਜੁਝਾਰ ਸਿੰਘ ਨੇ ਵਰਤਿਆ। ਹੁਣ ਜ਼ਰਾ ਠੱਲ੍ਹ ਪਈ। ਬਾਹਰ ਤੋਂ ਮਦਦ ਆਉਣੀ ਮੁਸ਼ਕਲ ਸੀ।

ਪਿੰਡ ਨੂੰ ਅੱਗ ਲਾ ਦਿੱਤੀ, ਘਰ ਫੂਕ ਦਿੱਤੇ। ਕੱਲਾ ਸ਼ੇਰ ਗੱਜ ਰਿਹਾ ਸੀ। ਮੈਦਾਨ ਖ਼ਾਲੀ ਸੀ। ਪਹਾੜ ਦੀ ਕਿਹੜੀ ਖੁੱਦਰ ਵਿਚੋਂ ਨਿਕਲ ਆਇਆ ਗੱਜ ਸਿੰਘ ਜਸਵਾਲੀਏ ਤੇ ਉਹਦੇ ਸਾਥੀ, ਇਕ ਰਾਜੇ ਨੇ ਹੋਰ ਮੂੰਹ ਆਣ ਕੱਢਿਆ। ਉਹਦਾ ਨਾਂ ਸੀ ਚੰਦਨ ਰਾਏ ਚੰਡੋਲੀਆ। ਓਸ ਜਦ ਵੇਖਿਆ ਕਿ ਗੱਜ ਸਿੰਘ ਮੈਦਾਨ 'ਚ ਲੜਨ ਲਈ ਆਇਐ ਸੜ-ਬੱਲ ਕੇ ਕੋਲਾ ਹੋ ਗਿਆ। ਉਹਦਾ ਕੋਈ ਖ਼ਾਨਦਾਨੀ ਵੈਰ ਹੋਵੇਗਾ।

ਓਹ ਭਰਾ ਛੱਡ ਕੇ ਵੈਰੀ ਦੀ ਮਦਦ ਤੇ ਭੁੱਲ ਗਿਆ।

ਇਕ ਸਾਥੀ ਆਖਣ ਲਗਾ, ਰਾਜਾ ਜੀ, ਇਹ ਇਨਸਾਫ਼ ਨਹੀਂ ਤੇ ਨਾ ਈ ਅਕਲਮੰਦੀ ਏ ਏਸ ਵੇਲੇ ਤੁਹਾਨੂੰ ਭਰਾ ਦੀ ਮਦਦ ਕਰਨੀ ਚਾਹੀਦੀ ਏ। ਦੁਸ਼ਮਣੀ ਨੂੰ ਥੁੱਕ ਦਿਓ। ਭਰਾ ਈ ਕੰਮ ਆਏਗਾ ਇਹ ਦੁਸ਼ਮਣ ਦੀ ਧੌਣ ਲਾਹੁਣਗੇ ਤੇ ਦੂਜਿਆਂ ਦੀ ਵੀ। ਭਰਾ ਆਖ਼ਰ ਭਰਾ ਏ। ਵਿਚਾਰ ਕਰ ਲਵੋ ਇਕ ਵਾਰ।

ਇਹ ਮੇਰਾ ਜੱਦੀ ਵੈਰੀ ਏ ਅੱਜ ਈ ਕਾਬੂ ਆਇਆ ਏ ਤੇ ਅੱਜ ਈ ਕਿਰੜ ਕੱਢ ਲੈਣੀ ਏ।

ਜੇ ਜਿੱਤ ਹੋ ਗਈ, ਅਬਲ ਜਿੱਤ ਹੋਣ ਨਹੀਂ ਲੱਗੀ ਤੇ ਫੇਰ ਇਹ ਜੁਝਾਰ ਸਿੰਘ ਦਰਿੰਦਾ ਬਣ

ਜਾਏਗਾ। ਇਹ ਮੰਗੇਗਾ ਫੇਰ ਸ਼ਰਾਬ, ਸ਼ਰਾਬ ਤੇ ਕਬਾਬ। ਮਹਿਲ ਵਿਚ ਕੋਈ ਸੱਤਵੰਤੀ ਨਹੀਂ ਰਹੇਗੀ।

ਜਦੋਂ ਉਹ ਵੇਲਾ ਆਏਗਾ ਵੇਖੀ ਜਾਏਗੀ। ਇਹ ਬਘਿਆੜ ਨਹੀਂ ਜਿਹੜਾ ਸਾਨੂੰ ਖਾ ਜਾਏਗਾ। ਚੰਦਨ ਰਾਜੇ ਨੇ ਜਵਾਬ ਦਿੱਤਾ।

ਫੇਰ ਪਛਤਾਵਿਆਂ ਕੁਝ ਨਹੀਂ ਹੋਣਾ। ਜਦ ਚਿੜੀਆਂ ਚੁੱਗ ਖੇਤ ਲਿਆ। ਅਜੇ ਵੀ ਸੋਚ ਲਵੋ।

ਜੰਗ ਦਾ ਧੌਂਸਾ ਵੱਜਿਆ, ਨਗਾਰੇ ਚੋਟ ਪਈ,ਘਮਸਾਨ ਦਾ ਯੁੱਧ ਹੋਣ ਦੀ ਉਮੀਦ ਸੀ।

ਖ਼ੂਬ ਤਲਵਾਰ ਚੱਲੀ, ਤੀਰਾਂ ਨੇ ਰੀਝ ਲਾਹੀ ਪਰ ਕੁਦਰਤ ਨੇ ਚੰਦਨ ਰਾਏ ਤੇ ਜੁਝਾਰ ਸਿੰਘ ਦੀ ਜੁੱਰਤ ਵੇਖੀ ਤੇ ਅੱਗੋਂ ਮੂੰਹ ਭੰਨਿਆ ਗੱਜ ਸਿੰਘ ਨੇ।

ਲੜਾਈ ਕਿਸੇ ਦੀ ਸੱਕੀ ਨਹੀਂ। ਇਹਨੂੰ ਲਹੂ ਚਾਹੀਦੇ ਤੇ ਲਾਸ਼ਾਂ ਦੇ ਢੇਰ।

ਦੋਵੇਂ ਯੋਧੇ ਮੈਦਾਨ 'ਚ ਹੀ ਮਾਰੇ ਗਏ ਤੇ ਸੱਖਣੀ ਫ਼ੌਜ ਲਾਹੌਰ ਪਹੁੰਚੀ, ਖ਼ਾਲੀ ਘੋੜਾ ਰਾਜਪੂਤ ਦਾ ਨਿਸ਼ਾਨੀ ਰਹਿ ਗਿਆ। ਪਛਤਾ ਰਿਹਾ ਸੀ ਦਿਲਾਵਰ ਖ਼ਾਂ।

★

ਜੋ ਬਾਬੇ ਕੇ ਦਾਮ ਨਾ ਦੇਹੈ ੧੫੩

ਰੋਜ਼ ਨਿੱਤ ਦੀਆਂ ਹਾਰਾਂ ਨੇ ਸ਼ਹਿਨਸ਼ਾਹ ਔਰੰਗਜ਼ੇਬ ਦੀ ਨੀਂਦ ਹਰਾਮ ਕਰ ਦਿੱਤੀ। ਆਪ ਫੱਸਿਆ ਹੋਇਆ ਸੀ। ਗੋਲਕੁੰਡੇ ਵਿੱਚ । ਜੇ ਉਹ ਹਿੰਮਤ ਛੱਡ ਦਿੰਦਾ ਤੇ ਫੇਰ ਸਾਰੀ ਹਯਾਤੀ ਵਿਚ ਕਿਲ੍ਹਾ ਸਰ ਨਾ ਹੁੰਦਾ। ਸ਼ਹਿਨਸ਼ਾਹ ਨੇ ਆਪਣਾ ਬੁਢਾਪਾ ਦਾਅ ਤੇ ਲਾ ਦਿੱਤਾ ਸੀ। ਭਾਵੇਂ ਦਿੱਲੀ ਦੀ ਮਰਕਜ਼ੀ ਹਕੂਮਤ ਕਮਜ਼ੋਰ ਹੋ ਚੁੱਕੀ ਸੀ। ਉਸ ਪ੍ਰਵਾਹ ਨਾ ਕੀਤੀ। ਤੇ ਲੜ ਰਿਹਾ ਸੀ। ਗੁੱਸਾ ਤੇ ਬੜਾ ਆਇਆ ਪਰ ਦੂਰ ਬੈਠਾ ਸੀ। ਉਹਦੀ ਨਜ਼ਰ ਸ਼ਹਿਜ਼ਾਦੇ ਮੁਅਜ਼ਮ ਤੇ ਪਈ।

ਕਿਉਂ ਸ਼ਹਿਜ਼ਾਦੇ ਹਕੂਮਤ ਦੀ ਵਾਗਡੋਰ ਸੰਭਾਲਨ ਦੀ ਜਾਚ ਸਿੱਖਣੀ ਏ ਤੇ ਜਾ ਪੰਜਾਬ। ਉੱਥੇ ਬਗਾਵਤ ਸਿਰ ਕੱਢ ਰਹੀ ਏ। ਕੁਚਲ ਦੇ ਸਖ਼ਤੀ ਨਾਲ ਤੇ ਫੇਰ ਮੈਨੂੰ ਉਮੀਦ ਹੋ ਜਾਊ ਕਿ ਤੂੰ ਮੇਰੇ ਮਰਨ ਤੋਂ ਬਾਅਦ ਤਖ਼ਤ ਦੀ ਰਾਖੀ ਕਰ ਸਕੇਂਗਾ। ਇਹ ਤੇਰਾ ਇਮਤਿਹਾਨ ਏ।

ਫ਼ੌਜਾਂ ਮੇਰੇ ਨਾਲ ਹਨ। ਸ਼ਾਹੀ ਜਲਾਲ ਅੱਗੇ ਕੋਈ ਦਮ ਨਹੀਂ ਮਾਰਦਾ। ਕੌਣ ਅੜੂਗਾ ਸਾਡੇ ਸਾਹਮਣੇ। ਅੱਬਾ ਜਾਨ ਤੁਸਾਂ ਤੇ ਸਾਨੂੰ ਮੌਕਾ ਈ ਨਹੀਂ ਦਿੱਤਾ।

ਅੱਜ ਰੀਝ ਤੇ ਚਾਅ ਲਾਹ ਲੈ। ਜਾ ਪੰਜਾਬ ਤੇਰੀ ਝੋਲੀ 'ਚ ਪਾਇਆ। ਮੈਂ ਪੰਜਾਬ ਵਿਚ ਅਮਨ ਚਾਹੁੰਦਾ ਹਾਂ। ਬਗ਼ਾਵਤ ਨੂੰ ਕੁਚਲ ਦੇਣਾ ਹਕੂਮਤ ਦਾ ਕੰਮ ਏ। ਹਕੂਮਤ ਸਖ਼ਤੀ ਨਾਲ ਆਉਂਦੀ ਏ।

ਮੈਂ ਜ਼ਰੂਰ ਕਾਮਯਾਬ ਹੋ ਕੇ ਆਵਾਂਗਾ। ਕੱਲ ਕੂਚ ਕਰੋ। ਨਗਾਰਾ ਅੱਜ ਵਜਾਓ । ਪੰਜਾਬ ਦੀ ਧਰਤੀ ਤੇ ਆਪਣੇ ਝੰਡੇ ਗੱਡੋ। ਅੱਲਾ ਨਿਗ੍ਹਬਾਨ।

ਸ਼ਹਿਜ਼ਾਦੇ ਮੁਅਜ਼ਮ ਨੇ ਸੋਚਿਆ ਮੈਂ ਖੁਸ਼ਕਿਸਮਤ ਹਾਂ। ਜਿਹਨੂੰ ਸ਼ਹਿਨਸ਼ਾਹ ਨੇ ਪੰਜਾਬ ਦੀ ਸੂਬੇਦਾਰੀ ਬਖ਼ਸ਼ੀ ਏ। ਅੱਬਾ ਜਾਨ ਤੇ ਕਿਸੇ ਤੇ ਇਤਬਾਰ ਵੀ ਨਹੀਂ ਕਰਦੇ। ਪਤਾ ਨਹੀਂ ਮੇਰੇ ਤੇ ਕਿੰਦਾਂ ਮਿਹਰਬਾਨ ਹੋ ਗਏ ਹਨ।

ਸ਼ਹਿਨਸ਼ਾਹ ਮੌਤ ਦੀਆਂ ਘੜੀਆਂ ਗਿਣ ਰਿਹਾ ਸੀ। ਪਰ ਉਹ ਆਪਣੀ ਜ਼ਿੰਦਗੀ ਵਿੱਚ ਤਖ਼ਤ ਦਾ ਵਾਰਸ ਕਿਸੇ ਨੂੰ ਨਾਮਜ਼ਦ ਨਹੀਂ ਸੀ ਕਰਦਾ। ਫ਼ੌਜਾਂ ਕੂਚ ਕਰ ਚੁੱਕੀਆਂ ਸਨ। ਮੰਜ਼ਲਾਂ ਤੇ ਮੰਜ਼ਲਾਂ ਮਾਰਦੇ। ਆਖ਼ਰਕਾਰ ਸ਼ਹਿਜ਼ਾਦਾ ਦਿੱਲੀ ਪੁੱਜਾ। ਬਹੁਤ ਸਵਾਗਤ ਹੋਇਆ। ਜਲਦੀ ਸੀ ਅੱਬਾ ਜਾਨ ਦੇ ਹੁਕਮ ਸੀ। ਛੇਤੀ ਈ ਪੰਜਾਬ ਵੱਲ ਕੂਚ ਕਰ ਦਿੱਤਾ। ਸਾਹ ਵੀ ਨਾ ਕੱਢਿਆ। ਪੰਜਾਬ ਤੇ ਬਹੁਤ ਅਮਨ ਪਸੰਦ ਇਲਾਕਾ ਏ। ਇੱਥੇ ਸਵਾਗਤ ਹੋਇਆ। ਜਲਦੀ ਸੀ ਅੱਬਾ ਜਾਨ ਦਾ ਹੁਕਮ ਸੀ। ਛੇਤੀ ਹੀ ਪੰਜਾਬ ਵੱਲ ਕੂਚ ਕਰ ਦਿੱਤਾ। ਸਾਹ ਵੀ ਨਾ ਕੱਢਿਆ। ਪੰਜਾਬ ਤੇ ਬਹੁਤ ਅਮਨ ਪਸੰਦ ਇਲਾਕਾ ਏ। ਇੱਥੇ ਬਗ਼ਾਵਤ ਦਾ ਕੀ ਕੰਮ। ਇਹ ਕਾਰਸਤਾਨੀ ਮੁਗ਼ਲਾਂ ਦੀ ਆਪਣੀ ਬਣਾਈ ਹੋਈ ਏ। ਇਹ ਟਿੰਡ 'ਚ ਕਾਨਾ ਪਾ ਕੇ ਬੈਠੇ ਹੋਏ ਹਨ। ਆਪ ਈ ਛੇੜ੍ਹਾ ਛੇੜ੍ਹਦੇ ਹਨ। ਕਿਤੇ ਪੰਜਾਬ ਆਪਣੀ ਖ਼ੁਦ-ਮੁਖ਼ਤਿਆਰੀ ਦਾ ਐਲਾਨ ਨਾ ਕਰ ਬੈਠੇ। ਮਰਕਜ਼ ਕਮਜ਼ੋਰ ਸੀ। ਤਾਹੀਓ ਇਹ ਵਿਚਾਰਾਂ ਸੁੱਝਦੀਆਂ ਸਨ।

ਤਖ਼ਤ ਦਾ ਸਹੀ ਵਾਰਸ ਤੇ ਮੈਂ ਈ ਹਾਂ। ਪਰ ਤਖ਼ਤ ਦਾ ਫ਼ੈਸਲਾ ਤਾਕਤ ਨੇ ਕਰਨੈ। ਯੁਵਰਾਜ ਨੂੰ ਕਤਲ ਕੀਤਾ ਜਾ ਸਕਦਾ ਏ, ਕੈਦ ਵਿਚ ਪਾਇਆ ਜਾ ਸਕਦਾ ਏ, ਫ਼ੌਜਾਂ ਸਿਰ ਲਾਹ ਸਕਦੀਆਂ ਹਨ। ਬਚਾਅ ਦੀ ਸਬੀਲ ਸ਼ਹਿਜ਼ਾਦਾ ਵੀ ਸੋਚ ਰਿਹਾ ਸੀ।

ਲਗਾਨ ਵਸੂਲ ਕਰਨਾ ਸੀ। ਉਨ੍ਹਾਂ ਦਿੱਤਾ ਨਹੀਂ। ਜੰਗ ਹੋਈ, ਫ਼ੌਜ ਹਾਰ ਗਈ ਤੇ ਵਾਪਸ ਆ ਕੇ ਢਾਹੀਂ ਮਾਰਨ ਲੱਗੀ।

ਲਾਹੌਰ ਪੁੱਜੀ ਸਰਕਾਰ ਤੇ ਗੱਲ ਛਿੜੀ ਪਹਾੜ ਦੀ। ਸ਼ਹਿਜ਼ਾਦਾ ਬੋਲਿਆ ਕਿ ਪਹਾੜ ਕਿਉਂ ਆਕੀ ਹੋ ਗਿਐ। ਆਖ਼ਰ ਕੋਈ ਵਜ੍ਹਾ ਤੇ ਜ਼ਰੂਰ ਹੋਣੀ ਏ। ਪਹਾੜੀਏ ਅੜਨ ਵਾਲੇ ਨਹੀਂ, ਅੜੇ ਕਿਉਂ।

ਇਹਨਾਂ ਨੂੰ ਸ਼ਹਿ ਏ ਗੁਰੂ ਗੋਬਿੰਦ ਰਾਏ ਦੀ। ਅਨੰਦਪੁਰ ਇਕ ਹਊਆ ਬਣਿਆ ਹੋਇਆ ਏ।

ਉਹ ਤੇ ਸੁਣਿਆ ਏ ਮਾਲਾ ਦੇ ਪੁਜਾਰੀ ਹਨ, ਫ਼ਕੀਰ ਲੋਕ ਹਨ ਫੇਰ ਉਨ੍ਹਾਂ ਤੋਂ ਡਰ ਕਿਉਂ।

ਐਵੇਂ ਉੱਤੋਂ ਵਾਲੀ ਦੀਆਂ ਗੱਲਾਂ ਹਨ। ਤਲਵਾਰ ਦੇ ਬਹੁਤ ਧਨੀ ਹਨ। ਤੀਰ-ਅੰਦਾਜ਼ੀ ਉਨ੍ਹਾਂ ਦੇ ਮੁਕਾਬਲੇ ਦੀ ਸਾਰੇ ਹਿੰਦੁਸਤਾਨ 'ਚ ਨਹੀਂ। ਗੁਰੂ ਉਨ੍ਹਾਂ ਦਾ ਸਭ ਤੋਂ ਵੱਡਾ ਹਥਿਆਰ ਏ। ਗੁਰੂ ਅੱਗੇ ਕਿਸੇ ਦੀ ਚਲਦੀ ਨਹੀਂ। ਉਹਦੇ ਕੋਲ ਖ਼ੁਦਾਈ ਤਾਕਤ ਏ ਜਾਂ ਗੁਰੂਆਂ ਦੀ ਬਖ਼ਸ਼ਿਸ਼ ਏ, ਜਾਂ ਕੋਈ ਕਰਿਸ਼ਮਾ ਏ। ਹੈ ਜ਼ਰੂਰ ਕੁਝ ਨਾ ਕੁਝ।

ਮੈਂ ਨਹੀਂ ਮੰਨਦਾ। ਓਸ ਸੰਤ, ਫ਼ਕੀਰ, ਤਿਆਗੀ ਲੋਕ ਇਨ੍ਹਾਂ ਨੂੰ ਕੀ ਲੋੜ ਏ ਲੜਨ ਦੀ ਕਿਤੇ ਤੁਸੀਂ ਤੇ ਨਹੀਂ ਨਾ ਉਹਨਾਂ ਤੇ ਹਮਲਾ ਕਰਦੇ।

ਹਮਲਾ ਤੇ ਅਸੀਂ ਕਰਦੇ ਹਾਂ। ਪਰ ਇਹ ਮੂੰਹ ਤੋੜ ਜਵਾਬ ਦਿੰਦੇ ਹਨ।

ਉਹਨਾਂ ਆਪਣਾ ਬਚਾਅ ਤੇ ਕਰਨਾ ਈ ਏ। ਜੇ ਉਹ ਬਚਾਅ ਨ ਕਰਨ, ਮਾਲਾ ਈ ਫੇਰਦੇ ਰਹਿਣ ਤੇ ਫੇਰ ਤੁਹਾਡੀਆਂ ਫ਼ੌਜਾਂ ਨੇ ਉਹਨਾਂ ਦੇ ਘਰ ਬਾਰ ਉਜਾੜ ਦੇਣੇ ਨੇ ਅਤੇ ਅੱਗ ਲਾ ਕੇ

ਫੂਕ ਦੇਣੀ ਏ ਸੋਨੇ ਦੀ ਲੰਕਾ। ਪਿਓ ਦਾਦੇ ਦੀ ਕਮਾਈ ਏ ਉਹਨਾਂ ਦੀ। ਤੁਸੀਂ ਉਹਨਾਂ ਨੂੰ ਛੇੜਦੇ ਕਿਉਂ ਓ। ਉਹਨਾਂ ਤੁਹਾਡੀ ਫ਼ੌਜ ਤੇ ਕਦੇ ਹਮਲਾ ਕੀਤੈ।

ਨਹੀਂ, ਪਰ ਉਹ ਜਿਸ ਰਾਜੇ ਦੀ ਮਦਦ ਲਈ ਆਏ ਫ਼ਤਹਿ ਉਸੇ ਦੀ ਹੋਈ।

ਗੋਸ਼ਾ – ਨਸ਼ੀਨ, ਖ਼ੁਦਾ ਪ੍ਰਸਤ ਲੋਕ ਕਦੇ ਪਹਿਲ ਨਹੀਂ ਕਰਦੇ। ਤੁਸੀਂ ਉਹਨਾ ਨੂੰ ਛੇੜੋ ਨਾ। ਉਨ੍ਹਾਂ ਨੂੰ ਆਪਣੀ ਫ਼ਕੀਰੀ 'ਚ ਮਸਤ ਰਹਿਣ ਦਿਓ। ਤੁਹਾਡਾ ਕੀ ਵਿਗੜਦੈ।

ਮੇਰੀ ਇਕੋ ਸ਼ਰਤ ਏ। ਮੈਨੂੰ ਲਗਾਨ ਚਾਹੀਦੈ। ਮੈਂ ਹੋਰ ਕੁਝ ਨਹੀਂ ਜਾਣਦਾ। ਮੇਰੀ ਨਜ਼ਰ ਵਿੱਚ ਮਿਰਜ਼ਾ ਬੇਗ ਏ। ਉਹਨੂੰ ਭੇਜੋ ਕਿੱਦਾਂ ਕਰ ਵਸੂਲ ਨਹੀਂ ਹੁੰਦਾ।

ਸ਼ਹਿਜ਼ਾਦੇ ਦੀ ਨਜ਼ਰੇ ਇਨਾਇਤ ਏ। ਪਹਾੜ ਸਰ ਹੋ ਜਾਊ ਪਰ ਜੇ ਅਸਾਂ ਅਨੰਦਪੁਰ ਵੱਲ ਜ਼ਰਾ ਵੀ ਨਜ਼ਰ ਫੇਰੀ ਤੇ ਫੇਰ ਫ਼ਤਹਿ ਨਹੀਂ ਹੋਣੀ। ਸ਼ਿਕਸਤ ਦਾ ਮੂੰਹ ਵੇਖਣਾ ਪਊ।

ਅਨੰਦਪੁਰ ਨੂੰ ਨਾ ਛੇੜਿਆ ਜਾਏ। ਆਪ ਨੂੰ ਪੀਰਾਂ-ਫ਼ਕੀਰਾਂ ਦੀ ਬੱਦਦੁਆ ਕਿਉਂ ਲਈ ਜਾਏ।

ਪਹਾੜ ਦੀ ਕੋਈ ਏਡੀ ਵੱਡੀ ਮੁਹਿੰਮ ਨਹੀਂ। ਸਿਰਫ਼ ਗਲਤੀ ਏ ਸਾਡੀ। ਜਿਹੜੇ ਅਸੀਂ ਅਨੰਦਪੁਰ ਨੂੰ ਨਾਲ ਨੱਥੀ ਕਰ ਲੈਂਦੇ ਹਾਂ।

ਮਿਰਜ਼ਾ ਬੇਗ ਤੂੰ ਆਪਣੀ ਮਰਜ਼ੀ ਦੇ ਲੜਾਕੂ ਚੁਣ ਲੈ। ਤੇ ਚੜ੍ਹ ਜਾ ਪਹਾੜ੍ਹ ਦੀ ਟੀਸੀ ਤੇ। ਤੇ ਪਨਾਹ-ਪਨਾਹ ਕਰ ਉਨ੍ਹੂ ਪਹਾੜ। ਮਿਰਜ਼ਾ ਬੇਗ ਨੂੰ ਸ਼ਾਹੀ ਸਨਮਾਨ ਨਾਲ ਨਿਵਾਜਿਆ ਗਿਆ। ਨਿਕਲੇ ਸੂਰਮੇ ਪਹਾੜ ਦੀ ਬਾਹੀ ਵੱਲ। ਬਾਈ ਧਾਰਾਂ ਦੇ ਰਾਜੇ ਕੂਰੇ ਘਰਾੜ੍ਹੇ ਮਾਰ ਕੇ ਸੁੱਤੇ ਪਏ ਸਨ। ਜਾ ਗਿੱਚੀ ਨੱਪੀ, ਨੀਂਦ ਵਿਚ ਉਨ੍ਹਾਂ ਦੀ।

ਮਿਰਜ਼ਾ ਬੇਗ ਕੂਚ ਕਰ ਰਿਹਾ ਸੀ, ਨਗਾਰੇ ਵੱਜ ਰਹੇ ਸਨ, ਨੌਬਤਾਂ ਵੱਜ ਰਹੀਆਂ ਸਨ। ਮੁਗ਼ਲ ਫ਼ੌਜ ਆ ਰਹੀ ਏ ਜਾਗੋ ਪਹਾੜ ਦੇ ਲੋਕੋ।

ਪਹਾੜ ਦੀ ਠੰਡੀ ਹਵਾ ਇਕ ਨਸ਼ਾ ਸੀ, ਇਕ ਸਰੂਰ ਸੀ, ਇਕ ਖ਼ੁਸ਼ਬੂ ਸੀ ਖ਼ੂਬਸੂਰਤ ਵਾਦੀ ਦੀਆਂ ਸੋਹਣੀਆਂ ਸੁਨੱਖੀਆਂ ਠਾਰ੍ਹਾਂ ਵੇਖ ਕੇ ਲੜਨ ਨੂੰ ਜੀਅ ਨਾ ਕਰਦਾ। ਸਗੋਂ ਪਿਆਰ ਕਰਨ ਨੂੰ ਦਿਲ ਲੋਚਦਾ।

ਮੈਂ ਕਰ ਵਸੂਲ ਕਰਨ ਆਇਆਂ। ਅੱਗੇ ਜਿੰਨੇ ਆਏ ਸਿਰ ਸਵਾਹ ਪਵਾ ਕੇ ਗਏ ਹਨ। ਮੈਂ ਇੱਜ਼ਤ ਨਾਲ ਵਾਪਸ ਜਾਣਾ ਚਾਹੁੰਦਾ ਹਾਂ। ਓਸ ਚਾਰ ਪਿੰਡਾਂ ਦਾ ਘੇਰਾ ਕੱਟਿਆ। ਪਹਿਲਾਂ ਤੇ ਘਰ ਉਜਾੜੇ ਤੇ ਫੇਰ ਮੁਆਤਾ ਲਾ ਕੇ ਫੂਕ ਸੁੱਟੇ ਵੱਸਦੇ-ਰੱਸਦੇ ਪਿੰਡ। ਹਾਹਾਕਾਰ ਮਚ ਉੱਠੀ ਤੇ ਫੇਰ ਕੈਦੀ ਬਣਾਏ ਭੋਲੇ-ਭਾਲੇ ਲੋਕ, ਜਵਾਨ ਮੁੰਡੇ ਚੁਣੇ ਢਾਣੀਆਂ ਵਿਚੋਂ। ਤੇ ਜਵਾਨ-ਜਹਾਨ ਮੁਟਿਆਰਾਂ ਇਕ-ਇਕ ਘਰ ਫੋਲ ਕੇ ਕੱਢੀਆਂ। ਉਹਨਾਂ ਨੂੰ ਇਕ ਕਤਾਰ ਵਿਚ ਖੜ੍ਹਾ ਕਰ ਲਿਆ। ਹੰਟਰ ਮਾਰ-ਮਾਰ ਕੇ ਉਨ੍ਹਾਂ ਦੀ ਖੱਲ ਉਧੇੜ ਸੁੱਟੀ। ਚੀਕਾਂ ਮਾਰਦੇ, ਹਾਏ ਮਰ ਗਏ-ਹਾਏ ਮਰ ਗਏ ਦੀਆਂ ਆਵਾਜ਼ਾਂ ਨੇ ਧਰਤੀ ਹਿਲਾ ਦਿੱਤੀ। ਬੱਸ ਫੇਰ ਅੱਗੇ ਲਾ ਲਏ ਕੋਰੜੇ ਮਾਰਨ ਤੇ ਨੱਸੇ ਜਵਾਨ ਮੁੰਡੇ ਤੇ ਜਵਾਨ ਮੁਟਿਆਰਾਂ। ਸਾਰੇ ਇਲਾਕੇ 'ਚ ਪਹਿਲਾਂ ਇਹ ਤਮਾਸ਼ਾ ਕੀਤਾ। ਤੇ ਆਪ ਮਿਰਜ਼ਾ ਬੇਗ ਆਪਣੇ ਖ਼ੈਮੇ 'ਚ ਬੈਠਾ ਰਿਹਾ। ਕਿਸੇ ਖ਼ੁਸ਼ਾਮਦੀ ਨੂੰ ਆਪਣੇ ਲਾਗੇ ਫੜਕਣ ਨਾ ਦਿੱਤਾ। ਸਿਰਫ਼ ਇਕੋ ਧੁੰਨ ਸੀ ਵਸੂਲੀ। ਏਸ ਖੇਡ ਵਾਲਿਆਂ ਦੀ ਜਾਨ ਕੰਢਲ ਕਰ ਦਿੱਤੀ। ਜ਼ਾਲਮ ਖ਼ੂੰਖ਼ਾਰ

ਏ ਮਿਰਜ਼ਾ ਬੇਗ । ਕੈਦੀ ਬਣਾ ਕੇ ਇਹ ਵਾੜੇ ਵਿਚ ਇਕੱਠੇ ਕਰ ਲਏ ਭੇਡਾਂ, ਬੱਕਰੀਆਂ ਵਾਂਗੂੰ। ਰਾਜੇ ਨੱਸ ਗਏ ਤੇ ਲੋਕ ਯਤੀਮ ਹੋ ਗਏ। ਐਸੀ ਜਾਨ ਸ਼ਿਕੰਜੇ 'ਚ ਜਕੜੀ ਰਾਜੇ ਪਨਾਹ ਮੰਨ ਲਈ।

ਕੈਦੀਆਂ ਤੇ ਸਿਰਫ਼ ਇਕ ਵਾਰ ਦੀ ਸਖ਼ਤੀ ਕੀਤੀ। ਇਹ ਦਿਖਾਵਾ ਬਹੁਤ ਵੱਡਾ ਸੀ। ਗਹਿਣੇ ਸੋਨੇ-ਚਾਂਦੀ ਦਾ ਢੇਰ ਲੱਗ ਗਿਆ। ਇਹਦੇ ਨਾਲ ਮਿਰਜ਼ਾ ਬੇਗ ਦਾ ਢਿੱਡ ਥੋੜਾ ਭਰਦਾ ਸੀ। ਢਿੱਡ ਵੱਡਾ ਸੀ ਤੇ ਵੱਡਾ ਮਾਲ ਚਾਹੀਦਾ ਸੀ। ਦੀਵਾਨਾਂ ਨੂੰ ਛੱਡ ਦਿਓ ਇਹ ਤੇ ਘਰ ਦੇ ਜੀਅ ਹਨ। ਐਲਾਨ ਹੋਇਆ, ਢੰਡੋਰਾ ਪਿਟਵਾਇਆ ਗਿਆ। ਜਿਹਦੇ ਘਰ ਵਿੱਚ ਦੋ-ਦੋ ਮੋਹਰਾਂ ਹਨ ਉਹ ਸ਼ਾਹੀ ਖ਼ਜ਼ਾਨੇ ਵਿਚ ਜਮ੍ਹਾਂ ਕਰਵਾ ਦਿਓ। ਵਰਨਾ ਪੁੱਠੀ ਖੱਲ੍ਹ ਲਾਹੀ ਜਾਏਗੀ। ਲੋਕਾਂ ਨੇ ਤੇ ਡਰਨਾ ਈ ਸੀ। ਰਾਜੇ ਥਰ-ਥਰ ਕੰਬੇ, ਤੇ ਉਹਨਾਂ ਸਲਾਹ ਕੀਤੀ। ਕਠ ਇਕੱਠਾ ਕਰੋ ਤੇ ਏਸ ਬਲਾ ਨੂੰ ਇਹਦੇ 'ਚੋਂ ਕੱਢੋ। ਜਿੰਨੀਂ ਦੇਰ ਕਰੋਗੇ ਉਨੀਂ ਬਰਬਾਦੀ ਏ।

ਸ਼ਹਿਨਸ਼ਾਹ ਨਾਲ ਦੁਸ਼ਮਣੀ ਮੌਤ ਨੂੰ ਆਵਾਜ਼ ਮਾਰਨੀ ਏ।

ਸੁਤੰਤਰਤਾ ਦਾ ਨਾਅਰਾ ਮਾਰਨਾ ਖ਼ਤਰਨਾਕ ਏ। ਬਸ ਗੱਲ ਵਿੱਚ ਪਰਨੇ ਪਾ ਲਏ ਤੇ ਮੋਹਰਾਂ ਦੀਆਂ ਥੈਲੀਆਂ ਚੁੱਕੀਆਂ ਤੇ ਆਣ ਹਜ਼ੂਰ ਦੀ ਕਚਿਹਰੀ ਹਾਜ਼ਰ ਹੋਏ।

ਸਾਡੀ ਤੋਬਾ ਸਾਡੇ ਪਿਓ ਦਾਦੇ ਦੀ ਤੋਬਾ ਤੁਸੀਂ ਜਿੱਤੇ ਤੇ ਅਸੀਂ ਹਾਰੇ। ਮਿਰਜ਼ਾ ਸਾਹਬ ਜੋ ਸਾਡੇ ਪੱਲੇ ਹੈ ਲਾਹ ਲਵੋ ਤੇ ਸਾਨੂੰ ਬਖ਼ਸ਼ੋ। ਸਾਡੇ ਘਰ-ਘਰ ਦੀ ਤਲਾਸ਼ੀ ਲੈ ਲਵੋ। ਬਾਕੀ ਬਚੇ ਸਾਡੇ ਹੱਡਾਂ ਵਿਚੋਂ ਕੱਢ ਲਵੋ। ਅਸਾਂ ਕੰਨਾਂ ਨੂੰ ਹੱਥ ਲਾ ਲਿਐ ਰਹਿਮ ਕਰੋ।

ਹਰਾਮਜ਼ਾਦਿਓ ਹੁਣ ਅਕਲ ਆਈ ਏ। ਪਹਿਲਾਂ ਕਿਉਂ ਨਹੀਂ ਮਰੇ। ਇੰਨੇ ਖ਼ੂਨ-ਖ਼ਰਾਬੇ ਦੀ ਕਿਉਂ ਲੋੜ ਪਈ।

ਅਸੀਂ ਪਹਾੜੀਏ ਗ਼ਰੀਬ ਲੋਕ ਹਾਂ। ਸਾਡੇ ਕੋਲ ਖ਼ਜ਼ਾਨੇ ਕਿੱਥੋਂ। ਪਹਾੜ ਵਿਚ ਤੇ ਪੱਥਰ ਈ ਪੱਥਰ ਹਨ। ਸਾਡੀ ਭੁੱਲ ਬਖ਼ਸ਼ੋ।

ਸ਼ਹਿਜ਼ਾਦਾ ਹਾਰਿਆ ਏ, ਲੋਕ ਡਰ ਗਏ, ਸਾਹ ਸੁੱਕ ਗਿਆ। ਨੱਸ ਉੱਠੇ ਘਰ-ਬਾਰ ਛੱਡ ਕੇ। ਇਕ ਨੇ ਤੇ ਇੰਨਾਂ ਉਪੱਦਰ ਮਚਾਇਆ ਹੋਇਆ ਏ। ਸ਼ਹਿਜ਼ਾਦਾ ਆਏਗਾ ਤੇ ਕੀ ਤੂਫ਼ਾਨ ਬਰਪਾ ਕਰੇਗਾ।

ਇਹ ਐਵੇਂ ਅਫ਼ਵਾਹ ਏ, ਸ਼ਹਿਜ਼ਾਦੇ ਨੂੰ ਕੀ ਲੋੜ ਸੀ ਪਹਾੜ ਦੀ ਖ਼ਾਕ ਛਾਨਣ ਦੀ। ਗੱਲ ਏਥੇ ਆਣ ਕੇ ਮੁੱਕੀ ਖ਼ਰਾਜ ਢੇਰੀ ਕਰ ਦਿੱਤਾ ਤੇ ਮਾਫ਼ੀ ਮੰਗੀ। ਜਾਓ ਆਪਣੇ-ਆਪਣੇ ਘਰ ਕੈਦੀ ਛੱਡ ਦਿੱਤੇ। ਫ਼ੌਜ ਦਾ ਤਾਵਾਨ ਕੌਣ ਦਿਊ।

ਸਾਡੇ ਪੱਲੇ ਤੇ ਹੁਣ ਕੁਝ ਨਹੀਂ। ਸਾਡੇ ਮਕਾਨਾਂ ਦੀਆਂ ਚੋਗਾਠਾਂ ਲਾਹ ਲਵੋ, ਬਾਲੇ ਵੀ ਲਾਹ ਲਵੋ।

ਮਿਰਜ਼ਾ ਬੇਗ ਆਪਣੇ ਸ਼ਾਮਿਆਣੇ ਤੋਂ ਜ਼ਰਾ ਇੰਚ ਭਰ ਵੀ ਨਾ ਹਿੱਲਿਆ। ਸਿਰਫ਼ ਸ਼ਾਮਤ ਉਨ੍ਹਾਂ ਮੁੰਡਿਆਂ ਕੁੜੀਆਂ ਦੀ, ਜਿਨ੍ਹਾਂ ਦੀ ਪਿੱਠ ਤੇ ਕੋਰੜੇ ਬਰਸ ਰਹੇ ਸਨ। ਅੱਗੇ-ਅੱਗੇ ਉਹ ਕਾਫ਼ਲਾ ਤੇ ਪਿੱਛੇ ਫ਼ੌਜ ਸਰਕਾਰੀ।

ਬਸ ਇਕੋ ਦੀ ਚਾਬੀ ਨੇ ਸਾਰੇ ਪਹਾੜ ਦੀ ਹਿੱਕ ਧੜਕਾ ਦਿੱਤੀ। ਵਾਰੀ-ਵਾਰੀ ਸਾਰੇ ਰਾਜੇ

ਸਿਰ ਦੇ ਬਲ ਆਏ। ਲਗਾਨ ਤੇ ਵਸੂਲ ਹੋ ਗਿਆ ਤੇ ਅੱਗੋਂ ਦੀ ਰਕਮ ਵੀ ਇਕੱਠੀ ਕੀਤੀ। ਕੈਂਪ ਦੂਜੀ ਜਗ੍ਹਾ ਜਾ ਲਾਇਆ। ਤੇ ਚੌਗਿਰਦੇ ਵਿਚ ਉਹੋ ਤਮਾਸ਼ਾ ਕੀਤਾ। ਇਸ ਕਾਡ ਨੇ ਸਾਰੇ ਪਹਾੜ ਦੇ ਰਾਜਿਆਂ ਤੋਂ ਲਗਾਨ ਦੀ ਰਕਮ ਵਸੂਲ ਕੀਤੀ।

ਫ਼ੌਜ ਵੀ ਘੱਟ ਮਰੀ ਤੇ ਨੁਕਸਾਨ ਵੀ ਘੱਟ ਹੋਇਆ।

ਮਿਰਜ਼ਾ ਬੇਗ ਅਜ਼ਰਾਈਲ ਫ਼ਰਿਸ਼ਤਾ ਬਣ ਕੇ ਪਹਾੜ ਦੀਆਂ ਨੁੱਕਰਾਂ ਫੋਲ ਰਿਹਾ ਸੀ। ਘਰ-ਘਰ ਦੀ ਤਲਾਸ਼ੀ ਲਈ ਗਈ। ਕੁੱਝ ਘਰ ਫੂਕੇ ਵੀ। ਤੇ ਭੜੋਲੀਆਂ ਵਿਚੋਂ ਉਹ ਗਹਿਣੇ ਕੱਢਵਾ ਲਏ ਜਿਹੜੇ ਪਿਉ ਦਾਦੇ ਨੇ ਜਮ੍ਹਾ ਕੀਤੇ ਹੋਏ ਸਨ।

ਝੰਡਾ ਸਾਰੇ ਬਾਈ ਧਾਰਾਂ ਦੇ ਰਾਜਿਆਂ ਦੇ ਇਲਾਕਿਆਂ 'ਚ ਫੇਰਿਆ ਗਿਆ। ਲਗਾਨ ਦੀ ਪਾਈ-ਪਾਈ ਵਸੂਲ ਹੋ ਗਈ। ਇੰਨਾ ਲਗਾਨ ਇਕੱਠਾ ਹੋਇਆ। ਸੰਭਾਲਣ ਤੇ ਚੁੱਕਣਾ ਮੁਸ਼ਕਲ ਹੋ ਗਿਆ।

ਅਹਿਦੀਏ ਅਨੰਦਪੁਰ ਵੀ ਆਏ, ਉਨ੍ਹਾਂ ਦੇ ਘਰਾਂ ਦੀ ਤਲਾਸ਼ੀ ਲੀਤੀ ਗਈ। ਜਿਹੜੇ ਨੱਸ ਗਏ ਸਨ। ਗੁਰਾਂ ਨੂੰ ਨਜ਼ਰਾਨੇ ਦਿੱਤੇ ਗਏ। ਮੱਥਾ ਟੇਕਿਆ ਗਿਆ, ਦੁਆਵਾਂ ਲਈਆਂ ਗਈਆਂ। ਉੱਥੇ ਫੌਜ ਦੀ ਟੁੱਕੜੀ ਨੇ ਕੋਈ ਜ਼ਿਆਦਤੀ ਨਾ ਕੀਤੀ। ਭਲੇ ਮਾਨਸਾਂ ਵਾਂਙੂੰ ਆਏ ਤੇ ਭਲੇ ਮਾਨਸਾਂ ਵਾਂਙੂੰ ਚਲੇ ਗਏ। ਖਜ਼ਾਨਾ ਮੂੰਹ-ਮੂੰਹੀਂ ਭਰ ਗਿਆ ਏ। ਤਜਰਬਕਾਰ ਜਰਨੈਲ ਦੀ ਇਹ ਕਾਫ਼ੀ ਹੋਈ ਏ।

ਸਾਰੇ ਪਹਾੜ ਦੇ ਨੱਕ ਵਿੱਚ ਨਕੇਲ ਮਿਰਜ਼ਾ ਬੇਗ ਨੇ ਹੀ ਪਾਈ। ਬੱਚੂ ਨੱਸੋ ਹੁਣ ਕਿਧਰ ਨੱਸਦੇ ਓ। ਹਰ ਸਾਲ ਵਕਤ ਸਿਰ ਖ਼ਜ਼ਾਨੇ 'ਚ ਜਮ੍ਹਾ ਕਰਵਾਓ। ਅਨੰਦ ਲਵੋ ਤੇ ਮੌਜਾਂ ਮਾਣੋਂ ਸਾਡੀ ਤੁਹਾਡੇ ਨਾਲ ਕੋਈ ਦੁਸ਼ਮਣੀ ਨਹੀਂ।

ਸਤਗੁਰ ਫ਼ਰਮਾਉਂਦੇ, ਜੰਗ ਪਹਾੜ 'ਚ ਹੋ ਰਹੀ ਸੀ ਤੇ ਲੋਕ ਸਾਨੂੰ ਡਰਾ ਰਹੇ ਸਨ। ਉਹ ਅਕਾਲ ਪੁਰਖ ਦੇ ਭੇਦ ਤੋਂ ਅਣਜਾਨ ਸਨ। ਕਈ ਲੋਕ ਅਨੰਦਪੁਰ ਨੂੰ ਤਿਆਗ ਕੇ ਨੱਸ ਗਏ ਸਨ। ਜਦ ਉਨ੍ਹਾਂ ਸੁਣਿਆ ਕਿ ਸ਼ਹਿਜ਼ਾਦਾ ਆ ਗਿਆ ਏ।

ਹਮਹੂੰ ਲੋਗਨ ਅਧਿਕ ਡਰਾਯੋ, ਕਾਲ ਕਰਮ ਕੇ ਮਰਮ ਨਾ ਪਾਯੋ।
ਕਿਤਕ ਲੋਕ ਤਜਿ ਸੰਗਿ ਸਿਧਾਰੇ, ਜਾਇ ਬਸੇ ਗਿਰਵਰ ਜਹ ਭਾਰੇ।
ਚਿਤ ਮੂਜੀਜਨ ਕੇ ਅਧਿਕ ਡਰਾਨਾ, ਤਿਨੈ ਉਬਾਰ ਨ ਅਪਨਾ ਜਾਨਾ।

ਇਹ ਹਜ਼ੂਰ, ਫ਼ਰਮਾਉਂਦੇ ਹਨ ਆਪਣੇ ਸਿੱਖਾਂ ਲਈ। ਪਹਾੜ ਦੀ ਹਾਲਤ ਮਾੜੀ ਸੀ। ਏਸ ਜੰਗ ਵਿੱਚ ਸਤਗੁਰਾਂ ਜ਼ਰਾ ਵੀ ਹਿੱਸਾ ਨਾ ਲਿਆ। ਤੇ ਨਾ ਹੀ ਲਾਹੌਰ ਦੀ ਫ਼ੌਜ ਨੇ ਕੋਈ ਰੁਕਾਵਟ ਹੀ ਪਾਈ। ਸ਼ਹਿਜ਼ਾਦਾ ਸੋਚ ਰਿਹਾ ਸੀ ਕਿ ਐਵੇਂ ਝੂਠੀਆਂ ਤੋਹਮਤਾਂ ਲਾਉਂਦੇ ਹਨ। ਅਨੰਦਪੁਰ ਵਾਲੇ ਸੱਚ ਹੀ ਫ਼ਕੀਰ ਹਨ, ਸੰਤ ਹਨ, ਜੋਗੀ ਹਨ, ਉਧਾਰੂ ਪ੍ਰਸਤ ਹਨ।

ਮਸੰਦਾਂ ਤੋਂ ਲੋਕਾਂ ਦਾ ਮਨ ਉੱਖੜ ਗਿਆ ਸੀ। ਦਸਵੰਧ ਦੀ ਰਕਮ ਲੈ ਕੇ ਆਪ ਗੁੱਲਛੱਰੇ ਉਡਾਉਂਦੇ ਤੇ ਕੁਝ ਲੋਕ ਤੇ ਬਦਜ਼ਨ ਹੋ ਚੁੱਕੇ ਸਨ। ਮਸੰਦ ਆਖਦੇ ਜੋ ਬਾਬੇ ਦਾ ਦਸਵੰਧ ਨਹੀਂ ਲੈਂਦਾ। ਉਹਦੀ ਕਮਾਈ ਬਾਹਰ ਤੋਂ ਆਏ ਧਾੜਵੀ ਲੁੱਟ ਕੇ ਲੈ ਜਾਣਗੇ।

ਗੁਰ ਮਰਿਯਾਦਾ ਚਲੀ ਆ ਰਹੀ ਸੀ। ਦਸਵੰਧ ਕੱਢਣਾ ਤੇ ਗੁਰੂ ਘਰ ਪਹੁੰਚਾਉਣਾ।

ਲੋਕ ਗੱਲਾਂ ਕਰਦੇ ਜੇ ਗੁਰੂ ਘਰ ਦੇ ਦਸਵੰਧ ਪੁੱਜਦਾ ਤੇ ਫੇਰ ਬਾਹਰ ਦੇ ਜਾਬਰ ਕਿਉਂ

ਲੁੱਟਦੇ ਹਨ, ਘਰ ਕਿਉਂ ਫੂਕੇ ਜਾਂਦੇ ਹਨ, ਅੱਗ ਕਿਉਂ ਲੱਗਦੀ ਏ, ਬੰਦੇ ਕਿਉਂ ਮਰਦੇ ਹਨ ਆਖ਼ਰ ਕੋਈ ਰਾਜ਼ ਤੇ ਹੈ ਨਾ। ਖ਼ੁਦਾਈ ਸ਼ਕਤੀ ਜ਼ਰੂਰ ਆਪਣਾ-ਆਪ ਵਿਖਾਉਂਦੀ ਏ।

ਬਾਬੇ ਦੀ ਰਕਮ ਦਾ ਦਸਵੰਧ ਜ਼ਰੂਰ ਭੇਜੋ। ਬਰਕਤ ਪਏਗੀ, ਰੋਜ਼ਗਾਰ 'ਚ ਵਾਧਾ ਹੋਏਗਾ। ਗੁਰਾਂ ਨੇ ਫੇਰ ਬਚਨ ਉਚਾਰੇ :

ਬਾਬੇ ਕੇ ਬਾਬਰ ਕੇ ਦੋਊ, ਆਪ ਕਰੇ ਪ੍ਰਮੇਸਰ ਸੋਊ।
ਦੀਨ ਸਾਹ ਇਨਕੋ ਪਹਿਚਾਨ, ਦੁਨੀ ਪਤਿ ਉਨ ਕੋ ਅਨਮਾਨ।
ਜੋ ਬਾਬੇ ਕੇ ਦਾਮ ਨ ਦੇਹੈ, ਤਿਨ ਤੇ ਗਹਿ ਬਾਬਰ ਕੇ ਲੇਹੈ।
ਦੇ ਕੇ ਤਿਕਕੇ ਬਡੀ ਸਜਾਇ, ਪਨਿ ਲੇਹੈ ਗਹਿ ਲੂਟਿ ਬਾਨਾਇ।

ਦਸਵੰਧ ਕੱਢਣ ਨਾਲ ਕਮਾਈ ਪਵਿੱਤਰ ਹੁੰਦੀ ਏ। ਚੋਰੀ ਤੇ ਹੇਰਾ-ਫੇਰੀ ਨਾਲ ਕੱਠਾ ਕੀਤਾ ਹੋਇਆ ਧਨ ਜਾਂ ਚੋਰ ਲੁੱਟ ਕੇ ਲੈ ਜਾਂਦੇ ਹਨ ਜਾਂ ਸਰਕਾਰੀ ਅਹਿਦੀਏ ਧੌਣ ਦਬਾ ਕੇ ਖੋਹ ਲੈਂਦੇ ਹਨ। ਜਿਸ ਘਰ ਦਾ ਮੂੰਹ ਮੱਥਾ ਲਿਸ਼ਕਦੇ ਵੇਖਿਆ ਬਸ ਉਸੇ ਦੀ ਸ਼ਾਮਤ ਆ ਗਈ। ਉਹਦਾ ਵਿਹੜਾ ਪੁੱਟ ਮਾਰਿਆ। ਕੋਠੜੀਆਂ ਦੀ ਜੜ੍ਹ ਪੁੱਟ ਦਿੱਤੀ। ਬਾਬੇ ਨੂੰ ਨਾ ਦਿੱਤਾ ਬਾਬਰ ਕਿਆਂ ਲੈ ਲਿਆ।

ਇਨ੍ਹਾਂ ਲੜਾਈਆਂ ਨੇ ਗੁਰੂ ਮਹਾਰਾਜ ਦੀ ਸ਼ਰਧਾ, ਜਵਾਲਾ ਮੁਖੀ, ਚਿੰਤਪੁਰਨੀ, ਕਾਂਗੜਾ ਦੇ ਮੰਦਰਾਂ ਵਿਚ ਵਧਾਈ। ਲੋਕ ਤੇ ਗੁਰੂਆਂ 'ਤੇ ਜਾਨ ਦੇਣਾ ਚਾਹੁੰਦੇ ਹਨ। ਪਰ ਪਹਾੜੀ ਰਾਜੇ ਈ ਹਰ ਗੱਲ 'ਚ ਅੜਚਣ ਪਾ ਦਿੰਦੇ।

ਸੂਰਜ ਤੇ ਇਕ ਪਾਸੇ ਚੜ੍ਹਦਾ ਏ, ਪਰ ਪਹਾੜੀ ਰਾਜੇ ਸੂਰਜ ਨੂੰ ਦੂਜੇ ਪਾਸੇ ਚੜ੍ਹਾਉਣ ਲਈ ਮਜਬੂਰ ਕਰ ਰਹੇ ਸਨ।

ਅਕੀਦਤ ਨਾਲ ਸਿਰ ਝੁਕਾਉਣ ਨੂੰ ਸਹਿਜ਼ਾਦੇ ਦਾ ਚਿੱਤ ਕਰਦਾ, ਫੇਰ ਵਿੱਚ ਇਸਲਾਮ ਆਣ ਖਲੋਂਦਾ ਤੇ ਸੱਜਦਾ ਕਰਨੋਂ ਝੱਕਦਾ। ਖ਼ੁਦਾਈ ਪੈਗ਼ਾਮ ਸਿਰਫ਼ ਅਨੰਦਪੁਰ ਵਿਚ ਈ ਸੁਣਿਆ ਜਾ ਸਕਦਾ ਏ। ਬਾਕੀ ਥਾਂ ਤੇ ਦੋਜ਼ਖ਼ ਏ।

★

ਮੀਰ ਮੁਨਸ਼ੀ

੧੫੪

ਸ਼ਹਿਜ਼ਾਦੇ ਤੇ ਸ਼ਹਿਜ਼ਾਦੇ ਈ ਹੁੰਦੇ ਹਨ। ਹਕੂਮਤਾਂ ਤੇ ਕੋਈ ਬਣਾਂਦੇ ਤੇ ਰਾਜ ਕੋਈ ਭੋਗਦੇ। ਹਰ ਸ਼ਹਿਜ਼ਾਦਾ ਬਾਦਸ਼ਾਹ ਨਹੀਂ ਬਣ ਸਕਦਾ। ਬਾਦਸ਼ਾਹ ਬਣਨ ਵਾਲੀਆਂ ਜਿਨਸਾਂ ਹੋਰ ਹੀ ਹੁੰਦੀਆਂ ਹਨ। ਅੱਲਾ ਹਕੂਮਤ ਬਖ਼ਸ਼ਦਾ ਏ। ਹਕੂਮਤ ਖ਼ੈਰਾਤ 'ਚ ਨਹੀਂ ਮਿਲਦੀ ਜਾਂ ਹਕੂਮਤ ਛਣੇ ਤਲਵਾਰ ਨਾਲ ਜਾਂ ਫੇਰ ਧੱਕੇ ਨਾਲ ਖੋਹੀ ਜਾਏ। ਕਤਲ ਕੀਤੇ ਜਾਣ ਵਾਲਾ ਪਿਓ। ਬਾਦਸ਼ਾਹ ਬਣਨ ਵਾਲਾ ਦੁਨੀਆ ਤੋਂ ਵੱਖਰਾ ਹੁੰਦਾ ਏ।

ਸ਼ਹਿਜ਼ਾਦੇ ਮੁਅਜ਼ਮ ਵਿਚ ਇਹ ਸਾਰੇ ਗੁਣ ਸਨ ਪਰ ਅਜੇ ਇਹ ਉਜਾਗਰ ਨਹੀਂ ਹੋਏ ਸਨ। ਕੁਦਰਤ ਕਦ ਸ਼ਹਿਜ਼ਾਦੇ ਦੇ ਸਿਰ ਤੇ ਸਿਹਰਾ ਬਨ੍ਹਦੀ ਏ।

ਵਕਤ ਇੰਤਜ਼ਾਰ ਕਰ ਰਿਹਾ ਸੀ। ਬੀਤਿਆ ਵਕਤ ਚਿਤਾਵਨੀ ਦਿੰਦਾ ਤੇ ਕੁਝ ਅੱਖੀਂ

ਵੇਖਿਆ ਤੇ ਕੁਝ ਕੰਨੀਂ ਸੁਣਿਆ। ਇਹ ਵਕਤ ਦੀ ਆਵਾਜ਼ ਸੀ। ਜਿਹਦੇ ਪਿਓ ਨੇ ਤਖ਼ਤ ਲਿਆ ਉਹਦੇ ਪੁੱਤ ਵੀ ਇਹੋ ਰਾਸਲੀਲਾ ਖੇਡਣਗੇ। ਫੇਰ ਕੌਣ ਕੀਹਦੇ ਨਾਲ ਹੋਵੇਗਾ। ਕੀਹਦੀ ਕਿਸਮਤ 'ਚ ਤਖ਼ਤ ਹੋਏਗਾ ਤੇ ਕੀਹਦੀ ਕਿਸਮਤ 'ਚ ਤਖ਼ਤਾ।

ਸ਼ੇਖ਼ੀ ਖ਼ੋਰ ਮਾਰਿਆ ਜਾਏਗਾ। ਅਭਿਮਾਨੀ ਨੇ ਇਕ ਸੱਟ ਨਹੀਂ ਸਹਿਣੀ। ਸੂਝਵਾਨ ਜ਼ਬਾਨ ਤੋਂ ਘੱਟ ਕੰਮ ਲਏਗਾ ਤੇ ਕਰਮ ਤੇ ਈਮਾਨ ਨੂੰ ਜ਼ਿਆਦਾ ਵਰਤੇਗਾ। ਰਾਜਪੂਤ ਇੰਨੇਂ ਅਣਖੀਲੇ ਤੇ ਜ਼ਬਾਨ ਦੇ ਕੱਚੇ ਸਨ। ਉਹ ਕੌਡੀਆਂ ਤੇ ਨਹੀਂ ਸਨ ਵਿੱਕਦੇ। ਵੇਖਣ ਨੂੰ ਫ਼ੌਜੀ ਜਰਨੈਲ ਜਿਨ੍ਹਾਂ ਦਾ ਅਕੀਦਾ ਇਸਲਾਮ ਤੇ ਹੈ, ਜਿਨ੍ਹਾਂ ਨੇ ਮਜ਼੍ਹਬ ਨੂੰ ਗਹਿਣੇ ਪਾਉਣਾ ਏ ਤੇ ਚੜ੍ਹਦੇ ਸੂਰਜ ਨੂੰ ਸਲਾਮ ਕਰਨੀ ਏ। ਰਾਜਪੂਤ ਡੁੱਬਦੇ ਸੂਰਜ ਵੱਲ ਜੇ ਖੜ੍ਹੇ ਹੋਏ ਤੇ ਫੇਰ ਖੜ੍ਹੇ ਹੋ ਗਏ। ਮੌਤ ਸਾਹਮਣੇ ਨਜ਼ਰ ਆਉਂਦੀ ਹੋਵੇਗੀ ਤੇ ਫੇਰ ਵੀ ਜਾਨ ਦੀ ਬਾਜ਼ੀ ਲਾ ਦੇਣਗੇ। ਇਨ੍ਹਾਂ ਤੇ ਕੋਈ ਇਤਬਾਰ ਕੀਤਾ ਜਾ ਸਕਦਾ ਏ ਨਾ ਪਠਾਣਾਂ ਤੇ ਇਤਬਾਰ ਏ ਤੇ ਨਾ ਮੁਗ਼ਲਾਂ ਤੇ।

ਲਾਲਚ, ਦੌਲਤ ਤੇ ਫ਼ਰੇਬ ਦੀ ਸ਼ਤਰੰਜ ਵਿਛੀ ਹੋਈ ਏ। ਕਿਹੜਾ ਖਿਡਾਰੀ ਬਾਜ਼ੀ ਜਿੱਤੇਗਾ।

ਸ਼ਹਿਜ਼ਾਦਾ ਸੋਚ ਰਿਹਾ ਸੀ। ਸ਼ਹਿਨਸ਼ਾਹ ਤੇ ਐਵੇਂ ਸਾਹ ਵਰੋਲ ਰਿਹਾ ਏ। ਕੁਝ ਦਿਨਾਂ ਦਾ ਪ੍ਰਾਹੁਣਾ ਏ। ਵਿਚਾਰਾਂ ਨੇ ਘੇਰਿਆ ਹੋਇਆ ਸੀ ਵਲੀ ਅਹਿਦ।

ਹਜ਼ੂਰ ਪਰੇਸ਼ਾਨ ਕਿਉਂ ਹੁੰਦੇ ਹੋ। ਸਾਰਾ ਹਿੰਦੁਸਤਾਨ ਤੁਹਾਡੇ ਮਗਰ ਏ। ਮੇਰੀ ਇਕ ਸਲਾਹ ਵਿਚਾਰੀ ਜਾ ਸਕਦੀ ਏ। ਨੰਦ ਲਾਲ ਗੋਇਆ ਆਖਣ ਲੱਗਾ

ਮੁਨਸ਼ੀ ਨਹੀਂ ਮੀਰ ਮੁਨਸ਼ੀ ਇਹਦੀ ਹਰ ਸਲਾਹ ਵਿਚ ਵਜ਼ਨ ਹੁੰਦਾ ਏ। ਸਾਨੂੰ ਗੁਰੂ ਗੋਬਿੰਦ ਰਾਏ ਨਾਲ ਦੋਸਤੀ ਪਾ ਲੈਣੀ ਚਾਹੀਦੀ ਏ।

ਨੇਕੀ ਤੇ ਪੁੱਛ-ਪੁੱਛ, ਪਰ ਉਨ੍ਹਾਂ ਨਾਲ ਗੱਲ ਕਿਸ ਤਰ੍ਹਾਂ ਛੇੜੀ ਜਾਏ।

ਇਹ ਜ਼ੁੰਮਾ ਮੇਰਾ। ਮੈਂ ਆਪ ਜਾਵਾਂਗਾ ਤੇ ਰਾਹ-ਹਮਵਾਰ ਬਣਾ ਕੇ ਆਵਾਂਗਾ।

ਇਕ ਦਸਤਰਖ਼ਾਨ ਤੇ ਬੈਠੇ ਆਪੇ ਗੱਲ ਹੋ ਜਾਏਗੀ। ਉਹ ਤੇ ਦਰਵੇਸ਼ ਹਨ, ਫ਼ਕੀਰ, ਅੱਲਾ ਦੇ ਲੋਕ, ਉਹ ਤੇ ਹੱਕ ਦੀ ਗੱਲ ਕਰਨਗੇ। ਬੇਹੱਕੇ ਵੱਲ ਨਹੀਂ ਤੁਰਨ ਲੱਗੇ। ਇਨਸਾਫ਼ ਦਾ ਪੱਖ ਪੂਰਨਗੇ।

ਪੰਜਾਬ ਇਕ ਬਹੁਤ ਵੱਡੀ ਤਾਕਤ ਏ। ਪੰਜਾਬ ਨੇ ਹੀ ਬਾਦਸ਼ਾਹ ਦਾ ਫ਼ੈਸਲਾ ਕਰਨਾ ਏ। ਦੱਖਣ ਬਹੁਤ ਦੂਰ ਏ। ਦਿੱਲੀ ਨਰੇਸ਼ ਦਾ ਨਾਂ ਦੱਸੂ। ਗੁਰਾਂ ਦੀ ਸਾਨੂੰ ਲੋੜ ਜ਼ਰੂਰ ਪੈਣੀ ਏ। ਏਸ ਲਈ ਸਾਨੂੰ ਪਹਿਲਾਂ ਹੀ ਆਪਣੇ ਹੱਥ ਮਜ਼ਬੂਤ ਕਰ ਲੈਣੇ ਚਾਹੀਦੇ ਹਨ।

ਹਾਂ ਵਲੀ ਅਹਿਦ ਤੁਹਾਡੇ ਮਗਰ ਰਾਜਪੂਤਾਂ ਦਾ ਇਕ ਗੜ੍ਹ ਏ। ਰਾਜਪੂਤ ਤੁਹਾਡੇ ਤੋਂ ਜਾਨ ਨਿਛਾਵਰ ਕਰਨਾ ਚਾਹੁੰਦੇ ਹਨ। ਵੈਸੇ ਪਠਾਣ ਵੀ ਮੇਰੀ ਪਿੱਠ ਤੇ ਹੱਥ ਰੱਖਦੇ ਹਨ। ਪਰ ਮੈਨੂੰ ਇਨ੍ਹਾਂ ਤੇ ਭਰੋਸਾ ਨਹੀਂ। ਇਨ੍ਹਾਂ ਨੂੰ ਲਾਲਚ ਦੇ ਕੇ ਕਿਸੇ ਵੇਲੇ ਵੀ ਖ਼ਰੀਦਿਆ ਜਾ ਸਕਦਾ ਏ। ਸਾਡੀ ਫ਼ੌਜ 'ਚ ਹੁਣ ਸੌਦੇਬਾਜ਼ੀ ਹੋਣ ਲੱਗ ਪਈ ਏ। ਇਹ ਖ਼ਤਰਨਾਕ ਸਾਬਤ ਹੋਵੇਗੀ।

ਨਹੀਂ ਵਲੀ ਅਹਿਦ ਸਾਰੇ ਏਸ ਖ਼ਮੀਰ ਦੇ ਨਹੀਂ ਬਣੇ ਹੋਏ। ਨੇਕ ਦਿਲ, ਈਮਾਨ ਵਾਲੇ ਲੋਕ ਅਜੇ ਜ਼ਿੰਦਾ ਹਨ। ਸਾਨੂੰ ਆਨੰਦਪੁਰ ਨਾਲ ਦੋਸਤੀ ਕਰ ਲੈਣੀ ਚਾਹੀਦੀ ਏ।

ਹਜ਼ੂਰ ਤੁਸਾਂ ਵੇਖਿਆ ਏ ਨਾ ਕਿ ਆਨੰਦਪੁਰ ਵਿਚ ਸਾਡੇ ਅਹਿਦੀਏ ਗਏ ਤੇ ਉਨ੍ਹਾਂ ਨੇ ਲੋਕਾਂ ਦੇ ਮਕਾਨਾਂ ਦੀ ਤਲਾਸ਼ੀ ਵੀ ਲਈ, ਕਈ ਘਰ ਵੀ ਫੂਕੇ ਪਰ ਗੁਰਾਂ ਨੇ ਉਨ੍ਹਾਂ ਨੂੰ ਕੁਝ ਨਹੀਂ

ਆਖਿਆ। ਸਰਕਾਰੀ ਹੁਕਮ ਏ, ਆਪਣੀ ਨੌਕਰੀ ਬਚਾਉਣ। ਪਰ ਅਹਿਦੀਏ ਨੇ ਕਿਸੇ ਉਸ ਘਰ ਦੇ ਬੰਦੇ ਦੀ ਤਲਾਸ਼ੀ ਨਹੀਂ ਲਈ ਜਿਹੜਾ ਉਥੇ ਵੱਸਦਾ ਸੀ। ਨੱਸਣ ਵਾਲਿਆਂ ਤੇ ਸ਼ੱਕ ਸੀ। ਮਹਾਰਾਜ ਨੇ ਤੁਹਾਡੀ ਫ਼ੌਜ ਦਾ ਮੂੰਹ ਵੀ ਨਹੀਂ ਵੇਖਿਆ, ਕਦ ਆਈ ਤੇ ਕਦ ਚਲੀ ਗਈ।

ਉਨ੍ਹਾਂ ਨੇ ਕਿਸੇ ਦੀ ਜ਼ਮੀਨ ਤੇ ਹੱਕ ਨਹੀਂ ਜਮਾਉਣਾ ਤੇ ਨਾ ਹੀ ਕਿਸੇ ਦਾ ਰਾਜ-ਭਾਗ ਹੀ ਖੋਹਣਾ ਏ। ਉਹ ਤੇ ਇਕੋ ਗੱਲ ਹੀ ਆਖਦੇ ਹਨ ਨਾ ਤੁਸੀਂ ਕਿਸੇ ਨੂੰ ਡਰਾਓ ਤੇ ਨਾ ਈ ਕੋਈ ਤੁਹਾਨੂੰ ਡਰਾਏ। ਸੁੱਖ ਚੈਨ ਦੀ ਜ਼ਿੰਦਗੀ ਕੱਟੋ।

ਆਖ਼ਰ ਫ਼ੈਸਲਾ ਹੋਇਆ। ਨਜ਼ਰਾਨੇ, ਤੋਹਫ਼ੇ ਤੇ ਸੌਗਾਤਾਂ ਭੇਜੀਆਂ ਜਾਣ ਤੇ ਲੈ ਕੇ ਜਾਏ ਨੰਦ ਲਾਲ ਗੋਇਆ।

ਮੈਂ ਜਾਵਾਂਗਾ ਹਜ਼ੂਰ ਦੀ ਬਾਰਾਂਦਰੀ ਵਿਚ। ਮੈਂ ਆਪ ਨਜ਼ਰਾਨਾ ਭੇਟਾ ਕਰਾਂਗਾ।

ਸਾਰੀ ਤਿਆਰੀ ਹੋ ਗਈ। ਘੋੜ ਸਵਾਰ ਨਾਲ ਸਨ, ਤੋਹਫ਼ੇ, ਨਜ਼ਰਾਨੇ, ਸੌਗਾਤਾਂ ਸਵਾਰਾਂ ਨੇ ਸੰਭਾਲ ਲਈਆਂ। ਜਦ ਆਨੰਦਪੁਰ ਦੀ ਧਰਤੀ ਆਈ ਤੇ ਸਾਰੇ ਘੋੜਿਆਂ ਤੋਂ ਉਤਰੇ। ਇਕ ਨੇ ਪੁਛਿਆ ਇਹ ਕੀ।

ਨੰਦ ਲਾਲ ਗੋਇਆ ਨੇ ਫ਼ਰਮਾਇਆ, "ਇਹ ਅਕੀਦਤ ਏ, ਅਸੀਂ ਗੁਰੂ ਦੇ ਦਵਾਰੇ ਚੱਲੇ ਹਾਂ।"

ਆਨੰਦਪੁਰ ਵਿਚ ਨੰਦ ਲਾਲ ਗੋਇਆ ਨੂੰ ਲੋਕ ਜਾਣਦੇ ਸਨ। ਸਿੱਧੇ ਦਰਬਾਰ 'ਚ ਗਏ ਤੇ ਜਾ ਹਾਜ਼ਰੀ ਭਰੀ।

ਸੱਚੇ ਪਾਤਸ਼ਾਹ ਹਜ਼ੂਰ ਇਹ ਸੇਵਕ ਜਿਥੇ ਵੀ ਹੈ ਆਪ ਦਾ ਏ। ਕਰਮ ਕਮਾਉਣ ਵਾਲੇ ਆਪ ਹੋ। ਮੈਂ ਇਕ ਅਰਜ਼ ਕਰਨ ਆਇਆ ਹਾਂ। ਸਾਰਿਆਂ ਸ਼ਹਿਜ਼ਾਦਿਆਂ ਵਿਚੋਂ ਇਹ ਸ਼ਹਿਜ਼ਾਦਾ ਕੁਝ ਵੱਖਰੇ ਸੁਭਾਅ ਦਾ ਬੰਦਾ ਏ, ਨੇਕ ਦਿਲ ਵੀ ਏ ਤੇ ਸ਼ਰੀਫ਼ ਵੀ। ਮੈਂ ਸ਼ਹਿਜ਼ਾਦੇ ਵਲੋਂ ਹਾਜ਼ਰ ਹੋਇਆ ਹਾਂ। ਭੇਟਾ ਦਰ ਪ੍ਰਵਾਨ ਹੋਵੇ।

ਗੁਰੂ ਘਰ ਦੇ ਪ੍ਰੇਮੀ ਨੰਦ ਲਾਲ ਜੀ ਗੁਰੂਦੇਵ ਨੇ ਉਸੇ ਤਰ੍ਹਾਂ ਰਾਜਨੀਤੀ ਵਾਲੀ ਬੋਲੀ 'ਚ ਉੱਤਰ ਦਿੱਤਾ।

ਇਹ ਗੁਰੂ ਨਾਨਕ ਦੇਵ ਮਹਾਰਾਜ ਦਾ ਘਰ ਏ। ਹਰ ਇਕ ਨੂੰ ਉਸ ਦੀ ਭਾਵਨਾ ਅਨੁਸਾਰ ਫਲ ਮਿਲਦਾ ਏ। ਸਾਡੇ ਵਲੋਂ ਸ਼ਹਿਜ਼ਾਦੇ ਨੂੰ ਭਰੋਸਾ ਦਵਾਓ ਕਿ ਅਸੀਂ ਏਸ ਭਲੇ ਲੋਕ ਦੇ ਸਾਰੇ ਹਾਮੀ ਹਾਂ। ਚੰਗੇ ਕੰਮ ਕਰੇ, ਜਨਤਾ ਦੀ ਸੇਵਾ ਕਰਕੇ ਆਪਣਾ ਆਚਰਨ ਉੱਚਾ ਹੁੰਦਾ ਏ। ਕਲ੍ਹ ਨੂੰ ਤੁਸਾਂ ਤਖ਼ਤ ਤੇ ਬੈਠਣਾ ਏ। ਆਏ ਦੇ ਦੁੱਖ ਸੁਣੋ ਤੇ ਨਿਵਾਰਨ ਕਰੋ। ਆਦਤ ਹੁਣ ਤੋਂ ਈ ਬਣਾਓਗੇ ਤੇ ਫੇਰ ਕਸ਼ਟ ਨਹੀਂ ਹੋਣ ਲੱਗਾ। ਸਾਡੀ ਕਿਸੇ ਨਾਲ ਦੁਸ਼ਮਣੀ ਨਹੀਂ ਅਸੀਂ ਸਰਬੱਤ ਦਾ ਭਲਾ ਮੰਗਦੇ ਹਾਂ।

ਸਤਗੁਰਾਂ ਪ੍ਰਸ਼ਾਦ ਵਜੋਂ ਸਭ ਕੁਝ ਦਿੱਤਾ। ਸੁੱਕੇ ਮੇਵੇ ਹੋਰ ਤੋਹਫ਼ੇ ਪਰ ਇਕ ਮਾਲਾ ਵੀ ਦਿੱਤੀ ਮੋਤੀਆਂ ਦੀ। ਜਦ ਕਦੀ ਫ਼ੁਰਸਤ ਮਿਲੇ ਅੱਲਾ ਦਾ ਨਾਂ ਲੈ ਲਿਆ ਕਰੋ। ਸਾਡੀ ਯਾਦ ਆ ਜਾਏਗੀ। ਮਾਲਾ ਦੇ ਹਰ ਮਣਕੇ ਵਿਚੋਂ ਅਸੀਂ ਤੁਹਾਨੂੰ ਮਿਲਿਆ ਕਰਾਂਗੇ।

ਤੋਰ ਦਿੱਤਾ ਗੁਰੂ ਗੋਬਿੰਦ ਰਾਏ ਨੇ ਭਾਈ ਨੰਦ ਲਾਲ ਗੋਇਆ ਨੂੰ।

ਸ਼ਹਿਜ਼ਾਦੇ ਨੇ ਸ਼ੁਕਰ ਮਨਾਇਆ । ਜਦ ਨੰਦ ਲਾਲ ਗੋਇਆ ਨੇ ਸੁੱਕੇ ਮੇਵੇ, ਪ੍ਰਸ਼ਾਦ ਤੇ ਮੋਤੀਆਂ ਦੀ ਮਾਲਾ ਦਿੱਤੀ ।

ਬਸ ਦਿੱਲੀ ਦਾ ਤਖ਼ਤ ਮੇਰਾ ਏ । ਮੈਂ ਦਿੱਲੀ ਵਿਚ ਹਜ਼ੂਰ ਦੀ ਕਦਮਬੋਸੀ ਕਰਨਾ ਚਾਹੁੰਦਾ ਹਾਂ । ਸ਼ਹਿਜ਼ਾਦਾ ਆਖਣ ਲੱਗਾ, ਨੰਦ ਲਾਲ ਬਹੁਤ ਪ੍ਰਸੰਨ ਸੀ ਕਿ ਗੁਰੂ ਗੋਬਿੰਦ ਰਾਏ ਪ੍ਰਸੰਨ ਸਨ । ਏਸ ਅਨੰਦ ਵਿਚ ਸਨ ਕਿ ਚਲੋ ਕੁਝ ਦਿਨ ਤੇ ਅਮਨ ਲੱਭੇਗਾ । ਸ਼ਹਿਜ਼ਾਦਾ ਵਧੀਕੀਆਂ ਨਹੀਂ ਕਰਨ ਲੱਗਾ ।

ਇਕ ਸਾਂਝ ਵਧੀ, ਇਕ ਦੋਸਤ ਵਿਚ ਵਾਧਾ ਹੋਇਆ, ਨਕੀ-ਨੇਕੀ ਦੇ ਮੁੱਢ ਬਹਿਣ ਲੱਗੀ । ਅੱਗੇ ਜੋ ਜਾਣੇ ਕਰਤਾਰ ।

★

ਕੜਾ ੧੫੫

ਲੋਹੇ ਦਾ ਵੀ ਕੜਾ ਬਣਦਾ ਏ ਤੇ ਫ਼ੌਲਾਦ ਦਾ ਵੀ, ਕੜੇ ਦੋਵੇਂ ਹਨ, ਲੋਹੇ ਦੇ ਕੜੇ ਵਿਚ ਆਪਣੀ ਸ਼ਕਤੀ ਏ ਤੇ ਫ਼ੌਲਾਦ ਦੇ ਕੜੇ ਵਿਚ ਇਸਪਾਤ ਦੀ ਤਾਕਤ । ਫ਼ੌਲਾਦ ਦਾ ਕੜਾ ਕਿਸੇ ਕਿਸਮਤ ਵਾਲੇ ਨੂੰ ਨਸੀਬ ਹੁੰਦੈ । ਗੁਰੂ ਘਰ ਦੀ ਬਖ਼ਸ਼ਿਸ਼ ਵਲੋਂ ਮਿਲਿਆ ਕੜਾ, ਉਹਦੇ ਵਿਚ ਤਾਕਤ ਬਖ਼ਸ਼ਦੀ ਏ ਕੁਦਰਤ ਤੇ ਫੇਰ ਆਪ ਦਿੱਤਾ ਹੋਵੇ ਹੱਥੀਂ ਉਹਦੀ ਤੇ ਕਿਆ ਈ ਬਾਤ ਏ । ਉਹਦੀ ਕੀਮਤ ਕੀ ਹੋਵੇਗੀ । ਕੌਣ ਤਾਰ ਸਕਦਾ ਏ ਇਹਦਾ ਮੁੱਲ, ਇਹ ਗੱਲ ਕੋਈ ਜਾਣੇ ਤਾਂ, ਇਹ ਤੇ ਕੜਾ ਈ ਏ, ਲੋਹੇ ਦਾ ਕੀ ਤੇ ਫੌਲਾਦ ਦਾ ਕੀ, ਸ਼ਕਲ ਦੋਵਾਂ ਦੀ ਇਕੋ ਜਿਹੀ ਪਰ ਦੋਵੇਂ ਵੱਖਰੇ-ਵੱਖਰੇ ਹਨ ।

—ਲੈ ਭਾਈ ਫ਼ੌਲਾਦ ਦਾ ਕੜਾ ਇਹਦੀ ਮਰਿਆਦਾ ਵਿਚ ਰਹਿਣਾ ਏ ਬਾਕੀ ਤੇਰੀ ਝੋਲੀ ਮੁਰਾਦਾਂ ਨਾਲ ਭਰ ਦਿੱਤੀ ਏ । ਦੱਸਾਂ ਨੌਹਾਂ ਦੀ ਕਿਰਤ ਕਰ ਤੇ ਵੰਡ ਛੱਕ ਕਿਸੇ ਗੱਲ ਦਾ ਘਾਟਾ ਨਾ ਰਹੂ । ਗੁਰੂ ਮਿਹਰਬਾਨ ਏ, ਪੌੜੀ-ਪੌੜੀ ਚੜ੍ਹਦਾ ਮੰਜ਼ਿਲ ਜੇ ਪੁੱਜ ਜਾਏਂਗਾ ।

· ਹਰੀ ਗੋਪਾਲ ਵੈਸ਼ਨੋ ਮੱਤ ਦਾ ਪੁਜਾਰੀ, ਪਿਤਾ ਗੁਰੂ ਘਰ ਦਾ ਸੇਵਕ, ਗੁਰੂ ਦੀ ਸ਼ਰਨ ਆਉਣ ਵਾਲਾ, ਕਰੇ ਵਪਾਰ ਤੇ ਰੁਪਈਆਂ 'ਚ ਖੇਡੇ । ਸਭ ਕੁਝ ਸੀ ਪਰ ਮਨ ਨੂੰ ਸ਼ਾਂਤੀ ਨਹੀਂ ਸੀ । ਹਿਰਦਾ ਡੋਲਦਾ, ਮਨ ਥਿੜਕਦਾ, ਬੇਚੈਨੀ ਰਹਿੰਦੀ ।

ਗੁਰੂ ਦੀ ਰੌਂਠੀ ਪਾ ਲਈ ਨਾਮ ਜਪ ਤੇ ਵੰਡ ਕੇ ਖਾਹ, ਗੁਰੂ ਭਲਾ ਕਰੇ, ਇਕ ਗਵਾਂਢ ਨੇ ਸਲਾਹ ਦਿੱਤੀ ।

—ਇਹੋ ਈ ਤੇ ਘਾਟਾ ਏ ਬਾਕੀ ਸਭ ਕੁਝ ਸੀ, ਗੁਰੂ ਦੀ ਸ਼ਰਨ ਨਹੀਂ ਲਈ, ਬਾਕੀ ਸਭ ਕੁਝ । ਮੌਲਵੀਆਂ ਦੀ ਸ਼ਰਨ ਕਬੂਲੀ ਜਾਂ ਹਿੰਦੂ ਧਰਮ ਦਾ ਆਸਰਾ ਲੈ ਲਿਆ, ਮਨ ਨੇ ਤੇ ਬੇਚੈਨ ਰਹਿਣਾ ਈ ਸੀ । ਕੋਈ ਨਹੀਂ ਸੀ ਲੱਭਦਾ । ਕਿਸੇ ਗੱਲ ਤੇ ਮਨ ਟਿਕੇ ਨਾ, ਭੰਬਲਭੂਸੇ ਖਾ ਰਿਹਾ ਸੀ । ਕੋਈ ਰਾਹ ਨਹੀਂ ਸੀ ਲੱਭਦਾ, ਬੇਚੈਨੀ-ਬੇਚੈਨੀ ਸੀ ।

—ਜਾ ਫੇਰ ਆਨੰਦਪੁਰ, ਉਥੇ ਸ਼ਾਂਤੀ ਦਾ ਸਮੁੰਦਰ ਠਾਠ੍ਹਾਂ ਮਾਰਦੈ । ਚੁੱਭੀ ਲਾ ਲੈ ਕਾਇਆ ਕੁੰਦਨ ਹੋ ਜਾਏਗੀ ।

— ਬੁੱਢਿਆਂ, ਠੇਰਿਆਂ, ਸਿਆਣਿਆਂ ਇਹੋ ਸਲਾਹ ਦਿੱਤੀ । ਜ਼ਰਾ ਰੁਝੇਵੇਂ ਹਨ, ਵੇਹਲ ਮਿਲਦੀ ਏ ਤੇ ਜਾਂਦੇ ਹਾਂ ।

—ਇਹ ਮਾਇਆ ਜਾਲ ਏ ਏਥੇ ਵੇਹਲ ਕਦੀ ਨਹੀਂ, ਭੈੜਾ ਭੈੜਾਰੀਆ ਕਿੰਨਾ ਕੁ ਭਾਰ, ਇਕ ਮੁੱਠੀ ਚੁੱਕ ਲੈ ਦੂਜੀ ਤਿਆਰ, ਗਵਾਂਢੀ ਨੇ ਫੇਰ ਉਹਨੂੰ ਦੂਜੀ ਵਾਰ ਆਖਿਆ ।

—ਪਹਿਲਾਂ ਗੁਰ ਦਰਸ਼ਨ, ਫੇਰ ਆਨੰਦਪੁਰ ਧਾਮ ਯਾਤਰਾ । ਨਿਸ਼ਚਾ, ਅਕੀਦਾ ਪੱਕਾ ਤੇ ਸਾਰਾ ਜੀਵਨ ਸੁਖੀ । ਪਰਸੋਂ ਸੰਗਰਾਂਦ ਏ ਪਰਸੋਂ ਈ ਪੁੱਜ ਸਾਰੇ ਕਮ ਛੱਡ ਦੇ ।

ਯਕੀਨ ਪੱਕਾ ਕਰਕੇ ਤੁਰਿਆ ਗੁਰੂ ਦਾ ਲਾਲ, ਦੁਕਾਨ ਬੰਦ ਕਿਸੇ ਢੋਗ ਦੀ ਉਡੀਕ ਨਹੀਂ । ਜੋ ਕਿਸਮਤ ਵਿਚ ਏ ਜ਼ਰੂਰ ਮਿਲੇਗਾ । ਜਿਨ੍ਹਾਂ ਤੱਕਵਾ ਰੱਬ ਤੇ ਉਨ੍ਹਾਂ ਰਿਜ਼ਕ ਹਮੇਸ਼ ।

ਦਸਵੰਧ ਜੋੜਿਆ, ਪੱਲੇ ਬੰਨ੍ਹਿਆ, ਬੁਗਚੀ ਚੁੱਕੀ ਤੇ ਪੈ ਗਿਆ ਆਨੰਦਪੁਰ ਦੀ ਡੰਡੀ, ਆਨੰਦਪੁਰ ਦੇ ਕਲਸ ਦੂਰੋਂ ਨਜ਼ਰੀਂ ਆ ਰਹੇ ਸਨ । ਓਹ ਆ ਗਈ ਮੇਰੇ ਗੁਰੂ ਦੀ ਨਗਰੀ, ਮੇਰਾ ਤੀਰਥ ਆ ਗਿਆ । ਮੈਂ ਬਲਿਹਾਰੇ ਆਪਣੇ ਗੁਰੂ ਤੋਂ ਪੰਜਾਬ ਦੇ ਪੰਜਾਂ ਪਾਣੀਆਂ ਵਿਚ ਅੰਮ੍ਰਿਤ ਘੋਲਿਆ ਏ ਗੁਰੂਆਂ ਨੇ । ਪੰਜਾਬ ਦੇ ਪੌਣ ਪਾਣੀ ਵਿਚ, ਰੂਹ ਏ ਗੁਰੂਆਂ ਦੀ, ਇਹ ਸਾਡੀ ਕਾਸ਼ੀ ਏ ਤੇ ਇਹੋ ਈ ਹਰਿਦੁਆਰ ਤੇ ਏਸੇ ਨੂੰ ਪਰਿਆਗ ਸਮਝ ਲਵੋ । ਹੁਣ ਕਿਤੇ ਜਾਣ ਦੀ ਲੋੜ ਨਹੀਂ । ਜੋ ਕੁਝ ਵੀ ਇੱਛਾ ਏ ਆਨੰਦਪੁਰ ਵਿਚ ਈ ਸਭ ਕੁਝ ਪੂਰੀ ਹੋਵੇਗੀ ।

ਹਾਜੀ ਲੋਕ ਹੱਜ ਕਰਨ ਨਹੀਂ ਜਾਂਦੇ । ਆਨੰਦਪੁਰ ਵਿਚ ਈ ਸੱਜਦਾ ਕਰ ਲੈਂਦੇ ਹਨ । ਹੱਜ ਕਬੂਲ ਹੋ ਜਾਂਦੈ, ਮੱਕੇ ਜਾ ਕੇ ਕੀ ਲੈਣੈ । ਏਥੇ ਈ ਮੱਕਾ ਏ, ਗੱਲ ਤੇ ਅਕੀਦੇ ਦੀ ਏ । ਮੱਕੇ ਕੋਈ ਹੋਰ ਖ਼ੁਦਾ ਏ । ਜਿਹੜਾ ਏਥੇ ਨਹੀਂ । ਖ਼ੁਦਾ ਇਕ ਏ ਜਿਹੜਾ ਹਰ ਜਗ੍ਹਾ ਵਿਆਪਕ ਏ, ਖ਼ੁਦਾ ਦੀ ਕਾਇਨਾਤ ਸਾਰੀ ਖ਼ੁਦਾਈ ਸਾਰੇ ਜਹਾਨ 'ਚ ਫੈਲੀ ਹੋਈ ਏ । ਅੱਲਾ-ਅੱਲਾ ਕਹੁ ਰੂਹ ਪਾਕ ਹੋ ਜਾਏਗੀ ।

ਰਾਮ ਵੀ, ਕ੍ਰਿਸ਼ਨ ਵੀ, ਸ਼ਿਵ ਵੀ ਤੇ ਬ੍ਰਹਮਾ ਵੀ ਸਾਰੇ ਇਕੋ ਹੀ ਹਨ । ਸਿਰਫ਼ ਨਾਂ ਵਿਚ ਫ਼ਰਕ ਏ । ਰਾਮ-ਰਾਮ, ਸਤਨਾਮ ਵਾਹਿਗੁਰੂ-ਸਤਨਾਮ ਵਾਹਿਗੁਰੂ ।

ਹਰੀ ਗੋਪਾਲ ਨੇ ਆਪਣੀ ਸਾਰੀ ਸ਼ਰਧਾ ਗੁਰੂ ਦੇ ਚਰਨਾਂ ਤੇ ਅਰਪਣ ਕਰ ਦਿੱਤੀ । ਮਥਾ ਟੇਕਿਆ ਤੇ ਭੇਟਾ ਅੱਗੇ ਰੱਖੀ ।

ਦਿਆਲੂ ਗੁਰੂ ਨੇ ਅਸ਼ੀਰਵਾਦ ਦਿੱਤੀ ਤੇ ਸੁੱਖ-ਸਾਂਦ ਪੁੱਛੀ ।

ਭੇਟਾ ਪੰਜ ਸੌ ਮੋਹਰਾਂ ਹਨ, ਉਹਦੇ ਵਿਚ ਨਜ਼ਰਾਨਾ ਵੀ ਸ਼ਾਮਲ ਸੀ ।

— ਬਹੁਤ ਖ਼ੁਸ਼ ਹੋਏ ਸਤਗੁਰੂ, ਕੀ ਇਹਦੇ ਵਿਚ ਤੁਹਾਡੇ ਇਲਾਕੇ ਦਾ ਦਸਵੰਧ ਵੀ ਏ ।

—ਨਹੀਂ ਹਜ਼ੂਰ, ਇਹ ਮੇਰੀ ਤੁੱਛ ਭੇਟਾ ਏ ਸਵੀਕਾਰ ਕਰੋ ।

ਨਾਮ ਦਾਨ ਬਖ਼ਸ਼ਿਆ ਤੇ ਨਿਸ਼ਾਨੀ ਵਜੋਂ ਫ਼ੌਲਾਦ ਦਾ ਕੜਾ ਦਿੱਤਾ । ਇਹ ਕੜਾ ਤੁਹਾਡੀ ਹਰ ਮੁਸੀਬਤ ਤੇ ਹਰ ਦੁਸ਼ਮਣ ਤੇ ਵਿਸ਼ੇ ਵਿਕਾਰਾਂ ਤੋਂ ਬਚਾਏਗਾ । ਇਹਦੇ ਵਿਚ ਈ ਸਾਰੀ ਭਗਤੀ, ਸ਼ਰਧਾ ਤੇ ਵਿਸ਼ਵਾਸ ਲੁਕਿਆ ਹੋਇਐ । ਲਾਲੀਆਂ ਚੜ੍ਹ ਗਈਆਂ ਹਰੀ ਗੋਪਾਲ ਨੂੰ, ਜਿੱਦਾਂ ਦੋ ਜਹਾਨਾਂ ਦੀ ਦੌਲਤ ਮਿਲ ਗਈ ਹੋਵੇ ।

ਪਰ ਅਚਾਨਕ ਉਹਦੀ ਨਜ਼ਰ ਪਈ, ਬੱਕਰਾ ਝਟਕਾ ਸੁਟਿਆ ਇਕ ਸਿੱਖ ਨੇ, ਜ਼ਰਾ ਕੁ ਡੋਲਿਆ ਪੈਰ ਥਿੜਕੇ ਹਰੀ ਗੋਪਾਲ ਦੇ ।

—ਸਤਗੁਰ ਤੁਸੀਂ ਵੀ ਮਲੇਸ਼ ਖਾਣਾ ਪਸੰਦ ਕਰਦੇ ਓ, ਕੀ ਇਹ ਲੰਗਰ ਵਿਚ ਈ ਵਰਤਿਆ ਜਾਵੇ।

—ਲੰਗਰ ਤੇ ਪਵਿੱਤਰ ਏ, ਸ਼ੁੱਧ ਏ, ਲੰਗਰ 'ਚ ਕਿਸੇ ਨੂੰ ਇਜਾਜ਼ਤ ਨਹੀਂ।

·· ਤੇ ਫੇਰ ਇਹ ਕੀ, ਮੇਰਾ ਤੇ ਦਿਲ ਡੋਲ ਗਿਐ ਇਹ ਵੇਖ ਕੇ।

—ਜਿਹੜੇ ਮਾਸਾਹਾਰੀ ਹਨ, ਜਿਨ੍ਹਾਂ ਦੀਆਂ ਆਦਤਾਂ ਪੱਕੀਆਂ ਹੋ ਚੁੱਕੀਆਂ ਹਨ, ਉਹ ਤੇ ਹੌਲੀ ਹੌਲੀ ਸਿੱਧੇ ਰਾਹ ਤੇ ਪੈਣਗੇ। ਜਿਸ ਖਾਣਾ ਏ ਆਪਣੇ ਮੂੰਹ ਨਾਲ ਖਾਣਾ ਏ, ਸਾਨੂੰ ਕੀ ਏ। ਜਿਹੜਾ ਖਾਏਗਾ ਗਾਜਰਾਂ ਢਿੱਡ ਉਹਨਾਂ ਦੇ ਪੀੜ। ਹੌਲੀ-ਹੌਲੀ ਗੱਲ ਸਮਝਦੇ ਹਨ।

ਦਿਲ ਟੁੱਟ ਗਿਆ, ਦਿਲ ਦੇ ਸ਼ੀਸ਼ੇ ਵਿਚ ਤਰੇੜ ਆ ਗਈ। ਮੈਂ ਤੇ ਓਸ ਘਰ ਦਾ ਪਾਣੀ ਵੀ ਨਹੀਂ ਪੀਵਾਂਗਾ, ਜਿਹਦੇ ਘਰ ਵਿਚ ਗੋਸ਼ਤ ਦੀ ਖ਼ੁਸ਼ਬੂ ਆ ਜਾਏ। ਦੁਬਿਧਾ ਵਿਚ ਫਸ ਗਿਆ ਸ਼ਰਧਾਲੂ।

ਉਧੀ ਪਾ ਲਈ ਤੇ ਹਰੀ ਗੋਪਾਲ ਘਰ ਨੂੰ ਪਰਤਿਆ। ਰ ਹ 'ਚ ਇਕ ਗੁਰੂ ਦਾ ਸਿੱਖ ਮਿਲ ਗਿਆ। ਸਾਰੀ ਵਾਰਦਾਤ ਦੱਸੀ। ਮੈਂ ਬਹੁਤ ਖ਼ੁਸ਼ ਸਾਂ ਸਤਗੁਰਾਂ ਮੈਨੂੰ ਨਾਮ-ਦਾਨ ਬਖ਼ਸ਼ਿਆ ਤੇ ਨਿਸ਼ਾਨੀ ਵਜੋਂ ਫੋਲਾਦ ਦਾ ਕੜਾ ਵੀ ਦਿੱਤਾ।

ਫੌਲਾਦ ਦਾ ਕੜਾ ਤੂੰ ਭਾਗਾਂ ਵਾਲਾ ਏਂ, ਕਰਮਾਂ ਵਾਲਾ ਏਂ।

—ਪਰ ਮੇਰਾ ਤੇ ਦਿਲ ਟੁੱਟ ਗਿਐ। ਜੀਵ ਹੱਤਿਆ, ਬ੍ਰਹਮ ਭੋਜ ਵਿਚ ਲੰਗਰ, ਇਹ ਪਵਿੱਤਰਤਾ ਦਾ ਪ੍ਰਤੀਕ ਏ।

—ਫੇਰ ਕੀ ਹੋਇਆ ਜੇ ਮਨਚਲੇ ਫ਼ੌਜੀ ਆਪਣੀ ਰੀਝ ਪੂਰੀ ਕਰ ਲਈ ਤੇ।

—ਮੈਂ ਵੈਸ਼ਨੋ ਹਾਂ, ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਕਰ ਸਕਦਾ।

—ਤੇ ਫੇਰ ਤੂੰ ਚਾਹੁੰਦਾ ਕੀ ਏਂ। ਕੁਝ ਤੇ ਮਨ ਦੀ ਦੱਸ।

—ਮੇਰੇ ਮਨ ਨੂੰ ਠੇਸ ਪੁੱਜੀ ਏ।

—ਫੇਰ ਸੌਦਾ ਕਰ ਲੈ, ਵਪਾਰੀ ਪੁੱਤ ਏਂ ਨਾ, ਦੁਕਾਨਦਾਰ ਏਂ ਨਫ਼ਾ ਮਿਲਦਾ ਈ, ਹਾਂ ਕਰ ਦੇ। ਜੋ ਭੇਟਾ ਤੈਨੂੰ ਸਤਗੁਰਾਂ ਦਿੱਤੀ ਏ ਉਹਦਾ ਮੁੱਲ ਵੱਟ ਲੈ। ਜਿੰਨੀਂ ਰਕਮ ਤੂੰ ਸਤਗੁਰਾਂ ਨੂੰ ਭੇਟਾ ਕਰਕੇ ਆਇਆਂ ਦੂਣੀ ਲੈ ਲੈ, ਅੱਡ ਝੋਲੀ ਪਵਾ ਲੈ। ਸੌਦਾ ਘਾਟੇ ਵਾਲਾ ਨਹੀਂ।

— ਮੈਂ ਤੇ ਪੰਜ ਸੌ ਮੋਹਰਾਂ ਦਿੱਤੀਆਂ ਨੇ ਵੱਧ ਕਿਉਂ ਝੂਠ ਬੋਲਾਂ।

— ਇਕ ਹਜ਼ਾਰ ਮੋਹਰ ਗਿਣ ਲੈ ਤੇ ਬੰਨ੍ਹ ਲੈ ਗੱਠੜੀ, ਜੋ ਗੁਰੂ ਦਰਬਾਰ 'ਚੋਂ ਮਿਲਿਆ ਈ ਉਹ ਸਾਡੀ ਝੋਲੀ 'ਚ ਪਾ ਦੇ।

ਇਕ ਫ਼ੌਲਾਦ ਦਾ ਕੜਾ, ਨਿਸ਼ਾਨੀ ਸਤਗੁਰਾਂ ਦੀ ਤੇ ਦੂਜਾ ਨਾਮ-ਦਾਨ।

— ਪਾ ਚੂਲੀ ਸੱਚੇ ਦਿਲੋਂ ਮੇਰੀ ਅੱਡੀ ਝੋਲੀ 'ਚ ਪਾ ਦੇ ਤੇ ਕੜਾ ਮੈਂ ਆਪ ਪਾ ਲੈਂਦਾ ਹਾਂ। ਰੁਪਈਏ ਗਿਣ ਲੈ, ਮੋਹਰਾਂ ਗਿਣ ਲੈ ਪੂਰੀਆਂ ਤੇ ਹਨ। ਹੁਣ ਤੇ ਬੋਝ ਹੌਲਾ ਹੋ ਗਿਆ ਏ ਨਾ, ਜਾ ਘਰ।

ਘਰ ਪੁੱਜਾ, ਹੱਟੀ ਨੂੰ ਸੰਨ੍ਹ ਲੱਗੀ ਹੋਈ ਸੀ, ਚੋਰ ਲੁੱਟ-ਪੁੱਟ ਕੇ ਲੈ ਗਏ ਸਨ। ਫਿਰ ਗ਼ਰੀਬੀ ਪੈਸੇ ਪੈਸੇ ਤੋਂ ਆਤਰ।

ਕਿਸੇ ਨੇ ਦਸਿਆ ਗੁਰੂ ਦੀ ਅਮਾਨਤ ਵੇਚ ਦਿੱਤੀ ਊ, ਕੜਾ ਫ਼ੌਲਾਦ ਦਾ ਇਹ ਤੇ ਕਿਸੇ ਕਰਮਾਂ ਵਾਲਿਆਂ ਨੂੰ ਮਿਲਦਾ ਏ। ਬਦਕਿਸਮਤਾ ਉਥੇ ਜਾ ਜੇ ਆਪਣੀ ਜੂਣ ਸੰਵਾਰਣੀ ਏ ਤੇ। ਉਥੇ ਈ ਤੇਰੀ ਭੁੱਲ ਬਖ਼ਸ਼ੀ ਜਾਏਗੀ।

ਫੇਰ ਦੂਜੀ ਵਾਰੀ ਆਨੰਦਪੁਰ ਆਇਆ । ਅੰਦਰੋਂ ਡਰੇ ਕਿਹੜਾ ਮੂੰਹ ਲੈ ਕੇ ਜਾਵਾਂਗਾ ਸਤਗੁਰਾਂ ਦੇ ਸਾਹਮਣੇ।

ਪਿਛਲੀ ਭੁੱਲ ਬਖ਼ਸ਼ੋ ਸਤਗੁਰ। ਅੱਗੋਂ ਤੋਂ ਕਦੀ ਇਹੋ ਜਿਹੀ ਖੁਨਾਮੀ ਨਹੀਂ ਹੋਣ ਲੱਗੀ। ਮੈਂ ਭੁੱਲਾ ਇਕ ਵਾਰ ਬਖ਼ਸ਼ੋ । ਸਤਗੁਰ ਬੰਦਾ ਭੁੱਲਣਹਾਰ ਏ। ਮੇਰੀ ਪਿਛਲੀ ਭੁੱਲ ਬਖ਼ਸ਼ ਤੇ ਚਰਨੀਂ ਲਾਓ।

—ਸਵੇਰ ਦਾ ਭੁਲਿਆ ਜੇ ਰਾਤੀਂ ਘਰ ਆ ਜਾਏ ਤੇ ਉਹਨੂੰ ਭੁਲਿਆ ਨਹੀਂ ਆਖੀਦਾ। ਜਾਓ ਪਹਿਲਾਂ ਲੰਗਰ ਛਕੋ ਤੇ ਫੇਰ ਕੱਲ ਸ਼ਾਹੀ ਦੀਵਾਨ ਵਿਚ ਆਉਣਾ ਉਥੇ ਗੱਲ ਕਰਾਂਗੇ।

ਅਗਲੇ ਦਿਨ ਦੀਵਾਨ ਲੱਗਾ ਹੋਇਆ ਸੀ, ਸਤਗੁਰ ਫ਼ਰਮਾ ਰਹੇ ਸਨ।

ਗੁਰੂ ਉਹੋ ਸਭ ਕੁਝ ਕਬੂਲ ਕਰਦਾ ਏ ਜੋ ਪ੍ਰਮੇਸ਼ਵਰ ਓਸ ਨੂੰ ਦਿੰਦਾ ਏ। ਪ੍ਰਮੇਸ਼ਵਰ ਦੀ ਦਾਤ ਏ ਜਿਹੜਾ ਗੁਰੂ ਬਖ਼ਸ਼ਦੈ। ਭੁੱਲ ਵੀ ਬੰਦਾ ਕਰਦੈ ਤੇ ਬਖ਼ਸ਼ਿਆ ਵੀ ਬੰਦਾ ਈ ਜਾਂਦੈ। ਲੰਗਰ ਛਕਣ ਨਾਲ ਆਤਮਾ ਸ਼ੁੱਧ ਹੁੰਦੀ ਏ। ਗੁਰੂ ਆਪਣੇ ਸਵਾਦ ਲਈ ਕੁਝ ਨਹੀਂ ਖਾਂਦਾ। ਕੇਵਲ ਸਰੀਰ ਨੂੰ ਪ੍ਰਮੇਸ਼ਵਰ ਦੀ ਆਗਿਆ ਪਾਲਨ, ਨਿਰਬਲ ਤੇ ਬੇ-ਸਹਾਰਾ ਲੋਕਾਂ ਦੀ ਰੱਖਿਆ ਵਾਸਤੇ ਉਨ੍ਹਾਂ ਨੂੰ ਆਤਮ ਸ਼ਕਤੀ ਲਈ ਵਰਤਦਾ ਏ।

ਜੋ ਸੰਸਾਰ ਵਿਚ ਬਣਿਆ ਏ। ਉਹ ਧਰਤੀ ਵਿਚੋਂ ਉਪਜਦਾ ਏ, ਜੋ ਚੀਜ਼ ਮਿਲ ਸਕਦੀ ਏ, ਉਹੋ ਈ ਸਵੀਕਾਰ ਕਰ ਸਕਦੈ। ਜੋ ਪ੍ਰਾਣੀ ਆਪਣਾ ਜੀਵਨ ਪ੍ਰਭੂ ਦੇ ਅਰਪਣ ਕਰ ਦਿੰਦਾ ਏ ਤੇ ਓਸ ਲਈ ਸਾਰੇ ਸੰਸਾਰ ਦੇ ਸੁੱਖ ਪ੍ਰਾਪਤ ਤੇ ਹੁੰਦੇ ਹਨ ਪਰ ਉਹਦਾ ਮੂੰਹ ਦਾ ਸਵਾਦ ਮੁੱਕ ਜਾਂਦੈ। ਪ੍ਰਭੂ ਈ ਉਹਦੇ ਸਾਰੇ ਸਾਧਨ ਪੂਰੇ ਕਰਦੈ। ਬੰਦਾ ਕੁਝ ਨਹੀਂ ਕਰ ਸਕਦਾ। ਬੰਦਾ ਕੁਝ ਨਹੀਂ ਮਿੱਟੀ ਦਾ ਇਕ ਖਿਡੌਣਾ ਏ।

ਜਿਹੜਾ ਮੇਰਾ ਸਿੱਖ ਏ, ਉਹ ਮੰਗ ਕੇ ਜਾਂ ਕਿਸੇ ਦਾ ਹੱਕ ਮਾਰ ਕੇ ਗੁਰੂ ਭੇਟਾ ਕਰਦੈ ਤੇ ਆਪਣਾ ਜਸ ਬਣਾਉਂਦਾ ਏ, ਬਿਅਰਥ ਏ।

ਖਾਣਾ ਤੇ ਹਰ ਜੀਅ ਨੂੰ ਮਿਲਦਾ ਏ, ਕਦੀ ਕੋਈ ਭੁੱਖਾ ਨਹੀਂ ਸੁੱਤਾ, ਧਰਮਸ਼ਾਲਾਵਾਂ ਦੀ ਆਸ ਰੱਖਣਾ ਤੇ ਪਰਾਏ ਧਨ ਨੂੰ ਖਾ ਕੇ ਡਕਾਰ ਮਾਰ ਦੇਣਾ ਤੇ ਗੁਰੂ ਘਰ ਤੋਂ ਝਾਕ ਰੱਖਣੀ, ਉਹ ਨਿਰਬਲ ਏ, ਕੋੜ੍ਹੀ ਏ, ਦਸਾਂ ਨੌਹਾਂ ਦੀ ਕਮਾਈ ਕਰਕੇ ਉਹਦੇ ਵਿਚੋਂ ਚੁਟਕੀ ਆਟੇ ਦੀ ਲੰਗਰ 'ਚ ਪਾਉ, ਉਹ ਦਾਨ ਵੀਹਾਂ ਬੋਰੀਆਂ ਆਟੇ ਦੀਆਂ ਦੇਣ ਵਾਲੇ ਦੇ ਬਰਾਬਰ ਏ। ਲੰਗਰ ਸਭ ਦਾ ਸਾਂਝਾ ਏ। ਲੰਗਰ ਤੇ ਸਭ ਦਾ ਹੱਕ ਏ । ਕੋਈ ਹੱਕ ਜਤਾ ਨਹੀਂ ਸਕਦਾ। ਖਾਓ ਜੀਅ ਭਰ ਕੇ ਖਾਓ, ਗਵਾਂਢੀ ਨੂੰ ਵੀ ਖੁਆਓ। ਐਸਾ ਨਾ ਹੋਵੇ ਕਿ ਤੁਸੀਂ ਵਾਜ ਨਾ ਮਾਰੋ ਤੇ ਉਹ ਰਾਤੀਂ ਭੁੱਖਾ ਈ ਸੌਂ ਜਾਏ, ਵੰਡ ਛਕੋ, ਤੁਹਾਨੂੰ ਸ਼ਾਂਤੀ ਮਿਲੇਗੀ ਤੇ ਅਗਲੇ ਨੂੰ ਵੀ ਆਨੰਦ ਆਏਗਾ। ਬਾਕੀ ਭਰਮ ਨਿਰਾਰਥੱਕ ਹਨ।

ਦੀਵਾਨ ਦੀ ਸ਼ਨਾਖ਼ਤ ਹੋਈ ਤੇ ਰਾਹ ਤੋਂ ਭੱਜ ਗਿਆ ਹਰੀ ਗੋਪਾਲ, ਸਿੱਧੇ ਰਾਹ ਤੇ ਪੈ ਗਿਆ। ਗੱਲ ਰਮਜ਼ ਦੀ ਸੀ।

ਚਾਰ ਦਿਨ ਹਰੀ ਗੋਪਾਲ ਆਨੰਦਪੁਰ ਰਿਹਾ, ਮਨ ਸ਼ਾਂਤ ਹੋਇਆ, ਕਲੇਜੇ ਠੰਡ ਪਈ ਤੇ ਗੁਰੂ ਦੀ ਚਰਨੀਂ ਲੱਗ ਕੇ ਜੀਵਨ ਸੌਖਾ ਬਣਾਇਆ।

ਗੁਰੂ-ਗੁਰੂ ਹਨ, ਹਰ ਕੋਈ ਗੁਰੂ ਨਹੀਂ ਬਣ ਸਕਦਾ, ਗੁਰੂ ਦਾ ਕਲੇਜਾ ਮਹਿੰ ਦੇ ਜਿਗਰੇ ਵਰਗੇ।

ਹਰੀ ਗੋਪਾਲ ਨਿਹਾਲ ਹੋ ਗਿਆ, ਦੁਕਾਨ ਵਿਚ ਬਰਕਤ ਪਈ। ਸਾਰਾ ਘਾਟਾ ਇਕੋ ਹਾੜੀ-ਸਾਉਣੀ 'ਚ ਪੂਰਾ ਹੋ ਗਿਆ। ਲਹਿਰਾਂ-ਬਹਿਰਾਂ ਹੋ ਗਈਆਂ। ਉਹਦੇ ਘਰ ਵਿਚ ਗੁਰੂ ਆਪ ਵੱਸਦਾ ਸੀ। ਨਿਸ਼ਚਾ ਬੜੀ ਵੱਡੀ ਨਿਆਮਤ ਏ।

★

ਕਰਵੱਟ ੧੫੬

ਸਦਾ ਦਿਨ ਇਕੋ ਜਿਹੇ ਨਹੀਂ ਰਹਿੰਦੇ, ਰੁੱਤਾਂ ਵੀ ਬਦਲਦੀਆਂ ਨੇ ਤੇ ਮੌਸਮ ਵੀ। ਰਾਜ ਘਰਾਣਿਆਂ ਵਿਚ ਤਖ਼ਤਾਂ ਦੇ ਵਾਰਸ ਲਵਾਰਿਸ ਬਣ ਜਾਂਦੇ ਹਨ। ਸ਼ਹਿਜ਼ਾਦੇ ਦੁਆਵਾਂ ਮੰਗ-ਮੰਗ ਕੇ ਬੁੱਢੇ ਹੋ ਗਏ ਪਰ ਅੱਬਾ ਜਾਨ ਤਖ਼ਤ ਤੇ ਚੌਂਕੜਾ ਮਾਰ ਕੇ ਬੈਠੇ ਹੋਏ ਸਨ। ਸ਼ਹਿਨਸ਼ਾਹ ਦੱਖਣ 'ਚ ਮਰਨਾ ਚਾਹੁੰਦਾ ਸੀ। ਉਹਨੂੰ ਉਥੋਂ ਦੀ ਮਿੱਟੀ ਪਸੰਦ ਆ ਗਈ। ਉਹਨੂੰ ਕਿਸੇ ਸ਼ਹਿਜ਼ਾਦੇ ਤੇ ਰੱਤੀ ਭਰ ਇਤਬਾਰ ਨਹੀਂ ਸੀ। ਉਹ ਖ਼ਾਨਾਜੰਗੀ ਦੇ ਸੁਪਨੇ ਵੇਖ ਰਿਹਾ ਸੀ। ਜੇ ਕਿਸੇ ਤੇ ਇਤਬਾਰ ਕੀਤਾ ਜਾ ਸਕਦਾ ਸੀ ਤੇ ਉਹ ਸੀ ਸ਼ਹਿਜ਼ਾਦਾ ਮੁਅਜ਼ਮ। ਉਸ ਨੂੰ ਬਾਦਸ਼ਾਹ ਨੇ ਪੰਜਾਬ ਦੀ ਗਵਰਨਰੀ ਦੇ ਦਿੱਤੀ। ਕਰ ਵਸੂਲ ਕਰਨਾ ਤੇ ਆਨੰਦਪੁਰ ਵਾਲਿਆਂ ਨੂੰ ਸਿੱਧੇ ਰਾਹ ਪਾਉਣਾ, ਕੰਨਾਂ ਦਾ ਕੱਚਾ ਸੀ ਲਾਈ ਲੱਗ ਵੀ ਸੀ। ਐਵੇਂ ਰਾਈ ਦਾ ਪਹਾੜ ਬਣਾ ਕੇ ਦੱਸਦੇ ਸਨ ਚਾਪਲੂਸ। ਆਨੰਦਪੁਰ ਇਕ ਦਿਨ ਜ਼ਰੂਰ ਬਗ਼ਾਵਤ ਕਰੇਗਾ ਤੇ ਸਾਡੇ ਸਿਰਾਂ 'ਚ ਮੋਰੀਆਂ ਪਾਊ।

ਸ਼ਹਿਜ਼ਾਦਾ ਜਦ ਪੰਜਾਬ ਆਇਆ ਤੇ ਉਹਨੂੰ ਇਹ ਸਾਰੀਆਂ ਗੱਲਾਂ ਝੂਠੀਆਂ ਜਾਪੀਆਂ। ਪੰਜਾਬ ਆਪਣੇ ਆਨੰਦ ਵਿਚ ਵੱਸ ਰਿਹਾ ਸੀ। ਗੁਰੂਆਂ ਦੀ ਸਰਦੱਲ ਤੇ ਲੋਕ ਸੱਜਦੇ ਕਰ ਰਹੇ ਸਨ। ਹਿੰਦੂ ਵੀ ਤੇ ਮੁਸਲਮਾਨ ਵੀ, ਦਰਵੇਸ਼ ਗੁਰੂ ਸਿਰਫ਼ ਇਕੋ ਗੱਲ ਚਾਹੁੰਦਾ ਸੀ ਕਿ ਜਦ ਸਾਡੀਆਂ ਕੰਧਾਂ ਸਾਂਝੀਆਂ ਹਨ ਤੇ ਵੈਰ ਦੁਸ਼ਮਣੀ ਕਿਉਂ, ਉਹ ਆਪਣੇ ਘਰ ਅੱਲਾ-ਅੱਲਾ ਕਰਨ ਅਸੀਂ ਵਾਹਿਗੁਰੂ-ਵਾਹਿਗੁਰੂ ਕਰੀਏ, ਕਿਸੇ ਨੂੰ ਢਿੱਡ ਪੀੜ ਕਿਉਂ ਹੋਵੇ।

ਆਨੰਦਪੁਰ ਦੇ ਖੁੱਲ੍ਹੇ ਦਰਵਾਜ਼ੇ ਜਨ, ਦੁਸ਼ਮਣ ਆਏ ਵੈਰੀ ਆਏ। ਜਦ ਉਹ ਆਨੰਦਪੁਰ ਦਾ ਪਾਣੀ ਪੀਂਦਾ ਤੇ ਫੇਰ ਉਹ ਗੁਰੂ ਦੀ ਮਹਿਮਾਂ ਗਾਉਣ ਲੱਗ ਪੈਂਦਾ। ਮੁਗ਼ਲ ਉਹਨੂੰ ਜਾਦੂ ਆਖਦੇ ਤੇ ਮੁਸਲਮਾਨ ਰਹਿਮਤ ਤੇ ਹਿੰਦੂ ਬਖ਼ਸ਼ਿਸ਼ ਗੁਰੂ ਦੀ।

ਹਾਲਾਤ ਦਿਨ-ਬ-ਦਿਨ ਵਿਗੜ ਰਹੇ ਸਨ। ਹਕੂਮਤ ਬਰਦਾਸ਼ਤ ਨਹੀਂ ਸੀ ਕਰਦੀ ਤੇ ਆਨੰਦਪੁਰ ਦਾ ਗੁਰੂ ਪਹਾੜੀ ਰਾਜਿਆਂ ਦੀ ਕੰਡ ਤੇ ਹੱਥ ਰੱਖੇ। ਗੁਰੂਆਂ ਦੀ ਸ਼ਹਿ ਤੇ ਪਹਾੜੀ ਰਾਜੇ ਸ਼ੇਰ ਬਣ ਜਾਂਦੇ, ਅੱਖਾਂ ਕੱਢਦੇ, ਹਕੂਮਤ ਕਿੱਦਾਂ ਬਰਦਾਸ਼ਤ ਕਰੇ। ਇਹ ਐਵੇਂ ਅਫ਼ਵਾਹਾਂ ਹੀ ਸਨ।

ਭਗਤੀ ਲਹਿਰ ਨੇ ਆਨੰਦਪੁਰ ਵਿਚ ਵੀ ਇਕ ਕਰਵੱਟ ਲਈ, ਜਾਗ੍ਰਿਤੀ, ਇਕੱਠ, ਉਚ-ਨੀਚ ਨੂੰ ਬਰਾਬਰ ਦਾ ਹੱਕ, ਪੰਗਤ 'ਚ ਬੈਠ ਕੇ ਲੰਗਰ ਛੱਕਣ ਤੇ ਦੂਰ ਹੋ ਗਈ ਛੂਤ-ਛਾਤ,

ਸਰਵਣ ਜਾਤੀ ਬੁਜ਼ਦਿਲ ਹੋ ਚੁੱਕੀ ਸੀ । ਉਨ੍ਹਾਂ ਦੀਆਂ ਤਲਵਾਰਾਂ ਨੂੰ ਜ਼ੰਗ ਲੱਗ ਚੁੱਕਾ ਸੀ। ਹੁਣ ਜ਼ਮਾਨਾ ਮੰਗ ਕਰਦਾ ਸੀ ਤਲਵਾਰ ਦੀ, ਮਾਲਾ ਨੂੰ ਕਿੱਲੀ ਨਾਲ ਟੰਗ ਦਿਓ ਤਲਵਾਰ ਦੀ ਧਾਰ ਪਰਖੋ, ਵਕਤ ਖ਼ਰਾਬ ਆ ਰਿਹਾ ਏ । ਮਾਲਾ ਵਿਚੋਂ ਭਗਤੀ ਲਵੋ ਤੇ ਤਲਵਾਰ ਵਿਚੋਂ ਸ਼ਕਤੀ, ਆਨੰਦਪੁਰ ਤੇ ਕਿਸੇ ਵੇਲੇ ਵੀ ਹਮਲਾ ਹੋ ਸਕਦੈ। ਪੰਜਾਬ ਦੀ ਜੇ ਪੱਗ ਲੱਥ ਗਈ ਤੇ ਫੇਰ ਸਮਝੋ ਮਧੋਲਿਆ ਗਿਆ ਸਾਰਾ ਪੰਜਾਬ ਘੋੜਿਆਂ ਦੇ ਸੁੰਮਾਂ ਦੇ ਥੱਲੇ। ਤਲਵਾਰ ਦਿੱਲੀ ਵਿਚ ਵੀ ਖੜਕੇਗੀ ਤੇ ਤਲਵਾਰ ਪਹਾੜ ਦੇ ਰਾਜਿਆਂ ਦੇ ਸਿਰ ਤੇ ਵੀ ਲਿਸ਼ਕੇਗੀ। ਹੁਣ ਹਕੂਮਤ ਲੋਕਾਂ ਦੇ ਧਰਮ ਵਿਚ ਲੱਤ ਅੜਾਉਣ ਲੱਗ ਪਈ ਏ। ਲੋਕ ਉੱਠਣਾ ਚਾਹੁੰਦੇ ਹਨ। ਹੁਣ ਮੁਕਾਬਲਾ ਤਲਵਾਰ ਨਾਲ ਈ ਕਰਨਾ ਪਏਗਾ ਤੇ ਆਪਣੀ ਪਹਿਚਾਨ ਆਪ ਬਣਾਉਣੀ ਪਊ। ਗੁਰੂ ਗੋਬਿੰਦ ਰਾਏ ਦੇ ਵਿਚਾਰਾਂ ਵਿਚ ਡੁੱਬੀ ਹੋਈ ਸੀ ਸਾਰੀ ਸੰਗਤ।

—ਦੇਸ਼ ਦਾ ਕੀ ਬਣੂ,ਨਾ ਧਰਮ, ਨਾ ਆਜ਼ਾਦੀ ਨਾ ਬੋਲ ਸਾਂਝੇ। ਇਸਲਾਮ ਨੇ ਆਜ਼ਾਨ ਵਿਚ ਜ਼ਹਿਰ ਘੋਲ ਦਿੱਤੈ। ਜੇ ਕੋਈ ਜ਼ਬਾਨ ਖੋਲ੍ਹਦਾ ਏ ਤੇ ਕਤਲ, ਲੋਕ ਜਿਉਣਗੇ ਕਿੱਦਾਂ।

—ਕੋਈ ਆਗੂ ਜਦ ਨਿੱਤਰੇਗਾ ਮੈਦਾਨ ਵਿਚ।

—ਪਰ ਇਹ ਬੁਜ਼ਦਿਲ ਕੌਮ ਕਿਸੇ ਆਗੂ ਅੱਗੇ ਹੁੰਗਾਰਾ ਭਰੇਗੀ।

—ਜ਼ਰੂਰ, ਪਰ ਪਹਿਲਾਂ ਸਾਨੂੰ ਆਪਣੀ ਕੌਮ ਉਸਾਰਨੀ ਪਏਗੀ।

—ਸਾਡੇ ਕੋਲ ਕਿਹੜੀ ਗੁੜ੍ਹਤੀ ਏ, ਜਿਹੜੀ ਇਨ੍ਹਾਂ ਨੂੰ ਪਿਆ ਦਈਏ।

—ਗੁੜ੍ਹਤੀ ਦੀ ਭਾਲ ਕਰਨੀ ਆਗੂ ਦਾ ਕੰਮ ਏ।

ਹਰ ਸਮੇਂ ਹਰ ਯੁੱਗ ਵਿਚ ਗੁੜ੍ਹਤੀ ਦਿੱਤੀ ਗਈ ਗੀਤਾ ਦੇ ਰੂਪ ਵਿਚ, ਅੰਮ੍ਰਿਤ ਦੇ ਰੂਪ ਵਿਚ, ਲੋਕ ਬਲਵਾਨ ਹੋ ਗਏ।

ਅੰਮ੍ਰਿਤ ਦੀ ਪੁੜੀ ਕਾਰਗਾਰ ਹੋਏਗੀ, ਜ਼ਹਿਰ ਬਹੁਤ ਫੈਲਿਆ ਹੋਇਐ।

ਅੰਮ੍ਰਿਤ ਨੇ ਜ਼ਹਿਰ ਦੀ ਸਿੱਚੀ ਨੱਪ ਲੈਣੀ ਏ। ਓਸ ਵੇਲੇ ਸ਼ਾਇਦ ਗਿਆਨ ਕੰਮ ਨਾ ਦੇਵੇ. ਚੁਟਕੀ ਦਵਾਈ ਦੀ ਬੂੰਦ ਅੰਮ੍ਰਿਤ ਦੀ ਕਾਇਆ ਪਲਟ ਕੇ ਰੱਖ ਦੇਵੇਗੀ। ਐਵੇਂ ਪੁੱਠ ਦੇਣ ਦੀ ਲੋੜ ਏ। ਸੈਨਾਪਤਿ ਨੇ ਮੋਹਰ ਲਾ ਦਿੱਤੀ।

—ਇਕ ਬੰਦੇ ਨੇ ਸਵਾਲ ਕੀਤਾ, 'ਅੰਮ੍ਰਿਤ ਮਿਲੇਗਾ ਕਿਥੋਂ।"

—ਅੰਮ੍ਰਿਤ ਦੀ ਵਰਤੋਂ ਅੱਗੇ ਵੀ ਹੋ ਚੁੱਕੀ ਏ, ਉਨ੍ਹਾਂ ਵੀ ਤੇ ਅੰਮ੍ਰਿਤ ਕਿਥੋਂ ਲੱਭਾ ਸੀ। ਅਸੀਂ ਵੀ ਅੰਮ੍ਰਿਤ ਦੀ ਭਾਲ ਕਰ ਲਵਾਂਗੇ. ਤੁਸੀਂ ਮਨ ਪੱਕਾ ਕਰੋ। ਮੈਂ ਅੰਮ੍ਰਿਤ ਦੀ ਕਾਢ ਦਸਾਂਗਾ,ਸੈਨਾਪਤਿ ਦੇ ਬੋਲ ਸਨ।

ਬਸ ਇੰਨੀ ਗੱਲ ਸੀ, ਗੁਰੂ ਗੋਬਿੰਦ ਰਾਏ ਦੇ ਦਿਲ ਵਿਚ ਉਤਰ ਗਈ ਫੇਰ ਨੀਂਦ ਕਿਥੋਂ, ਆਰਾਮ ਕਾਹਦਾ, ਅੰਮ੍ਰਿਤ ਚਾਹੀਦਾ ਏ ਕੌਮ ਤਦ ਜਾਗੇਗੀ। ਅਸੀਂ ਰਾਜ ਨਹੀਂ ਬਦਲਣਾ ਚਾਹੁੰਦੇ। ਅਸੀਂ ਵਿਚਾਰ ਬਦਲਣਾ ਚਾਹੁੰਦੇ ਹਾਂ । ਤਲਵਾਰ ਦੇ ਜ਼ੋਰ ਨਾਲ ਨਹੀਂ ਮਾਲਾ ਦੇ ਮਣਕਿਆਂ ਨਾਲ। ਹੁਣ ਸਾਨੂੰ ਆਪਣੀ ਰਕਸ਼ਾ ਲਈ ਤਲਵਾਰ ਚੁੱਕਣੀ ਪੈਣੀ ਏ। ਲੋਕ ਜਿਉਣਾ ਸਿੱਖਣ. ਸੈਨਾਪਤਿ ਨੇ ਅਰਜ਼ ਕੀਤੀ।

ਕੌਮ ਵਿਚ ਜ਼ਿੰਦਗੀ ਦੀ ਰੂਹ ਤਾਹੀਓਂ ਫੂਕੀ ਜਾਏਗੀ ਜਦ ਅੰਮ੍ਰਿਤ ਦੀ ਬੂੰਦ ਕੰਠ ਵਿਚ ਪ੍ਰਵੇਸ਼ ਕਰੇਗੀ।

ਸਰੂਪ ਬਦਲੋ, ਸੁਭਾਅ ਬਦਲੋ, ਆਦਤਾਂ ਬਦਲੋ, ਫੇਰ ਵਿਸ਼ਵਾਸ਼ ਪੈਦਾ ਹੋਏਗਾ ਫੇਰ ਆਪਣੀ ਤਾਕਤ ਦਾ ਪਤਾ ਲੱਗੂ। ਅੰਦਰੋਂ ਆਤਮਾ ਜਾਗੀ ਤੇ ਖ਼ੁਦੀ ਦਾ ਜਨਮ ਹੋਏਗਾ। ਵੀਰਤਾ ਦਾ ਜਜ਼ਬਾ ਉਭਰੇਗਾ ਤੇ ਅਣਖ ਦੀਆਂ ਤਰੇਲੀਆਂ ਆਉਣਗੀਆਂ ਪਰ ਇਕਮੁੱਠ ਹੋਣਾ ਜ਼ਰੂਰੀ ਏ। ਅਸੀਂ ਸਾਰੇ ਇਕੋ ਪ੍ਰਮਾਤਮਾ ਦੇ ਬਾਲਕ ਹਾਂ। ਜਾਤਾਂ ਨੂੰ ਨੱਥਣੀ 'ਪਾਉਣੀ ਪਊ ਫੇਰ ਹਰ ਜ਼ਾਤ ਵਾਲਾ ਇਕ ਝੰਡੇ ਥੱਲੇ ਖੜ੍ਹਾ ਹੋਊਗਾ। ਸਰੂਪ ਇਕ,ਮਾਲਾ ਇਕ ਦੇਵਤਾ ਇਕ, ਖਾਣਾ ਇਕ, ਸੰਗਤ ਇਕ ਕੀ ਇਹ ਸਾਰੀਆਂ ਗੱਲਾਂ ਕਬੂਲ ਹੋਣਗੀਆਂ। ਗੁਰੂ ਗੋਬਿੰਦ ਰਾਏ ਦੇ ਵਿਚਾਰ ਸਨ।

ਜੇ ਅੱਜ ਨਹੀਂ ਤੇ ਕੱਲ ਜ਼ਰੂਰ ਇਨ੍ਹਾਂ ਗੱਲਾਂ ਤੇ ਪਹਿਰਾ ਦੇਣਾ ਪਊ ਵਰਨਾ ਸੁੰਨਤ ਲਾਜ਼ਮੀ ਹੋ ਜਾਏਗੀ।

ਸਤਗੁਰ ਜ਼ਮਾਨੇ ਦੀ ਹਵਾ ਇਹੋ ਆਖਦੀ ਏ। ਅਸੀਂ ਤਲਵਾਰ ਚੁੱਕਣਾ ਨਹੀਂ ਨਾ ਜਾਣਦੇ। ਤਲਵਾਰਾਂ ਚਲਦੀਆਂ ਈ ਵੇਖਦੇ ਹਾਂ। ਸਤਗੁਰ ਅਸੀਂ ਮਾਲਾ ਦੀ ਗੁੜ੍ਹਤੀ ਦੇ ਕੇ ਆਪਣੀ ਕਵਿਤਾ ਰਾਹੀਂ ਕੌਮ ਨੂੰ ਹੁੱਝ ਮਾਰ ਕੇ ਉਹਦੀ ਅਣਖ ਜਗਾਵਾਂਗੇ। ਵਿਸ਼ਵਾਸ਼ ਪੈਦਾ ਕਰਾਂਗੇ। ਤੁਸੀਂ ਇਹਦਾ ਮੁੱਢ ਬੰਨੋਂ ਬਾਕੀ ਸਾਰਾ ਕੰਮ ਸਾਡੇ ਜ਼ੁੰਮੇਂ । ਸਾਡੀ ਕਲਮ ਦੇ ਚਮਤਕਾਰ ਵੇਖਣਾ। ਜੇ ਮੁਰਦੇ ਨਾ ਜਾਗ ਪਏ ਤੇ ਫੇਰ ਅਸੀਂ ਕਵੀ ਕਾਹਦੇ ਹੋਏ। ਸੈਨਾਪਤਿ ਹਿੱਕ ਤੇ ਹੱਥ ਮਾਰ ਰਿਹਾ ਸੀ।

ਅੰਮ੍ਰਿਤ ਆਬੇ-ਹਯਾਤ ਦਾ ਵਿਸ਼ਵਾਸ਼ ਪੈਦਾ ਕਰਨਾ ਈ ਮੁਸ਼ਕਲ ਏ । ਇਕ ਵਾਰ ਲਹੂ 'ਚੋਂ ਉਬਾਲਾ ਆਇਆ ਤੇ ਫੇਰ ਅਣਖ ਦਾ ਘੋੜਾ ਮੱਛਰਿਆ ਹੋਇਆ ਵੀ ਤੁਹਾਡੀ ਲਗਾਮ ਦੀ ਸੈਨਤ ਸਮਝੇਗਾ। ਅੰਮ੍ਰਿਤ, ਇਹੋ ਈ ਦਾਰੂ ਏ, ਇਹੋ ਈ ਜ਼ਿੰਦਗੀ ਏ, ਅੰਮ੍ਰਿਤ ਦੀ ਮਾਲਾ ਜਪਦੇ ਸਤਗੁਰ ਮਹਿਲੀਂ ਚਲੇ ਗਏ।

★

ਦੇਵੀ ਪੂਜਾ ੧੫੭

ਜ਼ਰੂਰਤ ਏਜਾਦ ਦੀ ਮਾਂ ਏ। ਸਤਗੁਰ ਐਨਾ ਸੋਹਣਾ ਤੇ ਬੇਚੈਨ ਰਹਿਣ ਨਾਲ ਅਸੀਂ ਕਿਸੇ ਸਿੱਟੇ ਤੇ ਨਹੀਂ ਪੁਜ ਸਕਦੇ। ਸਾਨੂੰ ਅਗਲਾ ਕਦਮ ਚੁਕਣਾ ਚਾਹੀਦੈ, 'ਸੈਨਾਪਤਿ' ਨੇ ਅਰਜ਼ੀ ਕੀਤੀ।

ਸੈਨਾਪਤਿ ਸਾਡੇ ਲਈ ਇਹ ਇਕ ਸਮੱਸਿਆ ਬਣ ਗਈ ਏ ਕਿ ਅਸੀਂ ਸੀਨਾ ਤਾਨ ਕੇ ਕਿਸ ਤਰ੍ਹਾਂ ਜਿਊਂ ਸਕਦੇ ਹਾਂ। ਸਾਡਾ ਚੌਗਿਰਦਾ ਪਹਾੜਾਂ ਨਾਲ ਘਿਰਿਆ ਹੋਇਆ ਏ ਤੇ ਉਥੋਂ ਦੇ ਲੋਕ ਆਲਸੀ ਬੁਜ਼ਦਿਲ ਤੇ ਡਰਪੋਕ ਬਣ ਚੁਕੇ ਹਨ। ਮੁਗ਼ਲ ਹਕੂਮਤ ਦੇ ਰਹਿਮੋ-ਕਰਮ ਤੇ ਜਿਊਂਦੇ ਹਨ। ਇਨ੍ਹਾਂ ਦੀ ਆਪਣੀ ਕੋਈ ਸੋਚ ਨਹੀਂ ਤੇ ਨਾ ਈ ਇਹ ਕੋਈ ਕੰਮ ਆਪਣੀ ਮਰਜ਼ੀ ਨਾਲ ਕਰ ਸਕਦੇ ਹਨ। ਹਰ ਗੱਲ ਦੀ ਇਜਾਜ਼ਤ ਦਿੱਲੀ ਤੋਂ ਲੈਣੀ ਪੈਂਦੀ ਏ। ਹੁਣ ਸਾਰਾ ਹਿੰਦੁਸਤਾਨ ਦੁਖੀ ਏ। ਭਗਤੀ ਲਹਿਰ ਨੇ ਹੁਝਾ ਤੇ ਮਾਰੀਆਂ ਹਨ ਲੋਕ ਜਾਗੇ ਵੀ ਹਨ ਹੁਣ ਜ਼ਰਾ ਕੁ ਹੰਭਲਾ ਮਾਰਨ ਦੀ ਲੋੜ ਏ ਬਗ਼ਾਵਤ ਆਪੇ ਜਨਮ ਲੈ ਲਵੇਗੀ। ਅੰਤ ਰੱਬ ਦਾ ਵੈਰ ਏ, ਹੁਣ ਕੁਦਰਤ ਵੀ ਸਾਡੇ ਵੱਲ ਏ। ਹਵਾਵਾਂ ਵਿਚ ਥੋੜ੍ਹੀ-ਥੋੜ੍ਹੀ ਖ਼ੁਸ਼ਬੂ ਏ, ਸ਼ਹਿਨਸ਼ਾਹ ਦੱਖਣ 'ਚ ਫਸਿਆ ਹੋਇਐ।

ਦਿੱਲੀ ਵਿਚ ਹਨੇ-ਹਨੇ ਰਾਜ ਏ। ਮਰਕਜ਼ ਕਮਜ਼ੋਰ ਹੋ ਚੁਕੈ। ਹੁਣ ਪੰਜਾਬ ਦੀ ਉੱਠ ਸਕਦਾ ਏ। ਕਰ ਵਸੂਲ ਕਰਨ ਲਈ ਜੋ ਕੁਝ ਹੋਇਐ ਤੁਸਾਂ ਵੇਖਿਐ। ਸ਼ਿਕਸਤ ਦਾ ਮੂੰਹ ਮੁਗ਼ਲਾਂ ਕਦੀ ਨਹੀਂ ਸੀ ਵੇਖਿਆ। ਹੁਣ ਉਹਨਾਂ ਸ਼ੀਸ਼ੇ ਵਿਚੋਂ ਚੰਗੀ ਤਰ੍ਹਾਂ ਆਪਣੀ ਸ਼ਕਲ ਵੇਖ ਲਈ ਏ। ਆਮ ਲੋਕ ਝੂਠੇ ਵਹਿਮ ਤੇ ਝੂਠੀਆਂ ਅਫ਼ਵਾਹਾਂ ਵਿਚ ਜਕੜੇ ਹੋਏ ਹਨ। ਮਹਾਂਰਾਸ਼ਟਰ ਵਿਚ ਸ਼ਿਵਾ ਜੀ ਨੇ ਚੰਡੀ ਦੇ ਦਰਸ਼ਨ ਕੀਤੇ ਹਨ ਤੇ ਉਹਨਾਂ ਦਾ ਲਹੂ ਉਬਾਲੇ ਖਾ ਰਿਹੈ। ਮਰਹੱਟੇ ਹੁਣ ਸਾਹਮਣੇ ਹੋ ਕੇ ਲੜਨ ਨੂੰ ਤਿਆਰ ਖੜੇ ਹਨ। ਕਈਆਂ ਟੱਕਰਾਂ ਕਈਆਂ ਮੁਕਾਬਲਿਆਂ 'ਚੋਂ ਸ਼ਿਵਾ ਜੀ ਦਾ ਨਾਂ ਉੱਭਰ ਕੇ ਨਿੱਖਰਿਐ। ਕਿਤੇ ਹਾਰ ਦਾ ਮੂੰਹ ਵੀ ਵੇਖਿਆ ਪਰ ਕਈ ਜਗ੍ਹਾ ਤੇ ਓਸ ਹਕੂਮਤ ਦੇ ਦੰਦ ਤੋੜੇ। ਪੰਜਾਬ ਵਿਚ ਵੀ ਓਸੇ ਹਵਾ ਦੇ ਝੌਂਕੇ ਆਏ। ਪਹਾੜ ਵਾਲੇ ਵੀ ਆਪਣੀ ਬੁਕਲ 'ਚੋਂ ਨਿਕਲੇ। ਉਹਨਾਂ ਕਿੱਲੀਆਂ ਨਾਲ ਟੰਗੀਆਂ ਤਲਵਾਰਾਂ ਲਾਹੀਆਂ ਤੇ ਉਹਨਾਂ ਦਾ ਰੰਗ ਉਤਾਰਿਆ ਰਣਭੂਮੀ ਵਿਚ ਲਿਆ ਕੇ। ਆਮ ਲੋਕਾਂ ਦਾ ਵਿਸ਼ਵਾਸ ਏ ਕਿ ਜਦ ਤੱਕ ਪੰਜਾਬ ਦੀਆਂ ਪਹਾੜੀਆਂ ਵਿਚੋਂ ਦੇਵੀ ਪ੍ਰਗਟ ਨਹੀਂ ਹੁੰਦੀ ਅਸੀਂ ਮੁਗ਼ਲਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਹ ਵਿਸ਼ਵਾਸ ਬ੍ਰਾਹਮਣਾਂ ਨੇ ਪੱਕਾ ਕਰ ਦਿੱਤਾ ਹੋਇਐ। ਇਕ ਪੱਥਰ ਦੀ ਲੀਕ ਵਾਂਗੂੰ ਅਟੱਲ ਏ, ਸਾਨੂੰ ਵੀ ਕੋਈ ਯੱਗ ਕਰਨਾ ਚਾਹੀਦੈ, 'ਗੁਰੂ ਗੋਬਿੰਦ ਰਾਏ ਦੇ ਵਿਚਾਰ ਸਨ। ਇਹਨਾਂ ਨੂੰ ਨਾਲ ਲੈ ਕੇ ਅਸਾਂ ਤੁਰਨੈ।

—ਹਾਂ ਸੱਚੇ ਪਾਤਸ਼ਾਹ ਮੈਂ ਵੀ ਏਸੇ ਨਤੀਜੇ ਤੇ ਪੁੱਜਾ ਹਾਂ। ਸਾਨੂੰ ਪਹਾੜ ਦਾ ਵਿਸ਼ਵਾਸ ਜਿੱਤਣਾ ਪੈਣਾ। ਇਕ ਵਾਰ ਜੇ ਪੰਜਾਬ ਜਾਗ ਪਿਆ ਤੇ ਫੇਰ ਇਹ ਕਦੀ ਨਹੀਂ ਸੌਣ ਲੱਗਾ। ਪੰਜਾਬੀ ਬਹਾਦਰ ਹਨ ਪਰ ਇਨ੍ਹਾਂ ਨੂੰ ਕੋਈ ਜਗਾਉਣ ਵਾਲੀ ਸ਼ਕਤੀ ਚਾਹੀਦੀ ਏ। ਅਸਾਂ ਅਨੰਦਪੁਰ 'ਚ ਰਹਿਣਾ ਏ ਤੇ ਪਹਾੜੀਆਂ ਤੋਂ ਬਗੈਰ ਸਾਡਾ ਗੁਜ਼ਾਰਾ ਵੀ ਨਹੀਂ। ਏਸ ਲਈ ਸਾਨੂੰ ਯੱਗ ਦੀ ਯੋਜਨਾ ਬਣਾਉਣੀ ਚਾਹੀਦੀ ਏ।

— ਸਾਡਾ ਵਿਸ਼ਵਾਸ ਯੱਗ ਦੇਵੀ-ਦੇਵਤਿਆਂ ਤੇ ਬਿਲਕੁਲ ਨਹੀਂ। ਅਸੀਂ ਤੇ ਅਕਾਲ ਪੁਰਖ ਤੇ ਈਮਾਨ ਰੱਖਦੇ ਹਾਂ। ਸੈਨਾਪਤਿ ਇਹ ਤੂੰ ਹੀ ਨੇਪਰੇ ਚਾੜ੍ਹ ਸਕਦਾ ਏਂ', ਗੁਰੂ ਗੋਬਿੰਦ ਰਾਏ ਨੇ ਫ਼ਰਮਾਇਆ।'

— ਲੋਕ ਖ਼ਰਚ ਤੋਂ ਡਰਦੇ ਹਨ ਇਸ ਲਈ ਯੱਗ ਨਹੀਂ ਹੁੰਦਾ।

— ਜਿੰਨਾਂ ਖ਼ਰਚ ਆਵੇਗਾ ਅਸੀਂ ਦੇਵਾਂਗੇ। ਯੱਗ ਨੂੰ ਆਰੰਭ ਕਰੋ, ਪੰਡਤ ਲੱਭਣਾ ਤੇਰਾ ਕੰਮ, ਸਮੱਗਰੀ ਅਸੀਂ ਪੈਦਾ ਕਰਾਂਗੇ।

ਸਤਗੁਰ ਜੇ ਦੇਵੀ ਪ੍ਰਗਟ ਨਾ ਹੋਈ ਤੇ ਫੇਰ।

—ਦੇਵੀ ਪ੍ਰਗਟ ਹੋਏਗੀ, ਚੰਡੀ ਦਾ ਪ੍ਰਕਾਸ਼ ਲੋਕ ਵੇਖਣਗੇ, ਭਗੌਤੀ ਅਵੱਸ਼ ਪ੍ਰਗਟ ਹੋਏਗੀ।

—ਸਤਗੁਰ ਤੁਸੀਂ ਤੇ ਬੜੇ ਵਿਸ਼ਵਾਸ ਨਾਲ ਫ਼ਰਮਾ ਰਹੇ ਹੋ।

—ਇਹ ਸ੍ਰਿਸ਼ਟੀ ਦਾ ਕਾਨੂੰਨ ਏ, ਜਦ ਜ਼ੁਲਮ ਵੱਧ ਜਾਂਦਾ ਏ ਤੇ ਉਹਦੇ ਨਾਸ ਦੇ ਸਾਧਨ ਪੈਦਾ ਕੁਦਰਤ ਕਰਦੀ ਏ।

ਫੇਰ ਮੈਂ ਕੋਸ਼ਿਸ਼ ਕਰਦਾ ਹਾਂ, ਅਸੀਸ ਦਿਓ।

—ਖ਼ਰਚ ਦੀ ਪ੍ਰਵਾਹ ਨਾ ਕਰੀਂ, ਜਿੰਨਾਂ ਖ਼ਰਚ ਹੋਏਗਾ ਪੰਥ ਆਪਣੇ ਖ਼ਜ਼ਾਨੇ ਵਿਚੋਂ ਦਿਊ।

ਕਲ ਤੋਂ ਪੰਡਤਾਂ ਦੀ ਤਲਾਸ਼ ਜਾਰੀ। ਇਕਾਂਤ ਜਗ੍ਹਾ ਦਾ ਫ਼ੈਸਲਾ ਕੱਲ ਹੀ ਸੁਣਾ ਦਿੱਤਾ ਜਾਏਗਾ। ਸੈਨਾਪਤਿ ਨੇ ਹਿੱਕ ਤੇ ਹੱਥ ਮਾਰਿਆ।

ਕਾਸ਼ੀ ਤੋਂ ਪੰਡਤ ਪੰਜਾਬ ਵਿਚ ਆਏ ਹੋਏ ਹਨ। ਉਨ੍ਹਾਂ ਬਦਰੀ ਨਾਥ ਦੀ ਯਾਤਰਾ ਕਰਨ ਜਾਣੈ। ਇਕ ਪ੍ਰਚੰਡ ਪੰਡਤ ਏ ਯੱਗਸ਼ਾਲਾ ਦਾ ਪਿਤਾਮਾ, ਜੇ ਉਹ ਮੰਨ ਜਾਏ ਤੇ ਫੇਰ ਯੱਗ ਸੰਪੂਰਨ ਜ਼ਰੂਰ ਹੋਏਗਾ। ਦੇਵੀ ਪੂਜਾ ਸਾਰੇ ਪੰਜਾਬ ਨੂੰ ਇਕ ਮੁੱਠ ਕਰ ਸਕਦੀ ਏ। ਪੂਜਾ ਹੋ ਜਾਏ ਦੇਵੀ ਪ੍ਰਗਟ ਹੋਏਗੀ ਤੇ ਫੇਰ ਲੋਕਾਂ ਦੇ ਜਜ਼ਬੇ ਜਾਗ ਪੈਣਗੇ, ਡਰ ਲੱਥ ਜਾਏਗਾ ਭਾਵੇਂ ਸਾਰੇ ਲੋਕ ਇਕ ਝੰਡੇ ਥੱਲੇ ਖੜ੍ਹੇ ਨਹੀਂ ਹੋ ਸਕਦੇ ਪਰ ਜੇ ਅੱਧੇ ਵੀ ਆਣ ਖਲੋਤੇ ਤੇ ਫੇਰ ਸਮਝੋ ਸਾਰਾ ਪੰਜਾਬ ਇਕ ਆਵਾਜ਼ ਹੋ ਗਿਆ। ਵੇਖੋ-ਵੇਖੀ ਬਾਕੀ ਵੀ ਆਣ ਰਲਣਗੇ। ਸਾਨੂੰ ਦੇਵੀ ਪੂਜਾ ਦਾ ਕੰਮ ਆਰੰਭ ਕਰ ਲੈਣਾ ਚਾਹੀਦੈ। ਇਹ ਸਾਰੇ ਪਹਾੜ ਦੀ ਆਵਾਜ਼ ਏ। ਇਸੇ ਨਾਲ ਵਿਸ਼ਵਾਸ ਪੈਦਾ ਹੋਏਗਾ। ਸੈਨਾਪਤਿ ਨੇ ਸੋਚਿਆ।

—ਇਕ ਦੂਜਾ ਕਵੀ ਬੋਲਿਆ ਕਿ ਸਤਗੁਰ ਇਹ ਮਰਿਯਾਦਾ ਮੰਨ ਲੈਣਗੇ ਪਹਾੜੀਏ। ਕੁਝ ਨਾ ਕੁਝ ਤੇ ਕਰਨਾ ਹੀ ਪੈਣਾ ਏ।

—ਗੁਰੂ ਆਖ਼ਰ ਗੁਰੂ ਹਨ। ਸਮੇਂ ਦੀ ਨਬਜ਼ ਤੇ ਹੱਥ ਰੱਖਿਆ ਜਾਏ ਤੇ ਫੇਰ ਫ਼ਤਹਿ ਹੀ ਫ਼ਤਹਿ।

—ਮੁਗ਼ਲਾਂ ਦਾ ਨਿਸ਼ਾਨਾ ਹੁਣ ਅਨੰਦਪੁਰ ਏ।

—ਅਨੰਦਪੁਰ ਦੀ ਆਬਰੂ ਰੱਖਣੀ, ਅਣਖ ਤੇ ਡਟੇ ਰਹਿਣਾ, ਅਨੰਦਪੁਰ ਨੂੰ ਬੱਜਰ ਬਣਾਨਾ ਸਾਡਾ ਫ਼ਰਜ਼ ਏ।

—ਕੀ ਪਹਾੜੀਏ ਤੁਹਾਡਾ ਸਾਥ ਦੇਣਗੇ।

—ਜ਼ਰੂਰ ਦੇਣਗੇ ਪਰ ਰਾਜੇ ਨਹੀਂ। ਲੋਕ, ਪਰਜਾ ਤੇ ਆਮ ਸਾਧਾਰਨ ਪਹਾੜੀਆ।

ਅਨੰਦਪੁਰ ਸਾਰੇ ਪੰਜਾਬ ਦੀ ਪੱਗ। ਅਸਾਂ ਆਪ ਜੀਉਣਾ ਏ ਤਾਂ ਲੋਕਾਂ ਨੂੰ ਜੀਉਣ ਦੇਣਾ ਏ। ਇਹ ਗੱਲ ਇਕਮੁੱਠ ਹੋਣ ਨਾਲ ਹੀ ਹੋਣੀ ਏ।

ਪਹਾੜੀਏ ਪੱਥਰ ਦਿਲ ਹਨ, ਇਨ੍ਹਾਂ ਦੇ ਇਰਾਦੇ ਕਮਜ਼ੋਰ ਹਨ। ਜ਼ਬਾਨ ਦੇ ਕੱਚੇ ਹਨ।

—ਇਹ ਲੋਹੇ ਦੀ ਲੱਠ ਬਣ ਜਾਣਗੇ। ਇਨ੍ਹਾਂ ਨੂੰ ਅਨੰਦਪੁਰ ਆਉਣ ਤੇ ਦਿਓ। ਦਰਸ਼ਨ ਕਰਨ ਦਿਓ ਸਤਗੁਰਾਂ ਦੇ, ਜ਼ਰਾ ਬਾਣੀ ਇਨ੍ਹਾਂ ਦੇ ਕੰਨੀਂ ਪਈ ਤੇ ਫੇਰ ਇਹ ਗੁਰਸਿੱਖ ਬਣ ਜਾਣਗੇ। ਇਨ੍ਹਾਂ ਦੀ ਕਿੰਨੀ ਤਾਕਤ ਏ ਇਹਦਾ ਕੋਈ ਅੰਦਾਜ਼ਾ ਨਹੀਂ। ਕਿਸੇ ਨੇ ਜਗਾਉਣ ਦੀ ਕੋਸ਼ਿਸ਼ ਨਹੀਂ ਕੀਤੀ।

ਕਵੀਆਂ ਦੀ ਮੰਡਲੀ ਨੇ ਆਖ਼ਰ ਫ਼ੈਸਲਾ ਕਰ ਦਿੱਤਾ ਕਿ ਦੇਵੀ ਪੂਜਾ ਹੋਣੀ ਚਾਹੀਦੀ ਏ।

—ਸੈਨਾਪਤਿ ਨੇ ਅਰਜ਼ ਕੀਤੀ, 'ਸਤਗੁਰ ਇਹ ਮੇਰੀ ਹਿਰਦੇ ਦੀ ਆਵਾਜ਼ ਏ, ਦੇਵੀ ਜ਼ਰੂਰ ਪ੍ਰਗਟ ਹੋਏਗੀ, ਯੱਗ ਜ਼ਰੂਰ ਹੋਏਗਾ। ਮੈਂ ਆਪ ਜਾ ਕੇ ਲਿਆਵਾਂਗਾ ਪੰਡਤ ਭਾਵੇਂ ਪੈਰਾਂ ਤੇ ਸਿਰ ਕਿਉਂ ਨਾ ਰੱਖਣਾ ਪਏ। ਹੁਣ ਸਾਡਾ ਇਕੋ ਨਿਸ਼ਾਨਾ ਏ ਦੇਵੀ ਪੂਜਾ ਦਾ ਇੰਤਜ਼ਾਮ ਕਰਨਾ। ਸਤਗੁਰ ਲੋਕ ਜਾਗਣਾ ਚਾਹੁੰਦੇ ਹਨ, ਡਰਦੇ ਹਨ ਝਕਦੇ ਹਨ।

ਸਤਗੁਰ ਮੈਂ ਸੁਣਿਆ ਏ ਕਿ ਜੱਥੇ ਦੇ ਨਾਲ ਕੁਝ ਪੰਡਤ ਵੀ ਹਨ, ਜਿਹੜੇ ਬਦਰੀਨਾਥ ਦੀ

ਯਾਤਰਾ ਨੂੰ ਜਾ ਰਹੇ ਹਨ ਤੇ ਕਾਸ਼ੀ ਦੇ ਵਿਦਵਾਨਾਂ ਦਾ ਇਕ ਟੋਲਾ ਵੀ ਨਾਲ ਜਾ ਰਿਹੈ। ਵਿਚਾਰਾਂ ਨੇ ਘੇਰਿਆ ਹੋਇਆ ਸੀ ਸੈਨਾਪਤਿ।

ਸਤਗੁਰਾਂ ਫ਼ਰਮਾਇਆ, ਪਹਿਲਾਂ ਯੱਗ, ਦੇਵੀ ਪੂਜਨ ਤੇ ਫੇਰ ਦੇਵੀ ਨੂੰ ਪ੍ਰਗਟ ਕਰਨਾ ਤੇ ਉਹਦੇ ਪਿੱਛੋਂ ਬਦਰੀਨਾਥ ਦੀ ਯਾਤਰਾ। ਪ੍ਰਾਹੁਣੇ ਆਏ ਹਨ ਸਾਡੇ ਸਿਰ ਮੱਥੇ ਸਾਡੇ ਘਰ ਰਹਿਣ ਸਾਨੂੰ ਕੁਝ ਸੇਵਾ ਦਾ ਮੌਕਾ ਦੇਣ। ਕੁਦਰਤ ਢੋਅ ਮਿਲਾ ਰਹੀ ਏ।

ਪੰਡਤ ਦੇ ਦਰਸ਼ਨ ਹੋ ਜਾਣ ਤੇ ਫੇਰ ਜਗ੍ਹਾ ਦਾ ਫ਼ੈਸਲਾ ਹੋ ਜਾਏਗਾ।

ਕਵੀਰਾਜ ਜੇ ਪੰਡਤ ਨੇ ਸਿਰ ਫੇਰ ਦਿੱਤਾ ਤੇ ਫੇਰ।

ਕਵੀ ਕਵੀਆਂ ਦੀ ਗੱਲ ਮੰਨਦੇ ਆਏ ਹਨ। ਪੰਡਤ ਨਰਮ ਕਲੇਜੇ ਦੇ ਪੁਰਸ਼ ਹਨ। ਅਸੀਂ ਇਕ ਬਰਾਦਰੀ ਦੇ ਹਾਂ। ਸਾਡਾ ਧਰਮ ਇਕ, ਸਾਡਾ ਈਮਾਨ ਇਕ, ਸਾਡੀ ਸੋਚ ਇਕ। ਰੱਬ ਦਾ ਨਾਂ ਇਕ ਏ। ਇਹ ਸੱਚ ਏ ਪਰ ਕੋਈ ਨਾਂਹ ਵੀ ਨਹੀਂ ਕਰ ਸਕਦਾ। ਮੂਰਖ ਹਨ ਜਿਹੜੇ ਸਿਰ ਫੇਰਦੇ ਹਨ ਯੱਗ ਦਾ ਕਲਿਆਣ ਕਰਨ ਲਈ ਪੰਡਤ ਜੰਮਦਾ ਏ। ਇਹ ਮੇਰਾ ਕਿਹੜਾ ਇਕ ਦਾ ਕੰਮ ਏ। ਸਾਰੇ ਭਾਰਤ ਵਰਸ਼ ਲਈ ਇਹ ਇਕ ਵਰਦਾਨ ਏ, ਸਾਰਾ ਦੇਸ਼ ਪੂਜੇਗਾ। ਯੱਗ ਕਰਨਾ ਪੂਜਾ ਕਰਨੀ ਪੰਡਤ ਦਾ ਧਰਮ ਏ। ਅਸੀਂ ਤੇ ਪੰਡਤ ਨੂੰ ਨਿਹਾਲ ਕਰ ਦੇਵਾਂਗੇ। ਬੈਠਾ ਪੀੜ੍ਹੀਆਂ ਤੱਕ ਖਾਂਦਾ ਰਹੇ। ਜੇ ਦੇਵੀ ਪ੍ਰਗਟ ਹੋ ਗਈ ਤੇ ਦੋਸ਼ਾਂ ਦਾ ਨਾਸ਼ ਭਗਵਤੀ ਦਾ ਪ੍ਰਕਾਸ਼, ਸਾਰੇ ਹਿੰਦੁਸਤਾਨ ਦੀ ਲਾਟ। ਏਸ ਵੇਲੇ ਕੌਮ ਇਕੱਠੀ ਹੋ ਸਕਦੀ ਏ। ਹੁਣ ਤੇ ਸਿਰਫ਼ ਚੰਗਿਆੜੀ ਦੀ ਲੋੜ ਏ। ਭਾਬੜ ਮਚਿਆ ਕਿ ਮਚਿਆ। ਸੈਨਾਪਤਿ ਫ਼ੈਸਲੇ ਕਰੀ ਜਾ ਰਿਹਾ ਸੀ।

—ਸੈਨਾਪਤਿ ਜੋਸ਼ 'ਚ ਆਉਣ ਦੀ ਲੋੜ ਨਹੀਂ, ਜਜ਼ਬਾਤ ਨੂੰ ਕਾਬੂ 'ਚ ਰੱਖੋ। ਵਾਹਿਗੁਰੂ ਤੇਰੇ ਅੰਗ-ਸੰਗ ਏ।

ਸੱਚੇ ਪਾਤਸ਼ਾਹ ਸਿਰਫ਼ ਸੂਰਜ ਢਲਣ ਤੱਕ ਮੁਹਲੱਤ। ਕਾਫ਼ਲਾ, ਜੱਥਾਂ ਸੰਗਤ ਭਗਤਾਂ ਦੀ ਆ ਰਹੀ ਏ। ਸਾਰੇ ਬਨਾਰਸ ਦੇ ਵਾਸੀ ਹਨ। ਜ਼ਰਾ ਕੁ ਦੀਦਾਰ ਹੋ ਜਾਣ ਫੇਰ ਪੰਡਤ ਮਹਾਂ ਯੱਗ ਰਚਾਏਗਾ। ਕੱਲ ਦਾ ਸੂਰਜ ਐਲਾਨ ਕਰੇਗਾ, ਅਨੰਦਪੁਰ ਜਗਮਗਾ ਉੱਠੇਗਾ ਖ਼ੁਸ਼ੀਆਂ ਵਿਚ।

—ਸੈਨਾਪਤਿ ਇਹੋ ਜਿਹੀ ਭੀੜ ਪਹਿਲਾਂ ਵੀ ਇਕ ਵਾਰ ਇਕੱਠੀ ਹੋਈ ਸੀ।

—ਹਾਂ ਸਤਗੁਰ ਮੈਨੂੰ ਵੀ ਪਤੈ। ਜਦੋਂ ਅਗਨੀ ਕੁੱਲ ਰਾਜਪੂਤ ਪੈਦਾ ਹੋਏ ਸਨ।

—ਸੈਨਾਪਤਿ ਤੂੰ ਤੇ ਮੇਰੀ ਸੱਜੀ ਬਾਂਹ ਏ ਸਤਗੁਰਾਂ ਫ਼ਰਮਾਇਆ।

ਸਤਗੁਰ ਇਹ ਸਭ ਤੁਹਾਡੀ ਬਖ਼ਸ਼ਿਸ਼ ਏ।

ਯਾਤਰੀ ਅਨੰਦਪੁਰ ਵਿਚ ਪ੍ਰਵੇਸ਼ ਕਰ ਰਹੇ ਹਨ। ਇਹ ਸੇਵਾਦਾਰ ਦੇ ਬੋਲ ਸਨ। ਧੁਨ ਫ਼ਤਹਿ ਦੀ ਹੈ। ਦੇਗ਼-ਤੇਗ਼ ਸਾਡੇ ਕੋਲ ਹੈ ਸਿਰਫ਼ ਫ਼ਤਹਿ ਦੇ ਅੱਖਰ ਜੋੜਨੇ ਹਨ ਪੰਡਤ ਨੇ।

*

ਪੰਡਤ ਬਨਾਰਸ ਤੋਂ ਆਏ ੧੫੮

ਅਨੰਦਪੁਰ ਦੀਆਂ ਧੁੰਮਾਂ ਬਨਾਰਸ ਤੱਕ ਫੈਲੀਆਂ ਹੋਈਆਂ ਸਨ। ਭਾਰਤ ਵਰਸ਼ ਦਾ ਕਿਹੜਾ ਕੋਣਾ

ਸੀ ਜਿੱਥੇ ਗੁਰੂਆਂ ਦੀਆਂ ਗੱਲਾਂ ਨਹੀਂ ਸਨ। ਧਰਮ ਦੀਆਂ ਗੱਲਾਂ, ਗੁਰੂ ਦੀ ਬਾਣੀ ਦੇ ਚਰਚੇ, ਧਰਮ ਅਸਥਾਨਾਂ 'ਚ ਹੁੰਦੇ। ਪੰਡਤ, ਬ੍ਰਾਹਮਣ ਇਹ ਗੱਲ ਤੇ ਮੰਨਦੇ ਈ ਸਨ ਕਿ ਗੁਰੂਆਂ ਦਾ ਵਿਖਾਇਆ ਹੋਇਆ ਰਾਹ ਬਹੁਤ ਲਾਹੇਵੰਦ ਹੈ ਪਰ ਹਿੰਦੂਆਂ ਦੀ ਮਰਯਾਦਾ ਤੇ ਉਨ੍ਹਾਂ ਦਾ ਦਬਦਬਾ ਜਲਦੀ ਖ਼ਤਮ ਹੋ ਜਾਏ, ਇਹ ਜ਼ਰਾ ਮੁਸ਼ਕਿਲ ਗੱਲ ਸੀ। ਬ੍ਰਾਹਮਣਾਂ ਨੂੰ ਫੇਰ ਕਿਸੇ ਨੇ ਟਕੇ ਸੇਰ ਨਹੀਂ ਪੁੱਛਣਾ। ਲੋਕਾਂ ਅੱਖਾਂ ਮੀਟ ਕੇ ਸਿੱਖ ਧਰਮ ਨੂੰ ਆਪਣੇ ਸੀਨੇ ਨਾਲ ਲਾ ਲੈਣਾ ਏ। ਪਾਬੰਦੀਆਂ ਖ਼ਤਮ ਹੋ ਰਹੀਆਂ ਹਨ। ਸਾਲਾਂ ਬੱਧੀ ਜਿਹੜੀਆਂ ਜ਼ੰਜੀਰਾਂ ਬ੍ਰਾਹਮਣਾਂ ਨੇ ਸਮਾਜ ਦੇ ਲੱਕ ਨਾਲ ਬੰਨ੍ਹੀਆਂ ਹੋਈਆਂ ਸਨ, ਤਿੜਕ ਰਹੀਆਂ ਸਨ।

ਗੁਰੂ ਸਭ ਦਾ ਭਲਾ ਮੰਗਦੇ ਸਨ, ਇਕੋ ਵਾਹਿਗੁਰੂ ਤੇ ਯਕੀਨ ਸੀ। ਛੱਤੀ ਹਜ਼ਾਰ ਦੇਵਤਿਆਂ ਨੂੰ ਚੂਲੀ ਪਾ ਰਹੇ ਸਨ। ਪਛੜੀਆਂ ਜ਼ਾਤਾਂ ਵਾਲਿਆਂ ਨੂੰ ਬਰਾਬਰ ਦਾ ਹੱਕ ਮਿਲ ਜਾਂਦਾ ਸੀ। ਇਕ ਕਤਾਰ ਵਿਚ ਬੈਠ ਕੇ ਪੰਗਤ ਵਿਚ ਬੈਠ ਕੇ ਲੰਗਰ ਛਕਣਾ, ਕੋਈ ਵੱਡਾ ਨਹੀਂ ਕੋਈ ਛੋਟਾ ਨਹੀਂ, ਕੋਈ ਨੀਚ ਨਹੀਂ ਕੋਈ ਉਚ ਨਹੀਂ, ਸਭ ਬਰਾਬਰ ਹਨ। ਮਾਲਾ ਇਕ ਹੱਥ ਵਿਚ ਤੇ ਦੂਜੇ ਹੱਥ ਵਿਚ ਤਲਵਾਰ। ਪਹਿਲਾਂ ਆਪਣੀ ਰਖਸ਼ਾ ਕਰੋ ਤੇ ਜੇ ਵਕਤ ਆਏ ਤੇ ਅਗਲੇ ਦੇ ਦੰਦ ਵੀ ਭੰਨੋ। ਮੁਗ਼ਲਾਂ ਸਾਹਮਣੇ ਸਿਰਫ਼ ਸਿੱਖ ਈ ਅੜ ਰਹੇ ਸਨ ਬਾਕੀ ਭਾਰਤ ਤੇ ਭੇਡਾਂ ਦਾ ਵਾੜਾ ਸੀ। ਮੰਦਰ ਜ਼ਮੀਨ ਨਾਲ ਮਿਲ ਰਹੇ ਸਨ। ਮਸਜਿਦਾਂ ਸਿਰ ਕੱਢ ਰਹੀਆਂ ਸਨ।

ਕਸ਼ਮੀਰ ਨੇ ਆਪਣਾ ਤਨ-ਮਨ ਸਭ ਕੁਝ ਗੁਰਾਂ ਦੇ ਅਰਪਣ ਕਰ ਦਿੱਤਾ ਸੀ। ਹੁਣ ਜੇ ਚਾਰ ਦਿਨ ਜ਼ਿੰਦਾ ਰਹਿਣਾ ਏ ਤੇ ਗੁਰੂ ਦੀ ਸ਼ਰਨ ਕਬੂਲੋ। ਵਰਨਾ ਕਲਮਾ ਪੜ੍ਹੋ ਤੇ ਇਸਲਾਮ ਤੇ ਈਮਾਨ ਲੈ ਆਵੋ।

ਇਕੋ ਆਵਾਜ਼, ਇਕੋ ਜਜ਼ਬਾ, ਇਕੋ ਰੌਸ਼ਨੀ, ਜਿਹੜੀ ਨਜ਼ਰ ਆ ਰਹੀ ਸੀ ਉਹ ਸੀ ਅਨੰਦਪੁਰ। ਮਰਨਾ ਏ ਤੇ ਇਕ ਜਗ੍ਹਾ ਮਰੋ। ਵੱਖਰੇ-ਵੱਖਰੇ ਧੌਣਾਂ ਨਾ ਭੰਨਾਓ। ਹੁਣ ਤਲਵਾਰ ਚੁੱਕਣ ਦਾ ਜ਼ਮਾਨਾ ਆ ਗਿਆ ਏ। ਵਾਸਤੇ ਪਾਉਣ ਦੇ ਦਿਨ ਗਏ। ਕਿਸੇ ਦੇ ਰਹਿਮ-ਕਰਮ ਤੇ ਜਿਊਣਾ ਕੋਈ ਜਿਊਣਾ ਨਹੀਂ।

ਦੇਵੀ ਪ੍ਰਗਟ ਹੋਈ ਤੇ ਫੇਰ ਸਮਝੋ ਮੁਗ਼ਲ ਰਾਜ ਦਾ ਭੋਗ ਪੈ ਗਿਆ। ਸ਼ਾਹੀ ਫ਼ਾਨੂਸਾਂ ਦੀਆਂ ਰੌਸ਼ਨੀਆਂ ਨਜ਼ਰ ਨਹੀਂ ਆਉਣੀਆਂ। ਆਫ਼ਤ ਤੇ ਜਬਰ ਦੇ ਬੱਦਲ ਛਾ ਰਹੇ ਸਨ। ਉਨ੍ਹਾਂ ਦੀਆਂ ਬੱਦਲੀਆ ਅਨੰਦਪੁਰ ਦੇ ਉੱਤੋਂ ਦੀ ਗੁਜ਼ਰ ਰਹੀਆਂ ਸਨ। ਸ਼ਕਤੀ ਇਕ ਜਗ੍ਹਾ ਤੇ ਇਕੱਠੀ ਹੋ ਜਾਏ ਤੇ ਫੇਰ ਮੁਗ਼ਲ ਤੁਹਾਡੀ ਗੱਲ ਸੁਣੂ

ਗੁਰੂ ਮਹਾਰਾਜ ਸੋਚ ਰਹੇ ਸਨ ਕਿ ਸੈਨਾਪਤਿ ਜ਼ਰੂਰ ਆਪਣੇ ਇਰਾਦੇ 'ਚ ਕਾਮਯਾਬ ਹੋ ਜਾਏਗਾ।

ਸੈਨਾਪਤਿ ਨੇ ਆਣ ਹੱਥ ਜੋੜੇ। ਮਿਲ ਗਿਆ ਸਤਿਗੁਰ ਮਿਲ ਗਿਆ ਪੰਡਤ ਮਿਲ ਗਿਆ। ਉਹ ਕੱਲ ਦੀਵਾਨ 'ਚ ਹਾਜ਼ਰ ਹੋ ਜਾਏਗਾ।

ਸਾਰੀ ਸੰਗਤ ਤੇ ਵਿਦਵਾਨਾਂ ਦੇ ਜੱਥੇ ਨੇ ਤੇ ਪੰਡਤਾਂ ਦੀ ਜੁੰਡਲੀ ਨੇ ਇਹ ਫ਼ੈਸਲਾ ਕਰ ਲਿਆ। ਬਦਰੀਨਾਥ ਦੀ ਯਾਤਰਾ ਬਾਅਦ ਵਿਚ ਪਹਿਲਾਂ ਗੁਰ ਦਰ। ਅਨੰਦਪੁਰ ਵਿਚ ਕੁਝ ਚਿਰ ਆਰਾਮ। ਪਹਿਲਾ ਤੀਰਥ ਅਨੰਦਪੁਰ ਤੇ ਫੇਰ ਅੱਗੇ ਬਦਰੀਨਾਥ।

ਢੋਲਕੀਆਂ, ਛੈਣਿਆਂ ਨਾਲ ਜੱਥਾ ਗੁਰੂ ਦਰਬਾਰ 'ਚ ਹਾਜ਼ਰ ਹੋਇਆ। ਭਜਨ ਗਾ ਰਹੇ ਸਨ ਗੁਰੂ ਦੀ ਮਹਿਮਾ ਪੰਡਤ ਮਹਾਰਾਜ।

ਸਿਰ ਝੁਕਾਇਆ ਤੇ ਹੱਥ ਜੋੜ, ਮੈਂ ਕਾਹਦੇ ਜੋਗਾ ਹਾਂ, ਮੇਰੀ ਕਿਉਂ ਲੋੜ ਪੈ ਗਈ।

ਕੁਝ ਕੰਮ ਐਸੇ ਵੀ ਹੁੰਦੇ ਹਨ ਜਿਨ੍ਹਾਂ ਦਾ ਨਾਂ ਸਲੇਟ ਦੇ ਉੱਤੇ ਲਿਖਿਆ ਹੁੰਦੈ. ਤੇ ਕੁਦਰਤ ਉਹਨੂੰ ਯਸ਼ ਦੇਣਾ ਚਾਹੁੰਦੀ ਏ ਅਤੇ ਫਿਰ ਚੋਣ ਵੀ ਉਸੇ ਬੰਦੇ ਦੀ ਕੀਤੀ ਜਾਂਦੀ ਏ।

ਯੱਗ ਸ਼ਾਲਾ ਦੇ ਦਰੋਣਾਚਾਰੀਏ ਦੀ ਭਾਲ ਕਰਨੀ ਜ਼ਰੂਰੀ ਸੀ। ਤੁਸੀਂ ਆ ਗਏ ਸਾਡਾ ਯੱਗ ਸੰਪੂਰਨ ਹੋ ਗਿਆ, ਸੈਨਾਪਤਿ ਅਰਜ਼ ਕਰ ਰਿਹਾ ਸੀ।

ਪੰਡਤ ਦੇਵਤਾ ਅਸੀਂ ਯੱਗ ਕਰਨਾ ਚਾਹੁੰਦੇ ਹਾਂ। ਲੋਕਾਂ ਦਾ ਵਿਸ਼ਵਾਸ ਏ ਕਿ ਜ਼ੁਲਮ ਦਾ ਸਿਰ ਭੰਨਣ ਲਈ ਦੇਵੀ ਪ੍ਰਗਟ ਹੋਏਗੀ, ਫ਼ਾਲ ਤੁਹਾਡੇ ਨਾਂ ਤੇ ਨਿਕਲੀ ਏ, ਸਤਗੁਰਾਂ ਦੇ ਬੋਲ ਸਨ।

—ਸਤਿਗੁਰ ਤੁਸੀਂ ਤੇ ਜਾਨੀ-ਜਾਨ ਓ, ਦੇਵੀ ਪ੍ਰਗਟ ਤੇ ਜ਼ਰੂਰ ਹੋਏਗੀ, ਪਰ ਖ਼ਰਚ ਬਹੁਤ ਹੋਵੇਗਾ।

—ਪੰਡਤ ਜੀ ਖਰਚ ਦੀ ਫ਼ਿਕਰ ਨਹੀਂ, ਦੇਵੀ ਪ੍ਰਗਟ ਹੋਣੀ ਚਾਹੀਦੀ ਏ।

ਸਤਿਗੁਰ, ਹਾਂ ਯਾਦ ਆਇਆ ਸਤਿਗੁਰ ਇਹੋ ਜਿਹੀ ਸਮੱਸਿਆ ਪਹਿਲਾਂ ਵੀ ਪੈਦਾ ਹੋਈ ਸੀ ਜਦੋਂ ਆਰਿਅਨ ਲੋਕ ਹਿੰਦੁਸਤਾਨ 'ਚ ਆਏ ਯੱਗ ਕਰਨਾ। ਰੱਥ, ਤਲਵਾਰ ਦੇ ਧਨੀ, ਧਨੁਸ਼ਬਾਨ ਉਨ੍ਹਾਂ ਦੇ ਕੰਧੇ ਤੇ। ਉਨ੍ਹਾਂ ਨੇ ਸਾਰੇ ਭਾਰਤ ਵਰਸ਼ ਵਿਚ ਆਪਣੇ ਨਾਂ ਦੇ ਡੰਕੇ ਵਜਾਏ। ਰਾਮਾਇਣ ਤੇ ਫੇਰ ਮਹਾਂਭਾਰਤ। ਸ਼ਸਤਰਧਾਰੀ ਕਸ਼ੱਤਰੀਆ ਸੋਂ ਚੁੱਕਾ ਸੀ, ਟੀਸੀ ਤੱਕ ਪੁੱਜ ਚੁੱਕਾ ਸੀ ਹੁਨਰ। ਆਖ਼ਰ ਉਹਦਾ ਅੰਤ ਭਰਾ ਨੇ ਭਰਾ ਦਾ ਸਿਰ ਵੱਢਿਆ। ਲਹੂ ਭੰਗ ਦੇ ਭਾੜੇ ਡੁੱਲ੍ਹਾ। ਮਰਦ ਮੌਤ ਨੇ ਚੁਣ-ਚੁਣ ਕੇ ਖਾ ਲਏ। ਔਰਤਾਂ ਰਹਿ ਗਈਆਂ ਸਿਆਪੇ ਕਰਨ ਜੋਗੀਆਂ। ਬੀਜ ਨਾਸ ਹੋ ਗਿਆ। ਸ੍ਰਿਸ਼ਟੀ ਮੁੱਕ ਗਈ। ਹਰਨੀਆਂ ਦੀਆਂ ਕਤਾਰਾਂ ਸਨ। ਪਰ ਵਿਚ ਹੀਰਾ ਹਰਨ ਕਿਤੇ ਨਜ਼ਰ ਨਹੀਂ ਸੀ ਆਉਂਦਾ। ਇਨਸਾਨ ਡਰ ਗਿਆ ਸੀ. ਯੋਧੇ ਖ਼ਤਮ ਹੋ ਚੁੱਕੇ ਸਨ। ਰਹਿੰਦੀ-ਖੂੰਹਦੀ ਕਸਰ ਬੁੱਧਮੱਤ ਨੇ ਕੱਢ ਲਈ। ਰਹਿੰਦ-ਖੂੰਹਦ, ਬੱਚੇ ਤੇ ਬੁੱਢੇ, ਮਰਦ. ਉਹ ਸਾਰੇ ਸਾਧ ਹੋ ਗਏ। ਭਿਖਸ਼ੂ, ਔਰਤਾਂ ਚੂੜੀਆਂ ਤੇ ਪਾ ਸਕਦੀਆਂ ਸਨ, ਤਲਵਾਰਾਂ ਨਹੀਂ ਸਨ ਚੁੱਕ ਸਕਦੀਆਂ। ਜ਼ਮਾਨਾ ਚਲਦਾ ਗਿਆ। ਨਵੀਂ ਔਲਾਦ ਨੇ ਜਨਮ ਲਿਆ। ਵਰਨ ਸ਼ੰਕਰ ਪੈਦਾ ਹੋਏ। ਲਹੂ ਛੁੱਟ ਚੁੱਕਾ ਸੀ, ਲਹੂ-ਲਹੂ ਵਿਚ ਰਲ ਗਿਆ, ਬਹਾਦਰੀ. ਵੀਰਤਾ, ਇਖ਼ਲਾਕ ਤੇ ਜ਼ਮੀਰ ਦਾ ਕੋਈ ਮੁੱਲ ਨਹੀਂ ਸੀ। ਸਰਹੱਦਾਂ ਤੇ ਲੁਟੇਰੇ ਬੜ੍ਹਕਾਂ ਮਾਰ ਰਹੇ ਸਨ। ਔਰਤਾਂ ਦੀ ਗਿਣਤੀ ਜ਼ਿਆਦਾ ਤੇ ਮਰਦਾਂ ਦੀ ਘੱਟ। ਫੇਰ ਰਿਸ਼ੀ ਇਕੱਠੇ ਹੋਏ ਪੰਡਤ ਚੌਂਕੜੇ ਮਾਰ ਕੇ ਬੈਠੇ। ਫ਼ੈਸਲਾ ਯੱਗਸ਼ਾਲਾ ਦਾ ਈ ਹੋਇਆ। ਦੇਵੀ ਪ੍ਰਗਟ ਕੀਤੀ ਜਾਏ। ਵੰਗਾਰ ਸੀ ਕੌਣ ਪ੍ਰਗਟ ਕਰੇਗਾ ਦੇਵੀ. ਕੌਣ ਨਵਾਂ ਜੀਵਨ ਦੇਵੇਗਾ। ਯਕੀਨ ਬਹੁਤ ਕੀਤਾ ਗਿਆ। ਯਤਨ ਵੀ ਕੀਤੇ ਗਏ। ਸਮੱਗਰੀ ਇਕੱਠੀ ਕੀਤੀ ਗਈ, ਯੱਗ ਆਰੰਭ ਹੋਇਆ। ਯੱਗਸ਼ਾਲਾ ਨੇ ਮਹਾਂਰਥੀ ਆਚਾਰੀਆ ਨੇ ਹਿੱਕ ਤੇ ਹੱਥ ਮਾਰ ਕੇ ਆਖਿਆ, ਦੇਵੀ ਜ਼ਰੂਰ ਪ੍ਰਗਟ ਹੋਏਗੀ।' ਸੰਸਾਰ ਵੇਖੂ, ਇਹਦਾ ਮੁੱਲ ਆਤਮ ਵਿਸ਼ਵਾਸ ਨੂੰ ਬੁਲੰਦ ਕਰਨਾ ਏ।

ਲੋਕ ਇਕੱਠੇ ਹੋ ਗਏ। ਯੱਗ ਸ਼ੁਰੂ ਹੋ ਗਿਆ। ਕਿੰਨੇਂ ਬ੍ਰਾਹਮਣ, ਕਿੰਨੇਂ ਪੰਡਤ, ਯੋਗੀ, ਸ਼ਨਿਆਸੀ, ਸਾਰੇ ਚੌਂਕੜੇ ਮਾਰ ਕੇ ਬੈਠ ਗਏ ਯੱਗਸ਼ਾਲਾ ਵਿਚ। ਕਈ ਮਹੀਨੇ ਯੱਗ ਹੁੰਦਾ ਰਿਹਾ ਪਰ ਸਿੱਟਾ ਕੁਝ ਨਾ ਨਿਕਲਿਆ।

ਯੱਗ ਹੁੰਦਾ ਰਿਹਾ। ਆਖ਼ਰ ਇਕ ਦਿਨ ਇਹੋ ਜਿਹਾ ਵੀ ਆਇਆ, ਮਹਾਨ ਪੰਡਤ ਕੱਲਾ ਹੀ ਯੱਗਸ਼ਾਲਾ ਵਿਚ ਬੈਠਾ ਹੋਇਆ ਸੀ ਬਾਕੀ ਸਭ ਭਗੌੜੇ ਹੋ ਗਏ। ਆਹੂਤੀ ਕੌਣ ਪਾਵੇ।

ਮੈਂ ਦੇਵੀ ਪ੍ਰਗਟ ਕਰਕੇ ਦਮ ਲਵਾਂਗਾ। ਇਹ ਮੇਰਾ ਦਾਈਆ ਆਖ਼ਰੀ ਸਾਹਾਂ ਤੱਕ ਏ।

ਦੇਵੀ ਪ੍ਰਗਟ ਨਾ ਹੋਈ। ਗ਼ੁੱਸਾ ਚੰਡਾਲ ਹੁੰਦੈ। ਉਸ ਸਾਰੀ ਸਮੱਗਰੀ ਇਕੋ ਵਾਰੀ ਹਵਨ ਕੁੰਡ ਵਿਚ ਪਾ ਦਿੱਤੀ। ਜਦੋਂ ਧੂੰਆਂ ਅਸਮਾਨ ਨਾਲ ਗੱਲਾਂ ਕਰਨ ਲੱਗਾ ਤੇ ਓਸ ਯੱਗ ਦੇ ਕੁੰਡ ਵਿਚ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ।

ਲੋਕ ਆਖਦੇ ਹਨ ਕਿ ਦੇਵੀ ਪ੍ਰਗਟ ਹੋਈ, ਲੋਕਾਂ ਆਪ ਵੇਖੀ। ਉਹ ਸਨ ਅਗਨੀ ਕੁੱਲ ਰਾਜਪੂਤ। ਤਲਵਾਰ ਸ਼ਕਤੀ. ਵਿਸ਼ਵਾਸ ਅਗਨੀ ਕੁੱਲ ਰਾਜਪੂਤ।

ਮੈਦਾਨ 'ਚ ਨਿੱਤਰੇ ਤੇ ਉਨ੍ਹਾਂ ਦੀਆਂ ਤਲਵਾਰਾਂ ਕੂਕਦੀਆਂ ਸਨ। ਸਾਨੂੰ ਵਰਦਾਨ ਏ ਦੇਵੀ ਦਾ, ਅਸੀਂ ਦੇਵੀ ਦੀ ਗੋਦ ਵਿਚੋਂ ਨਿਕਲੇ ਹਾਂ। ਉਹੋ ਚੰਡੀ ਉਹੋ ਦੇਵੀ, ਉਹੋ ਸ਼ਕਤੀ, ਉਹ ਭਗੌਤੀ, ਉਹਦਾ ਰੂਪ ਤਲਵਾਰ ਵਿਚ ਵੇਖੋ। ਅਸਲ ਚੰਡੀ ਉਹੋ ਈ ਏ। ਫੇਰ ਜਾਗਿਆ ਹਿੰਦੁਸਤਾਨ, ਫੇਰ ਜਾਗੀ ਆਤਮਾ, ਫੇਰ ਜਾਗਿਆ ਬੰਦਾ, ਮੈਦਾਨ ਦਾ ਮਰਦ।

ਦੁਸ਼ਟਾਂ ਨੂੰ ਮਾਰਨ ਲਈ ਦੇਵੀ ਪ੍ਰਗਟ ਹੋਈ।

ਅਸੀਂ ਹੁਣ ਓਸੇ ਦਹਾਨੇ ਤੇ ਖੜੇ ਹਾਂ। ਯੱਗ ਹੋਵੇਗਾ।

ਗੁਰੂ ਗੋਬਿੰਦ ਰਾਏ ਨੇ ਫ਼ਰਮਾਇਆ, 'ਦੇਵੀ ਪ੍ਰਗਟ ਹੋਵੇਗੀ, ਵਿਸ਼ਵਾਸ ਪੱਕਾ ਕਰੋ। ਹਿੰਮਤੇ ਮਰਦਾਂ ਮਦਦੇ ਖ਼ੁਦਾ। ਅਕਾਲ ਪੁਰਖ ਸਾਡਾ ਰਾਖਾ ਏ।'

*

ਨੈਣਾਂ ਦੇਵੀ ੧੫੯

ਨਗਾਰਾ ਵੱਜਿਆ, ਲੋਕ ਚੌਕੰਨੇ ਹੋ ਗਏ, ਭੀੜ ਇਕੱਠੀ ਹੋਈ, ਐਲਾਨ ਹੋਇਆ।

ਯੱਗ ਨੈਣਾਂ ਦੇਵੀ ਦੇ ਅਸਥਾਨ ਤੇ ਹੋਵੇਗਾ ਤੇ ਦੇਵੀ ਪ੍ਰਗਟ ਹੋਵੇਗੀ, ਹੁੰਮ-ਹੁੰਮਾ ਕੇ ਚੱਲਣ ਸੰਗਤਾਂ।

ਅਹੂਤੀਆਂ ਪੈ ਰਹੀਆਂ ਸਨ, ਯੱਗ ਹੋ ਰਿਹਾ ਸੀ। ਜੱਥੇ ਜਾਂਦੇ, ਜੱਥੇ ਵਾਪਸ ਆ ਜਾਂਦੇ ਪਰ ਭੀੜ ਪੈਰ-ਪੈਰ ਵੱਧ ਰਹੀ ਸੀ। ਯੱਗ ਵਿਚ ਜਵਾਲਾ ਨੱਚ ਰਹੀ ਸੀ। ਮੰਤਰ ਉਚਾਰੇ ਜਾ ਰਹੇ ਸਨ। ਲੋਕਾਂ ਦਾ ਯਕੀਨ ਬੱਝ ਗਿਆ ਸੀ। ਦੇਵੀ ਪ੍ਰਗਟ ਹੋਏਗੀ, ਜ਼ਰੂਰ ਹੋਏਗੀ।

ਗੁਰੂ ਗੋਬਿੰਦ ਰਾਏ ਪ੍ਰਸੰਨ ਸਨ। ਲੋਕਾਂ ਦਾ ਯਕੀਨ ਪੱਕਾ ਹੋ ਰਿਹਾ ਸੀ। ਇਕ ਮੇਲਾ ਜਿਹਾ ਲੱਗਾ ਹੋਇਆ ਸੀ ਨੈਣਾਂ ਦੇਵੀ ਦੇ ਭਵਨ ਤੇ। ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰ ਰਹੀਆਂ ਸਨ ਸੰਗਤਾਂ।

ਸਾਮੱਗਰੀ ਦੇ ਭੰਡਾਰੇ ਭਰੇ ਹੋਏ ਸਨ। ਪਰਾਤਾਂ ਵਿਚੋਂ ਉੱਛਲ-ਉੱਛਲ ਪੈ ਰਹੀ ਸਮੱਗਰੀ, ਧੂਫ਼, ਦੇਸੀ ਘਿਓ ਦੇ ਭਰੇ ਦੇਗੇ। ਮੂੰਹੋਂ-ਮੂੰਹੀਂ ਭਰੇ ਉੱਛਲ ਰਹੇ ਸਨ। ਸਮੱਗਰੀ ਤੇ ਘਿਓ ਦੀਆਂ

ਆਹੂਤੀਆਂ ਪਾ ਰਹੇ ਸਨ ਪੰਡਤ। ਲੋਕਾਂ ਦਾ ਯਕੀਨ ਪੱਕਾ ਹੋ ਰਿਹਾ ਸੀ। ਖੁਸ਼ਬੂ ਵੰਡ ਰਿਹਾ ਸੀ ਭਵਨ ਮਾਤਾ ਰਾਣੀ ਦਾ।

ਲੰਗਰ ਦਿਨ-ਰਾਤ ਚਲਦਾ, ਸੰਗਤ ਆਉਂਦੀ, ਪੰਗਤ ਬੈਠਦੀ, ਗੁਰ ਕੇ ਲੰਗਰ ਨੇ ਨਿਹਾਲ ਕਰ ਦਿੱਤੀ ਸੰਗਤ।

ਇਕ ਦਿਨ ਬੀਤਿਆ ਦੂਜਾ ਦਿਨ ਚੜ੍ਹਿਆ, ਤੀਜੇ ਦਿਨ ਦੇ ਸੂਰਜ ਦੇਵਤੇ ਦੇ ਲੋਕਾਂ ਦਰਸ਼ਨ ਕੀਤੇ। ਹਵਨ ਹੋ ਰਿਹਾ ਸੀ, ਦਿਨ ਬੀਤ ਰਹੇ ਸਨ। ਕਸ਼ਮਕਸ਼ ਜਾਰੀ ਸੀ।

ਇਕ ਅੱਠਵਾਰਾ ਬੀਤ ਗਿਆ, ਦੇਵੀ ਪ੍ਰਗਟ ਹੁੰਦੀ ਜਾਪਦੀ ਨਹੀਂ ਸੀ।

—ਮੇਰੀ ਤਪੱਸਿਆ, ਮੇਰੀ ਪ੍ਰਤਿਗਿਆ, ਮੇਰਾ ਵਿਸ਼ਵਾਸ ਮੇਰੀ ਹਯਾਤੀ ਦਾ ਪੁੰਨ-ਪ੍ਰਤਾਪ ਪੰਡਤ ਨੇ ਸਭ ਕੁਝ ਦਾਅ ਤੇ ਲਾ ਦਿੱਤਾ। ਉਹ ਚਾਹੁੰਦਾ ਸੀ ਕਿ ਪੰਡਤਾਂ ਦਾ ਸਨਮਾਨ ਜਾਂਦਾ ਰਹੂ। ਇੱਜ਼ਤ ਮਿੱਟੀ 'ਚ ਮਿਲ ਜਾਏਗੀ, ਬ੍ਰਾਹਮਣ ਜਾਤੀ ਤੇ ਕੋਈ ਵਿਸ਼ਵਾਸ਼ ਨਹੀਂ ਕਰੇਗਾ। ਮੈਂ ਦੇਵੀ ਪ੍ਰਗਟ ਕਰਕੇ ਈ ਦਮ ਲਵਾਂਗਾ, ਜਦ ਤੱਕ ਮੇਰੇ ਦਮ ਵਿਚ ਦਮ ਏ।

ਯੱਗ ਸਮਾਪਤ ਹੋ ਗਿਆ, ਮਰਿਆਦਾ ਦੇ ਮੁਤਾਬਕ, ਹੁਣ ਪੂਰਨ ਆਹੂਤੀ ਦਾ ਲੋੜ ਏ। ਮੇਰਾ ਮਨ ਡੋਲ ਰਿਹਾ ਏ, ਮੇਰੀ ਆਤਮਾ ਕੰਬ ਰਹੀ ਏ, ਮੇਰਾ ਵਿਸ਼ਵਾਸ ਡਗਮਗਾ ਗਿਆ ਏ। ਸਤਿਗੁਰ ਦੇਵੀ ਰੁੱਸ ਗਈ ਏ। ਨਾਰਾਜ਼ ਹੋ ਗਈ ਏ ਭਗਵਤੀ, ਕੋਈ ਵਿਘਨ ਪੈ ਗਿਐ। ਭਗੌਤੀ ਰੁੱਸ ਗਈ ਏ।

—ਕੋਈ ਵਿਘਨ ਨਹੀਂ, ਕੋਈ ਨਰਾਜ਼ਗੀ ਨਹੀਂ, ਯੱਗ ਵਿਧੀ ਮਰਿਆਦਾ ਦੇ ਮੁਤਾਬਿਕ ਹੋਇਐ। ਪੰਡਤ ਜੀ ਧੀਰਜ ਕਰੋ, ਦਿਲ ਨੂੰ ਟਿਕਾਣੇ ਲਾਈ ਰੱਖੋ। ਭਗਵਾਨ ਸਭ ਕੁਝ ਵੇਖ ਰਿਹੈ। ਦੇਵੀ ਪ੍ਰਗਟ ਹੋਣੀ ਬਹੁਤ ਜ਼ਰੂਰੀ ਏ। ਅਕਾਲ ਪੁਰਖ ਸਾਡੀ ਰੱਖਿਆ ਕਰੇਗਾ।

—ਸਤਿਗੁਰ ਮੇਰੀ ਹਿੰਮਤ ਜਵਾਬ ਦੇ ਗਈ ਏ, ਮੇਰਾ ਵਿਸ਼ਵਾਸ ਟੁੱਟ ਗਿਐ। ਦੇਵੀ ਪ੍ਰਗਟ ਹੋਣ ਦੇ ਕੋਈ ਲੱਛਣ ਨਹੀਂ ਜਾਪਦੇ, ਮੈਂ ਡੋਲ ਗਿਆ ਹਾਂ, "ਪੰਡਤ ਦੀ ਆਵਾਜ਼ ਸੀ।"

ਸਤਿਗੁਰਾਂ ਫ਼ਰਮਾਇਆ, "ਦੇਵੀ ਪ੍ਰਗਟ ਜ਼ਰੂਰ ਹੋਏਗੀ। ਪੰਡਤ ਜੀ ਤੁਹਾਡੇ ਤਿੰਨਾਂ ਪੰਡਤਾਂ ਕੋਲੋਂ ਦੇਵੀ ਪ੍ਰਗਟ ਨਾ ਹੋਈ ਫੇਰ ਅਸੀਂ ਦੇਵੀ ਨੂੰ ਪ੍ਰਗਟ ਕਰਾਂਗੇ। ਕਾਲੀਦਾਸ ਪ੍ਰਚੰਡ ਪੰਡਤ, ਕੇਸ਼ੋ ਦਾਸ ਯੱਗ ਦਾ ਪਿਤਾਮਾ, ਬਿਸ਼ੰਬਰ ਦਾਸ ਜਿਸ ਨੂੰ ਸਾਰਾ ਭਾਰਤ ਵਰਸ਼ ਮੱਥਾ ਟੇਕੇ। ਕਿੱਦਾਂ ਹੋ ਸਕਦੈ ਕਿ ਤੁਹਾਥੋਂ ਦੇਵੀ ਮੂੰਹ ਫੇਰ ਜਾਏ।"

ਇਹ ਮੇਰਾ ਅਪਮਾਨ ਏ, ਮੈਂ ਬ੍ਰਾਹਮਣ ਹਾਂ, ਮੇਰੇ ਪੁਰਖੇ ਯੱਗ ਕਰਦੇ ਰਹੇ, ਦੇਵੀ-ਦੇਵਤੇ ਪ੍ਰਗਟ ਕਰਦੇ ਰਹੇ। ਕੀ ਮੈਂ ਉਨ੍ਹਾਂ ਦੀ ਔਲਾਦ ਨਹੀਂ ਹਾਂ, ਮੇਰੇ 'ਚ ਬਲ ਨਹੀਂ, ਵਿਸ਼ਵਾਸ ਨਹੀਂ। ਸਤਿਗੁਰ ਜੇ ਦੇਵੀ ਪ੍ਰਗਟ ਨਾ ਹੋਈ ਤੇ ਫੇਰ ਮੇਰੇ ਜਿਊਣ ਦਾ ਕੋਈ ਧਰਮ ਨਹੀਂ। ਮੈਂ ਆਪਣੀ ਜਾਤੀ ਨੂੰ ਕਲੰਕਿਤ ਨਹੀਂ ਕਰਾਂਗਾ। ਸਤਿਗੁਰ ਮੈਨੂੰ ਇਕ ਵਾਰ ਹੋਰ ਹੰਭਲਾ ਮਾਰ ਕੇ ਵੇਖਣ ਦਿਉ ਸ਼ਾਇਦ ਪ੍ਰਸੰਨ ਹੋ ਜਾਏ ਦੇਵੀ, ਮੈਂ ਆਪ ਆਹੂਤੀ ਪਾਵਾਂਗਾ।

ਆਹੂਤੀ ਓਸ ਕੀ ਪਾਉਣੀ ਸੀ, ਓਸ ਯੱਗਸ਼ਾਲਾ ਦੇ ਕੁੰਡ ਵਿਚ ਛਾਲ ਮਾਰ ਲਈ, ਆਤਮ-ਹੱਤਿਆ ਕਰ ਲਈ, ਸਤਗੁਰ ਮੈਨੂੰ ਮੁਆਫ਼ ਕਰ ਦਿਓ ਮੈਂ ਦੇਵੀ ਪ੍ਰਗਟ ਨਹੀਂ ਕਰ ਸਕਿਆ, ਬੋਲ ਕੇਸ਼ਵ ਦਾਸ ਦੇ ਸਨ। ਕਾਲੀ ਦਾਸ ਤੇ ਬਿਸ਼ੰਬਰ ਦਾਸ ਸ਼ਾਇਦ ਏਸ ਰੌਲੇ ਵਿਚ ਲਾਂਭੇ-ਚਾਂਭੇ ਹੋ ਗਏ। ਲੱਭੇ ਓਹ ਵੀ ਨਹੀਂ।

ਸਤਗੁਰਾਂ ਬਾਕੀ ਸਾਰੀ ਸਾਮੱਗਰੀ ਘਿਓ, ਧੂਫ ਤੇ ਹੋਰ ਯੱਗ ਦਾ ਸਾਮਾਨ ਸਾਰਾ ਹੀ ਇਕੋ ਵਾਰ ਹਵਨ ਕੁੰਡ 'ਚ ਪਾ ਦਿੱਤਾ। ਧੂੰਆਂ ਲਾਟਾਂ, ਸਾਰਾ ਪਹਾੜ ਜਗਮਗਾ ਉੱਠਿਆ। ਆਵਾਜ਼ਾਂ ਨਾਲ ਸਾਰਾ ਪਹਾੜ ਗੂੰਜ ਰਿਹਾ ਸੀ। ਆਨੰਦਪੁਰ ਫਿਰ ਨਗਾਰਾ ਵੱਜਿਆ ਜੈਕਾਰੇ ਗੂੰਜੇ, ਦੇਵੀ ਪ੍ਰਗਟ ਹੋ ਗਈ।

ਸਤਿਗੁਰਾਂ ਤਲਵਾਰ ਮਿਆਨ 'ਚੋਂ ਕੱਢੀ, ਇਹ ਵਰਦਾਨ ਏ ਦੇਵੀ ਦਾ, ਇਹੋ ਹੀ ਦੇਵੀ ਏ, ਇਹੋ ਹੀ ਸ਼ਕਤੀ ਏ, ਦੁਸ਼ਮਣ ਲਈ ਤਲਵਾਰ ਏ ਤੇ ਸੱਜਣ ਲਈ ਕ੍ਰਿਪਾਨ। ਆਓ ਜਿਸ ਨੇ ਦਰਸ਼ਨ ਕਰਨੇ ਹੋਨ। ਦੇਵੀ, ਭਵਾਨੀ, ਚੰਡਿਕਾ, ਸ਼ਕਤੀ ਦਾ ਪ੍ਰਤੀਕ, ਤਲਵਾਰ, ਭਗੌਤੀ।

ਲਾਟਾਂ, ਧੂੰਆਂ ਤੇ ਅੱਗ ਦੇ ਸ਼ੋਲਿਆਂ ਵਿਚੋਂ ਜਵਾਲਾ ਦੇ ਸਮੁੰਦਰ ਵਿਚੋਂ ਦਸਮ ਪਾਤਸ਼ਾਹ ਹੱਥ ਵਿਚ ਤਲਵਾਰ ਲਈ ਪ੍ਰਗਟ ਹੋਏ ਅੱਖਾਂ ਵਿਚੋਂ ਚੰਗਿਆੜੇ ਨਿਕਲ ਰਹੇ ਸਨ ਲੋਕਾਂ ਨੂੰ ਨਜ਼ਰ ਆ ਰਿਹਾ ਸੀ, ਕੋਈ ਦੇਵਤਾ ਧਰਤੀ ਤੇ ਪ੍ਰਵੇਸ਼ ਕਰ ਰਿਹੈ।

ਦੇਵੀ ਪ੍ਰਗਟ ਹੋ ਗਈ ਸਾਰੇ ਪਹਾੜ ਨੇ ਵੇਖੀ।

ਕਢੋ ਤਲਵਾਰਾਂ ਨਿੱਤਰੋ ਮੈਦਾਨ 'ਚ, ਦੇਵੀ ਦਾ ਇਹੋ ਵਰਦਾਨ ਏ, ਇਹੋ ਸਰੂਪ ਏ।

ਹਰ ਪਾਸੇ ਦੇਗ-ਤੇਗ ਫ਼ਤਹਿ ਹੋਏਗੀ। ਨਗਾਰਾ ਵੱਜ ਰਿਹਾ ਸੀ ਤੇ ਗੋਬਿੰਦ ਰਾਏ ਦੇ ਹੱਥ ਦੀ ਤਲਵਾਰ ਵਿਚੋਂ ਅੰਗਾਰੇ ਜਨਮ ਲੈ ਰਹੇ ਸਨ।

ਦਿਨ ਵਿਸਾਖੀ ਦਾ ਸੀ ੧੬੦

ਵਿਸਾਖ ਚੜ੍ਹਿਆ, ਵਿਸਾਖੀ ਆਈ ਤੇ ਸਾਰੇ ਪੰਜਾਬ 'ਚ ਖ਼ੁਸ਼ੀਆਂ ਨੱਚ ਉੱਠੀਆਂ। ਕਣਕ ਦੇ ਸਿੱਟੇ ਸੁਨਹਿਰੀ ਹੋ ਗਏ, ਸੋਨੇ ਦੇ ਰੰਗ ਵਿਚ, ਡੌਲੇ ਫਰਕੇ ਜੱਟ ਦੇ, ਭੜੋਲੀਆਂ ਦੇ ਮੂੰਹ ਖੁੱਲ੍ਹੇ। ਜੱਟ ਦੀਆਂ ਭੜੋਲੀਆਂ ਭਰੀਆਂ ਤੇ ਫੇਰ ਪੁੱਛਦਾ ਫਿਰ ਮੌਤ ਦਾ ਭਾਅ, ਫੇਰ ਚੁੱਪ ਡਾਂਗਾਂ ਨੂੰ ਤੇਲ ਨਾਲ ਚੋਪੜਿਆਂ, ਗੰਡਾਸਿਆਂ ਨੂੰ ਸਾਨ ਵਿਖਾਈ। ਫੇਰ ਕਤਲ ਲੜਾਈ, ਸ਼ਰੀਕਾ, ਦੁਸ਼ਮਣ ਜਾਪਣ ਲੱਗ ਪਏ। ਇਸ ਸੀ ਵਿਸਾਖੀ ਪੰਜਾਬ ਦੀ।

ਗੁਰੂਆਂ ਨੇ ਇਹ ਰਾਜ਼ ਲੋਕਾਂ ਨੂੰ ਦਸਿਆ ਹੋਇਆ ਸੀ। ਵਿਸਾਖੀ ਭਗਤੀ ਦਾ ਦਿਨ ਏ, ਨਿਮਰਤਾ ਦਾ ਦਿਨ ਏ, ਪ੍ਰਤਿਗਿਆ ਦਾ ਦਿਨ ਏ। ਤੁਹਾਡੇ ਅਨਾਜ ਦੇ ਭੰਡਾਰੇ ਆ ਗਏ ਹਨ। ਕਣਕ ਤੁਹਾਡੇ ਭੜੋਲਿਆਂ ਤੱਕ ਉਛਲ ਰਹੀ ਏ। ਦਾਨ ਕਰੋ, ਗ਼ਰੀਬ ਪਾਲੋ ਗਵਾਂਢੀ ਭੁੱਖਾ ਨਾ ਰਹੇ। ਦਸਵੰਧ ਕਢੋ, ਗੁਰੂ ਘਰ ਪਹੁੰਚਾਓ।

ਦਸਵੰਧ ਲੈ ਕੇ ਤੁਰੀਆਂ ਆ ਰਹੀਆਂ ਸਨ ਸੰਗਤਾਂ ਜੱਥੇ ਬੰਨ੍ਹ-ਬੰਨ੍ਹ ਗੁਰੂ ਦੇ ਦਰਸ਼ਨਾਂ ਨੂੰ, ਸਾਰਾ ਪੰਜਾਬ ਆਨੰਦਪੁਰ ਵੱਲ ਮੂੰਹ ਕਰਕੇ ਪੰਧ ਮੁਕਾ ਰਿਹਾ ਸੀ।

ਪੰਜਾਬ ਦੇ ਮਨ ਵਿਚ ਗੁਰੂ ਸ਼ਰਧਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਮੱਕੇ ਨੂੰ ਹਾਜੀ ਜਾਂਦੇ ਹਨ, ਪਰ ਹੁਣ ਤੇ ਪੰਜਾਬ ਦੀ ਮੱਕਾ ਸੀ ਆਨੰਦਪੁਰ, ਇਹ ਅਕੀਦਾ ਮੁਸਲਮਾਨਾਂ ਦਾ ਸੀ।

ਸੰਗਤਾਂ ਦਾ ਇਕੱਠ ਸੀ, ਮੋਢੇ ਨਾਲ ਮੋਢਾ ਖਹਿ ਰਿਹਾ ਸੀ। ਕਿਤੇ ਤਿਲ ਸੁੱਟੇ ਨਹੀਂ ਸੀ

ਪੈਂਦਾ। ਵਹੀਰਾਂ ਘੱਤਦੇ ਆ ਰਹੇ ਸਨ ਗੁਰੂ ਸੇਵਕ। ਇੰਨੀ ਪਤਾ ਨਹੀਂ ਦੁਨੀਆ ਕਿਥੋਂ ਆ ਗਈ। ਭਾਵੇਂ ਗੁਰੂ ਗੋਬਿੰਦ ਰਾਏ ਨੇ ਮਸੰਦਾਂ ਨੂੰ ਇਹ ਆਦੇਸ਼ ਦਿੱਤਾ ਹੋਇਆ ਸੀ ਕਿ ਵਿਸਾਖੀ ਦੇ ਮੇਲੇ ਵਿਚ ਸਾਰਾ ਪੰਜਾਬ ਜਮ੍ਹਾਂ ਹੋਣਾ ਚਾਹੀਦੈ। ਆਨੰਦਪੁਰ ਦੇਵੀ ਦੇ ਦਰਸ਼ਨ ਹੋਣਗੇ।

ਕੁਝ ਲੋਕ ਮੇਲਾ ਵੇਖਣ ਆਏ ਸਨ ਤੇ ਕੁਝ ਲੋਕ ਦਸਵੰਧ ਦੇਣ। ਵਿਸਾਖੀ ਦਾ ਦਿਨ ਤੇ ਹਜੂਮ ਸੰਗਤਾਂ ਦਾ ਗੁਰੂ ਗੱਦ-ਗੱਦ ਹੋ ਗਏ। ਲੋਕ ਦਰਸ਼ਨ ਲਈ ਉਤਾਵਲੇ ਸਨ ਪਰ ਗੁਰੂ ਕਿਤੇ ਨਜ਼ਰ ਨਹੀਂ ਸੀ ਆ ਰਿਹਾ।

ਦੇਵੀ ਨੇ ਸ਼ਕਤੀ ਦਾ ਵਰਦਾਨ ਦੇਣਾ ਏ ਸਤਗੁਰਾਂ ਨੂੰ, ਪਹਾੜੀਏ ਜ਼ਰੂਰਤ ਤੋਂ ਜ਼ਿਆਦਾ ਆਏ ਹੋਏ ਸਨ। ਦਿਲ ਵਿਚ ਚਾਅ ਸੀ ਦੇਵੀ ਦੇ ਦਰਸ਼ਨ ਕਰਨ ਦਾ।

ਦੇਵੀ ਪ੍ਰਗਟ ਹੋ ਗਈ ਕੀ ਇਹ ਸੱਚ ਏ। ਦੇਵੀ ਕਿਥੇ ਐ. ਕਿਸੇ ਨੇ ਵੇਖੀ ਵੀ ਏ ਕਿ ਐਵੇਂ ਗੱਲਾਂ ਈ ਕਰ ਰਹੇ ਓ।

—ਦੇਵੀ ਗੁਰਾਂ ਦੇ ਨਾਲ ਆਵੇਗੀ, ਦੀਵਾਨ ਖੁੱਲ੍ਹੇ ਮੈਦਾਨ 'ਚ ਸੱਜ ਰਿਹਾ ਸੀ। ਇੰਨੀਂ ਭੀੜ ਕਦੀ ਪਹਿਲਾਂ ਆਨੰਦਪੁਰ ਵਿਚ ਇਕੱਠੀ ਨਹੀਂ ਸੀ ਹੋਈ। ਇਹ ਗੁਰਾਂ ਦਾ ਪ੍ਰਤਾਪ ਸੀ, ਬਖ਼ਸ਼ਿਸ਼ ਸੀ ਮਿਹਰਾਂ ਸਨ ਸਤਗੁਰਾਂ ਦੀਆਂ।

—ਗੁਰੂ ਤੇ ਈਮਾਨ ਨਹੀਂ ਰੱਖਦੇ ਦੇਵੀ-ਦੇਵਤਿਆਂ 'ਤੇ।

—ਸ਼ਰਧਾ ਤੇ ਹੈ। ਸਾਡੇ ਬਜ਼ੁਰਗ ਪੂਜਦੇ ਸਨ। ਅਸੀਂ ਵੀ ਮੱਥਾ ਟੇਕਦੇ ਆਂ। ਅਸੀਂ ਅਸੀਸ ਲੈਣ ਲਈ ਆਏ ਹਾਂ। ਨੰਗੀਂ ਪੈਰੀਂ ਘਰੋਂ ਤੁਰੇ ਦੇਵੀ ਦੇ ਦਰਸ਼ਨਾਂ ਨੂੰ, ਸਾਡੇ ਘਰ 'ਚ ਇਕ ਵੀ ਜੀਅ ਨਹੀਂ ਜਿਹੜਾ ਨਹੀਂ ਆਇਆ।

ਦੇਵੀ ਪ੍ਰਗਟ ਹੋ ਗਈ ਏ. ਅੱਜ ਦਰਸ਼ਨ ਹੋਣਗੇ ਏਸੇ ਲਈ ਇੰਨਾ ਇਕੱਠ ਏ।

ਸਾਕਸ਼ਾਤ ਦੇਵੀ ਨੇ ਦਰਸ਼ਨ ਦਿੱਤੇ ਹਨ। ਪਹਾੜ ਦੀ ਕਿਸਮਤ ਜਾਗ ਪਈ ਏ।

ਗੁਰੂ ਦੀ ਮਹਿਮਾ ਗਾਓ ਪਹਾੜ ਦੇ ਲੋਕੋ। ਸਾਰਾ ਪਹਾੜ ਹੁਣ ਮਾਲਾ ਦੇ ਮਣਕਿਆਂ 'ਚ ਪਰੁੱਚ ਜਾਏਗਾ। ਹੁਣ ਦੇਵੀ ਦੀ ਸ਼ਕਤੀ ਅੱਗੇ ਮੁਗ਼ਲ ਨਹੀਂ ਠਹਿਰ ਸਕਦਾ। ਮੁਕਤੀ ਮਿਲ ਜਾਏਗੀ ਪਹਾੜ ਨੂੰ।

ਪਹਾੜ ਜਾਗ ਪਿਆ ਤੇ ਪਹਾੜ ਦੀ ਰੂਹ ਜਾਗ ਪਏਗੀ। ਪਹਾੜ ਵਿਚੋਂ ਸੂਰਮੇ ਉਠਣਗੇ ਤੇ ਮੁਗ਼ਲਾਂ ਦੀ ਧੌਣ ਮਰੋੜਣਗੇ। ਗੁਰੂ ਦਾ ਸੁਪਨਾ ਸਾਕਾਰ ਹੋ ਜਾਏਗਾ।

ਇੰਨੀਂ ਭੀੜ, ਏਨੇ ਲੋਕ ਜਜ਼ਬਾ ਲੋਕਾਂ ਦੇ ਸੀਨੇ ਅੰਦਰ ਜਾਗ ਪਿਆ। ਡੌਲੇ ਫਰਕਣ ਲੱਗ ਪਏ। ਮੁਗ਼ਲਾਂ ਬੜੀ ਅੱਤ ਚੁੱਕੀ ਹੋਈ ਸੀ। ਕਿਸੇ ਦੀ ਧੀ ਭੈਣ ਦੀ ਇੱਜ਼ਤ ਨਹੀਂ ਸੀ। ਮੁਗ਼ਲ ਜਿਹਦੀ ਮਰਜ਼ੀ ਬਾਂਹ ਫੜ ਸਕਦਾ। ਕੋਈ ਬੋਲਦਾ ਨਾ, ਰਾਜੇ ਚਾਕਰ ਸਨ ਮੁਗ਼ਲਾਂ ਦੇ, ਰਾਜ ਬਚਿਆ ਰਹੇ, ਪੰਜ-ਦੱਸ ਮੁਟਿਆਰਾਂ ਜੇ ਬਲੀ ਚੜ੍ਹ ਵੀ ਜਾਣ ਕੋਈ ਪ੍ਰਵਾਹ ਨਹੀਂ ਬਾਕੀ ਪਰਜਾ ਤੇ ਗੁਲਛੱਰੇ ਉਡਾ ਰਹੀ ਏ ਬੁੱਲੇ ਲੁੱਟ ਰਹੀ ਏ। ਨਰੇਸ਼ ਪਹਾੜ ਦਾ ਖੁਸ਼ ਏ। ਕੋਈ ਇੱਜ਼ਤ ਨਹੀਂ, ਕੋਈ ਈਮਾਨ ਨਹੀਂ। ਸਾਰਾ ਕੁਝ ਗਹਿਣੇ ਪਾਇਆ ਹੋਇਆ ਏ ਮੁਗ਼ਲਾਂ ਕੋਲ, ਅਣਖ ਵਾਲੀ ਕੋਈ ਗੱਲ ਨਹੀਂ।

ਆਨੰਦਪੁਰ 'ਚ ਅੱਜ ਮੇਲਾ ਲੱਗਾ ਹੋਇਆ ਸੀ। ਸਾਰਾ ਪੰਜਾਬ ਆਨੰਦਪੁਰ ਜੁੜਿਆ ਹੋਇਆ ਸੀ, ਲੋਕ ਉਡੀਕ ਕਰ ਰਹੇ ਸਨ ਗੁਰੂ ਮਹਾਰਾਜ ਦੀ, ਸ਼ਕਤੀ ਉਨ੍ਹਾਂ ਦੇ ਨਾਲ-ਨਾਲ ਆ ਰਹੀ ਏ।

ਸ਼ਕਤੀ ਭਗਤੀ ਤੇ ਵਿਸ਼ਵਾਸ਼ ਪੱਕਾ ਹੋ ਰਿਹਾ ਸੀ ਪਹਾੜ ਦਾ, ਕਾਇਆ ਪਲਟ ਜਾਏਗੀ। ਜੇ ਕਿਤੇ ਦੇਵੀ ਪ੍ਰਗਟ ਹੋ ਗਈ ਫੇਰ ਕੋਈ ਬੁਜ਼ਦਿਲ ਨਹੀਂ ਰਹੇਗਾ। ਡਰ ਉਡਾਰੀਆਂ ਮਾਰ ਕੇ ਉੱਡ ਜਾਏਗਾ। ਜ਼ਿੰਦਗੀ ਭੋਗਣ ਦੇ ਦਿਨ ਫੇਰ ਆਉਣਗੇ। ਆਜ਼ਾਦੀ ਦਾ ਨਸ਼ਾ ਕੀ ਹੁੰਦੈ ਓਦੋਂ ਪਤਾ ਲੱਗੇਗਾ।

ਬਾਣੀ ਦਾ ਪਾਠ ਹੋ ਰਿਹਾ ਸੀ ਸ਼ਰਧਾ ਵਿਚ ਉਬਾਲੇ ਆ ਰਹੇ ਸਨ। ਨਿਸ਼ਚਾ ਦ੍ਰਿੜ੍ਹ ਹੁੰਦਾ ਜਾ ਰਿਹਾ ਸੀ। ਹੜ੍ਹ ਆਇਆ ਹੋਇਆ ਸੀ ਸੰਗਤਾਂ ਦਾ।

ਅਜੇ ਤੱਕ ਗੁਰੂ ਨਹੀਂ ਆਏ। ਘਬਰਾਉਂਦੇ ਕਿਉਂ ਹੋ ਹੌਂਸਲਿਆਂ ਨੂੰ ਥੰਮੀਆਂ ਦੇ ਰੱਖੋ।

ਕੱਲੇ ਕਿੱਦਾਂ ਆਉਣ ਦੇਵੀ ਦੇ ਨਾਲ ਆਉਣਗੇ। ਸੋਨਾ ਅੱਜ ਕੁੰਦਨ ਬਣੇਗਾ।

ਨਗਾਰਾ ਵੱਜਿਆ ਤੇ ਧੜਕਿਆ ਦਿਲ ਪੱਥਰ ਦਾ ਅੱਜ ਕੋਈ ਚਮਤਕਾਰਾ ਹੋਣ ਵਾਲਾ ਏ। ਅੱਜ ਕੋਈ ਅਚੰਭੇ ਦੀ ਗੱਲ ਹੋਣ ਵਾਲੀ ਏ। ਦੇਵਤੇ ਨਾਗ ਲੋਕ 'ਚੋਂ ਪਧਾਰ ਰਹੇ ਹਨ। ਮਾਲਾ ਦੇ ਵਿਚ ਸ਼ਕਤੀ ਪ੍ਰਵੇਸ਼ ਕਰ ਚੁੱਕੀ ਏ। ਗੁਰੂ ਦੇ ਦਰਸ਼ਨਾਂ ਨਾਲ ਨਿਹਾਲ ਹੋ ਜਾਏਗੀ ਸੰਗਤ।

ਇੰਤਜ਼ਾਰ, ਉਡੀਕ, ਚਾਅ ਠਾਠਾਂ ਮਾਰ ਰਿਹਾ ਸੀ। ਸਾਰਿਆਂ ਦੀਆਂ ਨਜ਼ਰਾਂ ਸਿੰਘਾਸਨ ਤੇ ਟਿੱਕੀਆਂ ਹੋਈਆਂ ਸਨ. ਜੈਕਾਰੇ ਗੂੰਜ ਰਹੇ ਸਨ. ਨਗਾਰਾ ਵੱਜ ਰਿਹਾ ਸੀ। ਬੋਲੇ-ਸੋ-ਨਿਹਾਲ ਦੀਆਂ ਸੁਰਾਂ ਨਾਲ ਸਾਰਾ ਦੀਵਾਨ ਗੂੰਜ ਉਠਿਆ।

ਸੈਨਾਪਤਿ ਨੇ ਆਪਣੀ ਸੁਰੀਲੀ ਆਵਾਜ਼ 'ਚ ਐਲਾਨ ਕੀਤਾ, ' ਸਤਗੁਰ ਆ ਰਹੇ ਹਨ।"

ਸੁਨਿਹਰੀ ਚੱਕਰ ਤੇ ਮੱਥੇ ਉਪਰ ਹੀਰਿਆਂ ਜੜ੍ਹੀ ਕਲਗੀ. ਨੇਤਰਾਂ 'ਚ ਬੀਰ ਰੱਸ ਤੇ ਲਾਲੀ ਝਲਕਾਂ ਮਾਰੇ ਮੁੱਖੜੇ ਤੇ, ਹੱਥ ਵਿਚ ਨੰਗੀ ਤਲਵਾਰ, ਮੌਤ ਦੀ ਭੈਣ, ਮੱਥਾ ਤਿਊੜੀਆਂ ਨਾਲ ਭਰਿਆ ਹੋਇਆ।

—ਇਹ ਕੀ ਇਹ ਰੂਪ ਕੋਈ ਇਲਾਹੀ ਏ. ਅਸੀਂ ਕੀ ਵੇਖ ਰਹੇ ਹਾਂ। ਮਾਲਾ ਦੇ ਪੁਜਾਰੀ, ਹੱਥ ਵਿਚ ਤਲਵਾਰ, ਖ਼ੂਨ ਦੇ ਛੱਲੇ ਗਾਉਣ ਵਾਲੀ, ਇਹ ਕੀ ਮਾਜਰਾ ਏ।

—ਇਹ ਰਾਜ਼ ਹੁਣੇ ਖੁੱਲ੍ਹ ਜਾਏਗਾ. ਇਹ ਦੇਵੀ ਦਾ ਸਰੂਪ ਏ, ਇਹ ਸ਼ਕਤੀ ਦਾ ਵਰਦਾਨ ਏ।

ਹਿਲਜੁਲ ਹੋਈ ਦੀਵਾਨ 'ਚ, ਸਹਿਮੇ ਪਹਾੜ ਦੇ ਲੋਕ, ਕਿਤੇ ਖ਼ੂਨ ਦੀ ਹੋਲੀ ਤੇ ਨਹੀਂ ਖੇਡੀ ਜਾਏਗੀ ਅੱਜ। ਅੱਜ ਕੁਝ ਕਰਿਸ਼ਮਾ ਹੋਣ ਵਾਲਾ ਏ। ਅਸਾਂ ਅੱਗੇ ਕਦੀ ਇਹੋ ਜਿਹਾ ਮਾਹੌਲ ਨਹੀਂ ਸੀ ਵੇਖਿਆ।

ਭਾਈ ਇਹ ਮਾਲਾ ਤੇ ਤਲਵਾਰ ਦਾ ਮਿਲਾਪ ਏ। ਅੱਜ ਮਾਲਾ ਨੇ ਸ਼ਕਤੀ ਦਾ ਰੂਪ ਧਾਰ ਲਿਆ ਏ। ਵਿਸ਼ਵਾਸ, ਨਿਸ਼ਚਾ ਪੱਕਾ ਕਰਨ ਦੇ ਦਿਨ ਆ ਰਹੇ ਹਨ।

ਸਾਰੇ ਦੀਵਾਨ 'ਚ ਖ਼ਾਮੋਸ਼ੀ ਛਾ ਗਈ। ਲੋਕ ਸਹਿਮ ਗਏ। ਕੁਝ ਡਰ ਵੀ ਗਏ, ਕੁਝ ਖਿਸਕਣੇ ਵੀ ਸ਼ੁਰੂ ਹੋ ਗਏ।

ਸਾਹਿਬ ਗੁਰੂ ਗੋਬਿੰਦ ਰਾਏ ਬੋਲੇ, "ਮੇਰੇ ਬਹਾਦਰ ਵੀਰੋ! ਪਿਆਰ ਦੇ ਦਲੇਰ ਸਪੂਤੋ! ਡਰਨ ਵਾਲੀ ਤੇ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ। ਤੁਸੀਂ ਦੇਵੀ ਦੇ ਦਰਸ਼ਨ ਕਰਨ ਆਏ ਹੋ ਲਓ ਦਰਸ਼ਨ ਕਰੋ ਸ਼ਕਤੀ ਦੇ, ਦੇਵੀ ਦੇ। ਇਹੋ ਸ਼ਕਤੀ ਏ, ਇਹੋ ਚੰਡਿਕਾ ਏ, ਇਹੋ ਭਵਾਨੀ ਏ, ਸਾਖਸ਼ਾਤ ਮਹਾਂਕਾਲੀ ਏ। ਇਹੋ ਸ਼ਿਵਾ ਦਾ ਰੂਪ ਏ, ਇਹੋ ਤੁਹਾਡੀ ਰੱਖਿਆ ਕਰੇਗੀ ਤੇ ਤੁਹਾਡੇ ਡੌਲਿਆਂ ਵਿਚ ਜੋਸ਼ ਭਰੇਗੀ ਫੇਰ ਤੁਸੀਂ ਮੁਗਲਾਂ ਦੇ ਸਾਹਮਣੇ ਡੱਟ ਕੇ ਖਲੋ ਸਕੋਗੇ। ਸ਼ਕਤੀ ਦਾ ਜਲਾਲ. ਵੀਰਤਾ ਦੀ ਦੇਵੀ ਤਲਵਾਰ।

ਸਾਰਾ ਦੀਵਾਨ ਕੰਬ ਉਠਿਆ ਕੁਝ ਚਿਹਰਿਆਂ ਤੇ ਜਲਾਲ ਵੀ ਸੀ, ਹੌਂਸਲੇ ਬੁਲੰਦ ਸਨ ਗਭਰੂਆਂ ਦੇ ਵੀ। ਸਾਰੇ ਪਹਾੜ ਵਿਚ ਸ਼ਕਤੀ ਦੀ ਰੂਹ ਗੂੰਜ ਉਠੀ।

ਜ਼ਰਾ ਖ਼ਾਮੋਸ਼ੀ, ਚੁੱਪ ਛਾ ਗਈ, ਫੇਰ ਲਹਿਰਾਈ ਤਲਵਾਰ ਗੁਰੂ ਗੋਬਿੰਦ ਰਾਏ ਨੇ ਪਰ ਅਜੇ ਤੱਕ ਬੁੱਲ੍ਹ ਨਹੀਂ ਸਨ ਫਰਕੇ ਗੁਰਾਂ ਦੇ, ਦੀਵਾਨ ਗੂੰਜ ਉੱਠਿਆ ਨਾਅਰਿਆਂ ਨਾਲ, ਨਗਾਰਾ ਵੱਜ ਰਿਹਾ ਸੀ। ਦੇਵੀ ਪ੍ਰਗਟ ਹੋ ਗਈ, ਜੈ ਮਹਾਂਕਾਲ ਜੈ ਭਗੌਤੀ।

★

ਸੀਸ ਭੇਟਾ ੧੬੧

ਗੁਰਾਂ ਦੇ ਨਵੇਂ ਰੂਪ ਨੂੰ ਵੇਖ ਕੇ ਇਕ ਵਾਰ ਤੇ ਲੋਕ ਹੈਰਾਨ ਹੋਏ।

ਜਾਹੋ-ਜਲਾਲ ਚਿਹਰੇ ਤੇ ਡਲ੍ਹਕਾਂ ਮਾਰਦਾ, ਤੇਜ ਦਾ ਜਲਵਾ ਸੀ, ਚਿਹਰੇ ਵਿਚੋਂ ਤੇ ਨੇਤਰਾਂ ਵਿਚੋਂ ਬੀਰ ਰਸ ਚਮਕ ਰਿਹਾ ਸੀ। ਆਖ਼ਰ ਚੁੱਪ ਦਾ ਜੰਦਰਾ ਟੁੱਟਾ ਤੇ ਫਰਮਾਇਆ ਸਤਗੁਰਾਂ ਨੇ, ਆਵਾਜ਼ ਵਿਚ ਗਰਜ ਸੀ, ਜਲਾਲ ਸੀ, ਤੇਜ ਸੀ ਤੇ ਜੋਸ਼ ਸੀ।

"ਮੇਰੇ ਪਿਆਰੇ ਸਾਥਿਓ, ਗੁਰੂ ਦੇ ਗੁਰ ਸੇਵਕੋ ਅੱਜ ਜ਼ਮਾਨੇ ਨੇ ਕਰਵੱਟ ਲਈ ਏ। ਰੁੱਖ ਬਦਲਿਆ ਏ ਹਵਾਵਾਂ ਨੇ, ਪਹਾੜ ਦੀ ਧਰਤੀ ਵਿਚੋਂ ਜਵਾਲਾ ਫੁੱਟੀ ਏ। ਜੇ ਤੁਸਾਂ ਮਰਦਾਂ ਵਾਂਗੂੰ ਜਿਊਣਾ ਏ, ਪੱਗ ਨੂੰ ਦਾਗ ਨਹੀਂ ਲੱਗਣ ਦੇਣਾ ਤੇ ਆਓ ਮੇਰੀ ਸਰਦੱਲ ਤੇ, ਮੈਂ ਤੁਹਾਨੂੰ ਜਿਊਣ ਦਾ ਰਾਹ ਦੱਸਦਾ ਹਾਂ। ਮੈਨੂੰ ਲੋੜ ਏ ਇਕ ਸਿਰ ਦੀ। ਹੈ ਕੋਈ ਗੁਰੂ ਦਾ ਲਾਲ ਜਿਹੜਾ ਸੀਸ ਭੇਟ ਕਰ ਸਕੇ! ਤਲਵਾਰ ਨੇ ਹਵਾ ਵਿਚ ਤਾਰੀਆਂ ਲਾਈਆਂ।

ਸੱਪ ਸੁੰਘ ਗਿਆ ਸਾਰੇ ਦੀਵਾਨ ਨੂੰ, ਚੁੱਪ ਵਰਤ ਗਈ, ਸੁਸਰੀ ਵਾਂਗੂੰ ਸੌਂ ਗਏ ਲੋਕ, ਕਿਥੇ ਗਿਆ ਜਲਾਲ, ਕਿਥੇ ਗਈਆਂ ਉਮੀਦਾਂ ਜਿਹੜੇ ਲੈ ਕੇ ਆਏ ਸਨ ਆਨੰਦਪੁਰ ਵਿਚ।

ਇਹ ਦੇਵੀ ਦਾ ਵਰਦਾਨ ਏ, ਦੇਵੀ ਦੀ ਭੇਟਾ ਇਕ ਸਿਰ।

ਸੰਗਤ ਵਿਚੋਂ ਕੋਈ ਜਵਾਬ ਨਾ ਆਇਆ। ਲੋਕਾਂ ਉਂਘੀਆਂ ਪਾ ਲਈਆਂ।

ਇੰਨੀ ਦੇਰ, ਗੁਰੂ ਦੇਵ ਨੇ ਪਹਿਲਾਂ ਨਾਲੋਂ ਉੱਚੀ ਆਵਾਜ਼ 'ਚ ਗਰਜ ਕੇ ਆਖਿਆ।

ਇਕ ਸਿਰ ਹੈ ਕੋਈ ਗੁਰੂ ਦਾ ਪਿਆਰਾ ਗੁਰੂ ਦਾ ਸ਼ਰਧਾਲੂ। ਨਿੱਤਰੇ, ਉੱਠੇ ਇੰਨੀ ਸੰਗਤ ਵਿਚੋਂ ਹੈ ਕੋਈ ਮਰਦ, ਫਿਰ ਕੜਕਵੀਂ ਆਵਾਜ਼ ਗੂੰਜੀ, ਇਕ ਸਿਰ। ਇਹ ਤੀਸਰਾ ਵਾਕ ਏ।

ਸਾਰੀ ਕੌਮ ਮੁਰਦਾ ਹੋ ਗਈ ਏ ਕਿ ਕੌਮ ਵਿਚ ਇਕ ਵੀ ਸੂਰਮਾ ਨਹੀਂ। ਬੁਜ਼ਦਿਲੀ ਦੀ ਲੋਈ ਲਾਹੋ ਤੇ ਆਓ ਪਿੜ੍ਹ ਵਿਚ। ਇਹ ਦਿਨ ਮੁੜ ਕੇ ਨਹੀਂ ਆਉਣਾ। ਇੰਨੀਂ ਦੇਰ, ਆਵਾਜ਼ ਵਿਚ ਸ਼ੇਰ ਦੀ ਗਰਜ ਸੀ।

ਸੱਚੇ ਪਾਤਸ਼ਾਹ ਮੈਂ ਹਾਜ਼ਰ ਹਾਂ, ਐਵੇਂ ਦੇਰ ਹੋ ਗਈ, ਮੇਰਾ ਸਿਰ ਹਾਜ਼ਿਰ ਏ, ਹੱਥ ਜੋੜੇ ਭਾਈ ਦਇਆ ਰਾਮ ਨੇ।

ਦੀਵਾਨ 'ਚ ਫੇਰ ਭੀੜ ਖਿਸਕਣ ਲੱਗ ਪਈ। ਪਹਾੜੀਏ ਕੁਝ ਜੁੱਤੀਆਂ ਛੱਡ ਕੇ ਨੱਸ ਉੱਠੇ। ਬੁਜ਼ਦਿਲ ਤੇ ਹੌਕੇ ਲੈ ਰਹੇ ਸਨ। ਮਾੜੇ ਦਿਲ ਵਾਲੇ, ਕਮਜ਼ੋਰ ਜੁੱਸੇ ਵਾਲੇ ਤੂਤ ਦੀ ਛਟੀ ਵਾਂਗੂੰ ਕੰਬ ਰਹੇ ਸਨ।

ਇਹ ਕੀ ਕਾਰਾ ਵਰਤ ਰਿਹਾ ਏ। ਗੁਰੂ ਤੇ ਇਹੋ ਜਿਹੇ ਨਹੀਂ ਸਨ।

—ਇਹ ਵਕਤ ਦੀ ਨਜ਼ਾਕਤ, ਜ਼ਮਾਨੇ ਦੀ ਕਰਵੱਟ ਦਾ ਕਰਿਸ਼ਮਾ ਏ। ਵਕਤ ਸੰਭਾਲਣ ਦਾ ਅੱਜ ਈ ਵੇਲਾ ਏ।

ਭਾਈ ਦਇਆ ਰਾਮ ਹੱਥ ਜੋੜੀ ਖੜ੍ਹਾ ਸੀ।

ਆਓ ਭਾਈ, ਆਓ ਦਇਆ ਰਾਮ, ਮੈਂ ਤੇਰੇ ਸਿਰ ਦੀ ਭੇਟਾ ਮੰਗੀ ਏ। ਮੈਂ ਬਲੀ ਚੜ੍ਹਾ ਦੇਵਾਂ ਦੇਵੀ ਦੀ। ਇਕ ਵਾਰ ਫੇਰ ਸੋਚ ਲੈ।

ਸਚੇ ਪਾਤਸ਼ਾਹ ਇਹ ਸਿਰ ਤੁਹਾਡੇ ਤੋਂ ਸਦਕੇ, ਹੁਣ ਤੁਸੀਂ ਈ ਇਹਦੇ ਮਾਲਕ ਹੋ।

ਕਿਥੋਂ ਦਾ ਰਹਿਣ ਵਾਲਾ ਏਂ ਸੱਜਣਾ।

ਲਾਹੌਰ ਦਾ ਤੇ ਮੇਰਾ ਨਾਂ ਏ ਦਇਆ ਰਾਮ । ਮੈਂ ਜ਼ਾਤ ਦਾ ਖੱਤਰੀ ਹਾਂ ਤੇ ਲਾਹੌਰ ਦਾ ਵਾਸੀ ਹਾਂ।

ਲਾਹੌਰ ਵਿਚ ਦਇਆ? ਉਥੇ ਤੇ ਕਹਿਰ ਦਾ ਰਿੱਛ ਨੱਚਦਾ ਏ। ਉਥੇ ਦਇਆ ਕਿਥੇ, ਆ ਮੈਂ ਤੈਨੂੰ ਦੱਸਦਾ ਹਾਂ ਦਇਆ ਦਾ ਰਾਹ। ਬਾਹੋਂ ਫੜ ਕੇ ਲੈ ਗਏ ਸਤਗੁਰ ਦਇਆ ਰਾਮ ਨੂੰ। ਡਰ ਭੈਅ ਤੇ ਸਹਿਮ ਕੁਝ ਨਹੀਂ ਸੀ। ਸ਼ੇਰਾਂ ਵਾਂਗੂੰ ਜਾ ਰਿਹਾ ਸੀ ਗਭਰੂ। ਸਤਿਗੁਰਾਂ ਬਾਂਹ ਫੜੀ ਤੇ ਤੰਬੂ 'ਚ ਲੈ ਗਏ। ਇਹ ਕੌਤਕ ਸੀ ਜਾਂ ਕ੍ਰਿਸ਼ਮਾ ਸੀ ਜਾਂ ਕਰਾਮਾਤ ਸੀ ਜਾਂ ਰਹਿਮਤ ਦੀ ਬਰਖਾ ਹੋਣ ਵਾਲੀ ਸੀ।

ਦੀਵਾਨ 'ਚ ਇਕ ਵਾਰ ਫੇਰ ਕਾਂਬਾ ਛਿੜਿਆ। ਜਿਸ ਨੇ ਤਲਵਾਰ ਦੀ ਚਮਕ ਵੇਖੀ, ਉਨ੍ਹਾਂ ਦੇ ਤੇ ਦੰਦ ਵੱਜ ਰਹੇ ਸਨ। ਕੁਝ ਚਿਰ ਫਿਰ ਚੁੱਪ, ਵਿਰਾਨੀ ਤੇ ਹੂ ਦਾ ਆਲਮ ਸੀ।

ਲਹੂ ਵਿਚ ਤਲਵਾਰ ਨ੍ਹਾਤੀ ਹੋਈ, ਤ੍ਰੁਪਕੇ ਡਿੱਗਣ ਤੱਤੇ ਲਹੂ ਦੇ, ਕਿਸੇ ਦੀ ਗਰਦਨ ਦਾ ਲਹੂ ਲਾਲ ਸੂਹਾ।

ਸਤਿਗੁਰ ਹੱਥ ਵਿਚ ਤਲਵਾਰ ਲਈ, ਸਿੰਘਾਸਨ ਕੋਲ ਆਣ ਖਲੋਤੇ।

ਦੀਵਾਨ 'ਚ ਭਾਜੜ ਪੈ ਗਈ ਸੀ । ਲੋਕ ਨੱਸ ਰਹੇ ਸਨ, ਡਰੇ ਲੋਕਾਂ ਦਾ ਸਰੀਰ ਕੰਬ ਰਿਹਾ ਸੀ।

ਠਹਿਰੋ ਲਾਜ ਨਾ ਲਾਓ ਆਪਣੇ ਬਜ਼ੁਰਗਾਂ ਨੂੰ, ਪੱਗ ਨੂੰ ਦਾਗੀ ਨਾ ਕਰੋ, ਅਣਖ ਨੂੰ ਗਹਿਣੇ ਨਾ ਪਾਓ। ਇਕ ਸਿਰ ਨਾਲ ਮੇਰੀ ਤੇਗ਼ ਦੀ ਪਿਆਸ ਨਹੀਂ ਬੁੱਝੀ। ਹੋਰ ਇਕ ਯੋਧਾ ਉਠੇ ਜੋ ਖ਼ੁਸ਼ੀ ਨਾਲ ਸੀਸ ਭੇਟਾ ਕਰਨ ਨੂੰ ਤਿਆਰ ਹੋਵੇ।

ਹੁਣ ਕੌਣ ਉੱਠੂ, ਕੌਣ ਸਿਰ ਦੀ ਬਲੀ ਦੇਵੇ। ਮੌਤ ਸਾਹਮਣੇ ਕੌਣ ਖਲੋਵੇ। ਖ਼ਲਕੱਤ ਵਿਚ ਅੰਦਰ ਈ ਅੰਦਰ ਹਿਲਜੁੱਲ ਮੱਚ ਰਹੀ ਸੀ। ਲੋਕ ਰਾਹ ਲੱਭ ਰਹੇ ਸਨ ਨੱਸਣ ਦਾ।

ਉਠੋ ਹੈ ਕੋਈ ਗੁਰੂ ਦਾ ਲਾਲ, ਜਿਹੜਾ ਗੁਰੂ ਦੇ ਨਾਂ ਤੇ ਸੀਸ ਭੇਟਾ ਕਰ ਸਕਦਾ। ਤਲਵਾਰ ਸਾਹਮਣੇ ਤੇ ਮਰਦ ਈ ਖੜ੍ਹਾ ਹੋਵੇਗਾ। ਬੁਜ਼ਦਿਲ ਤੇ ਕਿਤੇ ਪ੍ਰਛਾਵਾਂ ਵੀ ਨਹੀਂ ਲੰਘਦਾ। ਤਲਵਾਰ ਲਹੂ ਮੰਗਦੀ ਏ। ਲਹੂ ਪੀਣ ਦੀ ਤਿਹਾਈ ਏ। ਲਹੂ ਚਾਹੀਦੈ ਕਿਸੇ ਦੀ ਗਰਦਨ ਦਾ।

ਜ਼ਰਾ ਦੇਰ ਨਾ ਲੱਗੀ। ਸਾਰੇ ਲੋਕ ਹੈਰਾਨ ਹੋ ਗਏ। ਜਦ ਹੱਥ ਜੋੜੀ ਖੜ੍ਹਾ ਸੀ ਧਰਮਦਾਸ।

ਆਵਾਜ਼ ਉਭਰੀ, ਗੁਰੂਦੇਵ! ਤਨ, ਮਨ, ਧਨ ਸਭ ਕੁਝ ਤੁਹਾਡੀ ਅਮਾਨਤ ਏ। ਫਿਰ ਵੀ ਸਿਰ ਆਪਣਾ ਤੁਹਾਡੀ ਨਜ਼ਰ ਕਰਦਾ ਹਾਂ। ਜਨਮ ਪ੍ਰਵਾਨ ਹੋਵੇ।

ਬਾਹੋਂ ਫੜ ਕੇ ਨਾਲ ਲੈ ਗਏ ਤੰਬੂ ਵੱਲ, ਆਵਾਜ਼ ਆਈ ਠਾਹ।

ਸਿਰ ਵੱਢ ਦਿੱਤਾ ਸਤਗੁਰਾਂ ਨੇ ਧਰਮਦਾਸ ਦਾ ਜਾਂ ਇਕ ਬੱਕਰਾ ਝਟਕਾ ਦਿੱਤਾ। ਤਲਵਾਰ ਲਹੂ 'ਚ ਇਸ਼ਨਾਨ ਕਰ ਚੁੱਕੀ ਸੀ। ਦਇਆ ਰਾਮ ਦੇ ਕੋਲ ਈ ਬਿਠਾ ਦਿਤਾ ਧਰਮਦਾਸ। ਓਹ ਗੱਲ ਯਾਦ ਸੀ ਧਰਮ ਦਾਸ ਨੂੰ। ਆਹ ਮੈਂ ਤੈਨੂੰ ਧਰਮ ਦਾ ਰਾਹ ਦੱਸ ਦੇਵਾਂ। ਧਰਮ ਕਿਥੇ ਐ ਤੇ ਅਧਰਮ ਦਾ ਪਹਿਰਾ ਕਿਥੇ ਐ। ਲੋਕ ਗੱਲਾਂ ਕਰਦੇ ਸਨ ਕਿ ਬੱਕਰੇ ਪਹਿਲਾਂ ਈ ਬੰਨ੍ਹ ਰੱਖੇ ਹਨ ਤੰਬੂ ਵਿਚ।

ਕੁਹਰਾਮ ਮੱਚ ਗਿਆ ਦੀਵਾਨ ਵਿਚ, ਲਓ ਇਕ ਦੀ ਜਾਨ ਹੋਰ ਗਈ। ਅੱਜ ਗੁਰੂ ਨੂੰ ਕੀ ਹੋ ਗਿਐ। ਦੇਵੀ ਅਜੇ ਰੱਜੀ ਨਹੀਂ ਦੋ ਬਲੀਆਂ ਲੈ ਕੇ।

ਕੌਮ ਨੂੰ ਕਿੰਨੀਆਂ ਬਲੀਆਂ ਦੇਣੀਆਂ ਪੈਂਦੀਆਂ ਨੇ। ਕੌਮਾਂ ਐਵੇਂ ਨਹੀਂ ਉਸਰਦੀਆਂ। ਇਹ ਬੋਲ ਧਰਮਦਾਸ ਨੂੰ ਯਾਦ ਸਨ। ਜਦ ਸਤਿਗੁਰਾਂ ਪੁਛਿਆ ਕੀ ਨਾਂ ਏ ਤੇਰਾ ਕਿਥੋਂ ਦਾ ਰਹਿਣ ਵਾਲਾ ਏਂ ਤਦ ਮੈਂ ਫ਼ਖਰ ਨਾਲ ਆਖਿਆ ਕਿ ਮੈਂ ਜਾਟ ਹਾਂ ਹਸਤਿਨਾਪੁਰ ਦਾ।

ਤਲਵਾਰ 'ਚੋਂ ਚੋਂਦੇ ਲਹੂ ਦੇ ਤੁਪਕੇ ਜਦ ਦੀਵਾਨ ਨੇ ਦੂਜੀ ਵਾਰ ਵੇਖੇ, ਅੱਧਾ ਦੀਵਾਨ ਵਿਹਲਾ ਹੋ ਚੁੱਕਾ ਸੀ।

ਤਲਵਾਰ ਹਵਾ 'ਚ ਫਿਰ ਲਹਿਰਾਈ, ਲਹੂ ਦੇ ਛਿੱਟਿਆਂ 'ਚੋਂ ਸੂਰਜ ਚਮਕਿਆ।

ਛਰ ਨਾਲ ਤੇ ਸ਼ਰਮ ਨਾਲ ਜਿਹੜਾ ਬੰਦਾ ਆਖਦੈ ਕਿ ਮੈਂ ਗੁਰੂ ਦਾ ਹਾਂ। ਤਨ, ਮਨ, ਧਨ ਸਭ ਗੁਰੂ ਦਾ ਏ ਤੇ ਸਭ ਗੁਰੂ ਦੇ ਲੇਖੇ ਲਾ ਦਿੱਤਾ ਏ। ਇਹ ਝੂਠ ਏ। ਮਰਦ ਓਹ ਏ ਜਿਹੜਾ ਮੈਦਾਨ 'ਚ ਨਿੱਤਰੇ। ਦੇਵੀ ਅਜੇ ਇਕ ਹੋਰ ਬਲੀ ਮੰਗਦੀ ਏ। ਇਕ ਸਿਰ ਹੋਰ ਚਾਹੀਦੈ। ਹੈ ਕੋਈ ਸਿਦਕੀ ਸਿੱਖ। ਹੈ ਕੋਈ ਸਿਰ ਕਟਵਾਉਣ ਵਾਲਾ ਅਣਖੀ ਸੂਰਮਾ।

ਲੋਕ ਅਕਾਲ ਪੁਰਖ ਅੱਗੇ ਅਰਦਾਸ ਕਰ ਰਹੇ ਸਨ ਯੱਗ ਗੁਰਾਂ ਨੂੰ ਪੁੱਠਾ ਪੈ ਗਿਆ। ਸੋਚ ਸ਼ਕਤੀ ਜਾਂਦੀ ਰਹੀ ਏ ਦਿਮਾਗ਼ ਫਿਰ ਗਿਐ।

ਲੋਕ ਨੱਸ ਰਹੇ ਸਨ, ਭਾਜੜ ਪੈ ਗਈ ਸੀ ਦੀਵਾਨ ਵਿਚ, ਸੰਗਤ ਡੋਲ ਰਹੀ ਸੀ ਪਰ ਇਕ ਜਵਾਨ ਮਰਦ ਹੱਥ ਜੋੜੀ ਖੜਾ ਸੀ।

ਮੈਂ ਹਾਜ਼ਰ ਹਾਂ, ਮੇਰੀ ਸੀਸ ਭੇਟਾ ਕਬੂਲ ਕਰੋ, ਮੈਨੂੰ ਮਾਨ ਬਖ਼ਸ਼ੋ ਮੈਂ ਸਾਹਬ ਰਾਮ, ਜ਼ਾਤ ਦਾ ਨਾਈ, ਮੇਰਾ ਜਨਮ ਸਫਲ ਹੋਵੇ।

ਆਹ ਭਈ ਅਸੀਂ ਤੇਰੀ ਚੌਰਾਸੀ ਕੱਟਦੇ ਹਾਂ, ਬਿਦਰ ਦਾ ਰਹਿਣ ਵਾਲਾ ਨਾਈ ਜ਼ਾਤ ਮੇਰੀ। ਚੱਲ ਆ ਤੂੰ ਵੀ ਜਹਾਜ਼ੇ ਚੜ੍ਹ ਕੇ ਵੇਖ ਲੈ। ਓਸੇ ਤਰ੍ਹਾਂ ਉਹਨੂੰ ਵੀ ਫੜ ਕੇ ਲੈ ਗਏ ਤੰਬੂ ਵਿਚ ਤੇ ਆਵਾਜ਼ ਆ ਰਹੀ ਸੀ ਆ ਅੱਜ ਮੈਂ ਤੇਰੀ ਜ਼ਾਤ ਬਦਲਦਾ ਹਾਂ, ਤੂੰ ਸਭ ਤੋਂ ਉੱਚੀ ਜ਼ਾਤ ਦਾ ਐਂ।

ਗੱਲ ਬੜੀ ਖ਼ਤਰਨਾਕ ਸੀ, ਸਿਰ ਝਟਕਾਏ ਜਾ ਰਹੇ ਸਨ। ਦਹਿਸ਼ਤ ਫੈਲ ਗਈ ਸੀ। ਦਿਲ ਟੁੱਟ ਰਹੇ ਸਨ ਸ਼ਰਧਾਲੂਆਂ ਦੇ ਖ਼ਾਮੋਸ਼ੀ ਦਾ ਦੌਰ ਫਿਰ ਗਿਆ ਸੀ, ਕੁਝ ਲੋਕ ਨੱਸ ਰਹੇ ਸਨ ਤੇ ਕੁਝ ਲੋਕ ਨੱਸਣ ਦੀਆਂ ਤਿਆਰੀਆਂ ਕਰ ਰਹੇ ਸਨ। ਕੁਝ ਸਿੱਖਾਂ ਮਾਤਾ ਜੀ ਅੱਗੇ ਜਾ ਅਰਜ਼ ਕੀਤੀ।

ਮਾਤਾ ਜੀ ਤੁਸਾਂ ਜੇ ਆਪਣੇ ਪੁੱਤ ਨੂੰ ਮੋੜਿਆ ਨਾ ਤੇ ਗੁਰੂ ਦੇ ਹੱਥੋਂ ਸਾਰੇ ਸਿੱਖ ਕਤਲ ਹੋ ਜਾਣਗੇ। ਯੱਗ ਪੁੱਠਾ ਪੈ ਗਿਐ। ਗੁਰੂ ਦਾ ਦਿਮਾਗ਼ ਵਿਗੜ ਗਿਐ। ਗੁਰੂ ਬਾਵਰਾ ਹੋ ਗਿਐ, ਪੋਤਰੇ ਨੂੰ ਗੱਦੀ ਬਖ਼ਸ਼ ਦਿਓ। ਗੁਰੂ ਅੱਜ ਸਾਰੀ ਕੌਮ ਕਤਲ ਕਰਕੇ ਈ ਸਾਹ ਲਏਗਾ। ਜਾਓ ਤੇ ਰੋਕ

ਲਓ। ਤਲਵਾਰ ਵਿਚੋਂ ਲਹੂ ਚੋਂਦਾ ਵੇਖ ਕੇ ਸਾਰੀ ਕੌਮ ਕੰਬ ਉਠੀ ਏ। ਪਹਾੜੀਏ ਨੱਸ ਗਏ ਹਨ। ਉਹ ਘਰ ਵੀ ਜਾ ਪੁੱਜੇ ਹੋਣਗੇ।

ਇਧਰ ਫਰਿਯਾਦ ਹੋ ਰਹੀ ਸੀ ਤੇ ਉਧਰ ਦੀਵਾਨ ਵਿਚ ਚੌਥੇ ਸਿਰ ਦੀ ਮੰਗ ਕੀਤੀ ਜਾ ਰਹੀ ਸੀ।

ਭਰੇ ਦੀਵਾਨ ਵਿਚੋਂ ਹਿੰਮਤ ਰਾਮ ਉਠਿਆ। ਮੈਂ ਘੁਮਿਆਰ ਮਿੱਟੀ 'ਚ ਤੁਲਿਆ ਹੋਇਆ। ਪਵਿੱਤਰ ਤੀਰਥ ਪੁਰੀ ਦਾ ਰਹਿਣ ਵਾਲਾ।

ਸਤਗੁਰਾਂ ਫ਼ਰਮਾਇਆ, "ਆਪਣੀ ਮਰਜ਼ੀ ਨਾਲ ਆਇਐਂ ਜਾਂ ਭੇਡਚਾਲ ਦੇ ਮਗਰ, ਐਵੇਂ ਸ਼ਰਮ 'ਚ ਸਿਰ ਨਾ ਕਟਵਾ ਬਹੀਂ।"

ਮੈਂ ਗੁਰੂ ਦਾ ਸਿੱਖ ਹਾਂ। ਇਹ ਸਭ ਕੁਝ ਗੁਰੂ ਤੇ ਨਿਛਾਵਰ ਏ। ਇਕ ਸਿਰ ਕੀ ਕਈ ਸਿਰ ਤੁਹਾਡੀ ਭੇਟਾ ਹੋਣਗੇ। ਸਿਰ ਨਹੀਂ ਮੁੱਕਣ ਲੱਗੇ ਤੁਹਾਡੇ ਹੱਥ ਥੱਕ ਜਾਣਗੇ।

ਹਿੰਮਤ ਰਾਮ ਨਾਲ ਵੀ ਓਹੋ ਹੋਈ। ਜਿਹੜੀ ਪਹਿਲੇ ਸਿੱਖਾਂ ਨਾਲ ਵਾਪਰੀ ਸੀ।

ਸਤਿਗੁਰਾਂ ਤਲਵਾਰ ਨੂੰ ਇਕ ਵਾਰ ਫੇਰ ਝਟਕਾ ਦਿੱਤਾ, ਤਲਵਾਰ ਇਕ ਵਾਰ ਫੇਰ ਚਮਕੀ। ਇਕ ਵਾਰ ਫੇਰ ਲੋਕਾਂ ਨੇ ਮੌਤ ਵੇਖੀ, ਸਾਹਮਣੇ ਖਲੋਤੀ।

ਇਕ ਸਿਰ ਹੋਰ, ਅਜੇ ਦੇਵੀ ਦੀ ਮੁਰਾਦ ਪੂਰੀ ਨਹੀਂ ਹੋਈ।

ਅਜੇ ਬੋਲ ਬੁੱਲ੍ਹਾਂ ਵਿਚ ਈ ਸਨ। ਸਾਹਮਣੇ ਖੜ੍ਹਾ ਸੀ ਹਿੰਮਤ ਚੰਦ, ਮੈਂ ਦਾਸ ਹਾਜ਼ਰ ਹਾਂ। ਮੈਨੂੰ ਏਸ ਭੱਠੀ 'ਚ ਪਾ ਕੇ ਕੁੰਦਨ ਬਣਾਓ। ਸਤਿਗੁਰ ਇਹ ਵੇਲਾ ਰੋਜ਼-ਰੋਜ਼ ਨਹੀਂ ਆਉਣ। ਮੇਰੀ ਜ਼ਾਤ ਛੀਂਬਾ, ਦਵਾਰਿਕਾ ਦਾ ਵਸਨੀਕ, ਸਾਰੀ ਕਮਾਈ ਸਫਲ ਹੋਵੇ।

ਭਾਣਾ ਓਸੇ ਤਰ੍ਹਾਂ ਈ ਵਰਤਿਆ। ਓਹੋ ਈ ਕਹਾਣੀ, ਓਹੋ ਈ ਤਮਾਸ਼ਾ, ਓਹੋ ਈ ਕ੍ਰਿਸ਼ਮਾ।

ਤੰਬੂ ਵਿਚ ਮੋਹਕਮ ਚੰਦ ਤੇ ਫੇਰ ਝਟਕੇ ਦੀ ਆਵਾਜ਼, ਧੌਣ ਦੇ ਲੱਥਣ ਦੀ ਆਵਾਜ਼ ਦੀਵਾਨ ਨੇ ਸੁਣੀ ਵੇਖੀ ਨਹੀਂ। ਇਹ ਸਭ ਕ੍ਰਿਸ਼ਮਾ ਤੰਬੂ ਵਿਚ ਈ ਹੋਇਆ।

—ਜੇ ਬਕਰੇ ਹੁੰਦੇ ਮਿਆਂਕਦੇ ਨਾ ? ਸਿਰ ਝਟਕਾ ਕੇ ਜੋੜਨੇ ਗੁਰੂ ਘਰ 'ਚ ਕਰਾਮਾਤ ਤਾਂ ਕਹਿਰ ਦਾ ਨਾਂ ਏ। ਜ਼ਰੂਰ ਖ਼ੂਨ ਦਾ ਕੜਾਹਾ ਭਰ ਕੇ ਰਖਿਆ ਜਾਪਦੈ। ਇਕ ਸ਼ਰਧਾਲੂ ਦੇ ਬੋਲ ਸਨ

ਸ਼ਿਕਾਇਤ ਕਰਨ ਵਾਲੇ ਬੇਨਤੀ ਕਰਨ ਗਏ ਮਾਤਾ ਜੀ ਕੋਲ ਸਿੱਖ।

ਜਦ ਮਾਤਾ ਜੀ ਨੇ ਹੁਕਮ ਭੇਜਿਆ ਤਦ ਮਾਤਾ ਜੀ ਨੇ ਉਨ੍ਹਾਂ ਦਾ ਦਿਲ ਰਖਿਆ ਪਰ ਅੰਦਰੋਂ ਸੋਚਿਆ ਇਹ ਗੁਰ ਨਾਨਕ ਦੀ ਗੱਦੀ ਤੇ ਬੈਠਾ ਗੁਰੂ ਸਮਰੱਥ ਏ। ਲੋਕਾਂ ਨੂੰ ਐਵੇਂ ਭੁਲੇਖਾ ਏ।

ਜਦ ਨਿਕਟਵਰਤੀ ਨਿੱਜੀ ਸੇਵਕ ਦੀਵਾਨ 'ਚ ਪੁੱਜੇ ਤਦ ਤੱਕ ਸਾਰੀ ਪ੍ਰੀਖਿਆ ਪੂਰੀ ਹੋ ਚੁੱਕੀ ਸੀ।

ਫਿਰ ਲੋਕਾਂ ਸੋਚਿਆ ਗੁਰੂ ਫੇਰ ਹੁਣੇ ਆਉਂਦੇ ਹਨ। ਦੇਰ ਹੋ ਗਈ ਗੁਰੂ ਬਾਹਰ ਨਾ ਆਏ। ਹੁਣ ਲੋਕ ਫਿਰ ਆਪਣੀ ਜਗ੍ਹਾ ਤੇ ਆਸਨ ਲਾ ਬੈਠੇ ਸੀ। ਇਹ ਸਾਰੀ ਕਥਾ ਕੇਸਗੜ੍ਹ ਦੀ ਏ। ਸਿਰ ਦੇ ਕੇ ਈ ਸਰਦਾਰੀਆਂ ਮਿਲਦੀਆਂ ਹਨ।

★

ਤੰਬੂ ਦੀ ਬੁੱਕਲ ਵਿਚ ੧੬੨

ਗੁਰੂ ਗੋਬਿੰਦ ਰਾਏ ਤੰਬੂ 'ਚੋਂ ਨਾ ਨਿਕਲੇ, ਬੜੀ ਦੇਰ ਹੋ ਗਈ। ਲੋਕ ਹੈਰਾਨ ਸਨ ਪਤਾ ਨਹੀਂ ਹੁਣ ਤੋਂ ਅੱਗੇ ਕੀ ਹੋਣ ਵਾਲੈ।

ਡਰ, ਸਹਿਮ, ਖ਼ਾਮੋਸ਼. ਖ਼ਾਮੋਸ਼ੀ ਦਾ ਸਮਾ ਸੀ, ਚੁੱਪ ਵਰਤੀ ਹੋਈ ਸੀ।

---ਪੰਜ ਬਲੀਆਂ ਲੈ ਕੇ ਦੇਵੀ ਪ੍ਰਸੰਨ ਹੋ ਗਈ ਏ। ਜਾਂ ਹੋਰ ਕੁਰਬਾਨੀ ਦੇਣੀ ਪਏਗੀ।

- ਇਹ ਤੇ ਸਤਿਗੁਰ ਈ ਜਾਣਨ. ਪਰ ਹੁਣ ਜਿਹੜਾ ਧਮਾਕਾ ਹੋਣ ਵਾਲਾ ਏ। ਇਹ ਨਿਰਾਲਾ ਈ ਕੌਤਕ ਹੋਏਗਾ। ਗੁਰੂ ਦੀ ਜਾਣੇ ਕੀ ਭਾਣਾ ਵਰਤਣਾ ਏ। ਫਸੀ ਨੂੰ ਫ਼ਟਕਣ ਕੀ। ਹੁਣ ਭਉਂਦੀ ਦਾ ਭਉ ਵੇਖ ਕੇ ਈ ਜਾਵਾਂਗੇ।

—ਤੰਬੂ ਹਿੱਲਿਆ ਹਰਕਤ ਹੋਈ। ਇਸ ਹਿਲਜੁਲ ਵਿੱਚੋਂ ਗੁਰੂ ਗੋਬਿੰਦ ਰਾਏ ਪ੍ਰਗਟ ਹੋਏ। ਹੁਣ ਤਲਵਾਰ ਮਿਆਨ ਵਿਚ ਸੀ, ਚਿਹਰੇ ਤੇ ਖੁਸ਼ੀ ਨੱਚ ਰਹੀ ਸੀ। ਸ਼ਕਤੀ ਦਾ ਪਹਿਰਾ ਸੀ, ਸ਼ਾਂਤੀ ਦਾ ਪਹਿਰਾ ਸੀ। ਦੀਵਾਨ 'ਚ ਕੋਈ 'ਹਲਜੁਲ ਨਹੀਂ' ਸੀ। ਜਿੰਨ ਭੱਜਣਾ ਸੀ ਉਹ ਭੱਜ ਚੁੱਕਾ ਸੀ। ਡਰਾਕਲ ਅਨੰਦਪੁਰ ਦੀ ਜੂਹ ਪਾਰ ਕਰ ਚੁੱਕੇ ਸਨ। ਕੱਚਾ ਪਿੱਲਾ ਝੜ ਚੁੱਕਾ ਸੀ।

ਰਹਿਮਤ ਦੀ ਵਰਖਾ ਹੋਣ ਵਾਲੀ ਸੀ। ਮਸੰਦਾਂ ਦੇ ਹੈਰਾਨੀ ਨਾਲ ਮੂੰਹ ਅੱਡੇ ਦੇ ਅੱਡੇ ਰਹਿ ਗਏ। ਜਦ ਸੰਗਤ ਨੇ ਸਤਗੁਰਾਂ ਦੇ ਦਰਸ਼ਨ ਕੀਤੇ ਤਦ ਧੰਨ ਗੁਰੂ-ਧੰਨ ਗੁਰੂ ਦੀ ਧੁਨੀ ਗੂੰਜਣ ਲਗੀ। ਹਨੇਰੀ ਰਾਤ ਵਿੱਚੋਂ ਸੂਰਜ ਚੜ੍ਹ ਆਇਆ।

ਹਜ਼ੂਰ ਨੇ ਹੱਥ ਦੇ ਇਸ਼ਾਰੇ ਨਾਲ ਸੰਗਤ ਨੂੰ ਚੁੱਪ ਰਹਿਣ ਲਈ ਆਖਿਆ।

ਗੁਰੂ ਦੇ ਉਪਾਸ਼ਕੋ, ਅਕਾਲ ਪੁਰਖ ਦੀ ਕਿਰਪਾ ਨਾਲ ਪੰਜ ਕਠਿਨ ਪ੍ਰਤਿੱਗਿਆ ਵਿੱਚੋਂ ਪੂਰਨ ਉਤਰੇ। ਮੈਂ ਪੰਜ ਸੀਸ ਭੇਟਾ ਮੰਗੇ ਸਨ। ਤੁਸਾਂ ਲਹੂ ਭਿੱਜੀ ਤਲਵਾਰ ਦੇ ਦੀਦਾਰ ਵੀ ਕੀਤੇ। ਮੈਂ ਸੰਗਤ ਦੀ ਅਮਾਨਤ ਸੰਗਤ ਨੂੰ ਬਖਸ਼ਦਾ ਹਾਂ। ਆਓ ਮੇਰੇ ਜਿਗਰ ਦੇ ਟੁਕੜਿਓ ਬਾਹਰ ਤੇ ਆਪਣੇ ਭਰਾਵਾਂ ਨੂੰ ਮਿਲੋ।

ਪੰਜ ਪਿਆਰੇ ਬਾਹਰ ਨਿਕਲੇ ਤੇ ਸਤਿਗੁਰਾਂ ਦੇ ਖੱਬੇ ਪਾਸੇ ਖਲੋ ਗਏ।

ਗੁਰੂ ਦੀ ਸੰਗਤ ਆਪਣੀ ਅਮਾਨਤ ਸੰਭਾਲੇ।

ਨਵੇਂ ਪੁਸ਼ਾਕੇ, ਕ੍ਰਿਪਾਨਾਂ ਸੱਜੀਆਂ ਹੋਈਆਂ, ਚਿਹਰੇ ਤੇ ਨੂਰਾਨੀ ਨੂਰ ਇਉਂ ਜਾਪਦਾ ਸੀ ਜਿਵੇਂ ਨੂਰਕੁੰਡ ਵਿਚੋਂ ਨਹਾ ਕੇ ਨਿਕਲੇ ਹੋਣ। ਜਾਂ ਸ਼ਾਹੀ ਮਹਿਲ ਵਿਚੋਂ ਪੁਸ਼ਾਕੇ ਪਾ ਕੇ ਆਏ ਹੋਣ।

ਇਹ ਸੰਗਤ ਦੀ ਅਮਾਨਤ ਏ। ਪਰ ਨਹੀਂ ਇਹ ਸਾਥੋਂ ਬਹੁਤ ਉੱਚੇ ਹਨ, ਪਵਿੱਤਰ ਹਨ, ਸਾਡੇ ਸਿਰਮੌਰ ਹਨ। ਇਹ ਧਰਮ ਦੀ ਭੱਠੀ ਵਿਚੋਂ ਕੁੰਦਨ ਬਣ ਕੇ ਨਿਕਲੇ ਹਨ। ਇਹ ਪੰਥ ਦਾ ਤਾਜ ਹਨ। ਗੁਰੂ ਨਾਨਕ ਦੇਵ ਦੇ ਇਮਤਿਹਾਨ ਵਿਚ ਗੁਰੂ ਅੰਗਦ ਦੇਵ ਪੂਰੇ ਉਤਰੇ ਸਨ। ਤੇ ਅੱਜ ਇਹ ਪੰਜ ਬਲੀ ਸੂਰਮੇ ਸਫਲ ਹੋਏ ਹਨ। ਇਹ ਮੇਰੇ ਪੰਜ ਪਿਆਰੇ ਹਨ, ਤੇ ਇਹੋ ਸਾਡੀ ਕੌਮ ਦੇ ਆਗੂ ਹਨ। ਮੈਂ ਇਨ੍ਹਾਂ ਦੇ ਹੁਕਮ ਦੀ ਤਾਬਿਆ ਵਿਚ ਹਾਂ।

ਅੱਜ ਤੋਂ ਰਾਏ. ਚੰਦ. ਦਾਸ ਨਹੀਂ ਰਹੇ ਤੇ ਨਾ ਹੀ ਕਿਸੇ ਜ਼ਾਤ ਦੇ ਸਪੂਤ ਹਨ। ਇਹ ਖ਼ਾਲਸ ਹਨ। ਇਨ੍ਹਾਂ ਦੀ ਜ਼ਾਤ ਇਕ ਖ਼ਾਲਸਾ। ਇਹ ਸਾਰੇ ਸਿੰਘ ਹਨ। ਸਾਰੀ ਕੌਮ ਇਨ੍ਹਾਂ ਨੂੰ ਸੱਜਦੇ ਕਰੇਗੀ। ਇਹ ਸਿਮਰਣਾ ਹਨ, ਮਾਲਾ ਦੇ ਵਿਚੋਂ ਪਰਖੇ ਮਣਕੇ।

ਜਦ ਸੀਸ ਭੇਟਾ ਕਰਨ ਵਾਲੇ ਦਾ ਰੁਤਬਾ ਤੇ ਜਲਾਲ ਵੇਖਿਆ ਤੇ ਪਛਤਾਵਾ ਇਕ ਥੰਮ ਬਣ ਕੇ ਖਲੋ ਗਿਆ। ਅਸਾਂ ਕਿਉਂ ਨਾ ਨਿੱਤਰੇ, ਅਸਾਂ ਕਿਉਂ ਦੇਰ ਕੀਤੀ, ਅਸਾਂ ਕਿਉਂ ਸੋਚਿਆ।

ਸਤਿਗੁਰ ਅਸੀਂ ਵੀ ਕੁਹਾੜੇ ਹਾਂ, ਸਾਨੂੰ ਵੀ ਮਾਨ ਬਖ਼ਸ਼ੋ, ਸਾਥੋਂ ਭੁੱਲ ਹੋਈ ਅਸੀ ਜਾਨਾਂ ਵਾਰਾਂਗੇ।

ਘਬਰਾਓ ਨਹੀਂ, ਹਜ਼ੂਰ ਨੇ ਧੀਰਜ ਦਿੰਦਿਆਂ ਆਖਿਆ। ਇਹ ਪੰਜ ਵੀ ਤੁਹਾਡਾ ਹੀ ਰੂਪ ਹਨ। ਤੁਸੀਂ ਵੀ ਮੇਰੇ ਹੋ। ਸਾਰੇ ਦੇ ਸਾਰੇ ਮੇਰੇ ਹੋ ਮੇਰਾ ਰੂਪ। ਅਕਾਲ ਪੁਰਖ ਦਾ ਹੁਕਮ ਸੀ ਸਿਰਫ਼ ਪੰਜ ਜਨੇ ਚੁਣਨ ਦਾ, ਪੰਜਾਂ ਵਿਚ ਪ੍ਰਮੇਸ਼ਵਰ ਏ, ਅਕਾਲ ਪੁਰਖ ਦਾ ਹੁਕਮ ਪੂਰਾ ਹੋਇਆ। ਜੇ ਮੈਨੂੰ ਹੋਰ ਸੈਨਾ ਦੀ ਲੋੜ ਪਈ ਤਾਂ ਹਜ਼ਾਰਾਂ ਸਿਰ ਮੇਰੀ ਸਰਦੱਲ ਤੇ ਖੜੇ ਹੋਣਗੇ।

ਸੰਗਤ ਵਾਹਿਗੁਰੂ ਦਾ ਰੂਪ ਹੈ। ਸੰਗਤ ਸਮਰੱਥ ਹੈ। ਹੁਣ ਕੱਲ ਪੂਰਨ ਪੰਥ ਦਾ ਜਨਮ ਹੋਏਗਾ।

ਚਰਨ ਪਹੁਲ ਦੀ ਥਾਂ ਖੰਡੇ ਦੀ ਪਹੁਲ ਦੇ ਕੇ ਪੰਥ ਸਾਜਿਆ ਜਾਏਗਾ। ਅੱਗੇ ਜੋ ਅਕਾਲ ਪੁਰਖ ਨੂੰ ਭਾਵੇ।

ਪੰਜ ਪਿਆਰੇ ਸਾਡੀ ਪੱਗ ਤੇ ਸਜੀ ਕਲਗੀ ਹਨ। ਮੇਰੀ ਕੋਈ ਪਾਇਆਂ ਨਹੀਂ। ਇਹੋ ਪੰਜ ਪੰਥ ਦੇ ਵਾਲੀ ਹਨ। ਇਹ ਸਭ ਤੋਂ ਉੱਤਮ, ਸੁੱਚੇ-ਸੁੱਚੇ ਨਿੱਗਰ ਸੋਨਾ ਹਨ। ਮੈਂ ਇਨ੍ਹਾਂ ਦੇ ਹੁਕਮ ਥੱਲੇ ਹਾਂ। ਮੈਨੂੰ ਇਨ੍ਹਾਂ ਦੇ ਹੁਕਮ ਦੀ ਪਾਲਣਾ ਕਰਨੀ ਪੈਣੀ ਏ।

ਦੀਵਾਨ ਹੈਰਾਨ ਸੀ. ਬਾਜ਼ੀ ਮਾਰ ਗਏ ਸਾਨੂੰ ਸੁੱਤਿਆਂ ਨੂੰ ਜਾਗ ਨਾ ਆਈ।

ਸਾਰੀ ਸੰਗਤ ਇਨ੍ਹਾਂ ਅੱਗੇ ਸਿਰ ਨਿਵਾਵੇ। ਮੈਂ ਵੀ ਤੁਹਾਡੇ ਨਾਲ ਹਾਂ। ਕੌਮ ਦੇ ਰਾਖੇ, ਕੌਮ ਦੇ ਮੋਹਰੀ, ਕੌਮ ਦੇ ਆਗੂ ਤੇ ਪੰਜ ਪਿਆਰੇ ਹੀ ਹਨ।

ਕੱਲ ਖ਼ਾਲਸੇ ਦਾ ਜਨਮ ਹੋਏਗਾ। ਲੰਗਰ ਛਕੋ ਤੇ ਆਰਾਮ ਕਰੋ। ਕੱਲ ਨੂੰ ਕੱਲ ਤੇ ਛੱਡ ਦਿਓ। ਨਵੀਂ ਕੌਮ ਉੱਭਰ ਕੇ ਸਾਹਮਣੇ ਆਵੇਗੀ। ਅਨੰਦਪੁਰ ਵਿਚ ਕੋਈ ਜ਼ਾਤ-ਪਾਤ ਦਾ ਝਗੜਾ ਨਹੀਂ ਹੋਏਗਾ।

ਨਵਾਂ ਇਨਸਾਨ ਜਨਮ ਲੈ ਰਿਹੈ। ਦੇਵਤੇ ਦੇ ਰੂਪ ਸਮਾਨ ਹੋਣਗੇ ਕੌਮ ਦੇ ਚੁਣੇ ਇਹ ਪੰਜ ਪਿਆਰੇ। ਇਹ ਆਪ ਵੀ ਖ਼ਾਲਸ ਹਨ ਤੁਹਾਨੂੰ ਵੀ ਖ਼ਾਲਸ ਬਣਾਉਣਗੇ।

✱

ਸੈਨਾਪਤਿ ਗੱਲ ਕਰੇ ੧੬੩

ਸੈਨਾਪਤਿ ਨੇ ਹੱਥ ਜੋੜੇ ਤੇ ਅਰਜ਼ ਕੀਤੀ, 'ਅਸੀਂ' ਓਸ ਦਹਾਨੇ ਤੇ ਖੜੇ ਹਾਂ ਜੇ ਜ਼ਰਾ ਵੀ ਢਿੱਲ ਕਰ ਦਿੱਤੀ ਤੇ ਫੇਰ ਜਵਾਲਾ ਮੁਖੀ ਸਾਨੂੰ ਨਿਗਲ ਜਾਏਗੀ। ਜੇ ਫ਼ੈਸਲਾ ਫ਼ੁਰੰਤ ਲੈ ਗਿਆ ਤੇ ਫੇਰ ਕੌਮ ਉੱਭਰ ਕੇ ਸਾਹਮਣੇ ਆਣ ਖਲੋਵੇਗੀ। ਸਾਡਾ ਅਗਲਾ ਕਦਮ ਕੀ ਏ?

ਫ਼ਰਮਾਇਆ ਸਤਗੁਰਾਂ, ਤੇਰੀ ਕਾਵ ਉਡਾਰੀ ਨੇ ਕੀ ਨਿਰਣਾ ਲਿਆ ਏ।

—ਫ਼ੈਸਲਾ ਗੁਰਾਂ ਦੇ ਹੱਥ ਵਿਚ ਏ। ਸਾਡੀ ਨਿਮਾਣੀ ਜਿਹੀ ਬੁੱਧ ਏ ਉਹ ਸਿਖਰਾਂ ਨਹੀਂ ਛੂਹ ਸਕਦੀ, ਅਸਾਂ ਤੇ ਕੁਝ ਭੌਲੇ ਜਿਹੇ ਧੁੰਧਲੇ ਜਿਹੇ ਸਾਏ ਵੇਖੇ ਹਨ।

—ਸੈਨਾਪਤਿ ਤੂੰ ਦੁਨੀਆ ਹੰਢਾਈ ਹੋਈ ਏ ਕੁਝ ਤੇ ਆਪਣੀ ਸਲਾਹ ਦੱਸ।

—ਸਤਿਗੁਰ ਮੈਂ ਏਸ ਫ਼ੈਸਲੇ ਤੇ ਪੁੱਜਾ ਹਾਂ ਸਾਨੂੰ ਯੱਕਦਮ ਅਗਲਾ ਕਦਮ ਚੁੱਕਣਾ ਚਾਹੀਦੈ। ਮੈਂ ਅੰਤਰ ਧਿਆਨ ਹੋ ਕੇ ਵੇਖਿਆ ਏ। ਅਸਾਂ ਕੌਮ ਵਿਚੋਂ ਫ਼ੌਲਾਦ ਦੀ ਚੋਣ ਕਰ ਲਈ ਏ ਤੇ

ਫ਼ੌਲਾਦ ਨੂੰ ਪਾਣ ਦੇਣ ਦੀ ਲੋੜ ਏ। ਇਸਪਾਤ ਬਣ ਜਾਏ ਕੌਮ ਫੇਰ ਦੁਨੀਆ ਦੀ ਕੋਈ ਤਾਕਤ ਸਾਡੇ ਤੇ ਗ਼ਲਬਾ ਨਹੀਂ ਪਾ ਸਕਦੀ।

—ਤੇਰੀ ਗੱਲ ਵਿਚ ਵਜ਼ਨ ਬਹੁਤ ਏ। ਪਾਨ ਕਾਹਦੇ ਨਾਲ ਦਿੱਤੀ ਜਾਏ।

—ਜੰਨਤ ਦੇ ਚਸ਼ਮੇ ਵਿਚੋਂ ਆਬੇ-ਹਯਾਤ ਕਾਸ਼ੀ ਦੇ ਜਲ ਦੀਆਂ ਚਾਰ ਚੂਲੀਆਂ, ਪਰਿਆਗ ਦੇ ਸੰਗਮ ਵਿੱਚੋਂ ਪਵਿੱਤਰ ਜਲ ਦਾ ਇਕ ਗੜਵਾ, ਬਉਲੀ ਸਾਹਿਬ ਜਿਹਦਾ ਸਰੋਤ ਗੰਗਾ ਨਾਲ ਮਿਲਦੈ ਇਕ ਕਟੋਰਾ ਅੰਮ੍ਰਿਤਸਰ ਦੇ ਸਰੋਵਰ ਦਾ ਪਵਿੱਤਰ ਜਲ,ਚਰਨਾਮਤ ਹੇਮਕੁੰਡ ਦੇ ਕੁੰਡ ਵਿੱਚੋਂ ਤੇ, ਇਨ੍ਹਾਂ ਵਿਚ ਸਤਲੁਜ ਦਾ ਪਾਣੀ। ਇਨ੍ਹਾਂ ਨੂੰ ਮੱਥਿਆ ਜਾਏ ਤੇ ਫੇਰ ਅੰਮ੍ਰਿਤ ਮੰਥਨ ਦੀ ਵਿਧੀ ਨਾਲ ਅੰਮ੍ਰਿਤ ਤਿਆਰ ਕੀਤਾ ਜਾਵੇ। ਓਸ ਅੰਮ੍ਰਿਤ ਨੂੰ ਪਾਨ ਦਿੱਤੀ ਜਾਏ ਤੇ ਫੇਰ ਕੌਮ ਬੱਬਰ ਬਣ ਜਾਏਗੀ। ਮੇਰੀ ਬੁੱਧੀ ਏਸ ਫ਼ੈਸਲੇ ਤੇ ਪੁੱਜੀ ਏ।

—ਵਾਹ ਸੈਨਾਪਤਿ, ਤੇਰੀ ਰਾਇ ਤੇ ਮੇਰੇ ਵਿਚਾਰ ਮਿਲ ਗਏ ਹਨ। ਏਸ ਤੋਂ ਵੱਧ ਤੇ ਏਸ ਤੋਂ ਉੱਚਾ ਹੋਰ ਕੋਈ ਤਰੀਕਾ ਨਹੀਂ। ਸੈਨਾਪਤਿ ਤੂੰ ਸਮੇਂ ਦੀ ਨਬਜ਼ ਪਹਿਚਾਨ ਲਈ ਏ। ਹੁਣ ਅੰਮ੍ਰਿਤ ਦੀ ਭਾਲ ਕਰਨੀ ਏ ਜਾਂ ਅੰਮ੍ਰਿਤ ਆਪ ਤਿਆਰ ਕਰਨਾ ਏ।

— ਸਤਿਗੁਰ ਤੁਸੀਂ ਸਮਰੱਥ ਹੋ, ਵਿਧੀ ਤੇ ਅੰਮ੍ਰਿਤ ਮੰਥਨ ਵਾਲੀ ਈ ਹੈ। ਜਾਂ ਕੋਈ ਹੋਰ ਨਵਾਂ ਤਰੀਕਾ ਏਜਾਦ ਕੀਤਾ ਜਾਏ।

—ਇਹ ਸਾਰੇ ਜਲ ਇਕੱਠੇ ਕਰਨੇ ਮੁਸ਼ਕਲ ਨਾ ਹੋਣਗੇ।

—ਮੁਸ਼ਕਲ ਕੀ ਏ। ਇਹ ਜਲ ਤੇ ਸਾਡੇ ਘਰਾਂ ਵਿਚੋਂ ਮਿਲ ਜਾਣਗੇ, ਤੇ ਸਰਬ ਲੋਹ ਦੇ ਕੜਾਹੇ ਵਿਚ ਪਾ ਕੇ ਇਨ੍ਹੈ ਮੰਥਨ ਕੀਤਾ ਜਾਏ। ਅੰਮ੍ਰਿਤ ਦੀ ਸਿਰਜਨਾ ਇਸ ਤਰ੍ਹਾਂ ਹੋਏਗੀ। ਇਨ੍ਹਾਂ ਨੂੰ ਇਹ ਫ਼ੌਲਾਦ ਦੇ ਪੁਰਸ਼ ਤਿਆਰ ਕਰਨਗੇ।

—ਬੜਾ ਨਿਸ਼ਚਾ ਏ, ਪੂਰਣ ਵਿਸ਼ਵਾਸ ਏ, ਅੰਮ੍ਰਿਤ ਤਿਆਰ ਕੀਤਾ ਜਾਏ। ਇਹੋ ਈ ਪੰਜ ਪਿਆਰੇ ਇਹੋ ਈ ਮਹਾਂਰਿਸ਼ੀ ਅੰਮ੍ਰਿਤ ਦੀ ਸਿਰਜਣਾ ਕਰ ਸਕਦੇ ਹਨ। ਇਨ੍ਹਾਂ ਦੀ ਰੂਹ ਪਾਕ ਹੋ ਚੁੱਕੀ ਏ। ਇਨ੍ਹਾਂ ਦੇ ਹੱਥ ਸੁੱਚੇ ਹਨ, ਇਹ ਸ਼ਕਤੀ ਦਾ ਮਾਣ ਹਨ, ਇਹ ਹੌਂਸਲੇ ਦੇ ਪੱਕੇ, ਇਨ੍ਹਾਂ ਦਾ ਵਿਸ਼ਵਾਸ ਅਟੱਲ ਏ, ਇਨ੍ਹਾਂ ਦਾ ਯਕੀਨ ਪੱਕਾ ਏ, ਇਨ੍ਹਾਂ ਵਿਚ ਜੁਰੱਤ ਪੈਦਾ ਹੋ ਗਈ ਏ, ਵਾਹਿਗੁਰੂ ਦੀ ਸ਼ਕਤੀ ਇਨ੍ਹਾਂ 'ਚ ਪ੍ਰਵੇਸ਼ ਕਰ ਚੁੱਕੀ ਏ। ਇਹ ਬ੍ਰਹਮ ਗਿਆਨੀ ਤੇ ਨਿਡਰ ਸੂਰਮੇ ਅਣਹੋਣੀ ਨੂੰ ਹੋਣੀ 'ਚ ਬਦਲ ਸਕਦੇ ਹਨ।

—ਸੱਚ ਏ, ਅੰਮ੍ਰਿਤ ਤੋਂ ਉੱਤੇ ਹੋਰ ਕੋਈ ਟੀਸੀ ਨਹੀਂ। ਹੁਣ ਦੇਰ ਕਿਸ ਗੱਲ ਦੀ ਏ।

—ਹੁਕਮ ਦੀ, ਗੁਰੂ ਦਾ ਹੁਕਮ, ਵਾਹਿਗੁਰੂ ਫ਼ਤਹਿ ਕਰੂ।

—ਦੇਗ-ਤੇਗ ਫ਼ਤਹਿ, ਅੱਗੋਂ ਜੋ ਭਾਵੇਂ ਅਕਾਲ ਪੁਰਖ ਨੂੰ, ਆਰੰਭ ਕਰੋ ਵਿਧੀ ਦੇ ਮੁਤਾਬਿਕ।

—ਪੰਜਾਂ ਪਿਆਰਿਆਂ ਤੋਂ ਵੀ ਆਗਿਆ ਲੈ ਲਈ ਜਾਵੇ।

—ਕੌਮ ਦੇ ਦੇਵਤਿਓ, ਕੌਮ ਦੇ ਆਗੂਓ, ਕੌਮ ਦੇ ਅਣਖੀਲੇ ਸਰਦਾਰੋ, ਕੌਮ ਦੀ ਅਣਖ ਦੇ ਰਾਖਿਓ, ਤੁਸੀਂ ਪੱਗ ਹੋ ਪੰਥ ਦੀ। ਸਤਿਗੁਰਾਂ ਫ਼ੈਸਲਾ ਕੀਤਾ ਏ ਅੰਮ੍ਰਿਤ ਤਿਆਰ ਕੀਤਾ ਜਾਏ ਤੇ ਸਾਰੀ ਕੌਮ ਨੂੰ ਅੰਮ੍ਰਿਤ ਦੇ ਚੂਲੇ ਦਿੱਤੇ ਜਾਣ, ਨਵੀਂ ਕੌਮ ਉਭਰੇ, ਨਵਾਂ ਇਨਸਾਨ ਜਨਮ ਲਵੇ। ਇਸ ਤਰ੍ਹਾਂ ਮਨੁੱਖ ਘੜੇ ਜਾਣ ਜਿਸ ਤਰ੍ਹਾਂ ਚਿਤੌੜ ਦੀ ਭੱਠੀ ਵਿਚ ਪਿਘਲੇ ਸਨ ਸੂਰਮੇ।

ਅਸੀਂ ਅੰਮ੍ਰਿਤ ਬਣਾਵਾਂਗੇ। ਵਾਹਿਗੁਰੂ ਸਾਡੇ ਅੰਗ-ਸੰਗ ਏ। ਅੰਮ੍ਰਿਤ ਜੇ ਦੇਵਲੋਕ ਤੋਂ ਵੀ ਲਿਆਉਣਾ ਪਿਆ ਤਾਂ ਵੀ ਪੈਦਾ ਕੀਤਾ ਜਾਵੇਗਾ।

— ਫੇਰ ਕਮਰ ਕੱਸੇ ਈ ਕਰ ਲਵੇ ਅਤੇ ਬੈਠ ਜਾਓ ਬੀਰ ਆਸਨ ਵਿਚ ਅਤੇ ਸਾਰੀ ਵਸਤਾਂ ਅਸੀਂ ਇਕੱਠੀਆਂ ਕਰ ਦਿੰਦੇ ਹਾਂ।

- ਵਿਧੀ ਮੈਂ ਦੱਸਦਾ ਹਾਂ ਗੁਰੂ ਮਿਹਰ ਕਰੂ। ਬੁੱਕ ਭਰ-ਭਰ ਕੇ ਪੀਓ ਜਾਗ ਉਠੇ ਕੌਮ, ਗੁਰੂ ਦੀਆਂ ਬਖ਼ਸ਼ਿਸ਼ਾਂ ਸਾਡੇ ਨਾਲ ਹਨ।

— ਇਕ ਕੜਾਹਿਆ ਸਰਬਲੋਹ ਦਾ ਇਕ ਚੌਂਕੀ ਤੇ ਰੱਖਿਆ ਗਿਆ। ਚੌਂਕੀ ਚੰਦਨ ਦੀ ਸੀ ਤੇ ਉਹਦੇ ਦੁਆਲੇ ਬੈਠ ਗਏ ਪੰਜ ਪਿਆਰੇ। ਸਤਿਗੁਰ ਖੜੇ ਵੇਖ ਰਹੇ ਸਨ।

— ਇਕ ਨੇ ਅਰਜ਼ ਕੀਤੀ ਸਤਿਗੁਰ ਤੁਸੀਂ ਖੜੇ ਹੋ।

— ਮੈਂ ਖੜਾ ਈ ਹਾਂ, ਤੁਸੀਂ ਗੁਰੂ ਵਾਲੇ ਬਣ ਗਏ ਹੋ, ਕੌਮ ਦੇ ਚੁਣੇ ਮੋਹਰੀ, ਮੈਂ ਤੁਹਾਡੀ ਬਰਾਬਰੀ ਨਹੀਂ ਕਰ ਸਕਦਾ। ਤੁਸੀਂ ਦੇਵੀ ਦੇ ਰੂਪ ਹੋ, ਤੁਹਾਡੇ ਤੇ ਸ਼ਕਤੀ ਦੀ ਬਖ਼ਸ਼ਿਸ਼ ਏ। ਤੁਹਾਡੇ ਅੰਦਰ ਜਾਗ੍ਰਿਤ ਦੀ ਜਵਾਲਾ ਦਾ ਪ੍ਰਵੇਸ਼ ਹੋ ਚੁੱਕਾ ਏ। ਤੁਸੀਂ ਕੌਮ ਦੇ ਰਹਿਬਰ ਹੋ।

— ਪਰ ਬਣਾਇਆ ਤੇ ਤੁਸਾਂ ਆਪ ਏ।

— ਇਹ ਤੁਹਾਡੀ ਭੁੱਲ ਏ। ਇਹ ਸਭ ਅਕਾਲ ਪੁਰਖ ਦੀ ਦਾਤ ਏ। ਤੁਸੀਂ ਸੁੱਚੇ ਹੱਥਾਂ ਨਾਲ ਅੰਮ੍ਰਿਤ ਤਿਆਰ ਕਰੋ। ਤੁਹਾਡੀ ਦੇਹ ਸਵਰਨ ਹੋ ਚੁੱਕੀ ਏ। ਕੌਮ ਦੇ ਚੁਣੇ ਸੂਰਵੀਰੋ, ਇਸ ਨਿਆਮਤ ਨੂੰ ਤੁਸੀਂ ਜਨਮ ਦੇ ਸਕਦੇ ਹੋ। ਵਾਰੀ-ਵਾਰੀ ਇਕ ਲਿਆਓ ਤੰਬੂ ਵਿਚੋਂ ਤੇ ਕੜਾਹੇ ਵਿਚ ਪਾਈ ਜਾਓ।

— ਇਹ ਘੜਾ ਗੋਇੰਦਵਾਲ ਤੋਂ ਆਇਆ ਏ ਬਉਲੀ ਸਾਹਿਬ ਤੋਂ, ਇਹਦੇ ਤੇ ਗੁਰੂ ਅਮਰਦਾਸ ਦੀ ਬਖ਼ਸ਼ਿਸ਼ ਏ।

— ਇਹ ਅੰਮ੍ਰਿਤਸਰ ਦੇ ਸਰੋਵਰ ਦਾ ਏ, ਇਹ ਰਹਿਮਤ ਗੁਰੂ ਅਰਜੁਨ ਦੇਵ ਦੀ ਏ।

— ਇਹ ਕਾਸ਼ੀ ਨਗਰੀ ਦਾ ਜਲ ਏ ਤੇ ਇਹ ਗੰਗਾ ਜਲ ਏ ਹਰੀਦਵਾਰ ਦਾ, ਇਹ ਹੇਮਕੁੰਟ ਦੇ ਤਪੋਬਨ ਵਿਚੋਂ ਲਿਆਂਦਾ ਏ ਇਕ ਸਿੱਖ ਨੇ, ਇਹ ਪਵਿੱਤਰ ਤੇ ਉੱਤਮ ਜਲ ਏ। ਰਿਸ਼ੀ ਮੁਨੀਆਂ ਦੀ ਤਪੱਸਿਆ ਦਾ ਪ੍ਰਤਾਪ, ਪਰਿਆਗ ਦੇ ਅੰਮ੍ਰਿਤ ਵਿਚ ਪਰਿਆਗ ਦੇ ਅੰਮ੍ਰਿਤ ਦਾ ਘੜਾ ਵੀ ਏਸੇ ਕੜਾਹੇ ਵਿਚ ਪਾ ਦਿਓ।

— ਹਜ਼ੂਰ ਸਤਲੁਜ ਦੀ ਵਾਰੀ ਨਹੀਂ ਆਈ।

— ਇਕ ਘੜਾ ਭਰ ਕੇ ਲੈ ਜਾਓ ਤੇ ਸਤਲੁਜ ਵਿਚ ਜਾ ਕੇ ਪਲਟ ਦੇਣਾ ਤੇ ਫੇਰ ਘੜਾ ਭਰ ਕੇ ਲੈ ਆਓ। ਕਿਉਂ ਸੈਨਾਪਤਿ ਤੇਰੀ ਮਰਯਾਦਾ ਤੇ ਪੂਰੀ ਹੋ ਗਈ ਏ।

- ਸਤਗੁਰ ਤੁਸੀਂ ਜਾਨੀ ਜਾਨ ਹੋ।

— ਖੰਡਾ ਲੈ ਲੋ ਤੇ ਇਹਦੇ ਵਿਚ ਫੇਰਿਆ ਜਾਏ। ਤੇ ਮੋੜ ਦਿਓ ਇਨ੍ਹਾਂ ਪਵਿੱਤਰ ਜਲਾਂ ਨੂੰ।

— ਸਤਗੁਰ ਇਹ ਆਬੇ-ਜ਼ਮਜ਼ਮ ਏ ਮੱਕੇ ਤੋਂ ਲਿਆਇਆ ਹਾਂ। ਅਸੀਂ ਤੇ ਪੰਜਾਬ 'ਚ ਈ ਵੱਸਦੇ ਹਾਂ। ਕੀ ਏਸ ਅੰਮ੍ਰਿਤ ਵਿਚ ਸਾਡਾ ਕੋਈ ਹਿੱਸਾ ਨਹੀਂ।

— ਜਿਹਦੇ ਕੋਲੋਂ ਜੋ ਸਰਿਆ ਉਹ ਲੈ ਆਇਆ।

— ਇਹ ਵੀ ਇਸੇ ਕੜਾਹੇ ਵਿਚ ਪਾ ਦਿਓ। ਹੁਣ ਤੋਂ ਹਿੰਮਤ, ਸ਼ਕਤੀ ਤੇ ਨਿਸ਼ਚਾ ਰੱਖੋ। ਵੀਰਤਾ ਤੁਹਾਡੇ 'ਚ ਆਪੇ ਜਾਗ ਪਏਗੀ। ਅੰਮ੍ਰਿਤ ਨੂੰ ਜਨਮ ਦੇਣਾ ਤੁਸਾਂ ਬਲਵਾਨ ਹੋ। ਤੁਹਾਡਾ ਵਿਸ਼ਵਾਸ ਅਟੱਲ ਏ। ਤੁਸੀਂ ਦੇਵਲੋਕ ਤੋਂ ਵੀ ਅੰਮ੍ਰਿਤ ਮੰਗਵਾ ਸਕਦੇ ਹੋ। ਤੁਹਾਥੋਂ ਵੱਡਾ ਹੁਣ ਏਸ ਕੌਮ ਵਿਚ ਕੋਈ ਨਹੀਂ।

—ਖੰਡਾ ਚੱਲ ਰਿਹਾ ਸੀ ਤੇ ਪੰਜ ਬਾਣੀਆਂ ਦਾ ਪਾਠ ਹੋ ਰਿਹਾ ਸੀ। ਮਾਲਾ ਤੇ ਸ਼ਕਤੀ ਦਾ ਮਿਲਾਪ ਅੰਮ੍ਰਿਤ ਪੈਦਾ ਕਰੇਗਾ। ਹਿੰਮਤ ਰੱਖੋ ਬ੍ਰਹਮ ਮੰਡਲ ਵੀ ਤੁਹਾਡੇ ਇਸ਼ਾਰਿਆਂ ਤੇ ਚੱਲੇਗਾ।

ਅੰਮ੍ਰਿਤ ਪੈਦਾ ਹੋ ਗਿਆ ਤੇ ਸਾਰੀ ਕੌਮ ਬੱਜਰ ਬਣ ਜਾਏਗੀ। ਸਵਾ ਲੱਖ ਨਾਲ ਇਕ ਜੂਹ 'ਚ ਸਿੱਜੇਗਾ।

—ਰੰਗ ਬਦਲਿਆ ਜਲ ਦਾ, ਨੀਲਾ ਰੰਗ ਕੜਾਹੇ 'ਚ ਚੁੱਭੀਆਂ ਮਾਰ ਰਿਹਾ ਸੀ।

—ਜ਼ਹਿਰ, ਵਿਸ਼, ਜ਼ਹਿਰ-ਏ-ਹਲਾਲਲ, ਸਤਿਗੁਰਾਂ ਜ਼ਰਾ ਵਿਚਾਰਿਆ।

—ਜ਼ਹਿਰ ਤੋਂ ਬਾਅਦ ਈ ਅੰਮ੍ਰਿਤ ਪੈਦਾ ਹੁੰਦਾ ਏ ਸਤਿਗੁਰ।

—ਮੰਜ਼ਲ ਮਾਰ ਲਈ ਸੂਰਮਿਆਂ ਨੇ। ਬਸ ਥੋੜ੍ਹੀ ਜਿਹੀ ਵਾਟ ਰਹਿ ਗਈ ਏ ਹੰਭਲਾ ਮਾਰੋ। ਬਾਣੀ ਪੜ੍ਹੋ ਅੰਤਰ ਧਿਆਨ ਹੋ ਕੇ। ਅਕਾਲ ਪੁਰਖ ਮਿਹਰ ਕਰੂ।

—ਮਹਿਲਾਂ ਵਿਚੋਂ ਮਾਤਾ ਜੀ ਤੋਂ ਥਾਲ ਪਤਾਸਿਆਂ ਦਾ ਭਰ ਕੇ ਲੈ ਆਈ। ਅਗੋਂ ਮਾਤਾ ਸਾਹਿਬ ਦੇਵਾਂ ਨੇ ਥਾਲ ਆਪਣੇ ਹੱਥਾਂ 'ਚ ਲੈ ਲਿਆ।

—ਇਹ ਕੀ।

—ਪਤਾਸਿਆਂ ਦਾ ਥਾਲ। ਅਸੀਂ ਵੀ ਆਪਣਾ ਤਿਆਗ, ਜੱਤ ਤੇ ਤਪੱਸਿਆ ਤੇ ਮਮਤਾ ਦੀ ਕੁਛ ਭੇਟਾ ਲੈ ਕੇ ਆਈਆਂ ਹਾਂ। ਇਹ ਅੰਮ੍ਰਿਤ ਦੀ ਦਾਤ ਬਖ਼ਸ਼ੇਗਾ ਸਾਡਾ ਪਤਾਸਿਆਂ ਭਰਿਆ ਥਾਲ।

—ਹਾਂ ਸਤਗੁਰ, ਜ਼ਹਿਰ ਹੁਣ ਅੰਮ੍ਰਿਤ ਬਣਿਐ, ਇਹ ਸਾਡੀ ਆਖਰੀ ਮੰਜ਼ਿਲ ਏ, ਹੁਣੇ ਅੰਮ੍ਰਿਤ ਦੇ ਦਰਸ਼ਨ ਹੋਣਗੇ।

—ਕੜਾਹੇ ਦੇ ਜਲ ਨੇ ਆਪਣਾ ਰੰਗ ਬਦਲਿਆ। ਅਸਲੀ ਰੂਪ ਸਾਹਮਣੇ ਆਇਆ।

—ਚਿੜੀਆਂ ਦੀ ਡਾਰ ਉੱਡੀ ਜਾ ਰਹੀ ਸੀ। ਉਹਦੇ ਤੇ ਇਕ ਬਾਜ਼ ਨੇ ਝਪੱਟਾ ਮਾਰਿਆ। ਚਿੜੀਆਂ ਖਾ ਕੇ ਭੱਜ ਜਾਣਾ ਚਾਹੁੰਦਾ ਸੀ। ਚਿੜੀਆਂ ਅੱਗੇ ਨੱਸ ਰਹੀਆਂ ਸਨ, ਇਕ ਚਿੜੀ ਉੱਡਦੀ ਉੱਡਦੀ ਆਈ ਤੇ ਓਸ ਚੁੰਝ ਭਰ ਲਈ ਓਸ ਕੜਾਹੇ ਵਿਚੋਂ, ਉੱਡ ਗਈ ਤੇ ਓਸ ਜਾ ਬਾਜ਼ ਨਾਲ ਮੱਥਾ ਮਾਰਿਆ। ਲੜ ਰਹੀ ਸੀ ਆਖ਼ਰਕਾਰ ਬਾਜ਼ ਨੱਸ ਗਿਆ।

ਬਾਣੀਆਂ ਪੜ੍ਹੀਆਂ ਜਾ ਰਹੀਆਂ ਸਨ। ਜਪੁਜੀ ਸਾਹਿਬ, ਸ੍ਵਈਏ ਕਬਿਓਵਾਚ ਬੇਨਤੀ ਚੌਪਈ, ਅਨੰਦ ਸਾਹਿਬ।

—ਲਓ ਅੰਮ੍ਰਿਤ ਦਾ ਪ੍ਰਕਾਸ਼ ਵੇਖੋ। ਅਕਾਲ ਪੁਰਖ ਦੀ ਅਕਾਲ ਕ੍ਰਿਪਾ ਹੋਈ ਏ। ਹੱਥ ਜੋੜੇ ਸੈਨਾਪਤਿ ਨੇ, ਅੰਮ੍ਰਿਤ ਤਿਆਰ ਏ, ਗੱਫੇ ਭਰ-ਭਰ ਛਕੋ। ਧੰਨ ਹਨ ਇਹ ਪੰਜ ਪਿਆਰੇ ਤੇ ਧੰਨ ਹਨ ਇਨ੍ਹਾਂ ਦੇ ਗੁਰੂ।

—ਅੰਮ੍ਰਿਤ ਜਾਂ ਦੇਵਲੋਕ ਵਿਚ ਸੀ ਜਾਂ ਹੁਣ ਅਨੰਦਪੁਰ ਵਿਚ।

ਇਨ੍ਹੂੰ ਕਰਮਾਤ ਸਮਝ ਲਵੋ, ਕਰਾਮਾਤ ਸਮਝ ਲਵੋ, ਬਖ਼ਸ਼ਿਸ਼ ਸਮਝ ਲਵੋ, ਰਹਿਮਤ ਮੰਨ ਲਵੋ ਕੁਝ ਵੀ ਏ ਅੰਮ੍ਰਿਤ ਤਿਆਰ ਏ। ਇਹੋ ਈ ਅੰਮ੍ਰਿਤ ਏ। ਜਿਹੜਾ ਦੇਵਤਿਆਂ ਨੇ ਇਕ ਵਾਰ ਤਿਆਰ ਕੀਤਾ ਸੀ।

★

ਬੁੱਲ੍ਹ ਫਰਕੇ, ਜੀਭਾ ਹਿੱਲੀ, ਬੋਲ ਨਿਕਲੇ, ਸਤਗੁਰ ਉੱਠੋ ਸਿੰਘਾਸਨ ਤੋਂ ਤੇ ਫੌਲਾਦ ਦੇ ਬੰਦਿਆਂ ਨੂੰ ਪਾਨ ਦਿਓ ਅੰਮ੍ਰਿਤ ਦੀ। ਬੋਲ ਸੈਨਾਪਤ ਦੇ ਸਨ।

— ਪਰ ਮੈਂ ਤੇ ਇਨ੍ਹਾਂ ਜਿਹਾ ਨਹੀਂ ਹੋਇਆ। ਇਹ ਮੈਥੋਂ ਮਹਾਨ ਹਨ।

—ਸਤਿਗੁਰ ਤੁਸੀਂ ਗੁਰਗੱਦੀ ਤੇ ਬਿਰਾਜਮਾਨ ਹੋ। ਤੁਹਾਡੀ ਪਦਵੀ ਇਨ੍ਹਾਂ ਤੋਂ ਉੱਚੀ ਏ। ਗੁਰੂ ਦੀ ਗੱਦੀ ਪਵਿੱਤਰ, ਉੱਤਮ ਤੇ ਸ਼ਕਤੀਸ਼ਾਲੀ ਏ। ਤੁਸੀਂ ਪੰਥ ਦੇ ਵਾਲੀ ਹੋ। ਗੱਦੀ ਤੇ ਬੈਠ ਕੇ, ਇਨ੍ਹਾਂ ਦਾ ਜਨਮ ਸਫ਼ਲ ਬਣਾਓ। ਪਾਨ ਤੁਸਾਂ ਆਪਣੇ ਹੱਥਾਂ ਨਾਲ ਦੇਣੀ ਏ। ਅੰਮ੍ਰਿਤ ਛਕਾਉਣਾ ਤੁਹਾਡਾ ਫ਼ਰਜ਼ ਏ। ਸੀਸ ਭੇਟਾ ਤੁਸਾਂ ਲਈ, ਪਰਖ ਤੁਹਾਡੇ ਹੁਕਮ ਨਾਲ ਹੋਈ।

—ਸੈਨਾਪਤਿ ਤੂੰ ਕਈ ਗੱਲਾਂ ਤੇ ਸਾਨੂੰ ਮਜਬੂਰ ਕਰ ਦਿੰਦਾ ਹੈਂ।

—ਨਹੀਂ ਸਤਗੁਰ ਤੁਸੀਂ ਗੁਰੂ ਦੇ ਰੂਪ ਵਿਚ ਇਨ੍ਹਾਂ ਨੂੰ ਮੰਜ਼ਿਲ ਤੇ ਪਹੁੰਚਾ ਦਿਓ।

—ਸਰਬ ਲੋਹ ਦਾ ਕੜਾਹਿਆ ਅੰਮ੍ਰਿਤ ਦੀ ਖ਼ੁਸ਼ਬੂ ਵੰਡ ਰਿਹਾ ਸੀ। ਮਾਤ ਲੋਕ ਵਿਚ ਅੰਮ੍ਰਿਤ ਦੀ ਇਜਾਦ ਸਿਰਫ਼ ਤੁਸਾਂ ਦੀ ਕੀਤੀ ਏ। ਇਹ ਪਹਿਲੀ ਵਾਰ ਹੋਂਦ ਵਿਚ ਆਈ ਏ। ਵਰਨਾ ਮਾਤ ਲੋਕ ਵਿਚ ਅੰਮ੍ਰਿਤ ਕਿਥੋਂ।

—ਕੜਾਹੇ ਦੇ ਚੌਗਿਰਦੇ ਵਿਚ ਪੰਜ ਪਿਆਰੇ ਬੀਰ ਆਸਨ ਲਾਈ ਬੈਠੇ ਹੋਏ ਸਨ।

ਰਣਜੀਤ ਨਗਾਰਾ ਵੱਜਿਆ। ਜਾਗੀ ਖਲਕੱਤ, ਇਕ ਵਾਰ ਤੇ ਪਹਾੜ ਕੰਬਿਆ। ਸੁਚੇਤ ਹੋ ਗਈ ਸੰਗਤ। ਅਰਦਾਸਾ ਹੋਇਆ। ਗੁਰ ਮਰਿਆਦਾ ਦੀ ਆਗਿਆ ਲੈ ਕੇ ਹੁਕਮ ਸਾਦਰ ਕੀਤਾ।

—ਸੱਜੇ ਹੱਥ ਨੂੰ ਖੱਬੇ ਹੱਥ ਟਿਕਾ ਕੇ ਚਰਨਾਮਤ ਦੀ ਮੁਦਰਾ ਵਿਚ ਆਸਨ ਲਾਈ ਬੈਠੇ ਪੰਜ ਪਿਆਰਿਆਂ ਇਕ-ਇਕ ਚੂਲਾ ਭਰ ਕੇ ਉਨ੍ਹਾਂ ਦੇ ਹੱਥ ਵਿਚ ਪਾਇਆ। ਵਾਹਿਗੁਰੂ ਕਹਿ ਕੇ ਛੱਕ ਕੇ ਇਸੇ ਤਰ੍ਹਾਂ ਪੰਜ ਵਾਰ ਪੀਤਾ ਗਿਆ। ਫੇਰ ਜੈਕਾਰਾ ਛੱਡਿਆ, "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"

ਫੇਰ ਪੰਜ-ਪੰਜ ਛੱਟੇ ਉਹਨਾਂ ਦੇ ਨੇਤਰਾਂ ਵਿਚ ਮਾਰੇ ਜਾਏ ਤੇ ਪੰਜ-ਪੰਜ ਛੱਟੇ ਉਹਨਾਂ ਦੇ ਕੇਸਾਂ 'ਚ ਛਿੜਕੇ ਗਏ। ਹਰ ਛੱਟੇ ਨਾਲ ਜੈਕਾਰਾ ਗੂੰਜਦਾ।

ਬਾਕੀ ਅੰਮ੍ਰਿਤ ਜਿਹੜਾ ਬਚ ਗਿਆ। ਪੰਜਾਂ ਪਿਆਰਿਆਂ ਨੇ ਰਲ ਕੇ ਇਕ ਬਾਟੇ 'ਚ ਪੀਤਾ। ਕਿਸੇ ਨੇ ਜੂਠ ਨਾ ਮੰਨੀ। ਮੂਲ ਮੰਤਰ ਪੜ੍ਹ ਰਹੇ ਸਨ ਪੰਜ ਪਿਆਰੇ। ਸੰਗਤ ਸੁਰ ਨਾਲ ਸੁਰ ਮੇਲ ਰਹੀ ਸੀ।

ਫ਼ਰਮਾਇਆ ਸਤਗੁਰਾਂ, "ਅੱਜ ਤੋਂ ਤੁਸੀਂ ਵਾਹਿਗੁਰੂ ਜੀ ਕਾ ਖ਼ਾਲਸਾ ਬਣੇ ਹੋ। ਖ਼ਾਲਸ, ਕੋਈ ਖੋਟ ਨਹੀਂ, ਕੋਈ ਜ਼ਾਤ ਨਹੀਂ, ਕੋਈ ਪਾਤ ਨਹੀਂ। ਮੈਂ ਤੁਹਾਨੂੰ ਸ਼ੇਰ ਦਾ ਮਰਤਬਾ ਦਿੱਤਾ ਏ। ਅੱਜ ਤੋਂ ਤੁਹਾਡੇ ਨਾਂ ਦੇ ਨਾਲ ਸਿੰਘ ਲੱਗ ਗਿਆ ਏ। ਤੁਸੀਂ ਅੱਜ ਤੋਂ ਗੁਰੂ ਦੇ ਬੇਟੇ ਹੋ। ਪੰਥ ਦੇ ਪਵਿੱਤਰ ਹੋ। ਇਹ ਸਭ ਤੋਂ ਉੱਚੀ ਪਦਵੀ ਏ।

ਤੁਹਾਡੇ ਤੇ ਪੰਜ ਰਹਿਤਾਂ ਲਾਜ਼ਮੀ ਹਨ। ਕੇਸ, ਕੰਘਾ, ਕੜਾ, ਕ੍ਰਿਪਾਨ, ਕਛਿਹਰਾ ਹਰ ਵੇਲੇ ਧਾਰਨ ਕਰਨਾ ਪੰਜ ਕਕਾਰ।

ਚਾਰ ਕੁਰੀਤੀਆਂ ਵੀ ਸੁਣ ਲਵੋ। ਕੇਸ ਅੱਜ ਤੋਂ ਗੁਰੂ ਦੀ ਅਮਾਨਤ ਹਨ, ਇਹਦਾ ਇਕ ਰੋਮ ਵੀ ਨਹੀਂ ਕਟਾਉਣਾ, ਕੁੱਠਾ ਇਸਲਾਮੀ ਢੰਗ ਨਾਲ ਹਲਾਲ ਮਾਸ ਨਹੀਂ ਖਾਣਾ, ਤੰਬਾਕੂ ਨਹੀਂ

ਪੀਣਾ, ਪਰਾਈ ਇਸਤਰੀ ਗਾਮੀ ਨਹੀਂ ਹੋਣਾ, ਸਿਰਫ਼ ਅਕਾਲ ਪੁਰਖ ਦੀ ਅਰਾਧਨਾ ਕਰਨੀ ਏ। ਰੋਜ਼ ਪੰਜ ਬਾਣੀਆਂ ਦਾ ਪਾਠ ਕਰਨਾ । ਨਾਮ ਬਾਣੀ ਦਾ ਅਭਿਆਸ ਰੱਖਣਾ। ਦਸਵੰਧ ਕੱਢਣਾ ਆਪਣੀ ਕਮਾਈ ਵਿਚੋਂ ਤੇ ਗੁਰੂ ਦਰਬਾਰ ਵਿਚ ਆਪ ਲੈ ਕੇ ਆਉਣਾ। ਤਨਖਾਹੀਆ ਨਹੀਂ ਬਣਨਾ। ਜਦ ਤੱਕ ਖ਼ਾਲਸਾ ਨਿਆਰਾ ਰਹੇਗਾ ਤਦ ਤੱਕ ਉਸ ਦੇ ਸਾਹਮਣੇ ਕੋਈ ਨਹੀਂ ਅੜੇਗਾ। ਕੌਮ ਦੀ ਵਾਗਡੋਰ ਹੁਣ ਤੁਹਾਡੇ ਹੱਥ ਵਿਚ ਏ । ਤੁਸੀਂ ਕੌਮ ਦੇ ਮੋਹਰੀ ਹੋ। ਤੁਹਾਡਾ ਆਖਰੀ ਫ਼ੈਸਲਾ ਮੰਨਿਆ ਜਾਏਗਾ। ਤੁਸੀਂ ਗੁਰੂ ਤੋਂ ਵੀ ਉੱਚੇ ਹੋ। ਤੁਹਾਡਾ ਹੁਕਮ ਗੁਰੂ ਦਾ ਹੁਕਮ ਏ। ਰਹਿੰਦੀ ਦੁਨੀਆਂ ਤੱਕ ਖ਼ਾਲਸੇ ਦੀ ਜੈ-ਜੈਕਾਰ ਹੋਏਗੀ ਜੇ ਰਹਿਤ ਵਿਚ ਰਿਹਾ ਤਾਂ।

ਦੀਵਾਨ ਵਿਚੋਂ ਆਵਾਜ਼ਾਂ ਆਈਆਂ, ਸਤਿਗੁਰ ਤੁਸਾਂ ਸਾਨੂੰ ਵਿਸਾਰ ਦਿੱਤਾ ਏ। ਜੇ ਅਸੀਂ ਸੀਸ ਭੇਟਾ ਨਹੀਂ ਕਰ ਸਕੇ ਤੇ ਕਮ-ਸੇ-ਕਮ ਸਾਨੂੰ ਅੰਮ੍ਰਿਤ ਦੀ ਦਾਤ ਬਖਸ਼ੋ।

ਫ਼ਰਮਾਇਆ ਸਤਿਗੁਰਾਂ, "ਪੰਜ ਪਿਆਰੇ ਹੀ ਤੁਹਾਨੂੰ ਇਹ ਦਾਤ ਬਖਸ਼ ਸਕਦੇ ਹਨ।" ਅੱਜ ਤੋਂ ਬਾਅਦ ਚਰਨ ਪਹੁਲ ਦੀ ਥਾਂ ਖੰਡੇ ਦਾ ਅੰਮ੍ਰਿਤ ਪ੍ਰਵਾਨ ਹੋਵੇਗਾ।

ਰੀਸੋ-ਰੀਸ ਲੋਕ ਗੁਰੂ ਦੇ ਚਰਨ ਫੜਨ ਲੱਗ ਪਏ। ਸਾਡਾ ਕੀ ਬਣੂ, ਅਸੀਂ ਤੇ ਚੌਂਕੇ ਵਿਚੋਂ ਛੇਕੇ ਗਏ ਹਾਂ।

ਛੇਕਣ ਵਾਲੀ ਗੱਲ ਨਹੀਂ, ਇਹ ਤੁਹਾਡੇ ਭਰਾ ਹਨ, ਇਹ ਮੇਰਾ ਰੂਪ ਹਨ, ਇਹ ਪੰਥ ਦੇ ਮੋਹਰੀ ਹਨ, ਤੁਸੀਂ ਅਰਜ਼ ਕਰ ਕੇ ਵੇਖੋ।

ਪੰਜਾਂ ਪਿਆਰਿਆਂ ਨੇ ਅਗੋਂ ਮਰਿਯਾਦਾ ਇਉਂ ਚਲਾਈ।

ਕੁਝ ਜਣੇ ਉਠੇ ਤੇ ਉਹਨਾਂ ਗਲ ਵਿਚ ਪੱਲਾ ਪਾ ਲਿਆ। ਸਾਨੂੰ ਵੀ ਗੁਰੂ ਵਾਲੇ ਬਣਾ ਲਵੋ। ਹੁਣ ਇਹ ਰਹਿਮਤ ਤੁਹਾਡੇ ਹੱਥ ਵਿਚ ਏ।

ਰਾਮ ਸਿੰਘ, ਦੇਵਾ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ, ਫ਼ਤਹਿ ਸਿੰਘ ਨੂੰ ਅੰਮ੍ਰਿਤ ਛਕਾਇਆ ਪੰਜਾਂ ਪਿਆਰਿਆਂ ਨੇ।

ਬਖਸ਼ਿਸ਼ ਗੁਰਾਂ ਦੀ, ਰਹਿਮਤ 'ਚ ਖ਼ੁਸ਼ ਹੋਏ ਉਹਨਾਂ ਨੂੰ ਮੁਕਤੇ ਦਾ ਖ਼ਿਤਾਬ ਦਿੱਤਾ। ਇਹ ਪ੍ਰਥਾ ਇਉਂ ਚੱਲੀ, ਪੰਜ ਪਿਆਰੇ ਤੇ ਪੰਜ ਮੁਕਤੇ।

ਇਕ ਜਥਾ ਹੋਰ ਅੱਗੇ ਆਇਆ। ਉਹਨਾਂ ਦੀ ਗਿਣਤੀ ਵੀ ਪੰਜ ਦੀ ਈ ਸੀ। ਅੰਮ੍ਰਿਤ ਉਹਨਾਂ ਨੇ ਵੀ ਪਾਨ ਕੀਤਾ। ਉਹ ਵੀ ਗੁਰੂ ਦੇ ਲੜ ਲੱਗੇ।

ਹਜ਼ੂਰ ਨੇ ਮਿਹਰ ਦੀ ਨਜ਼ਰ ਕੀਤੀ, ਇਹ ਮੇਰੇ ਦੀਦਾਰੀ ਸਿੱਖ ਹਨ।

ਊਚ-ਨੀਚ ਦਾ ਅੱਜ ਤੋਂ ਰਿਸ਼ਤਾ ਟੁੱਟਾ। ਸਾਡੀ ਜ਼ਾਤ ਇਕ, ਸਾਡਾ ਇਸ਼ਟ ਇਕ। ਤੁਹਾਡੀ ਰੋਟੀ ਤੇ ਬੇਟੀ ਦੀ ਸਾਂਝ ਇਕ ਹੋ ਗਈ। ਤੁਸੀਂ ਸੰਤ ਸਿਪਾਹੀ ਹੋ। ਦੁਸ਼ਮਣ ਲਈ ਤਲਵਾਰ ਤੇ ਕ੍ਰਿਪਾ ਤੇ ਆਨ ਦੀ ਰੱਖਿਆ ਲਈ ਕ੍ਰਿਪਾਨ। ਮੈਂ ਤੁਹਾਨੂੰ ਪੂਰਨ ਮਨੁੱਖ ਸਾਜ ਦਿੱਤਾ ਏ।

ਸੰਗਤ-ਪੰਗਤ ਦੀ ਮਰਿਯਾਦਾ ਨੂੰ ਕਾਇਮ ਰੱਖਣਾ, ਇਹੋ ਤੁਹਾਡੀ ਤਰੱਕੀ ਦਾ ਰਾਜ਼ ਏ।

ਸਤਿਗੁਰ ਹੱਥ ਜੋੜ ਕੇ ਖਲੋ ਗਏ। ਤੁਸਾਂ ਮੈਥੋਂ ਸਭ ਕੁਝ ਖੋਹ ਲਿਐ। ਕੁਝ ਮੇਰੇ ਲਈ ਵੀ ਰਹਿਣ ਦਿਓ।

ਸਤਿਗੁਰ ਇਹ ਕੀ, ਤੁਸੀਂ ਤੇ ਗੁਰੂ ਹੋ।

ਗੁਰੂ ਦੀ ਹਾਂ ਪਰ ਮੈਨੂੰ ਆਪਣੇ ਵਿਚ ਰਲਾ ਲਵੋ। ਮੈਂ ਵੀ ਖ਼ਾਲਸਾ ਬਣ ਜਾਵਾਂ ਤੁਹਾਡਾ ਹਾਣੀ।

ਦੀਕਸ਼ਾ ਗੁਰੂ ਤੋਂ ਲਈ ਜਾਂਦੀ ਏ, ਕਦੀ ਗੁਰੂ ਨੇ ਦੀਕਸ਼ਾ ਆਪਣੇ ਚੇਲਿਆਂ ਤੋਂ ਨਹੀਂ ਲਈ, ਪਰ ਅੱਜ ਜਿਹੜੀ ਕਥਾ ਮੈਂ ਸੁਣਾਉਣ ਲਗਾ ਹਾਂ। ਉਹ ਸਾਰੀ ਵੱਖਰੀ ਤੇ ਮਰਿਯਾਦਾ ਦੇ ਉਲਟ ਏ। ਜ਼ਮਾਨੇ ਨੇ ਕਰਵਟ ਲਈ ਤੇ ਮਰਿਯਾਦਾ ਵੀ ਬਦਲ ਗਈ।

ਸਾਹਿਬ ਗੁਰੂ ਗੋਬਿੰਦ ਰਾਏ ਭਰੇ ਦੀਵਾਨ 'ਚ ਹੱਥ ਜੋੜੀ ਖੜ੍ਹੇ ਸਨ। ਪੰਜਾਂ ਪਿਆਰਿਆਂ ਦੇ ਸਨਮੁੱਖ, ਅੱਗੋਂ ਪੰਜ ਪਿਆਰੇ ਵੀ ਹੱਥ ਜੋੜੀ ਖੜ੍ਹੇ ਸਨ। ਗੁਰੂ ਨਿਮਰਤਾ ਵਿਚ ਸੀ ਤੇ ਪੰਜ ਪਿਆਰੇ ਪਾਣੀਉਂ ਪਤਲੇ ਹੋ ਰਹੇ ਸਨ। ਮੈਂ ਤੁਹਾਡਾ ਦਾਸ ਹਾਂ, ਤੁਸੀਂ ਪੰਥ ਦੇ ਵਾਲੀ ਬਣ ਗਏ ਹੋ। ਮੈਨੂੰ ਵੀ ਆਪਣੇ ਜਿਹਾ ਕਰ ਲਓ। ਮੈਂ ਵੀ ਗੁਰੂ ਵਾਲਾ ਬਣ ਜਾਵਾਂ। ਮੇਰਾ ਕੱਦ ਵੀ ਤੁਹਾਡੇ ਹਾਣ ਦਾ ਹੋ ਜਾਏ। ਮੈਨੂੰ ਵੀ ਇਹ ਦਾਤ ਬਖ਼ਸ਼ੋ, ਅੰਮ੍ਰਿਤ ਦੀ ਦਾਤ ਮੇਰੀ ਝੋਲੀ 'ਚ ਪਾਉ, ਬੋਲਾਂ ਵਿਚ ਨਿਮਰਤਾ ਸੀ, ਮਿਠਾਸ ਸੀ ਤੇ ਆਜਜ਼ੀ ਸੀ। ਗੋਬਿੰਦ ਰਾਏ ਨੇ ਫ਼ਰਮਾਇਆ।

—ਸਤਗੁਰ ਇਹ ਕੀ ਭਾਣਾ ਵਰਤ ਰਿਹਾ ਏ। ਤੁਸੀਂ ਪੰਥ ਦੇ ਵਾਲੀ, ਤੁਸਾਂ ਸਾਨੂੰ ਇਹ ਅਨਮੋਲ ਦਾਤ ਬਖ਼ਸ਼ੀ। ਤੁਸੀਂ ਤੇ ਆਪ ਦੇਣਹਾਰ ਹੋ, ਤੁਸੀਂ ਹੁਣ ਸਾਥੋਂ ਮੰਗ ਰਹੇ ਹੋ। ਇਹ ਗੱਲ ਅਣਹੋਣੀ ਜਿਹੀ ਏ "ਭਾਈ ਦਇਆ ਸਿੰਘ ਨੇ ਅਰਜ਼ ਕੀਤੀ।"

—ਤੁਹਾਡਾ ਰੁਤਬਾ ਮੇਰੇ ਨਾਲੋਂ ਵੱਡਾ ਏ। ਤੁਸੀਂ ਇਹ ਬਖ਼ਸ਼ਿਸ਼ ਕਰ ਸਕਦੇ ਹੋ। ਤੁਸੀਂ ਮਾਲਕ ਹੋ, ਤੁਸੀਂ ਭੰਡਾਰੀ ਹੋ, ਕਿਉਂ ਸੈਨਾਪਤਿ ਮੇਰੀ ਗੱਲ ਠੀਕ ਏ ਨਾ।

—ਸਤਿਗੁਰ ਤੁਸਾਂ ਮਰਿਯਾਦਾ ਬਦਲ ਦਿੱਤੀ ਏ। ਇਹ ਸ਼ਾਸਤਰਾਂ ਦੇ ਉਲਟ ਏ। ਪਰ ਜਿਹੜਾ ਅਸਾਂ ਫ਼ੈਸਲਾ ਕਰ ਲਿਆ ਏ। ਉਹਦੇ ਮੁਤਾਬਿਕ ਠੀਕ ਏ।

—ਹੁਕਮ ਦਿਉ, ਭਾਈ ਦਇਆ ਸਿੰਘ ਜੀ ਮੈਂ ਤੁਹਾਡੀ ਅਰਦਲ ਵਿਚ ਖੜ੍ਹਾ ਹੋਵਾਂ ਤੇ ਪੰਜ ਪਿਆਰੇ ਮੈਨੂੰ ਅੰਮ੍ਰਿਤ ਛਕਾਉਣ। ਤੁਸੀਂ ਅਕਾਲ ਪੁਰਖ ਦੇ ਖ਼ਾਲਸਾ ਹੋ, ਤੁਸਾਂ ਸਾਰੀ ਦੁਨੀਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ਣੀ ਏ। ਸਭ ਤੋਂ ਪਹਿਲਾਂ ਦਾਤ ਸੇਵਕ ਨੂੰ ਬਖ਼ਸ਼ੋ, ਮੈਂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਜਾਵਾਂ। ਤੁਹਾਡੀ ਕਤਾਰ ਦੇ ਵਿਚ ਖੜ੍ਹਾ ਹੋਣ ਦੇ ਯੋਗ ਹੋ ਜਾਵਾਂ। ਫੇਰ ਤੁਹਾਡੇ ਤੇ ਮੇਰੇ ਵਿਚ ਕੋਈ ਫ਼ਰਕ ਨਹੀਂ ਰਹੇਗਾ। ਤੁਸੀਂ ਤੇ ਮੈਂ ਸਾਰੇ ਇਕ ਜਾਨ ਹੋ ਜਾਵਾਂਗੇ।

ਅੰਮ੍ਰਿਤ ਤਿਆਰ ਹੋ ਰਿਹੈ, ਉਸੇ ਮਰਿਯਾਦਾ ਦੇ ਮੁਤਾਬਿਕ ਪੰਜ ਪਿਆਰੇ ਬਾਣੀ ਪੜ੍ਹ ਰਹੇ ਸਨ ਤੇ ਸਾਹਿਬ ਬੀਰ ਆਸਨ ਤੇ ਬੈਠ ਗਏ।

ਇਹ ਅਨੋਖਾ ਕ੍ਰਿਸ਼ਮਾ ਲੋਕ ਵੇਖ ਰਹੇ ਸਨ।

ਦਇਆ ਸਿੰਘ ਮੁਖੀ ਸੀ ਪੰਜਾਂ ਪਿਆਰਿਆਂ ਦਾ। ਆਖਣ ਲੱਗਾ।

ਅੰਮ੍ਰਿਤ ਪਾਨ ਕਰਨਾ ਏ ਤੇ ਅੰਮ੍ਰਿਤ ਦੀ ਦਾਤ ਮਿਲੇਗੀ ਪਰ ਏਸ ਦਾ ਮੁੱਲ ਤਾਰਨਾ ਪਏਗਾ।

ਸਿਰ ਝੁਕਾਇਆ ਸਤਗੁਰਾਂ ! ਮੈਨੂੰ ਮੰਜ਼ੂਰ ਏ।

—ਅਸਾਂ ਸਿਰ ਦੇ ਕੇ ਲਿਆ ਏ। ਤੁਸੀਂ ਸੁਣਾਉ ਕੀ ਦਿੰਦੇ ਹੋ।

ਇਕ ਵਾਰ ਫਿਰ ਦੀਵਾਨ ਕੰਬਿਆ। ਦਇਆ ਸਿੰਘ ਨੇ ਇਹ ਕੀ ਆਖ ਦਿੱਤਾ ਏ। ਦਿਨੀਂ ਤੌਰਾ ਚਸ਼ਮੀ।

— ਤੇਰਾ ਫ਼ੈਸਲਾ ਅਟੱਲ ਏ ਦਇਆ ਸਿੰਹਾ। ਤੁਸਾਂ ਇਕ ਸਿਰ ਦਿੱਤਾ ਸੀ, ਮੇਰਾ ਸਿਰ

ਝੁਕਿਆ ਹੋਇਐ, ਮੇਰੇ ਹੱਥ ਜੋੜੇ ਹੋਏ ਹਨ। ਸਿੱਖਾਂ ਨੇ ਜਿਸ ਅੰਮ੍ਰਿਤ ਬਦਲੇ ਸੀਸ ਭੇਟਾ ਕੀਤਾ ਸੀ। ਤੁਹਾਡਾ ਗੁਰੂ ਏਸ ਨਿਯਮਤ ਬਦਲੇ ਆਪਣਾ ਸਰਬੰਸ ਵਾਰੇਗਾ।

—ਧੰਨ ਗੁਰੂ, ਧੰਨ ਤੁਹਾਡੀ ਕਮਾਈ। ਗੁਰੂ ਬਣਨ ਦਾ ਮੁੱਲ ਤਾਰ ਦਿੱਤਾ ਤੁਸਾਂ।

—ਸੰਗਤ ਬੋਲ ਉਠੀ. ''ਵਾਹ-ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ।''

ਪੰਜ ਪਿਆਰਿਆਂ ਨੇ ਅੰਮ੍ਰਿਤ ਛਕਾਇਆ, ਗੁਰੂ ਗੋਬਿੰਦ ਰਾਏ ਨੂੰ ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਉਨ੍ਹਾਂ ਆਪ ਛੱਕਿਆ ਸੀ। ਰਤੀ ਭਰ ਲਿਹਾਜ਼ ਨਹੀਂ ਸੀ ਕੀਤਾ। ਉਸੇ ਤਰ੍ਹਾਂ ਚੂਲੇ ਪਾਏ ਸਤਿਗੁਰਾਂ ਦੇ ਬੁੱਕ ਵਿਚ ਤੇ ਉਸੇ ਤਰ੍ਹਾਂ ਨੇਤਰਾਂ ਵਿਚ, ਉਸੇ ਤਰ੍ਹਾਂ ਕੇਸਾਂ ਵਿਚ ਛੱਟੇ ਮਾਰੇ। ਪੰਜ ਪਿਆਰੇ ਖੜ੍ਹੇ ਸਨ ਤੇ ਸਤਗੁਰ ਬੀਰ ਆਸਨ ਤੇ ਬੈਠੇ ਹੋਏ ਸਨ। ਦਇਆ ਸਿੰਘ ਨੇ ਹੁਕਮ ਫ਼ਰਮਾਇਆ "ਅੰਮ੍ਰਿਤ ਤੁਸਾਂ ਛੱਕ ਲਿਐ. ਜੈਕਾਰੇ ਗੂੰਜ ਉਠੇ ਹਨ। ਰਣਜੀਤ ਨਗਾਰਾ ਵੱਜ ਰਿਹੈ। ਅੰਮ੍ਰਿਤ ਦੀ ਮਰਿਯਾਦਾ ਸੁਣੋ। ਅੱਜ ਤੋਂ ਤੁਸੀਂ ਸਿੰਘ ਬਣ ਗਏ। ਗੋਬਿੰਦ ਰਾਏ ਤੋਂ ਗੋਬਿੰਦ ਸਿੰਘ। ਕੰਘਾ, ਕੜਾ, ਕ੍ਰਿਪਾਨ ਤੇ ਕਛਹਿਰਾ ਹਰ ਵੇਲੇ ਧਾਰਨ ਕਰਨਾ। ਚਾਰ ਕੁਰੀਤੀਆਂ ਤੋਂ ਪ੍ਰਹੇਜ਼ ਕਰਨਾ। ਕੇਸ ਨਹੀਂ ਕਟਾਉਣੇ। ਕੁੱਠਾ ਨਹੀਂ ਖਾਣਾ। ਤੰਬਾਕੂ ਵਰਜਿਤ ਏ, ਪਰਾਈ ਇਸਤਰੀ ਗਾਮੀ ਨਹੀਂ ਹੋਣਾ।

ਅਸੀਂ ਹੁਣ ਸਾਰੇ ਭਰਾ ਹਾਂ ਗੁਰੂ ਸਪੁੱਤਰ. ਇਕ ਅਕਾਲ ਪੁਰਖ ਦੀ ਅਰਾਧਨਾ ਕਰਨੀ। ਰੋਜ਼ ਪੰਜ ਬਾਣੀਆਂ ਦਾ ਪਾਠ ਕਰਨਾ।

ਜੈਕਾਰੇ ਤੇ ਜੈਕਾਰੇ ਜਦ ਸਤਗੁਰ ਅੰਮ੍ਰਿਤ ਛੱਕ ਚੁੱਕੇ ਤਦ ਆਪਣੇ ਆਸਨ ਤੇ ਬੈਠੇ।

ਫ਼ਰਮਾਇਆ ਹਜ਼ੂਰ ਨੇ. "ਹੁਣ ਕੌਮ ਨੂੰ ਵੀ ਇਹ ਅੰਮ੍ਰਿਤ ਛਕਾਓ, ਇਨ੍ਹਾਂ ਦਾ ਡਰ ਲੱਥੇ. ਜੁਰੱਤ ਪੈਦਾ ਹੋਵੇ। ਵਿਸ਼ਵਾਸ ਪੱਕਾ ਹੋਵੇ। ਇਹ ਸ਼ੇਰਾਂ ਦਾ ਟੋਲਾ ਵੱਖਰਾ ਹੀ ਜਾਪੇ।

ਹੜ੍ਹ ਵਗ ਤੁਰਿਆ ਅੰਮ੍ਰਿਤ ਛੱਕਣ ਵਾਲਿਆਂ ਦਾ, ਨਵੇਂ ਪੁਸ਼ਾਕੇ ਮਹਿਲਾਂ ਵਿਚੋਂ ਆ ਰਹੇ ਸਨ। ਇਕ ਨਿਡਰ ਫ਼ੌਜ, ਇਕ ਸ਼ੇਰਾਂ ਦਾ ਗਿਰੋਹ, ਸਿਰਲੱਥੇ ਗਭਰੂਆਂ ਦਾ ਹਜੂਮ ਉਭਰ ਕੇ ਸਾਹਮਣੇ ਆਇਆ। ਅਚਾਨਕ ਭਾਈ ਦਇਆ ਸਿੰਘ ਨੇ ਹੱਥ ਜੋੜੇ ਤੇ ਅਰਜ਼ ਕੀਤੀ।

ਅੰਮ੍ਰਿਤ ਤੇ ਛੱਕ ਲਿਆ ਏ ਹੁਣ ਪ੍ਰੀਖਿਆ ਵੀ ਹੋਣੀ ਚਾਹੀਦੀ ਏ "ਦਇਆ ਸਿੰਘ ਦੇ ਬੋਲ ਸਨ।"

ਇਹ ਬੋਲ ਪੱਥਰ ਦੀ ਲੀਕ ਹਨ। ਪ੍ਰੀਖਿਆ ਬਹੁਤ ਜ਼ਰੂਰੀ ਏ। ਫਿਰ ਪੰਜਾਂ ਪਿਆਰਿਆਂ ਵਿਚੋਂ ਕੋਈ ਬੰਦਾ ਨਿੱਤਰਦਾ ਏ।

ਅਸੀਂ ਪੰਜੇ ਜਣੇ ਤਿਆਰ ਹਾਂ। ਹੁਕਮ ਸਾਦਰ ਕਰੋ।

ਨਹੀਂ ਇਹ ਗੱਲ ਇਸ ਤਰ੍ਹਾਂ ਨਹੀਂ ਹੋਣੀ ਚਾਹੀਦੀ। ਤੁਸੀਂ ਤੇ ਹੁਕਮ ਦੇ ਰਹੇ ਹੋ।

ਚੰਗਾ ਏਸੇ ਤਰ੍ਹਾਂ ਹੀ ਸਹੀ। ਇਹ ਪ੍ਰੀਖਿਆ ਗੁਰੂ ਗੋਬਿੰਦ ਸਿੰਘ ਤੋਂ ਲਈ ਜਾਏ। ਮਹਾਂ ਸਿੰਘ ਤੋਂ ਕੋਈ ਅਣਗਹਿਲੀ ਨਾ ਹੋ ਜਾਏ ਤੇ ਇਹਦਾ ਰੁਤਬਾ ਘਟੇ।

ਗੁਰੂ ਗੋਬਿੰਦ ਸਿੰਘ ਨੇ ਹੱਥ ਜੋੜੇ, "ਹੁਕਮ ਦਿਓ ਭਾਈ ਦਇਆ ਸਿੰਘ ਜੀ।"

ਪਰ ਇਸਤਰੀ ਗਾਮੀ ਨਹੀਂ ਹੋਣਾ।

ਸਿਰ ਮੱਥੇ ਕਬੂਲ, ਤੁਸੀਂ ਮੇਰੇ ਇਮਤਿਹਾਨ ਦੀ ਪੂਰਤੀ ਵੇਖੋ।

ਨਗਾਰਿਆਂ ਤੇ ਜੈਕਾਰਿਆਂ ਨਾਲ ਵਾਤਾਵਰਣ ਪਵਿੱਤਰ ਕਰ ਦਿੱਤਾ । ਹਰ ਪਾਸਿਓਂ ਆਵਾਜ਼ਾਂ ਆ ਰਹੀਆਂ ਸਨ ਪ੍ਰੀਖਿਆ ਗੁਰੂ ਦੀ ਪ੍ਰੀਖਿਆ, ਬ੍ਰਹਮ ਮੰਡਲ ਡੋਲਿਆ ਤੇ ਵਿਸ਼ਵਾ-ਮਿੱਤਰ ਨੇ ਹਥਿਆਰ ਸੁੱਟ ਦਿੱਤੇ ।

ਇਕ ਪਾਸਿਓਂ ਆਵਾਜ਼ ਆਈ ਇਕ ਪਹਾੜੀਏ ਦੀ ।

ਹੁਣ ਵੇਖਣੈ ਕਿ ਗੁਰੂ ਗੋਬਿੰਦ ਸਿੰਘ ਕਿੰਨੇ ਕੁ ਪਾਣੀ ਵਿਚ ਏ ।

★

ਪ੍ਰੀਖਿਆ ੧੬੬

ਮਲੇਰ ਕੋਟਲੇ ਦੇ ਨਵਾਬਾਂ ਦੀ ਉਨ੍ਹੀਂ ਦਿਨੀਂ ਸਾਰੇ ਪੰਜਾਬ ਵਿਚ ਤੂਤੀ ਬੋਲਦੀ ਸੀ । ਬੜੇ ਲੰਮੇ ਹੱਥ ਸਨ ਨਵਾਬਾਂ ਦੇ । ਸਰਹੰਦ ਦਾ ਸੂਬਾ ਵੀ ਖ਼ਮ ਜਾਂਦਾ ਸੀ, ਮਾਣ ਜੁ ਸੀ । ਤਿੱਖੀਆਂ ਤਲਵਾਰਾਂ ਦਾ ।

ਖ਼ੈਬਰ ਤੋਂ ਲੈ ਕੇ ਦਿੱਲੀ ਦੱਖਣ ਤੱਕ ਪਠਾਣਾਂ ਦੀਆਂ ਤਲਵਾਰਾਂ ਦੀ ਧਾਂਕ ਸੀ । ਦਿੱਲੀ ਆਏ ਪਠਾਣ ਨੂੰ ਕੁਰਸੀ ਮਿਲਦੀ ਭਰੇ ਦਰਬਾਰ ਵਿਚ । ਬੜਾ ਤੇਜ-ਤਪ ਸੀ ਮਲੇਰ ਕੋਟਲੇ ਦੇ ਨਵਾਬ ਦਾ ਜਾਗੀਰ ਛੋਟੀ ਸੀ ਪਰ ਨਾਂ ਬੜਾ ਵੱਡਾ ਸੀ ।

ਮਲੇਰ ਕੋਟਲੇ ਵਾਲਿਆਂ ਬਹਾਦਰੀ ਵਿਚ ਆਪਣੇ ਨਾਂ ਦਾ ਸਿੱਕਾ ਜਮਾਇਆ ਹੋਇਆ ਸੀ । ਜੇ ਜਾਂ ਸਰਹੰਦ ਤੇ ਲਾਹੌਰ ਲੁੱਟਦਾ ਤੇ ਕੁਰਬਾਨੀ ਦੇ ਬੱਕਰੇ ਦੀ ਜਦ ਲੋੜ ਪੈਂਦੀ ਤਾਂ ਮਲੇਰ ਕੋਟਲੇ ਸੱਦਾ ਭੇਜਿਆ ਜਾਂਦਾ । ਸ਼ੇਖ਼ੀ 'ਚ ਆਏ ਕੁਲਿਆਂ ਤੋਂ ਗਿੱਠ-ਗਿੱਠ ਲੰਮੇ ਸ਼ਮਲੇ ਕੱਢੀ ਬਹਾਦਰ ਪਠਾਣ ਤਲਵਾਰਾਂ ਨੂੰ ਚੁੰਮ ਕੇ ਨਿਕਲਦੇ ਮਲੇਰ ਕੋਟਲਿਉਂ ।

ਭਾਵੇਂ ਪਠਾਣ ਤੇ ਮੁਗ਼ਲ ਦਾ ਇੱਟ ਘੜੇ ਦਾ ਵੈਰ ਸੀ । ਕੁੱਤਾ ਕੁੱਤੇ ਦਾ ਵੈਰੀ ਹੁੰਦਾ ਏ, ਪਰ ਇਸਲਾਮ ਦੇ ਨਾਂ ਤੇ ਝੱਟ ਹੀ ਇਕ ਝੰਡੇ ਥੱਲੇ ਇਕੱਠੇ ਹੋ ਜਾਂਦੇ । ਸਾਰੇ ਵੈਰ ਵਿਰੋਧ, ਈਰਖਾ. ਖ਼ਾਰ ਗ਼ੁੱਸੇ ਇਕੋ ਪਿਆਲੇ ਵਿਚ ਪਾ ਕੇ ਦੋਵੇਂ ਜਣੇ ਪੀ ਜਾਂਦੇ ਪਿਆਲੇ ਵਟ ਭਰਾ । ਮਹਿਫ਼ਲ ਦਾ ਮੋਹਰੀ ਹੁੰਦਾ—ਪਠਾਣ ਤੇ ਮੁਗ਼ਲ ।

ਵਜ਼ੀਰ ਖ਼ਾਂ ਸਰਹੰਦ ਦਾ ਸੂਬਾ ਸੀ ਤੇ ਮਹਾਬਤ ਖ਼ਾਂ ਨੂੰ ਲਾਹੌਰ ਦੀ ਸੂਬੇਦਾਰੀ ਨਵੀਂ-ਨਵੀਂ ਮਿਲੀ ਸੀ । ਮਲੇਰ ਕੋਟਲੇ ਦੇ ਨਵਾਬ ਨੂੰ ਸ਼ੇਰ ਮੁਹੰਮਦ ਖ਼ਾਂ ਆਖਦੇ ਸਨ ।

ਇਕ ਤੋਂ ਇਕ ਵੱਧ ਸੀ । ਤਿੰਨਾਂ ਜਣਿਆਂ ਦੀ ਆਪਣੀ-ਆਪਣੀ ਸ਼ਾਨ ਸੀ ਤੇ ਆਪਣਾ-ਆਪਣਾ ਜਲਾਲ । ਮੁਗ਼ਲ ਹਕੂਮਤ ਦੀਆਂ ਇਹ ਤਿੰਨੇ ਜਣੇ ਪੰਜਾਬ ਵਿਚ ਥੰਮੀਆਂ ਮੰਨੇ ਜਾਂਦੇ । ਔਰੰਗਜ਼ੇਬ ਤੇ ਵਿਚਾਰਾ ਦੱਖਣ ਵਿਚ ਲੜਦਾ-ਲੜਦਾ ਹੰਭ ਚੁੱਕਾ ਸੀ । ਉਸ ਨੂੰ ਪੰਜਾਬ ਦੀ ਕੋਈ ਦਸ ਧੁਖ ਨਹੀਂ ਸੀ ਪੁੱਜਦੀ । ਜਿੱਦਾਂ ਕਿਸੇ ਨੇ ਕੰਨ ਭਰ ਦਿੱਤੇ, ਉੱਦਾਂ ਹੀ ਮੰਨ ਲਿਆ । ਸ਼ੱਕੀ ਜ਼ਰੂਰ ਸੀ ਪਰ ਦੂਰ ਬੈਠਾ ਸੀ । ਕੁਝ ਕਰ ਨਹੀਂ ਸੀ ਸਕਦਾ । ਇਸੇ ਲਈ ਹਾਂ ਵਿਚ ਹਾਂ ਮਿਲਾ ਕੇ ਦੜ ਵੱਟ ਲੈਂਦਾ ਪਰ ਵਿਚੋਂ ਉਹ ਸਭ ਕੁਝ ਜਾਣਦਾ ਸੀ ਤੇ ਦਿਲੋਂ ਏਸ ਲਈ ਖ਼ੁਸ਼ ਸੀ ਕਿ ਸਾਰੇ ਪੰਜਾਬ ਤੇ ਝੰਡੇ ਝੂਲਦੇ ਹਨ ਮੁਗ਼ਲ ਰਾਜ ਦੇ ।

ਸਰਹੰਦ ਦੇ ਸੂਬੇ ਦੇ ਭਰਾ, ਭਾਈ, ਜਵਾਈ, ਮੁੰਡੇ, ਸਾਕ-ਸਬੰਧੀ, ਯਾਰ-ਦੋਸਤ, ਮਨਮਰਜ਼ੀਆਂ

ਕਰ ਲੈਂਦੇ ਸੂਬੇ ਦੀ ਸ਼ਹਿ ਤੇ। ਮਨ ਪਸੰਦ ਖਾਂਦੇ ਤੇ ਮਨ ਭਾਉਂਦਾ ਪਾਉਂਦੇ। ਰਾਤ ਬਰਾਤੇ ਜੇ ਕੋਈ ਮੂੰਹੋਂ ਗੱਲ ਨਿਕਲ ਜਾਂਦੀ ਤਾਂ ਸਵੇਰੇ ਕਾਨੂੰਨ ਬਣ ਜਾਂਦੀ। ਅੱਠ ਪਹਿਰ ਤੇ ਆਪਣੇ ਨਾਂ ਦਾ ਸਿੱਕਾ ਚਲਾ ਲੈਂਦੇ ਦੂਲੇ ਸਰਹੰਦ ਦੇ, ਫੇਰ ਭਾਵੇਂ ਕੋਈ ਕਾਜ਼ੀ ਆਪਣੀ ਲੱਤ ਅੜਾ ਕੇ ਸਿੱਧੇ ਰਸਤੇ ਤੇ ਲੈ ਆਵੇ। ਹੰਨੇ-ਹੰਨੇ ਰਾਜ ਸੀ, ਮੁਗ਼ਲਾਂ ਦੀਆਂ ਜੜ੍ਹਾਂ ਪਤਾਲ ਵਿਚ ਲੱਗੀਆਂ ਹੋਈਆਂ ਸਨ ਕੋਈ ਸਿਰ ਚੁਕਣ ਦਾ ਨਾਂ ਨਹੀਂ ਲੈਂਦਾ। ਆਲਮਗੀਰ ਨੇ ਆਪਣੀ ਸਾਰੀ ਜਵਾਨੀ ਦਾ ਬਲ ਦੱਖਣ ਜਿੱਤਣ ਵੱਲ ਲਾ ਦਿੱਤਾ। ਭਾਵੇਂ ਧੌਲੇ ਆ ਗਏ ਸਨ, ਲੱਕ ਕੁੱਬਾ ਹੋ ਗਿਆ ਸੀ ਪਰ ਅਜੇ ਵੀ ਮੁੰਡਿਆਂ ਦੀ ਜੁੰਡਲੀ 'ਚ ਬਹਿੰਦਿਆਂ ਨਾ ਸੰਗਦਾ। ਮੁੰਡਿਆਂ ਨਾਲੋਂ ਤਗੜਾ ਸੀ। ਦਿਲ ਤੇ ਬੁੱਢਾਪੇ ਦੀ ਅਜੇ ਤੱਕ ਕੋਈ ਛਰੀਟ ਤੱਕ ਨਹੀਂ ਸੀ ਆਈ। ਆਲਮਗੀਰ ਨੇ ਪੰਜਾਂ ਦਰਿਆਵਾਂ ਦੀ ਧਰਤੀ ਵਿਚ ਆਪਣੀ ਤਾਕਤ ਦੇ ਥਾਂ-ਥਾਂ ਕਿੱਲੇ ਗੱਡੇ ਹੋਏ ਸਨ। ਜਬ੍ਹਾ ਸੀ ਪੰਜਾਬੀਆਂ ਤੇ ਆਲਮਗੀਰ ਦੇ ਨਾਂ ਦਾ। ਤਲਵਾਰ ਨੂੰ ਉਸ ਇਸਲਾਮ ਦੀ ਪਾਨ ਦੇ ਕੇ ਆਪਣੇ ਨਾਂ ਦਾ ਹਰ ਥਾਂ ਖ਼ੁਤਬਾ ਪੜ੍ਹਾ ਲਿਆ। ਐਡੇ ਵੱਡੇ ਰਾਜ ਸਾਹਮਣੇ ਕੋਈ ਸਿਰ ਚੁਕਣ ਦੀ ਖ਼ਾਬ ਵਿਚ ਵੀ ਜੁਰਅੱਤ ਨਹੀਂ ਸੀ ਕਰਦਾ। ਦਿੱਲੀ ਦੇ ਤਖ਼ਤ ਨੂੰ ਝੁਕ-ਝੁਕ ਸਲਾਮਾਂ ਹੁੰਦੀਆਂ ਸਨ, ਖ਼ਿਲਅਤਾਂ ਬਖ਼ਸ਼ਦਾ ਸੀ ਤਖ਼ਤ ਦਿੱਲੀ ਦਾ।

"ਸਿਰ ਤੇ ਨਹੀਂ ਕੁੰਡਾ ਹਾਥੀ ਫਿਰੇ ਲੁੰਡਾ।" ਬਾਦਸ਼ਾਹ ਦੱਖਣ ਵਿਚ ਸੈਂਕੜੇ ਕਹਾਂ ਦੀ ਵਿੱਥ, ਐਡਾ ਵੱਡਾ ਫ਼ਾਸਲਾ। ਹਾਕਮ ਜੇ ਮੌਜਾਂ ਨਾ ਲੈਣ ਤਾਂ ਕੀ ਕਰਨ। ਕੌਣ ਜਾਂਦਾ ਏ ਏਡੀ ਦੂਰ ਸ਼ਿਕਾਇਤਾਂ ਲੈ ਕੇ, ਜੇ ਕੋਈ ਜਾਏਗਾ ਵੀ ਤੇ ਫਿਰ ਕਿਹੜਾ ਜਿਉਂਦਿਆਂ ਮੁੜ ਆਉਣਾ ਸੂ। "ਰਹਿਣਾ ਤਲਾ ਵਿਚ ਤੇ ਵੈਰ ਮਗਰਮੱਛ ਨਾਲ।" ਹਾਕਮਾਂ ਦੀਆਂ ਸ਼ਿਕਾਇਤਾਂ ਕਰਨੀਆਂ ਕਿਸੇ ਜਿਗਰੇ ਵਾਲੇ ਦਾ ਕੰਮ ਹੈ। ਮਾੜੇ ਮੋਟੇ ਦੀ ਰੂਹ ਕਬਜ਼ ਹੋ ਜਾਂਦੀ ਹੈ। ਵਕਤ ਦੇ ਹਾਕਮਾਂ ਨੂੰ ਸਲਾਮ ਕਰਨੀ ਤੇ ਮੌਜ ਨਾਲ ਦਿਨ ਕਟਣੇ ਮੁਗ਼ਲ ਹਕੂਮਤ ਦਾ ਇਕੋ ਹੀ ਅਸੂਲ ਸੀ। ਹਿੰਦੂ ਏ ਤਾਂ ਵੀ ਸਲਾਮ ਕਰੇ, ਮੁਸਲਮਾਨ ਏ ਤਾਂ ਵੀ ਸਲਾਮ, ਸਿੱਖ ਏ ਸਲਾਮ ਆਖੇ ਤੇ ਅੱਗੇ ਵਧ ਜਾਵੇ—ਖਹਿਣ ਦੀ ਲੋੜ ਨਹੀਂ।

ਕਚੀਚੀ ਹਿੰਦੂ ਵੀ ਵੱਟਦਾ ਤੇ ਸਿੱਖ ਵੀ। ਕਚੀਚੀਆਂ ਵੱਟਦੇ ਤੇ ਦੰਦਾਂ ਥੱਲੇ ਜ਼ਬਾਨ ਦੇ ਕੇ ਅੱਗੇ ਲੰਘ ਜਾਂਦੇ। ਵਕਤ ਨੂੰ ਟਾਲ ਲੈਂਦੇ ਤੇ ਧੱਕਾ ਮਾਰ ਦਿੰਦੇ, ਸਿਰ ਸੁੱਟ ਕੇ ਵੇਲਾ ਬਿਤਾ ਲੈਂਦੇ ਪਰ ਮੁਗ਼ਲ ਅੱਤ ਚੁਕਣੀ ਜਾਣਦਾ ਸੀ। ਵਿਤ-ਅੜੀਆਂ ਲੈਣਾ ਮੁਗ਼ਲ ਲਈ ਮਾਮੂਲੀ ਗੱਲ ਸੀ। ਕਿਤੇ ਕਿਤੇ ਮਾਰ ਵੀ ਖਾਂਦੇ, ਖੁੰਬ ਵੀ ਠੱਪੀ ਜਾਂਦੀ, ਬੇਇੱਜ਼ਤੀ ਵੀ ਹੁੰਦੀ ਪਰ ਹਕੂਮਤ ਸਾਹਮਣੇ ਕੁਝ ਬੋਲਣਾ ਕੀਹਦੀ ਜੁਰਅਤ ਸੀ। ਹੁਕਮ ਟਾਲੇ ਕਿਵੇਂ ਸੂਬੇ ਦਾ ਭਾਵੇਂ ਉਹ ਉਹਦੀ ਰੰਨ ਹੀ ਕਿਉਂ ਨਾ ਮੰਗ ਲਏ। ਬੱਧੇ ਰੁੱਧੇ ਮਾਰ ਖਾਂਦੇ ਕੱਲੇ ਕੱਲੇ। ਲੋਕ ਦਿਲ ਵਿਚ ਇਉਂ ਆਖਦੇ—ਰੱਬ ਚੁੱਕੇ ਇਨ੍ਹਾਂ ਜ਼ਾਲਮਾਂ ਨੂੰ ਤੇ ਉਂਧੀ ਪਾ ਲੈਂਦੇ।

ਮਾਲਾ ਦੇ ਮਣਕੇ, ਮੰਦਰਾਂ ਤੇ ਘੜਿਆਲ, ਅਰਦਾਸ, ਸੂਫ਼ੀਆਂ ਦੀਆਂ ਨਮਾਜ਼ਾਂ ਸਭ ਗੁੰਗੀਆਂ ਤੇ ਬਹਿਰੀਆਂ ਹੋ ਗਈਆਂ। ਕਿਸੇ ਦਾ ਕੋਈ ਰੱਬ ਨਹੀਂ ਸੀ ਬਹੁੜਦਾ ਤੇ ਨਾ ਹੀ ਵੇਲੇ ਸਿਰ ਕਿਸੇ ਦਾ ਖ਼ੁਦਾ ਉਸ ਦੀ ਮਦਦ ਲਈ ਅਪੜਦਾ। 'ਰੱਬ ਨਾਲੋਂ ਘਸੁੰਨ ਨੇੜੇ ਹੁੰਦਾ ਏ'। ਹਾਲਤ ਪਤਲੀ ਸੀ ਪੰਜਾਬ ਵਿਚ ਚੰਗਿਆਂ ਬੰਦਿਆਂ ਦੀ। 'ਚੋਰ ਉਚੱਕਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ'। ਹਕੂਮਤ ਵਾਲੇ ਆਪਣੇ ਨਸ਼ੇ ਵਿਚ ਚੂਰ ਸਨ। ਕੋਈ ਨਹੀਂ ਸੀ ਵੇਖਦਾ ਕੋਈ ਨਹੀਂ ਸੀ ਪੁਛਦਾ—ਗ਼ਰੀਬ, ਧਰਮੀ ਤੇ ਨੇਕ ਪਾਰਸਾ ਬੰਦੇ ਨੂੰ। ਜਿਨ੍ਹਾਂ ਉਨ੍ਹਾਂ ਦੀ ਸਰਦਲ ਤੇ ਸਿਰ ਨਿਵਾ ਦਿੱਤਾ, ਉਨ੍ਹਾਂ ਲਈ

ਰਹਿਮਤਾਂ ਦੇ ਭੰਡਾਰ ਖੋਲ੍ਹ ਦਿੱਤੇ। ਬਖ਼ਸ਼ਿਸ਼ਾਂ ਦੇ ਭੰਡਾਰ ਸਾਵੇਂ ਆ ਗਏ। ਖ਼ੁਦਾ ਦੇ ਹਥੋਂ ਚਾਬੀ ਲੈ ਕੇ ਬਹਿਸ਼ਤ ਦੇ ਦਰਵਾਜ਼ੇ ਖੋਲ੍ਹ ਦਿੱਤੇ। ਮੁਗ਼ਲਾਂ ਕੋਲ ਸਾਰਿਆਂ ਜੰਦਰਿਆਂ ਦੀਆਂ ਚਾਬੀਆਂ ਦੇ ਗੁੱਛੇ ਸਨ। ਜਿਸ ਨੂੰ ਜੋ ਕੁਝ ਚਾਹੀਦਾ ਏ ਲੈ ਲਏ - ਜਸ ਗਾਏ ਆਲਮਗੀਰ ਦੇ।

ਮਹਾਬਤ ਖ਼ਾਂ ਆਪਣੀ ਮਲ-ਗੁਜ਼ਾਰ ਦਾ ਬਾਦਸ਼ਾਹ ਸੀ। ਵਜੀਦ ਖ਼ਾਂ ਦੀ ਆਪਣੀ ਚੌਧਰ ਸੀ ਸਰਹੰਦ ਦੇ ਸੂਬੇ ਵਿਚ। ਸ਼ੇਰ ਮੁਹੰਮਦ ਖ਼ਾਂ ਬੁੱਕਦਾ ਸ਼ੇਰ ਸੀ ਆਪਣੀ ਜਗੀਰ ਵਿਚ। ਭਾਵੇਂ ਤਿੰਨੇ ਜਣੇ ਇਕ ਤਖ਼ਤ ਨੂੰ ਸਲਾਮ ਕਰਦੇ ਸਨ, ਪਰ ਇਨ੍ਹਾਂ ਦੀਆਂ ਨੀਤਾਂ, ਰਾਵਾਂ ਤੇ ਖ਼ਿਆਲਾਂ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਸੀ। ਵੱਖਰੇ-ਵੱਖਰੇ ਵਿਚਾਰ ਤੇ ਅੱਡ-ਅੱਡ ਦਲੀਲਾਂ। ਲੜਨ ਵੇਲੇ ਵਿਗੜੇ ਹੋਏ ਵੀ ਤਿੰਨੇ ਸ਼ੇਰ ਇਕ ਜਗ੍ਹਾ ਇਕੱਠੇ ਹੋ ਜਾਂਦੇ ਭਬਕ ਮਾਰ ਕੇ 'ਅੱਲਾ ਹੂ ਅਕਬਰ ਦੀ' ਪਰ ਜਦ ਐਸ਼ ਇਸ਼ਰਤ ਦਾ ਵਕਤ ਆਉਂਦਾ ਤੇ ਫਿਰ ਇਕ ਸ਼ੇਰ ਇਕ ਹੀ ਜੰਗਲ ਵਿਚ ਬੁੱਕਦਾ ਤੇ ਦੂਜੇ ਕੰਨ ਕਤਰਾ ਕੇ ਨਿਕਲ ਜਾਂਦੇ।

ਮੁਗ਼ਲ ਤੇ ਪਠਾਣ ਸੋਹਣੀਆਂ ਰੰਨਾਂ ਦੇ ਬਹੁਤ ਦਿਲਦਾਦਾ ਸਨ। ਦੌਲਤ ਦੇ ਬੜੇ ਭੁੱਖੇ ਭਾਵੇਂ ਸਾਰੀ ਦੁਨੀਆ ਇਨ੍ਹਾਂ ਦੋਹਾਂ ਤੇ ਮਰਦੀ ਏ ਪਰ ਇਹ ਆਮ ਦੁਨੀਆ ਨਾਲੋਂ ਬਹੁਤ ਲਾਲਚੀ ਸਨ। ਹਿਰਸੀ, ਤਮਾਸ਼ਬੀਨ, ਵਿਸ਼ਈ ਤੇ ਅਯਾਸ਼ ਸਨ। ਮਾਸੀ, ਫੂਫੀ ਦੇ ਭਰਾ ਹੀ ਤੇ ਸਨ ਇਹ ਸਾਰੇ ਜਣੇ। ਨਾਂ ਵਿਚ ਈ ਤੇ ਫ਼ਰਕ ਸੀ। ਉਂਦਾਂ ਤਾਂ ਮੁਢ ਇਕੋ ਈ ਸੀ। ਲਗਰਾਂ ਵੱਖਰੀਆਂ ਹੋਈਆਂ ਤਾਂ ਕੀ। ਪਠਾਣਾਂ ਵਿਚ ਵੀ ਅਜੇ ਤੱਕ ਹਕੂਮਤ ਦਾ ਨਸ਼ਾ ਸੀ। ਮੁਗ਼ਲ ਤੇ ਅੱਗੇ ਹੀ ਹੁਕਮਰਾਨ ਸਨ ਉਨ੍ਹਾਂ ਦੀ ਭਲੀ ਪੁਛੀ ਜੇ। ਉਹ ਜੋ ਕਰਨ ਉਨ੍ਹਾਂ ਨੂੰ ਮੁਆਫ਼ ਸੀ।

ਹਰਮ ਕਿਸੇ ਨੇ ਵੇਖਣਾ ਹੋਵੇ ਤਾਂ ਲਾਹੌਰ, ਸਰਹੰਦ ਤੇ ਮਲੇਰ ਕੋਟਲੇ ਦਾ ਦੇਖ ਲਓ ਤੇ ਦਿੱਲੀ ਪੁਜ ਜਾਓ। ਜੇ ਲਾਹੌਰ ਵਾਲਿਆਂ ਆਪਣੇ ਹਰਮ ਵਿਚ ਸੁਹਣੀਆਂ ਰੰਨਾਂ ਦੀ ਗਿਣਤੀ ਪੰਜਾਹ ਕੀਤੀ ਤਾਂ ਸਰਹੰਦ ਵਾਲੇ ਸੂਬੇ ਨੇ ਸੱਠਾਂ ਨੂੰ ਆਣ ਹੱਥ ਮਾਰਿਆ ਪਰ ਸ਼ੇਰ ਮੁਹੰਮਦ ਖ਼ਾਂ ਵਿਚ ਇਕ ਸਿਫ਼ਤ ਸੀ, ਕਮਾਲ ਸਮਝ ਲਓ। ਉਹ ਵਾਧੂ ਔਰਤਾਂ ਦੀ ਇੱਜ਼ਤ ਪਾਲਣ ਦੇ ਹੱਕ ਵਿਚ ਨਹੀਂ ਸੀ। ਨਗ ਇਕੱਠੇ ਕਰਨ ਦਾ ਸ਼ੌਕੀਨ ਸੀ। ਪੰਜਾਬ ਦੀਆਂ ਅੱਧ-ਖਿੜੀਆਂ ਤੇ ਭਰ ਜੋਬਨ ਤੇ ਆਈਆਂ ਮੁਟਿਆਰਾਂ, ਚੋਣਵੀਆਂ ਰੰਨਾਂ ਮਲੇਰ ਕੋਟਲੇ ਦੇ ਹਰਮ ਦਾ ਸ਼ਿੰਗਾਰ ਸਨ। ਪਰ ਮਲੇਰ ਕੋਟਲੀਏ ਨਵਾਬ ਦਾ ਅਜੇ ਤੱਕ ਢਿੱਡ ਨਹੀਂ ਸੀ ਭਰਿਆ, ਨਿਗਾਹਾਂ ਨਹੀਂ ਸੀ ਰੱਜੀਆਂ, ਤ੍ਰੇਹ ਨਹੀਂ ਸੀ ਲੱਥੀ। ਬੁਲ੍ਹਾਂ ਦਾ ਸੁਆਦ ਨਹੀਂ ਸੀ ਬਦਲਿਆ ਅਜੇ ਵੀ ਕੱਚੇ ਲਹੂ ਦੀ ਹਵਾੜ ਦਾ ਮਜ਼ਾ ਲੈਣ ਦਾ ਚਾਹਵਾਨ ਸੀ, ਸ਼ੇਰ ਮੁਹੰਮਦ ਖ਼ਾਂ ਬੜਾ ਸ਼ੌਕੀਨ ਬੰਦਾ ਸੀ, ਨਾਜ਼ਕ ਮਜ਼ਾਜ ਰੰਨਾਂ ਪਰਖਣੀਆਂ ਕੋਈ ਇਹਦੇ ਤੋਂ ਸਿਖੇ। ਘਰਾਂਟ, ਗਾਹਿਆ ਪਾਰਖੂ ਕਦਰਦਾਨ ਜੌਹਰੀ ਸੀ। ਹੰਢਿਆ ਵਰਤਿਆ ਸਰਾਫ਼। ਕਸ ਲਾਇਆਂ ਤੋਂ ਬਗ਼ੈਰ ਸੋਨੇ ਦੇ ਗੁਣ ਗਿਣ ਦਿੰਦਾ ਸੀ। ਇਹ ਕਮਾਲ ਕਿਸੇ ਕਿਸੇ ਵਿਚ ਹੁੰਦਾ ਏ। ਬਾਕੀ ਤੇ ਲਕੀਰ ਦੇ ਫ਼ਕੀਰ ਸਨ। ਭਾਵੇਂ ਉਹ ਲਾਹੌਰ ਦਾ ਨਵਾਬ ਸੀ ਤੇ ਭਾਵੇਂ ਸਰਹੰਦ ਦਾ ਸੂਬਾ। ਜਿਸ ਤਰ੍ਹਾਂ ਕਿਸੇ ਨੇ ਕਹਿ ਦਿੱਤਾ ਉਸੇ ਦੇ ਮਗਰ ਲਗ ਗਏ। ਲਾਈ ਲੱਗ ਸਨ ਬੁੱਢੇ ਕੁੱਕੜ ਪਰ ਸ਼ੇਰ ਮੁਹੰਮਦ ਖ਼ਾਂ ਆਪਣੀ ਕਿਸਮ ਦਾ ਇਕੋ ਇਕ ਬੰਦਾ ਸੀ।

ਇਕ ਦਿਨ ਦੀ ਗੱਲ ਏ। ਸਿੱਖਾਂ ਦੇ ਇਕ ਝੁਰਮਟ ਵਿਚ ਇਕ ਪਠਾਣ ਘੇਰੇ ਵਿਚ ਆ ਗਿਆ। ਉਹਦੇ ਕੋਲ ਬੜੀ ਲਿਸ਼ਕਵੀਂ ਤੇ ਤਿੱਖੀ ਤਲਵਾਰ ਸੀ। ਛੇ ਫੁੱਟਾ ਜਵਾਨ। ਦਿਓ ਵਰਗੀ ਡਰਾਉਣੀ ਸ਼ਕਲ, ਲੰਮੀਆਂ-ਲੰਮੀਆਂ ਕੁੰਢੀਆਂ ਮੁੱਛਾਂ। ਮਹਿੰਦੀ ਰੰਗੀ ਦਾੜ੍ਹੀ, ਘੁੰਗਰਾਲੇ ਛੱਤੇ। ਬੜੀ

ਹੈਂਕੜ ਵਿਚ ਸੀ. ਕਿਸੇ ਨੂੰ ਪੱਲੇ ਨਹੀਂ ਸੀ ਬੰਨ੍ਹਦਾ। ਹਕੂਮਤ ਦੇ ਨਸ਼ੇ ਵਿਚ ਮਾਣ ਮੱਤਾ ਸੀ। ਖਹਿ ਪਿਆ ਇਕ ਸਿੱਖ ਨਾਲ। ਉਹ ਵਿਚਾਰਾ ਆਨੰਦਪੁਰ ਜਾ ਰਿਹਾ ਸੀ ਗੁਰੂ ਦੇ ਦਰਸ਼ਨਾਂ ਨੂੰ। ਪੱਲੇ ਰਸਦ ਬੱਝੀ ਹੋਈ ਸੀ। ਦਸਵੰਧ ਦੀ ਪੋਟਲੀ ਸਿਰ ਤੇ ਰੱਖੀ ਹੋਈ ਸੀ। ਭੀੜ ਵਿਚ ਤਮਾਸ਼ਾ ਵੇਖਣ ਖਲੋ ਗਿਆ। ਬੁਰੀਆਂ ਸ਼ਾਮਤਾਂ ਨੂੰ ਖ਼ਾਲਸੇ ਨਾਲ ਭਿੜ ਪਿਆ। ਸਾਨ੍ਹਾਂ ਵਾਂਗੂੰ ਟੱਕਰਾਂ ਵੱਜੀਆਂ। ਭੇੜੂਆਂ ਵਾਂਗ ਭਿੜੇ। ਤਲਵਾਰਾਂ ਖੜਕੀਆਂ। ਸੱਟ ਪਈ ਤੇ ਕਈ ਵਾਰ ਇਕ ਦੂਜੇ ਦੀ ਤਲਵਾਰ ਵਿਚੋਂ ਬਿਜਲੀ ਚਮਕੀ। ਅੱਡੀਆਂ ਤੀਕ ਮੁੜ੍ਹਕਾ 'ਚੋ' ਪਿਆ। ਸ਼ਿੰਗਰਫ਼ ਵਰਗਾ ਰੰਗ ਹੋ ਗਿਆ ਦੋਵਾਂ ਜਵਾਨਾਂ ਦਾ। ਪਠਾਣ ਦੀ ਤੇ ਬਾਂ ਬੋਲ ਗਈ। ਖ਼ਾਲਸੇ ਨੇ ਵੀ ਆਪਣੀ ਮਾਂ ਦੇ ਖਵਾਏ ਦੀ ਲਾਜ ਰੱਖ ਵਿਖਾਈ। ਹੱਡ ਤੇ ਖਾਲਸੇ ਦੇ ਵੀ ਕੜਕ ਗਏ ਸਨ ਪਰ ਲੋਕਾਂ ਨੇ ਵਿਚ ਪੈ ਕੇ ਦੋਵਾਂ ਨੂੰ ਵੱਖ-ਵੱਖ ਕਰ ਦਿੱਤਾ। ਖ਼ਾਲਸਾ ਛੋਹਲਾ ਸੀ ਤੇ ਉਸ ਅੱਖ ਨਾ ਝਮਕਣ ਦਿੱਤੀ ਤੇ ਪਠਾਣ ਦੀ ਤਲਵਾਰ ਖੋਹ ਲਈ ਤੇ ਥੱਲੇ ਸੁੱਟ ਲਿਆ, ਛਾਤੀ ਤੇ ਚੜ੍ਹ ਬੈਠਾ ਗੁਰੂ ਦਾ ਸਿੰਘ। ਪਠਾਣ ਨੂੰ ਤਰੇਲੀਆਂ ਛੁਟ ਪਈਆਂ। ਮੁੜ੍ਹਕੇ ਦਾ ਕੜ ਟੁੱਟਾ ਹੋਇਆ ਸੀ। ਸਿੱਖ ਨੇ ਜਦ ਉਹਦੀ ਸ਼ਾਹ ਰਗ ਤੇ ਤਲਵਾਰ ਰੱਖੀ ਤੇ ਰਹਿਮ-ਰਹਿਮ ਪੁਕਾਰ ਉਠਿਆ। ਰਹਿਮ ਆਇਆ ਕੁਝ ਸਿੰਘ ਨੂੰ। ਉਸ ਤਲਵਾਰ ਧੌਣ ਤੋਂ ਚੁੱਕੀ ਤੇ ਆਖਣ ਲੱਗਾ—'ਜਾਨ ਬਖ਼ਸ਼ ਦੇਵਾਂ ?'

'ਹਾਂ, ਸਰਦਾਰ ਜੀ।

'ਤੇ ਫਿਰ ਮੁੱਛ ਦਾ ਇਕ ਵਾਲ ਤੋੜ ਦੇ ਅਤੇ ਭੱਜ ਜਾ ਮੈਦਾਨ ਛੱਡ ਕੇ।' ਖ਼ਾਲਸੇ ਨੇ ਦਸਵੰਧ ਦੀ ਪੋਟਲੀ ਨੂੰ ਸਿਰ ਤੇ ਠੀਕ ਕਰਦਿਆਂ ਆਖਿਆ।

ਪਠਾਣ ਦਲੀਲੀਂ ਪੈ ਗਿਆ।

ਉਸ ਨੇ ਕਿਹਾ, 'ਜੇ ਇਹ ਨਾ ਕਰਾਂ ਤੇ ਫੇਰ।'

'ਫੇਰ ਕੀ, ਤਲਵਾਰ ਤੇਰੀ ਧੌਣ ਦਾ ਲਹੂ ਪੀ ਲਵੇਗੀ।'

ਪਠਾਣ ਨੇ ਆਖਿਆ—'ਇਹ ਨਹੀਂ ਹੋ ਸਕਦਾ। ਜਾਨ ਨਾਲੋਂ ਮੈਨੂੰ ਮੁੱਛ ਪਿਆਰੀ ਏ। ਤੇਰੇ ਅੱਗੇ ਪਿਆ ਹਾਂ, ਜਿੱਦਾਂ ਜੀ ਆਏ ਕਰ ਲੈ।'

ਅੱਗੇ ਪਏ ਨੂੰ ਕਿੱਦਾਂ ਖਾਵੇ ਸ਼ੇਰ, ਸਿੱਖ ਨੂੰ ਰਹਿਮ ਆਇਆ ਤੇ ਉਸ ਨੂੰ ਬਾਹੋਂ ਫੜ ਕੇ ਖੜਾ ਕੀਤਾ ਤੇ ਆਖਿਆ, ਜਾਹ ਵਾਲ ਤੇਰੀ ਮੁੱਛ ਦਾ ਮੈਂ ਖਿੱਚ ਲੈਂਦਾ ਹਾਂ ਤੇ ਤੇਰੀ ਹੱਤਕ ਬਚਾਉਣ ਲਈ ਮੈਂ ਤੈਨੂੰ ਨਿਸ਼ਾਨੀ ਵੀ ਦੇ ਕੇ ਭੇਜਦਾ ਹਾਂ ਤੇ ਕਦੀ ਬੜ੍ਹਕ ਮਾਰਨ ਲਗਿਆ ਚੇਤਾ ਕਰ ਲਿਆ ਕਰੀਂ ਕਿ ਕਿਸੇ ਗੁਰੂ ਦੇ ਸਿੱਖ ਨਾਲ ਤਲਵਾਰ ਪਰਖ ਕੇ ਵੇਖੀ ਸੀ।

ਜਾਂਦੇ ਪਠਾਣ ਦੀ ਬਾਂਹ ਵਢ ਦਿੱਤੀ ਹੱਥ ਮਾਰ ਕੇ ਤਲਵਾਰ ਦਾ। ਭਰੇ ਅਖਾੜੇ ਵਿਚੋਂ ਭਜ ਨਿਕਲਿਆ ਬਹਾਦਰ ਮਲੇਰ ਕੋਟਲੇ ਦਾ।

'ਇਹਦੇ ਨਾਲੋਂ ਜਾਨ ਦੇ ਦੇਣੀ ਚੰਗੀ ਸੀ। ਬੇਇਜ਼ਤੀ ਦੀ ਜ਼ਿੰਦਗੀ ਗੁਜ਼ਾਰਨਾ ਪਠਾਣ ਵਾਸਤੇ ਜਾਇਜ਼ ਨਹੀਂ।'

ਦਲੀਲਾਂ ਦੀ ਮਿੱਟੀ ਗੋਂਦਾ ਪੁਜਾ ਮਲੇਰ ਕੋਟਲੇ ਤੇ ਸਾਰੀ ਕਹਾਣੀ ਉਸੇ ਸ਼ੇਰ ਮੁਹੰਮਦ ਖ਼ਾਂ ਨੂੰ ਸੁਣਾ ਦਿੱਤੀ ਜਿਹੜੀ ਉਸ ਨਾਲ ਵਾਪਰੀ ਸੀ। ਕਿਤੇ ਸਾਹ ਵੀ ਨਾ ਲਿਆ ਪਰ ਜਦ ਕਹਾਣੀ ਮੁੱਕੀ ਤਾਂ ਉਸ ਨੇ ਆਪਣੇ ਆਪ ਨੂੰ ਖੰਜਰ ਮਾਰ ਕੇ ਆਪਣੀ ਜਾਨ ਦੇ ਦਿੱਤੀ। ਤੜਫ਼ਦਾ ਪਠਾਣ ਨਵਾਬ ਕੋਲੋਂ ਵੇਖਿਆ ਨਾ ਗਿਆ।

ਅਨੰਦਪੁਰ ਵਾਲੇ ਏਨੇ ਬਹਾਦਰ ਹੋ ਗਏ ਹਨ।'

'ਹਾਂ'

'ਤਾਂ ਇਹ ਕਿਸੇ ਦਿਨ ਸਾਨੂੰ ਵੀ ਹੱਥ ਪਾ ਸਕਦੇ ਹਨ।'

ਜ਼ਰੂਰ ਪਾਉਣਗੇ।' ਸ਼ੇਰ ਮੁਹੰਮਦ ਖ਼ਾਂ ਦੇ ਸਾਥੀਆਂ ਵਿਚੋਂ ਇਕ ਦੀ ਆਵਾਜ਼ ਸੀ।

'ਖ਼ੈਰ ਮੈਂ ਉਸ ਬਹਾਦਰੀ ਦੀ ਕਦਰ ਕਰਦਾ ਹਾਂ ਜਿਸ ਪਠਾਣ ਤੋਂ ਉਸ ਦੀ ਜਾਨ ਨਹੀਂ ਮੰਗੀ, ਮੁੱਛ ਦਾ ਵਾਲ ਮੰਗਿਆ ਸੀ। ਇੱਜ਼ਤ ਮੰਗੀ ਸੀ ਪਰ ਉਸ ਦੇਣ ਤੋਂ ਨਾਂਹ ਕਰ ਦਿੱਤੀ। ਗ਼ੈਰਤ ਬਹਾਦਰ ਨਹੀਂ ਦੇਂਦੇ। ਉਸ ਜਵਾਨ ਦੀ ਬਹਾਦਰੀ ਦੇ ਸਦਕੇ। ਅਨੰਦਰਪੁਰ ਵੇਖਣਾ ਚਾਹੀਦਾ ਏ। ਹੁਣ ਅਨੰਦਪੁਰ ਵੇਖਣ ਦੀ ਲੋੜ ਏ।' ਸ਼ੇਰ ਮੁਹੰਮਦ ਖ਼ਾਂ ਦੇ ਬੋਲਾਂ ਨੇ ਉਹਦੀਆਂ ਲੱਤਾਂ ਨੂੰ ਛੋਹ ਲਿਆ।

'ਇਹ ਸਿੱਖ ਹਕੂਮਤ ਦੇ ਵਾਰਸ ਬਨਣ ਵਾਲੇ ਹਨ।' ਆਵਾਜ਼ ਸੀ ਇਕ ਸਿਆਣੇ ਦੀ।

'ਵਕਤ ਦੱਸੇਗਾ। ਮੈਦਾਨ ਦਾ ਟਾਕਰਾ ਫ਼ੈਸਲਾ ਕਰਦਾ ਹੈ ਕਿ ਕੌਣ ਕੌਈ ਕਿੰਨੇ ਕੁ ਪਾਣੀ ਵਿਚ ਏ। ਕਿਸੇ ਇਕ ਦੀ ਸੰਘੀ ਘੁੱਟ ਲੈਣੀ ਕੋਈ ਬਹਾਦਰੀ ਨਹੀਂ। ਸ਼ੇਰ ਮੁਹੰਮਦ ਖ਼ਾਂ ਦੇ ਵਿਚਾਰ ਸਨ।

'ਸਖਣਾ ਅਨੰਦਪੁਰ ਵੇਖਣਾ ਤੇ ਉਥੋਂ ਕੁਝ ਨਾ ਲਿਆਉਣਾ ਇਹ ਵੀ ਬੁਜ਼ਦਿਲੀ ਏ। ਬਹਾਦਰਾਂ ਦੇ ਨਗਰ ਜਾਣਾ ਤੇ ਉਥੋਂ ਕੁਝ ਲਿਆਉਣਾ।' ਵੰਗਾਰਿਆ ਪਠਾਣ ਨੇ ਪਠਾਣ ਨੂੰ।

'ਗਏ ਤੇ ਖ਼ਾਲੀ ਹੱਥ ਨਹੀਂ ਆਉਣ ਲੱਗੇ।' ਸ਼ੇਰ ਮੁਹੰਮਦ ਖ਼ਾਂ ਆਖਣ ਲੱਗਾ।

'ਵਕਤ ਦਾ ਇੰਤਜ਼ਾਰ ਕਰੋ ਖ਼ਾਂ ਸਾਹਿਬ ਸਿੱਖ ਸਾਰੇ ਪੰਜਾਬ ਦੇ ਮਾਲਕ ਬਣਨ ਵਾਲੇ ਹਨ। ਉਨ੍ਹਾਂ ਦੀ ਖਲੜੀ 'ਚ ਭੈਅ ਨਹੀਂ। ਡਰ ਨਹੀਂ ਉਹਨਾਂ ਦੇ ਦਿਲ ਵਿਚ। ਅਨੰਦਪੁਰ ਗੁਰੂਆਂ ਦੀ ਨਗਰੀ ਏ। ਹੁਸਨ ਦੇ ਸੋਮੇ ਫੁਟਦੇ ਹਨ ਇਸ ਨਗਰ ਵਿਚ। ਤੁਹਾਨੂੰ ਦਿਲ ਦੀਆਂ ਮੁਰਾਦਾਂ ਮਿਲਣਗੀਆਂ। ਅਨੰਦਪੁਰ ਬਹਾਦਰਾਂ ਦੀ ਘਾਟੀ ਏ। ਅਨੰਦਪੁਰ ਵੇਖਣ ਵਾਲੀ ਜਗ੍ਹਾ ਏ, ਖ਼ਾਂ ਸਾਹਿਬ ਜ਼ਰੂਰ ਵੇਖੋ, ਦਿਲ ਖ਼ੁਸ਼ ਹੋਵੇਗਾ।' ਇਕ ਪਠਾਣ ਆਖ ਰਿਹਾ ਸੀ।

ਸ਼ੇਰ ਮੁਹੰਮਦ ਖ਼ਾਂ ਸੋਚਾਂ ਵਿਚ ਈ ਪਿਆ ਤੇ ਆਖਣ ਲੱਗਾ, ਇਸ ਤੱਤੀ ਤੱਤੀ ਲਾਸ਼ ਨੂੰ ਕਬਰ ਵਿਚ ਦਫ਼ਨਾ ਦਿਓ। ਮੈਂ ਵੇਖ ਨਹੀਂ ਸਕਦਾ, ਮੈਂ ਬਰਦਾਸ਼ਤ ਨਹੀਂ ਕਰ ਸਕਦਾ। ਮੁੱਛ ਦਾ ਵਾਲ ਨਹੀਂ ਦੇਂਦੇ ਪਠਾਣ, ਬਦਲਾ ਲੈਂਦੇ ਹਨ।'

ਸੋਚਾਂ ਦੀ ਚੁਰਾਸੀ ਵਿਚ ਪੈ ਗਿਆ ਸ਼ੇਰ ਮੁਹੰਮਦ ਖ਼ਾਂ।

★

ਲਾਹੌਰ ੧੬੭

ਪੰਜਾਬ ਦੇ ਸੂਬੇ ਦੀ ਪੱਗ ਮਹਾਬਤ ਖ਼ਾਂ ਨੇ ਕੀ ਬੰਨ੍ਹੀ, ਰੁੱਸੀਆਂ ਬਹਾਰਾਂ ਖ਼ਿਜ਼ਾਂ ਵਿਚ ਹੀ ਮੁੜ ਪਈਆਂ।

ਕਰੂੰਬਲਾ ਫੁੱਟੀਆਂ ਤੇ ਕਲੀਆਂ ਨੇ ਘੁੰਡ ਚੁੱਕੇ। ਅੱਖਾਂ ਵਿਚ ਸੁਰਮੇ, ਗੋਰੀਆਂ ਤਲੀਆਂ ਉਤੇ ਕਾਲਿਆਂ ਬਾਗ਼ਾਂ ਦੀ ਮਹਿੰਦੀ। ਨੱਕ ਵਿਚ ਲੌਂਗ ਮੋਤੀਆਂ ਜੜਿਆ, ਰੇਬਦਾਰ ਸੁਥਣਾਂ ਸੂਫ਼ ਦੀਆਂ,

ਘੇਰੇਦਾਰ ਕੁੜਤੇ, ਢਾਕੇ ਦੀ ਮਲਮਲ ਦਾ ਦੁਪੱਟਾ, ਨੱਕ ਵੀ ਲੱਭਦਾ ਤੇ ਮੋਤੀਆ ਵਾਲਾ ਲੌਂਗ ਵੀ। ਠੋਡੀ ਦਾ ਡੂੰਘ ਉਭਰ ਕੇ ਸਾਹਮਣੇ ਆ ਜਾਂਦਾ। ਗੋਰੀ ਦਾ ਰੂਪ ਬਿਨਾਂ ਗਹਿਣਿਉਂ ਈ ਝੱਲਿਆ ਨਾ ਜਾਂਦਾ। ਸਾਂਭ-ਸਾਂਭ ਕੇ ਰੱਖੇ ਜੋਬਨ ਦੀਆਂ ਨੁਮਾਇਸ਼ਾਂ ਹੋਣ ਲੱਗ ਪਈਆਂ। ਗੋਰੀਆਂ ਵੀ ਨਿਕਲੀਆਂ ਤੇ ਕਣਕ ਭਿੰਨੀਆਂ ਵੀ। ਸਾਂਵਲੀਆਂ ਵੀ ਢਬੀਆਂ ਤੇ ਸੋਨੇ ਰੰਗੀਆਂ ਵੀ। ਕਿਸਮਤ ਪਰਖਣ ਦੇ ਦਿਨ ਆ ਗਏ। ਫ਼ੈਸ਼ਨ ਲਾਹੌਰ ਦੀ ਬੁਕਲ ਵਿਚੋਂ ਉਭਰਿਆ। ਮਹਿਫ਼ਲ ਵਿਚ ਝਾਂਜਰ ਬੋਲ ਪਈ। ਤਬਲਾ ਬੁੜ੍ਹਕਿਆ ਤੇ ਸਾਰੰਗੀ ਨੇ ਸੁਰ ਕੱਢੀ। ਰੌਣਕਾਂ ਫਿਰ ਮੁੜ ਆਈਆਂ ਸ਼ਾਹੀ ਬਾਰਾਂਦਰੀ ਵਿਚ। ਲਾਹੌਰ ਵਿਚ ਦਿੱਲੀ ਵਾਲਿਆਂ ਦਾ ਠਾਠ ਸੀ ਤੇ ਦੱਖਣ ਦੀਆ ਮਲੂਕੜਾਂ ਨਾਜ਼ਕ ਕਮਰ ਵਾਲੀਆਂ ਤਿੱਖੇ ਨੈਣ-ਨਕਸ਼ ਵਾਲੀਆਂ ਝੁਰਮਟ ਵਿਚੋਂ ਵੱਖਰੀਆਂ-ਵੱਖਰੀਆਂ ਜਾਪਦੀਆਂ। ਲਾਹੌਰ ਵਿਚ ਮੰਡੀ ਲੱਗੀ ਗੋਰੀਆਂ ਰੰਨਾਂ ਦੀ।

ਮਹਿਫ਼ਲਾਂ ਜੰਮੀਆਂ ਤੇ ਸੁਰਾਹੀਆਂ ਨੇ ਗਲਾਸਾਂ ਦੇ ਮੂੰਹ ਚੁੰਮ ਲਏ। ਸਿਰਵਾਰਨੇ ਕਰਨ ਲੱਗ ਪਈ ਉਨ੍ਹਾਬੀ ਰੰਗ ਦੀ ਲਾਲ ਪਰੀ।

ਕੱਦ ਮਾਪਣ ਲਗ ਪਏ ਬਲੌਰੀ ਗਲਾਸ। ਬਦ ਗਲਮੀਨੇ ਵਰਗੀ ਮੁਗ਼ਲ ਮੁਟਿਆਰ ਜਿਹੀ ਸੁਰਾਹੀ ਨਾਲ। ਸੁਰਾਹੀ ਗਲਾਸ ਨੂੰ ਆਪਣੇ ਨੇੜੇ ਢੁੱਕ ਕੇ ਬਹਿਣ ਤੋਂ ਮੋੜਦੀ ਸੀ। ਰਸ ਜੁ ਚੂਸ ਲੈਂਦੇ ਹਨ, ਇਹ ਕੱਚ ਦੇ ਗਲਾਸ। ਕੱਚ ਦੇ ਗਲਾਸ ਤੇ ਅਜੇ ਜਵਾਨੀ ਆਈ ਸੀ। ਜੋਬਨ ਵਿਚ ਕੌਣ ਬੁਢਾਪੇ ਨੂੰ 'ਵਾਜ ਮਾਰ ਲਏ ਪਰ ਅੱਥਰੇ ਗਲਾਸ ਰੋਕਿਆਂ ਵੀ ਕੱਦ ਮਾਪਣੋਂ ਨਹੀਂ ਸੀ ਰੁਕਦੇ।

ਜੁੜੀਆਂ ਮਹਿਫ਼ਲਾਂ ਰੰਗ ਆਈਆਂ। ਘੁੰਗਰੂ ਛਣਕੇ, ਸਰੰਗੀ ਤੇ ਗਜ਼ ਫਿਰਿਆ, ਨਾਜ਼ਕ ਕਮਰ ਨੇ ਹਚਕੋਲੇ ਖਾਧੇ। ਹੁਸਨ ਜਵਾਨੀ ਦੇ ਨੇੜੇ ਢੁਕ-ਢੁਕ ਕੇ ਬਹਿਣ ਲੱਗਾ। ਪਰਦੇ ਪਿੱਛੇ ਗੋਰੀਆਂ ਦੇ ਦਿਲ ਕਾਬੂ ਵਿਚੋਂ ਬਾਹਰ ਹੋਏ ਤੇ ਅੱਥਰੇ ਤੇ ਜ਼ਿੱਦੀ ਬਾਲ ਵਾਂਗੂੰ ਜ਼ਿਦ ਪੈ ਗਏ। ਕੋਈ ਬੇਗ਼ਮ ਬਣਨ ਦੇ ਖ਼ਾਬ ਵੇਖ ਰਹੀ ਸੀ ਤੇ ਕੋਈ ਮਲਕਾ। ਕਿਸੇ ਦੀ ਅੱਖ ਕਾਜ਼ੀ ਤੇ ਸੀ ਤੇ ਕੋਈ ਜਰਨੈਲ ਤੇ ਅੱਖਾਂ ਲਾਈ ਬੈਠੀ ਸੀ। ਹਮਾਤੜਾਂ ਤਾਂ ਖ਼ਿਦਮਤ ਗਾਰਾਂ ਤੇ ਰੀਝੀਆਂ ਹੋਈਆਂ ਸਨ। ਵਾਲੀਏ ਹਿੰਦ ਤੇ ਡੋਰੇ ਸੁੱਟੇ ਜਾ ਰਹੇ ਸਨ। ਕੌਣ ਕਿਹਦੀ ਨਜ਼ਰ ਵਿਚ ਜਚੇ ਇਹ ਤਾਂ ਖ਼ੁਦਾ ਹੀ ਜਾਣਦਾ ਸੀ। ਸਾਰਿਆਂ ਦੇ ਦਿਲ ਅੰਦਰ ਤੂਫ਼ਾਨ ਡੱਕਿਆ ਹੋਇਆ ਸੀ। ਪਰਦੇ ਹਿੱਲ ਜਾਂਦੇ ਕਿਸੇ ਗੋਰੀ ਦੀਆਂ ਚੂੜੀਆਂ ਦੀ ਹੁੱਝ ਨਾਲ। ਮਹਿਫ਼ਲ ਵਿਚ ਕਿਸੇ ਦੇ ਲੌਂਗ ਦਾ ਲਿਸ਼ਕਾਰਾ ਝੱਲਿਆ ਨਹੀਂ ਸੀ ਜਾਂਦਾ। ਨਵੇਂ ਸੂਬੇ ਨਾਲ ਹਰਮ ਵਿਚ ਨਵੀਆਂ ਕਬੂਤਰੀਆਂ ਆਉਂਦੀਆਂ ਇਹ ਲਾਹੌਰ ਦੀ ਰਵਾਇਤ ਸੀ। ਲਾਹੌਰ ਵਿਚ ਮਹਿੰਦੀ ਦਾ ਮੁਲ ਚੜ੍ਹ ਗਿਆ। ਚਮੜੀ ਦਾ ਸੱਕ ਮੋਹਰਾਂ ਦੇ ਭਾਅ ਤੁਲ ਗਿਆ। ਮਹਾਬਤ ਖ਼ਾਂ ਦੇ ਲਾਹੌਰ ਵਿਚ ਪੈਰ ਧਰਨ ਦੀਆਂ ਬਰਕਤਾਂ ਸਨ। ਪੁਰਾਣੀਆਂ ਬੇਗਮਾਂ ਨੂੰ ਸ਼ੀਸ਼ੇ ਸਾਹਮਣੇ ਬੈਠਿਆਂ ਸ਼ਰਮ ਆਉਣ ਲੱਗ ਪਈ। ਰੂਪ ਫਿੱਕਾ-ਫਿੱਕਾ ਜਾਪਣ ਲੱਗ ਪਿਆ। ਮਹਾਬਤ ਖ਼ਾਂ ਮਹਿਫ਼ਲ ਵਿਚ ਕੀ ਆਇਆ, ਬਹਾਰਾਂ ਨੰਗੇ ਮੂੰਹ ਹੀ ਆਣ ਵੜੀਆਂ। ਲਾਹੌਰ ਜੰਨਤ ਦੀ ਕੁੜਮਣੀ ਬਣ ਗਿਆ।

ਆਸ਼ਕ ਮਜ਼ਾਜਾਂ ਦੇ ਜਮਘਟੇ ਤਾਂ ਲਗੇ ਈ ਸਨ ਲਾਹੌਰ 'ਚ ਹੂਰਾਂ ਦੇ ਹੁਸਨ ਦੀ ਨੁਮਾਇਸ਼ ਵੀ ਆਣ ਜੁੜੀ, 'ਖਿੜੇ ਗੁਲਾਬ ਤੇ ਭੌਰੇ ਨਾ ਆਉਣ' ਇਹ ਵੀ ਕਦੇ ਹੋਇਆ ਏ।

ਮਹਾਬਤ ਖ਼ਾਂ ਦੱਖਣ ਵਿਚੋਂ ਨਵਾਂ ਆਇਆ ਸੀ। ਉਨ੍ਹਾਂ ਗੋਲਕੁੰਡੇ ਦੇ ਨਵਾਬ ਦੇ ਦਰਵਾਜ਼ੇ ਦੇ

ਅਜੇ ਫੱਟੇ ਤੱਤੇ ਈ ਸਨ, ਅਜੇ ਛਿਲਤਰਾਂ ਵੀ ਸਾਫ਼ ਨਹੀਂ ਸਨ ਹੋਈਆਂ। ਬੁਰਕੇ ਉਨ੍ਹਾਂ ਦੀਆਂ ਤਲਵਾਰਾਂ ਨੇ ਕਈ ਲੀਰੋ ਕੀਤੇ ਸਨ। ਤਾਨਾਸ਼ਾਹ ਦਾ ਹਰਮ ਬਿਖਰਿਆ ਤੇ ਜਿਦ੍ਹੇ ਜੋ ਹੱਥ ਲੱਗਾ ਉਹਨੇ ਉਹਦੇ ਨਾਲ ਹੀ ਆਪਣੀ ਸੇਜ ਸਜਾ ਕੇ ਦੇਖ ਲਈ। ਨਵੇਂ ਲਹੂ ਵਿਚੋਂ ਨਵੀਂ ਖੁਸ਼ਬੋ ਸੁੰਘਣ ਲੱਗ ਪਏ ਦਿੱਲੀ ਦੇ ਵਿਜਈ। ਤਲਵਾਰਾਂ ਨੇ ਈਮਾਨ ਦੇ ਟੁਕੜੇ ਕਰ ਦਿੱਤੇ। ਈਮਾਨ ਫਿਰ ਟੰਗ ਦਿੱਤਾ। ਚੁੱਪ ਲਈਆਂ ਤਲੰਗਣਾਂ ਦਿੱਲੀ ਦੇ ਛੋਰਿਆਂ ਨੇ, ਦੰਦ ਕਥਾ ਬਣ ਗਈ ਲਾਹੌਰ ਵਿਚ ਗੋਲਕੁੰਡੇ ਦੀਆਂ ਗੱਲਾਂ ਘਰ ਕਰ ਗਈਆਂ, ਜਿਥੇ ਹੁਸਨ ਤੇ ਇਸ਼ਕ ਦੇ ਘਰ-ਘਰ ਮੇਲੇ ਲਗਦੇ ਸਨ।

ਮਹਾਬਤ ਖ਼ਾਂ ਦਾ ਦਿਲ ਵੀ ਤੇ ਆਮ ਬੰਦੇ ਦਾ ਦਿਲ ਸੀ। ਸਿਰਫ਼ ਵਾਧੂ ਨੰਬਰਦਾਰੀ ਸੀ। ਜੇ ਨੰਬਰਦਾਰੀ ਸੀ ਤਾਂ ਉਹ ਸੀ ਸੂਬੇਦਾਰੀ। ਸੁਹਣੀ ਰੰਨ ਲੰਘਦੀ ਜੇ ਕਿਤੇ ਮਹਾਬਤ ਖ਼ਾਂ ਦੇਖ ਲੈਂਦਾ ਤਾਂ ਉਹਦੇ ਉਥੇ ਹੀ ਪੈਰ ਰੁਕ ਜਾਂਦੇ, ਮੇਖਾਂ ਠੁਕ ਜਾਂਦੀਆਂ। ਬੇ ਰਹਿਮ ਤਲਵਾਰ ਵੀ ਉਹਦਾ ਰਸਤਾ ਸਾਫ਼ ਨਾ ਕਰ ਸਕਦੀ। ਰੇਸ਼ਮੀ ਬੁਰਕਿਆਂ ਦੀ ਝਾਲ ਝੱਲਣੀ ਕੋਈ ਮਖੌਲ ਥੋੜ੍ਹਾ ਏ।

ਇਕ ਦਿਨ ਗਲਾਸ ਮਹਿਫ਼ਲ ਵਿਚ ਟਕਰਾ ਰਹੇ ਸਨ, ਜੰਨਤ ਦੀ ਆਬੇ ਹਯਾਤ ਗਲਾਸ ਵਿਚੋਂ ਧੱਬ ਚੁੱਕ-ਚੁੱਕ ਗਲਾਸ ਦੇ ਝੋਜੇ ਲੈ ਰਹੀ ਸੀ। ਵਜਦ ਵਿਚ ਸੀ ਮਹਿਫ਼ਲ।

ਦਲਾਵਰ ਖ਼ਾਂ ਨੇ ਫ਼ਰਸ਼ੀ ਸਲਾਮ ਕਰਦਿਆਂ ਆਖਿਆ, "ਸੂਬੇਦਾਰੀ ਮੁਬਾਰਕ ਹੋਵੇ ਖ਼ਾਂ ਸਾਹਿਬ।"

"ਤੇਰੀਆਂ ਹੀ ਤੇ ਮੇਹਰਬਾਨੀਆਂ ਦਾ ਸਿਲਾ ਏ ਜਨਰਲ, ਵਰਨਾ ਪੰਜਾਬ ਦੀ ਸੂਬੇਦਾਰੀ ਦੇ ਮੈਂ?" ਮਹਾਬਤ ਖ਼ਾਂ ਦੇ ਬੋਲ ਉਭਰੇ।

"ਨਹੀਂ, ਨਹੀਂ, ਸਰਕਾਰ ਤੁਹਾਥੋਂ ਬਗ਼ੈਰ ਹੋਰ ਕਿਹੜਾ ਸੀ ਪੰਜਾਬ ਦੀ ਸੂਬੇਦਾਰੀ ਦੇ ਕਾਬਲ।"

ਦੱਖਣ ਦੇ ਸਾਰੇ ਨਾਮਵਰ ਜਰਨੈਲ ਖਾ ਲਏ। ਮੁਗ਼ਲ ਹਕੂਮਤ ਪੱਜ ਪਾ ਪਾ ਕੇ ਰੇਤ ਦੀਆਂ ਕੱਚੀਆਂ ਕੰਧਾਂ ਉਸਾਰ ਰਹੀ ਏ। ਪੰਜਾਬ ਵਿਚ ਤੁਹਾਡੀ ਟੱਕਰ ਦਾ ਹੁਣ ਕੋਈ ਬੰਦਾ ਨਹੀਂ। ਪੰਜਾਬ ਵਿਚ ਹੁਣ ਤੁਹਾਡੇ ਨਾਂ ਦੇ ਸ਼ਾਦਿਆਨੇ ਵੱਜਣਗੇ।" ਆਖ ਕੇ ਜ਼ਰਾ ਚੁੱਪ ਹੋਇਆ ਦਲਾਵਰ ਖ਼ਾਂ।

ਭਰੀ ਮਹਿਫ਼ਲ ਵਿਚ ਇਕ ਸੰਨਾਟਾ ਜਿਹਾ ਛਾਇਆ, ਅੱਧ-ਅੱਧ ਨਸ਼ਈਆਂ ਦਾ ਨਸ਼ਾ ਜਿਹਾ ਈ ਲੱਥ ਗਿਆ, ਸੂਫ਼ੀ ਜਿਹੇ ਹੋ ਬੈਠੇ, ਪਰ ਖ਼ੁਮਾਰ ਅਜੇ ਵੀ ਅੱਖਾਂ ਤੇ ਡੋਰਿਆਂ ਵਿਚੋਂ ਡਲ੍ਹਕਦਾ ਸੀ।

ਘੁੰਗਰੂ ਥੰਮੇ ਰਾਜ ਰੁਕ ਗਿਆ ਸਾਰੰਗੀ ਦੇ ਉਭਰੇ ਜੋਬਨ ਤੇ ਆ ਕੇ। ਯਕ-ਦਮ ਨਚਦੀ ਗੁਲਨਾਰ ਦੇ ਗਲ ਦਾ ਮਣਕਾ ਟੁੱਟਣੋਂ ਮਸਾਂ ਹੀ ਬਚਿਆ। ਮਸਾਂ-ਮਸਾਂ ਹੀ ਸੰਭਲੀ ਹਜ਼ਾਰਾਂ ਜਵਾਨਾਂ ਦਾ ਦਿਲ ਸਾਂਭਣ ਵਾਲੀ।

"ਗੁਲਨਾਰ ਰੁਕ ਕਿਉਂ ਗਈ ਏਂ। ਮੈਂ ਤੇ ਆਉਂਦਿਆਂ ਹੀ ਤਲਵਾਰ ਲਾਹ ਕੇ ਫ਼ਰਸ਼ ਤੇ ਰੱਖ ਦਿੱਤੀ ਏ।" ਆਖਣ ਵਾਲਾ ਦਿਲਾਵਰ ਖ਼ਾਂ ਸੀ।

"ਤਲਵਾਰ ਹੀ ਲਾਹ ਕੇ ਰੱਖੀ ਏ, ਰੋਅਬ ਤੇ ਨਹੀਂ ਬੋਝੇ ਵਿਚ ਪਾ ਲਿਆ। ਜਲਾਲ ਸਾਹਮਣੇ ਕਿਹਦੀਆਂ ਨਜ਼ਰਾਂ ਹੂ-ਬ-ਹੂ ਰਹਿਣਾ।" ਤਬਲੇ ਵਾਲੇ ਨੇ ਤਬਲੇ ਦੀ ਥਾਪ ਦੇ ਕੇ ਬੋਲ ਈ ਲੁਕੋ ਲਏ।

"ਤਲਵਾਰ ਨਾਲੋਂ ਔਰਤ ਜ਼ਿਆਦਾ ਖ਼ਤਰਨਾਕ ਹੁੰਦੀ ਏ ਜਰਨੈਲ ਸਾਹਿਬ।" ਸੂਬੇਦਾਰ ਦੇ ਹਾਣੀਆਂ ਵਿਚੋਂ ਇਕ ਨੇ ਆਖਿਆ।

"ਇਹ ਔਰਤ ਤੇ ਨਹੀਂ ਹੁਸੀਨਾ ਏ, ਕੁਦਰਤ ਦਾ ਤੋਹਫ਼ਾ ਏ, ਨੱਚ ਗੋਰੀਏ ਨੱਚ। ਮਹਿਫ਼ਲ ਤੇ ਸਮਾਂ ਬੰਨ੍ਹ ਦੇ। ਮੇਰਾ ਯਾਰ ਅੱਜ ਸੂਬੇਦਾਰ ਬਣਿਐ। ਲੈ ਮੇਰੇ ਯਾਰ ਦੇ ਸਿਰ ਸਦਕੇ ਮੋਹਰਾਂ ਦੀ ਥੈਲੀ।" ਦਿਲਾਵਰ ਖ਼ਾਂ ਬਿਨ ਪੀਤੇ ਹੀ ਨਸ਼ੇ ਵਿਚ ਸੀ।

ਮਹਿਫ਼ਲ ਵਿਚ ਘੁੰਗਰੂਆਂ ਦੀ ਦੱਬੀ ਜ਼ਬਾਨ ਨੇ ਫਿਰ ਬੁਲ੍ਹ ਖੋਲ੍ਹੇ। ਗੋਰੀ ਨੇ ਇਕੋ ਹੀ ਗੇੜੇ ਵਿਚ ਹੁਸਨ ਦੀਆਂ ਮੁੱਠੀਆਂ ਭਰ-ਭਰ ਕੇ ਵੰਡਣੀਆਂ ਸ਼ੁਰੂ ਕਰ ਦਿੱਤੀਆਂ।

ਮਹਿਫ਼ਲ ਵਿਚ ਬਹਾਰਾਂ ਨੇ ਮਹਿਫ਼ਲ ਦਾ ਮੂੰਹ ਚੁੰਮ ਲਿਆ। ਬਹਾਰ ਦੀਆਂ ਹਵਾਵਾਂ ਦੇ ਝੋਂਕਿਆਂ ਬੁਲ੍ਹੀਆਂ ਦੇ ਬੋਸੇ ਲੈ ਲਏ, ਵਜਦ ਵਿਚ ਆਏ ਸ਼ਰਾਬੀਆ ਦੇ।

ਹੁਸਨ, ਜਵਾਨੀ ਸ਼ਰਾਬ ਦੀਆਂ ਰਿਸ਼ਵਤਾਂ ਭਰੀ ਮਹਿਫ਼ਲ ਵਿਚ ਹੀ ਦਿੱਤੀਆਂ ਜਾ ਰਹੀਆਂ ਸਨ, ਮਹਾਬਤ ਖ਼ਾਂ ਦੇ ਸਿਰ ਤੋਂ ਵਾਰ-ਵਾਰ ਕੇ ਉਹਦੇ ਯਾਰ ਸ਼ਰਾਬ ਦੇ ਪਿਆਲੇ ਵਟਾ ਕੇ ਪੀ ਰਹੇ ਸਨ। ਬੇ ਸੁੱਧ ਮਸਤੀ ਵਿਚ ਝੂਮ ਰਹੀ ਸੀ ਸਾਰੀ ਮਹਿਫ਼ਲ ਤੇ ਮਹਿਫ਼ਲ ਦੇ ਮਤਵਾਲੇ ਤਮਾਸ਼ਬੀਨ।

ਦਿਲਾਵਰ ਖ਼ਾਂ ਨੇ ਮਹਾਬਤ ਖ਼ਾਂ ਨੂੰ ਹੁਝ ਮਾਰੀ ਤੇ ਆਖਣ ਲੱਗਾ, "ਵੇਖਿਆ ਈ ਪੰਜਾਬ।"

"ਪੰਜਾਬ ਵੇਖਿਆ ਯਾਰ ਪਰ ਗੋਲਕੁੰਡੇ ਦਾ ਕੋਈ ਜਵਾਬ ਨਹੀਂ। ਗੋਲਕੁੰਡਾ ਗੋਲਕੁੰਡਾ ਈ ਏ। ਹੀਰਿਆਂ ਦੀ ਖਾਨ ਏ ਉਹ। ਹੀਰੇ ਉਸ ਦੀ ਕੁੱਖ ਵਿਚੋਂ ਨਿਕਲਦੇ ਹਨ। ਮਹਾਬਤ ਖ਼ਾਂ ਦੇ ਬੋਲ ਛਣਕਦੇ ਘੁੰਘਰੂਆਂ ਵਿਚ ਈ ਗੁਆਚ ਗਏ।

"ਹੀਰਿਆਂ ਦੀ ਮਾਲਾ ਸਿਰਫ਼ ਪੰਜਾਬ ਈ ਪਾਉਂਦੈ। ਪੰਜਾਬ ਵਿਚ ਈ ਸੋਹਣੀਆਂ ਤੇ ਹੀਰਾਂ ਜਨਮ ਲੈਂਦੀਆਂ ਨੇ। ਪੰਜਾਬ ਦੀ ਜੁੱਤੀ ਦੀ ਰੀਸ ਨਹੀਂ ਕਰ ਸਕਦਾ ਦੱਖਣ। ਪਥਾਲ ਭਾਗਮਤੀ, ਰੂਪ ਮਤੀ, ਵਰਗੀਆਂ ਏਥੇ ਘਰ-ਘਰ ਜੰਮਦੀਆਂ ਹਨ। ਝਨਾਂ ਤੇ ਰਾਵੀ ਗੋਰੀਆਂ ਦਾ ਰਾਖਾ ਹੈ।" ਦਿਲਾਵਰ ਖ਼ਾਂ ਮਜ਼ੇ ਲੈ ਲੈ ਕੇ ਆਖ ਰਿਹਾ ਸੀ।

"ਮੁਹਰਕਾ ਤਾਪ ਚੜ੍ਹੇ ਇਨ੍ਹਾਂ ਗੋਰੀਆਂ ਰੰਨਾਂ ਦੇ ਰਾਖਿਆਂ ਨੂੰ। ਖ਼ੁਦਾ ਇਨ੍ਹਾਂ ਦੇ ਪਾਣੀਆਂ ਦੇ ਚਸ਼ਮਿਆਂ ਨੂੰ ਅੱਗ ਲਾਏ। ਇਹ ਮਖ਼ਮਲੀ ਮੁਟਿਆਰਾਂ ਮੁਗ਼ਲਾਂ ਦੇ ਹਰਮਾਂ ਦੇ ਹੀ ਕਾਬਲ ਹਨ। ਐਵੇਂ ਕਾਫ਼ਰ ਕਬਜ਼ਾ ਕਰੀ ਬੈਠੇ ਹਨ।" ਮਹਿਫ਼ਲ ਦੇ ਡੂਰਲੀ ਜੱਥੇ ਵਿਚੋਂ ਇਕ ਬੋਲਿਆ।

"ਤੇਰਾ ਇਸ਼ਾਰਾ ਪਹਾੜ ਦੀਆਂ ਬਰਫ਼ ਨਾਲ ਲੱਦੀਆਂ ਢੱਕੀਆਂ ਚੋਟੀਆਂ ਵਲ ਤੇ ਨਹੀਂ, ਜਿਥੇ ਕੁਦਰਤ ਕਿਕਲੀ ਪਾਉਂਦੀ ਏ ਤੇ ਖੇੜਾ ਮੋਢੇ ਮਾਰ-ਮਾਰ ਕੇ ਚਲਦੈ।" ਮਹਾਬਤ ਖ਼ਾਂ ਦਾ ਨਸ਼ਾ ਅਜੇ ਤਕ ਖਿੜਿਆ ਨਹੀਂ ਸੀ।

"ਉਸੇ ਵੱਲ ਈ ਏ ਹਜ਼ੂਰ।"

"ਕੀਹਦੀ ਗੱਲ ਕਰ ਰਹੇ ਓ ਜਰਨੈਲ ਸਾਹਿਬ।" ਮਹਾਬਤ ਖ਼ਾਂ ਦੇ ਬੋਲ ਸਨ।

'ਦੱਖਣ ਵਿਚ ਰੋਜ਼ ਕਿਸੇ ਨਾ ਕਿਸੇ ਕਲੀ ਦਾ ਘੁੰਡ ਲਾਹ ਕੇ ਉਹ ਦੇ ਬੁਲ੍ਹਾਂ ਦੇ ਬੁਲ੍ਹ ਰੱਖ ਕੇ ਮਜ਼ਾ ਲੁੱਟ ਲਈਦਾ ਸੀ। ਰਾਤ ਵਿਚ ਮਧੋਲੀ ਤੇ ਦਿਨੇ ਦੂਜੀ ਦੀ ਤਲਾਸ਼। ਏਧਰ ਰਾਤ ਛਮ ਛਮ ਕਰਦੀ ਆਈ ਤੇ ਉਧਰ ਗੋਰੀ ਨੇ ਛਮ ਛਮ ਕਰਦੇ ਪੈਰ ਧਰੇ। ਦਿਨੇ ਤਲਵਾਰ ਤੇ ਰਾਤੀਂ ਔਰਤ। ਬਸ. ਦੱਖਣ ਦੀਆਂ ਰਾਤਾਂ ਤੇ ਦਿਨ ਅੱਜ ਵੀ ਯਾਦ ਆਉਂਦੇ ਹਨ। ਪੰਜਾਬ ਵਿਚ ਆ ਕੇ ਤੇ ਦਿਲ ਦੀ ਬੁਝ ਗਿਐ। ਉਹੋ ਪੁਰਾਣੀਆਂ ਘਸੀਆਂ ਪਿਟੀਆਂ ਰਕਾਨਣਾਂ। ਪੰਜਾਬ ਦੇ ਚਰਚੇ ਹੀ ਸੁਣੇ ਸਨ ਵੇਖਿਆ ਨਹੀਂ ਸੀ। ਮਹਾਬਤ ਖ਼ਾਂ ਨੇ ਦਿਲ ਤੇ ਹੱਥ ਰਖਦਿਆਂ ਆਖਿਆਂ।

"ਦੱਖਣ ਵਿਚ ਬਕਰੀਆਂ ਹਨ ਤੇ ਪੰਜਾਬ ਵਿਚ ਬੂਰੀਆਂ, ਪਸਮਾਉਣੀਆਂ ਮਰਦਾਊ ਪੁਣਾ ਏ। ਪੰਜਾਬ ਵਿਚ ਨਰ ਬੰਦੇ ਵੱਸਦੇ ਹਨ। ਏਥੇ ਦੱਖਣ ਵਰਗੀ ਖੁੱਲ੍ਹ ਨਹੀਂ। ਸੋਚ-ਸਮਝ ਕੇ ਹੱਥ ਪਾਉਣਾ ਪੈਂਦਾ ਹੈ। ਪੰਜਾਬ ਦੀ ਮਰਿਆਦਾ ਕਿਸ ਤਰ੍ਹਾਂ ਬਦਲ ਦਿੱਤੀ ਜਾਵੇ ? ਖ਼ੈਰ ਏਥੇ ਵੀ ਦੱਖਣ ਵਰਗੀਆਂ ਮਹਿਫ਼ਲਾਂ ਜੰਮਣਗੀਆਂ। ਧੀਰਜ ਰੱਖੋ।" ਸਲਾਹ ਸੀ ਦਿਲਾਵਰ ਖ਼ਾਂ ਦੀ।

ਮਹਿਫ਼ਲ ਵਿਚ ਗਰਮੀ ਆ ਚੁੱਕੀ ਸੀ। ਪਿਆਲੇ ਵਟਾ ਵਟਾ ਕੇ ਪੀ ਰਹੇ ਸਨ ਹਵੇਲੀਆਂ ਵਾਲੇ, ਜਾਗੀਰਾਂ ਵਾਲੇ, ਤਲਵਾਰਾਂ ਵਾਲੇ। ਸ਼ਰਾਬ ਨੇ ਨਸ਼ੱਈ ਕਰ ਦਿੱਤੇ ਮੈਦਾਨਾਂ ਵਿਚ ਲੜਨ ਵਾਲੇ ਯੋਧੇ। ਗੁੱਟ ਹੋ ਗਏ ਦਿਲਾਵਰ ਖ਼ਾਂ, ਮਹਾਬਤ ਖ਼ਾਂ, ਤੇ ਉਹਦੇ ਯਾਰ। ਮਹਿਫ਼ਲ ਵਿਚ ਜਾਂ ਬਰਿਆਨੀ ਦੀ ਖ਼ੁਸ਼ਬੂ ਸੀ ਜਾਂ ਸੁਰਗ ਤੇ ਜਾਂ ਹੁਸਨ ਦੀਆਂ ਲਪਟਾਂ ਸਨ। ਮਹਿਫ਼ਲ ਵਿਚ ਖ਼ੁਸ਼ਬੂ ਹੀ ਖ਼ੁਸ਼ਬੂ ਸੀ।

ਭਰਿਆ ਸ਼ਰਾਬ ਦਾ ਪਿਆਲਾ ਇਕੋ ਝਟਕੇ ਵਿਚ ਪੀ ਗਿਆ ਦਿਲਾਵਰ ਖ਼ਾਂ। ਨੱਚਦੀ ਗੁਲਨਾਰ ਦੀ ਪਿੰਡਲੀ ਤੇ ਚੂੰਡੀ ਵੱਢੀ। ਇਸ਼ਕ ਨੇ ਦਿਲਾਵਰ ਖ਼ਾਂ ਨੂੰ ਬੇਸੁਧ ਕਰ ਦਿੱਤਾ।

"ਯਾਰ ਖ਼ੂਬਸੂਰਤ ਬਾਰਾਂਦਰੀਆਂ ਉੱਨਾ ਚਿਰ ਤੱਕ ਸੁਹਣੀਆਂ ਨਹੀਂ ਲੱਗਦੀਆਂ ਜਦ ਤਕ ਉਨ੍ਹਾਂ ਵਿਚ ਝਾਂਜਰਾਂ ਦੀ ਛਣਕ ਤੇ ਕੰਗਣਾਂ ਦਾ ਖੜਾਕ ਨਾ ਹੋਵੇ ਮੱਧਮ ਜਿਹਾ ਸੋਜ਼ ਹੋਵੇ ਚੂੜੀਆਂ ਦਾ।" ਮਹਾਬਤ ਖ਼ਾਂ ਦੀ ਮੱਧਮ ਜਿਹੀ ਆਵਾਜ਼ ਸੀ।

"ਉਹ ਵੀ ਹੋ ਜਾਏਗਾ ਮੇਰੇ ਯਾਰ।"

"ਤੇਰੇ ਲਾਰਿਆਂ ਨੇ ਮਹੀਨਾ ਲੰਘਾ ਦਿੱਤਾ, ਹੋਰ ਸਬਰ ਨਹੀਂ ਹੁੰਦਾ।"

"ਹਰਮ ਵਿਚ ਕਈ ਤੋਹਫ਼ੇ ਆਏ ਤੇ ਚਲੇ ਗਏ ਪਰ ਅੱਖਾਂ ਨਹੀਂ, ਭਰੀਆਂ ਦਿਲ ਨਹੀਂ ਰੀਝਿਆ। ਅਜੇ ਵੀ ਕਬੂਤਰੀਆਂ ਹਨ। ਲਹੂ ਚੋ ਪਵੇ ਜੇ ਹੱਥ ਲਾ ਦਈਏ ਪਰ ਯਾਰ ਆਨੰਦ ਨਹੀਂ ਆਇਆ। ਏਨਾ ਕੁਝ ਹੁੰਦੇ ਹੋਏ ਵੀ ਹਰਮ ਅਜੇ ਤੱਕ ਸੁੰਨਾ ਏ। ਵੱਢ-ਵੱਢ ਖਾਂਦੀ ਏ ਸੇਜ। ਕਿਸੇ ਦੁਸ਼ੀਜ਼ਾ ਨੇ ਦਿਲ ਟੁੰਬਿਆ ਨਹੀਂ। ਓਪਰੀਆਂ ਓਪਰੀਆਂ ਜਾਪਦੀਆਂ ਹਨ। ਦਿਲ ਭਿੱਜਾ ਨਹੀਂ ਤੇ ਅੱਖਾਂ ਦੀ ਤ੍ਰੇਹ ਨਹੀਂ ਬੁਝੀ। ਰਾਤ ਕਰਵਟਾਂ ਬਦਲਦਿਆਂ ਹੀ ਲੰਘ ਜਾਂਦੀ ਹੈ। ਯਾਰ, ਹੈਦਰਾਬਾਦ ਅੱਜ ਵੀ ਚੇਤੇ ਆਉਂਦੇ।" ਮਹਾਬਤ ਖ਼ਾਂ ਦਾ ਦਿਲ ਅਜੇ ਵੀ ਭੁਸਕ-ਭੁਸਕ ਪੈ ਰਿਹਾ ਸੀ।

"ਏਨੀ ਨਿਕੀ ਜਿਹੀ ਗੱਲ ਤੇ ਪ੍ਰੇਸ਼ਾਨ ਕਰ ਦਿੱਤਾ ਹਜ਼ੂਰ ਨੂੰ। ਮੈਂ ਖ਼ਾਹਿਸ਼ਾਂ ਪੂਰੀਆ ਕਰਾਂਗਾ ਹਜ਼ੂਰ ਦੀਆਂ। ਪਾਲਕੀਆਂ ਦੀਆਂ ਕਤਾਰਾਂ ਬੰਨ੍ਹ ਦੇਊਂ। ਡੋਲੇ ਏਥੇ ਸਜਦਾ ਕਰਕੇ ਜਾਣਗੇ।" ਦਿਲਾਵਰ ਖ਼ਾਂ ਦੇ ਬੋਲਾਂ ਵਿਚ ਅਹਿਸਾਸ ਸੀ ਰੋਅਬ ਦਾ।

"ਭਾਵੇਂ ਖ਼ਾਲੀ ਹੀ ਹੋਣ ਡੋਲੇ ਤੇ ਪਾਲਕੀਆਂ।" ਮਹਾਬਤ ਖ਼ਾਂ ਨੇ ਵਿਅੰਗ ਕੱਸਿਆ।

ਹੱਸ ਪਏ ਦੋਵੇਂ ਜਾਣੇ।

"ਗੋਹਲ ਵਰਗੀ ਰੰਨ ਸਾਕੀ ਏ ਤੇ ਸ਼ਰਾਬ ਪੇਸ਼ ਕਰ ਰਹੀ ਏ। ਕਬੂਲ ਫ਼ਰਮਾਓ ਜਜ਼ਬਾਤ ਨੂੰ ਪੁੰਨ ਆਵੇ ਤੇ ਤੜਕਣ ਵਲਵਲੇ। ਸ਼ਰਾਬ ਚਾਹੇ ਜਕਨ 'ਚ ਪਾ ਕੇ ਪੀ ਲਓ। ਗੋਰੀ ਗੋਰੀ ਠੋਡੀ ਵਾਜਾਂ ਮਾਰ ਰਹੀ ਹੈ।" ਏਸੇ ਬਹਾਨੇ ਦਿਲਾਵਰ ਖ਼ਾਂ ਨੇ ਵੀ ਇਕ ਪਿਆਲਾ ਹੋਰ ਭਰਵਾ ਲਿਆ। ਮਖ਼ਮਲੀ ਦੁਪੱਟਾ ਨਾਹ ਚੁਕਾ ਕੇ ਅਲ੍ਹੜ ਸਾਕੀ ਦਾ ਮੂੰਹ ਜੂਠਾ ਕਰ ਦਿੱਤਾ।

"ਬਹਾਰ, ਬਹਾਰ ਦਾ ਮੇਵਾ ਖਾ ਲੈਣਾ ਚਾਹੀਦਾ ਏ ਖ਼ਾਂ ਸਾਹਿਬ।"

"ਗੱਲ ਤੇ ਬੜੀ ਮਾਅਰਕੇ ਦੀ ਏ। ਚਲੋ ਅਸੀਂ ਜੰਨਤ ਦੀ ਹੂਰ ਸਮਝ ਕੇ ਈ ਰਾਤ ਲੰਘਾ ਲਵਾਂਗੇ। ਸ਼ਰਾਬੀ ਮਹਾਬਤ ਖ਼ਾਂ ਦੇ ਬੁੱਢੇ ਦਿਲ ਦੀ ਹਵਾੜ ਕੱਢ ਰਿਹਾ ਸੀ।

ਸ਼ਰਾਬ ਨੇ ਜ਼ਰਾ ਹੋਰ ਰੰਗ ਚੜ੍ਹਾ ਦਿੱਤਾ। ਦਿਲਾਵਰ ਖ਼ਾਂ ਨੂੰ ਇਕ ਹੋਰ ਫ਼ੁਰੀਕ ਆਖਣ ਲੱਗਾ

"ਸਰਕਾਰ, ਮੈਂ ਸੁਣਿਆ ਏ, ਵੇਖੀ ਨਹੀਂ ਪਰ ਜਿਨ੍ਹਾਂ ਵੇਖੀ ਏ ਦਸ ਨਹੀਂ ਸਕਦਾ।" ਦਬੀ ਜ਼ਬਾਨ 'ਚ ਆਖਿਆ ਦਿਲਾਵਰ ਖ਼ਾਂ ਨੇ।

"ਕੌਣ ਏ ਉਹ।"

"ਇਕ ਹੁਸੀਨਾ।"

"ਉਹਦਾ ਨਾਂ ਕੀ ਏ?"

"ਹੁਸਨ ਦੀ ਪਟਾਰੀ, ਲੱਜ਼ਤ ਦਾ ਚਸ਼ਮਾ।"

"ਕਿਥੇ ਰਹਿੰਦੀ ਏ?"

"ਸਰਸਾ ਤੇ ਸਤਲੁਜ ਦੇ ਪਾੜਾਂ ਵਿਚਕਾਰ।"

"ਕਿਹੜੀ ਜਗ੍ਹਾ ਏ ਉਹ।"

"ਪੰਜਾਬ ਵਿਚ ਈ ਏ।"

"ਉਹਦਾ ਕੋਈ ਨਾਂ ਥੇਹ ਨਹੀਂ?"

"ਹੈ।"

"ਤੇ ਫਿਰ ਦਸਦਾ ਕਿਉਂ ਨਹੀਂ?"

"ਦਸਦਾ ਹਾਂ, ਡਰ ਆਉਂਦਾ ਏ। ਕਿਤੇ ਗ਼ਲਤੀ ਨਾ ਹੋ ਜਾਏ।"

"ਗ਼ਲਤੀ ਕਾਹਦੀ? ਤੇਰੀਆਂ ਗ਼ਲਤੀਆਂ ਸਭ ਮਾਫ਼ ਕੀਤੀਆਂ ਜਾ ਸਕਦੀਆਂ ਹਨ।"

"ਤੇ ਫਿਰ ਉਹ ਆਨੰਦਪੁਰ ਏ।"

"ਆਨੰਦਪੁਰ? ਸਿੱਖਾਂ ਦੀ ਨਗਰੀ?"

ਹਾਂ ਸਰਕਾਰ। ਉਹ ਉਥੋਂ ਦੀ ਰਹਿਣ ਵਾਲੀ ਏ। ਲੋਕ ਆਖਦੇ ਨੇ ਕਿ ਖ਼ੁਦਾ ਨੇ ਉਹਨੂੰ ਬਣਾ ਕੇ ਉਹ ਕਲਮ ਉਸੇ ਵੇਲੇ ਤੋੜ ਦਿੱਤੀ ਸੀ। ਜਦ ਉਹ ਪਾਣੀ ਪੀਂਦੀ ਏ ਤੇ ਉਹਦੇ ਗਲ ਵਿਚੋਂ ਜਾਂਦੀਆਂ ਬੂੰਦਾਂ ਗਿਣੀਆਂ ਜਾ ਸਕਦੀਆਂ ਹਨ। ਜੇ ਉਹ ਆ ਜਾਏ ਤੇ ਫਿਰ ਹਰਮ ਵਿਚ ਚਿਰਾਗ਼ ਜਗਾਉਣ ਦੀ ਲੋੜ ਨਹੀਂ। ਸੇਜ ਨੂੰ ਬਦਲੋ ਹਜ਼ੂਰ। ਸੁਣਿਐ ਕਿ ਉਹਦੇ ਫੁੱਲਾਂ ਤੇ ਚਲਦੀ ਦੇ ਪੈਰ ਛਿੱਲੇ ਜਾਂਦੇ ਹਨ।"

ਦਿਲਾਵਰ ਖ਼ਾਂ ਮਜ਼ਾ ਲੈ ਰਿਹਾ ਸੀ।

"ਤਾਂ ਤੇ ਉਹ ਇਕ ਅਜੂਬਾ ਹੋਇਆ ਦਿਲਾਵਰ ਖ਼ਾਂ? ਮੇਰੇ ਹਰਮ ਵਿਚ ਉਨਾਂ ਚਿਰ ਤੱਕ ਰੌਣਕ ਹੀ ਨਹੀਂ ਆ ਸਕਦੀ ਜਦੋਂ ਤੱਕ ਉਹ ਨਾ ਆਵੇ।" ਮਹਾਬਤ ਖ਼ਾਂ ਨੇ ਬੁਲ੍ਹੀਆਂ ਤੇ ਜੀਭ ਫੇਰੀ।

"ਫਿਰ ਦੇਰ ਕਾਹਦੀ ਏ?"

"ਪਰ ਫੂਕ ਫੂਕ ਕੇ ਪੈਰ ਧਰਨ ਵਾਲੀ ਗੱਲ ਏ। ਜਲਦੀ ਕੀਤਿਆਂ ਖੁੰਨੇ ਸੇਕੇ ਜਾਣਗੇ।"

ਏਨੀ ਫ਼ੌਜ ਕਾਹਦੇ ਲਈ ਏ?" ਨਸ਼ਈ ਮਹਾਬਤ ਖ਼ਾਂ ਆਖਣ ਲੱਗਾ।

"ਫ਼ੌਜ ਨਾਲ ਜਿੱਤਣਾ ਆਸਾਨ ਨਹੀਂ। ਤਦਬੀਰ ਨਾਲ ਮਾਰਨਾ ਪਊ। ਆਰਾਮ ਨਾਲ ਹਰਮ ਜਾਓ। ਇੰਤਜ਼ਾਰ ਹੋ ਰਹੀ ਏ। ਜਲਦੀ ਹਰ ਕੰਮ ਵਿਚ ਚੰਗੀ ਨਹੀਂ ਹੁੰਦੀ।"

ਮਹਾਬਤ ਖ਼ਾਂ ਝੂਮਦਾ-ਝੂਮਦਾ ਹਰਮ ਵੱਲ ਚਲਾ ਗਿਆ। ਮਹਿਫ਼ਲ ਬਰਖ਼ਾਸਤ ਹੋ ਗਈ। ਤਬਲੇ ਤੇ ਸਾਰੰਗੀ ਵਾਲੇ ਉਂਗਲੀਆਂ ਦੇ ਕੜਾਕੇ ਕੱਢ ਰਹੇ ਸਨ।

ਰਾਤ ਦੇ ਦੋ ਪਹਿਰ ਲੰਘ ਚੁੱਕੇ ਸਨ।

★

ਮਕਬਰੇ ਸਰਹੰਦ ਦਾ ਮੂੰਹ-ਮੱਥਾ ਹਨ। ਉਨ੍ਹੀਂ ਦਿਨੀਂ ਸਰਹੰਦ ਵਿਚ ਨਵਾਬਾਂ ਦੇ ਓਨੇ ਖ਼ੂਬਸੂਰਤ ਮਹਿਲ ਨਹੀਂ ਸਨ ਜਿੰਨੇ ਮਕਬਰੇ ਹਸੀਨ ਸਨ। ਨਵਾਬਾਂ ਨੇ ਮੋਤੀਆਂ ਜੜੀਆਂ ਕੰਧਾਂ ਤੇ ਅੱਖਾਂ ਮਲ ਕੇ ਕਦੇ ਵੇਖੀਆਂ ਨਹੀਂ ਸੀ ਪਰ ਮਕਬਰਿਆਂ ਦੀਆਂ ਕੰਧਾਂ ਹੀਰੇ, ਮੋਤੀਆਂ ਤੇ ਫਰੋਜ਼ਿਆਂ ਨਾਲ ਜੜੀਆਂ ਹੋਈਆਂ ਹਨ। ਚੜ੍ਹਾਵੇ ਸਨ ਬੇਗਮਾਂ ਤੇ ਸ਼ਹਿਜ਼ਾਦੀਆਂ ਦੇ। ਜਿਸ ਨੇ ਬਾਦਸ਼ਾਹ ਬਣਨਾ ਏ ਮਕਬਰੇ ਤੇ ਤਾਬੂਤ ਨੂੰ ਹੀਰਿਆਂ ਨਾਲ ਜੜਾ ਦੇਵੇ। ਕਿਸੇ ਦੇ ਘਰ ਪੁੱਤ ਨਹੀਂ ਹੁੰਦਾ ਤਾਂ ਉਸ ਮਕਬਰੇ ਦੀ ਕੰਧ ਸ਼ੀਸ਼ਿਆਂ ਵਾਲੀ ਕਰ ਦਿੱਤੀ। ਕਿਸੇ ਬੇਗਮ ਦਾ ਖ਼ਸਮ ਰੁੱਸ ਗਿਆ ਜਾਂ ਉਹਦੀ ਗੱਲ ਨਹੀਂ ਸੁਣਦਾ ਤੇ ਉਸ ਮਕਬਰੇ ਦੀਆਂ ਦਹਲੀਜ਼ਾਂ ਸੰਗਮਰਮਰ ਨਾਲ ਮੜ੍ਹਾ ਦਿੱਤੀਆਂ ਤੇ ਛੱਤ ਜੜਾਊ ਨੀਲਮ ਦੀ। ਸਰਹੰਦ ਵਿਚ ਇਕ ਮਕਬਰਾ ਹੋਵੇ ਤੇ ਗੱਲ ਵੀ ਕਰੀਏ। ਏਥੇ ਤੇ ਗਿਣਤੀ ਹੀ ਨਹੀਂ। ਮਹਿਲਾਂ ਨਾਲੋਂ ਮਕਬਰਿਆਂ ਦੀ ਗਿਣਤੀ ਵੀ ਵਧੇਰੇ ਸੀ। ਪੰਜਾਬ ਦਾ ਮੱਕਾ ਮਦੀਨਾ ਆਖਦੇ ਸਨ ਸਰਹੰਦ ਨੂੰ ਮੁਸਲਮਾਨ।

ਵਜ਼ੀਰ ਖ਼ਾਂ ਸੂਬੇਦਾਰ ਸੀ ਸਰਹੰਦ ਦਾ। ਲਾਹੌਰ ਤੋਂ ਬਾਅਦ ਸਰਹੰਦ ਦਾ ਈ ਨੰਬਰ ਆਉਂਦਾ ਏ। ਦਿੱਲੀ ਦਰਬਾਰ ਵਿਚ ਜੇ ਕਿਸੇ ਦੀ ਪੁੱਛ ਗਿੱਛ ਸੀ ਤਾਂ ਉਹ ਸਰਹੰਦ ਦੇ ਨਵਾਬ ਜਾਂ ਲਾਹੌਰ ਦੇ। ਬਾਕੀ ਤੇ ਕਦੀ ਕਦਾਈਂ ਪ੍ਰਾਹੁਣੇ ਸਨ। ਜਦੋਂ ਆ ਗਏ, ਦਿੱਲੀ ਵਾਲਿਆਂ ਨੂੰ ਚੇਤਾ ਆ ਗਿਆ। ਮਿਲਦੇ ਤੇ ਨਾਂ ਪੁੱਛਣਾ ਪੈਂਦਾ। ਗੁਆਂਢੀ ਨੂੰ ਤਾਂ ਏਸ ਲਈ ਸਰ੍ਹਾਣੇ ਦੀ ਡਾਂਗ ਆਖਦੇ ਹਨ। ਹਰਜ-ਮਰਜ ਲਈ ਗੁਆਂਢੀ ਤਾਬਿਆਦਾਰ। ਦੂਰ ਵਾਲਾ ਤੇ ਜਦੋਂ ਆਊ ਵੇਖੀ ਜਾਊ। ਅਸਲ ਵਿਚ ਗੁਆਂਢੀ ਮਾਂ-ਪਿਓ ਜਾਏ ਹੁੰਦੇ ਹਨ। ਸਿਆਣੇ ਆਖਦੇ ਨੇ ਕੁੜਮ ਕੁਪੱਤਾ ਹੋਏ ਪਰ ਗੁਆਂਢ ਕਪੱਤੇ ਨਾ ਹੋਵੀਏ। ਵਜ਼ੀਰ ਖ਼ਾਂ ਦੀ ਦਿੱਲੀ ਵਿਚ ਚੰਗੀ ਸੁਰ ਬਣੀ ਹੋਈ ਸੀ। ਕਿਲ੍ਹੇ ਤੇ ਆਕੜਦਾ ਸੀ ਵਜ਼ੀਰ ਖ਼ਾਂ। ਏਸੇ ਲਈ ਮਨ ਮਾਨੀਆਂ ਕਰ ਲਿਆ ਕਰਦਾ ਸੀ।

ਸ਼ਹਿਰ ਆਖ ਸਕਦੇ ਓ ਸਰਹੰਦ ਨੂੰ ਤੁਸੀਂ। ਭਾਵੇਂ ਪੁਰਾਣਿਆਂ ਖੋਲਿਆਂ ਤੇ ਉਸਰਿਆ ਨਗਰ ਹੈ ਪਰ ਹੈ, ਬਹੁਤ ਪੁਰਾਣਾ। ਕਈ ਤਾਂ ਉਹਨੂੰ ਹਿੰਦੂ ਰਾਜ ਦਾ ਕੇਂਦਰ ਆਖਦੇ ਹਨ। ਜਰਨੈਲੀ ਸੜਕ ਤੇ ਹੋਣ ਕਰਕੇ ਹਰ ਕੋਈ ਉਥੇ ਰਹਿਣ ਦਾ ਮਨ ਬਣਾ ਲੈਂਦਾ। ਮੋਟੇ ਸਾਹੂਕਾਰ ਤੇ ਧਨਾਢ, ਪੂੰਜੀਪਤੀ ਨਵਾਬ ਉਥੇ ਹੀ ਆਪਣੇ ਮਹਿਲ ਬਣਵਾਉਂਦੇ ਮੌਜ ਮੇਲੇ ਲਈ। ਉਥੇ ਈ ਆਣ ਕੇ ਰਹਿੰਦੇ। ਪੰਜਾਬ 'ਚ ਹਰ ਵੇਲੇ ਹਫੜਾ ਦਫੜੀ ਪਈ ਰਹਿੰਦੀ ਸੀ ਤੇ ਕੋਈ ਨਾ ਕੋਈ ਧਾੜਵੀ ਖ਼ੈਬਰ ਦੇ ਦੱਰੇ ਵਿਚੋਂ ਮੂੰਹ ਕੱਢ ਲੈਂਦਾ। ਇਸ ਲਈ ਵੀ ਉਹਨੂੰ ਸਭ ਨਾਲੋਂ ਮਹਿਫੂਜ਼ ਸਮਝਿਆ ਜਾਂਦਾ ਸੀ। ਦਿੱਲੀ ਤੇ ਲਾਹੌਰ ਦਾ ਰਾਠ ਪਠਾਣ ਸਾਰੇ ਸਰਹੰਦ ਵਿਚ ਆਪਣਾ ਗੜ੍ਹ ਬਣਾ ਕੇ ਰੱਖਦੇ ਸਨ।

ਫ਼ਿਰੋਜ਼ ਸ਼ਾਹ ਤੁਗ਼ਲਕ ਨੇ ਸਰਹੰਦ ਦਾ ਮੂੰਹ ਮੱਥਾ ਕੱਢਿਆ। ਮੁਗ਼ਲਾਂ ਨੇ ਲਿਸ਼ਕਾਇਆ ਤੇ ਨਵਾਬਾਂ ਨੇ ਉਹਨੂੰ ਖ਼ੂਬਸੂਰਤ ਬਣਾ ਦਿੱਤਾ। ਉਹਦੇ ਮਾਤਹਿਤ ਕਈ ਪਰਗਣੇ ਸਨ। ਅਕਬਰ ਨੇ ਕਈ ਏਥੇ ਬਾਰਾਦਰੀਆਂ ਬਣਾਈਆਂ ਤੇ ਕਈ ਬਾਗ਼ ਲਵਾਏ ਤੇ ਕਈ ਬਗੀਚੇ ਤਲਾਅ ਚੰਗੇ ਹੱਸਮੁੱਖ ਫੁੱਲਾਂ ਨਾਲ ਸਜੇ ਹੋਏ ਸਨ। ਉਨ੍ਹੀਂ ਦਿਨੀਂ ਸਰਹੰਦ ਲਾਹੌਰ ਨੂੰ ਕੱਛੇ ਮਾਰ ਲੈਣਾ ਚਾਹੁੰਦਾ ਸੀ। ਸਰਾਫ਼ ਆਲਮ, ਫ਼ਜ਼ਲ, ਕਵੀ, ਔਲੀਆਂ ਤੇ ਫ਼ਕੀਰਾਂ ਨੇ ਏਥੇ ਡੇਰੇ ਲਾ ਲਏ। ਅਕਬਰ ਤੋਂ ਲੈ ਕੇ ਬਹਾਦਰ ਸ਼ਾਹ ਤੱਕ ਇਸ ਸ਼ਹਿਰ ਨੂੰ ਕਦੀ ਤੱਤੀ ਵਾ ਨਹੀਂ ਸੀ ਲੱਗੀ।

ਖ਼ਾਨਗਾਹ ਜਿਹੜੀ ਸਭ ਤੋਂ ਪੁਰਾਣੀ ਸੀ ਤੇ ਸਿਰ ਕੱਢਦੀ ਸੀ। ਮਕਬਰਿਆਂ ਵਿਚੋਂ ਉਹ ਸੀ ਸ਼ੇਖ਼ ਅਹਿਮਦ ਮੁਜੱਦਿਦ ਅਲਫ਼ ਸਾਨੀ । ਉਹਨੂੰ ਬਣਾਉਣ ਵਾਲੀ ਸਾਹਿਬਜ਼ਾਦੀ ਏ। ਰੀਝਾਂ ਲਾ-ਲਾ ਕੇ ਉਹਨੂੰ ਸਜਾਇਆ । ਦੂਰ-ਦੂਰ ਤੋਂ ਕਾਰੀਗਰੀ ਦੇ ਨਮੂਨੇ ਬਣਵਾਏ। ਕੋਈ ਉਹਦੀ ਸਰਦਲ ਤੋਂ ਸੱਖਣਾ ਨਹੀਂ ਸੀ ਗਿਆ। ਮਨ ਦੀਆਂ ਮੁਰਾਦਾਂ ਮਿਲਦੀਆਂ। ਇਸੇ ਲਈ ਵਜ਼ੀਰ ਖ਼ਾਂ ਲੋਕਾਂ ਨੂੰ ਟਿੱਚ ਸਮਝਦਾ ਸੀ। ਵਜ਼ੀਰ ਖ਼ਾਂ ਵੀ ਇਸੇ ਖ਼ਾਨਗਾਹ ਦਾ ਮੁਰੀਦ ਸੀ। ਦਿਲ ਖੋਲ੍ਹ ਕੇ ਜਾਗੀਰਾਂ ਦੇ ਪਟੇ ਲਿਖ ਦਿੱਤੇ। ਮੁਰਸ਼ਦ ਦੀਆਂ ਰਹਿਮਤਾਂ ਸਨ ਸੂਬੇ ਤੇ। ਸੂਬਾ ਭਾਵੇਂ ਬੁੱਢਾ ਹੋਣ ਵਾਲਾ ਸੀ ਪਰ ਉਹ ਜਵਾਨਾਂ ਨੂੰ ਲਾਗੇ ਖਲੋ ਕੇ ਖੰਘਣ ਨਾ ਦਿੰਦਾ। ਨਵਾਬ ਦਾ ਚਿਹਰਾ ਦਗ-ਦਗ ਕਰਦਾ ਸੀ। ਸੂਬਾ ਅਜੇ ਵੀ ਨਿਕਾਹ ਦਾ ਨਾਂ ਸੁਣ ਲੈਂਦਾ ਤਾਂ ਉਹਦੇ ਮੂੰਹ ਵਿਚ ਪਾਣੀ ਆ ਜਾਂਦਾ। ਨਿਕਾਹ ਤਾਂ ਖੇਲ ਸਮਝਦੇ ਸਨ । ਸੂਬੇ ਦੇ ਹਰਮਾਂ ਵਿਚ ਨਿਕਾਹ ਵਾਲੀਆਂ ਵੀ ਸਨ ਤੇ ਬੇ-ਨਿਕਾਹੀਆਂ ਵੀ। ਜਦੋਂ ਕਿਸੇ ਨੇ ਪਟਿਆਂ ਨੂੰ ਮਹਿੰਦੀ ਲਾ ਲਈ। ਉਸੇ ਰਾਤ ਉਸ ਨਵਾਂ ਨਿਕਾਹ ਕਰ ਲਿਆ। ਤਲਾਕ ਦੇਣ ਦੀ ਕਿਸੇ ਨੂੰ ਲੋੜ ਹੀ ਨਹੀਂ ਸੀ ਪੈਂਦੀ। ਖਾਂਦੀਆਂ, ਪੀਂਦੀਆਂ ਤੇ ਮਜ਼ਾ ਉਡਾਉਂਦੀਆਂ। ਜਿਹੜੀ ਜਿਹਦੇ ਅੱੜੇ ਚੜ੍ਹ ਗਈ, ਉਹ ਖ਼ਸਮ ਬਣ ਗਿਆ। ਕਿਸੇ ਇਕ ਨੂੰ ਖ਼ਸਮ ਬਣਾ ਕੇ ਨਹੀਂ ਰਖਿਆ ਤੇ ਨਾ ਕੋਈ ਗਭਰੂ ਇਕ ਦਾ ਖ਼ਸਮ ਬਣਨ ਨੂੰ ਤਿਆਰ ਹੀ ਸੀ। ਕਿਉਂ ਕੋਈ ਆਪਣੇ ਗਲ ਬਲਾ ਬੰਨ੍ਹੇ। ਰਾਤ ਪਈ ਤੇ ਨਵੀਂ ਔਰਤ। ਨਾ ਕਾਜ਼ੀ ਦੀ ਲੋੜ ਤੇ ਨਾ ਮੁਲਾਣੇ ਦੀ। ਸਰਹੰਦ ਵਿਚ ਹੁਸਨ ਵਾਲੀਆਂ ਨੂੰ ਸ਼ੌਕੀਨ ਘਿਓ ਦੀਆਂ ਕਰੂਲੀਆਂ ਕਰਾਉਂਦੇ। ਦਿੱਲੀ ਵਾਲੇ ਸਰਹੰਦ ਵੇਖਣ ਆਉਂਦੇ ਸਨ। ਸਰਹੰਦ ਵਾਲੀਆਂ ਹੱਥਾਂ ਤੇ ਨਚਾਉਂਦੀਆਂ ਸਨ। ਉਨ੍ਹਾਂ ਦਿਆਂ ਗੋਰਿਆਂ-ਗੋਰਿਆਂ ਹੱਥਾਂ ਤੇ ਮਹਿੰਦੀ ਡੁਲ੍ਹ-ਡੁਲ੍ਹ ਪੈਂਦੀ ਸੀ।

ਅਠਾਈ ਪਰਗਣਿਆਂ ਦਾ ਮਾਲਕ ਸੀ ਸਰਹੰਦ। ਸਰਹੰਦ ਦੇ ਆਸੇ-ਪਾਸੇ ਜਿੰਨੇ ਵੀ ਲੋਕ ਵੱਸਦੇ ਸਨ, ਉਨ੍ਹਾਂ ਤੇ ਮੁਸਲਮਾਨ ਫ਼ਕੀਰਾਂ, ਵਲੀਆਂ ਤੇ ਮੁਰਸ਼ਦਾਂ ਦਾ ਕਾਫ਼ੀ ਅਸਰ ਸੀ। ਭਾਵੇਂ ਉਹ ਮੁਸਲਮਾਨ ਸਨ ਤੇ ਭਾਵੇਂ ਹਿੰਦੂ। ਮੁਸਲਮਾਨ ਤੇ ਮਕਬਰੇ ਪੂਜਦੇ ਹੀ ਸਨ ਪਰ ਹਿੰਦੂਆਂ ਨੇ ਵੀ ਖ਼ਾਨਗਾਹ ਤੇ ਜੁੰਮੇਂਰਾਤ ਦੀ ਰਾਤ ਦੀਵੇ ਬਾਲਣੇ ਸ਼ੁਰੂ ਕਰ ਦਿੱਤੇ ਤੇ ਨਿਆਜ਼ਾਂ ਚੜ੍ਹਾਉਣੀਆਂ, ਤਵੀਤ ਲੈਣੇ ਤੇ ਦੇਗਾਂ ਸੁਖਣੀਆਂ, ਮਸੀਤਾਂ ਤੇ ਮੱਥੇ ਟੇਕਣੇ ਹਿੰਦੂਆਂ ਦੇ ਕੋਨੀਂ ਪੈ ਗਿਆ ਸੀ। ਮੁੰਡਾ ਜੰਮਿਆਂ ਤਾਂ ਹੱਥ ਹੌਲਾ ਕਰਾਉਣਾ ਤੇ ਮੁਲਾਣੇ ਦੀਆਂ ਖ਼ੁਸ਼ਾਮਦਾਂ ਕਰਨੀਆਂ। ਵਿਆਹ ਹੋਵੇ ਤੇ ਡੋਲੇ ਨੂੰ ਮਜ਼ਾਰ ਤੇ ਜਾ ਕੇ ਸਲਾਮ ਕਰਾਉਣੀ, ਮੁਕਲਾਵਾ ਆਵੇ ਤਾਂ ਮਜ਼ੋਰ ਤੇ ਜਾਣਾ। ਚੜ੍ਹਾਵਾ ਚੜ੍ਹਾ ਕੇ ਹਾਕਮਾਂ ਨੂੰ ਖ਼ੁਸ਼ ਰੱਖਣਾ। ਹਰ ਚੀਜ਼ ਤੇ ਮੁਸਲਮਾਨਾਂ ਦੀ ਛਾਪ ਲੱਗ ਗਈ। ਪਹਿਰਾਵਾ ਤੇ ਉਹ ਵੀ ਮੁਸਲਮਾਨੀ। ਬੋਲ ਚਾਲ, ਰਸਮ ਰਿਵਾਜ, ਪੱਗ ਦੇ ਪੇਚ ਤੇ ਉਨ੍ਹਾਂ ਤੇ ਵੀ ਇਸਲਾਮ ਦਾ ਰੰਗ ਸੀ। ਰੰਗੇ ਜਾ ਰਹੇ ਸਨ, ਉਸੇ ਰੰਗਣ ਵਿਚ ਸ਼ਾਹੂਕਾਰ ਤੇ ਹਟਵਾਣੀਏ। ਪਿੰਡ ਦੇ ਬ੍ਰਾਹਮਣ ਤੇ ਖੱਤਰੀ ਮੰਦਰ ਵਿਚ ਘੜਿਆਲ ਜਾਂ ਸੰਖ ਵਜਾਉਣਾ ਹੋਵੇ ਤਾਂ ਵੀ ਇਜਾਜ਼ਤ ਲੈਣੀ ਪੈਂਦੀ। ਬੁਰਕੇ ਦੀ ਲਪੇਟ ਵਿਚ ਲਪੇਟਿਆ ਗਿਆ ਸੀ ਹਿੰਦੂ ਧਰਮ, ਔਰੰਗਜ਼ੇਬ ਦਾ ਜਾਦੂ ਸਿਰ ਚੜ੍ਹ ਕੇ ਬੋਲਣ ਲੱਗ ਪਿਆ। ਨਵੇਂ ਮੁਸਲਮਾਨ ਲਈ ਹਕੂਮਤ ਦੇ ਸਾਰੇ ਸੁੱਖ ਉਸ ਦੇ ਪੈਰਾਂ ਵਿਚ ਰੁਲਣ ਲੱਗ ਪੈਂਦੇ। ਦੁਲਹਣਾਂ ਛਮ-ਛਮ ਕਰਦੀਆਂ ਬੁਰਕੇ ਲਪੇਟੀਆਂ ਉਹਦੇ ਘਰ ਭੱਜੀਆਂ ਆ ਜਾਂਦੀਆਂ। ਆਲਮਗੀਰ ਸਿਰਫ਼ ਮਹਿਰਾਬਾਂ ਵੇਖਣੀਆਂ ਚਾਹੁੰਦਾ ਸੀ ਹਿੰਦੁਸਤਾਨੀਆਂ ਦੇ ਮੱਥਿਆਂ ਤੇ। ਫਿਰ ਹਕੂਮਤ ਦਾ ਕੋਈ ਝਗੜਾ ਹੀ ਨਹੀਂ ਰਹੇਗਾ। ਉਹਦੇ ਕਰਿੰਦੇ ਉਹਦੇ ਨਾਲੋਂ ਜ਼ਿਆਦਾ ਕੱਟੜ, ਸਖ਼ਤ ਤੇ ਜਾਬਰ ਸਨ। ਏਸ ਕੰਮ ਵਿਚ ਵਜ਼ੀਰ ਖ਼ਾਂ ਬਾਦਸ਼ਾਹ ਦਾ ਪੱਗ-ਵੱਟ ਭਰਾ ਸੀ। ਜਾਨ ਕੁੜਿਕੀ ਵਿਚ ਆਈ ਹੁੰਦੀ ਤਾਂ ਹਿੰਦੂ ਨੂੰ ਕੋਈ ਰੁਤਬਾ ਦੇ ਕੇ ਨਿਵਾਜਦਾ।

ਸੁੱਚਾ ਨੰਦ ਨੂੰ ਆਪਣੀ ਵਜ਼ੀਰੀ ਦਾ ਮਾਨ ਸੀ. ਸਰਹੰਦ ਵਿਚ ਗੱਲ੍ਹਾਂ ਫੁਲਾ ਫੁਲਾ ਕੇ ਗੱਲਾਂ ਕਰਦਾ। ਸਾਰੇ ਸਰਹੰਦ ਵਿਚ ਕਿਸੇ ਦੀ ਮਜ਼ਾਲ ਸੀ ਕਿ ਸੁੱਚਾ ਨੰਦ ਦੀ ਗੱਲ ਟਾਲ ਦੇਵੇ। ਖੜੇ ਖਲੋਤੇ ਦੀ ਖੱਲ ਖਿਚਵਾ ਦਿੰਦਾ ਸੀ ਪਰ ਨਵਾਬਾਂ ਦੇ ਮੁੰਡੇ ਕਿਥੋਂ ਮੁੜਦੇ ਹਨ। ਪੋਤੜਿਆਂ ਦੇ ਵਿਗੜੇ ਕਦੀ ਸੌਰਦੇ ਹਨ ? ਦੂਰੋਂ-ਨੇੜਿਓਂ ਵੀ ਜਿਸ ਦਾ ਸਾਕ ਸਬੰਧੀ ਹੋਵੇ ਸੂਬਾ ਸਰਹੰਦ ਦਾ ਉਸ ਤੇ ਅੱਤ ਚੁਕਣੀ ਹੋਈ। ਉਹ ਨਹੀਂ ਸੀ ਵੇਖਦਾ ਛੋਟਾ-ਵੱਡਾ। ਫੁੱਫੜ ਤੇ ਭਣਵੱਈਆ ਹਰ ਕੋਈ ਬਣਾ ਲੈਂਦਾ ਸਰਹੰਦ ਦੇ ਸੂਬੇ ਨੂੰ। ਰਾਤ ਦੀ ਭੁੱਲ ਬਖ਼ਸ਼ੀ ਜਾਂਦੀ ਦਿਨੇ ਪੈਰ ਫੜ ਕੇ।

ਸੁੱਚਾ ਨੰਦ ਦੇ ਕੁਨਬੇ ਵਿਚ ਇਕ ਮੁੰਡੇ ਦਾ ਵਿਆਹ ਸੀ। ਗਾਨਾ ਬੱਝਾ, ਤੇਲ ਚੜ੍ਹਿਆ, ਸ਼ਗਨ ਸਵਾਰਥ ਕੀਤੇ ਭੈਣਾਂ। ਜੰਞ ਜੁੜੀ ਤੇ ਵਿਆਹੁਣ ਚਲੇ ਗਏ ਮੁੰਡੇ ਦੇ ਮਾਪੇ। ਸਢੌਰੇ ਕੁੜੀ ਵਾਲੇ ਵੀ ਆਪਣੇ ਆਪ ਨੂੰ ਕਹਿੰਦੇ ਕਹਾਉਂਦੇ ਬੰਦੇ ਸਨ। ਉਨ੍ਹਾਂ ਦੀ ਵੀ ਕਿਤੇ ਬੱਸ ਨਹੀਂ ਸੀ ਛੁੱਟਦੀ। ਉਨ੍ਹਾਂ ਦਾ ਵੀ ਨਵਾਬਾਂ ਨਾਲ ਚੰਗਾ ਭਰੱਪਣ ਸੀ। ਸਢੌਰੇ ਦੇ ਕਾਜ਼ੀ ਵੀ ਕੁੜੀ ਵਾਲਿਆਂ ਦੀ ਚੰਗੀ ਦੀਦ ਕਰਦੇ ਸਨ। ਸਰਹੰਦ ਦੇ ਨਵਾਬ ਦੇ ਮੁੰਡੇ ਵੀ ਜਾਂਞੀ ਬਣ ਕੇ ਨਾਲ ਤੁਰੇ। ਦੇਖ ਬਣੀ ਸੀ ਜੰਞ ਦੀ। ਢੁਕਾਅ ਹੋਇਆ, ਲਾਵਾਂ ਹੋਈਆਂ ਤੇ ਡੋਲੀ ਤੁਰੀ। ਦਾਜ ਦੇਣ ਦਾ ਕੋਈ ਅੰਤ ਨਹੀਂ ਸੀ। ਕਈਆਂ ਦੀਆਂ ਨਿਗਾਹਾਂ ਪਾਟ ਗਈਆਂ। ਡੋਲੀ ਨੂੰ ਕਹਾਰਾਂ ਚੁੱਕ ਲਿਆ। ਸ਼ਹਿਨਾਈਆਂ ਵਜਦਿਆਂ ਤੋਰਿਆ ਡੋਲਾ। ਲਾੜਾ ਘੋੜੀ ਤੇ ਬਰਾਜਿਆ ਹੋਇਆ ਸੀ। ਅੱਗੇ-ਅੱਗੇ ਮੁਜਰਾ ਹੁੰਦਾ ਜਾ ਰਿਹਾ ਸੀ ਤੇ ਪਿਛੋਂ ਸੋਟ ਹੁੰਦੀ ਮੋਹਰਾਂ ਦੀ। ਹਾਣੀਆਂ ਜੀ ਖੋਲ੍ਹ ਕੇ ਆਪਣਾ ਚਾਂਭਾ ਰਾਜ਼ੀ ਕੀਤਾ।

ਸੁੱਚਾ ਨੰਦ ਨਹੀਂ ਸੀ, ਪਰ ਉਹਦਾ ਮੁੰਡਾ ਬਰਾਤ ਦੇ ਮੋਹਰੀਆਂ ਵਿਚੋਂ ਇਕ ਸੀ। ਸ਼ਰੀਕੇ ਵਿਚੋਂ ਭਰਾ ਲਗਦਾ ਸੀ ਲਾੜੇ ਦਾ। ਭਰਜਾਈ ਨੂੰ ਵਿਆਹ ਕੇ ਲਈ ਆ ਰਹੇ ਸਨ। ਢੂੰਘੀਆਂ ਤਰਕਾਲਾਂ ਵੇਲੇ ਡੋਲੀ ਸਰਹੰਦ ਪੁੱਜੀ। ਰਾਹ ਵਿਚ ਇਕ ਜਗ੍ਹਾ ਪੜਾਅ ਕੀਤਾ ਬਰਾਤ ਨੇ। ਉਸੇ ਵੇਲੇ ਜਸ਼ਨ ਉੱਡਣ ਲੱਗ ਪਏ। ਜਾਂਞੀਆਂ ਵਿਚੋਂ ਕਈ ਮੁੰਡੇ ਸ਼ੈਤਾਨ ਦੀ ਟੂਟੀ ਸਨ। ਛਾਤੀਆਂ ਮਾਰਦੇ ਫਿਰਦੇ ਸਨ।

ਨਵਾਬ ਦੇ ਮੁੰਡਿਆਂ ਦੀ ਟੋਲੀ ਵਿਚ ਬਹਿ ਕੇ ਸ਼ਰਾਬਾਂ ਪੀਤੀਆਂ ਕਰਾੜਾਂ ਦੇ ਪੁੱਤਾਂ। ਚੰਗੀ ਹੇਠਲੀ ਉਤੇ ਕੀਤੀ। ਰੰਗ 'ਚ ਆਏ ਮੁੰਡੇ ਦਿਲ ਦੀਆਂ ਮੁਰਾਦਾਂ ਪੂਰੀਆਂ ਕਰ ਰਹੇ ਸਨ ਤੇ ਸਾਈਆਂ ਲਾ ਰਹੇ ਸਨ ਸਰਹੰਦ ਜਾ ਕੇ ਜਸ਼ਨ ਕਰਨ ਦੀਆਂ।

ਡੋਲੀ ਦਾ ਇਕ ਪਰਦਾ ਰੱਬ ਜਾਣੇ ਹਵਾ ਨਾਲ ਹਿਲਿਆ ਜਾਂ ਅੰਦਰ ਬੈਠੀ ਦੁਲਹਨ ਦਾ ਦਿਲ ਉਕਤਾ ਗਿਆ ਜਾਂ ਬਾਂਹ ਦੀ ਵੀਣੀ ਖਹਿ ਗਈ। ਇਕ ਝਲਕਾਰਾ ਜਿਹਾ ਪਿਆ ਨਵੀਂ ਵਿਆਹੁਤ ਦੇ ਹੁਸਨ ਦਾ। ਪਰਦਾ ਹੋਇਆ ਤੇ ਚੰਨ ਬਦਲੀਆਂ ਉਹਲੇ ਹੋ ਗਿਆ। ਸਰਹੰਦ ਦੇ ਨਵਾਬ ਦੇ ਛੋਕਰੇ ਦੇ ਦਿਲ ਵਿਚ ਹਿਲਜੁਲ ਜਿਹੀ ਹੋਣ ਲੱਗ ਪਈ। ਬਥੇਰਾ ਕਾਬੂ ਕੀਤਾ ਪਰ ਦਿਲ ਕਿਥੇ ਸੀ ਕਾਬੂ ਵਿਚ ਰਹਿਣ ਵਾਲਾ। ਤਰਲੋਮੱਛੀ ਹੋਇਆ ਫਿਰੇ ਕਿਸੇ ਨੂੰ ਦੱਸੇ ਵੀ ਨਾ ਤੇ ਜ਼ਬਾਨ ਵੀ ਨਾ ਖੋਲ੍ਹੇ। ਡੋਲੀ ਉਹਦੇ ਸੁਪਨਿਆਂ ਦੀ ਇਕ ਮਲਕਾ ਜਾਪਣ ਲੱਗ ਪਈ। ਮੁੰਡਾ ਨਵਾਬ ਦਾ ਡੋਲੀ ਵਿਚ ਆਪਣਾ ਦਿਲ ਲੱਭਣ ਲਗ ਪਿਆ। ਦਿਲ ਡੋਲੀ 'ਚ ਰਹਿ ਗਿਆ ਤੇ ਆਪ ਘਰ ਆ ਗਏ।

ਰਾਤ ਤੇ ਕੁੜੀਆਂ ਦੇ ਝੁਰਮਟ ਵਿਚ ਲੰਘ ਗਈ ਭਾਬੀ ਦੀ। ਦਿਨ ਚੜ੍ਹਿਆ। ਗਾਨਾ ਖੇਲ੍ਹਣ ਲਗਿਆ ਭੈਣਾਂ ਤੇ ਭਾਬੀਆਂ ਨੇ ਘੇਰਾ ਘੱਤ ਲਿਆ। ਸੁੱਚਾ ਨੰਦ ਦਾ ਮੁੰਡਾ ਵੀ ਸ਼ਰੀਕਾਂ ਦੇ

ਵਿਹੜੇ ਬੈਠਾ ਹੋਇਆ ਸੀ। ਗਾਨਾ ਖੋਲ੍ਹਣ ਨਾਲ ਹੀ ਹਾਰ ਜਿੱਤ ਹੋ ਗਈ। ਕੋਈ ਆਖਣ ਲੱਗੀ ਵਹੁਟੀ ਹਾਰ ਗਈ ਤੇ ਕਿਸੇ ਨੇ ਆਖਿਆ ਕਿ ਮੁੰਡੇ ਗਾਨਾ ਨਹੀਂ ਖੋਲ੍ਹਿਆ। ਪਾਣੀ ਵਾਰਨ ਵਾਲੀ ਭਰਜਾਈ ਵੀ ਉਸ ਝੁਰਮਟ ਵਿਚ ਬੈਠੀ ਹੋਈ ਸੀ। ਮੁੰਡੇ ਦੀਆਂ ਭਾਬੀਆਂ ਨੇ ਚੂੰਢੀਆਂ ਵੱਢ ਕੇ ਮੁੰਡੇ ਦਾ ਪਿੰਡਾ ਉਛਾ ਦਿੱਤਾ. ਵਹੁਟੀ ਲੈਣੀ ਕੋਈ ਮਖੌਲ ਥੋੜ੍ਹੈ ? ਦੰਦਾਂ ਥੱਲੇ ਜੀਭ ਦੇ ਕੇ ਸਭ ਕੁਝ ਬਰਦਾਸ਼ਤ ਕਰ ਗਿਆ ਚੀਰੇ ਵਾਲਾ ਗਭਰੂ।

ਸ਼ਾਮੀਂ ਸ਼ੇਖ ਸਾਹਿਬ ਦੇ ਮਕਬਰੇ ਤੇ ਸਲਾਮ ਫੇਰਨ ਜਾਣਾ ਸੀ ਤਾਂ ਰਾਤ ਸੁਹਾਗ ਰਾਤ ਬਣਨੀ ਸੀ। ਇਹ ਰਿਵਾਜ ਸੀ ਸਰਹੰਦ ਦਾ। ਦੁਲਹਨ ਨੂੰ ਫੁੱਲਾਂ ਨਾਲ ਸਜਾਇਆ ਗਿਆ। ਲਾੜੇ ਦਾ ਲਿਬਾਸ ਵੀ ਫੁੱਲਾਂ ਦਾ ਸੀ। ਸੇਜ ਵੀ ਫੁੱਲਾਂ ਦੀ ਬਣਦੀ ਸੀ ਉਹਨੀਂ ਦਿਨੀਂ। ਦੋਵੇਂ ਉਤਾਵਲੇ ਸਨ. ਵਹੁਟੀ ਤੇ ਲਾੜਾ ਰਾਤ ਦੀ ਮਿਲਣੀ ਲਈ।

ਭੈਣਾਂ, ਭਰਜਾਈਆਂ, ਤਾਈਆਂ, ਚਾਚੀਆਂ, ਗੁਆਂਢਣਾਂ, ਵਿਆਹੀਆਂ, ਕੁਆਰੀਆਂ ਸਾਰੀਆਂ ਲੈ ਤੁਰੀਆਂ ਵਹੁਟੀ ਨੂੰ ਸ਼ੇਖ ਦੇ ਮਕਬਰੇ ਵੱਲ। ਐਨੀਆਂ ਸਾਰੀਆਂ ਕੁੜੀਆਂ ਵਿਚ ਇਕੋ ਹੀ ਨੌਂਗਰ ਚੰਦ ਸੀ। ਨੌਬਤਾਂ ਵੱਜ ਰਹੀਆਂ ਸਨ। ਢੋਲ ਢਮੱਕੇ ਸਨ। ਮਰਾਸਣ ਢੋਲਕੀ ਵਜਾਉਂਦੀ ਜਾ ਰਹੀ ਸੀ। ਪੱਬ ਠੁਮਕ-ਠੁਮਕ ਧਰਦੀ ਸ਼ਕੀਨਣ ਢੋਲਕੀ ਦੀ। ਨਿਆਜ਼ ਚੁੱਕੀ ਹੋਈ ਸੀ ਪੀਰ ਦੀ ਇਕ ਮੁਲਾਣੇ ਨੇ। ਵਜ਼ੀਰ ਖ਼ਾਂ ਦੀ ਹਵੇਲੀ ਵਿਚ ਸ਼ਹਿਰ ਦੇ ਪਤਵੰਤੇ ਇਕੱਠੇ ਕਰੀ ਸੁੱਚਾ ਲਾਲ ਪਰ੍ਹਿਆ ਲਾਈ ਬੈਠਾ ਹੋਇਆ ਸੀ। ਕਿਸੇ ਖ਼ਾਸ ਮਸਲੇ ਤੇ ਵਿਚਾਰਾਂ ਹੋ ਰਹੀਆਂ ਸਨ।

ਨਿਆਜ ਚੜ੍ਹਾਈ ਤੇ ਸਲਾਮ ਫੇਰੀ ਕੁੜੀ ਮੁੜੇ। ਮਕਬਰੇ ਵਿਚੋਂ ਝੁਰਮਟ ਨਿਕਲਿਆ ਭਰ ਜੋਬਨ ਤੇ ਆਈਆਂ ਮਸਤ, ਨਸ਼ੀਲੀਆਂ ਅੱਖਾਂ ਵਾਲੀਆਂ ਹਿਰਨੀਆਂ ਦਾ। ਕੱਜਲੇ ਨਾਲ ਗਲੇਫੇ ਨੈਣ। ਦੰਦਾਸੇ ਮਲੇ ਹੋਏ, ਦੌਣੀਆਂ ਤੇ ਸ਼ਿੰਗਾਰ ਪੱਟੀਆਂ ਝਿਲਮਿਲ ਕਰਦੀਆਂ ਪੁਸ਼ਾਕਾਂ ਵਿਚ ਹੁਸਨ ਦਾ ਸੂਰਜ ਲਕੋਇਆਂ ਨਾ ਲੁਕਦਾ। ਹੁਸਨ ਦਾ ਕਾਫ਼ਲਾ ਦਰਵਾਜ਼ਿਉਂ ਬਾਹਰ ਆਇਆ।

ਬਿੱਜ ਪਈ ਜਾਂ ਸ਼ੈਤਾਨ ਦਾ ਝਪਟਾ ਵੱਜਾ। ਮੁੱਛਾਂ ਨੂੰ ਮਰੋੜਾ ਦੇਈ ਨਵਾਬ ਦੇ ਛੋਕਰੇ ਦਾ ਕਾਲਜਾ ਮੱਚ ਉਠਿਆ ਤੇ ਛੜੱਪਾ ਮਾਰ ਕੇ ਲੈ ਗਿਆ। ਮਹਿੰਦੀ ਰੰਗੀ ਕਬੂਤਰੀ। ਕੁੜੀਆਂ ਡੌਰ ਭੌਰੀਆਂ ਹੋ ਗਈਆਂ। ਹੱਕੀਆਂ ਬੱਕੀਆਂ ਹੋਈਆਂ ਕੁਝ ਨਾ ਕਰ ਸਕੀਆਂ। ਲਾੜਾ ਖ਼ਾਲੀ ਹੱਥ ਘਰ ਮੁੜਿਆ। ਸਾਰੀ ਸਰਹੰਦ ਵਿਚ ਚਰਚਾ ਹੋ ਗਈ। ਰੌਲਾ ਪੈ ਗਿਆ। ਲੋਕ ਮੂੰਹ ਜੋੜ ਜੋੜ ਗੱਲਾਂ ਕਰਨ ਲੱਗ ਪਏ। ਕੋਈ ਕੁਝ ਆਖੇ, ਕੋਈ ਕੁਝ, ਜਿੰਨੇ ਮੂੰਹ ਉਨੀਆਂ ਗੱਲਾਂ।

ਮਹਿੰਦੀ ਰੰਗੀ ਕਬੂਤਰੀ ਦੇ ਜਾਂਦਿਆਂ ਈ ਉਨ੍ਹਾਂ ਖੰਭ ਖੋਹ ਸੁੱਟੇ। ਮਹਿੰਦੀ ਰੰਗੀ ਕਬੂਤਰੀ ਰਾਤ ਤੋਂ ਪਹਿਲਾਂ ਹੀ ਸੁਹਾਗਣ ਬਣ ਗਈ। ਬੰਦ ਕਲੀਆਂ ਤੇ ਫੁੱਲ ਏਸੇ ਦੱਬ ਵਿਚ ਮਧੋਲੇ ਗਏ।

ਖ਼ਬਰ ਹੋਈ ਸੁੱਚਾ ਨੰਦ ਦੀ ਕਚਹਿਰੀ ਤੇ ਮੱਛੀ ਵਾਂਗੂੰ ਤੜਫਿਆ। ਦੀਵੇ ਦੀ ਲਾਟ ਵਾਂਗੂੰ ਕੰਬਿਆ, ਵੱਟ ਖਾਧਾ, ਸੱਟ ਖਾਧੀ ਸੱਪਣੀ ਵਾਂਗੂੰ ਅੱਖਾਂ ਨਹਿਰੀਆਂ ਕੀਤੀਆਂ। ਲਾਲ ਸੂਹੀਆਂ ਅੱਖਾਂ ਵਿਚੋਂ ਸ਼ਰਾਰੇ ਨਿਕਲੇ। ਹੁਕਮ ਚਾੜ੍ਹਿਆ ਕਿ ਫੜ ਲਓ ਤੇ ਮੁਸ਼ਕਾਂ ਕੱਸ ਕੇ ਹਾਜ਼ਰ ਕਰੋ ਹਜ਼ੂਰ ਵਿਚ।

ਸੁੱਚਾ ਨੰਦ ਜਦ ਆਪਣੀ ਹਵੇਲੀ ਪੁੱਜਾ ਤੇ ਅੱਖਾਂ ਲਹੂ ਭਰੀਆਂ ਈ ਰਹਿ ਗਈਆਂ। ਅੱਗੇ ਵਜ਼ੀਰ ਖ਼ਾਂ ਦਾ ਮੁੰਡਾ ਸੀ। ਮੁੱਛਾਂ ਦੇ ਵੱਟ ਲਹਿ ਗਏ, ਜੋਸ਼ ਮੱਠਾ ਪੈ ਚੁੱਕਾ ਸੀ। ਪੈਰੀਂ ਡਿੱਗ ਪਿਆ ਤੇ ਆਖਣ ਲੱਗਾ।

"ਚਾਚਾ ਜੀ, ਭੁੱਲ ਹੋ ਗਈ ਏ, ਮੁਆਫ਼ ਕਰ ਦਿਓ। ਮੈਂ ਬੱਚਾ ਹਾਂ ਤੁਹਾਡਾ।" ਬੋਲ ਸਨ

ਆਜਿਜ਼ ਹੋਏ ਵਜ਼ੀਰ ਖ਼ਾਂ ਦੇ ਛੋਕਰੇ ਦੇ। ਮਜਬੂਰੀ ਨੇ ਹੱਥ ਬੰਨ੍ਹ ਦਿੱਤੇ ਤੇ ਗੁੱਸੇ ਵਿਚ ਆਏ ਨੇ ਧੌਲ ਕੱਢ ਮਾਰੀ। ਗੁੱਸਾ ਲੱਥ ਗਿਆ। ਪੈਰਾਂ ਤੇ ਖਲੋਤੇ ਦਾ ਜੋਸ਼ ਮੱਠਾ ਪੈ ਗਿਆ।

"ਮੰਦਾ ਕੀਤਾ ਈ, ਡੈਣ ਵੀ ਵਾਦੀ ਘਰ ਛੱਡ ਦੇਂਦੀ। ਗੁਆਂਢ ਤਾਂ ਵੇਖਿਆ ਹੁੰਦਾ ਪਾਜੀਆ।" ਸੁੱਚਾ ਨੰਦ ਨੂੰ ਝੱਟ ਦੀ ਇਕ ਗੱਲ ਸੁੱਝੀ ਤੇ ਆਖਣ ਲੱਗਾ।

"ਘਰ 'ਚ ਈ ਬਹਾਦਰ ਬਣਿਆ ਫਿਰਦਾ ਏਂ, ਆਨੰਦਪੁਰ ਜਾ ਤੇ ਉਥੇ ਨੀਲੀਆਂ ਹਵੇਲੀਆਂ ਵਾਲੇ ਸਰਦਾਰਾਂ ਦੀ ਧੀ ਏ ਅਨੂਪ ਕੌਰ। ਜਾਹ ਉਹਦੇ ਨਾਲ ਦੀ ਪਦਮਨੀ ਸਾਰੇ ਪੰਜਾਬ ਵਿਚ ਕੋਈ ਨਹੀਓਂ। ਹਰਮ ਸਜਾਉਣਾ ਈ ਤੇ ਹਿੰਮਤ ਮਾਰ। ਰਈਅਤ ਦੀਆਂ ਬਹੂ ਬੇਟੀਆਂ ਆਪਣੀਆਂ ਭੈਣਾਂ ਹੁੰਦੀਆਂ ਨੇ।"

ਕੁੱਲਾ ਝਾੜਿਆ ਤੇ ਗੱਲ ਆਈ ਗਈ ਹੋ ਗਈ। ਐਲੂ ਦੀ ਝੱਗ ਵਾਂਗੂੰ ਬਹਿ ਕੇ ਸੁੱਚਾ ਨੰਦ ਘਰ ਪਰਤ ਆਇਆ। ਨਵਾਬ ਦਾ ਛੋਕਰਾ ਆਪਣੀ ਹਵੇਲੀ 'ਚ ਜਾ ਵੜਿਆ। ਸੁੱਚਾ ਨੰਦ ਦਲੀਲਾਂ 'ਚ ਡੁੱਬਾ ਹੋਇਆ ਸੀ। ਸਾਰਾ ਸਰਹੰਦ ਮੂੰਹ 'ਚ ਉਂਗਲੀਆਂ ਪਾ ਰਿਹਾ ਸੀ।

ਅਨੂਪ ਕੌਰ ਦੇ ਹੁਸਨ ਦੇ ਝਲਕਾਰੇ ਸਾਰੀ ਰਾਤ ਮਾਣਦਾ ਰਿਹਾ ਵਜ਼ੀਰ ਖ਼ਾਂ ਦਾ ਟਿੱਕਾ।

ਸੁੱਚਾ ਨੰਦ ਦੀ ਵਜ਼ੀਰੀ ਦਾ ਮੁੱਲ ਸੀ ਨੂੰਹ ਦੀ ਸ਼ਗਨਾਂ ਵਾਲੀ ਇਕ ਰਾਤ।

★

ਪਾਲਕੀ ੧੬੯੯

ਕਹਿਲੂਰ ਦੇ ਰਾਜੇ ਦਾ ਨਾਂ ਭੀਮ ਚੰਦ ਸੀ। ਗੁਰੂ ਗੋਬਿੰਦ ਸਿੰਘ ਦਾ ਯਾਰ ਵੀ ਸੀ ਤੇ ਈਰਖੀ ਵੀ। ਕੱਲ ਗੁਰੂ ਉਹਦੀ ਰਈਅਤ ਸਨ ਤੇ ਅੱਜ ਸਾਵੇਂ ਸਰਨਾਵੇਂ ਨੇ। ਜੇ ਇੰਨੀ ਗੱਲ ਹੁੰਦੀ ਤੇ ਤਾਂ ਵੀ ਜਰ ਲੈਂਦਾ। ਏਥੇ ਤੇ ਜ਼ਮੀਨ ਅਸਮਾਨ ਦਾ ਫ਼ਰਕ ਸੀ। ਅਜੇ ਨੀਹਾਂ 'ਚੋਂ ਸਿਰ ਕਢਿਆ ਈ ਸੀ ਕੰਧਾਂ ਨੇ, ਉਸਾਰੀਆਂ ਲਗ ਗਈਆਂ, ਹਵੇਲੀਆਂ ਤੇ ਛੱਤਾਂ ਪੈ ਗਈਆਂ। ਚਬੂਤਰੇ ਬਣ ਗਏ। ਮਮਟੀਆਂ ਉਸਾਰੀਆਂ! ਮਕਾਨ ਬਣ ਗਏ, ਬਾਰਾਂਦਰੀਆਂ ਤੇ ਚੂਨੇ ਫਿਰ ਗਏ। ਦੁਰਾਨਾਂ ਦਰ੍ਹ ਗਈਆਂ ਸਰਦਾਰਾਂ ਦੀਆਂ ਮਮਟੀਆਂ ਨੂੰ। ਸਰਦਾਰਾਂ ਦੇ ਦੀਵਾਨ ਖ਼ਾਨਿਆਂ ਵਿਚ ਫ਼ਰਸ਼ ਲੱਗ ਗਏ ਤੇ ਪਰਦੇ ਸਿਰ ਤੋਂ ਦੋ ਦੋ ਹੱਥ ਉੱਚੇ ਹੋ ਗਏ। ਅਜੇ ਕੱਲ ਦੀ ਗੱਲ ਸੀ, ਜੰਗਲ ਸੀ ਤੇ ਅੱਜ ਮੰਗਲ ਬਣ ਗਿਆ। ਘਾਟੀਆਂ ਤਰਾਸ਼ੀਆਂ ਗਈਆਂ ਤੇ ਕਿਲ੍ਹੇ ਬਣ ਗਏ। 'ਆਨੰਦਪੁਰ ਵਾਲਿਆਂ ਨੂੰ ਅਲਾਦੀਨ ਦਾ ਚਰਾਗ਼ ਕਿਥੋਂ ਲੱਭ ਪਿਆ। ਗੱਲ ਸੁਣਦੇ ਹਾਂ, ਬਣੀ ਵੇਖ ਲੈਂਦੇ ਹਾਂ। ਸਾਰਾ ਪੰਜਾਬ ਪੈਦਲ ਈ ਤੁਰਿਆ ਆਉਂਦੈ। ਕਿਹੜੀ ਸੁੰਧ ਦੀ ਗੰਢੀ ਐ ਇਹਨਾਂ ਗੁਰੂਆਂ ਕੋਲ? ਲੋਕ ਬਾਵਰੇ ਹੋਏ ਫਿਰਦੇ ਨੇ। ਗੱਡਿਆਂ ਤੇ ਸੰਗਤਾਂ ਆ ਰਹੀਆਂ ਨੇ, ਗੜਬੈਲਾਂ ਦਾ ਕੋਈ ਅੰਤ ਨਹੀਂ। ਖੱਚਰਾਂ ਤੁਰੀਆਂ ਆਉਂਦੀਆਂ ਨੇ। ਘੋੜਿਆਂ ਵਾਲਿਆਂ ਦੀ ਕੋਈ ਗਿਣਤੀ ਨਹੀਂ। ਕਿਹਦੀ-ਕਿਹਦੀ ਗੱਲ ਕਰੀਏ। ਲੋਕ ਏਦਾਂ ਆਉਂਦੇ ਹਨ ਜਿੱਦਾਂ ਸ਼ਹਿਦ ਵੱਲ ਮੱਖੀਆਂ। ਮਿਕਨਾਤੀਸ ਫ਼ੌਲਾਦ ਨੂੰ ਖਿੱਚੀ ਆਉਂਦੈ। ਹੰਸ ਉਡੇ ਉਨ੍ਹਾਂ ਦੀ ਸਰੋਵਰਾਂ ਵਿਚ ਆ ਕੇ ਬਹਿੰਦੇ ਹਨ। ਮੋਤੀਆਂ ਨਾਲ ਭਰਿਆ ਜਾਪਦੈ ਆਨੰਦਪੁਰ, ਪਹਾੜ ਦੀ ਤਾਂ ਇਨ੍ਹਾਂ ਨੱਕ ਵੱਢ ਦਿੱਤੀ ਏ। ਭਗਤ ਮਾਤਾ ਦੇ ਦਰਸ਼ਨਾਂ ਨੂੰ ਆਉਂਦੇ ਸਨ। ਬੜੀ ਸ਼ਰਧਾ ਨਾਲ ਤੇ ਬੜੀਆਂ ਸੁੱਖਣਾਂ ਨਾਲ। ਏਥੇ ਤਾਂ ਕੋਈ ਨਿੰਦ-ਵਿਚਾਰ ਈ

ਨਹੀਂ। ਜਿਹੜਾ ਆਵੇ ਮੱਥਾ ਟੇਕ ਜਾਵੇ। ਬਰਾਬਰ ਬੈਠ ਜਾਵੇ। ਬਰਾਬਰ ਬੈਠ ਕੇ ਦੀਵਾਨ ਦਾ ਰਸ ਮਾਣ ਲਵੇ। ਨੀਚ ਜਾਤੀ, ਉੱਚੀ ਜਾਤੀਆਂ ਦੇ ਸਿਰ ਵਿਚ ਮੋਰੀਆਂ ਪਾਉਣ ਲੱਗ ਪਈ ਏ। ਧਰਮ ਕਰਮ ਨਸ਼ਟ ਹੋ ਰਿਹਾ ਹੈ। ਕੋਈ ਕੰਮ ਨਹੀਂ ਰਿਹਾ ਕਮੀਨ ਨਹੀਂ ਰਿਹਾ ਸੇਵਾ ਕਰਨ ਵਾਲਾ। ਮੱਤ ਮਾਰੀ ਗਈ ਏ। ਉੱਚੀ ਕੁਲ ਦੇ ਸੋਢੀ ਹੋ ਕੇ ਚਮਿਆਰਾਂ ਨੂੰ ਗਲ ਲਾਈ ਫਿਰਦੇ ਨੇ ਬੁੱਧ ਭ੍ਰਿਸ਼ਟਣ ਤੇ ਆ ਗਈ ਏ ਹੁਮ ਹੁਮਾਉਂਦੇ ਪੰਜਾਬ ਨੂੰ ਕੋਈ ਠੱਲ੍ਹ ਨਹੀਂ ਸਕਦਾ। ਮਾੜੀ ਜਿਹੀ ਪੱਗ ਬੰਨ੍ਹੀ ਤੇ ਆਨੰਦਪੁਰ ਨੂੰ ਤੁਰ ਪਿਆ। ਸਾਡਾ ਜਲਾਲ ਰੌਅਬ ਭੰਗ ਦੇ ਭਾੜੇ ਉੱਡ ਰਿਹਾ ਏ। ਸਾਨੂੰ ਰਾਜਾ ਕਿਸ ਮੰਨਣੈ ? ਸਾਡੀ ਇੱਜ਼ਤ ਕਿਸ ਕਰਨੀ ਐ ? ਸਾਨੂੰ ਸਲਾਮ ਕੌਣ ਕਰੂ। ਅਸੀਂ ਜੱਦੀ-ਪੁਸ਼ਤੀ ਰਾਜੇ ਤੇ ਇਨ੍ਹਾਂ ਨੇ ਨਵਾਂ-ਨਵਾਂ ਰਿਜ਼ਕ ਵੇਖਿਆ।

ਭੁੱਖੇ ਜੱਟ ਕਟੋਰਾ ਲੱਭਾ ਤੇ ਪਾਣੀ ਪੀ ਪੀ ਆਫਰਿਆ ! ਸਾਡੀ ਹੋਂਦ ਖ਼ਤਰੇ ਵਿਚ ਪੈ ਰਹੀ ਏ। ਸਾਡੇ ਤਖ਼ਤ ਡੋਲਣ ਲਗ ਪਏ ਨੇ। ਸਾਡਾ ਜਲਾਲ ਮੱਠਾ ਪੈ ਰਿਹੈ। ਸਾਨੂੰ ਰਲ ਕੇ ਇਨ੍ਹਾਂ ਦੀਆਂ ਨਾਸਾਂ ਬੰਦ ਕਰਨੀਆਂ ਚਾਹੀਦੀਆਂ ਨੇ। ਨਹੀਂ ਤੇ ਆਨੰਦਪੁਰ ਸੋਨੂੰ ਵੀ ਖਾ ਜਾਊ ਤੇ ਸਾਰੇ ਪਹਾੜ ਨੂੰ ਵੀ। ਪੰਜਾਬੀ ਨੂੰ ਬਹਿਣ ਦੀ ਜਗ੍ਹਾ ਦੇ ਦੇਈਏ ਤਾਂ ਸੌਣ ਦੀ ਆਪੇ ਬਣਾ ਲੈਂਦੈ। ਆਸੇ ਪਾਸੇ ਦੀ ਜ਼ਮੀਨ ਤਾਂ ਫਿਰ ਉਹਦੇ ਪਿਓ ਦਾਦੇ ਦੀ ਹੋ ਗਈ ਪਹਾੜੀਓ ਹੋਸ਼ ਕਰੋ। ਕੱਲ ਦਾ ਛੋਕਰਾ ਤੁਹਾਡਾ ਸਭ ਕੁਝ ਲੁੱਟਣ ਦੇ ਮਨਸੂਬੇ ਬੰਨ੍ਹ ਰਿਹੈ। ਪਹਾੜ ਵਿਚ ਕੀ ਏ, ਅਸੀਂ ਪਹਾੜੀਏ ਜਾਣਦੇ ਹਾਂ। ਇਨ੍ਹਾਂ ਮੈਦਾਨਾਂ ਵਿਚੋਂ ਆਏ ਲੋਕਾਂ ਨੂੰ ਕੁਝ ਨਾ ਦੱਸੋ ਪਹਾੜ ਦੇ ਗਰਭ ਭੇਤ।" ਭੀਮ ਚੰਦ ਇਨ੍ਹਾਂ ਸੋਚਾਂ ਵਿਚ ਈ ਡੌਰ ਭੌਰਾ ਹੋ ਗਿਆ। ਉਹਨੂੰ ਕੋਈ ਰਾਹ ਨਹੀਂ ਸੀ ਲੱਭਦਾ ਕਿ ਕੀ ਕਰੇ ? ਟੱਕਰ ਜਾ ਮਾਰੇ ਪਹਾੜ ਨਾਲ ਜਾਂ ਆਨੰਦਪੁਰ ਨਾਲ ਮੱਥਾ ਮਾਰ ਕੇ ਰੰਗ ਲਵੇ। ਪਰ ਕੀ ਲਭੂ ?

ਪਰਮਾਨੰਦ ਵਜ਼ੀਰ ਨੂੰ ਆਨੰਦਪੁਰ ਭੇਜਿਆ ਤੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਏਥੇ ਕਿਹੜੀ ਨਾਂਹ ਸੀ ਸਿਰੋਪਾ ਦੇ ਕੇ ਭੇਜਿਆ ਪਰਮਾਨੰਦ ਨੂੰ। ਬੜਾ ਸਤਿਕਾਰ ਕੀਤਾ ਆਨੰਦਪੁਰ ਵਾਲਿਆਂ। ਪਰਮਾਨੰਦ ਹਸੂੰ-ਹਸੂੰ ਕਰਦਾ, ਟਹਿਕਦਾ ਕਹਿਲੂਰ ਪੁੱਜਾ ਤੇ ਰਾਜੇ ਭੀਮ ਚੰਦ ਨੂੰ ਆਖਣ ਲੱਗਾ, "ਚਲੋ ਸਿੰਘ ਤੁਹਾਡੇ ਸੁਆਗਤ ਨੂੰ ਖੜ੍ਹੇ ਹਨ। ਬੜੇ ਚੰਗੇ ਲੋਕ ਹਨ। ਆਨੰਦ ਆ ਜਾਏਗਾ ਆਨੰਦਪੁਰ ਜਾ ਕੇ ਵੇਖੋ ਤੇ ਸਹੀ ਮਹਾਰਾਜ ! ਉਨ੍ਹਾਂ ਥੋੜ੍ਹਿਆਂ ਦਿਨਾਂ ਵਿਚ ਕੀ ਕੁਝ ਬਣਾ ਦਿੱਤੈ। ਬੜੇ ਉਦਮ ਵਾਲੇ ਲੋਕ ਹਨ। ਸਰਘੀ ਵੇਲੇ ਉਠ ਕੇ ਇਸ਼ਨਾਨ ਕਰਦੇ ਹਨ। ਆਸਾ ਦੀ ਵਾਰ ਸੁਣਦੇ ਹਨ ਨਿੱਠ ਕੇ ਸ਼ਬਦ ਕੀਰਤਨ ਵਿਚ ਮਗਨ ਹੁੰਦੇ ਹਨ ਕਿੰਨੀ ਸੁਹਣੀ ਜ਼ਿੰਦਗੀ ਏ। ਹਜ਼ੂਰ ਜਾ ਕੇ ਵੇਖਣ ਤਾਈਂਏਂ ਪਤਾ ਲੱਗਦਾ ਏ। ਇਹ ਸਭ ਕੁਝ ਦਸਿਆ ਨਹੀਂ ਜਾ ਸਕਦਾ।" ਪਰਮਾ-ਨੰਦ ਨੇ ਤਾਰੀਫ਼ਾਂ ਕਰਕੇ ਪੁੱਲ ਬੰਨ੍ਹ ਦਿੱਤੇ ! ਉਤਸ਼ਾਹ ਵਧ ਗਿਆ ਭੀਮ ਚੰਦ ਰਾਜੇ ਦਾ।

ਜੜਾਊ ਘੋੜਿਆਂ ਤੇ ਕਾਠੀਆਂ ਪਾਈਆਂ ਕਹਿਲੂਰ ਦੇ ਅਹਿਲਕਾਰਾਂ ਅਤੇ ਝਿਲਮਿਲ-ਝਿਲਮਿਲ ਕਰਦੇ ਘੋੜੇ ਤੇ ਭੀਮ ਚੰਦ ਸਵਾਰ ਹੋਇਆ। ਕਿਤੇ ਨਜ਼ਰ ਨਹੀਂ ਸੀ ਟਿਕਦੀ। ਘੋੜੇ ਦੀ ਚੜ੍ਹਤ ਵੇਖ ਕੇ ਅੱਖਾਂ ਚੁੰਧਿਆ ਜਾਂਦੀਆਂ। ਨਰਸਿੰਙੇ ਵਜ ਰਹੇ ਸਨ। ਆਰਤੀਆਂ ਹੋ ਰਹੀਆਂ ਸਨ। ਪੰਡਤ ਨੇ ਮੌਲੀ ਦਾ ਗਾਨਾ ਬੰਨ੍ਹ ਦਿੱਤਾ ਤੇ ਚਲ ਪਿਆ ਭੀਮ ਚੰਦ ਆਨੰਦਪੁਰ ਵੇਖਣ, ਪਰ ਵਿਚੋਂ ਚਿਤ ਕੋਲੇ ਹੋਇਆ ਪਿਆ ਸੀ। ਭੜਥਾ ਹੋਇਆ ਦਿਲ ਲੈ ਕੇ ਚਲਿਆ ਆਨੰਦਪੁਰ, ਪਰ ਬੁਲ੍ਹੀਆਂ ਤੇ ਉਤੋਂ ਉਤੋਂ ਮੋਮੋ ਠਗਣਾ ਹਾਸਾ ਸੀ।

ਸਿੱਖਾਂ ਨੇ ਅੱਖਾਂ ਵਿਛਾ ਦਿੱਤੀਆਂ। ਪੈਰਾਂ ਥੱਲੇ ਹੱਥ ਧਰੇ। ਫੁੱਲਾਂ ਨਾਲ ਭੀਮ ਚੰਦ ਦਾ ਗਲ ਭਰ ਦਿੱਤਾ। ਵਰਖਾ ਕੀਤੀ ਫੁੱਲਾਂ ਦੀ, ਫੁੱਲ ਵਾਂਗੂੰ ਖਿੜ ਗਿਆ ਭੀਮ ਚੰਦ। ਆਦਰ ਕਰਨ ਵਾਲਿਆਂ ਦਾ ਮੋਹਰੀ ਮਾਮਾ ਕਿਰਪਾਲ ਚੰਦ ਸੀ।

ਰਕਾਬ ਫੜ ਕੇ ਘੋੜੇ ਤੋਂ ਉਤਾਰਿਆ ਰਾਜੇ ਨੂੰ। ਸਲਾਮੀ ਦਿੱਤੀ ਪੰਜਾਂ ਤੋਪਾਂ ਦੀ। ਕਪੜਾ ਵਿਛਾਈ ਜਾ ਰਿਹਾ ਸੀ ਆਪਣੇ ਹੱਥੀਂ ਮਾਮਾ ਕਿਰਪਾਲ ਚੰਦ। ਕਿਤੇ ਭੀਮ ਚੰਦ ਦੇ ਪੈਰਾਂ ਨੂੰ ਮਿੱਟੀ ਨਾ ਲੱਗ ਜਾਏ। ਸੰਗਤਾਂ ਦੀਵਾਨ ਤੱਕ ਗਈਆਂ ਲੈਕੇ ਮਹਾਰਾਜ ਨੂੰ। ਉਸੇ ਜਲਾਲ ਵਿਚ ਖੁਸ਼ੀ ਵਿਚ ਆਇਆ ਭੀਮ ਚੰਦ ਵਾਹ-ਵਾਹ ਕਰ ਉਠਿਆ । ਦੀਵਾਨ 'ਚ ਸਤਿਗੁਰਾਂ ਦੇ ਦਰਸ਼ਨ ਕੀਤੇ ਤੇ ਬਾਣੀ ਸੁਣੀ। ਲੰਗਰ ਵਿਚ ਪ੍ਰਸ਼ਾਦ ਛਕਿਆ। ਗੁਰੂ ਤੇ ਰਾਜੇ ਨੇ ਇਕ ਪੰਗਤ ਵਿਚ ਬੈਠ ਕੇ ਤੇ ਫਿਰ ਆਰਾਮ ਕਰਨ ਲਈ ਦੀਵਾਨ ਖ਼ਾਨੇ ਵਿਚ ਚਲੇ ਗਏ ਰਾਜਾ ਤੇ ਉਹਦੇ ਸਾਥੀ।

ਦੂਜੇ ਦਿਨ ਮਾਮਾ ਕਿਰਪਾਲ ਚੰਦ ਲੌਅ ਲਗਣ ਤੋਂ ਪਹਿਲੇ ਹੀ ਅਰਦਲ ਵਿਚ ਜਾ ਹਾਜ਼ਰ ਹੋਇਆ। ਘੁਰਾੜੇ ਤੇ ਘੁਰਾੜਾ ਮਾਰ ਰਿਹਾ ਸੀ ਭੀਮ ਚੰਦ। ਸਾਰਾ ਅਨੰਦਪੁਰ ਸੁਚੇਤ ਹੋਇਆ ਬੈਠਾ ਸੀ ਤੇ ਭੀਮ ਚੰਦ ਹੁਰੀਂ ਆਪਣੀ ਲੰਕਾ ਵਿਚ ਬੁੱਲੇ ਲੁੱਟ ਰਹੇ ਸਨ। ਦੀਵਾਨ ਵਿਚ ਅਰਦਾਸਾ ਹੋ ਰਿਹਾ ਸੀ ਜਦ ਭੀਮ ਚੰਦ ਸੌਂਮਨ ਹੋਇਆ। ਤਦ ਲੋਕ ਪਿੰਡ-ਪੁੰਡ ਚੁੱਕੇ ਸਨ ਜਦ ਰਾਜੇ ਨੇ ਪੈਰ ਕੱਢੇ ਦੀਵਾਨ ਖ਼ਾਨੇ ਵਿਚੋਂ । ਆਪਣੀ ਕਾਰੇ ਜੁੱਟ ਗਿਆ ਸੀ ਖ਼ਾਲਸਾ। ਜਦ ਭੀਮ ਚੰਦ ਦੀਵਾਨ ਖ਼ਾਨੇ ਵਿਚ ਪੁੱਜਾ ਤਦ ਕਵੀ ਕਵਿਤਾ ਉਚਾਰ ਰਹੇ ਸਨ।

"ਇਹ ਕੌਣ ਹਨ। ਭੱਟਾਂ ਦਾ ਡੇਰਾ ਤਾਂ ਨਹੀਂ ਉਤਰਿਆ ?" ਬੋਲਿਆ ਭੀਮ ਚੰਦ ਰਾਜਾ। ਨਹੀਂ ਮਹਾਰਾਜ ਇਹ ਸਤਿਗੁਰਾਂ ਨੇ ਬਵੰਜਾ ਕਵੀ ਇਕੱਠੇ ਕੀਤੇ ਹਨ ਤੇ ਕਵਿਤਾ ਦੀ ਰਚਨਾ ਹੋ ਰਹੀ ਏ।" ਬੋਲ ਸਨ ਕ੍ਰਿਪਾਲ ਚੰਦ ਮਾਮੇ ਦੇ।

ਸੂਰਜ ਦੀਆਂ ਸੁਨਹਿਰੀ ਕਿਰਨਾਂ ਭੀਮ ਚੰਦ ਤੇ ਕ੍ਰਿਪਾਲ ਚੰਦ ਦੇ ਪੈਰਾਂ ਦੀਆਂ ਮੁੱਠੀਆਂ ਭਰਨ ਲੱਗ ਪਈਆਂ।

' ਦੀਵਾਨ ਸਜਣ ਦਾ ਵੇਲਾ ਅਜੇ ਕਿੰਨੇ ਕੁ ਚਿਰ ਨੂੰ ਹੋਵੇਗਾ।" ਬੋਲ ਉਭਰੇ ਰਾਜਾ ਭੀਮ ਚੰਦ ਦੇ।

"ਉਹ ਰਾਤ ਦੇ ਤੀਜੇ ਪਹਿਰ ਖ਼ਤਮ ਹੋਣ ਤੇ ਸ਼ੁਰੂ ਹੋ ਜਾਂਦਾ ਹੈ ਤੇ ਦਿਨ ਦੀ ਚੜ੍ਹਤ ਤੋਂ ਪਹਿਲਾਂ ਹੀ ਭੋਗ ਪੈ ਜਾਂਦਾ ਹੈ। ਇਹ ਸਭਾ ਸਿਰਫ਼ ਕਵੀ ਮੁਸ਼ਾਇਰੀ ਏ। ਕਵੀ ਸੱਜਣ ਏਸ ਸਭਾ ਵਿਚ ਬੈਠ ਕੇ ਆਪਣੀ ਆਪਣੀ ਕਵਿਤਾ ਦਾ ਆਨੰਦ ਮਾਣਦੇ ਹਨ।" ਮਾਮਾ ਕਿਰਪਾਲ ਚੰਦ ਦਾ ਬਿਆਨ ਜਾਰੀ ਰਿਹਾ।

' ਲਓ, ਔਹ ਵੇਖੋ ਅਨੰਦ ਗੜ੍ਹ। ਪਹਿਲਾਂ ਅਨੰਦ ਗੜ੍ਹ ਤੇ ਚਲਿਆ ਜਾਵੇ। ਉਥੋਂ ਤੁਸੀਂ ਸਾਰੇ ਅਨੰਦਪੁਰ ਨੂੰ ਵੇਖ ਲਉਗੇ। ਅਨੰਦਪੁਰ ਦੇ ਚਾਨਣ ਮੁਨਾਰੇ ਸੂਰਜ ਦੀ ਟਿੱਕੀ ਪੁੰਗਰਦਿਆਂ ਹੀ ਝਲਕਾਂ ਮਾਰਨ ਲੱਗ ਪੈਂਦੇ ਹਨ। ਚਲੋ ਦਰਸ਼ਨ ਕਰੀਏ।" ਮਾਮੇ ਕਿਰਪਾਲ ਚੰਦ ਨੇ ਰਾਜੇ ਪਰਮਾ ਨੰਦ ਨੂੰ ਨਾਲ ਲੈ ਕੇ ਚਲਦਿਆਂ ਆਖਿਆ।

ਅਨੰਦਗੜ੍ਹ ਪੁੱਜੇ ਸਾਰੇ ਜਾਣੇ।

'ਅਹੁ ਵੇਖੋ ਚਰਨ ਗੰਗਾ। ਕਿੰਨਾ ਨਿਰਮਲ ਤੇ ਪਵਿੱਤਰ ਪਾਣੀ ਏ। ਸ਼ੀਸ਼ੇ ਨੂੰ ਸ਼ਰਮ ਆ ਜਾਏ ਜਲ ਵੇਖ ਕੇ। ਸੂਈ ਸੁੱਟ ਕੇ ਚੁਕ ਲਓ। ਪੱਛਮ ਵੱਲ ਉਸਰ ਰਿਹਾਂ ਕਿਲ੍ਹਾ ਜਿਦ੍ਹੀਆਂ ਬੁਰਜੀਆਂ ਦੁੱਧ ਧੋਤੀਆਂ ਬਗਲਿਆਂ ਵਰਗੀਆਂ ਹਨ। ਉਹਨੂੰ ਲੋਹ ਗੜ੍ਹ ਆਖਦੇ ਹਨ। ਅਸੀਂ ਇਹਨੂੰ ਢਾਲ ਸਮਝਦੇ ਹਾਂ ਅਨੰਦਪੁਰ ਦੀ।" ਮਾਮਾ ਕਿਰਪਾਲ ਚੰਦ ਜ਼ਰਾ ਕੁ ਰੁਕਿਆ ਤੇ ਫਿਰ ਬੋਲਿਆ।

"ਜ਼ਰਾ ਲੋਹ ਗੜ੍ਹ ਦੇ ਦੱਖਣ ਵੱਲ ਵੇਖੋ, ਜਿਹਦੇ ਗੁੰਬਦਾਂ ਤੇ ਚੂਨੇ ਦਾ ਪੋਚਾ ਫਿਰਿਆ ਹੈ।

ਉਹਨੂੰ ਸੰਗਤਾਂ "ਨਿਰਮੋਹ ਗੜ੍ਹ" ਆਖਦੀਆਂ ਹਨ। ਆਉਂਦੇ ਜਰਵਾਣੇ ਨੂੰ ਪਹਿਲੋਂ ਇਹੋ ਈ ਸ਼ਗਨ ਪਾਉਂਦੇ। ਜੇ ਲੋਥਾਂ ਨੂੰ ਟਿਕਾਣੇ ਲਾਉਣ ਦੀ ਸੇਵਾ ਕਰਨੀ ਹੋਵੇ ਤਾਂ ਇਸੇ ਕਿਲ੍ਹੇ ਦੇ ਰਾਖੇ ਟਿਕਾਣੇ ਲਾਉਂਦੇ ਹਨ।"

ਮਾਮਾ ਕਿਰਪਾਲ ਚੰਦ ਨੇ ਆਪਣਾ ਰੁਖ ਬਦਲਿਆ, ' ਔਹ ਜਾਂਦੀ ਏ ਨਾ ਸੜਕ ਗੜ੍ਹਸ਼ੰਕਰ ਨੂੰ। ਔਹ ਵੇਖਿਆ ਨਾ ਕਿਲ੍ਹਾ। ਨਿੱਕੀਆਂ-ਨਿੱਕੀਆਂ ਬੁਰਜੀਆਂ ਵਾਲਾ। ਉਹਨੂੰ ਹੋਲ ਗੜ੍ਹ ਆਖਦੇ ਹਨ। ਸਿੱਧਿਆਂ ਸ਼ਬਦਾਂ ਵਿਚ ਹੱਲਾ ਤੇ ਹੱਲੇ ਦੀ ਥਾਂ ਤੁਸੀਂ ਇਹਨੂੰ ਟਰੇਨਿੰਗ ਸੈਂਟਰ ਆਖ ਲਵੋ।"

"ਔਹ ਵੇਖਿਐ ਜੇ ਨਾ ਸਾਹਮਣੇ ਉੱਚੀ ਜਿਹੀ ਬੁਰਜੀ ਵਾਲਾ ਕਿਲ੍ਹਾ। ਉਹਨੂੰ ਕੇਸ ਗੜ੍ਹ ਆਖਦੇ ਹਨ। ਇਹ ਉਹ ਕਿਲ੍ਹਾ ਏ ਜਿੱਥੇ ਖ਼ਾਲਸੇ ਦੀ ਸਾਜਣਾ ਕੀਤੀ ਗਈ ਏ। ਸਾਰੇ ਅਨੰਦਪੁਰ ਦੀ ਨਾਭੀ ਜੇ ਕੋਈ ਹੈ ਉਹ ਏ ਕੇਸ ਗੜ੍ਹ।"

ਭੀਮ ਚੰਦ ਹੱਕਾ ਬੱਕਾ ਰਹਿ ਗਿਆ ਮਾਮੇ ਕਿਰਪਾਲ ਚੰਦ ਦੀਆਂ ਗੱਲਾਂ ਸੁਣ ਕੇ।

ਕਿਰਪਾਲ ਚੰਦ ਅਜੇ ਵੀ ਆਖ ਰਿਹਾ ਸੀ, "ਅਗੇ ਤੁਸਾਂ ਪੱਛਮ ਵੱਲ ਵੇਖਿਆ ਸੀ ਨਾ, ਹੁਣ ਦੱਖਣ ਵੱਲ ਵੇਖੋ। ਥਹਨ ਗੰਗਾ ਦਾ ਜਿਧਰੋਂ ਜਲ ਆਉਂਦਾ ਏ। ਇਹ ਪਹਾੜਾਂ ਦਾ ਪਹਿਰੇਦਾਰ। ਇਹਦਾ ਕੰਮ ਏ ਆਏ ਗਏ ਮੁਸਾਫ਼ਰ ਦੀ ਸੇਵਾ ਕਰਨੀ। ਪਹਾੜ ਵਲੋਂ ਕਿਸੇ ਭੈੜੀ ਅੱਖ ਕਰਨ ਵਾਲੇ ਨੂੰ ਇਹ ਬਖਸ਼ਣ ਨਹੀਂ ਲੱਗਾ। ਇਹ ਕਿਲ੍ਹਾ ਸਮਝ ਲਵੋ ਪਹਾੜ ਦਾ ਰਾਖਾ ਏ। ਇਹਨੂੰ ਅਸੀਂ ਫ਼ਤਿਹਗੜ੍ਹ ਆਖਦੇ ਹਾਂ।"

"ਰਾਜਾ ਜੀ, ਜਿਥੇ ਅਸੀਂ ਖੜੇ ਹੋਏ ਹਾਂ ਇਹਨੂੰ ਅਨੰਦਗੜ੍ਹ ਸੱਦਿਆ ਜਾਂਦਾ ਏ। ਜੇ ਖ਼ਾਲਸਾ ਪੰਜਾਂ ਕਿਲ੍ਹਿਆਂ ਦੀ ਰਾਖੀ ਕਰ ਲਵੇ ਤਾਂ ਆਹ ਜਨਮ ਤੇ ਕੀ ਅਗਲੇ ਜਨਮ ਲਈ ਆਪਣੇ ਪੈਰ ਪੱਕੇ ਕਰ ਲੈਂਦਾ ਹੈ। ਇਰਾਦੇ ਦੇ ਪੱਕੇ ਰਖਵਾਲੇ ਕਿਸੇ ਇਕ ਆਦਮੀ ਨੂੰ ਇਕ ਉਂਗਲ ਅੱਗੇ ਨਹੀਂ ਆਉਣ ਦਿੰਦੇ ਤੇ ਫਿਰ ਕਿਸੇ ਨੇ ਅਨੰਦਗੜ੍ਹ ਕੀ ਜਿੱਤਣਾ ਹੋਇਆ? ਅਨੰਦਪੁਰ ਦੀ ਸਭ ਤੋਂ ਉੱਚੀ ਥਾਂ ਏ। ਇਹੋ ਜੀਵਨ ਦਾ ਸੁੱਖ ਏ, ਇਸ ਨੂੰ ਪ੍ਰਾਪਤ ਕਰਨ ਵਾਸਤੇ ਕਈ ਰਿਸ਼ੀਆਂ ਨੂੰ ਤੱਪ ਕਰਨਾ ਪਿਆ ਸੀ।

ਲਓ ਫਿਰ ਚਲੀਏ ਤੋਸ਼ੇਖ਼ਾਨੇ ਵਿਚ ਤੁਹਾਨੂੰ ਕੁਝ ਬਾਹਰੋਂ ਆਏ ਤੋਹਫ਼ੇ ਵਿਖਾਏ ਜਾਣਗੇ। ਝੱਟ ਈ ਪੁੱਜ ਗਏ ਤੋਸ਼ੇਖ਼ਾਨੇ ਵਿਚ ਲਾਲਚੀ ਦਿਲ ਏ।

' ਇਹ ਜੋ ਚਾਨਣੀ ਤੇ ਆਹ ਤੰਬੂ ਕਾਬਲ ਦੇ ਇਕ ਸਿੱਖ ਨੇ ਅਰਦਾਸ ਕਰਵਾਈ ਏ। ਇਸ ਦੀ ਕੀਮਤ ਜੌਹਰੀ ਢਾਈ ਲੱਖ ਦਸਦੇ ਹਨ। ਆਹ ਜੇ ਉਹ ਪੰਜ ਘੋੜੇ, ਜੜਾਊ ਸਮਾਨ ਨਾਲ ਸਜੇ ਹੋਏ, ਰਤਨ ਚੰਦ ਬੰਗਾਲ ਦੇ ਰਾਜੇ ਨੇ ਭੇਟਾ ਕੀਤੀ ਏ ਸਤਿਗੁਰ ਨੂੰ। ਆਹ ਇਕ ਗੁਪਤੀ ਏ ਜਿਹਦੇ ਵਿਚੋਂ ਪੰਜ ਹਥਿਆਰ ਨਿਕਲਦੇ ਹਨ। ਪਸਤੌਲ, ਤਲਵਾਰ, ਨੇਜ਼ਾ ਤੇ ਖ਼ੰਜਰ।" ਮਾਮੇ ਕਿਰਪਾਲ ਨੇ ਬਟਨ ਦਬਾ ਕੇ ਫਿਰ ਆਖਿਆ ' ਲਓ ਰਾਜਾ ਜੀ ਫਿਰ ਸੋਟੇ ਦਾ ਸੋਟਾ।"

ਭੀਮ ਚੰਦ ਦੇ ਹੱਥਾਂ ਦੇ ਤੋਤੇ ਉਡ ਗਏ।

' ਔਹ ਵੇਖਿਆ ਜੇ ਹਾਥੀ ਆ ਰਿਹੈ। ਮਸਤ, ਝੂਮਦਾ ਚਿੱਟਾ ਦੁੱਧ ਅਜੇ ਗੁਰਾਂ ਦੀ ਬਾਰਾਂਦਰੀ ਵਿਚੋਂ ਨਿਕਲਿਆ ਈ ਏ। ਹਾਥੀ ਲਾਗੇ ਆਇਆ ਤੇ ਆਉਂਦਿਆਂ ਸੁੰਡ ਚੁੱਕੀ ਤੇ ਮੱਥਾ ਟੇਕਿਆ। ਪਹਿਲਾਂ ਗੁਰੂ ਨੂੰ ਤੇ ਫੇਰ ਵਾਰੀ ਆਈ ਰਾਜੇ ਦੀ। ਪ੍ਰਕਰਮਾ ਕੀਤੀਆਂ ਤੇ ਫਿਰ ਸੁੰਡ ਨਾਲ ਜੋੜ ਸਾਫ਼ ਕੀਤੇ। ਗੁਰੂ ਸਾਹਿਬ ਨੇ ਚਿੱਲਾ ਚੜ੍ਹਾਇਆ ਤੇ ਪੰਜ ਸੱਤ ਤੀਰ ਛੱਡ ਦਿੱਤੇ, ਹਾਥੀ ਨੇ ਮੂੰਹ

ਫੇਰਿਆ ਤੇ ਨੱਸ ਉਠਿਆ ਸੱਤੇ ਦੇ ਸੱਤੇ ਤੀਰ ਮੂੰਹ ਵਿਚ ਫੜ ਕੇ ਲੈ ਆਇਆ ਤੇ ਲਿਆ ਕੇ ਹਾਜ਼ਰ ਕੀਤੇ ਤੇ ਫਿਰ ਗੰਗਾ ਸਾਗਰ ਚੁੱਕਿਆ, ਚਰਨ ਧੁਆਏ, ਚੌਂਕੀ ਤੇ ਬੈਠੇ ਗੁਰੂ ਤੇ ਰਾਜਾ ਭੀਮ ਚੰਦ ਦੇ, ਮੁੱਠੀ ਚਾਪੀ ਕਰਨ ਲੱਗ ਪਿਆ। ਧਤੂਰੇ ਦੇ ਫੁੱਲ ਵਰਗਾ ਹਾਥੀ ਤੇ ਫਿਰ ਮਸਤੀ ਵਿਚ ਆਇਆ ਚੌਰ ਚੁੱਕੀ ਚੌਰ ਕਰ ਰਿਹਾ ਸੀ ਤੇ ਮਗਨ ਸੀ ਆਪਣੀ ਮਸਤੀ ਵਿਚ।

"ਪਸੰਦ ਆਇਆ ਹਾਥੀ ? ਅਨੰਦਪੁਰ ਬਾਰੇ ਕੀ ਖ਼ਿਆਲ ਹੈ ਰਾਜਾ ਜੀ", ਸਾਹਿਬ ਬੋਲੇ।

"ਅਨੰਦ ਆ ਗਿਐ ਅਨੰਦਪੁਰ ਵੇਖ ਕੇ। ਹਾਥੀ ਦਾ ਤਾਂ ਜਵਾਬ ਈ ਕੋਈ ਨਹੀਂ। ਸਾਰੇ ਹਿੰਦੁਸਤਾਨ ਵਿਚ ਇਹਦੇ ਨਾਲ ਦਾ ਦੂਜਾ ਹਾਥੀ ਜੋੜ ਨਹੀਂ।" ਭੀਮ ਚੰਦ ਆਖਣ ਲੱਗਾ।

"ਅਸੀਂ ਹੁਣ ਆਗਿਆ ਚਾਹੁੰਦੇ ਹਾਂ।" ਪਰਮਾਨੰਦ ਨੇ ਅਰਜ਼ ਕੀਤੀ।

"ਸਾਡੀ ਤੇ ਇੱਛਾ ਸੀ ਕਿ ਤੁਸੀਂ ਕੁਝ ਦਿਨ ਹੋਰ ਅਨੰਦਪੁਰ ਰਹਿੰਦੇ ਤੇ ਆਪਣੀ ਰਾਇ ਦਿੰਦੇ ਤਾਂ ਜੁ ਅਸੀਂ ਅਨੰਦਪੁਰ ਨੂੰ ਹੋਰ ਖ਼ੂਬਸੂਰਤ ਬਣਾ ਸਕਦੇ। ਜ਼ਾਲਮ ਹਕੂਮਤ ਨਾਲ ਇਸੇ ਅਨੰਦਪੁਰ ਨੇ ਟੱਕਰ ਲੈਣੀ ਏ।" ਸਾਹਿਬ ਆਖਣ ਲੱਗੇ।

"ਤੁਸੀਂ ਜਾਣੀ ਜਾਣ ਹੋ, ਤੁਹਾਡੇ ਸਾਹਮਣੇ ਮੇਰੇ ਵਿਚਾਰ ਦਾ ਕੀ ਮੁੱਲ ? ਅਸੀਂ ਬਾਈਧਾਰਾਂ ਦੇ ਰਾਜੇ ਲੱਕੜੀਆਂ ਚੁਣ ਕੇ ਗੁਜ਼ਾਰਾ ਕਰਨ ਵਾਲੇ। ਤੁਸਾਂ ਮੁਗ਼ਲ ਹਕੂਮਤ ਦੀਆਂ ਨਗਰੀਆਂ ਵੇਖੀਆਂ ਹੋਈਆਂ ਨੇ। ਤੁਸੀਂ ਚੰਗਾ ਜਾਣਦੇ ਓ। ਅਸੀਂ ਤੇ ਖੂਹ ਦੇ ਡੱਡੂ ਹਾਂ। ਬਾਹਰ ਅੰਦਰ ਨਿਕਲ ਕੇ ਨਹੀਂ ਵੇਖਿਆ। ਅਸੀਂ ਕੀ ਜਾਣੀਏ।" ਭੀਮ ਚੰਦ ਦਾ ਮਨ ਅੰਦਰੋਂ ਮੈਲਾ ਸੀ।

ਸਿਰਵਾਰਨਾਂ ਕੀਤਾ ਗੁਰੂ ਦੇ ਸਿੰਘਾਂ ਤੇ ਸਤਗੁਰਾਂ ਭੀਮ ਚੰਦ ਨੂੰ ਸਿਰੋਪਾ ਦਿੱਤਾ ਤੇ ਮੁੜ ਕੇ ਵੀ ਆਉਣ ਲਈ ਅਰਜ਼ ਕੀਤੀ। ਘੋੜਿਆਂ ਤੇ ਚੜ੍ਹ ਪਏ ਸੂਰਮੇ। ਰਣਜੀਤ ਨਗਾਰਾ ਖੜਕਿਆ ਤੇ ਫ਼ੌਜਾਂ ਚੇਤੰਨ ਹੋ ਗਈਆਂ। ਅਨੰਦਪੁਰ ਦੀ ਅਜੇ ਪਹਿਲੀ ਗਲੀ ਮੁੜਿਆ ਸੀ ਭੀਮ ਚੰਦ ਤੇ ਸਾਹਮਣੇ ਨੀਲੀਆਂ ਹਵੇਲੀਆਂ ਮੱਥੇ ਲੱਗੀਆਂ। ਭੀਮ ਚੰਦ ਦੀ ਨਜ਼ਰ ਉਠੀ ਤੇ ਸਾਹਮਣੇ ਕੋਠੇ ਤੇ ਅਨੂਪ ਕੌਰ ਵਾਲ ਸੁਕਾ ਰਹੀ ਸੀ। ਭੀਮ ਚੰਦ ਦਾ ਦਿਲ ਮਚਲ ਗਿਆ। ਫੁੱਲਾਂ ਦੀ ਵਰਖਾ ਹੁੰਦੀ ਵਿਚੋਂ ਹੀ ਭੀਮ ਚੰਦ ਟੀਰੀ ਅੱਖ ਨਾਲ ਅਨੂਪ ਕੌਰ ਨੂੰ ਵੇਖ ਲੈਂਦਾ। ਅਨੰਦਪੁਰ ਤੋਂ ਵਿਦਾ ਹੋ ਗਏ, ਭੀਮ ਚੰਦ ਤੇ ਉਹਦੇ ਹਾਣੀ। ਨਗਾਰਾ ਉਦੋਂ ਤਕ ਵੱਜਦਾ ਰਿਹਾ ਜਦੋਂ ਤਕ ਰਾਜੇ ਨੇ ਜੂਹਾਂ ਪਾਰ ਨਾ ਕਰ ਲਈਆਂ।

ਮਸਾਂ ਇਕ ਮਹੀਨਾ ਹੀ ਗੁਜ਼ਰਿਆ ਸੀ ਕਿ ਪਰਮਾਨੰਦ ਫਿਰ ਇਕ ਦਿਨ ਅਨੰਦਪੁਰ ਆ ਗੱਜਿਆ।

ਸਿੰਘਾਂ ਪੁਛਿਆ, "ਹੁਕਮ ਸਰਕਾਰ।"

ਪਰਮਾਨੰਦ ਬੋਲਿਆ, "ਭਾਜੀ ਲੈ ਕੇ ਆਇਆ ਹਾਂ। ਮਹਾਰਾਜ ਦੇ ਪੁੱਤਰ ਅਜਮੇਰ ਚੰਦ ਦਾ ਵਿਆਹ ਹੈ। ਸੱਦ ਭੇਜਿਆ ਏ ਮਹਾਰਾਜ ਨੇ ਸਤਿਗੁਰਾਂ ਨੂੰ।"

"ਅਰਜ਼ ਕਰ ਦੇਂਦੇ ਹਾਂ।"

ਅਰਜ਼ ਗੁਜ਼ਾਰੀ ਤੇ ਭਾਗ ਲੈਣ ਦਾ ਹੁਕਮ ਹੋਇਆ ਕਿ 'ਹੋਰ ਕੁਝ ਵੀ ਨਾਲ ਲਿਆਇਆ ਹੈਂ ਪਰਮਾਨੰਦ ?"

"ਹਾਂ ਸਰਕਾਰ ਇਕ ਪਾਲਕੀ ਏ। ਨੀਲੀਆਂ ਹਵੇਲੀਆਂ ਵਾਲਿਆਂ ਦੇ ਬੂਹੇ ਅੱਗੇ ਲਿਆ ਕੇ ਰੱਖ ਦਿੱਤੀ ਏ ਪਰਮਾਨੰਦ ਨੇ।" ਗੁਰ ਸਿੰਘ ਨੇ ਅਰਜ਼ ਕੀਤੀ।

''ਹੋਰ ਵੀ ਕੁਝ ਆਖਿਐ।''

'ਹਾਂ ਮਹਾਰਾਜ।''

'ਹਾਥੀ ਮੰਗ ਭੇਜਿਆ ਏ ਤੰਬੂ ਤੇ ਕਨਾਤ ਦੇ ਨਾਲ ਪੰਜ ਘੋੜੇ।'' ਪਰਮਾਨੰਦ ਦਾ ਕਥਨ ਏ ਕਿ ਪੁੱਤ ਦਾ ਵਿਆਹ ਏ ਕੁੜਮਾਂ ਦੇ ਘਰ ਇੱਜ਼ਤ ਬਨਾਉਣ ਨੂੰ ਨਾਯਾਬ ਚੀਜ਼ਾਂ ਲੈ ਕੇ ਜਾਇਆ ਜਾਏ। ਇਹਦੇ ਵਿਚ ਮੇਰੀ ਇੱਜ਼ਤ ਬਣੇਗੀ ਤੇ ਤੁਹਾਡੀ ਇੱਜ਼ਤ ਨੂੰ ਵੀ ਚਾਰ ਚੰਨ ਲਗਣਗੇ। ਅਜਮੇਰ ਚੰਦ ਤੁਹਾਡਾ ਵੀ ਤੇ ਬਾਲੜਾ ਏ। ਪੁੱਤ ਦੇ ਵਿਆਹ ਵਿਚ ਪਿਉ ਨੂੰ ਅੱਡੀਆਂ ਤੀਕ ਜ਼ੋਰ ਲਾਉਣਾ ਚਾਹੀਦਾ ਏ। ਕੁੜਮ ਵੀ ਖੁਸ਼ ਤੇ ਆਪਣੀ ਵੀ ਵਾਹ ਵਾਹ। ਇਹ ਤੇ ਘਰ ਦੀ ਗੱਲ ਏ। ਇਸ ਲਈ ਮੰਗ ਪਾਈ ਏ। ਇੱਜ਼ਤ ਰਹਿ ਜਾਏਗੀ। ਕੁੜਮਾਂ ਦੇ ਘਰ।'' ਗੁਰ ਸਿੱਖ ਜ਼ਰਾ ਕੁ ਚੁੱਪ ਹੋਇਆ।

'ਤੇ ਪਾਲਕੀ ਉਥੇ ਕਿਉਂ ਖੜੀ ਕਰ ਦਿੱਤੀ ਏ ?'' ਮਹਾਰਾਜ ਬੋਲੇ।

'ਪਰਮਾਨੰਦ ਨੇ ਫ਼ੁਰਮਾਇਆ ਏ ਕਿ ਰਾਜਾ ਜੀ ਚਾਹੁੰਦੇ ਨੇ ਕਿ ਅਨੂਪ ਕੌਰ ਵਰਗੀ ਨੂੰਹ ਮੈਨੂੰ ਦੀਵਾ ਲੈ ਕੇ ਢੂੰਡਿਆਂ ਵੀ ਨਹੀਂ ਮਿਲ ਸਕਦੀ। ਮੈਂ ਪਾਲਕੀ ਇਸ ਲਈ ਭੇਜੀ ਹੈ ਕਿ ਮੈਂ ਅਨੂਪ ਕੌਰ ਨੂੰ ਆਪਣੀ ਨੂੰਹ ਬਣਾਵਾਂਗਾ। ਇਸ ਤਰ੍ਹਾਂ ਕਰਨ ਨਾਲ ਸਾਡੀ ਮਿੱਤਰਤਾ ਨੂੰ ਇਕ ਹੋਰ ਨਵੀਂ ਗੰਢ ਆ ਜਾਵੇਗੀ। ਰਿਸ਼ਤਾ ਹੋਰ ਪੱਕਾ ਹੋ ਜਾਵੇਗਾ। ਪਾਲਕੀ ਦੇ ਭਾਰ ਜਿੰਨੇ ਸੋਨੇ ਨਾਲ ਲੱਦ ਦੇਵਾਂਗਾ ਅਨੂਪ ਕੌਰ ਨੂੰ। ਜੇ ਸਿਆਣੀ ਹੋਵੀ ਤਾਂ ਪਟਰਾਣੀ ਵੀ ਬਣ ਸਕਦੀ ਏ। ਇਨ੍ਹਾਂ ਦੋਹਾਂ ਵਿਆਹਾਂ ਦਾ ਜਸ਼ਨ ਇਕੱਠਾ ਈ ਹੋਵੇਗਾ ਕਹਿਲੂਰ ਵਿਚ।'' ਅਰਜ਼ ਕੀਤੀ ਪਰਮਾਨੰਦ ਦੀ ਗੁਰਮੁੱਖ ਨੇ।

''ਪਾਲਕੀ ਖ਼ਾਲੀ ਨਾ ਜਾਏ। ਖ਼ਾਲੀ ਜਾਣ ਵਿਚ ਅਨੰਦਪੁਰ ਦੀ ਹੱਤਕ ਏ। ਸਤਿਕਾਰ ਨਾਲ ਵਿਦਾ ਕੀਤੀ ਜਾਏ ਪਾਲਕੀ, ਪਾਲਕੀ ਤੇ ਸਾਰਿਆਂ ਦੀਆਂ ਨਜ਼ਰਾਂ ਹਨ। ਕੋਈ ਗੁਸਤਾਖ਼ੀ ਨਾ ਹੋਵੇ। ਪਾਲਕੀ ਨੂੰ ਕਲੀਰਿਆਂ ਨਾਲ ਸਜਾ ਦਿਓ। ਪਾਲਕੀ ਤੇ ਫੁਲਕਾਰੀ ਪਾ ਕੇ ਮਹਿੰਦੀ ਰੰਗੇ ਹੱਥ ਲਵਾ ਦਿਓ। ਸਹੁਰੇ ਜਾ ਰਹੀ ਏ ਮੁਟਿਆਰ ਤੇ ਬਾਕੀ ਚੀਜ਼ਾਂ ਅਸੀਂ ਲਿਖ ਕੇ ਦਿੰਦੇ ਹਾਂ।'' ਫ਼ੁਰਮਾਉਣ ਲੱਗੇ ਗੁਰੂ ਗੋਬਿੰਦ ਸਿੰਘ ਜੀ।

''ਸਤਿ ਬਚਨ।''

''ਇਹ ਸਭ ਚੀਜ਼ਾਂ ਸੰਗਤ ਦੀਆਂ ਹਨ। ਸ਼ਰਧਾਵਾਨ ਇਕ ਰਾਜਾ ਏ ਤੇ ਨਾਲ ਬੇਨਤੀ ਵੀ ਕੀਤੀ ਏ ਸੰਗਤਾਂ ਔਗੇ ਕਿ ਇਹ ਸਭ ਕੁਝ ਇਕ ਸਾਲ ਤੱਕ ਬਾਹਰ ਨਾ ਜਾਵੇਗਾ ਅਨੰਦਪੁਰ ਵਿਚੋਂ। ਅਸੀਂ ਮਜ਼ਬੂਰ ਹਾਂ। ਮੈਂ ਤਾਂ ਸੰਗਤ ਦਾ ਦਾਸ ਹਾਂ। ਤੁਸੀਂ ਮੇਰੀ ਮਜ਼ਬੂਰੀ ਸਮਝਦੇ ਵੀ ਹੋਵੋਗੇ। ਅਸੀਂ ਕੋਸ਼ਿਸ਼ ਕਰਾਂਗੇ ਕਿ ਵਿਆਹ ਵਿਚ ਜ਼ਰੂਰ ਸ਼ਾਮਲ ਹੋਇਆ ਜਾਵੇ। ਸਾਡੇ ਆਪਣੇ ਪੁੱਤਾਂ ਦਾ ਵਿਆਹ ਏ। ਅਸੀਂ ਵਧ ਚੜ੍ਹ ਕੇ ਹਿੱਸਾ ਲਵਾਂਗੇ।'' ਇਹ ਰੁੱਕਾ ਵੀ ਕੱਪੜਿਆਂ ਵਿਚ ਲਪੇਟਿਆਂ ਸਿੰਘਾਂ ਦਾ ਪੇਸ਼ ਕੀਤਾ ਪਰਮਾਨੰਦ ਨੂੰ।

ਪਾਲਕੀ ਕੁਹਾਰਾਂ ਨੇ ਚੁੱਕ ਲਈ। ਛਣ-ਛਣ ਕਰ ਰਹੀ ਸੀ ਪਾਲਕੀ। ਤੇਲ ਚੋਇਆ ਸਰਦਾਰਨੀ ਨੇ। ਸ਼ਗਨ ਦਿੱਤੇ ਗੁਆਂਢੀਆਂ ਨੇ। ਸਹੇਲੀਆਂ ਤੇ ਭਾਬੀਆਂ ਨੇ ਡੋਲੀ ਤੋਰ ਕੇ ਕੱਚੇ ਦੁੱਧ ਦੇ ਕਟੋਰੇ ਪੀਤੇ। ਪਾਲਕੀ ਆਦਰ, ਇੱਜ਼ਤ ਤੇ ਸਤਿਕਾਰ ਨਾਲ ਅਨੰਦਪੁਰ ਦੀ ਜੂਹ ਵਿਚੋਂ ਲੰਘੀ।

ਕਹਿਲੂਰ ਵਿਚ ਜਸ਼ਨ ਮਨਾਇਆ ਜਾ ਰਿਹਾ ਸੀ। ਸ਼ਾਦੀ ਦੇ ਪ੍ਰਾਹੁਣੇ ਆਏ ਹੋਏ ਸਨ।

ਗਹਿਮਾ-ਗਹਿਮੀ ਸੀ। ਭੀਮ ਚੰਦ ਨੇ ਸ਼ਿੰਗਾਰੀ ਪਾਲਕੀ ਵੇਖ ਕੇ ਆਖਿਆ "ਆਖ਼ਰ ਅਨੂਪ ਕੌਰ ਆ ਗਈ ਨਾ। ਸਾਡੀ ਪਾਲਕੀ ਖ਼ਾਲੀ ਮੁੜ ਆਏ, ਇੱਟ ਨਾਲ ਇੱਟ ਨਾ ਵਜਾਂ ਦੇਵਾਂ। ਸਾਡੇ ਰਹਿਮ ਕਰਮ ਤੇ ਹੀ ਵੱਸਦਾ ਏ ਗੁਰੂ ਸਿੰਘਾਂ ਦਾ। ਰਹਿਣਾ ਤਲਾਅ ਵਿਚ ਤੇ ਵੈਰ ਮੱਗਰ ਮੱਛ ਨਾਲ। ਕਦੀ ਨਹੀਂ ਹੋ ਸਕਦਾ।"

ਪਾਲਕੀ ਨੂੰ ਰੋਕਿਆ ਗਿਆ। ਪੰਡਤਾਂ ਨੇ ਆਰਤੀ ਉਤਾਰੀ। ਸ਼ਗਨ ਮਨਾਇਆ ਗੋਲੀਆਂ ਨੇ। ਪਰ ਰਾਜਾ ਭੀਮ ਚੰਦ ਚਾਹੁੰਦਾ ਸੀ ਕਿ ਇਕ ਵਾਰ ਤਾਂ ਵੇਖ ਲਵਾਂ ਅਨੂਪ ਕੌਰ ਨੂੰ ਨੂੰਹ ਬਨਣ ਤੋਂ ਪਹਿਲਾਂ।

ਪਰਦਾ ਚੁੱਕਿਆ ਇਕ ਜਵਾਨ ਨੇ। ਕਲੀਰੇ ਛਣਕੇ ਫੁਲਕਾਰੀ ਇਕ ਪਾਸੇ ਹੋਈ ਤੇ ਇਕ ਨੌਜਵਾਨ ਸਿੰਘ ਕੁੱਦ ਕੇ ਬਾਹਰ ਆ ਗਿਆ।

ਜ਼ਰਾ ਕੁ ਜਵਾਨ ਪਿੱਛੇ ਹਟਿਆ। ਪਹਾੜੀਆ ਮੁੱਛਾਂ ਨੂੰ ਵੱਟ ਦੇ ਰਿਹਾ ਸੀ।

"ਠਹਿਰ ਜਾ ਦਿਉਰਾ ਮੂੰਹ ਵਿਖਾਈ ਤੇ ਲੈ ਜਾ। ਤਲਵਾਰ ਦਾ ਇਕ ਹੱਥ ਮਾਰਿਆ ਸਿੰਘ ਨੇ ਤੇ ਰੱਖ ਦਿੱਤੀ ਧੌਣ ਲਾਹ ਕੇ ਗੱਭਰੂ ਪਹਾੜੀਏ ਦੀ।"

ਸਿੰਘ ਨੇ ਜੈਕਾਰਾ ਗਜਾਇਆ 'ਬੋਲੇ ਸੋ ਨਿਹਾਲ।" ਮੈਂ ਕੱਲਾ ਗੁਰੂ ਦਾ ਸਿੰਘ ਤੁਹਾਡੇ ਸਾਹਮਣੇ ਹਾਂ ਆਓ ਜਿਹਨੇ ਆਪਣੀ ਮਾਂ ਦਾ ਦੁੱਧ ਪੀਤਾ ਹੋਵੇ ਤੇ ਜਿਹਨੂੰ ਮਾਣ ਹੋਵੇ ਆਪਣੇ ਡੌਲਿਆਂ ਤੇ ਮੇਰਾ ਰਸਤਾ ਰੋਕੇ। ਸਾਰੇ ਪਿੱਛੇ ਨੱਸ ਗਏ। 'ਸਤਿ ਸ੍ਰੀ ਅਕਾਲ' ਆਖਦਾ ਸਿੰਘ ਵਾਪਸ ਚਾਲੇ ਪਾ ਗਿਆ ਅਨੰਦਪੁਰ ਨੂੰ। ਖ਼ਾਲੀ ਪਾਲਕੀ ਭਾਂ ਭਾਂ ਕਰ ਰਹੀ ਸੀ।

★

ਆਨੰਦਪੁਰ ੧੭੦

ਮਾਖੋ ਇਕ ਡਾਕੂ ਦਾ ਨਾਂ ਸੀ। ਬੜੀ ਦਹਿਸ਼ਤ ਤੇ ਜ਼ਬ੍ਹਾ ਸੀ ਉਹਦਾ ਸਾਰੇ ਬਾਹਰੇ ਵਿਚ। ਕਹਿਲੂਰ ਦੇ ਰਾਜੇ ਦੀ ਭਾਵੇਂ ਉਹ ਜਾਗੀਰ ਦਾ ਸੀ ਪਰ ਉਸ ਡਾਕੂ ਨੇ ਆਪਣੀ ਮਲ-ਗੁਜ਼ਾਰ ਬਣਾਈ ਹੋਈ ਸੀ। ਰਾਜਾ ਦੀਪ ਚੰਦ ਉਸ ਦਾ ਕੁਝ ਨਾ ਵਿਗਾੜ ਸਕਿਆ। ਫ਼ੌਜਾਂ ਨਕਾਰੀਆਂ ਹੋ ਗਈਆਂ। ਘੋੜ ਸਵਾਰਾਂ ਦੀਆਂ ਤਾਂ ਉਹ ਡਾਕੂ ਕਾਠੀਆਂ ਲਾਹ ਲੈਂਦਾ ਸੀ। ਕਦੀ ਸਲਾਮ ਨੂੰ ਨਹੀਂ ਸੀ ਗਿਆ ਤੇ ਕਦੀ ਮਾਮਲਾ ਨਹੀਂ ਸੀ ਤਾਰਿਆ। ਲੋਕ ਉਹਨੂੰ ਰਾਜਾ ਆਖਦੇ ਸਨ ਉਥੋਂ ਦਾ। ਉਸ ਆਪਣੀ ਹਦੂਦ ਦਾ ਨਾਂ ਮਾਖੋਵਾਲ ਰੱਖ ਲਿਆ ਤੇ ਰਾਜੇ ਦਾ ਨਾਂ ਮੂਲੋਂ ਈ ਗੁਆ ਦਿੱਤਾ। ਮਾਖੋਵਾਲ ਦੇ ਲੋਕ ਸੁਖੀ ਤਾਂ ਸਨ ਪਰ ਜਿਹੜੇ ਮਾਖੋ ਦੇ ਹੁਕਮ ਤੇ ਫੁੱਲ ਚੜ੍ਹਾਉਂਦੇ ਉਨ੍ਹਾਂ ਦੀ ਕੋਈ ਵਾਅ ਵੱਲ ਨਾ ਵੇਖਦਾ। ਬਾਕੀਆਂ ਦੇ ਮੰਦੜੇ ਹਾਲ ਸਨ।

ਜਿਨ੍ਹਾਂ ਰਾਜੇ ਦੇ ਆਖੇ ਲਗ ਕੇ ਦੁਕਾਨਾਂ ਪਾਈਆਂ ਸਨ ਜਾਂ ਵਾਹੀ ਕੀਤੀ ਸੀ, ਮਾਖੋ ਉਨ੍ਹਾਂ ਦੀਆਂ ਹੱਟੀਆਂ ਲੁੱਟ ਲੈਂਦਾ। ਖਲਵਾੜ ਸਾੜ ਦੇਂਦਾ। ਬੋਹਲ ਨੂੰ ਦਾਣਿਆਂ ਵਾਂਗ ਭੁੰਨ ਸੁੱਟਦਾ। ਕੋਠੇ ਫੂਕ ਸੁੱਟੇ ਰਾਜੇ ਦੇ ਹਮਾਇਤੀਆਂ ਦੇ। ਰੁਪਈਏ ਰਾਜੇ ਦੇ ਸਨ, ਹਟਵਾਣੀਏ ਦਾ ਤਾਂ ਕੁਝ ਨਹੀਂ ਸੀ ਜਾਂਦਾ। ਰਾਜਾ ਚਾਹੁੰਦਾ ਸੀ ਆਪਣੀ ਰਈਅਤ ਵਸਾਉਣਾ ਮਾਖੋਵਾਲ ਵਿਚ। ਪਰ ਮਾਖੋ

ਉਹਨਾ ਦੇ ਪੈਰ ਨਹੀਂ ਸੀ ਲੱਗਣ ਦੇਂਦਾ । ਰਾਜੇ ਨਾਲ ਉਸ ਦੀ ਪੁਰਾਣੀ ਖ਼ਾਰ ਸੀ। ਰੱਬ ਜਾਣੇ ਉਹ ਕੀ ਹੋਵੇਗੀ ?

ਮੁਗ਼ਲਾਂ ਦੇ ਜ਼ੁਲਮ ਤੋਂ ਨੱਠਾ ਉਹ ਦਲੀਪ ਚੰਦ ਦੀ ਸ਼ਰਨ ਆਇਆ ਸੀ। ਚਰਨੀਂ ਲੱਗ ਗਿਆ "ਘਰ ਆਏ ਦੀ ਤੇ ਲੋਕ ਲਾਜ ਰੱਖਦੇ ਹਨ। ਰਾਜੇ ਦਾ ਕੰਮ ਏ ਰਈਅਤ ਦੇ ਸਿਰ ਤੇ ਹੱਥ ਰੱਖੇ। ਰਾਜਾ ਪਾਜੀ ਸੀ, ਡਰਾਕਲ ਸੀ । ਹਵਾ ਸਰਦੀ ਮੁਗ਼ਲਾਂ ਦਾ ਨਾਂ ਸੁਣ ਕੇ। ਸੁਨੇਹਾ ਆਇਆ। ਉਸ ਨੇ ਮਾਖੇ ਹਾਕਮ ਦੇ ਹਵਾਲੇ ਕਰ ਦਿੱਤਾ। ਰੱਬ ਰਾਜੇ ਦੀ ਸੁੱਧ-ਬੁੱਧ ਭੁਲਾ ਦਿੱਤੀ। ਮਾਖੇ ਨੇ ਬੜੇ ਵਾਸਤੇ ਪਾਏ । ਅੱਡੀਆਂ ਰਗੜੀਆਂ, ਮਿੰਨਤਾਂ ਕੀਤੀਆਂ। ਰਾਜਾ ਦਲੀਪ ਚੰਦ ਨਾ ਮੰਨਿਆ। ਹਾਕਮ ਉਸ ਨੂੰ ਫੜ ਕੇ ਲੈ ਗਏ । ਮਾਖੇ ਦੇ ਦਿਲ ਤੇ ਬੜੀ ਗਹਿਰੀ ਸੱਟ ਲੱਗੀ। ਜੂੜਿਆ ਮਾਖੇ ਹਾਕਮ ਦੇ ਨਾਲ ਤਾਂ ਤੁਰ ਗਿਆ ਪਰ ਉਸ ਨੂੰ ਰਾਜੇ ਤੇ ਬੜਾ ਵੱਟ ਸੀ। ਗ਼ੁੱਸਾ ਵਿਚੋਂ ਵਿਚ ਹੀ ਪੀ ਗਿਆ । ਕਚੀਚੀਆਂ ਵੱਟੀਆਂ ਪਰ ਹਾਕਮ ਦੇ ਸਾਹਮਣੇ ਸਾਰਿਆਂ ਤੇ ਪਾਣੀ ਫਿਰ ਗਿਆ। ਹਾਕਮ ਨੇ ਰੋਪੜ ਤੱਕ ਘਸੀਟ ਕੇ ਲਿਆਂਦਾ ਮਾਖੇ ਨੂੰ। ਰੋਟੀ ਟੁੱਕਰ ਉਸ ਆਪ ਖਾਣਾ ਸੀ। ਇਸ ਲਈ ਉਹਦਾ ਵੀ ਜੂੜ ਢਿੱਲਾ ਕੀਤਾ।

"ਮਾਖਿਆ, ਰੋਟੀ ਖਾ ਲੈ । ਸਰਹੰਦ ਜਾ ਕੇ ਤੇਰੇ ਨਾਲ ਕੀ ਵਾਪਰਨੀ ਏ। ਮੈਂ ਮਜਬੂਰ ਹੁਕਮ ਦਾ ਬੱਧਾ ਹੋਇਆ ਹਾਂ। ਮੇਰੇ ਤੇ ਰੋਹ ਨਾ ਕੱਢ।" ਬੋਲ ਸਨ ਹਾਕਮ ਦੇ।

ਹਾਕਮ ਤੁਰ-ਤੁਰ ਕੇ ਥਿਕਨਾ ਚੂਰ ਹੋ ਚੁੱਕਾ ਸੀ। ਮਾਖੇ ਦੀ ਵੀ ਥੰਮ ਬੋਲ ਚੁੱਕੀ ਸੀ। ਉਹ ਡਾਕੂ ਸੀ, ਜਰ ਗਿਆ।

ਆਖਣ ਲੱਗਾ, ਖ਼ਾਂ ਸਾਹਿਬ, "ਮੈਂ ਜ਼ਰਾ ਹੱਥ-ਮੂੰਹ ਧੋ ਆਵਾਂ ਬਰਸਾਤੀ ਨਾਲੇ ਵਿਚੋਂ, ਹੱਡ ਪੈਰ ਖੁਲ੍ਹ ਜਾਣਗੇ। ਸਰਹੰਦ ਅਪੜਨਾ ਏ।"

ਹਾਕਮ ਨੇ ਸਮਝਿਆ ਕਿ ਕਿਹੜਾ ਬਰਸਾਤੀ ਨਾਲਾ ਟੱਪ ਜਾਣਾ ਸੂ। ਜਾਣ ਦਿਓ ਆਪਣਾ ਫੈਂਡਿਆ ਹੋਇਆ ਏ। ਕਿਤੇ ਨਹੀਂ ਨੱਸ ਚਲਿਆ। ਆ ਗਿਆ ਆਪਣੇ ਜਲਾਲ ਵਿਚ।

ਮਾਖੇ ਨੇ ਊਂਧੀ ਪਾਈ ਹੋਈ ਸੀ। ਨਿਮੋਝੂਣਾ ਹੋਇਆ ਹੋਇਆ ਸੀ।

ਹਾਕਮ ਆਖਣ ਲੱਗਾ, "ਚੰਗਾ ਬਈ ਭਲਿਆ ਲੋਕਾ, ਜੇ ਤੇਰਾ ਹੱਥ ਮੂੰਹ ਧੋਣ ਨੂੰ ਜੀਅ ਕਰਦਾ ਏ, ਜਾ ਧੋ ਲੈ ਪਰ ਵੇਖੀਂ ਕਿਤੇ ਕੋਈ ਸ਼ਰਾਰਤ ਨਾ ਕਰੀਂ। ਜਾਣਦੈਂ ਨਾ ਮੇਰੇ ਕੋਟੜੇ ਨੂੰ ਆਂਦਰਾਂ ਖਿੱਚ ਲਊਗਾ।"

"ਹਾਂ।" ਮਾਖੇ ਨੇ ਠੰਡਾ ਹੌਕਾ ਭਰਿਆ। "ਲਾਸਾਂ ਅਜੇ ਮੱਧਮ ਨਹੀਂ ਹੋਈਆਂ। ਦਰਦ ਹੁੰਦੀ ਏ, ਤਰਾਟਾਂ ਪੈਂਦੀਆਂ ਨੇ। ਮੈਂ ਹੁਣੇ ਆਇਆ ਹਜ਼ੂਰ ਨਾਸ਼ਤਾ ਕਰਨ।"

ਮਾਖੇ ਨੇ ਹੱਥ ਮੂੰਹ ਧੋਤਾ । ਸੁਰਤ ਸੰਭਾਲੀ ਤੇ ਕੁੱਦ ਪਿਆ ਛਾਲ ਮਾਰ ਕੇ ਨਾਲੇ ਵਿਚ। ਬਸ, ਨਾ ਮਾਖਾ ਲੱਭਾ ਤੇ ਨਾ ਮਾਖੇ ਦਾ ਪਰਛਾਵਾਂ।

ਹਾਕਮ ਡੱਫਰੀ ਵਜਾਉਂਦਾ ਖ਼ਾਲੀ ਹੱਥ ਮੁੜ ਗਿਆ ਸਰਹੰਦ। ਬੜਾ ਸਟਪਟਾਇਆ ਸਰਹੰਦ ਦਾ ਸੂਬਾ। ਮਾਖੋ ਨੇ ਆ ਕੇ ਆਪਣੀ ਮੱਲ-ਗੁਜ਼ਾਰ 'ਚ ਪੱਲਾ ਫੇਰ ਦਿੱਤਾ ਤੇ ਆਪਣੀ ਜਾਗੀਰ ਬਣਾ ਕੇ ਬਹਿ ਗਿਆ। ਨਾ ਰਾਜੇ ਦੀ ਦਾਲ ਗਲਣ ਦਿੱਤੀ ਤੇ ਨਾ ਨਵਾਬ ਦੀ। ਸੱਪ ਦੋਵਾਂ ਦੀ ਹਿੱਕ ਤੇ ਲੇਟਦਾ ਰਿਹਾ। ਮਾਖੋ ਉਥੋਂ ਦਾ ਹੁਣ ਰਾਖਾ ਸੀ।

ਧੀਰ ਮੱਲੀਏ ਤੇ ਰਾਮ ਰਾਏ ਦੋਵੇਂ ਇਕੋ ਥਾਲੀ ਦੇ ਮਿੱਤਰ ਸਨ। ਉਨ੍ਹਾਂ ਅੰਮ੍ਰਿਤਸਰ ਦੇ

ਮਸੰਦਾਂ ਨਾਲ ਮਿਲ ਕੇ ਹਰਮੰਦਰ ਦੇ ਪੁਜਾਰੀਆਂ ਨੂੰ ਅੱਡੇ ਲਾ ਲਿਆ। ਗੁਰੂ ਤੇਗ ਬਹਾਦਰ ਦਾ ਸੁੱਖ-ਚੈਨ ਖੋਹ ਲੈਣਾ ਚਾਹਿਆ। ਹਰਮੰਦਰ ਦੇ ਦਰਸ਼ਨ ਤੱਕ ਨਾ ਕਰਨ ਦਿੱਤੇ ਗੁਰੂ ਤੇਗ ਬਹਾਦਰ ਨੂੰ। ਦਰਵਾਜ਼ੇ ਤੋਂ ਮੋੜ ਦਿੱਤੇ। ਭਗਤੀ ਦੇ ਸਿਮਰਨ ਵਿਚ ਵਿਘਨ ਪਾਉਣ ਦੇ ਜਤਨ ਕੀਤੇ ਗਏ। ਗੱਲ ਕੀ ਹੋਛੇ ਹਥਿਆਰਾਂ ਤੇ ਉੱਤਰ ਆਏ ਘਰ ਦੇ ਜੰਮੇ ਭਰਾ। ਗੱਦੀ ਤੇ ਨਾ ਮਿਲੀ ਪਰ ਬਦਨਾਮੀ ਪੱਲੇ ਪੈ ਗਈ। ਕਾਲਖ ਧੋਂਦੇ ਮੂੰਹ ਕਾਲਾ ਕਰ ਬੈਠੇ। ਰੱਬ ਨੇ ਗੱਦੀ ਬਖਸ਼ੀ ਸੀ। ਕੋਈ ਸ਼ਰੀਕ ਨਾ ਜੰਮਿਆ ਗੁਰੂ ਤੇਗ ਬਹਾਦਰ ਦਾ।

'ਕੁੱਕੜ ਖੇਹ ਉਡਾਈ ਤੇ ਆਪਣੇ ਸਿਰ ਪਾਈ'। ਏਸ ਕੋਲਿਆਂ ਦੀ ਦਲਾਲੀ ਵਿਚੋਂ ਇਕ ਪਾਸ ਹੀ ਹੋਣਾ ਗੁਰੂ ਤੇਗ ਬਹਾਦਰ ਨੇ ਚੰਗਾ ਸਮਝਿਆ। ਕੀਰਤਪੁਰ ਆਣ ਡੇਰੇ ਲਾਏ। ਕਿਥੇ ਸਾਹ ਲੈਣ ਦੇਂਦੇ ਸਨ ਮਗਰ ਲੱਗੇ ਮਲੰਗ। ਖੁਰਾ ਨਪਿਆ ਤੇ ਕੀਰਤਪੁਰ ਆਣ ਗੱਜੇ ਪਰ ਭਾਜ ਖਾ ਕੇ ਮੁੜ ਗਏ। ਗੁਰੂ ਸਾਹਿਬ ਨੇ ਪਹਿਲੀ ਵਾਰ ਆਪਣੀ ਜ਼ਿੰਦਗੀ ਵਿਚ ਅੱਖਾਂ 'ਚ ਗਹਿਰ ਲਿਆਂਦੀ ਸੀ। ਇੱਜ਼ਤ ਬਚਾ ਕੇ ਮੁੜ ਗਏ। ਜਿਹੇ ਆਏ ਸਨ ਤਿਹੇ ਗਏ।

ਮਹਾਰਾਜ ਨੇ ਦਲੀਪ ਚੰਦ ਤੋਂ ਮਾਖੋਵਾਲ ਮੁੱਲ ਲੈ ਲਿਆ। ਉਸ ਆਪਣੇ ਗਲੋਂ ਹੱਤਿਆ ਲਾਹ ਕੇ ਗੁਰਾਂ ਦੇ ਗਲ ਪਾ ਦਿੱਤੀ। ਦਮੜੇ ਗਿਣੇ ਤੇ ਲਾਂਭੇ ਹੋ ਬੈਠਾ। ਮਹਾਰਾਜ ਸੰਗਤਾਂ ਨਾਲ ਮਾਖੋਵਾਲ ਪੁੱਜੇ। ਉਥੇ ਆਣ ਕਨਾਤਾਂ ਲਾਈਆਂ।

ਖਬਰ ਹੋਈ ਮਾਖੇ ਨੂੰ। ਦੂਰ ਵੇਖਿਆ ਉਸ ਸਤਿਗੁਰਾਂ ਨੂੰ ਤੇ ਵੇਖਦਿਆਂ ਹੀ ਚਰਨੀਂ ਆ ਡਿੱਗਾ।

''ਕੀ ਗੱਲ ਏ ਭਾਈ।''

''ਜਨਮ ਸਫਲ ਕਰਨ ਆਇਆ ਹਾਂ।''

"ਕਿਰਤ ਕਰ, ਰਾਮ ਸਿਮਰ ਤੇ ਨਾਰਾਇਣ ਨੂੰ ਨਾ ਵਿਸਾਰ। ਐਸਾ ਕਰਨ ਨਾਲ ਭਾਈ ਤੈਨੂੰ ਆਨੰਦ ਮਿਲੇਗਾ।''

ਮਾਖੇ ਨੂੰ ਰਾਹ ਲੱਭ ਗਿਆ ਤੇ ਉਹ ਆਪਣੀ ਮੰਜ਼ਲ ਵੱਲ ਤੁਰ ਪਿਆ। ਉਸ ਆਪਣੇ ਵੱਡਿਆਂ ਤੋਂ ਸੁਣਿਆ ਹੋਇਆ ਸੀ ਕਿ ਬੰਦੀ ਛੋੜ ਗੁਰੂ ਹਰਗੋਬਿੰਦ ਦੀ ਬਖਸ਼ਿਸ਼ ਨਾਲ ਪਾਪੀ ਤਰ ਜਾਂਦੇ ਹਨ। ਉਹਨੂੰ ਬਿਲਕੁਲ ਉਹੋ ਹੀ ਰੂਪ ਜਾਪਿਆ ਗੁਰੂ ਤੇਗ ਬਹਾਦਰ ਦੀ ਛਬ ਵਿਚ।

ਮਾਖੋਵਾਲ ਦਾ ਨਾਂ ਸਾਹਿਬਾਂ ਆਨੰਦਪੁਰ ਰੱਖ ਦਿੱਤਾ ਤੇ ਫ਼ਰਮਾਇਆ, ਜਿਹੜਾ ਮਨੁੱਖ ਏਥੇ ਨਿਵਾਸ ਕਰੇਗਾ ਉਹਨੂੰ ਆਨੰਦ ਪ੍ਰਾਪਤ ਹੋਏਗਾ, ਮੁਕਤ ਹੋ ਜਾਏਗਾ ਆਪਣੇ ਗੁਨਾਹਾਂ ਤੋਂ। ਦਿੱਲੀ ਗਏ ਤਾਂ ਸ਼ਹੀਦ ਹੋ ਗਏ। ਪਿਛੇ ਬਾਲ ਗੋਬਿੰਦ ਰਾਏ ਰਹਿ ਗਿਆ। ਉਹ ਜਾਣਦਾ ਸੀ ਕਿ ਆਨੰਦਪੁਰ ਦੀ ਬੁੱਕਲ ਵਿਚ ਮੇਰਾ ਭਵਿੱਖ ਲੁਕਿਆ ਹੋਇਆ ਹੈ। ਉਸ ਖ਼ਾਬ ਦੀ ਤਾਬੀਰ ਸੀ ਜਿਹੜਾ ਗੁਰੂ ਗੋਬਿੰਦ ਸਿੰਘ ਨੇ ਪੂਰਾ ਕੀਤਾ।

ਆਨੰਦਪੁਰ ਕੀ ਏ ? ਉਹ ਸੁਣੋ :—

ਸਭ ਤੋਂ ਉੱਚੀ ਘਾਟੀ ਹੈ ਆਨੰਦ ਗੜ੍ਹ ਦੀ। ਪਹਾੜ ਨੂੰ ਤਰਾਸ਼ ਕੇ ਮਲੂਕੜੇ ਜਿਹੇ ਗੋਬਿੰਦ ਨੇ ਗੜ੍ਹੀ ਬਣਾਈ। ਜਿਸ ਦਾ ਨਾਂ ਆਨੰਦਗੜ੍ਹ ਰਖਿਆ। ਇਹ ਇਕ ਚਾਨਣ ਮੁਨਾਰਾ ਏ ਬਿਰਤੀਆਂ ਇਕਾਗਰ ਕਰਨ ਲਈ ਤੇ ਜ਼ੋਰ ਪਰਖਣ ਲਈ ਜਰਵਾਣਿਆਂ ਦਾ।

ਮੀਲ ਕੁ ਦੀ ਵਿੱਥ ਤੇ ਕੇਸਗੜ੍ਹ ਏ। ਇਥੇ ਗੁਰੂ ਜੀ ਨੇ ਖ਼ਾਲਸੇ ਦੀ ਸਾਜਨਾ ਕੀਤੀ। ਡਰ

ਤੇ ਭੈਅ ਕਢਿਆ ਸੀ ਬੁਜ਼ਦਿਲ ਬੰਦਿਆਂ ਦੇ ਦਿਲਾਂ ਵਿਚੋਂ । ਸੂਰਮੇ ਬਣਾ ਦਿੱਤੇ ਸਨ, ਬੁਥਾੜ ਭੰਨਣ ਲਈ ਮੁਗਲਾਂ ਦੇ । ਟੱਕਰ ਸਿੱਧੀ ਜ਼ਾਲਮ ਹਕੂਮਤ ਨਾਲ ਸੀ । ਕੁੰਦਨ ਬਣਾਏ ਜਾ ਰਹੇ ਸਨ ਮਾਲਾ ਦੇ ਮਣਕੇ ਸਿਮਰਨੇ ਵਿਚ ਪਰੋਣ ਲਈ । ਵਾੜ ਦੀ ਰਾਖੀ ਲਈ ਪਹਿਰੇਦਾਰ ਬਣ ਰਹੇ ਸਨ ਸਿੱਖ ਹਿੰਦੂ ਜ਼ਾਤੀ ਦੇ । ਮਾਂ ਤੇ ਪਿਓ, ਭਰਾ ਤੇ ਭੈਣ ਦੀ ਰਖਸ਼ਾ ਕਰਨਾ ਹਰ ਸਿੱਖ ਦਾ ਧਰਮ ਸੀ । ਸਿੱਖ ਬਣਾਉਣ ਦਾ ਪ੍ਰਣ ਕੀਤਾ । ਏਸੇ ਤਰ੍ਹਾਂ ਇਹ ਕੌਮ ਸਾਜੀ ਗਈ । ਯੋਧੇ ਪਲ ਰਹੇ ਸਨ ਕੇਸਗੜ੍ਹ ਵਿਚ ।

ਚਰਨ ਗੰਗਾ ਦੇ ਪੱਛਮੀ ਕਿਨਾਰੇ ਤੇ ਲੋਹਗੜ੍ਹ ਉਸਾਰਿਆ ਗਿਆ । ਲੋਹਗੜ੍ਹ ਦਾ ਕਿਲ੍ਹਾ ਦੁਸ਼ਮਣ ਰੋਕਣ ਲਈ ਇਕ ਮੋਟੇ ਤੇ ਨੰਗੇ ਭਾਲੇ ਦਾ ਕੰਮ ਦਿੰਦਾ ਸੀ । ਢਾਲ ਸਮਝ ਲਉ ਆਨੰਦਪੁਰ ਦੀ ।

ਨਿਰਮੋਹ ਗੜ੍ਹ ਦੱਖਣ ਵੱਲ ਏ ਲੋਹਗੜ੍ਹ ਦੇ । ਇਹ ਉਹ ਕਿਲ੍ਹਾ ਏ ਜਿਹੜਾ ਪਹਿਲੀ ਝਾਲ ਝੱਲਦਾ ਏ । ਸੁਆਗਤ ਕਰੇ ਜਾਂ ਦਾੜ੍ਹਾਂ ਤੋੜ ਸੁੱਟੇ । ਇਹ ਉਹਦੀ ਇੱਛਾ ਹੈ । ਉਹਨੂੰ ਲਿਤਾੜਿਆਂ ਤੋਂ ਬਗੈਰ ਕੋਈ ਇਕ ਕਦਮ ਅੱਗੇ ਨਹੀਂ ਟੱਪ ਸਕਦਾ । ਲੋਕ ਉਹਨੂੰ ਜਤੀ ਲਕਸ਼ਮਣ ਦੀ ਰੇਖਾ ਆਖਦੇ ਹਨ । ਸਿਰ ਲੱਥੇ ਬਹਾਦਰਾਂ ਦਾ ਇਹ ਗੜ੍ਹ ਸੀ । ਉਨ੍ਹਾਂ ਆਪਣੀ ਜਾਨ ਤਲੀ ਤੇ ਰੱਖੀ ਹੋਈ ਸੀ ਤੇ ਅਗਲੇ ਆਉਣ ਵਾਲੇ ਦੀ ਪਾਣ-ਪੱਤ ਲਾਹ ਕੈ ਰੱਖ ਦਿੰਦੇ । ਮੰਦੀ ਨਜ਼ਰ ਕਰਨ ਵਾਲਾ ਉਹਦਾ ਪਰਛਾਵਾਂ ਵੀ ਨਹੀਂ ਸੀ ਲੰਘਦਾ ।

ਹੋਲਗੜ੍ਹ ਗੜ੍ਹਸ਼ੰਕਰ ਵਾਲੀ ਸੜਕ ਤੇ ਹੈ । ਹੱਲਾ ਤੇ ਹੱਲੇ ਦੀ ਥਾਂ । ਇਥੇ ਸਿੱਖਾਂ ਨੂੰ ਟਰੇਨਿੰਗ ਦਿੱਤੀ ਜਾਂਦੀ । ਨਾਂ ਮੇਲੇ ਦਾ, ਇਮਤਿਹਾਨ ਜਵਾਨਾਂ ਦਾ । ਪਰਖਿਆ ਸੂਰਮਾ ਦੂਜੇ ਕਿਲ੍ਹੇ 'ਚ ਬਦਲਿਆ ਜਾਂਦਾ । ਜਵਾਨ ਉੱਨਾਂ ਚਿਰ ਘੋੜੇ ਤੇ ਕਾਠੀ ਨਹੀਂ ਸੀ ਪਾ ਸਕਦਾ ਜਦੋਂ ਤੱਕ ਉਹ ਏਸ ਕਿਲ੍ਹੇ ਦੀ ਪ੍ਰੀਖਿਆ ਵਿਚੋਂ ਸਫਲ ਨਾ ਹੋਵੇ । ਏਥੋਂ ਦਾ ਚੰਡਿਆ ਕਿਤੇ ਮਾਰ ਨਹੀਂ ਸੀ ਖਾਂਦਾ । ਆਨੰਦਪੁਰ ਦਾ ਹਰ ਮਨੁੱਖ ਇਸ ਕਿਲ੍ਹੇ ਦੀ ਸਰਦਲ ਉਤੇ ਸਿਰ ਨਿਵਾ ਕੇ ਲੰਘਿਆ ਹੋਇਆ ਸੀ । ਏਥੋਂ ਦੀ ਕ੍ਰਿਪਾਨ ਸਜਾ ਕੇ ਭੇਜਿਆ ਜਾਂਦਾ ਸੂਰਮਾ ਤਾਹੀਓਂ ਉਹ ਦੀਵਾਨ ਵਿਚ ਬੈਠਾ ਸੋਭਦਾ ਸੀ ।

ਛੇਵਾਂ ਕਿਲ੍ਹਾ ਏ ਚਰਨ ਗੰਗਾ ਦੇ ਕਿਨਾਰੇ ਤੇ ਫ਼ਤਹਿ ਗੜ੍ਹ । ਪਹਾੜਾਂ ਵਲੋਂ ਹੋਣ ਵਾਲੇ ਹੱਲਿਆਂ ਦਾ ਦੁਆਰਪਾਲ ਏ । ਇਹ ਮਸਤ ਹਾਥੀ ਦੇ ਪਹਾੜਾਂ ਨਾਲ ਟੱਕਰ ਲੈਣ ਵਾਲਾ । ਇਹਦਾ ਦਿਲ ਪੱਥਰ ਦਾ ਏ ਤੇ ਇਹਦੇ ਫੱਟ ਖ਼ੰਜਰ ਦੇ । ਇਹਦੀਆਂ ਅੱਖਾਂ ਵਿਚ ਜਵਾਲਾ ਏ ਪਰ ਹਿਰਦਾ ਮੋਮ ਦਾ । ਘਰ ਆਇਆਂ ਨੂੰ ਗਲ ਲਾਉਣਾ ਵੈਰੀ ਨੂੰ ਸੱਟ ਮਾਰ ਕੇ ਪਿੱਛੇ ਹੋ ਜਾਣਾ, ਮਾਇਦ ਭਰਾ ਭਰਾਵਾਂ ਨੂੰ ਪਛਾਣ ਲਵੇ । ਲਹੂ ਪੰਘਰ ਪਏ, ਵਿਛੜੀਆਂ ਬਾਹਵਾਂ ਗਲੇ ਨੂੰ ਆਣ ਲਗਣ, ਮਾਸ ਨਹੁੰਆਂ ਤੋਂ ਟੁੱਟੇ ਨਾ, ਘਿਉ ਖਿੱਚੜੀ ਵਾਂਗੂੰ ਰਲ ਬੈਠਣ ਤੇ ਜੜ੍ਹ ਪੁੱਟਣ ਜਰਵਾਣੇ ਤੇ ਖ਼ੂਨੀ ਜ਼ਾਲਮ ਹਾਕਮਾਂ ਦੀ ਜਿਨ੍ਹਾਂ ਸਾਡਾ ਜਿਊਣਾ ਹਰਾਮ ਕੀਤਾ ਹੋਇਆ ਏ । ਇਕ-ਇਕ ਤੇ ਦੋ ਧਾਰਾਂ । ਇਹ ਹਕੂਮਤ ਰਹਿ ਨਹੀਂ ਸਕਦੀ ਤੇ ਅਸਾਂ ਇਹਨੂੰ ਰਹਿਣ ਨਹੀਂ ਦੇਣਾ । ਮੁਗ਼ਲ ਹਕੂਮਤ ਕਰਨ ਪਰ ਜਬਰ ਨਾ ਕਰਨ, ਜਜ਼ੀਏ ਨਾ ਲਾਉਣ, ਜ਼ੁਲਮ ਨਾ ਕਰਨ ਕਿਸੇ ਬੇਦੋਸ਼ੇ ਦੀ ਗਰਦਨ ਨਾ ਮਾਰਨ । ਅਸੀਂ ਜਜ਼ੀਆ ਦੇਣ ਨੂੰ ਤਿਆਰ ਹਾਂ ਪਰ ਸਾਰਿਆਂ ਜਿੰਨਾ । ਵਾਧੂ ਇਕ ਕੌਡੀ ਵੀ ਨਹੀਂ । ਰਾਜ ਕਰਨ ਬਾਦਸ਼ਾਹ ਵਾਂਗੂੰ । ਰਈਅਤ ਸਮਝੇ ਤੇ ਘਰ ਦੇ ਜੀਆਂ ਵਾਂਗੂੰ ਰੱਖੇ । ਬਾਦਸ਼ਾਹ ਤੋਂ ਬਗੈਰ ਮੁਲਕ ਕਾਹਦਾ ਪਰ ਬਾਦਸ਼ਾਹ ਹੋਵੇ । ਅਸੀਂ ਜਰਵਾਣਿਆਂ ਦੀ ਹਕੂਮਤ ਬਰਦਾਸ਼ਤ ਨਹੀਂ ਕਰ

ਸਕਦੇ। ਫਤਹਿਗੜ੍ਹ ਇਹ ਆਖ ਕੇ ਚੁੱਪ ਹੋ ਜਾਂਦਾ। ਉਹਦੇ ਫਾਟਕ ਜਵਾਬ ਮੰਗਦੇ ਪਹਾੜ ਦੇ ਬੇਟਿਆਂ ਤੋਂ, ਪਹਾੜ ਦੇ ਮਾਲਕਾਂ ਤੋਂ।

ਇਹ ਅਨੰਦਪੁਰ ਏ ਜਿੱਥੇ ਛੇ ਕਿਲ੍ਹੇ ਹਨ। ਇਹ ਮਨੁੱਖ ਦੇ ਪਹਿਰੇਦਾਰ ਹਨ। ਜੋ ਬੰਦਾ ਇਨ੍ਹਾਂ ਪਹਿਰੇਦਾਰਾਂ ਦੀ ਗੱਲ ਮੰਨਦਾ ਰਹੇ ਤੇ ਰਹਿਤ ਵਿਚ ਰਹਿ ਕੇ ਆਪਣਾ ਜੀਵਨ ਬਿਤਾਏ ਤਾਂ ਸ੍ਰਿਸ਼ਟੀ ਦੀ ਕੋਈ ਤਾਕਤ ਨਹੀਂ ਕਿ ਉਹ ਇਸ ਇਨਸਾਨ ਤੇ ਹਾਵੀ ਹੋ ਜਾਵੇ। ਸਭ ਤੋਂ ਉੱਚੀ ਮੰਜ਼ਲ ਏ ਅਨੰਦ ਦੀ ਤੇ ਜਿਹੜਾ ਦੁੱਖ-ਸੁੱਖ ਨੂੰ ਸਹਾਰ ਲੈਂਦਾ ਏ, ਅਨੰਦ ਨੂੰ ਪ੍ਰਾਪਤ ਕਰਦਾ ਏ।

ਅਨੰਦਪੁਰ ਵਿਚ ਕੀਰਤਨ ਹੋ ਰਹੇ ਸਨ। ਕੌਮ ਉਸਾਰੀ ਜਾ ਰਹੀ ਸੀ। ਸਿੰਘ ਸਜਾਏ ਜਾ ਰਹੇ ਸਨ। ਅੰਮ੍ਰਿਤ ਬਾਟੇ ਭਰ-ਭਰ ਛਕਾਇਆ ਜਾ ਰਿਹਾ ਸੀ ਤੇ ਫੇਰ ਉਨ੍ਹਾਂ ਦੇ ਹੱਥੋਂ ਛਕਣ ਦੀ ਆਸ ਕੀਤੀ ਜਾਂਦੀ। ਆਪੇ ਗੁਰੂ ਸੀ ਤੇ ਆਪੇ ਚੇਲਾ, ਅਨੰਦਪੁਰ ਦਾ ਨਿਗਹਬਾਨ। ਕਵੀ ਕਵਿਤਾ ਰੱਚ ਰਹੇ ਸਨ। ਬਿਰਤੀਆ ਇਕਾਗਰ ਹੋ ਰਹੀਆਂ ਸਨ। ਨਵੀਆ ਸੋਚਾਂ ਦੇ ਰਾਹ ਲੱਭੇ ਜਾ ਰਹੇ ਸਨ। ਅਨੰਦਪੁਰ ਵਿਚ ਖੇੜਾ ਘੁੰਗਰੂ ਬੰਨ੍ਹ ਕੇ ਹਾਣੀਆਂ ਨੂੰ ਸੱਦ ਰਿਹਾ ਸੀ। ਅਨੰਦਪੁਰ ਤੇ ਜਲਾਲ ਤੇ ਤੇਜ ਦੀਆਂ ਰਹਿਮਤਾਂ ਨਾਜ਼ਲ ਹੋ ਰਹੀਆਂ ਸਨ। ਤਲਵਾਰ ਦੀ ਮੁੱਠੀ ਵੇਖ ਕੇ ਰੀਝ ਪੈਂਦਾ ਖ਼ਾਲਸਾ। ਕਿਲ੍ਹੇ ਉਸਾਰੇ ਜਾ ਰਹੇ ਸਨ ਆਪਣੀ ਹਿਫ਼ਾਜ਼ਤ ਲਈ। ਆਪਣੀ ਹਿਫ਼ਾਜ਼ਤ ਕਰਨਾ ਪਹਿਲਾ ਪੈਂਤੜਾ ਏ ਕੌਮ ਦੇ ਉਸਾਰੂਆਂ ਦਾ। ਕਿਸੇ ਦੀ ਜ਼ਮੀਨ ਨੂੰ ਦਬਾਉਣ ਦਾ ਯਤਨ ਨਹੀਂ ਸੀ ਕੀਤਾ ਜਾਂਦਾ ਤੇ ਕਿਸੇ ਨੂੰ ਆਪਣੀ ਮਲ-ਗੁਜ਼ਾਰ ਵਿਚ ਪੈਰ ਰੱਖਣ ਦੀ ਇਜਾਜ਼ਤ ਨਹੀਂ ਸਨ ਦੇਂਦੇ ਅਨੰਦਪੁਰ ਦੇ ਮਤਵਾਲੇ। ਸਿੱਖ ਜਿਉਣ ਦੀ ਜਾਚ ਸਿੱਖ ਰਹੇ ਸਨ। ਆਪਣੇ ਗੁਰੂ ਦੀ ਚਰਨੀਂ ਲੱਗੇ। ਕੋਈ ਕਿਸੇ ਤਰ੍ਹਾਂ ਦਾ ਰਾਮ ਰੌਲਾ ਨਹੀਂ ਸੀ। ਅਨੰਦਪੁਰ ਵਿਚ ਮਹਿਲਾਂ ਵਾਲੇ ਵੀ ਖ਼ੁਸ਼ ਸਨ ਤੇ ਹਵੇਲੀਆਂ ਵਾਲਿਆ ਦੇ ਵੀ ਸ਼ਹਿਨਾਈਆਂ ਵੱਜ ਰਹੀਆਂ ਸਨ। ਝੁੱਗੀਆਂ ਵਾਲੇ ਵੀ ਆਨੰਦ ਦੀ ਬੰਸਰੀ ਵਜਾ ਰਹੇ ਸਨ। ਸਿਰਫ਼ ਇਕੋ ਆਵਾਜ਼ ਵਿਚ ਮਗਨ ਸੀ ਗੁਰੂ ਦਾ ਦੁਲਾਰਾ ਕਿ ਟੱਕਰ ਲੈਣੀ ਏ ਜ਼ਾਲਮ ਹਕੂਮਤ ਨਾਲ। ਗੀਦੜ ਦੀ ਹੱਡੀ ਤੋੜਨੀ ਏ ਭਾਵੇਂ ਹਾਰ ਦਾ ਮੂੰਹ ਕਿਉਂ ਨਾ ਵੇਖਣਾ ਪਵੇ। ਦੰਦ ਖੱਟੇ ਕਰਕੇ ਮੁਗ਼ਲਾਂ ਨੂੰ ਦੱਸ ਦੇਣਾ ਏ ਕਿ ਲਿਤਾੜੇ ਪੰਜਾਬ ਵਿਚੋਂ ਵੀ ਕੋਈ ਕੁੱਖਲ ਵਿਚ ਦੱਬਿਆ ਚੰਗਿਆੜਾ ਭਬੂਕਾ ਬਣ ਸਕਦਾ ਹੈ। ਤੁਹਾਡੀ ਟੱਕਰ ਵਿਚ ਖੜ੍ਹਾ ਹੋ ਸਕਦਾ ਏ। ਭੈਅ ਤੋੜਨ ਦਾ ਯਤਨ ਕੀਤਾ ਜਾ ਰਿਹਾ ਸੀ। ਮੁਗ਼ਲ ਐਵੇਂ ਹੀ ਜਾਫ਼ਰ ਬਣੀ ਫਿਰਦਾ ਏ ਐਵੇਂ ਦਿਖਾਵੇ ਲਈ, ਵਿਚੋਂ ਮਿੱਟੀ ਦੇ ਪਹਿਲਵਾਨ ਹਨ। ਹਿੰਮਤ ਕਰੋ ਤੇ ਇਹਨਾਂ ਦਾ ਪਾਜ ਖੋਲ੍ਹ ਦਿਓ।

ਗੁਰੂ ਗੋਬਿੰਦ ਸਿੰਘ ਦਾ ਜਲਾਲ, ਰੋਹਬ, ਰੂਪ, ਤੇਜ, ਤਪ ਵੇਖ ਕੇ ਮਤੀਹ ਹੋ ਜਾਂਦੇ ਤਲਵਾਰ ਦੇ ਧਨੀ।

ਅਨੰਦਪੁਰ ਦੀ ਰਾਖੀ ਦਾ ਜ਼ਿੰਮੇਂਵਾਰ 'ਆਪੇ ਗੁਰੂ ਸੀ ਤੇ ਆਪੇ ਚੇਲਾ।' ਉਹਦੇ ਘਰ-ਘਰ ਚਰਚੇ ਸਨ। ਕਹਾਣੀਆਂ ਛੋਹੀਆਂ ਜਾਂਦੀਆਂ, ਬਾਤਾਂ ਦਾ ਮੁੱਢ ਬੰਨ੍ਹਿਆ ਜਾਂਦਾ। ਜਵਾਨ-ਜਹਾਨ, ਬੁੱਢੀਆਂ-ਠੇਰੀਆਂ, ਕਾਲੀਅ-ਗੋਰੀਆਂ, ਕਣਕ ਭਿੰਨੀਆਂ 'ਤੇ ਸਾਂਵਲੀਆਂ ਤੇ ਕੋਝੀਆਂ ਤੇ ਹੱਥ ਮੂੰਹ ਲੱਗਦੀਆਂ ਅੱਲ੍ਹੜ ਮੁਟਿਆਰਾਂ ਦੇ ਬੁੱਲ੍ਹਾਂ ਤੇ ਗੁਰੂ ਗੋਬਿੰਦ ਸਿੰਘ ਦਾ ਨਾਂ ਗਿੱਧਾ ਪਾ ਕੇ ਲਕੋਇਆਂ ਵੀ ਨਾ ਲੁੱਕਦਾ। ਸ਼ੁਕੀਨ ਗੁਰੂ ਦੀਆਂ ਮਿਸਾਲਾਂ ਮੁਗ਼ਲ ਸ਼ਹਿਜ਼ਾਦੀਆਂ ਆਪਣੇ ਰਾਂਗਲੇ ਪੀੜ੍ਹਿਆਂ ਤੇ ਬੈਠੀਆਂ ਆਪਣੇ ਮਹਿਲਾਂ ਦੀ ਚਾਰਦੀਵਾਰੀ ਵਿਚ ਦੇਂਦੀਆਂ। ਕਈ ਸ਼ਹਿਜ਼ਾਦੇ ਗੁਰੂ ਨੂੰ ਵੇਖਣ ਆਉਂਦੇ। ਅਨੰਦਪੁਰ ਵੀ ਵੇਖਦੇ ਤੇ ਗੁਰੂ ਦੀ ਮਹਿਮਾ ਵੀ।

ਤਲਵਾਰ, ਕਲਗੀ, ਘੋੜਾ ਪੁਸ਼ਾਕ ਤੇ ਬਾਜ਼ ਦਾ ਕੋਈ ਜਵਾਬ ਨਹੀਂ ਸੀ ਗੁਰੂ ਦਾ। ਏਸੇ ਗੱਲ ਦੀ ਈਰਖਾ ਸੀ ਲਾਹੌਰ, ਸਰਹਿੰਦ ਤੇ ਮਲੇਰਕੋਟਲੇ ਨੂੰ। ਪਹਾੜੀ ਰਾਜਿਆਂ ਨੂੰ ਤੇ ਸਰਹਿੰਦ ਦੇ ਛੋਕਰਿਆਂ ਨੂੰ ਏਸੇ ਈਰਖਾ ਨੇ ਤਾਪ ਚਾੜ੍ਹਿਆ ਹੋਇਆ ਸੀ।

ਕੁਦਰਤ ਨੇ ਰੱਜ ਕੇ ਹੁਸਨ ਦੀਆ ਦਾਤਾਂ ਬਖਸ਼ੀਆਂ ਹੋਈਆਂ ਸਨ ਗੁਰੂ ਗੋਬਿੰਦ ਸਿੰਘ ਨੂੰ। ਅਨੰਦਪੁਰ ਦਾ ਕਾਹਨ ਆਖ ਲਓ, ਇਹਦੇ ਵਿਚ ਕੋਈ ਝੂਠ ਨਹੀਂ ਸੀ। ਤੁਰੇ ਜਾਂਦੇ ਰਾਹੀ ਵੀ ਗੱਲਾਂ ਕਰਦੇ।

ਮਲੇਰਕੋਟਲੇ, ਸਰਹਿੰਦ ਵਾਲੇ, ਲਾਹੌਰ ਦੇ ਸੂਬੇ ਜਦੋਂ ਵੀ ਮਿਸਾਲ ਦੇਂਦੇ ਤੇ ਉਹਦੇ ਵਿਚ ਗੁਰੂ ਗੋਬਿੰਦ ਸਿੰਘ ਦਾ ਨਾਂ ਜ਼ਰੂਰ ਆਉਂਦਾ।

ਪੰਜ ਦਰਿਆਵਾਂ ਦੀ ਧਰਤੀ ਵਿਚ ਗੁਰੂ ਗੋਬਿੰਦ ਸਿੰਘ ਦੀ ਮਹਿਮਾ ਦਾ ਪ੍ਰਕਾਸ਼ ਹੋ ਰਿਹਾ ਸੀ। ਭਾਵੇਂ ਉਹ ਪਠਾਣਾਂ ਦਾ ਘਰ ਸੀ ਤੇ ਭਾਵੇਂ ਜਰਵਾਣੇ ਦੀ ਮਹਿਫ਼ਲ। ਗੁਰੂ ਦੀ ਚਰਚਾ ਚਾਰਦੀਵਾਰੀ ਵਿਚ ਵੀ ਸੀ ਸੀ ਤੇ ਸ਼ਾਮਲਾਟ ਜ਼ਮੀਨ ਦੇ ਚੱਕਰਾਂ ਵਿਚ ਵੀ। ਪਿੰਡਾਂ ਦੇ ਖੂਹ ਦੀਆਂ ਗਾਧੀਆਂ ਤੇ, ਮੁਟਿਆਰਾਂ ਦੇ ਤ੍ਰਿੰਞਣਾਂ ਵਿਚ, ਗਿੱਧੇ ਦੇ ਪਿੜ ਵਿਚ ਤੇ ਭੰਗੜੇ ਦੇ ਅਖਾੜਿਆਂ ਵਿਚ, ਛਿੰਞਾਂ ਵਿਚ ਜਵਾਨ ਗੁਰੂ ਦਾ ਨਾਂ ਲੈ ਕੇ ਮੈਦਾਨ 'ਚ ਪੁੱਜਦੇ।

ਅਨੰਦਪੁਰ ਵਿਚ ਹਵੇਲੀਆਂ ਵਾਲਿਆਂ ਦਾ ਵੀ ਕੋਈ ਘਾਟਾ ਨਹੀਂ ਸੀ। ਜਾਗੀਰਾਂ ਵਾਲੇ ਵੀ ਸਨ ਜਿਹੜੇ ਜਾਗੀਰਾਂ ਨੂੰ ਛੱਡ ਕੇ ਆਪਣਾ ਅੱਗਾ ਸਵਾਰਨਾ ਚਾਹੁੰਦੇ ਸਨ। ਸਿਮਰਨ ਦੇ ਸ਼ਰਧਾਲੂ ਵੀ ਸਨ ਤੇ ਅੜਚਣਾਂ ਪਾਉਣ ਵਾਲੇ ਧੀਰ ਮਲ ਤੇ ਰਾਮ ਰਾਇ ਦੇ ਪੜਉਪਿੰਦੇ ਸੋਢੀ ਤੇ ਮਸੰਦਾਂ ਦੇ ਵੀ ਡੇਰੇ ਸਨ। ਧਤੂਰੇ ਮੁੱਢ ਗੁਲਾਬ ਪੁੰਗਰਿਆ ਹੋਇਆ ਸੀ। ਚਿੱਕੜ ਵਿਚੋਂ ਕਮਲ ਲਹਿ-ਲਹਿ ਕਰਦਾ। ਆਰਸੀ ਦੇ ਸ਼ੀਸ਼ਿਆ ਵਿਚੋਂ ਡਲ੍ਹਕਾਂ ਸਨ ਨੂਰਾਨੀ ਸੂਰਜ ਦੀਆਂ

ਦਸਵੰਧ ਕੱਢਣ ਦੀ ਜਾਚ ਆ ਗਈ ਸੀ ਪੰਜਾਬ ਨੂੰ। ਪੰਜਾਬ ਕਰਵੱਟ ਬਦਲ ਰਿਹਾ ਸੀ। ਝੁੱਲ ਲਾਹ ਮਾਰਨਾ ਚਾਹੁੰਦਾ ਸੀ। ਛੱਟ ਲੱਥੀ ਤੇ ਸੰਗਲ ਦੀਆਂ ਕੜੀਆਂ ਟੁੱਟੀਆਂ। ਪਹਾੜ ਦੀ ਗੋਦ ਵਿਚੋਂ ਉਸ ਦੇ ਸੂਰਜ ਨੂੰ ਘਰ ਦੀ ਲਕਸ਼ਮੀ ਨੇ ਚਮਕਾ ਦਿੱਤਾ। ਆਰਤੀ ਦੇ ਤਰੀਕੇ ਬਦਲਣ ਲੱਗੇ। ਸੰਖ ਦੀ ਧੂਨੀ ਚੋਂ ਸੰਖ ਦੀ ਆਵਾਜ ਕੰਬੀ। 'ਬੋਲੇ ਸੋ ਨਿਹਾਲ' ਦੇ ਜੈਕਾਰੇ ਨੇ ਰੂਪ ਧਾਰ ਲਿਆ। ਆਵਾਜ਼ ਭਾਵੇਂ ਨਵੀਂ ਸੀ, ਓਪਰੀ-ਓਪਰੀ ਜਾਪੀ ਪਰ ਫੇਰ ਵੀ ਸੁਆਗਤ ਕੀਤਾ ਪੰਜਾਬ ਨੇ।

ਰਣਜੀਤ ਨਗਾਰਾ ਉਨ੍ਹਾਂ ਸਿਰਲੱਥੇ ਬਹਾਦਰਾਂ ਨੇ ਬਣਾਇਆ। ਜਿਨ੍ਹਾਂ ਸਿਰ ਵੀ ਦਿੱਤਾ ਸੀ ਤੇ ਜਾਨ ਵੀ ਦਿੱਤੀ ਸੀ ਗੁਰੂ ਨੂੰ। ਰਣਜੀਤ ਨਗਾਰੇ ਤੇ ਚੋਟ ਪਈ ਤੇ ਸਾਰਾ ਪੰਜਾਬ ਜਾਗ ਉੱਠਿਆ। ਭੂੰਬਲ ਮਾਰ ਕੇ ਨੱਸ ਉੱਠੇ ਅਨੰਦਪੁਰ ਵੱਲ। ਪਹਾੜਾਂ ਦੀਆਂ ਚੋਟੀਆਂ ਨੇ ਆਕੜ ਭੰਨੀ ਤੇ ਘਾਟੀਆਂ ਬੋਲ ਪਈਆਂ। ਪਹਾੜਾਂ ਨੂੰ ਕਾਂਬਾ ਛਿੜਿਆ ਤੇ ਪੱਥਰ ਬੋਲ ਪਏ ਅਨੰਦਪੁਰ ਦੀ ਬੋਲੀ। ਬਾਣੀ ਦਾ ਪਾਠ ਹੋ ਰਿਹਾ ਸੀ। ਦੀਵਾਨ ਸੱਜ ਰਹੇ ਸਨ। ਸਿਮਰਨੇ ਨੂੰ ਰੰਗਣ ਦਿੱਤੀ ਜਾ ਰਹੀ ਸੀ। ਹਿਰਦੇ ਸ਼ੁੱਧ ਹੋ ਰਹੇ ਸਨ। ਨਵਾਂ ਇਨਸਾਨ ਜਨਮ ਲੈ ਰਿਹਾ ਸੀ। ਸਰਸਾ ਤੇ ਸਤਲੁਜ ਦੇ ਪਾਣੀਆਂ ਦੇ ਕੰਢਿਆਂ ਤੇ ਤਲਵਾਰ ਦੀ ਪਾਣ ਪਰਖੀ ਜਾ ਰਹੀ ਸੀ ਧੌਂਸੇ ਤੇ ਨੌਬਤਾਂ ਨੇ ਨਗਾਰੇ ਦਾ ਰੂਪ ਧਾਰ ਲਿਆ। ਪੁਸ਼ਾਕਾਂ ਦੇ ਰੰਗ ਬਦਲ ਗਏ। ਦਸਤਾਰ ਸੱਜ ਗਈ ਸੋਹਣੇ ਸੀਸ ਤੇ। ਜਲਾਲ ਕਿਸੇ ਦੀ ਢਾਲ ਵਿਚੋਂ ਚਮਕਿਆ ਤੇ ਤੇਜ ਕਿਸੇ ਦੀ ਤਲਵਾਰ ਵਿਚੋਂ। ਅਨੰਦਪੁਰ ਦੀ ਨਗਰੀ ਵਿਚ ਕਰੂੰਬਲਾਂ ਫੁੱਟ ਰਹੀਆਂ ਸਨ ਫੁੱਲ ਬਣਨ ਨੂੰ।

ਧਨ, ਦੁੱਧ, ਘਿਓ ਤੇ ਬਸਤਰਾਂ ਦੇ ਚੜ੍ਹਾਵੇ ਦਾ ਯੁੱਗ ਟੱਪ ਗਿਆ। ਕਿਸੇ ਨੇ ਤਲਵਾਰ ਦਾ ਮੱਥਾ ਟੇਕਿਆ ਤੇ ਕੋਈ ਬਰਛਾ ਲੈ ਆਇਆ। ਕਿਸੇ ਨੇ ਢਾਲ ਲਿਆ ਰੱਖੀ ਤੇ ਕੋਈ ਘੋੜਾ ਲਈ ਆ ਰਿਹਾ ਸੀ। ਕਿਸੇ ਨੇ ਵਛੇਰੇ ਤੇ ਅਜੇ ਕਾਠੀ ਨਹੀਂ ਸੀ ਪਾਈ, ਉਸ ਉਹੋ ਚੜ੍ਹਾ ਦਿੱਤਾ। ਛਵ੍ਹੀਆਂ, ਨੇਜ਼ੇ ਤੇ ਸਫ਼ਾ ਜੰਗਾਂ ਦਾ ਢੇਰ ਲੱਗ ਜਾਂਦਾ, ਸੂਰਜ ਦੇ ਉੱਗਦਿਆਂ ਨਾਲ ਦਸਵੰਧ ਇਕੱਠੀ ਕੀਤੀ ਮੋਹਰਾਂ ਦੀ ਥੈਲੀ ਤੇ ਨਾਲ ਸਾਰੇ ਪਿੰਡ ਦੀ ਸ਼ਰਧਾ। ਪੰਜਾਬ ਦੇ ਬੱਚੇ ਬੱਚੇ ਦੇ ਦਿਲ ਵਿਚ ਇਹ ਉੱਦਮ ਉਠ ਰਿਹਾ ਸੀ ਲੋਕ ਤੰਗ ਸਨ ਮੁਗ਼ਲਾਂ ਦੇ ਜਬਰ ਤੋਂ।

ਸਾਹ ਲੈਣਾ ਤੇ ਪੁੱਛ ਕੇ । ਉਬਾਸੀ ਭਾਈਏ ਲੈ ਸਕਦਾ ਬੰਦਾ ਜੇ ਹੁਕਮ ਹੋਵੇ ਪਿੰਡ ਦੇ ਚੋਧਰੀ ਦਾ । ਮਾਇਆ ਲਾ ਕੇ ਪੱਗ ਬੰਨ੍ਹਣੀ ਸੁਪਨਾ ਹੋ ਗਈ ਸੀ ਪੰਜਾਬ ਦੇ ਗਭਰੂ ਨੂੰ । ਖੁੰਡੇ ਤੇਲ ਨਾਲ ਚੋਪੜੇ ਕਦੇ ਮੇਲਿਆਂ ਵਿਚ ਨਹੀਂ ਸਨ ਉੱਭਰੇ ਵੇਖੇ । ਜਵਾਨ ਦਾ ਦਿਲ ਮਧੋਲ ਸੁੱਟਿਆ ਸੀ ਪਿੰਡ ਦੇ ਚੋਧਰੀ ਤੇ ਹਾਕਮ ਇਲਾਕੇ ਦੇ ਨੇ ।

ਗੋਪੀਪੁਰ ਦੇ ਰਾਜੇ ਰਾਮ ਰਾਏ ਨੇ ਪੂਰਬੀ ਬੰਗਾਲ ਵਿਚ ਸਤਿਗੁਰਾਂ ਦੇ ਬੜੇ ਸ਼ਰਧਾਲੂ ਪੈਦਾ ਕਰ ਦਿੱਤੇ ਤੇ ਉਸ ਦਾ ਪੁੱਤਰ ਰਤਨ ਰਾਏ ਅਨੰਦਪੁਰ ਆਇਆ । ਉਹਦੇ ਨਾਲ ਉਹਦੀ ਮਾਤਾ ਵੀ ਸੀ । ਸ਼ਸਤਰ, ਘੋੜੇ ਤੇ ਅਸ਼ਰਫ਼ੀਆਂ ਭੇਟਾ ਕੀਤੀਆਂ ਤੇ ਨਾਲ ਇਕ ਹਾਥੀ ਸਫੇਦ ਰੰਗ ਦਾ ਬਲੋਰੀ ਭਾਅ ਮਾਰਦਾ । ਮਸਤ, ਦਰਸ਼ਨੀ ਹਾਥੀ ਸੀ । ਸਾਰੇ ਪੰਜਾਬ 'ਚ ਉਹਦਾ ਕੋਈ ਜੋੜ ਨਹੀਂ ਸੀ । ਲੋਕਾਂ ਦੀ ਜ਼ਬਾਨ ਨੇ ਉਹਦਾ ਨਾਂ ਪਰਸਾਦੀ ਪਾ ਦਿੱਤਾ । ਪਰਸਾਦੀ ਅਨੰਦਪੁਰ ਵਿਚ ਪਾਸੇ ਮਾਰ-ਮਾਰ ਕੇ ਤੁਰਦਾ ।

ਇਕ ਚਾਨਣੀ, ਤੰਬੂ ਸੁਨਹਿਰੀ ਸੋਨੇ ਜੜਿਆ ਕਾਬਲ ਦੇ ਇਕ ਸਿੱਖ ਨੇ ਆਣ ਚੜ੍ਹਾਇਆ ਜਿਨੇ ਵੇਖਿਆ —ਢਾਈ ਲੱਖ ਦਾ ਆਖਿਆ ।

ਅਨੰਦਪੁਰ ਵਿਚ ਇਕ ਚਾਨਣੀ, ਤੰਬੂ, ਹਾਥੀ, ਘੋੜਾ ਤੇ ਰਣਜੀਤ ਨਗਾਰਾ ਹੋਂਦਾ ਮੋਤੀਆਂ ਦਾ ਲੋਕ ਵੇਖਦੇ, ਅਸ਼-ਅਸ਼ ਕਰ ਉੱਠਦੇ । ਉਹਦੇ ਚਰਚੇ ਸਨ ਹੀ ਪਰ ਇਕ ਹੋਰ ਹੀਰੇ ਦੀ ਕਣੀ ਸੀ, ਜਿਦ੍ਹੇ ਤੇ ਸਾਰੇ ਹਾਕਮਾਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਸਨ ਉਹ ਸੀ :—

ਉੱਚੀਆਂ ਮਾੜੀਆਂ ਵਾਲੇ ਸਰਦਾਰਾਂ ਦੀ ਧੀ ।

ਅਜੇ ਕਲ੍ਹ ਛੋਕਰੀ ਸੀ । ਅੱਜ ਤਣ ਕੇ ਕਮਾਨ ਬਣ ਗਈ ਏ । ਮੜ੍ਹੀ ਢੋਲਕੀ ਵਰਗਾ ਗੱਠਿਆ ਸਰੀਰ । ਸਿਰ ਕਢਦਿਆਂ ਹੀ ਜਵਾਨ ਹੋ ਗਈ । ਹੁਸਨ ਨਿਖਰਿਆ, ਜਵਾਨੀ ਨੇ ਮੋਢੇ ਮਾਰੇ, ਚੁਗਲੀਆਂ ਕਰਦਾ ਉਭਾਰ ਸੈਨਤਾਂ ਮਾਰਨ ਲੱਗਾ ਹਰਨੀ ਨੂੰ ।

ਨੀਲੀਆਂ ਹਵੇਲੀਆਂ ਵਿਚੋਂ ਜਦ ਝਾਤੀ ਮਾਰੀ ਅਨੂਪ ਕੌਰ ਨੇ ਤੇ ਮਰਕਜ਼ ਬਣ ਗਈ ਸਾਰਿਆਂ ਦੀਆਂ ਨਜ਼ਰਾਂ ਦਾ ।

ਅਨੂਪ ਕੌਰ ਵੀ ਕੁਦਰਤ ਦੀ ਦੇਣ ਸੀ ਅਨੰਦਪੁਰ ਨੂੰ । ਅਨੂਪ ਕੌਰ ਨੇ ਇਕ ਅੰਗੜਾਈ ਲਈ ਤੇ ਸਾਰਾ ਪੰਜਾਬ ਡੋਲ ਗਿਆ ।

★

ਤਿੱਕੜੀ

੧੭੧

ਗੱਲ ਵਿਚੋਂ ਗੱਲ ਨਿਕਲੀ ਤੇ ਗੱਲ ਦਾ ਗਲਿਆਣ ਬਣ ਗਿਆ । ਆਖਣ ਨੂੰ ਤੇ ਖੰਭ ਸੀ ਪਰ ਖੰਭਾਂ ਦੀਆਂ ਡਾਰਾਂ ਤੁਰ ਪਈਆਂ । ਗਲੀ ਮਹੱਲਿਆਂ ਵਿਚ ਤਖ਼ਤ ਪੋਸ਼ ਤੇ ਜੁੜੀਆਂ ਮਜਲਸਾਂ ਵਿਚ, ਦਾਹਿਰੀਆਂ ਦੇ ਧੂੰਏਂ ਦੁਆਲੇ ਸ਼ਾਮੀਂ ਜੁੜੇ ਲੋਕਾਂ ਦੇ ਪਿੜ ਵਿਚ । ਗਲੀ-ਗਲੀ ਗੱਲ ਤੁਰੀ ਤੇ ਹਵੇਲੀਆਂ ਦੀਆਂ ਰਕਾਨਣਾਂ ਦੇ ਕੰਨੀਂ ਚੜ੍ਹ ਗਈ । ਚਰਖ਼ੇ ਦੇ ਤ੍ਰਿੰਞਣ ਵਿਚ ਤੇ ਕੱਚੀਆਂ ਦੰਦੀਆਂ ਵਾਲੇ ਮੁੰਡਿਆਂ ਨੇ ਕੰਨ ਡਾਹ ਕੇ ਕੰਨ-ਰਸ ਲਿਆ । ਗੱਲ ਪਹਿਲਾਂ ਹਰਮ ਵਿਚੋਂ ਨਿਕਲੀ ਤੇ ਫੇਰ ਮੂੰਹ ਜੋੜ-ਜੋੜ ਜ਼ਨਾਨੀਆਂ ਗੱਲੀਂ ਜੁੱਟ ਗਈਆਂ । ਵਿਚੋਂ ਗੱਲ ਕੁੱਝ ਨਹੀਂ ਸੀ ਪਰ ਗੱਲਾਂ ਗੱਲਾਂ ਚੋਂ ਪਹਾੜ ਬਣ ਗਈ । ਅਨੂਪ ਕੌਰ ਨੂੰ ਸਿਆਲਾਂ ਦੀ ਨੱਢੀ ਜੱਟੀ ਹੀਰ ਤੇ ਕਿਸੇ ਸੋਹਣੀ ਤੇ ਕਿਸੇ ਨੇ ਸਾਹਿਬਾਂ ਆਖ ਕੇ ਮਨ ਪ੍ਰਚਾਵੇ ਦਾ ਸਾਧਨ ਬਣਾ ਲਿਆ । ਪੰਜ ਫੁਲਾਂ ਰਾਣੀ ਆਖ ਕੇ ਕਿਸੇ ਨੇ ਦਿਲ ਠੰਡਾ ਕੀਤਾ । ਆਪੇ ਈ ਕਹਾਣੀਆਂ ਜੋੜਨ ਲੱਗ ਪਏ ਪਿੰਡ ਦੇ ਸ਼ੌਕੀਨ ਮੁੰਡੇ । ਰਾਤ ਦੀ ਨੀਂਦ ਹਰਾਮ ਹੋਈ ਹਰਮਾਂ ਦੀ ਖ਼ੁਸ਼ਬੂ ਸੁੰਘਣ ਵਾਲਿਆਂ ਦੀ । ਦਿਨ ਦੇ ਚੈਨ ਨੂੰ ਅੱਗ ਲੱਗ ਗਈ ।

ਸੁਰਮੇ ਦੀਆਂ ਸਲਾਈਆਂ ਸਾਰਿਆਂ ਈ ਪਾਈਆਂ ਪਰ ਬਹਾਦਰ ਉਹਨੂੰ ਜਾਣੀਏ ਜਿਹੜਾ

ਸੁਰਮਾ ਮਟਕਾ ਲਵੇ। ਤੇਲ ਲਾ ਲਾ ਕੇ ਸਾਰੇ ਗੱਭਰੂਆਂ ਨੇ ਪੱਟ ਲਿਸ਼ਕਾਏ, ਦੰਦ-ਕਥਾ ਬਣ ਗਈ ਅਨੂਪ ਕੌਰ ਦੀ ਜਵਾਨੀ। ਬਹਾਰਾਂ ਦੇ ਮਹਿਕਦੇ ਫੁੱਲ ਤੇ ਬੁਲਬੁਲਾਂ ਗੀਤ ਛੋਹੇ। ਮਨਚਲਿਆਂ ਆਖਿਆ, 'ਬੁਲਬੁਲੇ ਪੰਜਾਬ ਅਨੂਪ ਕੌਰ ਤਾਂ ਹੁਸਨ ਦੀ ਮਲਿਕਾ ਏ।' ਲਾਚੀਆਂ, ਮਹਿੰਦੀ ਰੰਗੀ ਦਾੜ੍ਹੀ ਤੇ ਤਿਰਚਾਵਲੀਆਂ ਲਬ੍ਹਾਂ, ਸਾਰੇ ਈ ਪਰ ਲਾ ਕੇ ਉੱਡਣਾ ਚਾਹੁੰਦੇ ਸਨ ਅਨੰਦਪੁਰ ਨੂੰ।

ਸ਼ੇਰ ਮੁਹੰਮਦ ਖ਼ਾਂ ਦਾ ਪੁੱਤ ਜਵਾਨ ਸੀ। ਏਸੇ ਈ ਮਲੇਰਕੋਟਲੇ ਦਾ ਨਵਾਬ ਬਣਨਾ ਸੀ। ਭਾਵੇਂ ਤਾਏ ਚਾਚੇ ਸਨ ਪਰ ਸ਼ੇਖ਼ ਮੁਹੰਮਦ ਖ਼ਾਂ ਨੇ ਉਹਨੂੰ ਵਲੀਅਹਿਦ ਬਣਾ ਦਿੱਤਾ ਸੀ। ਏਸੇ ਲਈ ਹੀ ਇਹ ਮਨਜ਼ੂਰੇ-ਨਜ਼ਰ ਸੀ ਸਾਰੇ ਮਲੇਰ ਕੋਟਲੇ ਦਾ। ਅਨੂਪ ਕੌਰ ਦੀ ਉੱਡਦੀ-ਉੱਡਦੀ ਸ਼ੁਹਰਤ ਉਸ ਵੀ ਸੁਣੀ ਸੀ। ਸੁਪਨਿਆਂ ਦੇ ਪੰਘੂੜਿਆਂ ਵਿਚ ਉਸ ਵੀ ਕਈ ਰਾਤਾਂ ਕੱਟੀਆਂ ਸਨ। ਆਰਸੀ ਉਸ ਵੀ ਘੜਾ ਰੱਖੀ ਸੀ। ਮੁੰਦਰੀ ਵਿਚ ਓਸ ਥੇਵਾ ਜੜਿਆ ਹੋਇਆ ਸੀ ਆਪਣੇ ਨਾਂ ਦਾ। ਝਾਂਜਰਾਂ ਵਿਚ ਮੋਤੀ ਪਰੋਏ ਹੋਏ ਸਨ ਸ਼ੁਕੀਨ ਨੇ ਕਿਸੇ ਸ਼ੁਕੀਨਣ ਲਈ। ਇਹ ਸਾਰੇ ਚਾਅ ਉਸ ਦਿਲ ਦੀ ਡੱਬੀ ਵਿਚ ਲੁਕੋ ਕੇ ਸਾਂਭੇ ਹੋਏ ਸਨ।

ਇਕ ਦਿਨ ਅੰਬੜੀ ਨੂੰ ਆਖਣ ਲੱਗਾ ਕਿ ਮੈਂ ਸਰਹਿੰਦ ਜਾਣਾ ਹੈ। ਸ਼ਾਇਦ ਦੋ ਚਾਰ ਦਿਨ ਲੱਗ ਜਾਣ, ਅੱਬਾ ਜਾਨ ਨੂੰ ਦੱਸ ਦੇਣਾ।

"ਬੇਟਾ! ਤੂੰ ਆਪਣੇ ਅੱਬਾ ਨੂੰ ਆਪ ਕਿਉਂ ਨਹੀਂ ਆਖਦਾ।"

'ਆਖਣ ਦੀ ਜੁਰਅਤ ਈ ਨਹੀਂ ਪੈਂਦੀ। ਜੇ ਮੈਂ ਆਖਿਆ ਤੇ ਉਹਨਾਂ ਨਾਂਹ ਕਰ ਦਿੱਤੀ ਫਿਰ ਅੱਬਾ ਤੋਂ ਹਾਂ ਕਰਵਾਉਣੀ ਮਾਂ ਤੇਰੇ ਵੀ ਵੱਸ ਦੀ ਗੱਲ ਨਹੀਂ।"

"ਹੈ ਤੇ ਸੱਚ ਬੇਟਾ! ਪਰ ਇਜਾਜ਼ਤ ਲੈਣੀ ਵੀ ਜ਼ਰੂਰੀ ਹੈ। ਖ਼ਾਂ ਸਾਹਬ-ਨਰਾਜ਼ ਵੀ ਹੋ ਸਕਦੇ ਹਨ। ਫਿਰ ਉਹਨਾਂ ਦੇ ਗ਼ੁੱਸੇ ਦੀ ਤਾਬ ਕੌਣ ਲਾਊ।"

"ਮਾਂ! ਜਦ ਤੂੰ ਇਹ ਸਾਰੀਆਂ ਗੱਲਾਂ ਜਾਣਦੀ ਏਂ ਤੇ ਫਿਰ ਮੈਨੂੰ ਕਿਉਂ ਅੱਬਾ ਜਾਨ ਦੇ ਸਾਹਮਣੇ ਪੇਸ਼ ਕਰਦੀ ਏਂ। ਮਾਂ ਮੇਰੇ ਯਾਰ ਚੱਲੇ ਹਨ ਤੇ ਮੈਂ ਵੀ ਚੱਲਿਆ ਹਾਂ। ਜਿਵੇਂ ਸਮਝੇਂ, ਸਮਝ ਲਵੀਂ। ਮੈਂ ਚੱਲਿਆ ਹਾਂ, ਮੇਰਾ ਘੋੜਾ ਤਿਆਰ ਏ ਸਲਾਮ ਅੰਮਾਂ।"

ਪੁੱਤ ਸ਼ੇਰ ਖ਼ਾਂ ਸਰਹਿੰਦ ਪੁੱਜ ਗਿਆ, ਵਜ਼ੀਰ ਖ਼ਾਂ ਦੇ ਛੋਕਰੇ ਨਾਲ ਉਹਦਾ ਯਰਾਨਾ ਸੀ। ਹਾਣ ਨੂੰ ਹਾਣ ਪਿਆਰਾ ਹੁੰਦਾ ਏ। ਜਦ ਦੋਵੇਂ ਸਲਾਹੀਂ ਪਏ ਤੇ ਦੋਹਾਂ ਨੇ ਘੋੜਿਆਂ ਤੇ ਕਾਠੀਆਂ ਪਾ ਲਈਆਂ। ਦੁੜਕੀ ਪੈ ਗਏ ਦੋਵਾਂ ਦੇ ਘੋੜੇ। ਸਰਹਿੰਦ ਦੀਆਂ ਹਵੇਲੀਆਂ ਅੱਖਾਂ ਤੋਂ ਲਾਂਭੇ ਹੋ ਗਈਆਂ। ਦੋਵਾਂ ਦੇ ਘੋੜੇ ਇਕ ਤੋਂ ਵੱਧ ਸਨ। ਦੋਵੇਂ ਅਰਬੀ ਨਸਲ ਦੇ ਸਨ। ਦਰਸ਼ਨੀ ਘੋੜਿਆਂ ਨੂੰ ਵੇਖ ਕੇ ਹਰ ਆਦਮੀ ਦੇ ਮੂੰਹ ਵਿਚ ਲਾਲ੍ਹਾਂ ਟਪਕ ਪੈਂਦੀਆਂ। ਚੰਗੇ ਘੋੜਿਆਂ ਦੇ ਸਾਰੇ ਹੀ ਗਾਹਕ ਸਨ। ਹੱਥ ਤੇ ਹੱਥ ਮਾਰ ਕੇ, ਲੈ ਕੇ ਉੱਡ ਜਾਣਾ ਚਾਹੁੰਦੇ ਸਨ। ਦੁੜਕੇ ਪਏ ਘੋੜਿਆਂ ਨੇ ਉਥੇ ਈ ਆਣ ਕੇ ਸਾਹ ਲਿਆ ਜਿੱਥੇ ਹੱਦ ਮੁਕਦੀ ਸੀ ਸਰਹਿੰਦ ਦੀ।

ਵਜ਼ੀਰ ਖ਼ਾਂ ਦਾ ਪੁੱਤ ਬੋਲਿਆ: "ਕਿੱਧਰ ਜਾਣਾ ਹੈ।"

'ਜਾਣਾ ਤਾਂ ਅਨੰਦਪੁਰ ਏ ਪਰ ਕੱਲਿਆ ਡਰ ਆਉਂਦੇ।" ਬੋਲ ਸਨ ਸ਼ੇਰ ਮੁਹੰਮਦ ਖ਼ਾਂ ਦੇ ਪੁੱਤ ਦੇ।

'ਡਰ ਕਾਹਦਾ ਏ, ਆਖਾਂਗੇ, ਘੋੜੇ ਵੇਚਣ ਆਏ ਹਾਂ। ਰਕਮ ਵੱਟਾਂਗੇ ਤੇ ਘਰ ਆ ਜਾਵਾਂਗੇ। ਦਾਅ ਲੱਗਾ ਤਾਂ ਅੱਖਾਂ ਸੇਕ੍ਹ ਲਵਾਂਗੇ। ਨਹੀਂ ਤੇ ਮੌਜ-ਮੇਲਾ ਈ ਸਹੀ।" ਵਜ਼ੀਰ ਖ਼ਾਂ ਦੇ ਪੁੱਤਰ ਨੇ ਸਲਾਹ ਦਿੱਤੀ।

"ਉਥੇ ਖੁੰਭ ਵੀ ਠੱਪੀ ਜਾਂਦੀ ਏ। ਕੰਨ ਖਿੱਚ-ਖਿੱਚ ਕੇ ਛਿੱਤਰ ਥੋਹਰ ਬਣਾ ਦਿੰਦੇ ਹਨ।" ਡਰਦਾ ਸੀ ਸ਼ੇਰ ਖ਼ਾਂ ਦਾ ਪੁੱਤਰ।

"ਕਿਹੜੀ ਸ਼ੇਖ਼ੀ ਨੂੰ ਘਰੋਂ ਤੁਰਿਆ ਸੈਂ, ਜੇ ਮਗਰੋਂ ਇਹੋ ਕੁਝ ਕਰਨਾ ਸੀ।"

"ਪਈ ਹੁਣ ਤੇ ਆ ਗਏ ਹਾਂ। ਹੁਣ ਤੇ ਹੱਦ ਨੂੰ ਹੱਥ ਲਾ ਕੇ ਈ ਮੁੜਨਾ ਏ। ਭਾਵੇਂ ਘਰ ਆ ਕੇ ਟਕੋਰਾਂ ਈ ਕਰਨੀਆਂ ਪੈਣ। ਅਨੰਦਪੁਰ ਵੇਖ ਕੇ ਘਰ ਮੁੜਨਾ ਏ।" ਆਖਣ ਵਾਲਾ ਸ਼ੇਰ ਮੁਹੰਮਦ ਖ਼ਾਂ ਦਾ ਪੁੱਤ ਸੀ।

ਵਜ਼ੀਰ ਖ਼ਾਂ ਦੇ ਪੁੱਤ ਨੂੰ ਇਕ ਗੱਲ ਅਹੁੜੀ, ਝੱਟ ਹੀ ਬੋਲ ਪਿਆ। ਆਖਣ ਲੱਗਾ, "ਯਾਰ ਜੇ ਅਸੀਂ ਕਹਿਲੂਰ ਦੇ ਰਾਜੇ ਦੇ ਪੁੱਤ ਨੂੰ ਨਾਲ ਲੈ ਚਲੀਏ ਤਾਂ ਫੇਰ ਸੱਤੇ ਈ ਖ਼ੈਰਾਂ ਨੇ। ਸਾਡੀ ਕੋਈ ਵਾਅ ਵੱਲ ਨਹੀਂ ਵੇਖ ਸਕਦਾ।"

'ਬਈ ਖ਼ੂਬ, ਬੜੀ ਮਜ਼ੇ ਦੀ ਕਾਢ ਏ। ਚੱਲ ਮੋੜ ਘੋੜਾ, ਅਨੰਦਪੁਰ ਹੁਣ ਤਿੱਕੜੀ ਜਾਏਗੀ।" ਘੋੜੇ ਮੋੜ ਲਏ ਕਹਿਲੂਰ ਵੱਲ। ਦਿਲ ਵਿਚ ਚਾਅ ਸੀ ਸੋਹਣੀ ਨੂੰ ਵੇਖਣ ਦਾ। ਦੋਵੇ ਤੁਰ ਪਏ ਤੀਜੇ ਨੂੰ ਲੱਭਣ।

ਸ਼ੇਰ ਖ਼ਾਂ ਮੁਹੰਮਦ ਦੇ ਪੁੱਤ ਨੇ ਘੋੜੇ ਦੀ ਵਾਗ ਨੂੰ ਜ਼ਰਾ ਥੰਮ੍ਹਿਆ ਤੇ ਆਖਣ ਲੱਗਾ, "ਯਾਰ ਅੱਬਾ ਜਾਨ ਨੇ ਹਰਮ ਵਿਚ ਥਾਂ-ਥਾਂ ਦੀਆਂ ਬੇਗਮਾਂ ਇਕੱਠੀਆਂ ਕਰ ਲਈਆਂ ਨੇ, ਹੋਰ ਇਕੱਠੀਆਂ ਕਰਕੇ ਮੋੜ੍ਹ ਥੋੜ੍ਹੀ ਪਾਉਣੀ ਏ। ਹੁਣ ਤੇ ਸਾਨੂੰ ਮੌਕਾ ਮਿਲਣਾ ਚਾਹੀਦੈ। ਜੁਆਨ ਰੰਨਾਂ ਜੁਆਨਾਂ ਮੁੰਡਿਆਂ ਦਾ ਜੋੜ ਹਨ। ਪਤਾ ਨਹੀਂ ਇਹ ਬੁੱਢੇ ਖਹਿੜੇ ਈ ਨਹੀਂ ਛੱਡਦੇ।"

"ਛੱਡਣ ਕਿਉਂ? ਤਖ਼ਤ ਦਾ ਮਜ਼ਾ ਏ। ਮੈਨੂੰ ਤੇ ਇਉਂ ਜਾਪਦਾ ਏ ਜਿੱਦਾਂ ਇਨ੍ਹਾਂ ਦਾ ਜਨਾਜ਼ਾ ਵੀ ਬੇਗਮਾਂ ਨੇ ਈ ਚੁੱਕਣਾ ਏ। ਪੁੱਤ ਗਿਣਿਆਂ ਤੇ ਮੁੱਕਦੇ ਨਹੀਂ ਪਰ ਜਨਾਜ਼ੇ ਵੇਲੇ ਸ਼ਾਇਦ ਕੋਈ ਨਾ ਲੱਭੇ. ਉਨ੍ਹਾਂ ਨੂੰ ਆਪਣੀ ਭਾਜੜ ਪਈ ਹੋਣੀ ਏ। ਮੈਂ ਨਵਾਬ ਬਣਾਂ ਦੂਜਾ ਕਿਉਂ ਬਾਜ਼ੀ ਲੈ ਜਾਏ। ਮੈਂ ਖ਼ੁਤਬਾ ਪੜ੍ਹਾ ਲਵਾਂ ਆਪਣੇ ਨਾਂ ਦਾ। ਪਿਓ ਦਾ ਜਨਾਜ਼ਾ ਚੁਕਿਆ ਈ ਜਾਊ। ਲੈਣ ਦਿਓ ਐਸ਼ ਜਿੰਨੇ ਦਿਨ ਹਨ ਜਦੋਂ ਸਾਡੀ ਵਾਰੀ ਆਏਗੀ ਅਸੀਂ ਵੀ ਬੁਲ੍ਹੇ ਲੁੱਟ ਲਵਾਂਗੇ। ਏਸ ਕੰਮ ਲਈ ਆਲਮਗੀਰ. ਸਭ ਤੋਂ ਮੋਹਰੀ ਰਿਹਾ ਉਸ ਨੇ ਸਾਰਿਆਂ ਦਾ ਫਾਹ ਵੱਢ ਦਿੱਤਾ ਤੇ ਆਪਣੇ ਦਿਲ ਦੀਆਂ ਰੀਝਾਂ ਲਾਹ ਕੇ ਵੇਖ ਲਈਆਂ ਨੇ। ਕੌਣ ਏ ਜੋ ਮੋੜੇ। ਦਾਰਾ ਵੱਡਾ ਭਰਾ ਸੀ। ਹਾਥੀ ਦੇ ਪੈਰ ਨਾਲ ਬੰਨ੍ਹ ਕੇ ਕੁਚਲ ਦਿੱਤਾ। ਪਿਓ ਨੂੰ ਕੈਦਖ਼ਾਨੇ ਵਿਚ ਪਾ ਕੇ ਬੋਲਣ ਦੀ ਵੀ ਇਜਾਜ਼ਤ ਨਾ ਦਿੱਤੀ। ਐਵੇਂ ਨਹੀਂ ਜਵਾਨੀ ਹੰਢਾਈ ਜਾਂਦੀ, ਕਿਸੇ ਨਾ ਕਿਸੇ ਦੀ ਰੱਤ ਦਾ ਕੁੱਜ੍ਹ ਪੀਣਾ ਈ ਪੈਂਦੈ। ਇਕ ਹੱਥ ਵਿਚ ਤਸਬੀ ਤੇ ਦੂਜੇ ਹੱਥ ਵਿਚ ਗੁਲਾਬ ਤੇ ਅੱਤਰ ਦੇ ਫੰਭੇ। ਸੇਜਾਂ ਮਾਣੋ ਤੇ ਜਵਾਨੀ ਦਾ ਆਨੰਦ ਲੁੱਟੋ। ਇਹੋ ਈ ਜ਼ਿੰਦਗੀ ਏ। ਆਨੰਦਪੁਰ ਚੱਲੇ ਓ। ਜਿਹਨੂੰ ਉਹ ਭਾਗ ਭਰੀ ਪਸੰਦ ਕਰ ਲਏ. ਉਹੋ ਲਾੜਾ ਬਣ ਜਾਏ ਤੇ ਦੂਜਾ ਭਾਬੀ ਬਣਾ ਕੇ ਇਸ਼ਕ ਲੁੱਟੇ। ਕਹਿਲੂਰ ਦਾ ਸਾਹਿਬਜ਼ਾਦਾ ਤਾਂ ਐਵੇਂ ਭਾੜੇ ਦਾ ਟੱਟੂ ਏ। ਸਾਡੇ ਹੁੰਦਿਆਂ ਉਹ ਕਿਸ ਤਰ੍ਹਾਂ ਮੁੱਛ ਨੂੰ ਮਰੋੜਾ ਦੇ ਸਕਦਾ ਏ। ਜੇ ਉਸ ਦੀ ਦਾਲ ਗਲ ਗਈ ਤੇ ਫਿਰ ਸਾਡਾ ਜਿਊਣਾ ਈ ਕੁਝ ਨਹੀਂ। ਸਾਡੇ ਨਾਲ ਕੋਈ ਜ਼ਰੂਰ ਜਾਣਾ ਚਾਹੀਦਾ ਏ, ਸੂਬੇ ਦਾ ਪੁੱਤ ਹਾਂ। ਕੋਈ ਮਖ਼ੌਲ ਥੋੜੈ?"

"ਮੇਲੇ 'ਚ ਚੱਕੀ ਰਾਹ ਨੂੰ ਕੌਣ ਪੁੱਛਦਾ ਏ। ਉਹਦੀ ਕੀ ਔਕਾਤ ਏ। ਕਹਿਲੂਰ ਸਾਡੀ ਛਤਰ ਛਾਂ ਥੱਲੇ ਵਸਦਾ ਏ।"

ਘੋੜਿਆਂ ਨੂੰ ਅੱਡੀ ਲਾਈ ਚੱਲੋ। ਐਹ ਕਹਿਲੂਰ ਦੇ ਰੁੱਖ ਨਜ਼ਰ ਆਉਣ ਲੱਗ ਪਏ ਨੇ। ਕਹਿਲੂਰ ਚੱਲੋ ਤੇ ਉਹਨੂੰ ਆਪਣਾ ਆੜੀ ਬਣਾ ਲਓ। ਆਖੋ ਚੱਲ ਤੂੰ ਸਾਡੇ ਨਾਲ। ਅਸੀਂ ਤੈਨੂੰ ਲੈ ਕੇ ਦਿੰਦੇ ਹਾਂ ਅਨੂਪ ਕੌਰ। ਭਾਬੀ ਬਣਾ ਕੇ ਰੱਖ। ਸਾਡੇ ਹੁੰਦਿਆਂ ਉਹ ਕੌਣ ਹਨ ਤੁਹਾਡੀ ਪਾਲਕੀ ਮੋੜਨ ਵਾਲੇ। ਉਹ ਜਾਣਦੇ ਨਹੀਂ ਸਰਹਿੰਦ ਦੇ ਸੂਬੇ ਨੂੰ, ਫੂਕ ਕੇ ਰੱਖ ਦੇਊ। ਇੱਟ ਨਾਲ ਇੱਟ

ਖੜਕਾ ਦੇਊ। ਇਕ ਅਨੂਪ ਕੌਰ ਕੀ, ਹੋਰ ਵੀ ਚਾਰ ਪਾਲਕੀਆਂ ਵਿਚ ਬਿਠਾ ਕੇ ਲਿਆਵਾਂਗੇ, ਅਸੀਂ ਪਠਾਣ ਹਾਂ। ਸਾਡੇ ਨਾਲ ਆਕੜ ਕੇ ਕਿਥੇ ਜਾਣਗੇ ਇਹ ਆਨੰਦਪੁਰ ਦੇ ਸਿੱਖ। ਅਸੀਂ ਇਕ-ਇਕ ਕਰਕੇ ਚੁਣ ਲਵਾਂਗੇ। ਆਲਮਗੀਰ ਦੇ ਦਿੱਲੀ ਦੇ ਤਖ਼ਤ ਤੇ। ਜਿਸ ਨੇ ਇਸਲਾਮ ਦਾ ਨਾਂ ਲੈ ਕੇ ਭਰਾਵਾਂ ਦੀਆਂ ਰੱਤਾਂ ਪੀ ਲਈਆ। ਆਲਮਗੀਰ ਦੇ ਜ਼ਰਾ ਕੰਨ ਭਰਨ ਦੀ ਲੋੜ ਏ। ਖੋਜ ਖੁਰਾ ਨਹੀਂ ਰਹਿਣ ਦੇਣ ਲੱਗਾ। ਜੇ ਸਾਡਾ ਹੁਣ ਦਾਅ ਨਾ ਲੱਗਾ, ਉਦੋਂ ਹਰਮ ਸਜਾ ਲਵਾਂਗੇ। ਅਸੀਂ ਕਿਹੜੇ ਅਜੇ ਬੁੱਢੇ ਹੋ ਚੱਲੇ ਹਾਂ। ਪਰ ਯਾਰ ਅਸਾਂ ਔਤਰੀ ਪਿਓ ਦੇ ਮਾਲ ਤੇ ਹੱਥ ਮਾਰ ਲੈਣਾ ਏ। ਜਵਾਨ ਅਸੀਂ ਹਾਂ। ਸਾਨੂੰ ਲੋੜ ਏ ਖ਼ੂਬਸੂਰਤ ਔਰਤ ਦੀ। ਵਜ਼ੀਰ ਖ਼ਾਂ ਦਾ ਪੁੱਤ ਬੁਲ੍ਹਾਂ ਤੇ ਜੀਭ ਫੇਰ ਰਿਹਾ ਸੀ।

ਗੱਲਾਂ ਬਾਤਾਂ ਵਿਚ ਕਹਿਲੂਰ ਆ ਗਿਆ।

ਭੀਮ ਚੰਦ ਦਾ ਦੂਜੀ ਥਾਂ ਦਾ ਪੁੱਤ ਰਾਮ ਚੰਦ ਸੀ। ਆੜੀ ਸੀ ਸਰਹਿੰਦ ਤੇ ਮਲੇਰ ਕੋਟਲੇ ਦੇ ਛੋਕਰਿਆਂ ਦਾ। ਸਰਹਿੰਦ ਜਾ ਕੇ ਮੌਜ ਮੇਲਾ ਲੁੱਟ ਲਿਆ ਕਰਦਾ ਸੀ। ਉਹਨਾਂ ਦੀ ਜੁੰਡੀ ਦਾ ਇਕ ਮੋਹਰਾ। ਆਖਣ ਨੂੰ ਈ ਹਿੰਦੂ ਸੀ ਪਰ ਮੁਸਲਮਾਨਾਂ ਦਾ ਉਹਦੇ ਤੇ ਬੜਾ ਪ੍ਰਭਾਵ ਸੀ। ਰਹਿਣੀ-ਬਹਿਣੀ ਮੁਸਲਮਾਨਾਂ ਵਰਗੀ ਸੀ। ਉਹਦੇ ਤੇ ਮੁਸਲਮਾਨ ਵਿਚ ਰੱਤੀ ਜਿੰਨਾ ਫ਼ਰਕ ਨਹੀਂ ਸੀ, ਵਾਹਵਾ ਸੁਰ ਰਲੀ ਹੋਈ ਸੀ।

ਜਿਵੇਂ ਢਾਣੀ ਵਿਚ ਕੋਈ ਰੁਮਾਲ ਦਾ ਇਸ਼ਾਰਾ ਕਰਕੇ ਆਪਣੇ ਹਾਣੀ ਨੂੰ ਬੁਲਾ ਲੈਂਦਾ ਹੈ। ਏਸੇ ਤਰ੍ਹਾਂ ਉਨ੍ਹਾਂ ਵੀ ਬੁਲਾਰੇ ਦੀ ਤੰਦ ਦੱਬੀ ਤੇ ਰਾਮ ਚੰਦ ਏਸ ਤਰ੍ਹਾਂ ਉਨ੍ਹਾਂ ਕੋਲ ਆ ਗਿਆ, ਜਿਵੇਂ ਸੈਨਤਾਂ ਨਾਲ ਬੁਲਾਉਣ ਮੁੰਡੇ ਆਪਣੇ ਲੰਗੋਟੀਏ ਨੂੰ।

"ਚੱਲ-ਚੱਲੀਏ! ਛੇਤੀ ਕਰ, ਵਕਤ ਥੋੜ੍ਹਾ ਏ। ਤੈਨੂੰ ਸੱਦਣ ਆਏ ਹਾਂ। ਅਜੇ ਤੂੰ ਖਲੋਤਾ ਈ ਹੋਇਐਂ। ਘੋੜਾ ਲਿਆ ਤੇ ਸਾਡੇ ਨਾਲ ਪੰਧੀਏ ਪਾਊ। ਰਾਤੀਂ ਅਸੀਂ ਪੁੱਜਣਾ ਏ ਤੇ ਕਲ੍ਹ ਫਿਰ ਜਸ਼ਨ ਹੋਵੇਗਾ।" ਵਜ਼ੀਰ ਖ਼ਾਂ ਦੇ ਪੁੱਤ ਨੇ ਅੱਡੇ ਚਾੜ੍ਹ ਲਿਆ ਰਾਮ ਚੰਦ।

ਪਰ ਫਿਰ ਵੀ ਕੋਈ ਰਾਹ ਖੋਹੜਾ, ਥਾਂ-ਥਿੱਤ, ਕੋਈ ਰਾਹ ਦੀ ਖ਼ਰਚੀ ਪੱਲੇ ਬੰਨ੍ਹ ਲਈਏ। ਰਾਮ ਚੰਦ ਨੇ ਜ਼ੁਬਾਨ ਖੋਲ੍ਹੀ।

"ਘੋੜਾ ਲਿਆ। ਸਾਡੇ ਪਾਸ ਕਾਫ਼ੀ ਮਾਲ ਏ। ਜਿੰਨਾ ਜੀ ਚਾਹੇ ਖ਼ਰਚ ਕਦੀਂ ਅਸੀਂ ਸੂਬੇਦ੍ਹੇ ਪੁੱਤ ਆਂ ਕੋਈ ਯਤੀਮ ਥੋੜ੍ਹੇ ਹਾਂ।" ਰੋਅਬ ਪਾ ਲਿਆ ਉਸ ਮਲੂਕੜੇ ਜਿਹੇ ਮੁੰਡੇ ਤੇ।

ਰਾਮ ਚੰਦ ਨੇ ਘੋੜੇ ਤੇ ਪਲਾਕੀ ਮਾਰੀ ਤੇ ਤ੍ਰਿੱਕੜੀ ਦੇ ਘੋੜੇ ਹਵਾ ਨਾਲ ਗੱਲਾਂ ਕਰਨ ਲੱਗ ਪਏ ਤੇ ਉਨ੍ਹਾਂ ਆਨੰਦਪੁਰ ਦੀ ਆ ਕੇ ਸਾਹ ਲਿਆ।

"ਕੌਣ ਓ? ਤੇ ਕਿਥੋਂ ਆਏ ਓ? ਕੀ ਕੰਮ ਏ?" ਇਕ ਗੁਰਮੁਖ ਸਿੰਘ ਨੇ ਜ਼ਰਾ ਕੁ ਸ਼ੱਕੀ ਨਜ਼ਰ ਨਾਲ ਵੇਖਿਆ।

"ਅਸੀਂ ਘੋੜਿਆਂ ਦੇ ਸੌਦਾਗਰ ਹਾਂ ਤੇ ਸਾਨੂੰ ਪਤਾ ਲੱਗਾ ਹੈ ਕਿ ਤੁਹਾਡੇ ਗੁਰੂ ਘੋੜਿਆਂ ਦੇ ਬੜੇ ਕਦਰਦਾਨ ਹਨ। ਏਸੇ ਲਈ ਆਨੰਦਪੁਰ ਆਏ ਹਾਂ। ਦਰਸ਼ਨ ਕਰਨ ਦਾ ਖ਼ਿਆਲ ਏ।" ਆਵਾਜ਼ ਸੀ ਸ਼ੇਰ ਮੁਹਮਦ ਖ਼ਾਂ ਦੇ ਪੁੱਤ ਦੀ।

"ਚਲੋ ਮਹਾਰਾਜ! ਸੱਚਾ ਦਰਬਾਰ ਹਰ ਇਕ ਲਈ ਖੁੱਲ੍ਹਾ ਏ। ਉਥੇ ਵਿਤਕਰਾ ਨਹੀਂ ਮਜ਼੍ਹਬ ਦਾ, ਨਾ ਹੀ ਉਥੇ ਛੋਟੇ-ਵੱਡੇ ਦੀ ਕੋਈ ਬਹੁਤੀ ਪੁੱਛ ਗਿੱਛ ਹੀ ਏ। ਸਭ ਇਕੋ ਜਿਹੇ ਹਨ। ਸਭ ਖ਼ੁਦਾ ਦੇ ਬੰਦੇ ਹਨ। ਚਲੋ ਤੁਸੀਂ ਆਪਣੇ ਮਨ ਦੀਆਂ ਮੁਰਾਦਾਂ ਪਾ ਲਓ।" ਸਤਿਗੁਰੂ ਦਾ ਸ਼ਰਧਾਲੂ ਆਖਣ ਲੱਗਾ।

ਘੋੜਿਆਂ ਦੀਆਂ ਲਗਾਮਾਂ ਫੜੀ ਤਿੰਨੇ ਗੁਰ ਸਿੱਖ ਦੇ ਪਿਛੇ-ਪਿਛੇ ਤੁਰ ਪਏ।

ਦੀਵਾਨ ਸਜਿਆ ਹੋਇਆ ਸੀ। ਸਲਾਮਾਂ ਕੀਤੀਆਂ ਤਿੰਨਾਂ ਜਣਿਆਂ ਨੇ ਤੇ ਅਰਜ਼ ਕੀਤੀ, "ਅਸੀਂ ਘੋੜਿਆਂ ਦੇ ਸੌਦਾਗਰ ਹਾਂ। ਬੜਾ ਨਾਂ ਸੁਣ ਕੇ ਆਏ ਹਾਂ। ਇਹ ਤਿੰਨ ਘੋੜੇ ਨਮੂਨੇ ਦੇ

ਹਨ, ਅਰਬੀ ਨਸਲਾਂ ਦੇ ਘੋੜੇ ਅੱਗੇ ਅਸੀਂ ਸਰਹੰਦ ਵੇਚਿਆ ਕਰਦੇ ਸਾਂ। ਐਤਕੀਂ ਵੇਚਣੀ ਕਰਨ ਦਾ ਖ਼ਿਆਲ ਏ ਆਨੰਦਪੁਰ ਦੇ ਮਾਲਕਾਂ ਦੀ।" ਵਜ਼ੀਰ ਖ਼ਾਂ ਦਾ ਪੁੱਤ ਘੋੜਿਆਂ ਦਾ ਸੌਦਾਗਰ ਬਣਿਆ ਹੋਇਆ ਸੀ।

"ਕੀ ਲੈਣਾ ਸੌਦਾਗਰੋ ਇਨ੍ਹਾਂ ਤਿੰਨਾਂ ਘੋੜਿਆਂ ਦਾ?" ਸਾਹਿਬ ਗੁਰੂ ਗੋਬਿੰਦ ਸਿੰਘ ਨੇ ਫ਼ਰਮਾਇਆ।

"ਪੰਦਰਾਂ ਸੌ ਮੋਹਰ। ਇਕ ਵੀ ਘੱਟ ਨਹੀਂ ਲੈਣੀ। ਇਹਦੇ ਨਾਲ ਦੇ ਘੋੜੇ ਸਾਰੇ ਪੰਜਾਬ ਵਿਚੋਂ ਨਹੀਂ ਲੱਭ ਸਕਦੇ। ਅਸਾਂ ਚੁਣ ਕੇ ਮਹਾਰਾਜ ਤੁਹਾਡੇ ਲਈ ਇਹ ਤੋਹਫ਼ੇ ਆਂਦੇ ਹਨ।" ਸ਼ੇਰ ਮੁਹੰਮਦ ਖ਼ਾਂ ਦੇ ਪੁੱਤ ਨੇ ਅਰਜ਼ ਗੁਜ਼ਾਰੀ।

ਪੰਦਰਾਂ ਸੌ ਮੋਹਰਾਂ ਉਨ੍ਹਾਂ ਦੀ ਝੋਲੀ ਵਿਚ ਪਾ ਦਿੱਤੀਆਂ ਸਤਿਗੁਰਾਂ ਨੇ ਤੇ ਸਿੰਘਾਂ ਨੂੰ ਆਖਿਆ, "ਇਨ੍ਹਾਂ ਨੂੰ ਲੰਗਰ ਵਿਚ ਲੈ ਜਾਓ ਤੇ ਪ੍ਰਸ਼ਾਦੇ ਛਕਾਓ। ਅੱਜ ਏਥੇ ਈ ਆਰਾਮ ਕਰਨ। ਕੱਲ੍ਹ ਆਪਣੀ-ਆਪਣੀ ਜਗ੍ਹਾ ਤੇ ਚਲੇ ਜਾਣਗੇ। ਥੱਕੇ ਟੁੱਟੇ ਹਨ ਰਾਣਾਂ ਦੇ ਪੁੱਤ। ਆਰਾਮ ਦੀ ਲੋੜ ਏ। ਬੜੀਆਂ ਸੱਧਰਾਂ ਲੈ ਕੇ ਆਏ ਹਨ। ਵਾਹਿਗੁਰੂ ਇਨ੍ਹਾਂ ਨੂੰ ਭਾਗ ਲਾਏ। ਆਨੰਦਪੁਰ ਦੀਆਂ ਗਲੀਆਂ ਇਨ੍ਹਾਂ ਦੀ ਇੰਤਜ਼ਾਰ ਕਰ ਰਹੀਆਂ ਸਨ।" ਮਹਾਰਾਜ ਆਖ ਕੇ ਆਪਣੇ ਕਾਰਜ ਲਗ ਗਏ।

ਘੋੜੇ ਵੇਚ ਕੇ ਸੌਂ ਗਏ ਤਿੰਨੇ ਜਣੇ। ਸ਼ਾਮਾਂ ਪਈਆਂ ਤੇ ਨਿਕਲੇ ਬਾਂਕੇ ਆਨੰਦਪੁਰ ਦੀਆਂ ਗਲੀਆਂ ਦੀ ਭਾਲ ਵਿਚ।

"ਨੀਲੀਆਂ ਹਵੇਲੀਆਂ ਵਾਲੇ ਸਰਦਾਰ ਕਿਥੇ ਰਹਿੰਦੇ ਹਨ?" ਇਕ ਆਖਣ ਲੱਗਾ।

"ਆਨੰਦਪੁਰ ਦੀ ਸੱਜੀ ਬਾਹੀ" ਆਵਾਜ਼ ਸੀ ਇਕ ਸਿੱਖ ਦੀ।

"ਇਹੋ ਈ ਰਾਹ ਜਾਂਦਾ ਏ ਨਾ?"

"ਹਾਂ।"

ਨੀਲੀਆਂ ਹਵੇਲੀਆਂ ਆ ਗਈਆਂ ਸਨ ਪਰ ਉਨ੍ਹਾਂ ਨੂੰ ਜੋ ਚਾਹੀਦਾ ਸੀ, ਉਹ ਨਾ ਨਜ਼ਰੀਂ ਪਿਆ।

ਰੋਸ਼ਨਦਾਨ ਤਾਂ ਨਜ਼ਰ ਆਏ ਪਰ ਰੋਸ਼ਨਦਾਨਾਂ ਵਾਲੀ ਕਿਤੇ ਨਜ਼ਰ ਨਾ ਆਏ।

"ਸਾਹ ਲਓ! ਕਾਹਲੇ ਕਿਉਂ ਪੈ ਗਏ ਓ? ਆ ਜਾਏਗੀ ਨਜ਼ਰ। ਜਾਣਾ ਕਿਥੇ ਸੂ? ਅਸੀਂ ਹੁਣ ਵੇਖ ਕੇ ਈ ਜਾਵਾਂਗੇ ਭਾਵੇਂ ਕੁਝ ਵੀ ਹੋ ਜਾਏ।" ਸ਼ੇਰ ਮੁਹੰਮਦ ਖ਼ਾਂ ਦੇ ਪੁੱਤ ਨੇ ਮਰੋੜਾ ਦਿੱਤਾ ਮੁਛ ਨੂੰ।

"ਅਨੂਪ ਕੌਰ ਦੀ ਭਾਲ ਕਰ ਰਹੇ ਓ ਪਹਿਲਾਂ ਦੱਸਣਾ ਸੀ। ਮੈਂ ਵੀ ਕੋਈ ਜੁਗਾੜ ਕਰਕੇ ਆਉਂਦਾ। ਬੜੀ ਖ਼ੂਬਸੂਰਤ ਏ। ਪੰਜਾਬ ਤੇ ਕੀ, ਸਾਰੇ ਹਿੰਦੁਸਤਾਨ ਵਿਚ ਉਹਦਾ ਕੋਈ ਸਾਨੀ ਨਹੀਂ। ਸੰਗਮਰਮਰ ਦੀ ਮੂਰਤੀ ਏ, ਗਲਾਸ ਵਰਗੀ ਏ। ਸ਼ਰਾਬ ਵਰਗਾ ਰੰਗ ਤੇ ਸ਼ਰਾਬ ਵਰਗੀ ਮਸਤੀ। ਹਰਨੀ ਏ ਪਲੀ ਹੋਈ ਕਿਸੇ ਜੰਗਲ ਦੀ। ਪਦਮਨੀ ਨੂੰ ਤਰੇਲੀਆਂ ਆ ਜਾਣ ਜੇ ਉਹ ਵੇਖ ਲਏ। ਯਾਰ ਅਸੀਂ ਵੀ ਉਹਨੂੰ ਭਾਬੀ ਬਣਾਉਣ ਦੇ ਗੇੜ ਵਿਚ ਹਾਂ। ਇਕ ਵਾਰ ਤੇ ਟਕੋਰ ਕਰਵਾ ਬੈਠੇ ਹਾਂ। ਅੱਜ ਮਿਲ ਗਈ ਤੇ ਸਹੁੰ ਦੇਵੀ ਮਾਤਾ ਦੀ ਮੈਂ ਉਹਨੂੰ ਜ਼ਰੂਰ ਭਾਬੀ ਬਣਾ ਲਵਾਂਗਾ।"

ਰਾਮ ਚੰਦ ਦੇ ਮੂੰਹ 'ਚ ਪਾਣੀ ਆ ਗਿਆ।

ਝਰੋਖਿਆਂ ਵਿਚੋਂ ਅਨੂਪ ਕੌਰ ਨੇ ਤੱਕਿਆ ਤੇ ਉਸ ਵੀ ਇਕ ਅੰਗੜਾਈ ਲਈ। ਤਿੰਨੇ ਜਣੇ ਰੋਜ਼ਾ ਖ਼ਤਮੀ ਹੋ ਗਏ। ਯੂਸਫ਼ ਵਾਂਗੂ ਸੁੱਧ-ਬੁੱਧ ਭੁੱਲ ਗਏ। ਜ਼ੁਲੈਖ਼ਾਂ ਆਪਣੇ ਮਹਿਲਾਂ ਵਿਚ ਹੀ ਲੁੱਕ ਗਈ।

"ਏਥੇ ਕੀ ਕਰ ਰਹੇ ਓ?" ਇਕ ਢਾਂਗ ਵਾਲੇ ਸਰਦਾਰ ਨੇ ਦਬਕਾ ਮਾਰਿਆ। ਦੱਬ ਚਾੜ੍ਹੀ, ਅੱਖਾਂ ਕੱਢੀਆਂ ਘਸੁੰਨ ਵਿਖਾਇਆ। ਕੱਚੇ ਸਨ ਬਕ ਪਏ।

"ਸਾਹ ਲੈਣ ਲਈ ਬੈਠ ਗਏ ਸਾਂ।"

"ਝੂਠ ਬੋਲਦੇ। ਅਸੀਂ ਤਾਂ ਅਨੂਪ ਕੌਰ ਨੂੰ ਵੇਖ ਰਹੇ ਸਾਂ।"
"ਕੌਣ ਓ ਤੁਸੀਂ ?"
ਡਰ ਗਏ। ਕਾਂਬਾ ਛਿੜ ਪਿਆ। ਜ਼ਬਾਨ ਥਥਲਾਈ। ਤਰੇਲੀਆਂ ਆ ਗਈਆਂ ਸਭ ਚਤਰਾਈ ਭੁੱਲ ਗਈ। ਇਕੋ ਈ ਦਬਕੇ ਨੇ ਪੈਰ ਖਿਸਕਾ ਦਿੱਤੇ।

"ਇਹ ਵਜ਼ੀਰ ਖ਼ਾਂ ਦਾ ਪੁੱਤ ਏ ਤੇ ਉਹ ਸ਼ੇਰ ਮੁਹੰਮਦ ਖ਼ਾਂ ਦਾ ਅਤੇ ਮੈਂ ਕਹਿਲੂਰ ਤੋਂ ਆਇਆ ਹਾਂ।"

ਸਿੱਖਾਂ ਕਾਬੂ ਕਰ ਲਏ, ਜੂੜਿਆ ਰੱਸਿਆਂ ਵਿਚ ਤੇ ਦੀਵਾਨ 'ਚ ਹਾਜ਼ਰ ਕੀਤਾ।
"ਪਾਲਕੀ ਆਂਦੀ ਜੇ ਅਨੂਪ ਕੌਰ ਲਈ ?" ਸਤਿਗੁਰਾਂ ਫ਼ਰਮਾਇਆ।
"ਭੁੱਲ ਹੋ ਗਈ ਏ ਮਹਾਰਾਜ।"

"ਭੁੱਲ ਬਖ਼ਸ਼ ਦਿਓ। ਨਵੇਂ ਸ਼ਿਕਾਰੀ ਹਨ। ਇਨ੍ਹਾਂ ਨੂੰ ਸਜ਼ਾ ਦੇਣ ਦੀ ਲੋੜ ਨਹੀਂ, ਇਨ੍ਹਾਂ ਦੇ ਕੰਨ ਵਿੰਨ੍ਹ ਕੇ ਨੱਤੀਆਂ ਪਾ ਦਿਓ ਸੋਨੇ ਦੀਆਂ ਤੇ ਇਨ੍ਹਾਂ ਨੂੰ ਪੈਦਲ ਆਨੰਦਪੁਰ ਤੋਂ ਬਾਹਰ ਛੱਡ ਆਓ। ਘਰ ਚਲੇ ਜਾਣ ਮਾਵਾਂ ਦੇ ਲਾਡਲੇ।"

"ਪਹਿਲੀ ਵਾਰ ਆਏ ਹਨ ਮਾਵਾਂ ਉਡੀਕਦੀਆਂ ਹੋਣਗੀਆਂ।" ਬਚਨ ਸਨ ਗੁਰੂ ਮਹਾਰਾਜ ਦੇ।

ਸਿੱਖਾਂ ਨੇ ਪੱਧ-ਪਰਾਨ ਮੋਕਲੇ ਕਰ ਦਿੱਤੇ ਉਹਨਾਂ ਨਵਿਆਂ ਭਾਰੂਆਂ ਦੇ। ਪੰਜ ਪੰਦਰਾਂ ਸੋ ਮੋਹਰਾਂ ਦੀ ਆਪਣੇ ਸਿਰ ਤੇ ਚੁੱਕੀ, ਮੁੜ ਆਏ ਨਵੇਂ ਆਸ਼ਕ ਆਪਣੀਆਂ ਜੂਹਾਂ ਵਿਚ।"

"ਇਕ ਬਜ਼ੁਰਗ ਆਖ ਰਿਹਾ ਸੀ, ਹੱਥ ਪੁਰਾਣੇ ਖੌਂਸੜੇ ਬਸੰਤੇ ਹੁਰੀਂ ਆਏ।"
ਅਨੂਪ ਕੌਰ ਆਪਣਿਆਂ ਮਹਿਲਾਂ ਵਿਚ ਮਗਨ ਸੀ।

★

ਰੁੱਤ ਮਹਿੰਦੀ ਲਾਉਣ ਦੀ ਆਈ ੧੭੨

ਸਮਨ ਬੁਰਜ ਵਿਚ ਮਹਾਬਤ ਖ਼ਾਂ ਦੀ ਮਹਿਫ਼ਲ ਜੰਮੀ ਤੇ ਹਵੇਲੀਆਂ ਵੀ ਮਹਿਫ਼ਲ ਨਾਲ ਸੱਜ ਗਈਆਂ। ਦੀਵਾਨ ਖ਼ਾਨਿਆਂ ਦੀ ਬੁੱਕਲ ਵਿਚ ਵੀ ਘੁੰਗਰੂ ਛਣਕ ਪਏ। ਸ਼ੀਸ਼ ਮਹਿਲ ਤੇ ਮਹਿਫ਼ਲਾਂ ਲਈ ਬਣਾਏ ਮਨ ਪਰ ਮਹਾਬਤ ਖ਼ਾਂ ਨੇ ਲਾਹੌਰ ਦੀ ਕਾਇਆ ਹੀ ਪਲਟ ਕੇ ਰੱਖ ਦਿੱਤੀ। ਡਿਓਢੀਆਂ ਵਿਚ ਵੀ ਸਾਰੰਗੀ ਵਜਾ ਕੇ ਈ ਦਮ ਲਿਆ। ਘਰ-ਘਰ ਰੰਗ-ਰਲੀਆਂ ਚੌਕਿਆਂ ਵਿਚ ਵੀ ਤਬਲੇ ਬੁੜ੍ਹਕ ਪਏ। ਢੋਲਕੀਆਂ ਦੀ ਭਲੀ ਪੁੱਛੀ ਜੇ। ਜਿਥੇ ਵੀ ਚਾਰ ਜਵਾਨ-ਜਹਾਨ ਇਕੱਠੀਆਂ ਹੋ ਬੈਠੀਆਂ ਉਨ੍ਹਾਂ ਨੇ ਵੀ ਅੱਤ ਚੁੱਕ ਲਈ। ਨੰਗੀ ਹਿੱਕ ਵੇਖ ਕੇ ਢੋਲਕੀ ਦੀ ਰੱਜੀ ਵਜਾ ਕੇ ਮੌਜ ਲੁੱਟ ਲਈ। ਜਵਾਨੀ ਨੂੰ ਸ਼ਿਸ਼ਕਾਰ ਕੇ ਵੇਖ ਲਿਆ। ਉਸਕਲ ਦੇ ਕੇ ਰਾਂਝਾ ਰਾਜ਼ੀ ਕਰ ਲੈਂਦੀ ਸਹੇਲੀ ਨਨਦ। ਉਨ੍ਹੀਂ ਦਿਨੀਂ ਲਾਹੌਰ ਵੀ ਹੈਦਰਾਬਾਦ ਦੀ ਸੌਂਕਣ ਬਣਨਾ ਚਾਹੁੰਦਾ ਸੀ। ਭਲਾ ਕੌਣ ਝਾਲ ਝੱਲ ਸਕਦਾ ਏ। ਸ਼ਾਹੀ ਕਿਲ੍ਹੇ ਵਿਚ ਸਮਨ ਬੁਰਜ ਦੀ ਮਹਿਫ਼ਲ ਸੀ। ਉਹਦੀ ਠਾਠ ਈ ਵੱਖਰੀ ਸੀ। ਚੌਰਸਤਿਆਂ ਵਿਚ ਹੁਸਨ ਤੇ ਇਸ਼ਕ ਦੇ ਚਰਚੇ। ਗੜੁੱਚ ਸੀ ਲਾਹੌਰ ਹੁਸਨ ਦੇ ਨਗਮਿਆਂ ਵਿਚ। ਮਹਾਬਤ ਖ਼ਾਂ ਪੰਜਾਬ ਦਾ ਲਾੜਾ ਬਣਨਾ ਚਾਹੁੰਦਾ ਸੀ।

ਕਾਸ਼ ! ਮਹਾਬਤ ਖ਼ਾਂ ਪੰਜਾਬ ਦੇ ਪੰਜਾਂ ਦਰਿਆਵਾਂ ਦੇ ਪਾਣੀਆਂ ਦੀ ਤਾਸੀਰ ਜਾਣਦਾ ਹੁੰਦਾ। ਉਹਦੀ ਤਲਵਾਰ ਦੱਖਣ ਦੇ ਲਹੂ ਵਿਚ ਬੁਝੀ ਹੋਈ ਸੀ। ਉਸੇ ਵਿਚ ਮਾਨ-ਮੱਤਾ ਤੇ ਖੀਵਾ ਹੋਇਆ ਬੈਠਾ ਸੀ। ਉਸ ਤਲਵਾਰ ਦੀ ਪਾਣ ਪਰਖ ਕੇ ਨਹੀਂ ਸੀ ਵੇਖੀ। ਉਹਦੀਆਂ ਮੁੱਛਾਂ ਵਿਚ ਵੱਟਾਂ ਦੇ ਅਜੇ ਵੀ ਦੱਖਣ ਦੇ ਮਾਸੂਮਾਂ ਦੇ ਲਹੂ ਦੇ ਕਤਰੇ ਸਨ। ਬੜਾ ਖ਼ੁਮਾਰ ਸੀ। ਨਸ਼ੇ ਵਿਚ, ਗ਼ਲਤਾਨ ਸੀ ਮਹਾਬਤ ਖ਼ਾਂ। ਮਨਮਾਨੀਆਂ ਕਰਨਾ ਚਾਹੁੰਦਾ ਸੀ।

ਬਾਦਸ਼ਾਹ ਦਿੱਲੀ ਤੋਂ ਦੂਰ ਬੈਠਾ ਹੋਇਆ ਸੀ। ਏਸੇ ਗੱਲ ਦੀ ਤਾਂ ਚੌਧਰ ਸੀ। ਪੰਜਾਬ ਦੀ ਕਿਸਮਤ ਉਹਦੀ ਮੁੱਠੀ ਵਿਚ ਬੰਦ ਸੀ।

ਆਲਮਗੀਰ ਦੇ ਸਿਰ ਤੇ ਭੂਤ ਸਵਾਰ ਸੀ ਦੱਖਣ ਜਿੱਤਣ ਦਾ। ਗੁਲਬਰਗਾ ਪੀਰਾਂ ਫ਼ਕੀਰਾਂ ਦੀ ਜਗ੍ਹਾ ਸੀ ਤੇ ਇਬਾਦਤਗਾਹ ਸੀ ਬਾਦਸ਼ਾਹਾਂ ਦੀ। ਸਾਰਾ ਦੱਖਣ ਝੁੱਕ-ਝੁੱਕ ਪੈਂਦਾ ਸੀ ਉਹਦੀ ਸਰਦਲ ਤੇ, ਪਰ ਆਲਮਗੀਰ ਨੇ ਉਹਨੂੰ ਵੀ ਨਾ ਬਖ਼ਸ਼ਿਆ। ਉਹਦੀਆਂ ਵੀ ਠੀਕਰੀਆਂ ਚੁਣ ਕੇ ਦਮ ਲਿਆ। ਆਲਮਗੀਰ ਦੌਲਤਆਬਾਦ ਵਿਚ ਬੈਠਾ ਦੱਖਣ ਦੀ ਕਿਸਮਤ ਦਾ ਪਾਸਾ ਪਲਟ ਰਿਹਾ ਸੀ। ਤਾਨਾਸ਼ਾਹ ਵੀ ਆਲਮਗੀਰ ਦੀ ਤੜਾਗੀ ਦਾ ਫੁੰਮਣ ਬਣ ਚੁੱਕਾ ਸੀ। ਬੀਜਾਪੁਰ, ਅਹਿਮਦ ਨਗਰ, ਬਿਦਰ, ਗੋਲਕੰਡਾ ਸਾਰੇ ਮਤੀਹ ਹੋਏ ਨਜ਼ਰਾਨੇ ਪੇਸ਼ ਕਰ ਚੁੱਕੇ ਸਨ। ਹੁਣ ਆਲਮਗੀਰ ਜ਼ਿੰਦਗੀ ਦੀਆਂ ਚਾਰ ਘੜੀਆਂ ਸੁੱਖ ਨਾਲ ਗੁਜ਼ਾਰਨਾ ਚਾਹੁੰਦਾ ਸੀ। ਪਰ ਇਕਾਂਤ ਨੇ ਉਹਨੂੰ ਆਪਣਾ ਅੱਗਾ ਨੇੜੇ ਆਉਂਦਾ ਦੱਸ ਦਿੱਤਾ। ਸੰਮਨ ਹੋਇਆ ਅੱਖ ਉਘੇੜੀ ਸੁੰਨੀ ਬਾਦਸ਼ਾਹ ਨੇ। ਉਸ ਕਿਹਨੂੰ ਦੁੱਖ ਨਹੀਂ ਸਨ ਦਿੱਤੇ। ਸ਼ੀਆ ਸਨ, ਉਹ ਵੀ ਦੁਖੀ ਸਨ। ਬਾਕੀ ਜ਼ਾਤਾਂ ਦਾ ਤਾਂ ਰੱਬ ਹੀ ਰਾਖਾ ਸੀ।

ਪਿੱਛਾ ਤੇ ਪਿੱਛੇ ਰਹਿ ਗਿਆ। ਅੱਗੇ ਨੇ ਹੂਕ ਮਾਰੀ, ਤਸਵੀਰ ਚੇਤੇ ਆਈ। ਗੁਨਾਹ ਦੀਆਂ ਢੇਰੀਆਂ ਨੇ ਉੱਚੇ ਉੱਚੇ ਮੀਨਾਰ ਖੜੇ ਕਰ ਦਿੱਤੇ। ਜ਼ਿੰਦਗੀ ਨੇ ਹਿਚਕੋਲਾ ਖਾਧਾ। ਮੌਤ ਦਲ੍ਹੀਜ਼ਾਂ ਦੀਆਂ ਬਾਹੀਆਂ ਮੱਲਣਾ ਚਾਹੁੰਦੀ ਸੀ। ਤਲਵਾਰ ਦਾ ਭੈਅ ਮੌਤ ਨੂੰ ਦਬਕਾ ਮਾਰਦਾ ਤੇ ਜ਼ਰਾ ਕੁ ਸਹਿਮ ਜਾਂਦੀ ਮੌਤ ਸ਼ਹਿਜ਼ਾਦੀ। ਸੱਚ ਜ਼ੋਰਾਵਰ ਦੇ ਸਾਹਮਣੇ ਮੌਤ ਵੀ ਨਹੀਂ ਕੁਸਕਦੀ। ਵਕਤ ਟਾਲ ਲੈਂਦੀ ਏ। ਦਾਅ ਲਗਾ ਕੇ ਸੰਘੀ ਘੁੱਟ ਲਈ। ਭਲਾ ਪਹਿਰੇਦਾਰ ਕਿਨ੍ਹੂੰ-ਕਿਨ੍ਹੂੰ ਰੋਕਣ। ਇਹ ਵੀ ਗੱਲ ਮੰਨ ਲਓ ਕਿ ਰੋਕ ਲੈਣ ਤੇ ਕਦੋਂ ਤੱਕ। ਆਲਮਗੀਰ ਦੀ ਤਸਬੀ ਦੇ ਮਣਕੇ ਬੁਢਾਪੇ ਦੇ ਹੱਥਾਂ ਵਿਚ ਕੰਬਣ ਲੱਗ ਪਏ ਪਰ ਆਲਮਗੀਰ ਨੂੰ ਅਜੇ ਵੀ ਰੱਬ ਚੇਤੇ ਨਹੀਂ ਸੀ ਆਇਆ। ਉਹ ਰਹਿੰਦੇ ਖੂੰਹਦੇ ਦੱਖਣ ਦੇ ਸਤ ਨੂੰ ਨਿਬੂ ਵਾਂਗ ਨਿਚੋੜ ਲੈਣਾ ਚਾਹੁੰਦਾ ਸੀ।

"ਬੜੀ ਦੂਰ ਏ ਦਿੱਲੀ ਸ਼ਹਿਨਸ਼ਾਹ। ਦੱਖਣ ਜਿੱਤ ਕੇ ਆਦਮੀ ਸ਼ਹਿਨਸ਼ਾਹ ਬਣ ਸਕਦਾ ਏ ਪਰ ਆਲਮਗੀਰ ਨਹੀਂ। ਦਿੱਲੀ ਨੂੰ ਮੁਗ਼ਲਾਂ ਦਾ ਗੜ੍ਹ ਤੇ ਆਖਿਆ ਜਾ ਸਕਦਾ ਹੈ ਪਰ ਦਿੱਲੀ ਦਾ ਤਖ਼ਤ ਕਿਸੇ ਵੇਲੇ ਵੀ ਮੁਗ਼ਲਾਂ ਤੋਂ ਬਦਜ਼ਨ ਹੋ ਸਕਦਾ ਏ। ਹੁਣ ਤੇ ਦੱਖਣ ਦੀਆਂ ਕੰਧਾਂ ਵੀ ਬੋਲ ਪਈਆਂ ਹਨ। ਦਿੱਲੀ ਸੱਦ ਰਹੀ ਏ ਆਪਣੇ ਸ਼ਹਿਨਸ਼ਾਹ ਨੂੰ। ਜੇ ਸ਼ਹਿਨਸ਼ਾਹ ਹੁਣ ਵੀ ਨਾ ਪਰਤਿਆ ਤਾਂ ਦੱਖਣ ਦੀ ਬਦ-ਦੁਆ ਖਾ ਜਾਏਗੀ ਆਲਮਗੀਰ ਨੂੰ।" ਗੁਲਬਰਗੇ ਦੇ ਹੁਜਰੇ ਵਿਚ ਬੈਠੇ ਇਕ ਫ਼ੱਕਰ ਦੀ ਸਦਾਅ ਸੀ।

ਆਲਮਗੀਰ ਨੇ ਇਕ ਵਾਰ ਸੋਚਿਆ ਤੇ ਹੌਲੀ ਗੱਲ ਕਹਿ ਕੇ ਟਾਲ ਦਿੱਤੀ। ਤਲਵਾਰਾਂ ਦੀ ਧਾਰ ਵਿਚ ਅਜੇ ਵੀ ਲਹੂ ਦੀ ਗਰਮੈਸ਼ ਬਾਕੀ ਸੀ। ਹਵਾੜ ਉੱਠ ਰਹੀ ਸੀ, ਧੂੰਆਂ ਕੰਬਦਾ।

ਦੱਖਣ ਦੀ ਹਵਸ ਨੇ ਔਰੰਗਜ਼ੇਬ ਦੀਆਂ ਅੱਖਾਂ ਤੇ ਪੱਟੀ ਬੰਨ੍ਹੀ ਹੋਈ ਸੀ। ਸੂਬੇਦਾਰ ਡਰਦੇ ਤਾਂ ਸਨ ਪਰ ਵਿਚ-ਵਿਚ ਆਪਣਾ ਉੱਲੂ ਲਾ ਲੈਂਦੇ ਸਨ। ਔਰੰਗਜ਼ੇਬ ਦੀਆਂ ਅੱਖਾਂ ਗਹਿਰੀਆਂ ਹੋਣ ਦਾ ਮਤਲਬ ਸੀ ਕਿਸੇ ਦੀ ਮੌਤ। ਜੇ ਖ਼ੁਦਾ ਵੀ ਉਹਦੇ ਰਸਤੇ ਵਿਚ ਆ ਗਿਆ ਤੇ ਜੱਲਾਦਾਂ ਨੇ ਉਹਨੂੰ ਵੀ ਜ਼ਿਬ੍ਹਾ ਕਰਕੇ ਰੱਖ ਦਿੱਤਾ। ਆਲਮਗੀਰੀ ਹੁਕਮ ਕਦੇ ਰੁੱਕਦਾ ਨਹੀਂ ਸੀ।

ਪਰ ਮੂੰਹ ਚੜ੍ਹੇ ਸੂਬੇਦਾਰ ਆਪਣੇ ਸੂਬੇ ਵਿਚ ਚੰਮ ਦੀਆਂ ਚਲਾ ਲੈਂਦੇ ਸਨ। ਮਹਾਬਤ ਖ਼ਾਂ ਵੀ ਔਰੰਗਜ਼ੇਬ ਦਾ ਖ਼ਾਸ ਬੰਦਾ ਸੀ। ਇਸੇ ਲਈ ਉਹਦੀ ਖੱਲੜੀ ਵਿਚ ਰੱਤੀ ਭਰ ਭੈਅ ਨਹੀਂ ਸੀ। ਰਾਤ ਦਿਨ ਘੁੰਗਰੂਆਂ ਦੀ ਜ਼ਬਾਨ ਥੱਕ-ਥੱਕ ਕੇ ਚਿਕਨਾਚੂਰ ਹੋ ਜਾਂਦੀ। ਬੇਸੁੱਧ ਹੋ ਜਾਂਦੀਆਂ ਨੱਚਣ ਵਾਲੀਆਂ ਨਾਚੀਆਂ ਪਰ ਅਜੇ ਤੱਕ ਪਿਆਸ ਨਹੀਂ ਸੀ ਬੁਝੀ ਮੁਹਾਬਤ ਖ਼ਾਂ ਤੇ ਉਹਦੇ ਜੁੰਡੀ ਦੇ ਯਾਰਾਂ ਦੀ।

ਅੱਠੇ ਪਹਿਰ ਮਹਿਫ਼ਲ ਗਰਮ ਸੀ। ਸ਼ਰਾਬ, ਜਵਾਨੀ ਤੇ ਘੁੰਗਰੂਆਂ, ਤਬਲੇ ਤੇ ਸਾਰੰਗੀ ਵਾਲਿਆਂ ਦੀ ਵੀ ਸ਼ਾਮਤ ਆਈ ਹੋਈ ਸੀ।

ਜਾਂ ਗੋਰੀ ਦੀਆਂ ਬੁੱਲ੍ਹੀਆਂ ਸਨ ਜਾਂ ਸ਼ਰਾਬ ਦੇ ਪਿਆਲਿਆਂ 'ਤੇ ਲੱਬ। ਤਲਵਾਰਾਂ ਚਲਾਉਣੀਆਂ ਭੁੱਲ ਰਹੇ ਸਨ। ਗਾਜ਼ੀ, ਜਵਾਂਮਰਦ, ਸ਼ੇਰ, ਦਿੱਲੀ ਹਕੂਮਤ ਦੇ ਮੁਗ਼ਲ।

ਗੁੱਟ, ਬੇਸੁੱਧ ਤੇ ਹੌਂਕੇ ਹੋਏ ਬੁੱਲ੍ਹ ਖੁੱਲ੍ਹੇ ਮਹਾਬਤ ਖ਼ਾਂ ਦੇ। ਲਬਾਂ ਤੇ ਹੱਥ ਫੇਰਿਆ ਤੇ ਆਖਣ ਲੱਗਾ।

"ਬਸ ਹੋ ਗਈ ਦਿਲਾਵਰ ਖ਼ਾਂ। ਅਸਾਂ ਇਕ ਨਿੱਕੀ ਜਿਹੀ ਵਗਾਰ ਪਾਈ ਤੇ ਸਰਕਾਰ ਨੇ ਉੱਘ-ਸੁੱਘ ਈ ਨਹੀਂ ਕੱਢੀ। ਉਹ ਕਿੱਥੇ ਗਏ ਦਮਗਜੇ ? ਤਲਵਾਰਾਂ ਨੂੰ ਕਿੱਲੀ ਤੇ ਟੰਗੀਆਂ ਨੂੰ ਉੱਲੀ ਲੱਗ ਗਈ ਏ। ਅਜੇ ਵਿਹਲ ਨਹੀਂ ਮਿਲੀ। ਹੋਰ ਜਵਾਬ ਦੇ ਹਜ਼ੂਰ ਕੋਲ ਕੋਈ।"

ਏਨੀ ਜਲਦੀ ਪਿੱਛੇ ਨਹੀਂ ਪਈਦਾ ਸਰਕਾਰ। ਕਿਹੜੀ ਗੱਲ ਏ ਜਿਹੜੀ ਹੋ ਨਹੀਂ ਸਕਦੀ। ਮੈਂ ਤੇ ਹਜ਼ੂਰ ਦੇ ਹੁਕਮ ਦੀ ਉਡੀਕ ਵਿਚ ਸਾਂ। ਆਪੇ ਚਲੀ ਆਏਗੀ ਹੁਸਨ ਦੀ ਸਰਕਾਰ. ਲਓ ਬੁੱਲ੍ਹੀਆਂ ਦਾ ਸਵਾਦ ਬਦਲੋ ਤੇ ਦੋ-ਦੋ ਘੁੱਟ ਸ਼ਰਾਬ ਪੀਓ ਤੇ ਨਸ਼ੇ ਨੂੰ ਪੁੱਠ ਆਉਣ ਦਿਓ। ਰਹਿਮਤਾਂ ਨੇ ਦਰਵਾਜ਼ੇ ਵੱਲ ਮੂੰਹ ਮੋੜ ਲਿਆ ਏ। ਮੈਂ ਚਾਹੁੰਦਾ ਸਾਂ ਕਿ ਹਿੰਗ ਲੱਗੇ ਨਾ ਫਟਕੜੀ. ਰੰਗ ਚੋਖਾ ਆਏ।" ਦਿਲਾਵਰ ਖ਼ਾਂ ਆਖਣ ਲੱਗਾ. ਸ਼ਰਾਬ ਦਾ ਪਿਆਲਾ ਉਹਦਾ ਵੀ ਉੱਛਲ ਰਿਹਾ ਸੀ।

"ਮੈਨੂੰ ਕਾਹਨੂੰ ਤੜਫਾਉਣ ਤੇ ਲੱਕ ਬੱਧਾ ਈ ਬਦਲਾ ਲੈਣਾ ਈ ਮੈਥੋਂ ਕਿਸੇ ਜਨਮ ਦਾ। ਮੇਰੀਆਂ ਤੇ ਅੱਖੀਆਂ ਵਿਚੋਂ ਨੀਂਦ ਈ ਗ਼ਾਇਬ ਹੋ ਗਈ ਏ।" ਮਹਾਬਤ ਖ਼ਾਂ ਨੇ ਨਸ਼ੇ ਵਿਚ ਆਖਿਆ।

"ਹਜ਼ੂਰ ਇੰਤਜ਼ਾਰ ਵਿਚ ਈ ਮਜ਼ਾ ਏ। ਮੈਂ ਸੁਣਿਆ ਏ ਕਿ ਸਾਰੇ ਹਿੰਦੁਸਤਾਨ ਦਾ ਹੁਸਨ ਇਕ ਪਾਸੇ ਤੇ ਉਹ ਕੱਲੀ ਇਕ ਪਾਸੇ। ਲੋਕ ਗੱਲਾਂ ਕਰਦੇ ਨੇ ਕਿ ਉਹਦੀ ਕੁੜਤੀ ਵਿਚੋਂ ਅੱਗ ਸਿੰਮਦੀ ਏ। ਖ਼ੂਨ ਸਿੰਮਦਾ ਏ ਉਹਦੇ ਰੁਖ਼ਸਾਰਾਂ ਵਿਚੋਂ। ਜੇ ਉਹਨੂੰ ਕਿਤੇ ਮਲਕਾ-ਏ ਆਲਮ ਨੂਰ ਵੇਖ ਲੈਂਦੀ ਤਾਂ ਸੰਗ ਕੇ ਮੂੰਹ ਲੁਕੋ ਲੈਂਦੀ। ਉਹਦੇ ਹੁਸਨ ਵਿਚੋਂ ਨੂਰ ਡਲ੍ਹਕਾਂ ਮਾਰਦਾ ਏ। ਜਦ ਪਰਦੇ ਵਿਚ ਈ ਏਨੀ ਸੋਹਣੀ ਏ ਤੇ ਨੰਗੇ ਮੂੰਹ ਦਾ ਕੀ ਆਲਮ ਹੋਵੇਗਾ। ਦਿਲਾਵਰ ਖ਼ਾਂ ਨੇ ਅੱਗ ਬੁੱਝਣ ਨਾ ਦਿੱਤੀ ਸਗੋਂ ਤੇਲ ਪਾ ਕੇ ਇਕ ਵਾਰ ਫਿਰ ਮਜ਼ਾ ਵੇਖ ਲਿਆ।

"ਦਿਲਾਵਰ ਖ਼ਾਂ. ਉਹ ਦਿਨ ਕਦੋਂ ਆਵੇਗਾ ਜਦੋਂ ਧਰਮ ਵਿਚ ਰਹਿਮਤਾਂ ਦੀ ਬਰਸਾਤ ਹੋਵੇਗੀ।" ਲੋਰ ਵਿਚ ਸੀ ਮਹਾਬਤ ਖ਼ਾਂ।

"ਉਹਦੀਆਂ ਅੱਖਾਂ ਵਿਚ ਕੋਈ ਅੱਖਾਂ ਨਹੀਂ ਸੀ ਪਾ ਸਕਦਾ। ਮੱਖਣ ਮਲਦੀ ਏ ਤੇ ਕੱਚੇ ਦੁੱਧ ਵਿਚ ਨਹਾਉਂਦੀ ਏ। ਸੁਲਫ਼ੇ ਦੀ ਲਾਟ ਵਾਂਗੂੰ ਜਾਪਦੀ ਏ ਢਿੱਲੇ ਕੱਪੜਿਆ ਵਿਚ ਲਪੇਟੀ ਹੋਈ। ਦਿਲਾਵਰ ਖ਼ਾਂ ਨੇ ਮੁੱਠੀ ਭਰ ਮੋਹਰਾਂ ਦੀ ਸੋਟ ਕੀਤੀ ਤੇ ਉੱਘਦੀ ਮਹਿਫ਼ਲ ਵਿਚ ਆ ਗਿਆ।

ਸਾਰੇ ਨਸ਼ੱਈ ਸਨ, ਸ਼ਰਾਬ ਵੀ ਸੀ ਤੇ ਹੁਸਨ ਤੇ ਜਵਾਨੀ ਵੀ। ਸੌਦੇ ਹੋ ਰਹੇ ਸਨ। ਇਕਰਾਰਾਂ ਵਿਚ ਗੰਢ ਦਿੱਤੀ ਜਾ ਰਹੀ ਸੀ। ਘੁੰਗਰੂਆਂ ਦਾ ਕਈ ਵਾਰ ਸੰਘ ਬੈਠਾ ਤੇ ਕਈ ਵਾਰ ਖੁੱਲ੍ਹਿਆ। ਮਹਿਫ਼ਲ ਨਾ ਉਖੜੀ ਤੇ ਨਾ ਹੀ ਕੋਈ ਬੰਦਾ ਕਿਰਿਆ।

"ਫਿਰ ਕੀ ਸੋਚਿਆ ਈ ਦਿਲਾਵਰ ਖ਼ਾਂ।" ਮਹਾਬਤ ਖ਼ਾਂ ਆਖਣ ਲੱਗਾ।

"ਉਹਦੇ ਹੁਸਨ ਦੇ ਚਰਚੇ ਸਰਹੰਦ ਵਿਚ ਹਨ, ਮਲੇਰਕੋਟਲਾ ਵਿਚ, ਕਹਿਲੂਰ ਦੇ ਇਲਾਕੇ ਵਿਚ ਵੀ ਧੂਣੀ ਧੁੱਖ ਰਹੀ ਏ। ਉਹ ਹੁਸਨ ਦਾ ਫ਼ਿਤਨਾ ਇਕ ਕਿਆਮਤ ਏ। ਕਿਤੇ ਕਰਬਲਾ ਨਾ ਛਿੜ ਜਾਏ। ਇਹ ਪਟਾਰੀ ਵਿਚ ਈ ਬੰਦ ਰਹੇ ਤਾਂ ਸੁਹਣੀ ਏ। ਖੋਲ੍ਹਿਆਂ ਕਿਹਨੂੰ ਡੰਗ ਲਏ ? ਕੌਣ ਜਾਣੇ ?" ਦਿਲਾਵਰ ਖ਼ਾਂ ਨੇ ਜ਼ਰਾ ਕੁ ਟੋਹ ਕੇ ਵੇਖਿਆ।

"ਮੇਰੀ ਤਲਵਾਰ ਡੱਕ ਲਏਗੀ ਇਹਨਾਂ ਜਗ੍ਹਾ ਤੋਂ ਉੱਠੀਆਂ ਵਾਹਰਾਂ ਨੂੰ। ਸਾਰਾ ਦੱਖਣ ਤਾਂ ਮੇਰੀ ਤਲਵਾਰ ਤੋਂ ਪਨਾਹ ਮੰਨ ਗਿਆ ਏ। ਇਹ ਕਿੱਥੋਂ ਦੇ ਨਾਢੂ ਖ਼ਾਨ ਹਨ। ਸਾਡੀਆਂ ਤਲਵਾਰਾਂ ਰੱਤ ਪੀਣਾ ਜਾਣਦੀਆਂ ਹਨ। ਅਸਾਂ ਕਿਤੇ ਜੰਗ ਨਹੀਂ ਲੱਗਣ ਦਿੱਤੇ ਆਪਣੀਆਂ ਤਲਵਾਰਾਂ ਨੂੰ। ਉੱਲੀ ਨਹੀਂ ਚੜ੍ਹੀ ਉਹਨਾਂ ਦੀ ਧਾਰ ਤੇ। ਰੋਕ ਲਵਾਂਗੇ ਜੇ ਹਨੇਰੀ ਉੱਠੀ।" ਮਹਾਬਤ ਖ਼ਾਂ ਨੇ ਮੁੱਛਾਂ ਨੂੰ ਵੱਟ ਦਿੱਤਾ।

"ਮੈਂ ਸੁਣਿਆ ਏ ਕਿ ਉਹਦੀਆਂ ਚੂੜੀਆਂ ਦਿੱਲੀ ਤੋਂ ਬਣ ਕੇ ਆਉਂਦੀਆਂ ਨੇ। ਉਹਦੀ

ਆਰਸੀ ਜੋਧਪੁਰ ਤੋਂ ਬਣ ਕੇ ਆਈ ਏ। ਉਹਦੀ ਚੁੰਨੀ ਤੇ ਲਖਨਊ ਦੇ ਕਾਰੀਗਰਾਂ ਦੇ ਹੱਥ ਲੱਗੇ ਹੋਏ ਹਨ। ਬਨਾਰਸੀ ਸਿਤਾਰਿਆਂ ਨਾਲ ਜੜੀ ਹੋਈ ਏ ਉਹਦੀ ਅੰਗੀ।" ਦਿਲਾਵਰ ਖ਼ਾਂ ਮੈਦਾਨੋਂ ਕੱਢਣਾ ਚਾਹੁੰਦਾ ਸੀ ਆਪਣੇ ਯਾਰ ਨੂੰ।

'ਬਹੁਤ ਸੁਣ ਚੁੱਕਾ ਹਾਂ ਕਿ ਉਹ ਆਹ ਏ, ਉਹ ਔਹ ਏ। ਉਹ ਮੁੜ੍ਹਕਾ ਪੂੰਝ ਕੇ ਨਚੋੜ ਦੇਵੇ ਤੇ ਫ਼ਰਿਸ਼ਤੇ ਵੁਜ਼ੂ ਕਰਨ। ਥੱਕ ਗਿਆ ਹਾਂ, ਹੁਣ ਬਰਦਾਸ਼ਤ ਨਹੀਂ ਹੁੰਦੀ। ਮੈਂ ਹੁਣ ਇੰਤਜ਼ਾਰ ਨਹੀਂ ਕਰ ਸਕਦਾ ਦਿਲਾਵਰ ਖ਼ਾਂ। ਤੂੰ ਬਸ ਹੁਣ ਇਹ ਦੱਸ ਕਿ ਉਹ ਮੇਰੇ ਹਜ਼ੂਰ 'ਚ ਕਦੋਂ ਪੇਸ਼ ਹੋਵੇਗੀ। ਖ਼ਿਲਅਤ ਜਿਹੜੀ ਦੱਖਣ ਤੋਂ ਆਈ ਹੋਈ ਏ, ਸਿਰਫ਼ ਤੇਰੇ ਲਈ ਰੱਖੀ ਏ। ਜਵਾਬ ਦੇ ਖ਼ਾਮੋਸ਼ੀ ਮੇਰੇ ਦਿਲ ਤੇ ਮਰ੍ਹਮ ਨਹੀਂ ਲਾ ਸਕੇਗੀ," ਮਹਾਬਤ ਖ਼ਾਂ ਜਜ਼ਬਾਤ ਵਿਚ ਆਇਆ ਹੋਇਆ ਸੀ।

"ਸਲਾਮ ਹਜ਼ੂਰ।"

"ਮੈਂ ਦੱਖਣ ਤੋਂ ਆਇਆ ਹਾਂ। ਮੇਰਾ ਨਾਂ ਜ਼ੁਲਫ਼ਕਾਰ ਅਲੀ ਏ। ਸ਼ਾਇਦ ਤੁਸੀਂ ਜਾਣਦੇ ਈ ਹੋਵੋਗੇ। ਮੈਂ ਗੋਲਕੁੰਡੇ ਦੀ ਫ਼ਤਹਿ ਦੇ ਨਗਾਰਿਆਂ ਵੇਲੇ ਤੁਹਾਡੇ ਨਾਲ ਸਾਂ।"

"ਜ਼ੁਲਫ਼ਕਾਰ, ਵਾਹ ਯਾਰ ਬੜੇ ਵੇਲੇ ਸਿਰ ਆਇਆ ਏਂ। ਪਹਿਲਾਂ ਪੀ ਤੇ ਫੇਰ ਕੋਈ ਦੂਜੀ ਗੱਲ ਕਰਾਂਗੇ। ਅਜੇ ਵਿਹਲ ਨਹੀਂ ਫ਼ਾਲਤੂ ਗੱਲਾਂ ਕਰਨ ਦੀ। ਥੱਕ ਕੇ ਚੂਰ ਜਦ ਹੋ ਜਾਣਗੀਆਂ ਸ਼ਰਾਬ ਦੀਆਂ ਸੁਰਾਹੀਆਂ ਤੇ ਹੁਸਨ, ਜਵਾਨੀ ਵਿੱਚ ਮੱਤੀਆਂ ਇਹ ਕਬੂਤਰੀਆਂ, ਦਿਨ ਚੜ੍ਹਿਆ ਸੋਚਾਂਗੇ ਕਿ ਮੇਰਾ ਸਾਥੀ ਕਿਸ ਕੰਮ ਲਈ ਆਇਆ ਸੀ।" ਮਹਾਬਤ ਖ਼ਾਂ ਦਾ ਇਸ਼ਾਰਾ ਮਹਿਫ਼ਲ ਨੂੰ ਫਿਰ ਰੰਗ ਦੇਣ ਦਾ ਸੀ।

ਜ਼ੁਲਫ਼ਕਾਰ ਵੀ ਉਨ੍ਹਾਂ ਵਰਗਾ ਈ ਹੋ ਗਿਆ, ਘੜੀਆਂ ਦੋ ਘੜੀਆਂ ਵਿਚ। ਰਾਤ ਬੀਤੀ ਦਿਨ ਚੜ੍ਹਿਆ। ਕਈ ਤੇ ਜਾਮੇ ਸਬੂਰੀ ਦੀ ਤਲਾਸ਼ ਵਿਚ ਸਨ। ਕਲੀਆਂ ਮਿੱਧੀਆਂ ਪਈਆਂ ਸਨ। ਮਧੋਲੀਆਂ ਪੱਤੀਆਂ ਆਪਣੀ ਜਵਾਨੀ ਹੰਢਾ ਚੁੱਕੀਆਂ ਸਨ। ਪਿਆਲੇ ਟੁੱਟੇ ਹੋਏ ਸਨ ਤੇ ਸੁਰਾਹੀਆਂ ਮੂਧੀਆਂ ਪਈਆਂ ਸਨ।

"ਸੁਣਾ ਬਈ ਜ਼ੁਲਫ਼ਕਾਰ, ਕੀ ਹਾਲ ਏ ਦੱਖਣ ਦਾ ਤੇ ਸ਼ਹਿਨਸ਼ਾਹ-ਏ-ਹਿੰਦ ਦਾ।" ਮਹਾਬਤ ਖ਼ਾਂ ਬੋਲਿਆ।

"ਸ਼ਹਿਨਸ਼ਾਹ ਵੀ ਚੜ੍ਹਦੀਆਂ ਕਲਾਂ ਵਿਚ ਏ ਤੇ ਦੱਖਣ ਦੇ ਲੋਕ ਤਾਂ ਖ਼ੁਸ਼ ਹਨ ਜੀ ਸਿਰਫ਼ ਉਨ੍ਹਾਂ ਦੇ ਕੰਨੇ ਕੀਰਨੇ ਪਾਉਂਦੇ ਹਨ। ਮੁਗ਼ਲਾਂ ਦੀ ਫ਼ੌਜ ਨੇ ਤਾਂ ਉਨ੍ਹਾਂ ਦੀਆਂ ਚੁਗਾਠਾਂ ਵੀ ਲਾਹ ਕੇ ਫੂਕ ਸੁੱਟੀਆਂ ਹਨ। ਤੁਹਾਥੋਂ ਕੀ ਭੁਲਾ ਹੋਇਆ ਏ। ਦੱਖਣ ਵਿਚ ਮੁਗ਼ਲਾਂ ਦੇ ਪੈਰ ਪਾਤਾਲ ਵਿਚ ਜਾ ਲੱਗੇ ਹਨ। ਝੰਡੇ ਝੂਲਦੇ ਹਨ ਤੇ ਸਲਾਮਾਂ ਹੁੰਦੀਆਂ ਹਨ।" ਜ਼ੁਲਫ਼ਕਾਰ ਅਲੀ ਆਖਣ ਲੱਗਾ।

"ਫਿਰ ਕੀ ਹੁਕਮ ਏ ਸ਼ਹਿਨਸ਼ਾਹ ਦਾ।"

"ਹੁਕਮ ਕਾਹਦਾ ਏ। ਨਾਂ ਚਮਕਾਉਣ ਦੇ ਦਿਨ ਆ ਗਏ ਨੇ। ਲਹੂ ਲਾ ਕੇ ਸ਼ਹੀਦ ਬਣਨ ਵਾਲੀ ਗੱਲ ਏ। ਜਾਗੀਰਾਂ ਦਾ ਮੀਂਹ ਵਰ੍ਹਨਾ ਸ਼ੁਰੂ ਹੋ ਜਾਇਗਾ ਸੂਬੇਦਾਰ ਸਾਹਿਬ।"

"ਪਰਵਾਨਾ ਕੀ ਏ ?"

"ਪੜ੍ਹ ਲਓ।"

ਮੈਨੂੰ ਸ਼ਿਕਾਇਤਾਂ ਆਈਆਂ ਨੇ ਕਿ ਪੰਜਾਬ ਵਿਚ ਕੁਝ ਲੋਕ ਸਿਰ ਚੁੱਕਣ ਦੀ ਕੋਸ਼ਿਸ਼ ਕਰ ਰਹੇ ਹਨ, ਸਿਰ ਕੁਚਲ ਦਿਓ।"

"ਕਹਿਲੂਰ ਰਿਆਸਤ ਵਿਚ ਕੋਈ ਆਨੰਦਪੁਰ ਨਾਂ ਦਾ ਪਿੰਡ ਬੱਝਾ ਹੋਇਆ ਏ। ਉੱਥੇ ਸਿੱਖਾਂ ਦਾ ਇਕ ਗੁਰੂ ਰਹਿੰਦਾ ਏ। ਵੇਖਣ ਚਾਖਣ ਨੂੰ ਤਾਂ ਸਾਧੂ ਏ, ਮਹਾਤਮਾ ਪੁਰਸ਼ ਏ ਪਰ ਉਸ ਆਪਣੇ ਚੇਲਿਆਂ ਦਾ ਨਾਂ ਲੈ ਕੇ ਫ਼ੌਜ ਇਕੱਠੀ ਕਰ ਲਈ ਏ, ਤੇ ਉਹ ਮੁਗ਼ਲ ਹਕੂਮਤ ਵਿਰੁੱਧ ਜਹਾਦ ਖੜ੍ਹਾ

ਕਰਨਾ ਚਾਹੁੰਦਾ ਏ। ਭਾਵੇਂ ਉਹ ਮੂਰਤੀ ਪੂਜਕ ਨਹੀਂ ਪਰ ਪੁਜਾਰੀਆਂ ਨਾਲੋਂ ਜ਼ਿਆਦਾ ਖ਼ਤਰਨਾਕ ਏ। ਮੈਨੂੰ ਇਹ ਜਾਪਦਾ ਏ ਕਿ ਉਹਦੇ ਚੇਲੇ ਚਾਟੇ ਕਿਸੇ ਦਿਨ ਨੂੰ ਪੰਜਾਬ ਦੇ ਮਾਲਕ ਬਣ ਜਾਣਗੇ। ਉਹਨਾਂ ਦਾ ਸਿਰ ਫੇਹਣਾ ਤੇ ਲੱਕ ਤੋੜਨਾ ਬਹੁਤ ਜ਼ਰੂਰੀ ਏ। ਵੀਰਾਨ ਕਰ ਦਿਓ ਪਿੰਡ। ਹਕੂਮਤ ਕਰਨ ਲਈ ਇਹ ਜ਼ਰੂਰੀ ਏ ਕਿ ਕੋਈ ਬੰਦਾ ਵੀ ਤੁਹਾਡੇ ਹੁਕਮ ਤੋਂ ਨਾਬਰ ਨਾ ਹੋਵੇ। ਸ਼ਹਿਜ਼ਾਦਾ ਮੁਅੱਜ਼ਮ ਨੂੰ ਭੇਜ ਰਿਹਾ ਹਾਂ ਸ਼ਹਿਜ਼ਾਦੇ ਦੇ ਪੁੱਜਣ ਤੋਂ ਪਹਿਲਾਂ ਈ ਤੁਸਾਂ ਉਹਦਾ ਖੁਰਾ ਖੋਜ ਮੁਕਾ ਦਿਓ। ਮੈਂ ਸਿਰਫ਼ ਉਹ ਮੁਸਲਮਾਨ ਹੀ ਚਾਹੁੰਦਾ ਹਾਂ ਜੋ ਇਸਲਾਮ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ। ਹੁਣ ਸਿੱਖ ਨਾਂ ਦਾ ਕੋਈ ਗੁਰੂ ਪੰਜਾਬ ਵਿਚ ਨਾ ਰਹੇ। ਸਿਰਫ਼ ਮੁਸਲਮਾਨ ਈ ਹੋਣ ਔਰੰਗਜ਼ੇਬ ਆਲਮਗੀਰ।''

ਲੈ ਤੇਰੇ ਲਈ ਰਾਹ ਖੁੱਲ੍ਹ ਗਿਆ ਈ ਦਿਲਾਵਰ ਖ਼ਾਂ। ਹੁਣ ਤੂੰ ਕੋਈ ਬਹਾਨਾ ਨਹੀਂ ਪਾ ਸਕਦਾ। ਪਰਵਾਨੇ ਭੇਜ ਦੇ ਤੇ ਤਿਆਰੀਆਂ ਸ਼ੁਰੂ ਕਰ ਦੇ।'' ਮਹਾਬਤ ਖ਼ਾਂ ਨੇ ਦਿਲਾਵਰ ਖ਼ਾਂ ਨੂੰ ਵੰਗਾਰਿਆ।

ਦਿਲਾਵਰ ਖ਼ਾਂ ਨੇ ਅਰਜ਼ ਕੀਤੀ, ''ਗੱਲੀ ਕੀਹਦੀ ਤੇ ਗਹਿਣੇ ਕੀਹਦੇ।

''ਮੈਂ ਹੁਕਮ ਦਾ ਬੰਦਾ ਹਾਂ। ਹੁਣ ਤੁਹਾਡੇ ਦਿਲ ਦੀ ਮੁਰਾਦ ਪੂਰੀ ਹੋਣ ਦੇ ਦਿਨ ਆ ਗਏ ਹਨ।''

''ਚਾਹੇ ਕਿੰਨਾ ਵੀ ਖ਼ੂਨ ਰੋੜ੍ਹਨਾ ਪਏ। ਅਨੰਦਪੁਰ ਨੂੰ ਢੇਰੀ ਬਣਾ ਦਿਓ ਤੇ ਮੋਤੀ ਚੁਣ ਕੇ ਲਾਹੌਰ ਲੈ ਆਵਾਂਗੇ। ਫ਼ੌਜਾਂ ਨੂੰ ਹੁਕਮ ਚਾੜ੍ਹੋ ਤੇ ਐਲਾਨੇ-ਜੰਗ ਕਰ ਦਿਓ। ਕੂਚ ਦੇ ਨਗਾਰੇ ਵਜਾ ਦਿਓ।'' ਮਹਾਬਤ ਖ਼ਾਂ ਦਾ ਸਰੀਰ ਗੁੱਸੇ ਵਿਚ ਕੰਬ ਰਿਹਾ ਸੀ।

ਤਲਵਾਰ ਮਿਆਨ ਚੋਂ ਅੱਧੀ ਨਿਕਲੀ ਹੋਈ ਸੀ। ਖ਼ੂਨ ਅੱਖਾਂ ਵਿਚ ਉਤਰ ਚੁੱਕਾ ਸੀ।

''ਹੁਣ ਆਏ ਹਨ ਹਰਮ ਸ਼ਿੰਗਾਰਨ ਦੇ ਦਿਨ ਤੇ ਰੁੱਤ ਆਈ ਏ ਮਹਿੰਦੀਆਂ ਲਾਉਣ ਦੀ।''

*

ਨੀਲੀ ਹਵੇਲੀ ੧੭੩

ਅਨੰਦਪੁਰ ਵਿਚ ਨੀਲੀ ਹਵੇਲੀ ਦੀ ਇਕ ਆਲੀਸ਼ਾਨ ਇਮਾਰਤ ਸੀ। ਅਨੰਦਪੁਰ ਆਉਣ ਵਾਲਾ ਨੀਲੀ ਹਵੇਲੀ ਜ਼ਰੂਰ ਵੇਖਣ ਜਾਂਦਾ। ਇਕ ਤਾਂ ਰਾਹ ਵਿਚ ਆਉਂਦੀ ਤੇ ਦੂਜਾ ਉਹਦਾ ਰੰਗ ਨੀਲਾ ਸੀ। ਹਰ ਆਦਮੀ ਦੇ ਦਿਲ ਇਕ ਤਰੰਗ ਉੱਠਦੀ ਤੇ ਵਲਵਲੇ ਨਾਲ ਹੀ ਉਹਨੂੰ ਵੇਖ ਕੇ ਉਹ ਸਾਹ ਲੈਂਦਾ। ਨੀਲੀ ਹਵੇਲੀ ਦੇ ਵਸਨੀਕ ਗੁਰਮੁੱਖ ਸਿੰਘ ਸਨ ਤੇ ਉਹਨਾਂ ਦਾ ਗੁਰੂ ਘਰ ਨਾਲ ਬਹੁਤ ਪੁਰਾਣਾ ਸੰਬੰਧ ਸੀ। ਸਨ ਰਜਵਾੜੇ ਦੀ ਨਾ।

ਜੇ ਕਿਸੇ ਦੀਆਂ ਦਰਸ਼ਨੀ ਡਿਓਢੀਆਂ ਸਨ ਤਾਂ ਉਹ ਸੀ ਨੀਲੀ ਹਵੇਲੀ। ਬੜੀਆਂ ਧੁੰਮਾਂ ਸਨ ਸਰਦਾਰਾਂ ਦੀਅ ਪੰਜਾਬ ਦੀਆਂ ਵਲਗਣਾਂ ਵਿਚ। ਤਲਵਾਰ ਦੇ ਧਨੀ ਵੀ ਸਨ ਤੇ ਦਲੇਰ ਵੀ। ਜ਼ਬਾਨ ਵੀ ਸੀ ਤੇ ਧਾਕ ਵੀ। ਮਾਰਧਾੜ ਨੂੰ ਵੀ ਟਾਨ੍ਹ ਸਨ। ਮਾੜਾ ਮੋਟਾ ਤਾਂ ਪਰਛਾਵਾਂ ਲੰਘਣ ਦਾ ਹੌਂਸਲਾ ਨਾ ਕਰਦਾ। ਕੋਈ ਖੱਬੀਖ਼ਾਨ ਜੇ ਖੰਘੂਰਾ ਮਾਰ ਲੈਂਦਾ ਗ਼ਲਤੀ ਨਾਲ ਤਾਂ ਸਰਦਾਰ ਉਹਦੇ ਸੰਘ ਵਿਚ ਫਾਨਾ ਠੋਕ ਦਿੰਦੇ।

ਦੀਵਾਨ ਵਿਚ ਸਰਦਾਰਾਂ ਦੀ ਸੇਵਾ ਨੂੰ ਕੋਈ ਵਿਰਲਾ ਈ ਪਹੁੰਚਿਆ ਸੀ। ਗੁਰੂ ਦੀ ਮੋਹਰ ਸੀ ਸ਼ਰਧਾ ਵਿਚ ਲੀਨ ਹੋਏ ਪਏ ਸਨ। ਲੰਗਰ ਵਿਚ ਸੇਵਾ ਤਾਂ ਸਰਦਾਰਾਂ ਦੀ। ਕਿਲ੍ਹਿਆਂ ਦੀ ਰਾਖੀ ਦਾ ਜ਼ਿੰਮਾ ਤਾਂ ਸਰਦਾਰ ਮੋਹਰੀ।

ਉਸਾਰੀ ਦੇ ਕੰਮ ਵਿਚ ਪੁਛ ਗਿੱਛ ਤਾਂ ਸਰਦਾਰਾਂ ਦੀ ਪਹੁੰਚ ਸੀ। ਸਾਰਾ ਅਨੰਦਪੁਰ ਪੁੱਛ ਕੇ ਤੁਰਦਾ।

ਐਡਾ ਵੱਡਾ ਕੁਨਬਾ ਤੇ ਵਾਰਸ ਕੋਈ ਨਹੀਂ। ਨੀਲੀਆਂ ਹਵੇਲੀਆਂ ਦੀਆਂ ਰਕਾਨਣਾਂ ਦੀ ਗੋਦ ਵਿਚ ਪੁਤ ਨਹੀਂ ਸੀ ਖੇਡਦਾ। ਬਿਨਾਂ ਪੁਤੋਂ ਕਾਹਦੀਆਂ ਨੇ ਇਹ ਨੀਲੀਆਂ ਹਵੇਲੀਆਂ। ਵਿਧ ਮਾਤਾ

ਨੇ ਭਾਗ ਲਿਖੇ ਤੇ ਪੁਤ ਦੀ ਰੇਖਾ ਦੀ ਪਾਉਣੀ ਭੁੱਲ ਗਈ। ਫਿਰ ਮੱਥੇ ਰਗੜਿਆਂ ਕੀ ਬਣੇ ? ਸੁੱਖਣਾ ਸੁੱਖੀਆਂ ਦਾ ਕੀ ਫ਼ਾਇਦਾ। ਹੁਣ ਤਾਂ ਕੋਈ ਰੇਖ ਵਿਚ ਵੀ ਮੇਖ ਮਾਰੇ ਤਾਹੀਏਂ ਇਨ੍ਹਾਂ ਹਵੇਲੀਆਂ ਦੀ ਰੌਣਕ ਕਾਇਮ ਰਹੇ। ਨਹੀਂ ਤਾਂ ਉੱਲੂ ਬੋਲਣਗੇ। ਪਰ ਦਾਤੇ ਨੂੰ ਕੀ ਮਨਜ਼ੂਰ ਸੀ। ਕੌਣ ਜਾਣਦਾ ਸੀ।

ਬੁੱਢੇ ਵਾਰੇ ਇਨ੍ਹਾਂ ਹਵੇਲੀਆਂ ਵਿਚੋਂ ਇਕ ਬਾਲ ਦੇ ਰੋਣ ਦੀ ਆਵਾਜ਼ ਆਈ। ਕੁੱਖ ਫੁਟਦਿਆਂ ਈ ਵਧਾਈਆਂ ਦੇਣ ਵਾਲਿਆਂ ਦਾ ਇਕ ਝੁਰਮੱਟ ਲੱਗ ਗਿਆ। ਗਹਿਮਾ ਗਹਿਮੀ ਕਰ ਉੱਠੀ ਹਵੇਲੀ। ਢੋਲਕੀ ਲਿਆ ਰੱਖੀ ਮਰਾਸਣ ਨੇ। ਸ਼ਾਮ ਤੋਂ ਪਹਿਲਾਂ ਈ ਹਵੇਲੀਆਂ ਜਗਮਗਾ ਉੱਠੀਆਂ। ਮੇਹਰ ਹੋਈ ਦਾਤੇ ਦੀ। ਇਹ ਗੱਲ ਉਦੋਂ ਦੀ ਏ ਜਦੋਂ ਨੀਹਾਂ ਰੱਖੀਆਂ ਜਾ ਰਹੀਆਂ ਸਨ ਅਨੰਦਪੁਰ ਦੀਆਂ ਤੇ ਗੁਰੂ ਤੇਗ ਬਹਾਦਰ ਅਨੰਦਪੁਰ ਵਿਚ ਬਿਰਾਜਮਾਨ ਸਨ ਕਿਤੇ ਦੂਜੇ ਦਿਨ ਪਤਾ ਲੱਗਾ ਕਿ ਉਹ ਲੜਕਾ ਨਹੀਂ ਸੀ, ਲੜਕੀ ਸੀ। ਮਾਪਿਆਂ ਉਹਦਾ ਨਾਂ ਅਨੂਪ ਕੌਰ ਰੱਖਿਆ।

ਪੋਟੇ ਮਿਣ-ਮਿਣ ਕੇ ਪਾਲਿਆ ਉਨ੍ਹਾਂ ਧੀ ਨੂੰ। ਪੁੱਤਾਂ ਤੋਂ ਜ਼ਿਆਦਾ ਹਿੰਦੀ ਸੀ। ਆਪਣੀ ਧੀ। ਸਾਹ ਨਾਲ ਸਾਹ ਲੈਂਦੇ। ਲਾਡਾਂ ਨਾਲ ਪੱਲ ਰਹੀ ਸੀ ਚਾਵਾਂ ਵਿਚ ਖੇਡਦੀ। ਸੱਧਰਾਂ 'ਚ ਉੱਚੀ ਹੁੰਦੀ ਗਈ ਅਨੂਪ ਕੌਰ।

ਕਲ੍ਹ ਗੁੱਡੀਆਂ-ਪਟੋਲਿਆਂ ਨਾਲ ਖੇਡਦੀ ਸੀ ਤੇ ਅੱਜ ਵਿੰਹਦਿਆਂ-ਵਿੰਹਦਿਆਂ ਜਵਾਨ ਹੋ ਗਈ ਏ। ਹੁਸਨ ਨਿਖਰਿਆ ਤੇ ਜਵਾਨਾਂ ਨੇ ਮੌਢੇ ਮਾਰੇ। ਚੁਗਲੀਆਂ ਕਰਦਾ ਉਭਾਰ ਸੈਨਤਾਂ ਮਾਰਨ ਲੱਗਾ ਹਾਣੀ ਨੂੰ।

"ਅਜੇ ਕਲ੍ਹ ਦੀ ਗੱਲ ਏ ਛੋਕਰੀ ਸੀ ਤੇ ਅੱਜ ਹੁਣ ਤਣ ਕੇ ਕਮਾਨ ਬਣ ਗਈ ਏ।' ਆਖਣ ਵਾਲਾ ਆਨੰਦਪੁਰ ਦਾ ਇਕ ਬੰਦਾ ਸੀ।

'ਕੁੜੀਆਂ ਨੂੰ ਦਿਹਾੜੀ ਦਾ ਗਿੱਠ-ਗਿੱਠ ਵਾਰ ਆਉਂਦੇ।" ਥੜ੍ਹੇ ਤੇ ਬੈਠੇ ਬੁੱਢਿਆਂ ਵਿਚੋਂ ਇਕ ਬੋਲਿਆ।

"ਧੀਆਂ ਚੰਬੇ ਦੀ ਡਾਰ ਹਨ। ਧਨ ਪਰਾਇਆ ਏ। ਉੱਡ ਈ ਜਾਣਾ ਏ ਵਾਰੀ ਨਾਲ।" ਚਰਚੇ ਸਨ ਅਨੰਦਪੁਰ ਵਿਚ ਅਨੂਪ ਕੌਰ ਦੇ। ਬਜ਼ੁਰਗਾਂ ਦੀ ਸੋਚ ਦਾ ਕੇਂਦਰ ਸੀ ਤੇ ਜਵਾਨਾਂ ਦੇ ਮਨ-ਪ੍ਰਚਾਵੇ ਦਾ ਮਰਕਜ਼।

' ਸੋਚਾਂ ਪਈਆਂ ਨੀਲੀ ਹਵੇਲੀ ਵਿਚ, ਘਰ-ਵਰ ਲੱਭਿਆ ਜਾਏ। ਧੀ ਸਿਆਣੀ ਹੋ ਗਈ ਏ।"

ਧੀ ਨੇ ਮਾਂ ਤੋਂ ਵੀ ਸਿਰ ਕੱਢ ਲਿਆ। ਮਾਂ ਦੇ ਕੱਪੜੇ ਧੀ ਦੇ ਮੇਚੇ ਆ ਗਏ। ਜੁੱਤੀ ਵਿਚ ਫਰਕ ਨਾ ਰਿਹਾ। ਗੋਰਾ ਰੰਗ ਹਵੇਲੀਆਂ ਦੀ ਬਰਕਤ ਸੀ। ਫ਼ਿਕਰ ਪਿਆ ਤਾਇਆਂ ਚਾਚਿਆਂ ਨੂੰ।

ਮਨਚਲੇ ਗੱਭਰੂ ਕਦ ਮੁੜਦੇ ਸਨ। ਧੂਣਿਆਂ ਤੇ ਬੈਠੇ ਡੰਕੇ ਮੋੜਦੇ, ਵੰਗ ਚਾਰਦੇ, ਗੱਤਕਾ ਖੇਡਦੇ, ਕਬੱਡੀ ਦੀ ਟੋਲੀ ਵਿਚ, ਮੁਗਦਰਾਂ ਦੇ ਅਖਾੜੇ ਵਿਚ, ਕੁਸ਼ਤੀ ਦੇ ਵਹਿਣ ਵਿਚ ਗੱਲਾਂ ਨੀਲੀ ਹਵੇਲੀ ਦੀਆਂ। ਕੌਣ ਮੋੜੇ, ਕਿਹਦੇ ਮੋੜਿਆਂ ਮੁੜਨ, ਕਿਹਦੀ ਅੱਖ ਦੀ ਸ਼ਰਮ ਖਾਨ। ਉਹ ਤੇ ਆਪਣੀ ਢਾਣੀ ਦੇ ਰਾਜੇ ਹੁੰਦੇ ਹਨ। ਸ਼ੈਤਾਨ ਨੂੰ ਪਤਾ ਲੱਗ ਜਾਵੇ ਤੇ ਡਰਦਾ ਨਾ ਲੰਘੇ ਉਨ੍ਹਾਂ ਦੇ ਕੋਲ ਦੀ। ਰੱਬ ਟੇਟੇ ਚੜ੍ਹ ਜਾਏ ਤੇ ਵੇਚ ਕੇ ਮਰੂੰਡੇ ਖਾ ਲੈਣ। ਜਵਾਨੀ ਚੜ੍ਹੇ ਮੁੰਡਿਆਂ ਨੂੰ ਕੋਈ ਨਹੀਂ ਮੋੜ ਸਕਦਾ। ਇਹ ਉਮਰ ਈ ਆਪਣੇ ਕਾਬੂ ਵਿਚ ਨਹੀਂ ਹੁੰਦੀ। ਸੋਚਣਾ ਤਾਂ ਇਹ ਜਾਣਦੇ ਈ ਨਹੀਂ. ਇੱਜ਼ਤ ਬੇਇਜ਼ਤੀ ਦੀ ਕੋਈ ਨਿੰਦ-ਵਿਚਾਰ ਈ ਨਹੀਂ। ਇਨ੍ਹਾਂ ਭੂੰਡਾਂ ਦੀ ਖੱਖਰ ਨੂੰ। ਕੌਣ ਛੇੜ ਕੇ ਆਪਣੇ ਗੱਲ ਪਾਏ। ਜਵਾਨੀ ਦੇ ਚਾਰ ਦਿਨ ਹਨ ਲੰਘ ਜਾਣਗੇ। ਹਰ ਇਕ ਤੇ ਆਉਂਦੇ ਹਨ। ਹਰ ਬਜ਼ੁਰਗ ਆਪਣਾ ਵੇਲਾ ਭੁੱਲ ਕੇ ਨਸੀਹਤਾਂ ਦੇਂਦਾ ਏ। ਦੀਦ ਕਰਨ ਤੇ ਕੰਮੀ ਦੀ ਤੇ ਨਾ ਕਰਨ ਤੇ ਬਾਦਸ਼ਾਹ ਦਾ ਆਖਾ ਨਾ ਮੰਨਣ। ਵਕਤ-ਵਕਤ ਦੀ ਗੱਲ ਏ।

ਗੱਲਾਂ ਕਰਦੇ ਮੁੰਡੇ ਹਾਣੀਆਂ ਦੀ ਟੋਲੀਆਂ ਵਿਚ ਬੈਠ ਕੇ। "ਉਹਦੀਆਂ ਅੱਖਾਂ ਵਿਚੋਂ ਸੁਰਮਾ ਡੁੱਲ੍ਹ ਡੁੱਲ੍ਹ ਪੈ ਰਿਹਾ ਏ।"

'ਉਹਦੀਆਂ ਝਾਂਜਰਾਂ ਬਲ'ਉਣੋਂ ਨਹੀਂ ਮੁੜਦੀਆਂ। ਉਹਦੀ ਕਮਰ 'ਚ ਵੀਹ ਵੱਲ ਪੈਂਦੇ ਹਨ।"

'ਉਸ ਦੇ ਹੁਸਨ ਦਾ ਸ਼ੀਸ਼ਾ ਝਾਲ ਨਹੀਂ ਝੱਲ ਸਕਦਾ। ਉਹਦੀ ਤੋਰ ਵੇਖ ਕੇ ਹਰਨ ਕੂਰਨ ਦੀ ਜ ਚ ਭੁੱਲ ਜਾਂਦਾ ਏ।

"ਰਿਲੀਅਰ ਉੱਡਦੇ-ਉੱਡਦੇ ਡਿੱਗ ਪੈਂਦੇ ਹਨ ਮਹਿਕਦਾ ਚਿਹਰਾ ਵੇਖ ਕੇ।"

"ਬੁਲਬੁਲ ਲੁੱਕ ਕੇ ਬੋਲ ਸੁਣਦੀ ਏ ਕਬੂਤਰੀ ਦੇ।"

"ਨਰਗਸ ਨੇ ਅੱਖ ਮੀਟ ਲਈ ਏ, ਗੋਰੀ ਦੀਆਂ ਕਜਲੇ ਨਾਲ ਗਲੇਫੀਆਂ ਅੱਖੀਆਂ ਵੇਖ ਕੇ।"

"ਫੁੱਲ ਦਾ ਭੁਲੇਖਾ ਖਾ ਜਾਂਦਾ ਏ ਭੌਰਾ ਗੋਰੀ ਨੂੰ ਬਾਗ਼ ਵਿਚ ਘੁੰਮਦਿਆਂ ਵੇਖ।"

"ਮੱਕੀ ਦੇ ਦੋ ਟਾਂਡਿਆਂ ਨਾਲ ਉਸ ਦੀਆਂ ਸਹੇਲੀਆਂ ਉਹਦਾ ਕੱਦ ਮਾਪਦੀਆਂ ਨੇ।"

"ਨਾ ਸੁਰਮਾ ਅੱਖਾਂ ਝੱਲਦੀਆਂ ਹਨ ਤੇ ਨਾ ਰੂਪ ਸ਼ੀਸ਼ਾ।"

ਜਿੰਨੇ ਮੂੰਹ ਓਨੀਆਂ ਗੱਲਾਂ. ਕਿਸੇ ਨੇ ਹੀਰ ਸਲੇਟੀ ਆਖਿਆ, ਕੋਈ ਸੋਹਣੀ ਤੇ ਕਿਸੇ ਨੇ ਸਾਹਿਬਾਂ ਆਖ ਕੇ ਦਿਲ ਦੀ ਪਿਆਸ ਬੁਝਾ ਲਈ। ਅੱਖਾਂ ਤੇ ਸਕ ਈ ਲੈਂਦੇ ਹਾਕਾਂ ਮਾਰਨ ਵਾਲੇ ਜਵਾਨ ਮੁੰਡੇ।

ਆਨੰਦਪੁਰ ਜਵਾਨ ਗਭਰੂਆਂ ਤੇ ਹੀਰਾਂ ਦਾ ਮਰਕਜ਼ ਸੀ। ਨਵੇਂ ਲਹੂ ਦੀ ਲੋੜ ਸੀ ਆਨੰਦਪੁਰ ਨੂੰ। ਅਨੂਪ ਕੌਰ ਸਾਰੇ ਚਾਹੁੰਦੇ ਸਨ ਪਰ ਅਨੂਪ ਕੌਰ ਕਿਸੇ ਨੂੰ ਜੁੱਤੀ ਤੇ ਨਹੀਂ ਸੀ ਗਿਣਦੀ। ਮਾਣ ਸੀ ਉਹਨੂੰ ਰੂਪ ਤੇ ਜਵਾਨੀ ਦਾ। ਕਈ ਸਾਕ ਆਏ ਮੋੜ ਦਿੱਤੇ ਗਏ। ਡੋਲੀਆਂ ਆਈਆਂ, ਪਾਲਕੀਆਂ ਆਈਆਂ ਪਰਤਾ ਦਿੱਤੀਆਂ ਗਈਆਂ। ਜਾਗੀਰਾਂ ਦੇ ਪਟੇ ਲਿਖੇ ਆਏ ਫਾੜ ਕੇ ਹੱਥ ਫੜਾ ਦਿੱਤੇ ਨੀਲੀ ਹਵੇਲੀ ਵਾਲਿਆਂ। ਆਪਣਾ ਮੂੰਹ ਲੈ ਕੇ ਮੁੜ ਗਏ ਮੰਦਰਾਂ ਦੀ ਬਾਰੀ ਵਿਚ ਬਹਿਣ ਵਾਲੇ। ਝਰੋਖਿਆਂ ਵਿਚ ਕਿਸੇ ਨੂੰ ਝਾਤ ਮਾਰਨ ਦੀ ਮਜਾਲ ਨਹੀਂ ਸੀ।

ਆਪਣੇ ਰੂਪ ਵਿਚ ਮੱਤੀ ਜਵਾਨੀ ਵਿਚ ਬੇਸੁੱਧ ਮਾਣ ਹਵੇਲੀਆਂ ਦਾ। ਬੁਰਜਾਂ ਵਰਗੇ ਤਾਏ ਚਾਚੇ। ਉੱਠਦੀ ਜਵਾਨੀ ਦੇ ਖ਼ੁਮਾਰ ਵਿਚ ਪਾਸੇ ਮਾਰਦੀ ਪੈਲਦੀ ਮੋਰਨੀ ਆਪਣਾ ਪਰਛਾਵਾਂ ਵੀ ਨਹੀਂ ਸੀ ਲੰਘਣ ਦਿੰਦੀ ਕਿਸੇ ਰਾਣੀ ਖ਼ਾਂ ਦੇ ਸਾਲੇ ਨੂੰ। ਸਰਸਾ ਦੇ ਹੁਸਨ ਦੀ ਦੇਵੀ ਪਵਿੱਤਰ ਸੀ ਗੰਗਾ ਜਲ ਵਾਂਗੂੰ। ਕੰਡ ਪਿਛੇ ਤਾਂ ਲੋਕ ਰਾਜਿਆਂ ਮਹਾਰਾਜਿਆਂ ਦੀਆਂ ਗੱਲਾਂ ਕਰਦੇ ਹਨ।

ਪਾਲਕੀਆਂ ਦਾ ਉਨੀਂ ਦਿਨੀਂ ਬੜਾ ਰਿਵਾਜ ਸੀ। ਪਾਲਕੀ ਮੁੜ ਜਾਏ ਕਿਸੇ ਕਾਜ਼ੀ ਜਾਂ ਸੂਬੇ ਲਈ ਡੁੱਬ ਕੇ ਮਰਨ ਦੀ ਗੱਲ ਦੇ ਬਰਾਬਰ ਸੀ। ਖ਼ਾਲੀ ਡੋਲੀ ਮੁੜ ਆਏ ਕਿਸੇ ਰਾਜੇ ਦੀ ਤਾਂ ਉਹ ਪਰ੍ਹੇ ਵਿਚ ਮੂੰਹ ਨਹੀਂ ਸੀ ਵਿਖਾ ਸਕਦਾ। ਰਿਵਾਜ ਦੀ ਗੱਲ ਏ। ਸੋਹਣੀ ਧੀ ਮਾਪਿਆਂ ਦੇ ਘਰ ਜੰਮ ਪੈਂਦੀ ਤਾਂ ਮਾਪੇ ਜਿਊਂਦਿਆਂ ਈ ਮਰ ਜਾਂਦੇ। ਏਸੇ ਲਈ ਤਾਂ ਜੰਮਦੀਆਂ ਧੀਆਂ ਦਾ ਗਲਾ ਘੁੱਟ ਦੇਂਦੇ ਸਨ। ਸਿਰਫ਼ ਗੁਰਾਂ ਨੇ ਏਸ ਰਸਮ ਨੂੰ ਤੋੜਿਆ ਤੇ ਸਹੁੰ ਦਿੱਤੀ। ਔਰਤ ਨੂੰ ਬਰਾਬਰੀ ਦਾ ਹੱਕ ਦਿੱਤਾ। ਧੀਆਂ ਦਾ ਵਰ ਲੱਭਣਾ ਉਦੋਂ ਵੀ ਮੁਸ਼ਕਲ ਸੀ। ਹਾਣ-ਪਰਵਾਨ ਤੇ ਭਾਗਾਂ ਵਾਲੀ ਨੂੰ ਮਿਲਦਾ। ਬੇ-ਜ਼ਬਾਨ ਧੀਆਂ, ਜਿਦ੍ਹੇ ਲੜ ਲਾਉਂਦੇ ਮਾਪੇ, ਉਹਦੇ ਨਾਲ ਹੀ ਤੁਰ ਜਾਂਦੀਆਂ। ਗਊ ਤੇ ਧੀ ਦਾ ਕੀ ਏ। ਜਿੰਦਾਂ ਆਖਿਆ ਹਾਂ ਕਰ ਦਿੱਤੀ। ਕੁਦਰਤ ਨੇ ਧੀਆਂ ਦੀ ਜ਼ਬਾਨ ਬੰਦ ਰੱਖੀ ਹੋਈ ਏ। ਤਾਲਾ ਵੱਜਾ ਹੋਇਆ ਸੀ ਇਖ਼ਲਾਕ ਦਾ, ਧੀ ਦੀ ਜ਼ਬਾਨ ਨੂੰ।

ਭਾਵੇਂ ਅਨੂਪ ਕੌਰ ਦੇ ਹੁਸਨ ਦੇ ਚਰਚੇ ਪੰਜਾਬ ਦੀਆਂ ਕੂਟਾਂ 'ਚ ਖਿਲਰ ਚੁੱਕੇ ਸਨ ਪਰ ਦਿੱਲੀ ਵੀ ਕੋਰੀ ਨਾ ਰਹੀ ਇਸ ਖ਼ੁਸ਼ਬੋ ਤੋਂ। ਉਸ ਦੀਆਂ ਖ਼ੁਸ਼ਬੋਆਂ ਬਰਹਾਨ ਪੁਰ ਤੇ ਦੱਖਣ ਦੇ ਵਿਜਈ ਸ਼ਹਿਜ਼ਾਦੀਆਂ ਦੇ ਹਰਮਾਂ ਤੱਕ ਪੁੱਜੀਆਂ। ਕਨਸੋਆਂ ਸੇਜਾਂ ਬਦਲਦੀਆਂ ਗਈਆਂ। ਹਰਮ

ਸਜਾਏ ਗਏ। ਫੁੱਲਾਂ ਨੂੰ ਮੁਸਕਰਾਉਣ ਦਾ ਵਕਤ ਦਿੱਤਾ ਗਿਆ। ਅੱਤਾਰ ਨਵੇਂ ਅੱਤਰਾਂ ਨੂੰ ਨਵੀਂ ਪੁੱਠ ਦੇ ਕੇ ਪਹਿਲੇ ਤੋੜ ਵਿਚ ਖਿੱਚਦੇ। ਈਰਾਨ ਦੇ ਵਪਾਰੀਆਂ ਨੂੰ ਤੇ ਮੌਜ ਲੱਗੀ ਹੋਈ ਸੀ। ਕਾਲੀਨਾਂ ਦੇ ਨਵੇਂ-ਨਵੇਂ ਡਿਜ਼ਾਈਨ ਲਿਆਂਦੇ। ਸ਼ਮ੍ਹਾਦਾਨਾਂ ਵਿਚ ਖ਼ੁਸ਼ਬੋਦਾਰ ਬੱਤੀਆਂ ਲਾ ਕੇ ਵੇਖੀਆਂ ਗਈਆਂ। ਸੁਪਨੇ ਵੇਖ ਰਹੇ ਸਨ ਵਲੀ ਅਹਿਦ ਰਿਆਸਤਾਂ ਦੇ ਵਾਧੂ ਲਿਫ਼ਾਫ਼ੇਬਾਜ਼ੀ ਤੇ ਸ਼ੇਖ-ਚਿਲੀ ਦੀ ਕਬਰ ਤੇ ਹਰ ਕੋਈ ਲੱਤ ਮਾਰ ਰਿਹਾ ਸੀ।

ਅਨੂਪ ਕੌਰ ਨੇ ਕਿਸੇ ਜਵਾਨ ਗਭਰੂ ਨੂੰ ਆਪਣੇ ਮਨ ਦੀ ਤਾਕੀ ਵਿਚੋਂ ਝਾਕਣ ਵੀ ਨਾ ਦਿੱਤਾ। ਬੰਦ ਬੋਤਲ ਸੀ ਮਾਂ ਦੀ ਧੀ। ਪਵਿੱਤਰ, ਸੁੱਚੀ, ਅਣਛੋਹੀ, ਆਨੰਦਪੁਰ ਦੀ ਅਲ੍ਹੜ ਮੁਟਿਆਰ।

ਉਹਦੀਆਂ ਦਲ੍ਹੀਜ਼ਾਂ ਤੇ ਕਈ ਮੱਥੇ ਰਗੜਦੇ ਮੁੜ ਗਏ। ਉਹਦੇ ਮਾਪਿਆਂ ਨੇ ਛਿਲਿਆਂ ਮੱਥਿਆਂ ਵਾਲਿਆਂ ਨੂੰ ਝੂਠਿਆਂ ਸੱਚਿਆਂ ਵੀ ਨਾ ਪੁੱਛਿਆ। ਸਾਰੀ ਹਵੇਲੀ ਦੀ ਇਕੋ ਲਾਡਲੀ ਸੀ। ਉਨ੍ਹਾਂ ਹਵੇਲੀਆਂ ਦੀ ਉਹ ਕੱਲੀ ਮਾਲਕ ਸੀ। ਆਨੰਦਪੁਰ ਨਾਲ ਉਹਨੂੰ ਬੜਾ ਪਿਆਰ ਸੀ, ਉਹ ਵਿਆਹੀ ਵੀ ਜਾਂਦੀ ਤੇ ਆਨੰਦਪੁਰ ਨੂੰ ਛੱਡ ਕੇ ਕਦੀ ਨਾ ਡੋਲੀ ਵਿਚ ਬੈਠਦੀ।

ਗੁੱਡੀਆਂ ਪਟੋਲਿਆਂ ਨਾਲ ਖੇਡਦੀ ਨੇ ਇਕ ਦਿਨ ਨੀਲੇ ਘੋੜੇ ਵਾਲੇ ਨੂੰ ਵੇਖਿਆ ਸੀ ਤੇ ਉਦੋਂ ਦੀ ਉਹਦੀ ਜ਼ਬਾਨ ਤੇ ਮੋਹਰ ਲੱਗ ਗਈ ਸੀ। ਕਿਸੇ ਸਹੇਲੀ ਨੇ ਉਹਦੇ ਦਿਲ ਦੀ ਬੰਦ ਸੰਦੂਕੜੀ ਨੂੰ ਕੁੰਜੀ ਲਾ ਕੇ ਨਹੀਂ ਸੀ ਖੋਲ੍ਹਿਆ। ਰਾਂਗਲੇ ਚਰਖ਼ੇ ਨੇ ਵੀ ਦਿਲ ਦੀ ਗੱਲ ਉਜਾਗਰ ਨਹੀਂ ਸੀ ਹੋਣ ਦਿੱਤੀ। ਵਿਚਾਰੀ ਨੇ ਕੀ ਖੋਲ੍ਹਣੀ ਸੀ ਮਨ ਦੀ ਘੁੰਡੀ।

ਮਮਟੀ ਤੇ ਚੜ੍ਹ ਆਨੰਦਪੁਰ ਨੂੰ ਵੇਖਦੀ ਤੇ ਉਹਦਾ ਦਿਲ ਨਸ਼ਿਆ ਜਾਂਦਾ। ਅੰਗ ਮੱਚ ਉੱਠਦੇ। ਸਵੇਰੇ ਉਹ ਆਪਣਾ ਦਿਲ ਠਾਰ ਲੈਂਦੀ ਨੀਲੀ ਜਿਹੀ ਦਸਤਾਰ ਦੀ ਭਾਅ ਵੇਖ ਕੇ।

ਸਾਰਾ ਦਿਨ ਉਸੇ ਖ਼ੁਮਾਰ ਵਿਚ ਬੁੱਲ੍ਹੀਆਂ ਤੇ ਸੱਕ ਮਲਦੀ ਦਾ ਲੰਘ ਜਾਂਦਾ। ਨੀਲੀ ਦਸਤਾਰ ਦੀ ਭਾਅ ਸੀ ਜਾਂ ਅਨੂਪ ਕੌਰ।

ਨੀਲੀ ਹਵੇਲੀ ਦੇ ਬੁਰਜ ਅਸਮਾਨ ਨੂੰ ਛੂਹ ਰਹੇ ਸਨ ਤੇ ਨੀਲੀ ਹਵੇਲੀ ਖ਼ਾਮੋਸ਼ ਖਲੋਤੀ ਹੋਈ ਸੀ

੧੭੫

ਘੁੰਡ ਲਾਹੇ ਕਾਲੀਆਂ ਨੇ

ਦਿਨ ਬੀਤੇ। ਰੁੱਤਾਂ ਬਦਲੀਆਂ, ਕੂੰਜਾਂ ਆਈਆਂ, ਆਂਡੇ ਦਿੱਤੇ ਤੇ ਉੱਡ ਗਈਆਂ। ਫੁੱਲ ਲੱਗੇ ਤੇ ਝੜ ਗਏ।

ਪਤਝੜ ਦਾ ਰੰਗ ਬਹਾਰ ਨੂੰ ਪਸੰਦ ਆ ਗਿਆ ਤੇ ਉਹਦਾ ਮਨ ਮੋਹਿਆ ਗਿਆ। ਬਹਾਰ ਨੇ ਮੁਕਲਾਵੇ ਆਈ ਪੱਤਝੜ ਤੇ ਕਪੜੇ ਰੀਝ ਨਾਲ ਵੀ ਪਾ ਕੇ ਵੇਖ ਲਏ। ਉਦਾਸੀਆਂ ਛਾ ਗਈਆਂ। ਪੱਤ ਕਿਰੇ ਤੇ ਰੁੰਡ-ਮੁੰਡ ਹੋ ਗਿਆ ਟਹਿ-ਟਹਿ ਕਰਦਾ ਬਾਗ਼।

ਦਿਨ ਫਿਰ ਫਿਰੇ। ਹਵਾਵਾਂ ਨੇ ਰੁੱਖ ਫਿਰ ਬਦਲਿਆ। ਅੰਗੂਠੀ ਆਈ, ਬੂਰ ਪਿਆ, ਡੋਡੀਆਂ ਲੱਗੀਆਂ। ਜਵਾਨੀ ਆਉਣ ਤੋਂ ਪਹਿਲਾਂ ਹੀ ਤਿੜਕ ਪਈ ਡੋਡੀ। ਭਰ ਜੋਬਨ ਵਿਚ ਆਈਆਂ ਨੂੰ ਫੁੱਲ ਲੱਗੇ, ਮੁਸਕਰਾਏ। ਅੰਬਾਂ ਵਿਚੋਂ ਬੂਰ ਦੀ ਖ਼ੁਸ਼ਬੋ ਨਿਖਰੀ। ਅੰਬੀਆਂ ਤੇ ਕੋਇਲ ਬੋਲ ਪਈ।

ਸੱਧਰਾਂ ਅੱਲ੍ਹੜ ਤੇ ਚਾਅ ਕੁਆਰੇ ਸਨ ਉਸ ਨੱਢੀ ਦੇ। ਉਹਦੇ ਦਿਲ ਵਿਚ ਵਲਵਲੇ

ਕਾਲੀਆਂ ਬਦਲੀਆਂ ਵਾਂਗੂੰ ਉਮਡ-ਉਮਡ ਕੇ ਆਏ ਤੇ ਉਹਨਾਂ ਛਾਉਣੀਆਂ ਪਾ ਲਈਆਂ। ਨਿਸ਼ਚਾ ਪ੍ਰਖਤਾ ਹੋ ਚੁੱਕਾ ਸੀ। ਕਿਸੇ ਦੀ ਬਹਾਦਰੀ ਦੇ ਚਿੰਨ੍ਹ ਉਹਦੀਆਂ ਅੱਖਾਂ ਤੋਂ ਓਹਲੇ ਨਾ ਹੋਏ ਤੇ ਓਹਲਾ ਨਾ ਕਰ ਸਕੀ ਉਹ।

ਉਹਦੇ ਦਿਲ ਦੀ ਆਰਸੀ ਵਿਚ ਨਾ ਪਏ ਕਿਸੇ ਦੂਸਰੇ ਦੀ ਖ਼ੂਬਸੂਰਤੀ ਦੇ ਜਲਵੇ ਤੇ ਨਾ ਜਵਾਨੀ ਦੇ ਜਲਾਲ ਨੇ ਉਹਦਾ ਮਨ ਮੋਹਿਆ ਤੇ ਨਾ ਹੀ ਕਿਸੇ ਹੋਰ ਦੇ ਪਿਆਰ ਨੇ ਉਹਦੇ ਕੋਮਲ ਜਿਹੇ ਦਿਲ ਤੇ ਝਰੀਟ ਈ ਪਾਈ। ਉਹਦੇ ਦਿਲ ਦਾ ਸੀਸ਼ਾ ਬਲੌਰ ਵਾਂਗੂੰ ਡਲ੍ਹਕਾਂ ਮਾਰਦਾ ਰਿਹਾ। ਉਹ ਨਹੀਂ ਸੀ ਚਾਹੁੰਦੀ ਕਿ ਉਹਦੇ ਦਿਲ ਦੇ ਸ਼ੀਸ਼ੇ ਤੇ ਕਿਤੇ ਦਾਗ਼ ਲੱਗ ਜਾਏ ਜਾਂ ਕਿਤੇ ਤਰੇੜ ਆ ਜਾਏ। ਉਸ ਆਪਣੇ ਦਿਲ ਦੀ ਗੱਲ ਅਜੇ ਤੱਕ ਕਿਸੇ ਨੂੰ ਨਹੀਂ ਸੀ ਦੱਸੀ। ਕੋਈ ਸਹੇਲੀ ਅਜੇ ਤੱਕ ਉਹਦੀ ਰਾਜ਼ਦਾਨ ਨਹੀਂ ਸੀ ਬਣ ਸਕੀ।

ਘਰ ਵਾਲੇ ਵੀ ਕੁੜੀ ਦੀ ਨੁਹਾਰ ਵੇਖ ਰਹੇ ਸਨ। ਕੋਈ ਗੱਲ ਸਮਝ ਨਹੀਂ ਸੀ ਆ ਰਹੀ ਕਿ ਕੀ ਚਾਹੁੰਦੀ ਹੈ ਸੀ ਅਨੂਪਾਂ ? ਕਿਸੇ ਨੂੰ ਨਹੀਂ ਸੀ ਪਤਾ। ਸੂਰਜ ਦੀ ਟਿੱਕੀ ਪੁੰਗਰਦਿਆਂ ਈ ਉਹ ਬਾਰਾਂਦਰੀ ਦੀ ਮਮਟੀ ਤੇ ਚੜ੍ਹ ਕੇ ਬੈਠ ਜਾਂਦੀ। ਮਾਰਚ ਕਰਦੀਆਂ ਸਿੱਖ ਫ਼ੌਜਾਂ ਨੂੰ ਵੇਖਦੀ ਤੇ ਕਦੀ ਨੀਲੇ ਘੋੜੇ ਤੇ ਸਵਾਰ ਵੱਲ ਵੇਖ ਕੇ ਬਲਿਹਾਰੇ-ਬਲਿਹਾਰੇ ਜਾਂਦੀ। ਬਾਜ਼ਾਂ ਵਾਲੇ ਦੇ ਮੁੱਖੜੇ ਤੋਂ ਰਹਿਮਤਾਂ ਬਰਸਦੀਆਂ ਵੇਖ ਕੇ ਕਈ ਸ਼ੀਸ਼ ਮਹਿਲ ਬਣਾਉਂਦੀ ਤੇ ਕਈ ਬਾਰਾਂਦਰੀਆਂ ਉਹਦੀਆਂ ਅੱਖਾਂ ਸਾਹਮਣੇ ਬਣਦੀਆਂ ਤੇ ਵਿਗੜਦੀਆਂ।

ਅਨੂਪ ਕੌਰ ਦਾ ਦਿਲ ਉਹਦੇ ਆਪਣੇ ਕਾਬੂ ਵਿਚੋਂ ਵੀ ਨਿਕਲ ਚੁੱਕਾ ਸੀ। ਉਹ ਹੁਣ ਖ਼ੁਆਬ ਵੇਖ ਰਹੀ ਸੀ ਮੋਤੀ ਮਹਿਲ ਤੇ ਸ਼ੀਸ਼ ਮਹਿਲਾਂ ਦੇ। ਉਹ ਆਪਣੀ ਪਾਲਕੀ ਨੂੰ ਹੀਰਿਆਂ ਤੇ ਮੋਤੀਆਂ ਨਾਲ ਜੜਿਆਂ ਵੇਖਣਾ ਚਾਹੁੰਦੀ ਸੀ। ਉਹਦੇ ਪੈਰਾਂ ਦੀ ਧੂੜ ਸਾਰੀ ਕੌਮ ਚੁੱਕ-ਚੁੱਕ ਕੇ ਮੱਥੇ ਨਾਲ ਲਾਵੇ। ਰਾਤ ਦੀ ਨੀਂਦ ਉੱਡੀ ਤੇ ਦਿਨ ਦਾ ਆਰਾਮ ਗਿਆ।

ਹਵੇਲੀ ਦੀਆਂ ਕੰਧਾਂ ਹਿੱਲੀਆਂ ਧੀ ਜਵਾਨ ਵੇਖ ਕੇ, ਪਰ ਬੂਹੇ ਆਏ ਵੀਹ ਸਾਕ ਉਨ੍ਹਾਂ ਸਾਊ ਬੰਦਿਆਂ ਦੇ ਵੀ ਮੋੜ ਦਿੱਤੇ। ਲਾਡਲੀ ਧੀ ਦਾ ਦਿਲ ਨਾ ਦੁਖਾਇਆ ਮਾਪਿਆਂ ਨੇ। ਧੀ ਵੀ ਪ੍ਰਾਹੁਣੀ ਸੀ। ਇਸ ਲਈ ਬੜੇ ਫ਼ਿਕਰਮੰਦ ਸਨ। ਨੀਂਦ ਕਿਥੋਂ ਆਉਂਦੀ ਏ ਮਾਪਿਆਂ ਨੂੰ ਜਿਨ੍ਹਾਂ ਦੇ ਘਰ ਧੀਆਂ ਜਵਾਨ ਹੋਣ।

ਇਸ਼ਕ ਤੇ ਮੁਸ਼ਕ ਛੁਪਾਇਆ ਨਹੀਂ ਛੁੱਪਦੇ। ਸਿਆਣਿਆਂ ਸੱਚ ਆਖਿਆ ਏ, "ਅੱਖਾਂ ਦੀ ਦੱਸ ਦੇਂਦੀਆਂ ਹਨ ਦਿਲ ਦੀ ਕਹਾਣੀ।"

ਉਹਦੇ ਅੰਗ-ਅੰਗ ਨੱਚਣ ਲੱਗ ਪਏ। ਅੱਖਾਂ ਬੋਲ ਪਈਆਂ। ਬੁੱਲ੍ਹੀਆਂ ਤੇ ਬੋਲ ਆ ਆ ਕੇ ਰੁੱਕੇ। ਚੁੰਨੀ ਸੀਨੇ ਤੇ ਆਣ ਕੇ ਰੁਕਣ ਲੱਗ ਪਈ. ਗੋਰੇ ਰੰਗ ਵਿਚ ਲਾਲੀਆਂ ਦੀਆਂ ਡਲ੍ਹਕਾਂ ਦੀ ਭਾਅ ਆਣ ਵੱਜੀ। ਘਰ ਵਾਲੇ ਦਲੀਲੀਂ ਆਣ ਜੁੜੇ ਪਰ ਚੁੱਪ ਸਨ। ਕੁੜੀ ਦੇ ਸੀਤੇ ਬੁੱਲ੍ਹਾਂ ਵਿਚੋਂ ਵੀ ਬੋਲ ਨਾ ਨਿਕਲੇ। ਮੋਹਰ ਲੱਗੀ ਹੋਈ ਸੀ ਸ਼ਰਮ, ਹਿੱਚਤ ਤੇ ਹਯਾ ਦੀ।

ਤਾਏ-ਚਾਚੇ ਹੱਥਾਂ ਤੇ ਹੱਥ ਧਰ ਕੇ ਬਹਿ ਗਏ। ਪਿਓ ਦੀ ਪੱਗ ਦੇ ਵੱਟ ਢਿੱਲੇ ਜਿਹੇ ਹੋਣ ਲੱਗ ਪਏ। ਉਦਾਸੀਆਂ ਨੇ ਬੂਹੇ ਆਣ ਮੱਲੇ। ਰਾਹ ਲੱਭੇ ਨਾ ਖਹਿੜਾ, ਜਾਣ ਕਿਹੜੇ ਪਾਸੇ। ਜਾਨ ਕੰਦਲ ਆ ਗਈ। ਭੁੱਖ ਮੁਕ ਗਈ। ਕੰਮ-ਕਾਜ ਤੋਂ ਮਨ ਉਕਤਾਇਆ, ਉਦਾਸੀਆਂ ਆਈਆਂ ਤੇ ਹੱਥ ਪੈਰ ਫੁੱਲੇ। ਬਗ਼ੈਰ ਕਿਸੇ ਮਰਜ਼ ਤੋਂ ਈ ਬੀਮਾਰ ਹੋ ਗਏ। ਮੱਠਾ-ਮੱਠਾ ਤਾਪ ਵੀ ਚੜ੍ਹ ਗਿਆ।

ਚਿਹਰਾ ਉੱਡਿਆ। ਉਦਾਸੀਆਂ ਨੇ ਰਾਹ ਨਾ ਦਸਿਆ। ਭੰਬਲ ਭੂਸੇ ਵਿਚ ਪਾ ਦਿੱਤਾ। ਵਿਚਾਰਾਂ ਵਿਚ ਰਾਤ ਲੰਘ ਗਈ ਤੇ ਦਲੀਲਾਂ ਵਿਚ ਦਿਨ । ਧੀ ਦੀ ਗੱਲ ਨੂੰ ਭੁੰਜੇ ਨਹੀਂ ਸਨ ਪੈਣ ਦੇਣਾ ਚਾਹੁੰਦੇ ਹਵੇਲੀ ਵਾਲੇ ਪਰ ਬੋਲੇ ਤਾਂ ਸਹੀ ਉਹ ਜ਼ਰਾ। ਉਹਦੇ ਇਸ਼ਾਰੇ ਦਾ ਮਾੜਾ ਜਿਹਾ ਝਲਕਾਰਾ ਵੇਖਣਾ ਚਾਹੁੰਦੇ ਸਨ। ਉਹ ਸਭ ਕੁਝ ਵਾਰ ਦੇਂਦੇ ਮਾੜੀ ਜਿਹੀ ਗੱਲ ਤੋਂ।

ਜਦ ਸਾਰੀਆਂ ਤਦਬੀਰਾਂ ਫੇਲ੍ਹ ਹੋ ਗਈਆਂ ਤੱਦ—

ਇਕ ਦਿਨ ਮਾਂ ਤੇ ਧੀ ਸਲਾਹੀਂ ਪੈ ਗਈਆਂ। ਮਾਵਾਂ ਤੇ ਧੀਆਂ ਇਕੋ ਪੀੜ੍ਹੀ ਤੇ ਬੈਠਦੀਆਂ ਨੇ। ਸਾਂਝਾ ਢਿੱਡ-ਪੇਟ, ਗੱਲ-ਕੱਥ ਇਕੋ, ਸੋਚ ਇਕੋ, ਨਿਸ਼ਾਨਾ ਇਕ, ਦਿਲ ਦੀ ਪੀੜ ਇਕੋ, ਦਰਦ ਇਕੋ, ਇਕ ਮੰਜ਼ਲ ਤੇ ਇਕੋ ਰਾਹ।

ਧੀ ਆਖਣ ਲੱਗੀ, "ਮਾਂ ਮੈਂ ਆਪਣਾ ਵਰ ਚੁਣ ਲਿਆ ਏ।"

"ਪੁੱਤ ਕੁਆਰੀਆਂ ਕੁੜੀਆਂ ਆਪ ਵਰ ਨਹੀਂ ਚੁਣਦੀਆਂ। ਇਹ ਸ਼ੋਭਾ ਨਹੀਂ ਦਿੰਦਾ ਸਾਊ ਸਰਦਾਰਾਂ ਦੀਆਂ ਧੀਆਂ ਨੂੰ।"

"ਮਾਂ, ਮੈਂ ਕੋਈ ਅਚੰਭਾ ਨਹੀਂ ਕੀਤਾ, ਮੈਂ ਕੋਈ ਇਹੋ ਜਿਹਾ ਕੰਮ ਨਹੀਂ ਕਰਨ ਲੱਗੀ, ਜਿਹਦੇ ਨਾਲ ਮੇਰੇ ਪਿਓ ਦੀ ਪੱਗ ਨੂੰ ਦਾਗ਼ ਲੱਗੇ।"

"ਪਰ ਏਦਾਂ ਸੋਚਣਾ ਵੀ ਪਾਪ ਏ ਧੀਏ।"

"ਮਾਂ ਮੈਨੂੰ ਤੁਸੀਂ ਇਹੋ ਜਿਹਾ ਵਰ ਲੱਭ ਕੇ ਨਹੀਂ ਦੇ ਸਕਦੇ। ਜਦੋਂ ਮੇਰੀ ਚੋਣ ਸੁਣੀ ਮਾਂ ਤੂੰ ਫੁੱਲ-ਫੁੱਲ ਪਏਂਗੀ। ਦੀਵਾ ਲੈ ਕੇ ਢੂੰਡਿਆਂ ਵੀ ਹਿੰਦੁਸਤਾਨ 'ਚੋਂ ਇਹੋ ਜਿਹਾ ਵਰ ਨਹੀਂ ਮਿਲ ਸਕਦਾ। ਮੈਂ ਬੜਾ ਸੋਚ ਸਮਝ ਕੇ ਫ਼ੈਸਲਾ ਕੀਤਾ ਏ।"

"ਧੀਆਂ ਗਊਆਂ ਹਨ। ਮਾਪੇ ਗਊ ਨੂੰ ਉਥੇ ਛੱਡਦੇ ਹਨ ਜਿਥੇ ਘਾਹ ਹੋਵੇ। ਧੀਆਂ ਤਾਂ ਅੱਗੇ ਹੀ ਪਰਾਇਆ ਧਨ ਹਨ।"

"ਮਾਂ, ਮੈਂ ਹੁਣ ਫ਼ੈਸਲਾ ਕਰ ਲਿਆ ਏ। ਫ਼ੈਸਲਾ ਕਰ-ਕੇ ਬਦਲਣਾ ਸਾਊਆਂ ਦੀ ਧੀ ਨੂੰ ਨਹੀਂ ਸ਼ੋਭਦਾ। ਮਾਂ ਮੈਂ ਨਹੀਂ ਚਾਹੁੰਦੀ ਕਿ ਹੁਣ ਮੇਰੇ ਪਿਓ ਦੀ ਪੱਗ ਨੂੰ ਦਾਗ਼ ਲੱਗੇ। ਮੇਰੇ ਤਾਏ ਚਾਚੇ ਭੰਡੇ ਜਾਣ ਪਰ੍ਹਿਆਂ ਵਿਚ ਬੈਠੇ। ਔਰਤ ਜ਼ਿੰਦਗੀ 'ਚ ਇਕ ਵਾਰ ਈ ਫ਼ੈਸਲਾ ਕਰਦੀ ਏ। ਰੋਜ਼-ਰੋਜ਼ ਫ਼ੈਸਲੇ ਥੋੜ੍ਹੇ ਬਦਲੇ ਜਾਂਦੇ ਹਨ। ਮਾਂ ਹੁਣ ਤੂੰ ਹੀ ਫ਼ੈਸਲਾ ਸਿਰੇ ਚੜ੍ਹਾ ਸਕਦੀ ਏਂ। ਜੇ ਤੂੰ ਹੁਣ ਮੇਰੀ ਬਾਂਹ ਨਾ ਫੜੀ ਤਾਂ ਮੈਂ ਫ਼ੈਸਲਾ ਕਰ ਲਿਆ ਏ ਕਿ ਸਾਰੀ ਉਮਰ ਕੁਆਰੀ ਰਹਾਂਗੀ।"

'ਮਾਂ ਮੇਰੇ ਹੱਥਾਂ ਤੇ ਮਹਿੰਦੀ ਲਾ ਦੇ। ਮੈਨੂੰ ਚੂੜਾ ਚੜ੍ਹਾ ਦੇ ਲਾਲ ਸੂਹਾ। ਗਾਨਾ ਬੰਨ੍ਹ ਦੇ ਕੋਡੀ ਬੰਨ੍ਹ ਕੇ। ਤੇਲ ਚੜ੍ਹਾ ਦੇ ਫੁੱਲਾਂ ਵਾਲੀ ਫੁਲਕਾਰੀ ਦੇ ਹੇਠ। ਕਲੀਰੇ ਬੰਨ੍ਹ ਦੇ ਮੇਰੇ ਹੱਥੀਂ। ਮੇਰੀ ਡੋਲੀ ਨੂੰ ਘੁੰਗਰੂਆਂ ਨਾਲ ਬੰਨ੍ਹ ਦੇ, ਮੋਤੀਆਂ ਨਾਲ ਜੜ ਦੇ। ਸੋਨੇ ਨਾਲ ਮੜ੍ਹ ਦੇ ਮੇਰਾ ਪੀਹੜਾ। ਮਾਂ ਮੈਂ ਹੁਣ ਪਰਾਈ ਹੋ ਗਈ।

"ਪੁੱਤ ਉਹ ਕੌਣ ਏ ਜਿਹਨੂੰ ਤੂੰ ਆਪਣੇ ਮਨ ਦਾ ਰਾਜਾ ਬਣਾ ਲਿਐ।" ਮਾਂ ਆਖਣ ਲੱਗੀ ਪਿਆਰ 'ਚ ਆ ਕੇ।

"ਵਾਅਦਾ ਹੋ ਗਿਆ ਮਾਂ। ਪੱਕੀ ਹੋ ਗਈ ਗੱਲ। ਤੂੰ ਹੁਣ ਮੇਰੇ ਸਾਰੇ ਕਾਜ ਆਪ ਸੰਵਾਰੇਂਗੀ। ਮਾਂ, ਮੈਂ ਜਿਹਨੂੰ ਆਪਣਾ ਦੇਵਤਾ ਮੰਨ ਲਿਆ, ਉਹ ਸੈਆਂ ਵਿਚੋਂ ਇਕ ਏ। ਸਾਰੇ ਬਾਹਰੇ ਵਿਚ ਉਹਦੀਆਂ ਗੱਲਾਂ ਹੁੰਦੀਆਂ ਹਨ। ਮਲੇਰਕੋਟਲੇ ਵਾਲੇ ਜਦ ਕੋਈ ਗੱਲ ਛੋਂਹਦੇ ਹਨ

ਤਾਂ ਉਹਦਾ ਨਾਂ ਲੈ ਕੇ ਗੱਲ ਪੂਰੀ ਕਰਦੇ ਹਨ। ਲਾਹੌਰ ਵਾਲੇ ਇਸੇ ਗੱਲ ਵਿਚ ਖ਼ਾਰ ਖਾਈ ਬੈਠੇ ਹਨ ਕਿ ਹਰ ਕੋਈ ਉਸੇ ਦੀ ਗੱਲ ਕਰਦਾ ਏ ਸਾਡੇ ਵੱਲ ਕੋਈ ਵੀ ਨਹੀਂ ਝਾਕਦਾ। ਮਾਂ ਮੈਂ ਉਹਦੇ ਘੋੜੇ ਤੋਂ ਸੌ-ਸੌ ਵਾਰੀ-ਵਾਰੀ ਸਦਕੇ ਜਾਵਾਂ। ਮੈਂ ਸਦਕੇ ਜਾਵਾਂ ਉਹਦੀ ਕਲਗੀ ਦੇ। ਮੈਂ ਧੂੜ ਚੁੱਕ-ਚੁੱਕ ਕੇ ਮੱਥੇ ਨਾਲ ਲਾਵਾਂ ਉਹਦੇ ਪੱਬਾਂ ਦੀ। ਉਹਦੇ ਚਰਨਾਂ ਦੀ ਧੂੜ ਨਾਲ ਜਨਮ ਸਫਲ ਹੋ ਜਾਂਦੇ ਨੇ। ਜੇ ਮੱਥੇ ਨੂੰ ਲੱਗ ਜਾਏ ਉਹ ਧੂੜ ਤਾਂ ਮੇਰਾ ਜਨਮ ਸਫਲ ਹੋ ਜਾਵੇ। ਮੇਰੀ ਚੁਰਾਸੀ ਕੱਟੀ ਜਾਏ। ਮਾਂ ਤੂੰ ਹੀ ਮੈਨੂੰ ਡੋਲੇ ਵਿਚ ਪਾ ਸਕਦੀ ਏਂ। ਮੈਂ ਸੂਰਜ ਵੱਲ ਵੇਖ ਤਾਂ ਲਿਆ ਏ ਪਰ ਕਿਤੇ ਉਹਦੇ ਤੇਜ ਨਾਲ ਝੁਲਸ ਕੇ ਭਸਮ ਨਾ ਹੋ ਜਾਵਾਂ। ਉਹਦਾ ਜਲਾਲ ਮੇਰੀਆਂ ਅੱਖਾਂ ਦੀਆਂ ਪੁਤਲੀਆਂ ਵਿਚ ਜਜ਼ਬ ਹੋ ਗਿਆ। ਮਾਂ ਮੈਨੂੰ ਸੱਜਣ ਦੇ ਘਰ ਛੱਡ ਆ।''

"ਬਾਬਲ ਦੀਆਂ ਬਾਰਾਂਦਰੀਆਂ ਦੇ ਦਰ ਭੀੜੇ ਹਨ। ਮੇਰੀ ਡੋਲੀ ਨੂੰ ਕੱਢ। ਮੇਰੇ ਡੋਲੇ ਨੂੰ ਚੁਕਾ ਕੇ ਮੋਹਰਾਂ ਸੁੱਟ ਦੇ ਮੇਰੇ ਡੋਲੇ ਤੋਂ। ਧੀ ਦੇ ਹੱਥ ਪੀਲੇ ਹੋਏ ਨੇ। ਧੀਆਂ ਤੋਰ ਕੇ ਭਾਬੀਆਂ ਦੁੱਧ ਦਾ ਛੰਨਾ ਪੀਂਦੀਆਂ ਨੇ। ਜੇ ਭਾਬੀ ਨਹੀਂ ਤਾਂ ਮਾਂ ਤੂੰ ਹੀ ਕੱਚੇ ਦੁੱਧ ਦਾ ਛੰਨਾ ਪੀ ਲਵੀਂ। ਮਾਂ ਛੇਤੀ ਕਰ ਸੱਦ ਡੋਲੇ ਦੇ ਕੁਹਾਰਾਂ ਨੂੰ। ਮੇਰਾ ਪ੍ਰੀਤਮ ਕਿਲੇ ਵਿਚੋਂ ਨਿਕਲ ਆਇਆ ਏ। ਪਾਲਕੀ ਤੇ ਬਿਠਾ ਕੇ ਤੋਰ ਦੇ। ਹਵੇਲੀ ਵਾਲਿਆਂ ਦੀ ਧੀ ਪੈਦਲ ਸਹੁਰੇ ਜਾਂਦੀ ਚੰਗੀ ਨਹੀਂ ਲੱਗਦੀ।''

"ਕੌਣ ਏ ਪੁੱਤ ਉਹ ਕਰਮਾਂ ਵਾਲੜਾ।''

"ਮਾਂ! ਤੂੰ ਨਹੀਂ ਜਾਣਦੀ। ਉਹਨੂੰ ਤਾਂ ਸਾਰਾ ਜੱਗ ਜਾਣਦੈ। ਪੰਜਾਬ ਦਾ ਦਿਲ ਏ ਉਹ ਪੰਜਾਬ ਦੀ ਰੂਹ ਏ। ਪੰਜਾਬ ਦੀ ਆਤਮਾ ਏ। ਪੰਜਾਂ ਪਾਣੀਆਂ ਦਾ ਦੇਵਤਾ ਏ। ਸ਼ਰੋਮਣੀ ਸ਼ਹੀਦਾਂ ਦਾ ਪੁੱਤ ਪੋਤ ਏ, ਅਨੰਦਪੁਰ ਦਾ ਗੁਰੂ।

"ਕੀ ਤੇਰਾ ਮਤਲਬ ਗੁਰੂ ਗੋਬਿੰਦ ਸਿੰਘ ਤੋਂ ਏ।''

"ਹਾਂ! ਮਾਂ ਕੀ ਮੇਰੀ ਚੋਣ ਪਸੰਦ ਆਈ।''

"ਪੁੱਤ! ਤੂੰ ਬਹੁਤ ਉੱਚੀ ਜਗ੍ਹਾ ਨਜ਼ਰ ਮਿਲਾਈ ਏ। ਅਸੀਂ ਏਸ ਕਾਬਲ ਨਹੀਂ। ਇਹ ਗੱਲ ਨਪਰੇ ਨਹੀਂ ਚੜ੍ਹਨੀ। ਛੱਡ ਦੇ ਇਹ ਗੱਲ। ਇਸ ਗੱਲ ਦਾ ਖ਼ਿਆਲ ਈ ਮਨੋ-ਵਿਸਾਰ ਦੇ। ਚਾਂਦੀ ਤੇ ਗੋਲੀ ਵਿੱਚ ਜਿੰਨਾ ਫ਼ਰਕ ਏ ਉਹਨਾਂ ਵਿਚ ਤੇ ਸਾਡੇ ਵਿਚ। ਉਹ ਪਵਿੱਤਰ ਗੰਗਾ ਜਲ ਵਰਗੇ ਅਸੀਂ ਛੱਪੜ ਦੇ ਪਾਣੀ ਵਰਗੇ ਵੀ ਨਹੀਂ ਹਾਂ। ਕਿੱਥੇ ਰਾਜਾ ਭੋਜ ਤੇ ਕਿੱਥੇ ਕੰਗਲਾ ਤੇਲੀ। ਸੌਣਾ ਰੂੜੀਆਂ ਤੇ ਸੁਪਨੇ ਸ਼ੀਸ਼ ਮਹਿਲਾਂ ਦੇ। ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨਾਲ ਜੱਫੇ। ਸਿਰੋਂ ਗੰਜੀ ਤੇ ਕੰਘੀਆਂ ਦੇ ਦੋ ਜੋੜੇ। ਅੱਖੀਂ ਦਿਸੇ ਨਾਂ ਤੇ ਨਾਂ ਚਰਾਗੋ। ਇਹ ਗੱਲ ਨਹੀਂ ਬਣ ਸਕਦੀ। ਇਹ ਗੱਲ ਹੋ ਨਹੀਂ ਸਕਦੀ।''

"ਮਾਂ ਜੇ ਇਹ ਗੱਲ ਨਹੀਂ ਬਣ ਸਕਦੀ ਤੇ ਔਹ ਵੇਖ ਨੀਲੀ ਦਸਤਾਰ ਦੀ ਭਾਅ ਤੇ ਆਹ ਲੈ ਰੋਜ਼ ਦਾ ਫਾਹਾ ਹੀ ਮੁੱਕ ਜਾਏ। ਨਾਂ ਬਾਂਸ ਰਹੇ ਤੇ ਨਾ ਵਜੇ ਬੰਸਰੀ।ਮੈਂ ਡਿੱਗੀ। ਆਪ ਮੋਏ ਜੱਗ ਪਰਲੋ। ਪਰ ਮਾਂ ਮੇਰੀ ਇਕ ਖ਼ਾਹਿਸ਼ ਏ। ਮੇਰੀਆਂ ਹੱਡੀਆਂ ਉਨ੍ਹਾਂ ਰਾਹਵਾਂ ਵਿਚ ਵਿਛਾ ਦੇਵੀਂ ਜਿੱਥੋਂ ਦੀ ਮੇਰਾ ਪ੍ਰੀਤਮ ਰੋਜ਼ ਲੰਘਦਾ ਏ। ਚੰਗਾ ਮਾਂ ਫਿਰ ਮਿਲਾਂਗੇ। ਸੁਖੀ ਵੱਸ ਮਾਂ ਤੂੰ ਤੇ ਸੁਖੀ ਵੱਸਣ ਮੇਰੇ ਬਾਬਲ ਹਵੇਲੀਆਂ ਦੇ ਰਾਜੇ। ਮੇਰਾ ਤੇਰਾ ਏਨਾ ਈ ਰਿਸ਼ਤਾ ਸੀ ਜੋ ਮੁੱਕ ਗਿਆ।''

ਅਨੂਪ ਕੌਰ ਦਾ ਉਦੋਂ ਈ ਪਤਾ ਲੱਗਾ ਜਦੋਂ ਉਹ ਮਮਟੀ ਤੋਂ ਡਿੱਗ ਪਈ। ਮਾਂ ਅਜੇ ਵੀ ਟੋਮਣੇ ਤੇ ਬੈਠੀ ਹੋਈ ਸੀ। ਧੀ ਦਾ ਸਾਹ ਉਖੜ ਗਿਆ। ਜਾਨ ਲਬਾਂ ਤੇ ਆ ਗਈ।

ਹੱਗੀ ਮਾਂ ਥੱਲੇ ਉਤਰੀ। ਨੱਸੀ-ਨੱਸੀ ਆਈ। ਧੀ ਦੇ ਮੂੰਹ ਵਿਚ ਪਾਣੀ ਪਾਇਆ। ਛਿੱਟੇ ਮਾਰੇ ਠੰਡੇ ਜਲ ਦੇ।

ਅੱਖਾਂ ਬੰਦ ਸਨ ਤੇ ਦਿਲ ਧੜਕ ਰਿਹਾ ਸੀ। ਸਰੀਰ ਠੰਡਾ ਯਖ ਸੀ। ਤਰੇਲੀਆਂ ਆਈਆਂ ਹੋਈਆਂ ਸਨ ਗੋਰੇ ਜਿਹੇ ਮੁਖੜੇ ਤੇ ਜ਼ਬਾਨ ਬੰਦ ਸੀ ਫੁੱਲ ਕੁਮਲਾ ਗਿਆ ਸੀ ਚਿਹਰੇ ਦਾ।

ਮਾਂ ਦਾ ਦਿਲ ਮੁੱਠ ਵਿਚ ਆ ਗਿਆ। ਹੱਥ-ਪੈਰ ਫੁੱਲ ਗਏ। ਸਾਹ ਉੱਤੇ ਦਾ ਉੱਤੇ ਰਹਿ ਗਿਆ ਤੇ ਉੱਤੋਂ ਥੱਲੇ ਨਾ ਆਇਆ। ਸਰੀਰ ਵਿੱਚ ਸਾਹ-ਸੱਤ ਬਾਕੀ ਨਹੀਂ ਸੀ। ਮਿੱਟੀ ਹੋ ਗਿਆ ਜੁੱਸਾ।

ਵਾਜਾਂ ਮਾਰੀਆਂ ਪਰ ਕੌਣ ਸੁਣਦਾ ਸੀ ਐਡੀ ਵੱਡੀ ਹਵੇਲੀ ਵਿੱਚ। ਸਰਦਾਰਨੀ ਦੀ ਆਵਾਜ਼ ਪਛਾਣੇ ਵੀ ਕੌਣ। ਕਿਸੇ ਨੇ ਸੁਣੀ ਹੋਵੇ ਤਾਂ ਨਾਂ? ਖੜਾਕ ਆਇਆ ਤਾਂ ਹਉ ਗੱਲ ਕਹਿ ਕੇ ਟਾਲ ਗਏ ਸੇਵਾਦਾਰ ਪਰ ਚੀਕ ਵੱਜੀ ਤਾਂ ਭੱਜੇ-ਭੱਜੇ ਗਏ ਛੱਤ ਤੇ। ਵੇਖਿਆ ਤਾਂ ਹੱਕੇ-ਬੱਕੇ ਰਹਿ ਗਏ। ਰਾਜ ਕੁਮਾਰੀ ਬੇਹੋਸ਼ ਸੀ।

ਬੜਿਆਂ ਜਤਨਾਂ ਤੋਂ ਬਾਦ ਅੱਖ ਉਘੇੜੀ ਅਨੂਪ ਕੌਰ ਨੇ।

"ਮੈਂ ਵਾਰੀ! ਮੈਂ ਸਦਕੇ! ਮੇਰੀ ਧੀ ਰਾਣੀ ਮੈਥੋਂ ਕਿਉਂ ਗੁੱਸੇ ਹੋ ਗਈ ਏ। ਅੱਖ ਪੁੱਟ ਮੇਰੀ ਧੀਏ ਮੈਂ ਤੇਰੇ ਆਪ ਕਾਜ ਸਵਾਰਾਂਗੀ।" ਮਾਂ ਦੀਆਂ ਅੱਥਰਾਂ ਡਿੱਗ ਪਈਆਂ, ਦਿਲ ਰੋਇਆ, ਅੱਖਾਂ ਨੇ ਛਹਿਬਰ ਲਾ ਦਿੱਤੀ। ਆਵਾਜ਼ ਵਿੱਚ ਘੁਟਣ ਜਿਹੀ ਆ ਗਈ।

"ਮਾਂ ਮੈਨੂੰ ਤੂੰ ਡੋਲੇ ਵਿੱਚ ਪਾ ਦੇਵੇਂਗੀ? ਮਾਂ ਤੂੰ ਗਾਨਾ ਬੰਨ੍ਹ ਦਿੱਤਾ ਏ।"

"ਉੱਠ ਪੁੱਤ! ਤਕੜੀ ਹੋ। ਮੈਂ ਹੁਣ ਅਣਹੋਣੀ ਗੱਲ ਵੀ ਕਰ ਦਿਖਾਵਾਂਗੀ। ਤੂੰ ਜਵਾਨ ਬਣ।"

"ਮਾਂ ਮੈਨੂੰ ਕੁਝ ਨਹੀਂ ਹੋਇਆ।" ਉਠ ਕੇ ਬਹਿਣ ਲੱਗੀ ਅਨੂਪ ਕੌਰ, ਸਿਰ ਦੀ ਸੱਟ ਸੀ, ਗੱਸ਼ ਆ ਗਿਆ। ਦੰਦਲ ਪੈ ਗਈ। ਪਾਣੀ ਦੇ ਛੱਟੇ ਮਾਰੇ। ਮਾਂ ਸੌ-ਸੌ ਵਾਰ ਸਦਕੇ ਗਈ।

ਪਿਓ ਨੇ ਹਕੀਮ ਸੱਦ ਆਂਦਾ। ਚਾਰੇ ਵੈਦ ਨੂੰ ਲਈ ਆ ਰਹੇ ਸਨ। ਹਵੇਲੀ ਦਾ ਦਿਲ ਡੋਲ ਗਿਆ। ਕੰਧ ਵਿਚ ਤਰੇੜ ਪੈ ਗਈ ਚੂਨੇ ਦਾ ਲੇਪ ਲੱਥ ਗਿਆ ਪਰ ਹੋਸ਼ ਨਾ ਆਈ। ਚੁੱਕ ਕੇ ਲੈ ਗਏ ਸੇਵਾਦਾਰ ਥੱਲੇ ਦੀਵਾਨ ਖ਼ਾਨੇ ਵਿੱਚ।

ਮਹੱਲਾ ਜੁੜਿਆ। ਆਂਢੀਆਂ ਗਵਾਂਢੀਆਂ ਦਾਰੂ ਦੱਸੇ ਆਪਣੀ ਸਮਝ ਮੁਤਾਬਕ। ਸਾਰੇ ਅਨੰਦਪੁਰ ਵਿੱਚ ਗੱਲ ਹਰਨਾਂ ਦੇ ਸਿੰਗੀਂ ਚੜ੍ਹ ਗਈ। ਹਰ ਕਿਸੇ ਦੇ ਮੂੰਹ ਤੇ ਇਹੋ ਗੱਲ ਸੀ ਕਿ ਮਮਟੀ ਤੋਂ ਡਿੱਗ ਪਈ ਏ ਅਨੂਪ ਕੌਰ ਨੀਲੀ ਹਵੇਲੀ ਵਾਲੇ ਸਰਦਾਰਾਂ ਦੀ ਧੀ।

ਪ੍ਰੋਹਿਤ ਵੰਡੀ ਗਈ। ਮਣਾਂ ਮੂੰਹੀਂ ਅਨਾਜ ਹੱਥ ਲਵਾ ਕੇ ਵੰਡਿਆ ਗਿਆ ਗ਼ਰੀਬ ਗੁਰਬਿਆਂ ਨੂੰ। ਅਰਦਾਸ ਕੀਤੀ ਗਈ। ਮੱਥੇ ਰਗੜੇ ਗਏ। ਹਕੀਮ ਨੇ ਕੁਸ਼ਤੇ ਦਿੱਤੇ ਚਾਂਦੀ ਦੇ ਤੇ ਸੋਨੇ ਦੇ ਵਰਕ ਲਾ ਲਾ ਕੇ। ਦਿਲ ਟਿਕਾਣੇ ਆਇਆ ਤੇ ਜ਼ਰਾ ਕੁ ਅੱਖ ਪੁੱਟੀ ਅਨੂਪ ਕੌਰ ਨੇ।

ਕਲੀਆਂ ਵਾਂਗ ਟਹਿਕ ਪਈ ਨੀਲੀ ਹਵੇਲੀ। ਦਿਨ ਢਲਿਆ, ਰਾਤ ਸਿਰ ਤੇ ਆਈ ਲੰਘੀ ਤੇ ਬੀਤ ਗਈ। ਦਿਨ ਚੜ੍ਹਿਆ ਤੇ ਅਨੂਪ ਕੌਰ ਦੀ ਹਾਲਤ ਸੁਧਰ ਗਈ। ਦੋ-ਚਾਰ ਦਿਨਾਂ ਵਿਚ ਨੌ-ਬਰ-ਨੌ ਹੋ ਗਈ ਅਨੂਪ ਕੌਰ।

ਇਕ ਦਿਨ :—

ਮਾਵਾਂ ਧੀਆਂ ਰੋਜ਼ ਨਾਲੋਂ ਅੱਜ ਅੱਗੋਂ ਈ ਉੱਠ ਪਈਆਂ ਸਨ। ਅਨੰਦਪੁਰ ਅਜੇ ਸੁੱਤਾ ਹੋਇਆ ਸੀ। ਸੋਮਨ ਹੋਈਆਂ ਰਾਤ ਦਾ ਪਹਿਰਾ ਅਜੇ ਮੁੱਕਾ ਨਹੀਂ ਸੀ। ਸਿਰਫ਼ ਖਿੱਤੀਆਂ ਸਨ। ਧਰੂ-ਤਾਰਾ ਅਜੇ ਵੀ ਦਮਕਾਂ ਮਾਰਦਾ ਸੀ। ਹਨੇਰੇ ਵਿੱਚ ਸੁੱਚੇ ਮੂੰਹ ਇਸ਼ਨਾਨ ਕੀਤਾ। ਅਜੇ ਤੱਕ ਦਿਨ ਚੜ੍ਹਨ ਦੇ ਕੋਈ ਅਸਾਰ ਨਹੀਂ ਸਨ ਦਿਸੇ। ਮਾਵਾਂ ਧੀਆਂ ਦੋਵੇਂ ਖੱਦਰ ਦੇ ਦੁੱਧ ਚਿੱਟੇ ਕੱਪੜੇ ਪਾ ਕੇ ਤਿਆਰ ਹੋ ਗਈਆਂ ਹਵੇਲੀ ਦਾ ਸਦਰ ਦਰਵਾਜ਼ਾ ਹਿਲਿਆ। ਚੌਕੀਦਾਰ ਸੋਮਨ ਹੋਇਆ, ਅੱਖਾਂ ਮਲੀਆਂ ਤੇ ਉਸ ਆਵਾਜ਼ ਦਿੱਤੀ, "ਕੌਣ ਏ ?"

"ਅਸੀਂ ਹਾਂ ਫਾਟਕ ਖੋਲ੍ਹ।"

"ਅਜੇ ਨਗਾਰਾ ਨਹੀਂ ਵੱਜਿਆ। ਨਗਾਰਾ ਵੱਜਣ ਤੋਂ ਪਹਿਲਾਂ ਫਾਟਕ ਖੁੱਲ੍ਹ ਨਹੀਂ ਸਕਦੇ। ਮੁੜ ਜਾਓ ਜੋ ਕੋਈ ਵੀ ਹੈ। ਮੈਂ ਸਰਦਾਰਾਂ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸਕਦਾ।

ਪਿਛਲੇ ਪੈਰੀਂ ਪਿੱਛੇ ਮੁੜੀਆਂ ਤੇ ਆਉਂਦਿਆਂ ਈ ਉਨ੍ਹਾਂ ਨੇ 'ਆਸਾ ਦੀ ਵਾਰ' ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ।

ਕਿਦਾਂ ਲੱਗੇ ਮਨ ਪਾਠ ਵਿੱਚ ? ਉਡੀਕ ਵਿੱਚ ਤਾਂ ਵਕਤ ਹੀ ਨਹੀਂ ਲੰਘਦਾ। ਮਨ ਜੋੜਿਆ ਤੇ ਮਗਨ ਹੋ ਗਈਆਂ ਬਾਣੀ ਵਿੱਚ।

ਜਦੋਂ ਹਵੇਲੀ ਦਾ ਫਾਟਕ ਖੁੱਲ੍ਹਾ ਤਦ ਹਵੇਲੀ ਦੀ ਰਾਣੀ ਨਿਕਲੀ ਤੇ ਇੱਚਰ ਵੀ।

ਅਨੰਦਪੁਰ ਦੇ ਬਜ਼ਾਰਾਂ ਵਿੱਚ ਹਨੇਰਾ ਤੇ ਸੀ ਪਰ ਲੋਕ ਸੁਚੇਤ ਸਨ। ਅੱਧੀ ਰਾਤ ਦੇ ਉੱਠੇ ਹੋਏ ਦਾਤੇ ਦੇ ਨਾਮ ਨਾਲ ਲੀਨ ਹੋ ਜਾਂਦੇ।

ਦੀਵਾਨ ਸੱਜਿਆ ਹੋਇਆ ਸੀ ਅਨੰਦਗੜ੍ਹ ਵਿੱਚ। 'ਆਸਾ ਦੀ ਵਾਰ' ਦਾ ਪਾਠ ਹੋ ਰਿਹਾ ਸੀ। ਸੰਗਤ ਸਜੀ ਹੋਈ ਸੀ। ਦੀਵਾਨ ਵਿਚ ਕਿਤੇ ਤਿਲ ਧਰਨ ਨੂੰ ਜਗ੍ਹਾ ਨਹੀਂ ਸੀ। ਜੁੜੇ ਬੈਠੇ ਸਨ ਗੁਰੂ ਕੇ ਲਾਲ। ਸਾਹਿਬ ਵੀ ਬਿਰਾਜਮਾਨ ਸਨ ਚੌਕੜਾ ਮਾਰ ਆਸਣ ਤੇ।

ਮੱਥਾ ਟੇਕਿਆ ਤੇ ਸਿਰ ਝੁਕਾਇਆ ਮਾਂ ਤੇ ਧੀ ਨੇ। ਸੰਗਤਾਂ ਪਿੱਛੇ ਖੜੀਆਂ ਸਨ ਸੰਗਤ ਵਿੱਚ। ਚਰਨਾਂ ਤੋਂ ਸਿਰ ਨਾ ਚੁੱਕਿਆ ਮਾਂ ਤੇ ਧੀ ਨੇ।

ਸਾਹਿਬ ਵੀ ਹੈਰਾਨ ਸਨ ਤੇ ਆਨੰਦਪੁਰ ਵਾਲੇ ਜੁੜੇ ਦੀਵਾਨ ਵਿਚ ਸਿੰਘ ਵੀ।

ਦਸਮ ਪਾਤਸ਼ਾਹ ਜਾਣੀਜਾਣ ਸਨ, ਜਾਣ ਗਏ।

"ਸਰਦਾਰਾਂ ਦੇ ਮਹਿਲ ਕੀ ਮੰਗਦੇ ਹਨ ? "ਸੱਚੇ ਪਾਤਸ਼ਾਹ ਨੇ ਫ਼ਰਮਾਇਆ।"

ਦੀਵਾਨ ਵਿੱਚ ਨੀਲੀ ਹਵੇਲੀ ਵਾਲੇ ਸਰਦਾਰ ਵੀ ਮੋਹਰੇ ਬੈਠੇ ਹੋਏ ਸਨ।

ਹੱਥ ਜੋੜ ਕੇ ਖਲੋ ਗਈਆਂ ਮਾਂ ਤੇ ਧੀ।

"ਕੀ ਹੁਕਮ ਏ ?"

ਮੂੰਹ ਵਿਚੋਂ ਗੱਲ ਨਹੀਂ ਸੀ ਨਿਕਲਦੀ। ਅੱਖਾਂ ਝੁੱਕ ਗਈਆਂ ਸਿਰ ਉਤੇ ਨਾ ਹੋਵੇ। ਏਨਾ ਪ੍ਰਤਾਪ ਸੀ ਤੇਜ ਦਾ।

"ਭੁੱਲ ਹੋ ਗਈ ਕਿਸੇ ਅਨੰਦਪੁਰ ਦੇ ਵਾਸੀ ਤੋਂ ?"

"ਨਹੀਂ ਸੱਚੇ ਪਾਤਸ਼ਾਹ ਸਾਡੀ ਇਕ ਅਰਜ਼ ਏ।"

"ਹੁਕਮ ਕਰੋ। ਫੁੱਲ ਚੜ੍ਹਾਏ ਜਾਣਗੇ। ਨੀਲੀ ਹਵੇਲੀ ਵਾਲਿਆਂ ਦੇ ਮਹਿਲ ਨਿਰਾਸ਼ ਨਹੀਂ ਕੀਤੇ ਜਾ ਸਕਦੇ। ਹੱਥ ਜੋੜ ਖਲੋਤੀਆਂ ਮਾਂ ਤੇ ਧੀ।

"ਅੱਜ ਦਾ ਲੰਗਰ ਸਾਡੀ ਹਵੇਲੀ ਵਿੱਚ ਛੱਕੇ ਸੰਗਤ ਤੇ ਗੁਰੂ।"

"ਬਸ! ਇਹੋ ਹੀ ਹੁਕਮ ਏ? ਗੱਲ ਏਨੀ ਕੁ ਸੀ। ਇਹਦੇ ਵਿੱਚ ਏਨੇ ਸੰਕੋਚ ਦੀ ਕੀ ਲੋੜ ਸੀ!" ਸਾਹਿਬ ਬੋਲੇ।

"ਅਸੀਂ ਹੁਕਮ ਲਈ ਖੜ੍ਹੀਆਂ ਹਾਂ।"

"ਮੈਂ ਦਾਸ ਹਾਂ ਸੰਗਤ ਦਾ। ਖਾਲਸਾ ਅੱਜ ਦਾ ਪ੍ਰਸ਼ਾਦਿ ਤੁਹਾਡੀ ਹਵੇਲੀ ਵਿਚ ਛੱਕੇਗਾ। ਹੁਣ ਤਾਂ ਖ਼ੁਸ਼ ਹਨ ਮਹਿਲ ਨੀਲੀ ਹਵੇਲੀ ਦੇ।

ਸਿਰ ਝੁਕਿਆ। ਅੱਖਾਂ ਨੀਵੀਆਂ ਹੋਈਆਂ। ਝੁਕ-ਝੁਕ ਟੇਕਦੀਆਂ ਦੀਵਾਨ 'ਚੋਂ ਬਾਹਰ ਨਿਕਲਦੀਆਂ ਨੇ ਜ਼ਮੀਨ ਤੋਂ ਗਿੱਠ-ਗਿੱਠ ਉੱਚੇ ਪੱਬ ਚੁੱਕ ਲਏ। ਖ਼ੁਸ਼ੀਆਂ ਵਿਚ ਮੱਤੀਆਂ ਘਰ ਪੁੱਜੀਆਂ ਮਾਂ ਤੇ ਧੀ। ਹਵੇਲੀ ਖ਼ੁਸ਼ੀਆਂ ਨਾਲ ਭਰ ਗਈ।

ਅਨੰਦਪੁਰ ਵਿਚ ਕੀਰਤਨ ਦਾ ਅਨੰਦ ਮਾਣ ਰਹੇ ਸਨ ਨਵੀਂ ਕੌਮ ਦੇ ਉਸਾਰੂ। ਰਹਿਮਤਾਂ ਅਨੰਦਪੁਰ ਦੇ ਚੌਕਿਆਂ ਵਿਚ ਆਣ ਬੈਠੀਆਂ।

*

ਧੂੜ ਤੇਰੇ ਚਰਨਾਂ ਦੀ ੧੭੫

ਪੰਗਤ ਵਿਚ ਬੈਠ ਕੇ ਖ਼ਾਣ ਵਾਲੇ ਸਿੰਘਾਂ ਸਾਹਮਣੇ ਦਸਤਰਖਾਨ ਵਿਛਾ ਦਿੱਤੇ, ਦਿਲ ਵਿਚ ਪਿਆਰ ਸੀ, ਉੱਦਮ ਸੀ, ਮੁਹੱਬਤ ਸੀ, ਜਲਵਾ ਸੀ, ਚਾਅ ਸੀ, ਸੰਗਤ ਦੇ ਆਉਣ ਦੀ ਖ਼ੁਸ਼ੀ 'ਚ ਨੀਲੀ ਹਵੇਲੀ ਸਜਾਈ ਗਈ, ਫੁੱਲਾਂ ਦੇ ਸਿਹਰੇ ਬੰਨ੍ਹੇ ਗਏ, ਗਜਰੇ ਬੰਨ੍ਹੇ ਗਏ ਚੌਗਾਠਾਂ ਨੂੰ, ਥੰਮਾਂ ਦੇ ਚੌਗਿਰਦੇ ਹਾਰ ਲਪੇਟੇ ਗਏ ਗੁਲਾਬ ਤੇ ਮੋਤੀਆਂ ਦੇ। ਪਾਇਦਾਨ ਵਿਛਾ ਦਿੱਤਾ ਲਾਲ ਮਲਵਾਨ ਦਾ। ਨੀਲੀ ਹਵੇਲੀ ਦੇ ਫ਼ਰਸ਼ ਗ਼ਲੀਚਿਆਂ ਨਾਲ ਸਜਾਏ ਗਏ। ਜਦ ਦਾ ਅਨੰਦਪੁਰ ਸਾਜਿਆ ਗਿਆ ਸੀ, ਉਦੋਂ ਤੋਂ ਲੈ ਕੇ ਅੱਜ ਤੱਕ ਪਹਿਲੀ ਵਾਰ ਮਹਾਰਾਜ ਨੇ ਕਿਸੇ ਦੇ ਘਰ ਰੋਟੀ ਕਬੂਲ ਕੀਤੀ ਸੀ। ਜਦ ਲੰਗਰ ਵਿਚ ਸਾਰਾ ਅਨੰਦਪੁਰ ਛੱਕਦਾ ਸੀ ਤੇ ਫੇਰ ਕਿਸੇ ਦੇ ਘਰ ਜਾਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਨਵੀਂ ਰੀਤ ਸੀ ਤੇ ਨਵਾਂ ਤਜਰਬਾ ਸੀ। ਗੁਰੂ ਤੇ ਸਿੰਘ ਦੇ ਵਿਚਲੇ ਪਰਦੇ ਹਟਾਉਣ ਦਾ, ਗ਼ਰੀਬੀ ਤੇ ਅਮੀਰੀ ਨੂੰ ਸਾਵਾਂ ਕਰਨ ਦਾ, ਅਜੇ ਤਜਰਬਿਆਂ 'ਚੋਂ ਲੰਘ ਰਿਹਾ ਸੀ ਅਨੰਦਪੁਰ ਰੋਜ਼ ਨਵਾਂ ਇਮਤਿਹਾਨ ਸੀ। ਰੋਜ਼ ਨਵੀਆਂ ਔਕੜਾਂ ਦੀ ਵਲਗਣ ਤੋੜ ਕੇ ਨਵੇਂ ਰਾਹ ਬਣਾਏ ਜਾਂਦੇ। ਅਨੰਦਪੁਰ ਨੂੰ ਭੱਠੀ 'ਚ ਪਾ ਕੇ ਕੁੰਦਨ ਬਣਾਇਆ ਜਾ ਰਿਹਾ ਸੀ। ਸਾਹਿਬ ਚਾਹੁੰਦੇ ਸਨ ਕਿ ਨਗਰ ਇਕ ਮਿਸਾਲ ਬਣ ਜਾਏ, ਪੰਜਾਬ ਨੂੰ ਇਹ ਚਾਨਣ ਮੁਨਾਰੇ ਦਾ ਕੰਮ ਦੇਵੇ। ਉੱਚੀਆਂ ਬੁਰਜੀਆਂ ਪਵਿੱਤਰਤਾ ਦੀ ਨਿਸ਼ਾਨੀ ਸਨ। ਭਾਵੇਂ ਲੋਕ ਮਾਤਾ ਦੇ ਦਰਸ਼ਨਾਂ ਨੂੰ ਜੰਮ-ਜੰਮ ਆਉਣ, ਜਾਂਦੀ ਵਾਰੀ ਨਹੀਂ ਤੇ ਨਾ ਸਹੀ ਆਉਂਦੀ ਵਾਰ ਹੀ ਅਨੰਦਪੁਰ ਦੇ ਦਰਸ਼ਨ ਕਰਕੇ ਜ਼ਰੂਰ ਜਾਣ। ਬਸ ਸਾਨੂੰ ਆਪਣੀ ਮਿਹਨਤ ਦਾ ਮੁੱਲ ਮੁੜ ਹੀ ਜਾਊ। ਮਾਤਾ ਦੇ ਮੰਦਰਾਂ ਦੇ ਕਲਸ ਜਦ ਪੰਜਾਬ ਨੂੰ ਨਜ਼ਰ ਆਉਣਗੇ ਤੇ ਅਨੰਦਪੁਰ ਅੱਖੀਆਂ ਤੋਂ ਉਹਲੇ ਨਹੀਂ ਹੋਣ ਲੱਗਾ। ਅਨੰਦਪੁਰ ਅੱਜ ਨਹੀਂ ਤੇ ਨਾ ਸਹੀ, ਕਦੇ ਤੇ ਪੰਜਾਬ ਵਾਲੇ ਇਸ ਨੂੰ ਸਿਜਦੇ ਕੀਤਾ ਕਰਨਗੇ।" ਅਨੰਦਪੁਰ ਦੇ ਉਸਾਰੂ ਇਸ ਤਰ੍ਹਾਂ ਸੋਚਦੇ।

ਸ਼ਾਹੀ ਸ਼ਾਨ ਦੀ ਜ਼ਿਆਫ਼ਤ ਦਾ ਇੰਤਜ਼ਾਮ ਸੀ। ਨੌਕਰ, ਚਾਕਰ, ਸੇਵਾਦਾਰ, ਸ਼ਰਧਾਲੂ, ਕੰਮੀ, ਕਮੀਨ, ਆਂਢੀ-ਗਵਾਂਢੀ, ਸਾਕ-ਸਬੰਧ ਪਤਾ ਨਹੀਂ ਪਲ ਵਿਚ ਕਿੱਥੋਂ ਇਕੱਠੇ ਕਰ ਲਏ। ਸਨ ਅਨੂਪ ਕੌਰ ਦੇ ਚਾਅ ਨੇ। ਕੋਈ ਕਸਰ ਨਾ ਰਹਿ ਜਾਏ ਸੇਵਾ ਵਿਚ। ਗਹਿਰ ਨਾ ਆਏ ਕਿਸੇ ਗੁਰਸਿੱਖ ਦੇ ਮਨ ਵਿਚ। ਫੁੱਲੀ ਨਹੀਂ ਸੀ ਸਮਾਉਂਦੀ, ਉਹਦੇ ਪੱਬ ਜ਼ਮੀਨ ਨਾਲ ਨਹੀਂ ਸਨ ਲੱਗਦੇ। ਦੋ-ਦੋ ਪੋਟੇ ਜ਼ਮੀਨ ਤੋਂ ਉੱਚੀ ਹੋ-ਹੋ ਕੇ ਚੱਲ ਰਹੀ ਸੀ, ਹਵੇਲੀਆਂ ਦੀ ਮਾਲਕ, ਇੱਜ਼ਤ ਸਰਦਾਰਾਂ ਦੀ, ਪੱਗ ਸਾਰੀ ਹਵੇਲੀ ਦੀ। ਲਾਜ ਰਹਿ ਜਾਏ, ਮੇਰੇ ਚਾਵਾਂ ਨੂੰ ਕਿੱਧਰੇ ਸੱਟ ਨਾ ਵੱਜੇ, ਕੋਈ ਨਰਾਜ਼ ਨਾ ਹੋਏ। ਕੋਈ ਗੁੱਸੇ ਹੋ ਕੇ ਨਾ ਜਾਏ ਮੇਰੀ ਹਵੇਲੀ ਵਿਚੋਂ।

ਜੋਧੇ ਵੀ ਪੁੱਜੇ ਤੇ ਬਾਣੀ ਦੇ ਰਸੀਏ ਵੀ, ਬਹਾਦਰ ਵੀ ਆਏ ਤੇ ਸੂਰਬੀਰ ਵੀ। ਤਿਆਗੀ ਵੀ ਸਨ ਤੇ ਚੰਚਲ ਵੀ। ਸਾਧੂ ਵੀ ਆਏ ਤੇ ਸ਼ਹਿਜ਼ਾਦੇ ਵੀ। ਸੰਤ ਵੀ ਸਨ, ਚੇਲੇ ਵੀ ਸਨ ਤੇ ਸ਼ਰਮਾਕਲ ਵੀ। ਕੌਣ ਸੀ ਜਿਹੜਾ ਨਹੀਂ ਸੀ ਆਇਆ ਜ਼ਿਆਫ਼ਤ ਦਾ ਰੰਗ ਢੰਗ ਵੇਖਣ, ਸਾਰਾ ਅਨੰਦਪੁਰ ਵਾਹ-ਵਾਹ ਕਰ ਉੱਠਿਆ। ਮੂੰਹ 'ਚ ਉਂਗਲੀਆਂ ਪਾ ਰਹੇ ਸਨ। ਹੈਰਾਨ ਰਹਿ ਗਏ ਸਾਰੇ ਲੰਗਰ ਤੇ ਦੀਵਾਨ ਵਾਲੇ, ਗੁਰੂ ਗੋਬਿੰਦ ਸਿੰਘ ਜੀ ਵੀ ਬਿਰਾਜਮਾਨ ਸਨ ਸੰਗਤਾਂ ਵਿਚ।

ਸੇਵਾ ਕਰ ਰਹੀਆਂ ਸਨ ਮਾਵਾਂ ਧੀਆਂ। ਖੀਵੀਆਂ ਹੋ ਹੋ ਲੰਗਰ ਦੀ ਸੇਵਾ ਵਿਚ ਜੁੱਟੀਆਂ ਹੋਈਆਂ ਸਨ। ਮਨ ਵਿਚ ਚਾਅ ਸੀ ਉਹਦੇ ਆਉਣ ਦਾ। ਹਵੇਲੀ ਦੀ ਕਿਸਮਤ ਨੂੰ ਭਾਗ ਲੱਗ ਗਏ। ਪਵਿੱਤਰ ਹੋ ਗਈ ਧਰਤੀ ਹਵੇਲੀ ਦੀ।

ਪ੍ਰਸ਼ਾਦ ਛੱਕਿਆ ਸੰਗਤਾਂ ਨੇ। ਅਨੰਦ ਆਇਆ ਸੰਗਤਾਂ ਨੂੰ ਤੇ ਪ੍ਰਸੰਨ ਹੋਇਆ ਗੁਰੂ ਵੀ ਹੱਥ ਧੋਤੇ, ਦਾੜ੍ਹੇ ਤੇ ਫੇਰਿਆ, ਅਰਦਾਸ ਲਈ ਖੜੀ ਹੋ ਗਈ ਸਾਰੀ ਸੰਗਤ, ਗੁਰੂ ਤੇ ਸੰਗਤ ਇਕ ਕਤਾਰ ਵਿਚ ਖੜੇ ਸਨ। ਅਰਦਾਸਾ ਹੋਇਆ। ਜੈਕਾਰੇ ਗਜਾਏ ਗੁਰਮੁੱਖ ਸਿੱਖਾਂ ਨੇ। ਘੋੜਿਆਂ ਤੇ ਪਲਾਕੀਆਂ ਮਾਰੀਆਂ ਸੂਰਮਿਆਂ ਨੇ। ਸੰਗਤਾਂ ਨੇ ਤਿਆਰੇ ਕੱਸ ਲਏ। ਨੀਲੇ ਘੋੜੇ ਨੇ ਸੁੰਮ ਚੁੱਕਿਆ। ਸਾਜ਼ ਛਣਕਿਆ, ਘੋੜਾ ਛਮ-ਛਮ ਕਰਦਾ ਸਾਹਮਣੇ ਹਾਜ਼ਰ ਆਣ ਹੋਇਆ ਸਾਹਿਬਾਂ ਦੇ। ਘੋੜੇ ਦੀ ਪਿੱਠ ਤੇ ਸਵਾਰ ਹੋ ਗਿਆ ਸਾਹਿਬ ਸੱਚਾ। ਜੈਕਾਰਿਆਂ ਹਵੇਲੀ ਹਿਲਾ ਦਿੱਤੀ। ਗੂੰਜ ਉੱਠੀ ਤੇ ਉਸ ਗੁੰਬਦਾਂ ਨੂੰ ਚੁੰਮ ਲਿਆ। ਅੱਗੇ-ਅੱਗੇ ਸੰਗਤ ਤੁਰੀ ਤੇ ਪਿੱਛੇ ਗੁਰੂ ਸੀ ਅਨੰਦਪੁਰ ਦਾ।

ਅਨੂਪ ਕੌਰ ਦੇ ਹੌਂਸਲੇ ਦਾ ਕੀ ਕਹਿਣਾ ਏ। ਉਹ ਅੱਗੇ ਵਧੀ ਨਿਝੱਕ ਹੋ ਕੇ। ਡਰੀ ਨਹੀਂ ਰਤਾ ਭਰ, ਵਾਗ ਫੜ ਲਈ। ਅਨੂਪ ਕੌਰ ਬੋਲੀ, "ਮੈਂ ਇਕ ਅਰਜ਼ ਕਰਨੀ ਏ।"

"ਹੁਕਮ"

"ਇੱਥੇ ਨਹੀਂ, ਇਕਾਂਤ ਵਿਚ।"

"ਚੰਗਾ ਸਿੰਘੋ ਤੁਸੀਂ ਚਲੋ ਤੇ ਮੇਰੇ ਘੋੜੇ ਨੂੰ ਪਿੱਛੇ ਰਹਿਣ ਦਿਓ। ਸੇਵਾਦਾਰ ਦੀ ਲੋੜ ਨਹੀਂ ਮੈਂ ਇਕੱਲਾ ਹੀ ਜਾਵਾਂਗਾ। ਤੁਸੀਂ ਅਨੰਦ ਨਾਲ ਪੁੱਜੋ।

ਸਿੰਘ ਚਲੇ ਗਏ ਤੇ ਅਨੂਪ ਕੌਰ ਗੁਰੂ ਗੋਬਿੰਦ ਸਿੰਘ ਜੀ ਨੂੰ ਅੰਦਰ ਲੈ ਗਈ ਹਵੇਲੀ ਦੀ ਸਭ ਤੋਂ ਜ਼ਿਆਦਾ ਖ਼ੂਬਸੂਰਤ ਜਗ੍ਹਾ ਤੇ। ਦੀਵਾਨ ਖ਼ਾਨਾ ਝਿਲਮਿਲ-ਝਿਲਮਿਲ ਕਰ ਰਿਹਾ ਸੀ। ਪਲੰਘ ਨੇ ਸੈਨਤਾਂ ਮਾਰੀਆਂ। ਇਸ਼ਾਰੇ ਕੀਤੇ। ਫੁੱਲ ਪਲਕਾਂ ਵਿਛਾਈ ਅੱਖਾਂ ਚੁੱਕ ਕੇ ਵੇਖ ਰਹੇ ਸਨ। ਅਤਰ ਦੀ ਮਹਿਕ ਨੇ ਸਾਰੇ ਕਮਰੇ ਵਿਚ ਖ਼ੁਸ਼ਬੂ ਵੰਡ ਦਿੱਤੀ।

ਚਰਨ ਪਾਓ ਸੱਚੇ ਪਾਤਸ਼ਾਹ ਬੈਠੋ ਪਲੰਘ ਤੇ। ਸੰਗਦੀ ਤੇ ਝਕਦੀ ਹੋਈ ਅਨੂਪ ਕੌਰ ਬੋਲੀ।

ਇਕ ਵਾਰ ਤੇ ਗੁਰੂ ਗੋਬਿੰਦ ਸਿੰਘ ਰੁਕੇ, ਸ਼ਰਮਾਏ, ਝਿਜਕੇ, ਲੋਕ ਲਾਜ ਤੋਂ ਡਰੇ ਤੇ ਫੇਰ ਬੋਲੇ, "ਜਿਵੇਂ ਤੁਹਾਡੀ ਮਰਜ਼ੀ।"

"ਹੁਕਮ ਕੀ ਏ ?"

ਅਨੂਪ ਕੌਰ ਨੇ ਅੱਖਾਂ 'ਚ ਅੱਖਾਂ ਪਾਈਆਂ। ਮੁਸਕਰਾਈ ਤੇ ਚੁਗਲੀਆਂ ਕਰਦੇ ਸੀਨੇ ਤੋਂ ਚੁੰਨੀ ਸਰਕਾ ਦਿੱਤੀ।

"ਅੱਜ ਦੀਆਂ ਤਿੱਖੜ ਦੁਪਹਿਰਾਂ ਇੱਥੇ ਕੱਟੀਆਂ ਜਾਣ। ਅੱਜ ਹਜ਼ੂਰ ਇੱਥੇ ਆਰਾਮ ਕਰਨ।"

ਡਲ੍ਹਕਾਂ ਮਾਰਦਾ ਰੂਪ ਤੇ ਜਵਾਨੀ ਦਾ ਤੇਜ ਕੌਣ ਝੱਲ ਸਕਦਾ ਏ ? ਹਰ ਵਸਤੂ ਕਮਰੇ ਵਿਚ ਉਤਾਵਲੀ ਸੀ। ਜ਼ਰਾ ਕੁ ਅੱਖਾਂ ਦਾ ਰੰਗ ਬਦਲੇ ਤੇ ਜ਼ਿੰਦਗੀ ਨੂੰ ਨਵਾਂ ਮਾਰਗ ਮਿਲੇ।

"ਸੰਗਣ ਦੀ ਲੋੜ ਨਹੀਂ ਜੋ ਦਿਲ ਵਿਚ ਏ ਆਖੋ ਬੁੱਲ੍ਹਾਂ ਤੇ ਆਏ ਨੂੰ ਰੋਕੋ ਨਾ। ਹੁਣ ਪਹਿਰੇਦਾਰ ਦੀ ਲੋੜ ਨਹੀਂ ਬੋਲੋ ਨਿਝੱਕ ਹੋ ਕੇ। ਇਸ ਤੋਂ ਚੰਗਾ ਵੇਲਾ ਫੇਰ ਨਹੀਂ ਲੱਭਣਾ। 'ਸਾਹਿਬ ਆਖਣ ਲੱਗੇ।

'ਮੇਰੇ ਮਨ ਦੀ ਮੁਰਾਦ ... ਪੂਰੀ ਹੋਵੇਗੀ ? ਅਨੂਪ ਕੌਰ ਦੇ ਬੁੱਲ੍ਹਾਂ ਤੇ ਕਲੀਆਂ ਵਾਂਗੂੰ ਹਾਸਾ ਖਿੜ ਗਿਆ। ਸ਼ੀਸ਼ੇ ਨੂੰ ਭੁਆ ਦਿੱਤਾ ਸਾਹਿਬਾਂ ਵੱਲ।

'ਜ਼ਰੂਰ ਹੋਵੇਗੀ।" ਦਸਮ ਪਾਤਸ਼ਾਹ ਨੇ ਫ਼ਰਮਾਇਆ।

"ਮੈਂ ਡਰਦੀ ਹਾਂ ਅਤੇ ਮੇਰੀ ਗੱਲ ਐਵੇਂ ਹੀ ਨਾ ਚਲੀ ਜਾਏ ਤੇ ਮੈਂ ਜ਼ਿੰਦਗੀ ਜਲਣ ਵਿਚ ਨਾ ਗੁਜ਼ਾਰ ਦਿਆਂ।"

"ਨਿਸ਼ਚਾ ਰੱਖੋ ਤੁਹਾਨੂੰ ਸ਼ਿਕਾਇਤ ਨਹੀਂ ਹੋਣ ਲੱਗੀ।"

ਮੋਤੀਆਂ ਵਾਲੀ ਪੱਖੀ ਹੱਥ ਵਿਚ ਫੜੀ ਅਨੂਪ ਕੌਰ ਮੱਠੀ-ਮੱਠੀ ਝੱਲ ਮਾਰਨ ਲੱਗੀ। ਰੰਗ ਬਦਲ ਰਿਹਾ ਸੀ ਚਿਹਰੇ ਦਾ। ਝਿਮਣੀਆਂ ਦੀ ਰਫ਼ਤਾਰ ਦੇ ਨਾਲ।

"ਮੈਨੂੰ ਪੁੱਤ ਚਾਹੀਦਾ ਏ, ਤੁਹਾਡੇ ਵਰਗਾ।"

"ਬਸ ਏਨੀ ਨਿੱਕੀ ਜਿਹੀ ਗੱਲ ਵਾਸਤੇ ਇਤਨੀ ਵੱਡੀ ਖੇਚਲ ਦੀ ਕੀ ਲੋੜ ਸੀ ?"

ਅਨੂਪ ਕੌਰ ਦਾ ਅੰਗ-ਅੰਗ ਨੱਚ ਉੱਠਿਆ। ਝਲ ਝਿਮਨੀਆਂ ਦੀ ਮਾਰਨ ਲੱਗ ਪਈ, ਰੂਪ ਵਿਚ ਮੱਤੀ ਅਨੂਪ ਕੌਰ।

ਦਸਮ ਪਾਤਸ਼ਾਹ ਸੋਚਾਂ ਵਿਚ ਪੈ ਗਏ ਤੇ ਬੋਲੇ, "ਮੇਰੇ ਵਰਗਾ ਪੁੱਤ, ਪੁੱਤ ਪਿਓ ਵਰਗਾ ਕਦੇ ਨਹੀਂ ਹੋਇਆ ਤੇ ਨਾ ਹੀ ਕਦੇ ਹੋਣਾ ਏ।"

"ਤੁਸਾਂ ਵਚਨ ਦਿੱਤਾ ਏ।"

"ਹਾਂ ! ਵਚਨ ਤੇ ਮੈਂ ਦਿੱਤਾ ਏ ਪਰ ਇਹ ਨਹੀਂ ਹੋ ਸਕਦਾ, ਕੁਦਰਤ ਦੇ ਕੰਮ ਵਿਚ ਕੌਣ ਰੋੜਾ ਅਟਕਾ ਸਕਦਾ ਏ ? ਕਿਹਦੀ ਹਿੰਮਤ ਏ।

'ਇਹ ਤੇ ਕਰਨਾ ਹੀ ਪਏਗਾ ਮਹਾਰਾਜ। ਮੈਂ ਬੜੀ ਦੇਰ ਦੀ ਮਨ ਵਿਚ ਸ਼ਰਧਾ ਲਈ ਬੈਠੀ ਹਾਂ।"

"ਮਜਬੂਰ ਹਾਂ।"

ਅਨੂਪ ਕੌਰ ਨੇ ਹੀਰੇ ਦੀ ਅੰਗੂਠੀ ਵੱਲ ਤੱਕਿਆ, ਬਾਂਹ ਉਲਾਰੀ ਤੇ ਮੂੰਹ ਦੇ ਕੋਲ ਲੈ ਗਈ ਨਿਰਾਸ਼ ਹੋਂਦੀ ਚੱਟ ਲੈਂਦੀ।

ਪਰ ਸਤਗੁਰਾਂ ਨੇ ਗੋਰੀ ਜਿਹੀ ਵੀਣੀ ਨੂੰ ਫੜ ਲਿਆ ਤੇ ਬੋਲੇ, ''ਇਸ ਨਿਗੁਣੀ ਨਿਕੰਮੀ ਜਿਹੀ ਚੀਜ਼ ਤੋਂ ਅਨਮੋਲ ਜ਼ਿੰਦਗੀ ਤੋਂ ਹੱਥ ਧੋ ਕੇ ਬਹਿਣਾ ਚੰਗਾ ਨਹੀਂ। ਕਿੰਨੀ ਤਪੱਸਿਆ ਤੋਂ ਬਾਦ ਮਿਲੀ ਏ ਇਹ ਜ਼ਿੰਦਗੀ। ਬੜੀ ਮੁਸ਼ਕਲ ਤੋਂ ਬਾਦ ਇਨਸਾਨ ਪਾਂਦਾ ਏ ਬਾਣਾ ਮਨੁੱਖ ਦਾ।''

''ਜਾਣਦੀ ਤੇ ਨਹੀਂ ਪਰ ਸੁਣਿਆ ਏ।''

' ਤੇ ਫੇਰ ਗ਼ਲਤੀ ਕਿਉਂ'।''

''ਜੀਵਨ ਕਿਸ ਆਸ ਕੱਟੂ। ਇਹ ਹਵੇਲੀਆਂ ਸਾਜ਼-ਸਾਮਾਨ, ਇਹ ਸ਼ਾਨੋ-ਸ਼ੌਕਤ, ਇਹ ਫੁੱਲ, ਇਹ ਪਲੰਘ, ਪੱਖੀ, ਇਹ ਸ਼ੀਸ਼ਾ ਉਲ੍ਹਾਮੇ ਮਾਰ ਰਹੇ ਹਨ, ਇਹ ਰੂਪ।'' ਅਨੂਪ ਕੌਰ ਦੀ ਜ਼ਬਾਨ ਬੰਦ ਹੋ ਗਈ, ਗ਼ਸ਼ ਆਉਣ ਵਾਲੀ ਸੀ।

''ਤੇਰੀ ਜੇ ਇਹੋ ਹੀ ਸ਼ਰਧਾ ਏ ਤਾਂ ਏਦਾਂ ਹੀ ਸਹੀ। ਤੈਨੂੰ ਤੇ ਪੁੱਤ ਹੀ ਚਾਹੀਦਾ ਏ, ਮਿਲ ਜਾਏਗਾ।'' ਅਨੂਪ ਕੌਰ ਦੇ ਦਿਲ ਦੀ ਮੁਰਝਾਈ ਹੋਈ ਕਲੀ ਟਹਿਕ ਪਈ।

''ਕਦ''

''ਹੁਣੇ ਈ।''

ਮੋਤੀਆਂ ਵਾਲੀ ਪੱਖੀ ਫੇਰ ਹਰਕਤ ਵਿਚ ਆਈ। ਸ਼ੀਸ਼ੇ ਦਾ ਰੁਖ਼ ਫਿਰ ਬਦਲਿਆ। ਸਿਰਹਾਣੇ ਨੇ ਕਰਵਟ ਲਈ। ਮੁਸਕਰਾ ਪਏ ਅੰਗ, ਰੂਪ ਨਿਖਰਿਆ, ਜਵਾਨੀ ਦਾ ਮੁੱਲ ਪੈਣ ਲੱਗਾ।

''ਅੱਜ ਤੋਂ ਤੂੰ ਮੈਨੂੰ ਆਪਣਾ ਪੁੱਤ ਸਮਝ ਲੈ। ਮੇਰੇ ਵਰਗਾ ਪੁੱਤ ਤਾਂ ਮੈਂ ਹੀ ਹਾਂ। ਮੈਂ ਰੱਬ ਦਾ ਸ਼ਰੀਕ ਨਹੀਂ ਬਣ ਸਕਦਾ। ਮੈਂ ਅੱਜ ਤੋਂ ਤੁਹਾਡੀ ਪੁਤਰਾਂ ਵਾਂਗ ਸੇਵਾ ਕਰਾਂਗਾ ਤੇ ਹੁਕਮ ਮੰਨਾਂਗਾ।''

ਫ਼ਰਮਾਇਆ ਸੱਚੇ ਪਾਤਸ਼ਾਹ ਨੇ।

ਅਨੂਪ ਕੌਰ ਦੇ ਪੈਰਾਂ ਥੱਲਿਉਂ ਜ਼ਮੀਨ ਨਿਕਲ ਗਈ। ਹੈਰਾਨ ਪਰੇਸ਼ਾਨ ਹੋ ਕੇ ਰਹਿ ਗਈ। ਮਿੱਟੀ ਦੀ ਮੂਰਤੀ ਬਣ। ਨੀਲਾ ਘੋੜਾ ਲੈ ਗਿਆ ਆਪਣੇ ਸਵਾਰ ਨੂੰ ਤੇ ਰਾਹ ਵੇਖਦੀ ਰਹਿ ਗਈ ਅਨੂਪ ਕੌਰ।

ਕਦ ਆਏ ਸਨ ਤੇ ਕਦ ਉਹ ਚਲੇ ਗਏ।

ਧੂੜ ਚੁੱਕ-ਚੁੱਕ ਮੱਥੇ ਨੂੰ ਲਾ ਰਹੀ ਸੀ। ਬਲਿਹਾਰੇ ਮੈਂ ਉਹਨਾਂ ਰਾਹਾਂ ਤੋਂ ਜਿੱਥੋਂ ਦੀ ਮੇਰੇ ਪ੍ਰੀਤਮ ਆਏ ਸਨ। ਅਨੂਪ ਕੌਰ ਆਪਣੇ ਵਿਹੜੇ ਦੀ ਪਵਿੱਤਰਤਾ ਤੇ ਵਾਰੇ-ਵਾਰੇ ਜਾ ਰਹੀ ਸੀ।


ਜੀਵਨ ਨੇ ਇਕ ਫ਼ੈਸਲੇ ਦੇ ਥੰਮ੍ਹ ਨੂੰ ਜਾ ਚੁੰਮਿਆ।

ਮਾਤਾ ਸਾਹਿਬ ਦੇਵਾਂ ਦੇ ਪੂਰਨੇ ਪਾਏ ਹੋਏ ਸਨ, ਵਿਚਾਰਾਂ ਦੀ ਗੰਢ ਬੰਨ੍ਹ ਲਈ ਲੀੜੇ ਨਾਲ, ਗੱਠੜੀ ਚੁੱਕਣ ਲਈ ਸਿਰ ਨੂੰ ਤਿਆਰ ਕਰਨ ਲੱਗੀ ਰੂਪਮਤੀ। ਮਨ, ਹਿਰਦਾ ਤੇ ਦਰਿੜ੍ਹਤਾ ਇਕ ਪੋਟਲੀ 'ਚ ਬੱਝ ਗਏ। ਨੀਲਾ ਘੋੜਾ ਚਲਿਆ ਗਿਆ। ਪਰਛਾਵਾਂ ਅਜੇ ਵੀ ਵਿਹੜੇ 'ਚ ਵਲੇਵੇਂ ਮਾਰ ਰਿਹਾ ਸੀ।

★

—ਤੀਜਾ ਚਰਨ ਸੰਪੂਰਨ ਸਮਾਪਤ—



ਜਨਮ : 13 ਅਪ੍ਰੈਲ, 1920
ਰਾਜਾਸਾਂਸੀ, ਅੰਮ੍ਰਿਤਸਰ

ਪੁਸਤਕਾਂ : ਲੌਹ ਗੜ੍ਹ, ਸਫੈਦ ਪੋਸ਼, ਪੱਥਕ, ਗਲੀ ਮੁਹੱਲੇ ਦੇ ਲੋਕ, ਤ੍ਰਿਸ਼ੰਕੂ, ਤੇਤੀਵਾਂ ਚੰਦ, ਹਰੀਆ ਰਾਗਲੇ, ਜ਼ਰ ਜ਼ੋਰੂ ਜ਼ਮੀਨ, ਅਨੂਪ ਕੌਰ, ਮੋਰਾਂ ਸਰਕਾਰ, ਸ਼ਬੇ ਮਾਲਵਾ, ਸਭਰਾਓਂ, ਧੂਣਾ, ਗੁਲਮੋਹਰ, ਸਾਹਿਬ ਸਿੰਘ ਬੇਦੀ, ਬੇਗਮ ਹਜ਼ੂਰ, ਦੇਗ਼ ਤੇਗ਼ ਫ਼ਤਿਹ, ਸਿੱਖੀ ਦਾ ਧੁਰਾ, ਮੀਰੀ ਪੀਰੀ, ਮਿੱਠ ਬੋਲੜਾ ਸੱਜਣ, ਗਗਨ ਦਮਾਮਾ ਬਾਜਿਓ।

ਸ਼੍ਰੋਮਣੀ
ਸਾਹਿਤਕਾਰ : ਭਾਸ਼ਾ ਵਿਭਾਗ, ਪਟਿਆਲਾ

ਫੈਲੋਸ਼ਿਪ : ਪੰਜਾਬੀ ਯੂਨੀਵਰਸਿਟੀ, ਪਟਿਆਲਾ

ISBN 818299282-5
9788182992825